੧ੴ ਸਤਿਗੁਰ ਪ੍ਰਸਾਦਿ ॥

# ਸਾਡਾ ਬੇੜਾ ਇਉਂ ਗਰਕਿਆ




ਪ੍ਰੋ: ਇੰਦਰ ਸਿੰਘ ਘੱਗਾ

# ਸਾਡਾ ਬੇੜਾ ਇਉਂ ਗਰਕਿਆ........

**ਇੰਦਰ ਸਿੰਘ ਘੱਗਾ**
ਪ੍ਰੋਫੈਸਰ

**ਪ੍ਰਕਾਸ਼ਕ**
**ਫ਼ਤਿਹ ਪਬਲੀਕੇਸ਼ਨਜ਼**
ਮਕਾਨ ਨੰ. 90, ਕਰਹੇੜੀ,
ਵਿੱਦਿਆ ਨਗਰ, ਨੇੜੇ ਪੰਜਾਬੀ ਯੂਨੀਵਰਸਿਟੀ, ਪਟਿਆਲਾ।
(ਮੋ: +98144-55582)

# Sada Bera Eon Garkaya..................

(Misrepresentations of Religion)

By

**Prof :- Inder Singh Ghagga** (M. 98551-51699)

ਸਭ ਹੱਕ ਲੇਖਕ ਦੇ ਰਾਖਵੇਂ ਹਨ

ਸੋਧੀ ਹੋਈ ਚੋਥੀ ਐਡੀਸਨ
ਸਤੰਬਰ 2007

**FATEH PUBLICATIONS**
H.No. 90, Karheri
Vidya Nagar, Near Punjabi University,
Patiala - 147 002 (Pb.) (INDIA)
(M) 98144-55582

Type Setting
**Avtar Singh**
(Pbi. Uni., Patiala)

Printer :
**Daffodil Printing Press**
Industrial Area,
Patiala (Pb.)

Price Rs. 60/-
$ 5/-
£ 3/-

# ਲੇਖਕ ਦੀਆਂ ਹੋਰ ਰਚਨਾਵਾਂ

**ਕਿਤਾਬਾਂ**
ਧਰਮ ਦੇ ਨਾਂ ਤੇ........
ਪੌਰਾਣਕ ਕਥਾਵਾਂ ਦਾ ਅੰਤ
ਕਿਵੇਂ ਕੀਤਾ ਜਾ ਰਿਹੈ ਸਿੱਖਾਂ ਦਾ ਸਰਬਨਾਸ?
**ਕਿਤਾਬਚੇ**
ਸਿੱਖ ਸਿਧਾਂਤ
ਸਤਿਗੁਰੂ ਅਰਜਨ ਦੇਵ ਜੀ
ਗੁਰਪੁਰਬ ਕਿਵੇਂ ਮਨਾਈਏ
ਮੈਨੂੰ ਸਿੱਖੀ ਤੇ ਮਾਣ ਹੈ
ਦਸਵੰਧ ਪ੍ਰੰਪਰਾ
ਸਭ ਤੇ ਵਡਾ ਸਤਿਗੁਰੂ ਨਾਨਕੁ
ਗਰੁੜ ਚੜੇ ਗੋਬਿੰਦ ਆਇਲਾ
ਮਾਲਾ ਦੀ ਕਰਾਮਾਤ
ਆਵਾਗਵਣ
ਦੋਸ਼ੀ ਕਉਣ ਹਨ?
**ਸੀ.ਡੀਜ਼**
ਸਿੱਖ ਸਿਧਾਂਤ (18 ਘੰਟੇ ਦੀ ਆਡੀਉ, mp3 ਕਥਾ)
ਇਤਿਹਾਸ ਬੋਲਦਾ ਹੈ (ਦਸ ਘੰਟੇ ਦੀ ਆਡੀਉ mp3 ਕਥਾ)
ਕੀ ਇਹ ਸਿੱਖਾਂ ਦੇ ਤਿਉਹਾਰ ਹਨ (ਦਸ ਘੰਟੇ ਦੀ ਆਡੀਉ, mp3 ਕਥਾ)
ਗੁਰ ਉਪਦੇਸ਼ ਕੀ ਹੈ (ਦਸ ਘੰਟੇ ਦੀ ਆਡੀਉ, mp3 ਕਥਾ)
ਅਰਦਾਸ ਕੀ ਹੈ (ਵੀਡੀਉ C.D. ਕਥਾ)
ਗੁਰੂ ਅਮਰਦਾਸ ਜੀ (ਵੀਡੀਉ C.D. ਕਥਾ)
ਸਿੱਖੀ ’ਤੇ ਮਾਣ (ਵੀਡੀਓ C.D. ਕਥਾ)
52 ਸਿਧਾਂਤਕ ਸ਼ਬਦਾਂ ਦੀ ਕਥਾ (24 ਘੰਟੇ MP3)
**ਖਿਮਾ ਯਾਚਨਾ**

ਮਿਤੀ 20/10/06 ਨੂੰ ਟਰਾਂਟੋ (ਕੈਨੇਡਾ) ਵਿਖੇ ਪ੍ਰੋ: ਦਰਸ਼ਨ ਸਿੰਘ ਜੀ, ਅਤੇ ਉਂਟਾਰੀਓ ਗੁਰਦਵਾਰਾ ਕੌਂਸਲ ਦੇ ਪ੍ਰਧਾਨ ਸ੍ਰ: ਹਰਬੰਸ ਸਿੰਘ ਜੰਡਾਲੀ ਨਾਲ ਕੀਤੇ ਗਏ ਇਕਰਾਰ ਮੁਤਾਬਕ ਇਸ ਐਡੀਸਨ ਵਿਚੋਂ ਕਠੋਰ ਸ਼ਬਦ ਕੱਢ ਦਿੱਤੇ ਗਏ ਹਨ। ਅਣਸੁਖਾਵੇਂ ਕਾਰਨਾਂ ਕਰਕੇ ਜਿਨਾ ਸੰਗਤਾਂ ਦੇ ਮਨਾ ਨੂੰ ਠੇਸ ਪਹੁੰਚੀ ਹੈ ਉਹਨਾਂ ਸਭ ਤੋਂ ਲੇਖਕ ਖਿਮਾ ਦੀ ਯਾਚਨਾ ਕਰਦਾ ਹੈ।

# ਕਿਤਾਬ ਪ੍ਰਾਪਤ ਕਰਨ ਲਈ ਪਤੇ

1. ਫਤਿਹ ਪਬਲੀਕੇਸ਼ਨਜ਼ ਵਿੱਦਆ ਨਗਰ, ਨੇੜੇ ਪੰਜਾਬੀ ਯੂਨੀਵਰਸਿਟੀ, ਪਟਿਆਲਾ (ਮੋ: 98144-55582)
2. ਲਾਹੌਰ ਬੁੱਕ ਸ਼ਾਪ, ਲਾਜਪਤ ਰਾਏ ਮਾਰਕੀਟ, ਲੁਧਿਆਣਾ (0161-2740738)
3. ਬਾਬਾ ਆਤਮਾ ਸਿੰਘ ਧਾਰਮਕ ਪੁਸਤਕ ਭੰਡਾਰ, ਗੁਰਦੁਆਰਾ ਸਿੰਘ ਸਭਾ, ਬਠਿੰਡਾ (0164-2215252)
4. ਕੇਹਰ ਸਿੰਘ ਚੰਡੀਗੜ੍ਹ (9815906213)
5. ਅਜਾਇਬ ਸਿੰਘ ਸੁਨਾਮ (94171-06555)
6. ਭਾਈ ਜੋਧ ਸਿੰਘ ਕਰਮਜੀਤ ਸਿੰਘ, ਅਦਾਲਤ ਬਜ਼ਾਰ, ਪਟਿਆਲਾ (0175-2216092)
7. ਪਰਮਿੰਦਰ ਸਿੰਘ (ਰਾਏਪੁਰ), ਵਿੱਦਿਆ ਨਗਰ, ਨੇੜੇ ਪੰਜਾਬੀ ਯੂਨੀਵਰਸਿਟੀ, ਪਟਿਆਲਾ (98144-13453)
8. ਸ੍ਰ. ਬਲਵਿੰਦਰ ਸਿੰਘ ਮਾਨਸਾ (01652-228911, 9872549105)

# ਤਤਕਰਾ


| | ਕੀ | ਕਿੱਥੇ |
|---|---|---|
| | ਭੂਮਿਕਾ | ੳ-ਸ |
| | ਗੁਰ ਪੂਛਹੁ ਤੁਮ ਕਰਹੁ ਬੀਚਾਰੁ | ਹ-ਖ |
| 1. | ਸਿੱਖ ਸ਼ਤਾਬਦੀਆਂ-ਕਾਵਾਂ ਰੌਲੀ | 1-17 |
| 2. | ਨਾਮ ਸਿਮਰਣ - ਇਕ ਜੀਵਨ ਜਾਚ | 18-29 |
| 3. | ਗੁਰਬਾਣੀ ਮਹਾਨ - ਸਿੱਖ ਨਾਦਾਨ | 30-35 |
| 4. | ਪੁਰਾਤਨ ਬੋਲੀ-ਸੰਸਕ੍ਰਿਤ ਜਾਂ ਪੰਜਾਬੀ ? | 36-42 |
| 5. | ਅੰਮ੍ਰਿਤ ਕੀ ਹੈ? | 43-55 |
| 6. | ਤਖ਼ਤ ਸਾਹਿਬ ਦੀ ਤੌਹੀਨ ਦੇ ਦੋਸ਼ੀ ਕੌਣ ? | 56-62 |
| 7. | ਨਾਨਕ ਐਸਾ ਆਗੂ ਜਾਪੈ | 63-67 |
| 8. | ਮੁਆਫੀ ਨਾਮੇ ਦੀ ਰਾਜਨੀਤੀ | 68-73 |
| 9. | 400 ਸਾਲਾ ਕਾਰਜ ਤੇ ਜਥੇਦਾਰਾਂ ਦਾ ਕਿਰਦਾਰ | 74-82 |
| 10. | ਧਰਮ ਅਸਥਾਨਾਂ ਦੀ ਕੁਵਰਤੋਂ | 83-87 |
| 11. | ਸੇਵਾ ਤੇ ਪਵਿਤਰਤਾ ਦਾ ਘਾਣ | 88-94 |
| 12. | ਕਬੀਰ ਦੀ ਜੰਜੀਰ ਕਿਵੇਂ ਟੁੱਟੀ ? | 95-107 |
| 13. | ਸਿੰਘ ਭੋਜਨ | 108-119 |
| 14. | ਅਕਲੀ ਪੜ੍ਹਿ ਕੈ ਬੁਝੀਐ | 120-129 |
| 15. | ਧਰਮ ਤੇ ਰਾਜਨੀਤੀ - ਇੱਕ ਸਾਜਿਸ਼ੀ ਗੱਠਜੋੜ | 130-141 |
| 16. | ਕਲਰੁ ਖੇਤੁ ਲੈ ਕੂੜੁ ਜਮਾਇਆ.... | 142-163 |
| 17. | ਗੁਰੂ ਗ੍ਰੰਥ ਸਾਹਿਬ-ਸਮਾਜ ਨਵ ਸਿਰਜਣਾ ਦਾ ਆਧਾਰ | 164-171 |
| 18. | ਧਰਮ ਦਾ ਵਿਸ਼ੇਸ਼ ਅੰਗ - ਕੇਸ | 172-176 |
| 19. | ਟੁਕੜਿਆਂ ਵਿੱਚ ਵੰਡਿਆ "ਪੰਥ" | 177-183 |
| 20. | ਸੇਵਾ ਵੱਡੀ ਕਿ ਗੁਰੂ ਗਿਆਨ ? | 184-195 |
| 21. | ਬਾਬਾ ਬੰਦਾ ਸਿੰਘ ਬਹਾਦਰ-ਬੰਦਈ, ਕਿ ਤੱਤ ਖਾਲਸਾ ? | 196-205 |
| 22. | ਭੋਗ ਰਾਗ ਮਾਲਾ ਕਿ ਮੁੰਦਾਵਣੀ 'ਤੇ | 206-220 |
| 23. | ਆਪਣੀ ਮਾਂ ਬੋਲੀ | 221-224 |

# ਭੂਮਿਕਾ

ਅਕਤੂਬਰ 2004 ਵਿਚ ਮੇਰੀ ਪਹਿਲੀ ਕਿਤਾਬ, "**ਧਰਮ ਦੇ ਨਾਂ ਤੇ**" ਛਪ ਕੇ ਆਈ ਸੀ। ਉਸ ਵਕਤ ਚਿਤ ਚੇਤਾ ਭੀ ਨਹੀਂ ਸੀ ਕਿ ਇਸ ਤਰ੍ਹਾਂ ਕੌੜੀਆਂ ਕਸੈਲੀਆਂ ਵਿਚਾਰਾਂ ਨੂੰ ਭੀ ਪਾਠਕ ਪ੍ਰਵਾਨ ਕਰ ਲੈਣਗੇ। ਮੇਰੀ ਖੁਸ਼ੀ ਵਿਚ ਅਥਾਹ ਵਾਧਾ ਹੋਇਆ ਜਦੋਂ ਉਹ ਪੁਸਤਕ ਕੇਵਲ ਸੱਤ ਅੱਠ ਮਹੀਨਿਆਂ ਵਿਚ ਖ਼ਤਮ ਹੋ ਗਈ। ਦੂਜੀ ਸੋਧੀ ਹੋਈ ਐਡੀਸ਼ਨ ਪੁਸਤਕ ਛੇਤੀ ਹੀ ਪਾਠਕਾਂ ਤਕ ਪੁੱਜਦੀ ਹੋ ਗਈ। ਪਹਿਲੀ ਕਿਤਾਬ ਛਪਵਾ ਕੇ ਮੈਂ ਹੋਰ ਲੇਖ ਲਿਖਣੇ ਜਾਰੀ ਰੱਖੇ। ਸਮੇਂ-ਸਮੇਂ ਘਟਨਾਵਾਂ ਵਾਪਰਦੀਆਂ ਰਹੀਆਂ, ਹਾਲਾਤ ਕਈ ਤਰ੍ਹਾਂ ਦੇ ਮੋੜ ਕਟਦੇ ਰਹੇ। ਸਿੱਖ ਪੰਥ ਨਾਲ ਵਾਪਰ ਰਹੇ ਘਟਨਾ ਚੱਕਰ ਨੂੰ ਦਿਲ ਦੀਆਂ ਗਹਿਰਾਈਆਂ ਵਿਚੋਂ ਵੇਖਦਿਆਂ, ਅੰਦਰ ਉਥਲ ਪੁਥਲ ਮਚਦੀ ਰਹੀ। ਕਈ ਵਾਰ ਅੰਦਰ ਵੜਕੇ ਇਕੱਲੇ ਨੇ ਪੰਥਕ ਦਰਦ ਵਿਚ ਹਉਕੇ ਭਰੇ ਹਨ। ਕਈ ਵਾਰੀ ਸਟੇਜ ਤੇ ਬੋਲਦਿਆਂ ਪੰਥ ਦੀ ਵਿਗੜੀ ਸਥਿਤੀ ਨੂੰ ਧੁਰ ਦਿਲ ਦੀਆਂ ਅੰਦਰਲੀਆਂ ਪਰਤਾਂ ਵਿਚੋਂ ਕਢ ਕੇ, ਸ਼ਬਦਾਂ ਰਾਹੀਂ ਬਿਆਨ ਕਰਦਿਆਂ, ਹੰਝੂ ਕੇਰਦਾ ਰਿਹਾ ਹਾਂ। ਪੰਥ ਦੇ ਇਸ ਦਰਦ ਨੂੰ ਮਹਿਸੂਸ ਕਰਨ ਵਾਲੇ ਵੀਰ ਭੈਣਾਂ ਨੌਜਵਾਨ, ਮੇਰੇ ਨਾਲ ਵੈਰਾਗ ਵਿਚ ਡੁਸਕਦੇ ਵੇਖੇ ਹਨ। ਕੁਝ ਨਾ ਸਮਝ ਲੋਕ ਇਸ ਵਹਿ ਰਹੇ ਦਿਲ ਦੇ ਦਰਦ ਨੂੰ ਵੇਖਕੇ, ਹਸਦੇ ਭੀ ਰਹੇ ਹਨ, ਤੇ ਇਸ ਨੂੰ ਇਕ "ਸਟੇਜੀ ਖੇਖਣ" ਦਾ ਖਿਤਾਬ ਭੀ ਬਖਸ਼ ਦਿੰਦੇ ਰਹੇ ਹਨ।

ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤਕ, ਸਧਾਰਨ ਸਿੱਖਾਂ ਤੋਂ ਲੈ ਕੇ ਖਾਸ ਅਹੁਦੇ ਦਾਰਾਂ ਤਕ ਧਰਮ ਪ੍ਰਚਾਰਕਾਂ ਤੋਂ ਲੈ ਕੇ ਤਖਤਾਂ ਦੇ ਜਥੇਦਾਰਾਂ ਤਕ, ਛੋਟੇ ਰਾਜਸੀ ਵਰਕਰ ਤੋਂ ਲੈ ਕੇ ਵੱਡੇ ਸਿਆਸਤਦਾਨਾਂ ਤਕ, ਅਣਪੜ ਸ਼ਰਧਾਵਾਨ ਵਿਅਕਤੀਆਂ ਤੋਂ ਲੈ ਕੇ ਕਾਲਜਾਂ ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ ਅਤੇ ਤਰਕਸੀਲਾਂ ਤਕ, ਸਭ ਨੂੰ ਸਮੇਂ-ਸਮੇਂ ਮਿਲਣ ਦਾ ਮੌਕਾ ਮਿਲਦਾ ਰਿਹਾ ਹੈ। ਇਹਨਾਂ ਕੋਲੋਂ ਬਹੁਤ ਕੁਝ ਪ੍ਰਾਪਤ ਕੀਤਾ, ਹੋ ਸਕਦਾ ਹੈ ਮੈਂ ਭੀ ਇਹਨਾਂ ਨੂੰ ਕੁਝ ਦੇ ਸਕਿਆ ਹੋਵਾਂ। ਸੰਨ 1993 ਵਿਚ ਮੇਰੇ ਕੁਝ ਲੇਖ ਪੰਜਾਬੀ ਟ੍ਰਿਬਿਊਨ ਵਿਚ ਛਪੇ। ਬਿਨਾਂ ਵਜ੍ਹਾ ਬਿਨਾਂ ਗੁਰਮਤ ਦੀ ਵਿਸ਼ੇਸ਼ ਜਾਣਕਾਰੀ ਦੇ, ਸ: ਪ੍ਰੀਤਮ ਸਿੰਘ, ਸ੍ਰ: ਐਸ.ਐਸ. ਦੋਸਾਂਝ, ਸ੍ਰੀ ਹਰਚਰਨ ਬੈਂਸ ਅਦਿਕ ਗੁਰਮਤ ਅਸੂਲਾਂ ਨੂੰ ਤੋੜ ਮਰੋੜ ਕੇ ਇਸੇ ਅਖਬਾਰ ਵਿਚ ਛਪਵਾ ਰਹੇ ਸਨ। ਵਾਰੀ ਵਾਰੀ ਮੈਂ

ਇਹਲਾਂ ਤਿੰਨਾਂ ਦੇ ਲੇਖਾਂ ਦੇ 'ਠੋਕਵੇਂ' ਜੁਆਬ ਦੇ ਰਿਹਾ ਸਾਂ। ਇਹਨਾਂ ਵਿਚੋਂ ਸ੍ਰ: ਪ੍ਰੀਤਮ ਸਿੰਘ ਇਤਨੇ ਆਪੇ ਤੋਂ ਬਾਹਰ ਹੋ ਗਏ ਕਿ ਅਖ਼ਬਾਰੀ ਲਿਖਤ ਵਿਚ ਮੇਰੇ ਵਲ ਇਹ ਧਮਕੀ ਸੇਧਤ ਕਰ ਭੇਜੀ – 'ਪ੍ਰੋ. ਘੱਗਾ ਮੇਰੇ ਬਾਰੇ ਨਹੀਂ ਜਾਣਦੇ ਕਿ ਮੈਂ ਕੌਣ ਹਾਂ, ਉਹਨਾਂ (ਘੱਗਾ) ਦੀ ਜਾਣਕਾਰੀ ਵਾਸਤੇ ਦੱਸ ਦਿਆਂ ਕਿ ਮੈਂ ਰੀਟਾਇਰ I.A.S. ਅਫਸਰ ਹਾਂ...'।

ਇਸ ਧਮਕੀ ਨੁਮਾ ਲੇਖ ਦੇ ਜੁਆਬ ਵਿਚ ਜੋ ਵਿਸ਼ੇਸ਼ ਗਲ ਮੈਂ ਲਿਖੀ ਜਿਸ ਤੋਂ ਅੱਗੇ ਵੱਡਾ ਪੁਆੜਾ ਪਿਆ ਉਹ ਇਉਂ ਸੀ – "ਵੀਰ ਪ੍ਰੀਤਮ ਸਿੰਘ ਜੀ ਅਸੀਂ ਸਿੱਖੀ ਦੇ ਅਹਿਮ ਨੁਕਤਿਆਂ ਬਾਰੇ ਇਕ ਦੂਜੇ ਨੂੰ ਮੁਖਾਤਬ ਹਾਂ, ਆਹਮੋ ਸਾਹਮਣੇ ਡੱਟੇ ਹੋਏ ਹਾਂ। ਤੁਸੀਂ ਦਲੀਲ ਰਾਹੀ ਗੁਰਬਾਣੀ ਦੇ ਗਿਆਨ ਰਾਹੀਂ ਗੱਲ ਕਰੋ, ਅਹੁਦੇ ਦੀਆਂ ਧਮਕੀਆਂ ਨਾ ਦਿਓ। ਧਾਰਮਕ ਖੋਜ ਦੇ ਖੇਤਰ ਵਿਚ ਤੁਸੀਂ ਅੱਜ ਤਕ ਕਿੰਨੀਆਂ ਪੁਸਤਕਾਂ ਲਿਖੀਆਂ ਹਨ? ਸੈਮੀਨਾਰਾਂ ਵਿਚ ਧਾਰਮਕ ਵਿਸ਼ਿਆਂ ਨਾਲ ਸਬੰਧਤ ਕਿੰਨੇ ਪੇਪਰ ਪੜ੍ਹੇ ਹਨ ਦਸ ਸਕੋਗੇ? ਧਰਮ ਦੀ ਕੋਈ ਹੋਰ ਵਡੇਰੀ ਸੇਵਾ ਕੀਤੀ ਦਸ ਸਕਦੇ ਹੋ? ਆਈ.ਏ.ਐਸ. ਅਫਸਰ ਹੋਣ ਦਾ ਇਹ ਮਤਲਬ ਨਹੀਂ ਕਿ ਤੁਸੀਂ 'ਧਰਮ ਅਚਾਰੀਆ' ਭੀ ਬਣ ਗਏ ਹੋ। ਮੈਂ ਜਾਣਦਾ ਹਾਂ I.A.S. (D.C.) ਅਫਸਰ ਨੂੰ ਮਿਲਣ ਵਾਸਤੇ ਮੇਰੇ ਵਰਗੇ ਸੈਂਕੜੇ ਬੰਦੇ ਲਾਈਨਾਂ ਵਿੱਚ ਲੱਗੇ ਧੁਪੇ ਖਲੋਤੇ ਵਾਰੀ ਦੀ ਉਡੀਕ ਕਰਦੇ ਰਹਿੰਦੇ ਹਨ। ਅੰਦਰ ਸਰਦਾਰ ਸਾਹਿਬ ਜੀ ਦੋਸਤਾਂ ਨਾਲ ਗੱਪ-ਸ਼ੱਪ ਕਰ ਰਹੇ ਹੁੰਦੇ ਹਨ। ਦਲੀਲ ਨਾਲ ਗਲ ਕਰਨ ਦੀ ਥਾਵੇਂ ਜਦੋਂ ਕੋਈ ਅਪਣੇ ਅਹੁਦੇ ਵਿਚ ਲੈ ਆਵੇ। ਜਦੋਂ ਕੋਈ ਆਪਣੀ ਅਮੀਰੀ ਨੂੰ ਘਸੀਟ ਲਿਆਵੇ। ਜਦੋਂ ਕੋਈ ਆਪਣੇ ਡੰਡੇ ਸੋਟੇ, ਪਿਸਤੌਲ ਬੰਦੂਕਾਂ ਦੀ ਬੜ੍ਹਕ ਮਾਰੇ। ਜਦੋਂ ਕੋਈ ਮਿਲ ਬੈਠਕੇ ਭਰਾਵਾਂ ਵਾਂਗ ਵਿਚਾਰ ਕਰਨ ਦੀ ਥਾਵੇਂ ਆਪਣੇ ਡੋਲੇ ਫੜਕਾਉਣ ਲੱਗ ਪਵੇ, ਫੁੰਕਾਰਾ ਮਾਰਕੇ ਦੋ ਹੱਥ ਕਰਨ ਲਈ ਵੰਗਾਰ ਪਾਵੇ ਉਸ ਵਕਤ ਮੈਂ ਹਾਰ ਮੰਨ ਲੈਂਦਾ ਹਾਂ ਕਿਉਂਕਿ ਮੇਰੇ ਕੋਲ ਇਸ ਤਰ੍ਹਾਂ ਦਾ ਮੁਕਾਬਲਾ ਕਰਨ ਵਾਲੀ ਤਾਕਤ ਨਹੀਂ ਹੈ।"

ਦਰਸਨਿ ਦੇਖਿਐ ਦਇਆ ਨ ਹੋਇ।। ਲਏ ਦਿਤੇ ਵਿਣੁ ਰਹੈ ਨ ਕੋਇ।।
ਰਾਜਾ ਨਿਆਉ ਕਰੇ ਹਥਿ ਹੋਇ।। ਕਹੈ ਖੁਦਾਇ ਨ ਮਾਨੈ ਕੋਇ।। (ਮ. 1. 350)

ਲੇਖ ਤਿਆਰ ਕਰਕੇ ਪੰਜਾਬੀ ਟ੍ਰਿਬਿਊਨ ਨੂੰ ਭੇਜ ਦਿੱਤਾ ਗਿਆ। ਲੇਖ ਨਾ ਛਪਿਆ। ਪੰਦਰਾਂ ਦਿਨਾਂ ਦੀ ਉਡੀਕ ਤੋਂ ਬਾਅਦ ਮੈਂ ਅਖ਼ਬਾਰ ਦੇ ਦਫ਼ਤਰ ਚੰਡੀਗੜ੍ਹ ਜਾਕੇ ਸੰਪਾਦਕ ਸ: ਹਰਭਜਨ ਸਿੰਘ ਹਲਵਾਰਵੀ ਨੂੰ ਮਿਲਿਆ। ਉਸ ਨਾਲ ਇਸ ਵਿਸ਼ੇ ਨਾਲ ਸਬੰਧਿਤ ਬਹੁਤੀ ਲੰਮੀ ਵਿਚਾਰ ਚਰਚਾ ਹੋਈ। ਪਹਿਲਾਂ ਉਸਨੇ ਭੀ ਮੈਨੂੰ ਪੈਰੋਂ

ਕੱਢਣਾ ਚਾਹਿਆ। ਅਖੀਰ ਵਿਚ ਉਸ ਭਲੇ ਇਨਸਾਨ ਨੇ ਸੱਚੋ ਸੱਚ ਮੇਰੇ ਸਨਮੁਖ ਰੱਖ ਦਿੱਤਾ। ਉਸ ਦਸਿਆ "ਇਹ ਸਾਰੇ ਤੁਹਾਡੇ ਵਿਰੋਧੀ ਲੇਖਕ ਟ੍ਰਿਬਿਊਨ ਸਮੂਹ ਦੇ ਮੁਖ ਸੰਪਾਦਕ ਅਤੇ ਚੇਅਰਮੈਨ ਨੂੰ ਮਿਲੇ। ਇਹਨਾਂ ਦਾ ਕਹਿਣਾ ਸੀ ਕਿ ਇਕ ਗੁਮਨਾਮ ਜਿਹਾ ਇਨਸਾਨ (ਇੰਦਰ ਸਿੰਘ ਘੱਗਾ) ਸਾਡੀ ਸਾਰਿਆਂ ਦੀ ਲਿਖਤਾਂ ਦੁਆਰਾ 'ਬੇ ਇੱਜਤੀ' ਕਰ ਰਿਹਾ ਹੈ। ਅਸੀਂ ਤੁਹਾਡੇ ਪੁਰਾਣੇ ਲੇਖਕ ਹਾਂ। ਜੇ ਤੁਸੀਂ ਇਸ ਆਦਮੀ ਕੋਲੋਂ ਸਾਡੀ ਇਸੇ ਤਰ੍ਹਾਂ ਇੱਜ਼ਤ ਹੌਲੀ ਕਰਾਉਣੀ ਹੈ ਤਾਂ ਅਸੀਂ ਟ੍ਰਿਬਿਊਨ ਲਈ ਅਗੋਂ ਕੁੱਝ ਨਹੀਂ ਲਿਖਾਂਗੇ। ਜੇ ਸਾਡੀ ਲੋੜ ਹੈ ਤਾਂ ਉਸਦੀ ਲੇਖਣੀ ਬੰਦ ਕਰਨੀ ਪਵੇਗੀ...।"

"ਅਖ਼ਬਾਰ ਦੇ ਮੁਖੀ ਨੇ ਸਹਿਮਤੀ ਦੇ ਦਿਤੀ। (ਹਰਭਜਨ ਸਿੰਘ ਹਲਵਾਰਵੀ) ਮੇਰੇ ਕੋਲ ਫੋਨ ਆ ਗਿਆ, ਇੰਦਰ ਸਿੰਘ ਘੱਗਾ ਦਾ ਅਗੇ ਨੂੰ ਕੋਈ ਲੇਖ ਸਾਡੇ ਅਖ਼ਬਾਰ ਵਿਚ ਨਹੀਂ ਛਪਣਾ ਚਾਹੀਦਾ"। ਲਗਪਗ ਤੇਰਾਂ ਸਾਲ ਹੋ ਗਏ, ਇਸ ਤੋਂ ਮਗਰੋਂ ਮੇਰੀ ਕੋਈ ਰਚਨਾ ਟ੍ਰਿਬਿਊਨ ਨੇ ਨਹੀਂ ਛਾਪੀ। ਪਾਠਕ ਜਨ ਸਹਿਜੇ ਹੀ ਅੰਦਾਜਾ ਲਾ ਸਕਦੇ ਹਨ ਕਿ ਸਿੱਖ 'ਗੁੰਗੇ' ਹਨ। ਬੋਲੇ ਹਨ, ਅੰਨੇ ਹਨ ਤੇ ਲੂਲੇ ਪਿੰਗਲੇ ਭੀ ਹਨ ਕਿਉਂਕਿ ਆਪਣੀ ਵੇਦਨਾ ਕਿਤੇ ਕਹਿ ਨਹੀਂ ਸਕਦੇ। ਆਪਣੀ ਮਰਜੀ ਦਾ ਵੇਖ ਸੁਣ ਨਹੀਂ ਸਕਦੇ। ਆਪਣੀ ਮਰਜੀ ਦੇ ਕੰਮ ਨਹੀਂ ਕਰ ਸਕਦੇ। ਹੋਰ ਤੇ ਹੋਰ ਆਪਣੀ ਮਰਜੀ ਦਾ ਸੋਚ ਭੀ ਨਹੀਂ ਸਕਦੇ। ਸਾਡੀ ਸੋਚ ਸਕੂਲਾਂ ਵਿਚੋਂ ਘੜੀ ਜਾਂਦੀ ਹੈ, ਉਹ ਸਾਡੇ ਨਹੀਂ ਹਨ। ਸਾਡੀ ਸੋਚ ਕਾਲਜ ਵਿਚ ਪ੍ਰਫੁਲਤ ਹੁੰਦੀ ਹੈ ਉਹ ਭੀ ਬੇਗਾਨੇ ਹਨ। ਸਾਡੀ ਸਮਝ ਨੂੰ ਸਮਾਜ ਤਰਾਸਦਾ ਹੈ, ਇਹ ਭੀ ਸਾਡੇ ਅਨਕੂਲ ਨਹੀਂ ਹੈ। ਅਖ਼ਬਾਰ ਰਿਸਾਲੇ ਸਿੱਖਾਂ ਨੇ ਚਾਲੂ ਨਹੀਂ ਕੀਤੇ, ਬੇਗਾਨਿਆਂ ਤੇ ਨਿਰਭਰ ਹੋਣਾ ਪੈ ਰਿਹਾ ਹੈ। ਟੀ.ਵੀ. ਚੈਨਲਾਂ ਤੇ ਹਰ ਰੋਜ ਹਰ ਵਕਤ ਨੰਗੇਜ ਦਾ ਨੰਗਾ ਨਾਚ ਹੋ ਰਿਹਾ ਹੈ। ਵੱਡੇ ਅਰਬਪਤੀ ਵਿਉਪਾਰੀਆਂ ਵਲੋਂ ਇਹ ਚੈਨਲ ਚਲਾਏ ਜਾਂਦੇ ਹਨ। ਆਪਣੇ ਮਾਲ ਨੂੰ ਵੇਚਣ ਵਾਸਤੇ ਇਥੇ ਇਸਤਿਹਾਰ ਦਿੱਤੇ ਜਾਂਦੇ ਹਨ। ਇਸ ਸਾਰੇ ਪਸਾਰੇ ਵਿਚ ਸਾਡੀ ਸੋਚ ਗੁਆਚ ਹੀ ਜਾਂਦੀ ਹੈ। ਅਸੀਂ ਬੇਬਸ ਹੋਏ ਇਕ ਕਠਪੁਤਲੀ ਵਾਂਗ ਕੇਵਲ ਤਮਾਸ਼ਾ ਕਰਨ ਜੋਗੇ ਰਹਿ ਗਏ ਹਾਂ। ਸਾਡੀ ਜਿੰਦਗੀ ਸਾਡੀ ਸੋਚ ਦਾ ਰਿਮੋਟ ਕੰਟਰੋਲ ਸਾਡੇ ਕੋਲ ਨਹੀਂ ਹੈ ਕਿਸੇ ਹੋਰ ਹੱਥ ਹੈ।

ਅਜਿਹੇ ਹਾਲਤ ਵਿਚ ਸਾਡੇ ਧਰਮ ਪ੍ਰਚਾਰਕ ਕੀ ਪ੍ਰਚਾਰ ਰਹੇ ਹਨ, ਸਾਡੇ ਰਾਜਸੀ ਆਗੂ ਕੀ ਗੁਲ ਖਿਲਾ ਰਹੇ ਹਨ, ਪੰਥਕ ਬੇੜੀ ਨੂੰ ਡੋਬਣ ਵਾਸਤੇ ਕੌਣ ਲੋਕ ਕਿੰਨਾ ਕੁ ਧ੍ਰੋਹ ਕਮਾ ਰਹੇ ਹਨ, ਇਸ ਕਿਤਾਬ ਰਾਹੀਂ ਸੰਖੇਪ ਵਿਚ ਦਸਣ ਦਾ ਜਤਨ ਕੀਤਾ ਹੈ। ਸਿੱਖ ਫੌਜਾਂ ਹਾਰ ਚੁਕੀਆਂ ਹਨ, ਇਹਨਾਂ ਨੂੰ ਹਰਾਇਆ ਭੀ ਅਪਣਿਆ ਨੇ ਹੈ। ਸਾਡਾ ਬੇੜਾ ਡੁੱਬ ਗਿਆ ਹੈ, ਡੋਬਿਆ ਭੀ 'ਸਾਡੇ ਆਪਣਿਆ ਨੇ ਹੈ'। ਹੁਣ ਹਾਰੀਆਂ ਫੌਜਾਂ ਨੂੰ

ਕੋਈ 'ਕਮਾਂਡਰ' (ਜਰਨੈਲ) ਨਹੀਂ ਲਭ ਰਿਹਾ। ਡੁਬਦੇ ਬੇੜੇ ਨੂੰ ਕੋਈ 'ਜਹਾਜੀ' (ਕਪਤਾਨ) ਨਹੀਂ ਮਿਲ ਰਿਹਾ। ਚੇਤੰਨ ਗੁਰਸਿੱਖ ਪਾਠਕਾਂ ਅੱਗੇ ਤਰਲਾ ਹੈ, ਜੋਦੜੀ ਹੈ, ਚੁਪ ਚਾਪ ਘਰ ਬੈਠਿਆਂ, ਦੇਸ਼ਾਂ ਵਿਦੇਸ਼ਾਂ ਵਿਚ ਮਾਇਆ ਦੀਆਂ ਪੰਡਾਂ ਇਕੱਠੀਆਂ ਕਰਦਿਆਂ ਕਾਲਜਾਂ ਯੂਨੀਵਰਸਿਟੀਆਂ ਵਿਚ ਸੁਖ ਭੋਗਦਿਆਂ ਜਾਂ ਰਾਜਸੀ ਕੁਰਸੀਆਂ ਦਾ ਸੁਖ ਮਾਣਦਿਆਂ ਜੇ ਸਿੱਖੀ ਕਿਰਦਾਰ ਨਾ ਰਿਹਾ ਜੇ ਸਿੱਖੀ ਸਰੂਪ ਨਾ ਰਿਹਾ, ਤਾਂ ਦਸ ਗੁਰੂ ਸਾਹਿਬਾਨ ਦੀ ਨਜ਼ਰ ਵਿਚ ਕਿਵੇਂ ਪ੍ਰਵਾਨ ਹੋਵਾਂਗੇ? ਸਿੱਖੀ ਦੀ ਚੜ੍ਹਦੀ ਕਲਾ ਲਈ ਖ਼ੂਨ ਦੀਆਂ ਨਦੀਆਂ ਤਰਨ ਵਾਲੇ ਗੁਰਸਿੱਖਾਂ ਨੂੰ ਕਿਵੇਂ ਮੂੰਹ ਵਿਖਾਵਾਂਗੇ? ਬੱਚਿਆਂ ਦੇ ਟੁਕੜੇ ਕਰਵਾ ਕੇ ਗਲਾਂ ਵਿਚ ਹਰ ਪੁਆ ਲੈਣ ਵਾਲੀਆਂ ਮਾਤਾਵਾਂ ਦੇ ਸਿਰੜ ਸਿਦਕ ਦਾ ਕਰਜਾ ਕਿਵੇਂ ਉਤਾਰਾਂਗੇ? ਦਸਮ ਪਾਤਿਸ਼ਾਹ ਜੀ ਦੇ ਲਾਲਾਂ ਦੀ ਅਦੁੱਤੀ ਕੁਰਬਾਨੀ ਭੁਲਾ ਕੇ ਕਿਵੇਂ ਸੁਰਖਰੂ ਹੋਵਾਂਗੇ? ਆਸ ਕਰਦਾ ਹਾਂ ਇਸ ਕਿਤਾਬ ਵਿਚ ਗੁੰਨੇ ਦਰਦ ਨੂੰ ਸਵੀਕਾਰ ਕਰੋਗੇ। ਸਖ਼ਤ ਬਚਨਾਂ ਨੂੰ ਨਾ ਚਿਤਾਰਦੇ ਪੰਥ ਦੀ ਚੜ੍ਹਦੀ ਕਲਾ ਲਈ ਕਰਮ -ਕਸੇ ਕਰ ਲਉਗੇ....

ਮੈਂ ਧੰਨਵਾਦ ਕਰਦਾ ਹਾਂ ਸੁਹਿਰਦ ਜੀਵਨ ਸਾਥਣ ਸਰਦਾਰਨੀ ਰਾਜਵੰਤ ਕੌਰ ਦਾ, ਜਿਨ੍ਹਾਂ ਸਾਰੀਆਂ ਜਿੰਮੇਵਾਰੀਆਂ ਸਾਂਭ ਕੇ ਮੈਨੂੰ ਲਿਖਣ ਲਈ ਉਤਸ਼ਾਹਤ ਕੀਤਾ। ਬੇਟੀ ਨਵਦੀਪ ਕੌਰ ਜਿਸਨੇ ਇਸ ਕਿਤਾਬ ਨੂੰ ਲਿਖਣ ਦੇ ਲਈ ਮੇਰਾ ਹੌਸਲਾ ਵਧਾਇਆ। ਬੇਟਾ ਕੰਵਰਦੀਪ ਸਿੰਘ ਤੇ ਬੇਟੀ (ਨੂੰਹ) ਸੁਖਜਿੰਦਰ ਕੌਰ ਜਿਨਾਂ ਨੇ ਪਰੂਫ ਪੜ੍ਹਨ ਅਤੇ ਪੁਸਤਕ ਛਪਾਉਣ ਦੀ ਜਿੰਮੇਵਾਰੀ ਸੰਭਾਲੀ। ਸਹਿਯੋਗੀ ਪੁੱਤਰ, ਪ੍ਰਮਿੰਦਰ ਸਿੰਘ ਨੇ ਭੀ ਸਮੇਂ-ਸਮੇਂ ਮਦਦ ਕੀਤੀ। ਇਹਨਾਂ ਸਾਰਿਆਂ ਦਾ ਧੰਨਵਾਦ ਅਤੇ ਖਾਸ ਕਰਕੇ ਡਾ. ਹਰਜਿੰਦਰ ਸਿੰਘ ਦਿਲਗੀਰ ਜੀ, ਜਿਨਾਂ ਨੇ ਭੂਮਿਕਾ ਲਿਖਕੇ ਮੇਰਾ ਮਾਣ ਵਧਾਇਆ ਹੈ। ਹੋਰ ਸਾਰੇ ਸਹਿਯੋਗੀਆਂ ਦਾ ਭੀ ਧੰਨਵਾਦ।

15 ਸਤੰਬਰ 2005 ਗੁਰੂ ਘਰ ਦਾ ਸੇਵਕ

**(ਇੰਦਰ ਸਿੰਘ ਘੱਗਾ)**

# ਗੁਰ ਪੂਛਹੁ ਤੁਮ ਕਰਹੁ ਬੀਚਾਰੁ

**ਡਾ. ਹਰਜਿੰਦਰ ਸਿੰਘ "ਦਿਲਗੀਰ"**

ਸਾਡੇ ਵਰਗੇ ਮਿੱਟੀ ਦੇ ਬਾਵਿਆਂ ਨੂੰ ਬਣਾ ਸੰਵਾਰਕੇ, ਵੱਡੇ ਕੰਮ ਕਰਵਾ ਲੈਣੇ, ਇਕ ਅਨੋਖੀ ਕਰਾਮਾਤ ਹੀ ਸਮਝੀ ਜਾ ਸਕਦੀ ਹੈ। ਨਿਰੰਕਾਰ ਵਿਚ ਅਥਾਹ ਤਾਕਤਾਂ, ਬਰਕਤਾਂ, ਰਹਿਮਤਾਂ ਹਨ। ਜੇ ਉਹ "ਮਾਟੀ ਕੇ ਪੂਤਲੇ" ਤੋ ਕੋਈ ਨੇਕ ਕਾਰਜ ਕਰਵਾ ਲਵੇ ਤਾਂ ਇਹ ਬਰਕਤ ਅਕਾਲ ਪੁਰਖ ਦੀ ਹੁੰਦੀ ਹੈ, ਪਰ ਸੋਭਾ ਮਿੱਟੀ ਦੇ ਪੂਤਲੇ ਦੀ ਹੋ ਜਾਂਦੀ ਹੈ। ਮੈਂ ਨਿਮਾਣੇ ਸੇਵਕ ਨੇ ਪਿਛਲੀ ਵਾਰੀ (ਸ਼ਾਇਦ ਅੱਠ ਮਹੀਨੇ ਪਹਿਲਾਂ) ਜਦੋਂ ਵੀਰ ਇੰਦਰ ਸਿੰਘ ਘੱਗਾ ਜੀ ਦੀ ਪੁਸਤਕ "ਧਰਮ ਦੇ ਨਾਂ ਤੇ" ਦੀ ਭੂਮਿਕਾ ਲਿਖੀ ਸੀ। ਉਸ ਵਕਤ ਮੈਂ "ਹੁਸਨਲ ਸਲਾਮ" ਅਖਿਆ ਸੀ। ਕਿ ਇਸ ਸੋਹਣੀ ਕਲਮ ਨੂੰ ਨਮਸਕਾਰ ਹੈ, ਵਿਅਕਤੀ ਨੂੰ ਨਹੀਂ! ਮੇਰੀ ਨਮਸਕਾਰੀ ਕਲਮ ਤੇਜੀ ਨਾਲ ਵਗ ਟੁਰੀ, ਆਪਣਾ ਰਾਹ ਬਣਾਉਂਦੀ, ਕਈਆਂ ਦੇ ਸੀਨੇ ਛਲਣੀ ਕਰਦੀ, ਕਿਤੇ ਟੁੱਟਿਆਂ ਨੂੰ ਜੋੜਦੀ, ਕਿਧਰੇ ਮਨਮੁਖਾਂ ਨੂੰ ਲਾਹਣਤਾਂ ਪਾਉਂਦੀ, ਕਿਸੇ ਨੂੰ ਧਰਮ ਦਾ ਵਾਸਤਾ ਪਾਉਂਦੀ, ਇਹ ਤਿੱਖੀ ਧਾਰ ਵਾਲੀ ਕਲਮ ਵਗ ਪਈ ਹੈ। ਦਿਲ ਦੀਆਂ ਅੱਖਾਂ ਨਾਲ ਆਲੇ-ਦੁਆਲੇ ਵਰਤ ਰਹੇ ਵਰਤਾਰੇ ਨੂੰ, ਘੱਗਾ ਜੀ ਨੇ ਵੇਖਿਆ ਪਰਖਿਆ ਹੈ। ਆਪਣੇ ਪਿੰਡੇ44 ਤੇ ਸੁੱਖ ਘੱਟ ਦੁਖ ਬਹੁਤਾ ਹੰਢਾਇਆ ਹੈ। ਇਹ ਦਿਲ ਦੀ ਚੀਸ ਹੁਣ ਉਸਦੀ ਅਨਮੋਲ ਰਾਸ ਪੂੰਜੀ ਬਣ ਗਈ ਹੈ। ਸੰਸਾਰ ਵਿਚ ਦੁਖਿਆਰੇ ਬਹੁਤ ਲੋਕ ਹਨ, ਪਰ ਬਹੁਤਿਆਂ ਨੂੰ ਰੋਣ ਦਾ ਢੰਗ ਭੀ ਨਹੀਂ ਆਉਂਦਾ। ਜੋ ਇਨਸਾਨ ਆਪਣੇ ਹੰਝੂਆਂ ਨਾਲ ਆਪਣੀ ਕੌਮ ਦਾ ਮੁੱਖੜਾ ਧੋਣਾ ਚਾਹੁੰਦਾ ਹੋਵੇ, ਜੋ ਆਪਣੇ ਸੀਨੇ ਵਿਚ ਉਠੇ ਦਰਦ ਦੀਆਂ ਚੀਕਾਂ ਦੁਆਰਾ ਗਫਲਤ ਦੀ ਨੀਂਦ ਵਿਚ ਸੁਤਿਆਂ ਨੂੰ ਜਗਾ ਦੇਵੇ, ਉਹ ਹੰਝੂ ਤੇ ਚੀਕਾਂ ਮੁਬਾਰਕ।

ਇਸ ਕਿਤਾਬ ਦਾ ਸਿਰਲੇਖ "ਸਾਡੇ ਬੇੜਾ ਇਉਂ ਗਰਕਿਆ" ਪੜ੍ਹਕੇ ਇਕ ਵਾਰੀ ਤਾਂ ਸਿਰ ਚਕਰਾ ਗਿਆ। ਕੀ ਸੱਚ ਮੁੱਚ ਹੀ ਸਾਡਾ ਬੇੜਾ ਗਰਕ ਗਿਆ ਹੈ? ਕਿ ਹਾਲੀ ਬਚਣ ਦੀ ਕੋਈ ਸੰਭਾਵਨਾ ਹੈ? ਜੋ ਕੁੱਝ ਆਪਣੇ ਤਜਰਬੇ ਦੇ ਆਧਾਰ ਤੇ ਘੱਗਾ ਜੀ ਨੇ ਵੇਖਿਆ ਹੈ, ਮਹਿਸੂਸ ਕੀਤਾ ਹੈ, ਉਹੀ ਲਿਖਿਆ ਹੈ। ਮੈਂ ਭਾਂਵੇ ਇਹ ਨਾਂ ਭੀ ਕਹਾਂ ਕਿ ਸਾਡਾ ਬੇੜਾ ਗਰਕ ਗਿਆ ਹੈ, ਪਰ ਗਰਕਣ ਤੋਂ ਬਚਿਆ ਹੋਇਆ ਭੀ ਨਹੀਂ ਹੈ।

ਪੁਰਾਣੇ ਸਾਹਿਤ ਇਤਿਹਾਸ ਦੀਆਂ ਬਾਰੀਕੀਆਂ ਦਾ ਲੇਖਾ-ਜੋਖਾ ਬਹੁਤ ਸਾਰੇ ਲੇ

ਖਕਾਂ ਨੇ ਕੀਤਾ ਹੈ ਕਿਉਂਕਿ ਪਹਿਲਾਂ ਵਾਪਰ ਚੁੱਕੀਆਂ ਘਟਨਾਵਾਂ ਦਾ ਚਸ਼ਮਦੀਦ ਗਵਾਹ ਕੋਈ ਨਹੀਂ ਹੁੰਦਾ। ਦੂਜੇ ਜਿਨ੍ਹਾਂ ਇਤਿਹਾਸਕ ਪਾਤਰਾਂ ਬਾਰੇ, ਵਿਚਾਰ ਪ੍ਰਗਟ ਕੀਤੇ ਜਾ ਰਹੇ ਹਨ, ਉਹਨਾਂ ਵਿਚੋਂ ਕਿਸੇ ਨੇ ਵਾਪਸ ਆਕੇ ਲਾਹਣਤਾ ਫਿਟਕਾਰਾਂ ਨਹੀਂ ਪਾਉਣੀਆਂ। ਸਾਡਾ ਆਮ ਪਾਠਕ ਵਰਗ ਤਾਂ ਨਿਰੋਲ "ਸਾਉ ਗਊ" ਬਣਕੇ ਸਭ ਕੁਝ ਪ੍ਰਵਾਨ ਕਰੀ ਜਾ ਰਿਹਾ ਹੈ। ਸਮੇਤ ਸੌ ਪ੍ਰਤੀਸ਼ਤ ਝੂਠ ਫਰੇਬ ਦੇ। ਕਰਾਮਾਤੀ ਕਹਾਣੀਆਂ ਨਾਲ "ਘਰ ਪੂਰਾ" ਕੀਤਾ ਜਾ ਰਿਹਾ ਹੈ, ਜਿਹੜੀਆਂ ਕਦੇ ਵਾਪਰੀਆਂ ਹੀ ਨਹੀਂ। ਜੋ ਸੂਰਜਵਤ ਰੋਸ਼ਨ, ਕਰਾਮਾਤਾਂ, ਸ਼ਹਿਣਸ਼ੀਲਤਾ ਅਤੇ ਸੂਰਮਗਤੀ ਦੀਆਂ ਸਿਖਰਾਂ ਛੋਂਹਦੇ ਕਾਰਨਾਮੇ , ਇਤਿਹਾਸ ਵਿੱਚ ਮੌਜੂਦ ਹਨ, ਉਹ ਸਾਰੇ ਘੱਟੇ ਰੋਲ ਦਿਤੇ ਗਏ। ਮੌਜੂਦਾ ਸਮੇਂ ਦੇ ਵਿਅਕਤੀ ਜਥੇਬੰਦੀਆਂ ਮੌਜੂਦ ਹਨ। ਉਹਨਾਂ ਬਾਰੇ ਲੇਖਾ ਜੋਖਾ ਕਰਨਾ, ਅਲੋਚਨਾ ਤਕ ਸੀਮਤ ਨਾ ਰਹਿ ਕੇ ਫਿਟਕਾਰਾਂ ਪਾ ਦੇਣੀਆਂ, ਭੂੰਡਾਂ ਦੇ ਖੱਖਰ ਨੂੰ ਛੇੜਨ ਵਾਂਗ ਹੈ। ਮੇਰੇ ਵੀਰ ਇੰਦਰ ਸਿੰਘ ਜੀ ਨੇ ਨਿਝੱਕ ਹੋ ਕੇ ਇਸ ਖੱਖਰ ਨੂੰ ਹੱਥ ਪਾ ਲਿਆ ਹੈ, ਵਾਹਿਗੁਰੂ ਭਰੋਸੇ।

"ਸਾਡਾ ਬੇੜਾ ਇਉਂ ਗਰਕਿਆ" ਕਿਤਾਬ ਵਿਚ ਦਰਜ ਸਾਰੇ ਲੇਖ ਵਿਸ਼ੇ ਨਾਲ ਪੂਰੀ ਤਰ੍ਹਾਂ ਓਤ-ਪੋਤ ਹਨ। ਪਹਿਲਾ ਲੰਮਾ ਲੇਖ "ਸਿੱਖ ਸ਼ਤਾਬਦੀਆਂ ਕਾਵਾਂ ਰੌਲੀ" ਵਿੱਚ ਲੇਖਕ ਨੇ ਵਰਤ ਰਹੇ ਵਰਤਾਰੇ ਨੂੰ, ਅੱਖੀਂ ਵੇਖਿਆ, ਪਿੰਡੇ ਤੇ ਹੰਢਾਇਆ ਹੈ। ਜਦੋਂ ਕੌਮ ਦਾ ਕਰੋੜਾਂ ਅਰਬਾਂ ਰੁਪਿਆ ਇਸ ਤਰ੍ਹਾਂ ਬੇਰਹਿਮੀ ਨਾਲ, ਲੀਡਰ ਲੋਕ ਬਰਬਾਦ ਕਰ ਰਹੇ ਹੋਣ, ਗਿਆਨ ਦੇਣ ਦੀ ਥਾਵੇਂ ਕੁਰਾਹੇ ਪਾ ਰਹੇ ਹੋਣ, ਧਾਰਮਕ ਸ਼ਰਧਾ ਨੂੰ ਲੁੱਟਣ ਦਾ ਸਾਧਨ ਬਣਾ ਲੈਣ ਫਿਰ ਕੀ ਸਾਡਾ ਬੇੜਾ ਕਿਨਾਰੇ ਲੱਗ ਜਾਵੇਗਾ? ਜਦੋਂ ਸੇਵਾ ਨੂੰ ਪ੍ਰਮੁੱਖਤਾ ਅਤੇ ਗਿਆਨ ਦੋਮ ਦਰਜੇ ਤੇ ਚਲਾ ਜਾਵੇ, ਉਸ ਵਕਤ ਕਿਸੇ ਕੌਮ ਵਿਚ "ਗਿਆਨੀ" ਪੈਦਾ ਨਹੀਂ ਹੋ ਸਕਦੇ। ਅਜਿਹੇ ਮਾਰੂ ਕਲਚਰ ਵਿਚੋਂ ਫਿਰ ਟੋਕਰੀ ਢੋਣ ਵਾਲੇ "ਕਾਰਸੇਵਕ" ਅਕਲ ਦੇ ਦੁਸ਼ਮਣ ਪੈਦਾ ਹੋਇਆ ਕਰਦੇ ਹਨ। ਇਸੇ ਦੁਖਦੀ ਰਗ ਤੇ ਉਗਲ ਰਖ ਦਿਤੀ ਹੈ ਵੀਰ ਜੀ ਨੇ ਆਪਣੇ ਲੇਖ, "ਸੇਵਾ ਵੱਡੀ ਕਿ ਗੁਰੂ ਗਿਆਨ" ਵਿਚ। ਅੱਜ ਹਰ ਕੋਈ ਚਾਰ ਕੁ ਪ੍ਰਾਣੀਆਂ ਨੂੰ ਇਕੱਠੇ ਕਰਕੇ "ਨਾਮਧਰੀਕ" ਜਥੇਬੰਦੀ ਬਣਾ ਕੇ ਆਪੇ ਹੀ ਅਸਲੀ ਸਿੱਖ ਤੇ ਆਪੇ ਹੀ "ਗੁਰੂ ਪੰਥ" ਹੋਣ ਦਾ ਢੰਡੋਰਾ ਪਿੱਟ ਦਿੰਦਾ ਹੈ। ਗੁਰੂ ਹੋਣਾ ਤਾਂ ਕਿਤੇ ਰਿਹਾ, ਬਹੁਤੀ ਵਾਰੀ ਇਹਨਾਂ ਵਿਚੋਂ ਬਹੁਗਿਣਤੀ ਮੈਂਬਰ ਹਾਲੀ ਸਿੱਖੀ ਦੀ ਪਰਿਭਾਸ਼ਾ ਤੇ ਖਰੇ ਨਹੀਂ ਉਤਰਦੇ। ਇਸ ਪੱਖ ਨੂੰ ਉਜਾਗਰ ਕਰਦਾ ਲੇਖ ਹੈ "ਟੁਕੜਿਆਂ ਵਿਚ ਵੰਡਿਆ ਪੰਥ"।

ਮਾਸ ਖਾਣਾ ਨਾ ਖਾਣਾ ਆਪੋ ਆਪਣੇ ਸੁਭਾਅ ਮੁਤਾਬਕ, ਸਰੀਰਕ ਲੋੜ ਮੁਤਾਬਕ

ਜਾਂ ਹਾਲਾਤ ਮੁਤਾਬਕ ਚੋਣ ਕਰਨੀ ਹੁੰਦੀ ਹੈ। ਗੁਰਬਾਣੀ ਮਾਸ ਦੇ ਝਗੜੇ ਵਿਚ ਪੈਣ ਤੋਂ ਵਰਜਦੀ ਹੈ। ਸਰੀਰਕ ਮਜ਼ਬੂਰੀ ਕਾਰਨ, ਖੰਡ, ਮੱਖਣ, ਤਲੀਆਂ ਖਾਣ ਵਸਤਾਂ ਤੋਂ ਭੀ, ਸੰਕੋਚ ਕਰਨਾ ਪੈ ਜਾਂਦਾ ਹੈ। ਰਹੀ ਪਾਪ ਪੁੰਨ ਦੀ ਗਲ, ਇਸ ਅੰਧ ਵਿਸ਼ਵਾਸ਼ ਵਿਚ ਪੈ ਕੇ ਮਨੁਖ ਇਕ ਕਦਮ ਭੀ ਟੁਰ ਨਹੀਂ ਸਕੇਗਾ, ਜਿਉਂ ਨਹੀਂ ਸਕੇਗਾ। ਇਸ ਵਿਸ਼ੇ ਤੇ ਵੀਰ ਘੱਗਾ ਜੀ ਨੇ ਬੜੇ ਨਵੇਕਲੇ ਅੰਦਾਜ਼ ਵਿਚ ਪੂਰੀ ਬੇਬਾਕੀ ਨਾਲ ਲੰਮਾ ਲੇਖ ਲਿਖਿਆ ਹੈ, ਇਸ ਤੇ ਗੰਭੀਰ ਵਿਚਾਰ ਕਰਦਾ ਬਣਦਾ ਹੈ। ਇਸੇ ਤਰ੍ਹਾਂ ਗੁਰਮਤ ਵਿਚ ਵੜ੍ਹ ਚੁਕੇ ਬ੍ਰਾਹਮਣਵਾਦੀ ਡੇਰੇਦਾਰੀ ਪ੍ਰਬੰਧ ਨੂੰ ਵੰਗਾਰਿਆ ਹੈ। ਨਾਮ ਜਪਣ ਦੇ ਮਸ਼ੀਨੀ ਰੁਝਾਨ ਤੇ ਖੁੱਲ੍ਹੇ ਵਿਚਾਰ ਪ੍ਰਗਟ ਕੀਤੇ ਹਨ। 'ਮਾਂ ਬੋਲੀ ਪੰਜਾਬੀ ਤੇ ਪੰਜਾਬੀ ਬੋਲੀ ਸੰਸਕ੍ਰਿਤ ਨਾਲੋਂ ਭੀ ਪੁਰਾਣੀ' ਹੋਰ ਵਧੀਆ ਲੇਖ ਕਹੇ ਜਾ ਸਕਦੇ ਹਨ। ਕਬੀਰ ਜੀ ਨੂੰ ਬੇੜੀਆਂ ਵਿਚ ਜਕੜ ਕੇ ਗੰਗਾ ਨਦੀ ਵਿਚ ਸੁੱਟ ਦਿੱਤਾ ਗਿਆ। ਉਹ ਕਿਨਾਰੇ ਤੇ ਕਿਵੇਂ ਲਗੇ, ਇਹ ਇਕ ਖੂਬਸੂਰਤ ਰਚਨਾ ਹੈ। ਕੁੱਲ ਤੇਈ ਲੇਖਾਂ ਦਾ ਸੰਗ੍ਰਹਿ ਲਿਖਕੇ ਛਪਵਾਉਣਾ ਕਾਫ਼ੀ ਜੋਖ਼ਮ ਭਰਿਆ ਕੰਮ ਹੈ। ਮੈਂ ਬਲਿਹਾਰ ਸ੍ਰ: ਇੰਦਰ ਸਿੰਘ ਘੱਗਾ ਜੀ ਤੋਂ, ਜਿਨ੍ਹਾਂ ਥੋੜ੍ਹੇ ਜਿਹੇ ਸਮੇਂ ਵਿਚ, ਦੂਜੀ ਵਧੀਆ ਪੁਸਤਕ ਸਿੱਖ ਪਾਠਕਾਂ ਤਕ ਪੁਚਾਣ ਦਾ ਉਪਰਾਲਾ ਕੀਤਾ ਹੈ। ਅੱਗੋਂ ਸੂਝਵਾਨ ਪਾਠਕਾਂ ਦਾ ਇਹ ਫਰਜ ਬਣਦਾ ਹੈ ਕਿ ਲੇਖਕ ਦੀ ਮਿਹਨਤ ਨੂੰ ਸਤਿਕਾਰ ਦੇਣ। ਇਸ ਕਿਤਾਬ ਨੂੰ ਖੁਦ ਪੜ੍ਹਨ, ਸੰਗੀ ਸਾਥੀਆਂ ਨੂੰ ਪੜ੍ਹਨ ਦੀ ਪ੍ਰੇਰਨਾ ਕਰਨ। ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ਇਹ ਸਿਧਾਂਤਕ ਕਲਮ ਨਿਰੰਤਰ ਬੇਬਾਕੀ ਨਾਲ ਚਲਦੀ ਰਹੇ, ਆਮੀਨ।

ਗੁਰ ਪੂਛਹੁ ਤੁਮ ਕਰਹੁ ਬੀਚਾਰੁ।। ਤਾਂ ਪ੍ਰਭ ਸਾਚੇ ਲਗੈ ਪਿਆਰੁ।। (1173)

# ਸਿੱਖ ਸ਼ਤਾਬਦੀਆਂ-ਕਾਂਵਾਂ ਰੌਲੀ

*(ਇਕ ਖਤ ਬਾਬਾ ਨਾਨਕ ਜੀ ਦੇ ਨਾਮ)*

***ਪਰਉਪਕਾਰੀ, ਮਨੁੱਖਤਾ ਦੇ ਦਰਦੀ ਸਤਿਗੁਰੂ ਨਾਨਕ ਦੇਵ ਜੀ!***

ਦੋਵੇਂ ਹੱਥ ਜੋੜਕੇ ਚਰਨਾ ਤੇ ਮੱਥਾ ਟੇਕਿਆ ਪ੍ਰਵਾਨ ਕਰਨਾ ਜੀ। ਇਸ ਨਾਚੀਜ ਨੇ ਬਹੁਤ ਸਾਰੇ ਖ਼ਤ ਲਿਖੇ, ਲੈਕਚਰ ਕੀਤੇ ਕਿਤਾਬਾਂ ਛਪਾ ਕੇ ਮਨ ਦੀ ਵੇਦਨਾ ਸਿੱਖ ਪੰਥ ਦੇ ਮਾਲਕਾਂ ਅੱਗੇ ਰੱਖਣ ਦੀ ਕੋਸ਼ਿਸ਼ ਕੀਤੀ। ਕਿਸੇ ਨੇ ਮੇਰੀ ਗੱਲ ਵੱਲ ਧਿਆਨ ਨਾਂ ਦਿੱਤਾ। ਮਨ ਬੜਾ ਕਲਪਿਆ ਕਿ ਇਹ ਲੋਕ ਸਿੱਖ ਪੰਥ ਨੂੰ ਹਨੇਰੀ ਗੁਫਾ ਵੱਲ ਧੱਕ ਰਹੇ ਹਨ। ਤਬਾਹਕੁਨ ਦਲਦਲ ਵਿੱਚ ਗਰਕ ਕਰ ਰਹੇ ਹਨ। ਅਪਣੇ ਹੀ ਗੁਰ ਭਾਈਆਂ ਦਾ ਖ਼ੂਨ ਛੰਨੇ ਭਰ ਭਰ ਡੀਕ ਰਹੇ ਹਨ। ਆਪਣੇ ਹੀ ਬੱਚਿਆਂ ਦੀਆਂ ਲਾਸ਼ਾਂ ਦੇ ਮੀਨਾਰ ਉਸਾਰ ਕੇ ਉੱਪਰ ਬੈਠ ਰੰਗ ਰਲੀਆਂ ਮਨਾ ਰਹੇ ਹਨ। "ਧਰਮ ਮੁਖੀ" (?) ਸਿੱਖ ਕਿਰਤੀਆਂ ਦੀ ਕਮਾਈ ਨੂੰ ਦੋਵੇਂ ਹੱਥੀਂ ਲੁੱਟ ਕੇ ਤਜੋਰੀਆਂ ਭਰ ਰਹੇ ਹਨ। ਅਜਿਹੀ "ਕੂੜ ਅਮਾਵਸ" ਵਿੱਚ ਮੇਰੇ ਦਰਦ ਨੂੰ ਕਿਸ ਸਮਝਣਾ ਸੁਣਨਾ ਸੀ ? ਮੇਰੇ ਹੰਝੂਆਂ ਨੂੰ ਕੀਹਨੇ ਹਮਦਰਦੀ ਨਾਲ ਪੂੰਝਣਾ ਸੀ ? ਹਾਰ ਹੁੱਟ ਕੇ ਸਤਿਗੁਰੂ ਪਿਤਾ ਜੀਉ, ਆਪਣੇ ਦਿਲ ਦੇ ਰਿਸ ਰਹੇ ਜਖ਼ਮ ਤੁਹਾਨੂੰ ਵਿਖਾਣ ਲੱਗਾ ਹਾਂ। ਹੋਰ ਬਹੁਤ ਸਾਰੇ ਵੀਰ ਭੈਣਾਂ ਭੀ ਤੁਹਾਨੂੰ ਖੇਚਲ ਦਿੰਦੇ ਰਹਿੰਦੇ ਹਨ। ਨਿੱਜੀ ਲੋੜਾਂ ਦੀ ਪੂਰਤੀ ਵਾਸਤੇ ਬੇਨਤੀਆਂ ਕਰਦੇ ਹੀ ਰਹਿੰਦੇ ਹਨ। ਮੈਂ ਵਚਨ ਦਿੰਦਾ ਹਾਂ ਆਪਣੇ ਵਾਸਤੇ ਤੁਹਾਡੋ ਕੋਲੋਂ ਕੁੱਝ ਨਹੀਂ ਮੰਗਾਂਗਾ। ਬਸ ਇਹੀ ਬੇਨਤੀ ਹੈ ਕਿ ਮੇਰੀ ਚਿੱਠੀ ਪੜ੍ਹ ਜ਼ਰੂਰ ਲੈਣੀ। ਵਕਤ ਕੱਢਕੇ ਪਹੁੰਚ ਰਸੀਦ ਜ਼ਰੂਰ ਭੇਜ ਦੇਣੀ। ਬਾਕੀ ਅਗਲੀ ਕਾਰਵਾਈ ਲਈ ਕੋਈ ਬਾਨਣੂੰ ਜ਼ਰੂਰ ਬੰਨਣਾ।

ਗੁਰੂ ਪਿਤਾ ਜੀ! ਜਦੋਂ ਤੁਹਾਡੇ ਦਸਵੇਂ ਜਾਮੇ ਦੀ (1966) ਤੀਸਰੀ ਸ਼ਤਾਬਦੀ ਮਨਾਈ ਗਈ ਤਾਂ ਉਸ ਵਕਤ ਮੇਰੀ ਉਮਰ ਵੀਹ ਸਾਲ ਹੋ ਚੁੱਕੀ ਸੀ। ਬਹੁਤ ਸਾਰੇ ਹੋਰ ਸ਼ਰਧਾਲੂਆਂ ਨਾਲ ਰਲਕੇ ਮੈਂ ਭੀ "ਸ਼ਰਧਾ ਦੇ ਫੁੱਲ" ਅਰਪਣ ਕੀਤੇ। ਬਹੁਤ ਥਾਵਾਂ ਤੇ ਕੀਰਤਨ ਦਰਬਾਰ ਹੋਏ ਵਾਜੇ ਢੋਲਕਾਂ ਖੜਕੇ ਲੰਗਰ ਚੱਲੇ, ਅਰਦਾਸਾਂ ਹੋਈਆਂ, ਜੈਕਾਰੇ ਗਜਾਏ ਗਏ। ਤੁਹਾਡੀ ਮੱਤ ਕਿਸੇ ਵਿਰਲੇ ਨੇ ਪ੍ਰਾਪਤ ਕੀਤੀ ਹੋਵੇਗੀ। ਉਂਵ ਸਿੱਖੀ ਦੇ ਨਿਸ਼ਾਨ ਉੱਚੇ ਝੁਲਾਉਣ ਦੇ ਦਮਗਜੇ ਬਹੁਤ ਮਾਰੇ ਗਏ। ਕਈਆਂ ਨੇ ਲੀਡਰੀਆਂ ਚਮਕਾਈਆਂ,ਕਿਸੇ ਨੇ ਮਾਇਆ ਉਗਰਾਹ ਕੇ ਜੇਬਾਂ ਭਰ ਲਈਆਂ। ਫਿਰ ਸਾਰੇ ਗਫਲਤ ਦੀ ਲੰਮੀ ਨੀਂਦ ਸੌਂ ਗਏ। ਮੈਨੂੰ ਬਾਅਦ ਵਿੱਚ ਕਿਸੇ ਸਿਆਣੇ ਸਿੱਖ ਨੇ ਦੱਸਿਆ ਕਿ 1666

ਵਿੱਚ ਗੋਬਿੰਦ ਰਾਏ ਸਿੱਖਾਂ ਦੇ ਗੁਰੂ ਨਹੀਂ ਬਣੇ ਸਨ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਯਾਨੀ 1675 ਵਿੱਚ ਉਹ ਗੁਰਗੱਦੀ ਤੇ ਬਿਰਾਜੇ ਸਨ। ਪਰ ਤੁਹਾਡੇ ਦੂਲੇ ਪੰਥ ਨੇ ਇੱਕ ਸਾਹਿਬਜ਼ਾਦੇ ਗੋਬਿੰਦ ਰਾਏ ਦਾ ਜਨਮ ਦਿਨ ਗੁਰੂ ਜਾਣ ਕੇ ਮਨਾਇਆ। ਪ੍ਰਾਪਤੀ ਬਾਰੇ ਤਾਂ ਕਿਸੇ ਸੋਚਿਆ ਹੀ ਨਹੀਂ।

ਸਿੱਖ ਪੰਥ ਦੇ ਬਾਨੀ ਸਤਿਗੁਰੂ ਨਾਨਕ ਸਾਹਿਬ ਜੀਓ! ਤੁਹਾਡਾ ਆਗਮਨ ਦਿਵਸ 1969 ਵਿੱਚ ਸਿੱਖ ਸਮਾਜ ਨੇ ਪੂਰੀ ਸ਼ਾਨੋ ਸ਼ੌਕਤ ਨਾਲ ਮਨਾਇਆ। ਕਿਉਂਕਿ ਇਹ ਪੰਜ ਸੌਵਾਂ ਜਨਮ ਦਿਨ ਜੋ ਸੀ। ਦੇਸ਼ ਵਿਦੇਸ਼ ਵਿੱਚ ਬੜੇ ਲੈਕਚਰ ਹੋਏ, ਕੀਰਤਨ ਦਰਬਾਰ ਸਜਾਏ। ਪਾਠਾਂ ਦੀਆਂ ਲੜੀਆਂ ਰਖਾਈਆਂ। ਨਗਰ ਕੀਤਰਨ (ਜਲੂਸ) ਕੱਢੇ ਲੰਗਰ ਤਿਆਰ ਹੋਏ ਛਕੇ। ਅਰਦਾਸਾਂ ਦੇਗਾਂ ਪੁਸਤਕਾਂ ਸੈਮੀਨਾਰ.....। ਤੁਹਾਡੇ ਨਾਂ ਤੇ ਇੱਕ ਕਾਲਜ ਪਟਿਆਲੇ ਖੋਹਲਿਆ ਗਿਆ "ਗੁਰਮਤਿ ਕਾਲਜ"। ਇਸ ਕਾਲਜ ਵਿੱਚ ਕੋਈ ਵੀਹ ਕੁ ਵਿਦਿਆਰਥੀਆਂ ਤੋਂ ਵੱਧ ਨੌਜਵਾਨ ਧਰਮ ਵਿਦਿਆ ਲੈਣ ਵਾਸਤੇ ਦਾਖ਼ਲ ਨਹੀਂ ਹੋਏ। ਪ੍ਰਬੰਧਕਾਂ ਵੱਲੋਂ ਜ਼ੋਰ ਪਾਉਣ ਤੇ ਇਹ ਅਦਾਰਾ ਪੰਜਾਬੀ ਯੂਨੀਵਰਸਿਟੀ ਨੇ ਆਪਣੇ ਨਾਲ ਜੋੜ ਲਿਆ ਤੇ ਮਾਨਤਾ ਦੇ ਦਿੱਤੀ। ਜਿਸ ਕਾਰਣ 95 ਪ੍ਰਤੀਸ਼ਤ ਖਰਚਾ ਸਰਕਾਰ ਵੱਲੋਂ ਮਿਲਣਾ ਪ੍ਰਵਾਨ ਹੋਇਆ। ਕੋਈ ਸ਼ੱਕ ਨਹੀਂ ਪ੍ਰੋਫੈਸਰਾਂ ਦੀਆਂ ਤਨਖਾਹਾਂ ਕਈ ਗੁਣਾ ਵੱਧ ਗਈਆਂ। ਵਿਦਿਆਰਥੀਆਂ ਦੀ ਪੜ੍ਹਾਈ ਘਟ ਗਈ। ਆਮ ਜਿਹੇ ਸਰਕਾਰੀ ਕਾਲਜਾਂ ਵਰਗਾ ਇੱਕ ਮਾਮੂਲੀ ਕਾਲਜ ਬਣਕੇ ਰਹਿ ਗਿਆ। ਸਰਕਾਰੀ ਹਦਾਇਤਾਂ ਅਨੁਸਾਰ, ਸਲੇਬਸ ਵਿੱਚ ਬ੍ਰਹਮਾ ਬਿਸ਼ਨ, ਰਾਮ ਤੇ ਕ੍ਰਿਸ਼ਨ ਦੀਆਂ ਕਥਾ ਕਹਾਣੀਆਂ ਬੜੀ ਸ਼ਾਨ ਨਾਲ ਪੜਾਈਆਂ ਜਾਣ ਲੱਗੀਆਂ। ਅੱਜ ਇੱਥੇ ਤੁਹਾਡੇ ਨਿਰਮਲ ਨਿਆਰੇ ਪੰਥ ਦੀ ਪੜ੍ਹਾਈ ਅਤੇ ਰਹਿਤ ਦੀ ਪਰਪੱਕਤਾ ਨਹੀਂ ਸਿਖਾਈ ਜਾਂਦੀ। ਸਗੋਂ "ਭਾਰਤੀ ਮੁੱਖਧਾਰਾ" ਦੀ ਪੜ੍ਹਾਈ ਕਰਾਈ ਜਾਂਦੀ ਹੈ। ਪਿਤਾ ਜੀ! ਤੁਹਾਡੇ ਨਾਂ ਤੇ ਵੈਸੇ ਤਾਂ ਬਹੁਤ ਸਾਰੇ ਡੇਰੇ ਟਕਸਾਲਾਂ, ਗੁਰਦਵਾਰੇ ਖੁੰਬਾਂ ਵਾਂਗ ਉੱਗੇ ਹੋਏ ਥਾਂ ਥਾਂ ਵੇਖੇ ਜਾ ਸਕਦੇ ਹਨ। ਪਰ ਅੰਗ੍ਰੇਜ਼ੀ ਨਾਮ ਵਾਲੀ, ਤੁਹਾਡੇ ਪੰਜ ਸੌਵੇਂ ਜਨਮ ਦਿਨ ਨੂੰ ਸਮਰਪਿਤ "ਗੁਰੂ ਨਾਨਕ ਫਾਊਂਡੇਸ਼ਨ" ਧੜੇ ਬੰਦੀ ਦਾ ਸ਼ਿਕਾਰ ਹੋ ਕੇ ਰਹਿ ਗਈ। ਕਾਲਜ ਵੱਲੋਂ ਮੂੰਹ ਮੋੜ ਲਿਆ। ਬਸ ਤੁਹਾਡੇ ਨਾਮ ਦੀ ਵਰਤੋਂ ਵਾਲੇ ਉਸੇ ਕਾਲਜ ਦੇ ਅਹਾਤੇ ਵਿੱਚ, ਬਹੁਤੀ ਮਾਇਆ ਕਮਾਉਣ ਲਈ ਇੱਕ ਸਕੂਲ ਖੋਹਲ ਦਿੱਤਾ ਗਿਆ ਹੈ। ਪੰਜਾਬ ਦੇ ਬਾਕੀ ਸਕੂਲਾਂ ਵਰਗਾ ਇੱਕ ਹੋਰ ਸਕੂਲ।

ਸਤਿਗੁਰੂ ਜੀਓ! ਤੁਸੀਂ ਨੌਵੇਂ ਜਾਮੇ ਵਿੱਚ ਬਹੁਤ ਉਪਕਾਰ ਕੀਤੇ। ਤੁਹਾਡਾ ਗੁਰਗੱਦੀ ਸੰਭਾਲਣ ਦਾ ਦਿਨ ਤਾਂ ਨਹੀਂ ਮਨਾਇਆ ਜਾਂਦਾ। ਸ਼ਹੀਦੀ ਦਿਨ ਅਸੀਂ

ਮਨਾਉਂਦੇ ਆ ਰਹੇ ਹਾਂ। ਧਰਮ ਹੇਤ ਜੋ ਸਾਕਾ ਤੁਸੀਂ 1675 ਵਿੱਚ ਵਰਤਾਇਆ ਸੀ, ਉਸਦੀ ਤੀਜੀ ਸ਼ਤਾਬਦੀ ਸਿੱਖਾਂ ਨੇ 1975 ਵਿੱਚ ਮਨਾਈ। ਉਹੀ ਪੁਰਾਣਾ ਰਾਗ ਉਹੀ ਕੀਰਤਨ ਪਾਠ ਅਰਦਾਸਾਂ ਤੇ ਲੰਗਰ....। ਤੁਹਾਡੇ ਕੀਤੇ ਉਪਕਾਰਾਂ ਨੂੰ ਰਸਮੀ ਤਰੀਕੇ ਹੀ ਯਾਦ ਕੀਤਾ ਗਿਆ। ਕਿਸੇ ਦਾ ਨਿੱਕਾ ਜਿਹਾ ਕੰਮ ਸੰਵਾਰ ਦੇਈਏ, ਕੁੱਝ ਮਦਤ ਕਰ ਦੇਈਏ, ਸਬੰਧਤ ਵਿਅਕਤੀ ਅਹਿਸਾਨਮੰਦ ਹੋਣੋਂ ਨਹੀਂ ਰਹਿ ਸਕਦਾ। ਕਿੱਡੇ ਅਕਿਰਤਘਣ ਲੋਕ ਹਾਂ ਅਸੀਂ, ਤੁਹਾਡੇ ਸਿੱਖ ਅਖਵਾਣ ਵਾਲੇ। ਤੁਹਾਡੇ ਬਾਰੇ ਕੋਈ ਇੱਕ ਭੀ ਯਾਦਗਾਰੀ ਕਾਰਜ ਨਾਂ ਆਰੰਭਿਆ। ਵੈਸੇ ਤਾਂ ਜਿਨ੍ਹਾਂ ਲੋਕਾਂ ਲਈ ਤੁਸੀਂ ਸ਼ਹੀਦੀ ਪਾਈ ਸੀ ਉਹ ਵੱਡੇ ਪੱਧਰ ਤੇ ਤੁਹਾਡੀ ਸਿੱਖਿਆ ਅਤੇ ਜੀਵਨੀ ਨੂੰ ਦੁਨੀਆਂ ਤੱਕ ਪੁਚਾਂਦੇ। ਉਹਨਾਂ ਨੇ ਤਾਂ ਨਾ ਸ਼ੁਕਰੇਪਣ ਦਾ ਸਬੂਤ ਦੇ ਹੀ ਦਿੱਤਾ ਪਰ ਤੁਹਾਡੇ ਅਪਣਿਆਂ ਭੀ ਤਾਂ ਉਹੀ ਕੁੱਝ ਕੀਤਾ ਹੈ। ਨੌਵੇਂ ਨਾਨਕ ਜੀ ਤੁਹਾਡੇ ਸਰੀਰ ਨਾਲ ਸਬੰਧਤ ਬਹੁਤ ਸਾਰੇ ਗੁਰਦਵਾਰੇ ਬਣੇ ਹੋਏ ਹਨ। ਉਥੋਂ ਪੰਡਾਂ ਮਾਇਆ ਦੀਆਂ ਇੱਕੱਤਰ ਕਰਕੇ ਬਹੁਤੇ ਲੋਕਾਂ ਨੇ ਆਪਣੀਆਂ ਕੋਠੀਆਂ ਉਸਾਰ ਲਈਆਂ, ਕਾਰਾਂ ਖਰੀਦ ਲਈਆਂ, ਰਾਜਸੀ ਕੁਰਸੀਆਂ ਤੇ ਜਾ ਬਿਰਾਜੇ। ਤੁਹਾਡੇ ਸ਼ਹੀਦ ਹੋ ਚੁੱਕੇ ਸਰੀਰ ਨਾਲ ਸਬੰਧਤ ਤਿੰਨ ਬਹੁਤ ਵੱਡੇ ਗੁਰਦਵਾਰੇ ਉੱਸਰ ਚੁੱਕੇ ਹਨ। ਜਿਥੇ ਸ਼ਹੀਦੀ ਹੋਈ "ਸੀਸ ਗੰਜ" ਚਾਂਦਨੀ ਚੌਂਕ ਦਿੱਲੀ। ਜਿੱਥੇ ਸਰੀਰ ਦਾ ਸਸਕਾਰ ਹੋਇਆ, ਰਕਾਬਗੰਜ ਦਿੱਲੀ। ਭਾਈ ਜੈਤਾ ਜੀ ਨੇ ਤੁਹਾਡਾ ਪਾਵਨ ਸ਼ਹੀਦ ਸੀਸ ਚੁੱਕ ਕੇ ਅਨੰਦਪੁਰ ਨੂੰ ਜਾਦਿਆਂ, ਜਿੱਥੇ ਜਿੱਥੇ ਪੜਾਅ ਕੀਤਾ, ਉਹ ਸਾਰੇ ਗੁਰਦਵਾਰੇ। ਅਨੰਦਪੁਰ ਜਿੱਥੇ ਪਾਵਨ ਸ੍ਹੀਦ ਸੀਸ ਦਾ ਸਸਕਾਰ ਕੀਤਾ ਗਿਆ ਉਹ ਭੀ ਸੀਸ ਗੰਜ ਹੈ ਸੁਣਿਆ ਸੀ ਔਰੰਗਜੇਬ ਦਾ ਹੁਕਮ ਸੀ ਕਿ ਤੁਹਾਡੇ ਸਰੀਰ ਦੇ ਅੰਗ ਕੱਟ ਕੱਟਕੇ ਦਿੱਲੀ ਦੇ ਸਾਰੇ ਵੱਡੇ ਚੌਕਾਂ ਵਿੱਚ ਲਟਕਾ ਦਿੱਤੇ ਜਾਣ। ਕੁੱਝ "ਸਿਰ ਫਿਰੇ" ਸਿੱਖਾਂ ਨੇ ਅਜਿਹਾ ਨਾ ਹੋਣ ਦਿੱਤਾ। ਵੈਸੇ ਤੁਸੀਂ ਤਾਂ ਸਦਾ ਪਰਉਪਕਾਰ ਹੀ ਕੀਤਾ ਹੈ। ਜੇ ਤੁਹਾਡੇ ਸਰੀਰ ਦੇ ਟੁਕੜੇ, ਸਾਰੇ ਚੌਕਾਂ ਵਿੱਚ ਟੰਗ ਦਿੱਤੇ ਜਾਂਦੇ ਤਾਂ ਉਤਨੇ ਹੀ ਹੋਰ "ਇਤਿਹਾਸਕ" ਗੁਰਦਵਾਰੇ ਨਾ ਉੱਸਰ ਜਾਂਦੇ ? ਉਹਨਾਂ ਸਾਰੀਆਂ ਥਾਵਾਂ ਤੇ ਭੀ ਨਮਸ੍ਕਾਰਾਂ ਕਰਨ ਵਾਲੀਆਂ ਕਤਾਰਾਂ ਲਗਦੀਆਂ। ਮਾਇਆ ਦੇ ਅੰਬਾਰ ਲਗ ਜਾਂਦੇ। ਤੁਹਾਡੇ ਕਈ "ਸੇਵਕ" ਸਿੱਖਾਂ ਦੀ ਗਰੀਬੀ ਕੱਟੀ ਜਾਂਦੀ। ਕਈ ਸਾਰੇ ਪਾਠੀਆਂ, ਗ੍ਰੰਥੀਆਂ, ਕੀਰਤਨੀਆਂ, ਕਥਾਵਾਚਕਾਂ ਨੂੰ "ਸੋਹਣਾ" ਰੁਜ਼ਗਾਰ ਮਿਲ ਜਾਂਦਾ। ਪ੍ਰਧਾਨਾਂ, ਸਕੱਤਰਾਂ, ਖਜਾਨਚੀਆਂ ਦੀਆਂ ਤਜੋਰੀਆਂ ਭਰ ਜਾਂਦੀਆਂ, ਚੌਧਰਾਂ ਚਮਕ ਜਾਂਦੀਆਂ, ਰਾਜਸੀ ਠਾਠ ਬਾਠ ਬਣ ਜਾਂਦਾ, ਕੋਠੀਆਂ ਉਸਰ ਜਾਂਦੀਆਂ....।

ਕਿਰਪਾ ਨਿਧਾਨ ਪਿਤਾ ਗੁਰੂ ਜੀ! ਤੇਰੇ ਸੇਵਕਾਂ ਨੇ ਤੁਹਾਡੇ ਤੀਸਰੇ ਸਰੀਰ ਦਾ

ਆਗਮਨ ਪੁਰਬ ਗੋਇੰਦਵਾਲ ਵਿਖੇ 1979 ਵਿੱਚ ਬੜੀ "ਧੂਮਧਾਮ" ਨਾਲ ਮਨਾਇਆ। ਮਨਾਈਏ ਕਿਉਂ ਨਾ ਇਹ ਪੰਜ ਸੌਵਾਂ ਜਨਮ ਦਿਨ ਜੋ ਸੀ। ਭਾਵੇਂ ਤੁਸੀਂ ਗੁਰੂ ਪਦਵੀ ਨੂੰ 74 ਸਾਲ ਦੀ ਉਮਰ ਵਿੱਚ ਪੁੱਜੇ। ਇਸੇ ਸਰੀਰਕ ਜਾਮੇ ਰਾਹੀਂ ਸੱਠ ਕੁ ਸਾਲ ਦੀ ਉਮਰ ਤੱਕ ਗੁਰਮਤ ਤੋਂ ਉਲਟ ਕਾਰਜ ਭੀ ਕਰਦੇ ਰਹੇ। ਚਾਹੀਦਾ ਤਾਂ ਇਹ ਸੀ ਕਿ 53 ਦੇ ਸਾਲ ਨੂੰ ਮੁੱਖ ਰੱਖਕੇ ਗੁਰਗੱਦੀ ਦਿਵਸ ਮਨਾਏ ਜਾਂਦੇ। ਕਿਉਂਕਿ ਤੁਸੀਂ ਸੰਨ 1553 ਵਿੱਚ ਨਾਨਕ ਜੋਤ ਸੰਭਾਲੀ ਸੀ। ਇਸ ਗੱਲ ਦੀ ਪ੍ਰਵਾਹ ਨਾ ਕਰਦਿਆਂ 1979 ਨੂੰ ਗੋਇੰਦਵਾਲ ਵਿਖੇ (ਫਿਰ ਜਨਮ ਅਸਥਾਨ ਬਾਸਰਕੇ ਕਿਉਂ ਨਈ ?) ਦੇਸ਼ ਵਿਦੇਸ਼ ਵਿੱਚ ਗੱਡੀਆਂ ਮੋਟਰਾਂ ਅਤੇ ਪੈਦਲਾਂ ਮਾਰਚਾਂ ਰਾਹੀਂ ਸੰਗਤਾਂ ਦਾ ਲੱਖਾਂ ਦੀ ਗਿਣਤੀ ਵਿੱਚ ਜਮਘੱਟਾ ਜੁੜਿਆ। ਥਾਂ ਥਾਂ ਕੀਰਤਨ ਸਮਾਗਮ, ਲੰਗਰ, ਅਰਦਾਸਾਂ ਨਾਹਰੇ ਜੈਕਾਰੇ, "ਬਾਉਲੀ ਇਸ਼ਨਾਨ"। ਚੁਰਾਸੀ ਕੱਟ ਦੇਣ ਦੇ ਵਿਸ਼ਵਾਸ਼। ਅਮਰੂ ਨਿਥਾਵਾਂ ਆਖਕੇ ਤੁਹਾਡਾ ਅਪਮਾਨ, ਬਹੁਤ ਸਾਰੀਆਂ ਝੂਠੀਆਂ ਕਥਾ ਕਹਾਣੀਆਂ....। ਪੰਥ ਦੀ ਚੜ੍ਹਦੀਕਲਾ ਦਾ ਕੋਈ ਇੱਕ ਭੀ ਕਾਰਜ ਨਹੀਂ ਉਲੀਕਿਆ ਗਿਆ, ਜਿਥੇ ਤੁਹਾਡੇ ਬੱਚਿਆਂ ਨੂੰ ਸਿੱਖੀ ਦੀ ਸੂਝ ਪ੍ਰਾਪਤ ਹੁੰਦੀ। 1975 ਵਿਚ ਹੀ ਤਤਕਾਲੀਨ ਸਰਕਾਰ ਵਲੋਂ ਅਖੌਤੀ ਗੁਰੂ ਗੋਬਿੰਦ ਸਿੰਘ ਮਾਰਗ ਅਨੰਦਪੁਰ ਤੋਂ ਚਲ ਕੇ 520 ਕਿਲੋ ਮੀਟਰ ਤਕ ਘਟਾ ਉਡਾ ਕੇ ਸਿਖਾਂ ਨੂੰ ਕਮਲੇ ਬਣਾ ਕੇ ਸਰਕਾਰੀ ਖਜਾਨੇ ਦਾ ਕਰੋੜਾ ਰੁਪਿਆ ਫੂਕ ਕੇ ਦਮਦਮੇ (ਤਲਵੰਡੀ ਸਾਬੋ) ਸਮਾਪਤ ਹੋਇਆ ਸੀ। ਬਿਨਾਂ ਕਿਸੇ ਪ੍ਰਾਪਤੀ ਤੋਂ। ਲੋਕਾਂ ਨੂੰ ਘੋੜਿਆ ਦੀ ਲਿੱਟ ਭੀ ਪ੍ਰਸਾਦ ਜਾਣਕੇ ਪ੍ਰਾਪਤ ਕੀਤੀ। ਇਹ ਘੋੜੇ ਦਸਮ ਪਾਤਿਸ਼ਾਹ ਵਲੋਂ ਸਵਾਰੀ ਲਈ ਵਰਤੇ ਗਏ ਘੋੜੇ ਦੇ "ਵੰਸਜ" ਦਸੇ ਗਏ ਸਨ। ਇਹਨਾਂ ਨੂੰ ਹਜਾਰਾਂ ਲੋਕਾਂ ਨੇ ਮਥਾ ਟੇਕਿਆ ਤੇ "ਜਨਮ ਸਫਲਾ" ਕੀਤਾ।

ਨਿਰੰਕਾਰੀ ਟੋਲੇ ਵੱਲੋਂ 1978 ਵਿੱਚ ਸਿੱਖਾਂ ਦਾ ਕਤਲਾਮ, ਬਾਅਦ ਵਿੱਚ ਉੱਠਿਆ ਰੋਹ, ਭਾਰਤੀ ਫੌਜਾਂ ਵੱਲੋਂ ਜੂਨ 84 ਵਿੱਚ ਕੀਤਾ ਗਿਆ ਪੰਜਾਬ ਤੇ ਸਿੱਖ ਮਾਰੂ ਹਮਲਾ। ਘੋਰ ਤਬਾਹੀ, ਅਕਾਲ ਤਖਤ ਦਾ ਢੈਹਣਾ, ਸਾਰੇ ਪਾਸੇ ਖੂਨ ਦੇ ਦਰਿਆ। ਮੱਕਾਰ ਅਕਾਲੀ ਲੀਡਰਾਂ ਦੇ ਭਾਰਤ ਸਰਕਾਰ ਵਿਰੁੱਧ ਜ਼ਹਿਰੀਲੇ ਬਿਆਨ। ਇਸ ਸਭ ਦਾ ਸਿੱਟਾ ਇਹ ਨਿਕਲਿਆ ਕਿ ਕਿਸੇ ਭਵਿੱਖ ਮੁਖੀ ਸੂਝਬੂਝ ਵਾਲੀ ਨੀਤੀ ਤੋਂ ਬਿਨਾਂ ਅਣਖੀਲੇ ਸਿੱਖ ਗਭਰੂਆਂ ਨੇ ਹਥਿਆਰ ਸਾਂਭ ਲਏ। ਸਰਕਾਰੀ ਤਾਕਤਾਂ ਵੱਲੋਂ ਲੱਗਭੱਗ ਢਾਈ ਲੱਖ ਨੌਜੁਆਨਾਂ ਦਾ ਵਹਿਸ਼ੀ ਘਾਣ। ਅਣਗਿਣਤ ਪ੍ਰਕਾਰ ਦੇ ਜ਼ੁਲਮ। ਦੁਨੀਆਂ ਦੇ ਦੂਰ ਅੰਦੇਸ਼ ਲੀਡਰਾਂ ਨੇ ਸ਼ਹੀਦਾਂ ਦੇ ਖੂਨ ਦਾ ਬੇਓੜਕ ਮੁੱਲ ਵੱਟਿਆ ਤੇ ਆਪਣੀ ਕੌਮ ਦੇ ਹੱਕ ਵਿੱਚ ਸਾਰਥਕ ਫਾਇਦੇ ਪ੍ਰਾਪਤ ਕੀਤੇ। ਸੰਨ 1989 ਵਿੱਚ ਜਦੋਂ ਸਿੱਖ ਲੀਡਰ MP ਬਣਕੇ

ਪਾਰਲੀਮੈਂਟ ਵਿੱਚ ਪੁੱਜੇ ਸਨ, ਤਾਂ ਸਿੱਖਾਂ ਦੇ ਚਿਹਰਿਆਂ ਦੀ ਉਦਾਸੀ ਤੇ ਦਿਲ ਅੰਦਰਲਾ ਖੌਫ ਮਹਿਸੂਸ ਕਰਕੇ ਮੁਲਾਇਮ ਸਿੰਘ ਯਾਦਵ ਨੇ ਲਾਜਵਾਬ ਟਿੱਪਣੀ ਕੀਤੀ ਸੀ – "ਲੰਮਾਂ ਸਮਾਂ ਸਰਕਾਰੀ ਜ਼ੁਲਮ ਦੇ ਕਾਲੇ ਦੌਰ ਵਿੱਚੋਂ ਗੁਜ਼ਰ ਕੇ ਸਿੱਖ ਵੀਰ ਪਾਰਲੀਮੈਂਟ ਵਿੱਚ ਪੁੱਜੇ ਹਨ। ਅਸੀਂ ਇਹਨਾਂ ਤੋਂ ਹੌਂਸਲਾ ਤੇ ਬਹਾਦਰੀ ਵਾਲੀ ਸਪਿਰਟ ਲੈਣਾ ਚਾਹੁੰਦੇ ਹਾਂ। ਪਰ ਅਫਸੋਸ ਕਿ ਸਿੱਖ ਭਰਾ ਖੁਦ ਹੀਣ ਭਾਵਨਾ ਚੋਂ ਬਾਹਰ ਨਹੀਂ ਨਿਕਲ ਸਕੇ।" ਸਗੋਂ ਅੱਜ ਤੱਕ ਉਹੀ ਹੀਣ ਭਾਵਨਾ ਸਿੱਖਾਂ ਵਿੱਚ ਅੰਦਰ ਤੱਕ ਧਸ ਗਈ ਪ੍ਰਤੀਤ ਹੋ ਰਹੀ ਹੈ।

ਪਿਤਾ ਜੀਉ! ਤੁਹਾਡੇ ਛੇਵੇਂ ਜਾਮੇ ਦਾ ਚਾਰ ਸੌ ਸਾਲਾ ਆਗਮਨ ਦਿਵਸ ਮਨਾਉਣ ਦੀ ਤਿਆਰੀ ਦੇ ਤਹਿਤ 1994 ਦੇ ਅਕਤੂਬਰ ਮਹੀਨੇ ਵਿੱਚ ਗੁਰੂ ਕੀ ਵਡਾਲੀ ਤੋਂ "ਖਾਲਸਾ ਮਾਰਚ" ਆਰੰਭ ਕੀਤਾ ਗਿਆ। ਜਲੰਧਰ, ਲੁਧਿਆਣਾ ਤੇ ਰੋਪੜ ਪੜਾਅ ਕਰਦਾ ਹੋਇਆ ਚੌਥੇ ਦਿਨ ਇਹ ਦੋ ਕੁ ਲੱਖ ਦਾ ਵਿਸ਼ਾਲ ਇੱਕਠ ਅਨੰਦਪੁਰ ਪੁੱਜ ਕੇ, ਬਿਨਾਂ ਕੋਈ ਕਾਰਜ ਉਲੀਕੇ ਘਰੋ ਘਰੀ ਪਰਤ ਗਿਆ। ਇਸੇ ਲੜੀ ਤਹਿਤ ਹਰਿਗੋਬਿੰਦਪੁਰ ਤੋਂ ਸ਼ੁਰੂ ਕਰਕੇ ਅਗਲਾ ਵੱਡਾ "ਖਾਲਸਾ ਮਾਰਚ" ਤਲਵੰਡੀ ਸਾਬੋ ਪੁੱਜਿਆ। ਇੱਥੇ ਭੀ ਲੱਖਾਂ ਸ੍ਰਧਾਲੂ ਆ ਜੁੜੇ। ਸਤਿਗੁਰੂ ਜੀਉ! ਤੁਸੀਂ ਤਾਂ ਜਾਣੀ ਜਾਣ ਹੋ, ਭਲਾ ਤੁਹਾਡੇ ਚਾਰ ਸੌਵੇਂ ਪੁਰਬ ਨਾਲ ਇਹ ਮਾਰਚਾਂ ਦਾ ਕੋਈ ਸਬੰਧ ਜੁੜਦਾ ਹੈ ? ਫਿਰ ਤੁਸੀਂ ਇਹਨਾਂ ਚੌਧਰੀਆਂ ਨੂੰ ਫਿਟਕਾਰਦੇ ਕਿਉਂ ਨਹੀਂ ? ਇਹ ਤੁਹਾਡੇ ਭੋਲੇ ਸ਼ਰਧਾਲੂ ਸਿੱਖਾਂ ਦਾ ਪੈਸਾ ਤੇ ਸਮਾਂ ਕਿਉਂ ਬਰਬਾਦ ਕਰਦੇ ਹਨ ? ਸਤਿਗੁਰੂ ਜੀ ਮੁਆਫ ਕਰਨਾਂ! ਕੀ ਤੁਸੀਂ ਨਹੀਂ ਵੇਖਿਆ (ਜਾਣੀ ਜਾਣਤਾ) ਕਿ ਰਾਜਸੀ ਲੋਕ ਤਾਂ ਕੁਰਸੀਆਂ ਕਾਰਨ ਝਗੜਦੇ ਹਨ। ਹਾਏ! ਇਹ ਤੁਹਾਡੇ ਦਰ ਦੇ ਬਹੁਤ ਵੱਡੇ ਸੇਵਾਦਾਰ (ਆਖਣ ਨੂੰ ਕੂਕਰ-ਗੁਲਾਮ ਗੁਰੂ ਕਾ) ਸਿਰੋਪਿਆਂ ਕਾਰਨ, ਤੁੱਛ ਜਿਹੇ ਫਲਾਂ ਤੇ ਮੇਵਿਆਂ ਕਾਰਨ ਮੈਂ ਇੱਕ ਦੂਜੇ ਦੀ ਪੱਗ ਨੂੰ ਹੱਥ ਪਾਉਂਦੇ ਵੇਖ ਚੁੱਕਿਆ ਹਾਂ। ਇਤਿਹਾਸ ਵਿੱਚ ਪੜ੍ਹਿਆ ਹੈ ਕਿ ਤੁਸੀਂ ਦਸਵੇਂ ਜਾਮੇ ਵਿੱਚ, ਉਹਨਾਂ ਦੀਆਂ ਮੰਦ ਕਰਤੂਤਾਂ ਵੇਖ ਕੇ, ਮਸੰਦ ਟੋਲੇ ਨੂੰ ਸਿੱਖਾ ਦੇ ਗਲੋਂ ਲਾਹ ਦਿੱਤਾ ਸੀ। ਪਰ ਸਤਿਗੁਰੂ ਜੀ ਇਹ ਤਾਂ ਸਗੋਂ ਹੋਰ ਸ਼ਕਤੀਸ੍ਹਾਲੀ ਰੂਪ ਧਾਰਕੇ ਗਰੀਬ ਸਿੱਖਾਂ ਦਾ ਖੂਨ ਪੀ ਰਹੇ ਨੇ। ਹੁਣ ਇਹਨਾਂ ਨੂੰ ਸਰਕਾਰੀ ਸਰਪ੍ਰਸਤੀ, (ਗੁਰਦਵਾਰਾ ਐਕਟ 1925 ਤਹਿਤ) ਭੀ ਹਾਸਲ ਹੈ। ਇਹ ਗੱਲ ਹਰ ਸਿੱਖ ਨੇ ਸੁਣੀ ਹੋਈ ਹੈ ਕਿ ਤੁਸੀਂ ਛੇਵੇਂ ਤੇ ਦਸਵੇਂ ਸਰੂਪ ਵਿੱਚ ਕਲਗੀ ਸਜਾਈ ਸੀ। ਤੁਸੀ ਤਾਂ ਸਮਰੱਥ ਹੋ, ਪਰ ਕੀ ਦਰਬਾਰ ਸਾਹਿਬ ਦੇ ਸੇਵਾਦਾਰ ਜਾਂ ਅਕਾਲ ਤਖਤ ਦੇ ਸੇਵਾਦਾਰ ਕਲਗੀ ਲਾ ਸਕਦੇ ਹਨ ? ਸ਼ਾਇਦ ਕਲਗੀ ਤਾਂ ਛੋਟੀ ਚੀਜ ਹੈ ਸਤਿਗੁਰੂ ਜੀ! ਇਹ ਤਾਂ ਅੱਜਕੱਲ "ਤਾਜਪੋਸ਼ੀ" ਕਰਾਉਂਦੇ ਹਨ। ਸੁਣਿਆ ਸੀ ਕਿ ਸਿੱਖ ਗੁਰੂ ਘਰ ਦੇ ਸੇਵਾਦਾਰ ਹਨ। ਆਹ ਤਾਜਦਾਰ ਬਾਦਸ਼ਾਹ ਕਦੋਂ ਤੇ

ਕਿਵੇਂ ਬਣ ਗਏ ? ਮੈਂ ਮੂਰਖ ਨੂੰ ਜ਼ਰੂਰ ਹੀ ਸਮਝਾ ਦੇਣਾ ਜੀ। ਤੁਹਾਡੇ ਨਮਿਤ ਛੇਵੇਂ ਜਾਮੇ ਵਾਲਾ ਖਾਲਸਾ ਮਾਰਚ ਕਰੋੜਾਂ ਰੁਪੈ ਬਰਬਾਦ ਕਰਕੇ ਠੰਢੇ ਬਸਤੇ ਵਿੱਚ ਜਾ ਪਿਆ। ਕੋਈ ਪ੍ਰਾਪਤੀ ਨਹੀਂ ਹੋਈ।

ਇਹਨਾਂ ਹੀ ਦਿਨਾਂ ਵਿੱਚ (ਸਤੰਬਰ 1995) ਵਿਸ਼ਵ ਸਿੱਖ ਸੰਮੇਲਨ ਕੀਤਾ ਗਿਆ। ਸਤਿਗੁਰੂ ਜੀ ਤੁਸੀਂ ਤਾਂ ਪੈਸੇ ਟਕੇ ਵੱਲੋਂ ਬੇਪ੍ਰਵਾਹ ਹੋ। ਤੁਹਾਡੇ ਚਰਨਾਂ ਦੇ ਭੌਰਿਆਂ ਵੱਲੋਂ ਤੁਹਾਡੀ ਗੋਲਕ ਵਿੱਚ ਸ਼ਰਧਾ ਸਹਿਤ ਅਰਪਣ ਕੀਤਾ ਲੱਗਭੱਗ ਪੰਜਾਹ ਕਰੋੜ ਰੁਪਿਆ ਫੂਕ ਦਿੱਤਾ ਗਿਆ। ਵੱਡੇ ਵੱਡੇ ਸੈਮੀਨਾਰ ਹੋਏ, ਪਰਚੇ ਪੜ੍ਹੇ ਗਏ। ਵੱਡ ਅਕਾਰੀ ਰੰਗ ਬਰੰਗੇ ਇਸ਼ਤਿਹਾਰ ਛਪੇ। ਜਥੇਦਾਰਾਂ ਦੀਆਂ ਗੱਡੀਆਂ ਬਹੁਤ ਤੇਜ ਦੌੜੀਆਂ। ਦੇਸ਼ਾਂ ਬਦੇਸ਼ਾਂ ਦੇ ਚੱਕਰ ਕੱਟੇ, ਮਾਇਆ ਇੱਕੱਤਰ ਕੀਤੀ। ਲੰਗਰ ਚੱਲੇ, ਵੀਡੀਓ ਫਿਲਮਾਂ ਬਣੀਆਂ, ਜੈਕਾਰੇ, ਨਾਹਰੇ, ਸਰੋਪੇ, ਖਿਤਾਬ, ਸਨਮਾਨ। ਦੁਨੀਆਂ ਭਰ ਤੋਂ ਸਿੱਖਾਂ ਦੇ ਹਜੂਮ ਆਣ ਢੁੱਕੇ। ਬੱਸ ਅਰਦਾਸਾਂ ਕਰਕੇ ਲੰਗਰ ਛਕਕੇ ਸਭ ਆਪੋ ਆਪਣੇ ਘਰਾਂ ਨੂੰ ਚਲੇ ਗਏ ਜੇਬਾਂ ਖਾਲੀ ਕਰਵਾ ਕੇ ਮਣਾ ਮੂੰਹੀ ਮਨ ਤੇ ਭਾਰ ਲੈਕੇ। ਪੰਥ ਦੇ ਭਲੇ ਵਾਲਾ ਕੀਤਾ ਗਿਆ ਕਾਰਜ ਇਸ ਸਮਾਗਮ ਵਿੱਚ ਕਿਧਰੇ ਨਜ਼ਰੀਂ ਨਹੀਂ ਪਿਆ। ਅਸਲ ਵਿਚ ਪੰਜਾਬ ਦੀ ਰਾਜ ਗੱਦੀ ਸਾਂਭਣ ਲਈ ਇਹ ਰਾਜਸੀਤਿਆਰੀ ਮਾਤਰ ਸੀ।

ਸੱਚੇ ਸਤਿਗੁਰੂ ਜੀ! ਇਹ ਗੂੰਜਦੀ ਆਵਾਜ਼ ਤਾਂ ਤੁਹਾਡੇ ਤੱਕ ਅਵੱਸ਼ ਪੁੱਜੀ ਹੋਵੇਗੀ ਕਿ ਖਾਲਸੇ ਦਾ ਤਿੰਨ ਸੌ ਸਾਲਾ ਸੰਪੂਰਣਤਾ ਦਿਵਸ 1999 ਤੁਹਾਡੇ ਸੇਵਕਾਂ ਨੇ ਕਿੰਨੀ "ਸ਼ਾਨ" ਨਾਲ ਮਨਾਇਆ ਹੈ। ਸੁਖ ਨਾਲ ਤੁਹਾਡੇ ਸਭ ਤੋਂ ਲਾਡਲੇ ਸਿੱਖ, ਜਿਸਨੂੰ ਤੁਸੀਂ ਰਹਿਮਤ ਕਰਕੇ ਬਹੁਤ ਧਨ ਪਦਾਰਥ ਤੇ ਜਮੀਨ ਤਾਂ ਬਖਸ਼ੀ ਹੀ ਹੈ, ਸਗੋਂ ਸਿੱਖਾਂ ਦਾ ਸਭ ਤੋਂ ਤਾਕਤਵਰ ਲੀਡਰ ਭੀ ਬਣਾ ਦਿੱਤਾ ਹੈ। ਹੁਣ ਉਹ ਪੰਥ ਨੂੰ ਜਿਹੋ ਜਿਹਾ ਸਰੂਪ ਜਾਂ ਸਿਧਾਂਤ ਦੇਵੇ ਕੋਈ ਰੋਕ ਨਹੀਂ ਸਕਦਾ, ਕਿਉਂਕਿ ਤੁਸੀਂ ਉਸਦੀ ਅੰਗ ਸੰਗ ਹੋਕੇ ਸਹਾਇਤਾ ਕਰ ਰਹੇ ਹੋ। ਮੇਰੀ ਮੁਰਾਦ ਸ੍ਰੀ: ਪ੍ਰਕਾਸ਼ ਸਿੰਘ ਬਾਦਲ ਤੋਂ ਹੈ ਜੀ। ਉਸਨੂੰ ਉਸ ਦੇ ਮਿੱਤਰਾਂ ਨੇ "ਖਾਲਸੇ ਦਾ ਜਨਮ ਦਿਨ" ਧੂਮਧਾਮ ਨਾਲ ਮਨਾਉਣ ਵਾਸਤੇ ਸੌ ਕਰੋੜ ਰੁਪਿਆ ਦਿੱਤਾ। ਫਿਰ ਬਦਲੇ ਵਿੱਚ ਇਹ ਕੰਟਰੋਲ ਆਪਣੇ ਹੱਥ ਵਿੱਚ ਲੈ ਲਿਆ ਕਿ ਇਹ ਦਿਨ ਕਿਵੇਂ ਮਨਾਣਾ ਹੈ। ਤੁਸੀਂ ਸਿੱਧੇ ਸੱਚਖੰਡ ਵਿੱਚੋਂ ਵੇਖਿਆ ਹੋਵੇਗਾ ਕਿ ਕਿਵੇਂ ਦੇਸ਼ ਦਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ, ਸਿੱਖ ਸੰਗਤਾਂ ਨੂੰ ਗੁਰਮਰਿਆਦਾ ਦ੍ਰਿੜ ਕਰਵਾ ਰਿਹਾ ਸੀ। ਦੇਸ਼ ਦੇ ਗ੍ਰਹਿ ਮੰਤਰੀ ਐਲ. ਕੇ. ਅਡਵਾਨੀ ਸਿੱਖਾਂ ਦੇ ਸੋਹਿਲੇ ਗਾ ਰਿਹਾ ਸੀ। ਤੀਹ ਪੈਂਤੀ ਲੱਖ ਸ਼ਰਧਾਲੂ ਅਨੰਦਪੁਰ ਹੁੰਮਹੁਮਾ ਕੇ ਪੁੱਜਿਆ। ਇਹ ਆਸ ਲਾਈਂ ਕਿ ਪੰਥ ਦੀ ਬਿਗੜੀ ਸੰਵਾਰਨ ਵਾਸਤੇ, ਉੱਜੜੇ ਪ੍ਰਵਾਰਾਂ ਨੂੰ ਬਸਾਉਣ ਵਾਸਤੇ, ਪੰਜਾਬ ਦੇ ਖੋਹੇ ਗਏ ਹੱਕਾਂ

ਤੇ ਪੈਦਾਵਾਰੀ ਵਸੀਲਿਆਂ ਦੀ ਪ੍ਰਾਪਤੀ ਵਾਸਤੇ, ਸਿਰ ਜੋੜਕੇ ਕੋਈ ਪ੍ਰੋਗਰਾਮ ਉਲੀਕਿਆ ਜਾਵੇਗਾ। ਸਿੱਖੀ ਵਧੇਗੀ ਪੰਥ ਖੁਸ਼ਹਾਲ ਹੋਵੇਗਾ। ਹੰਝੂ ਪੂੰਝੇ ਜਾਣਗੇ, ਚਿਹਰਿਆਂ ਤੇ ਮੁਸਕਾਨ ਆਵੇਗੀ। ਸਿੱਖੀ ਦਾ ਚਾਨਣ ਘਰ ਘਰ ਪੁੱਜੇਗਾ। ਧਰਮ ਪ੍ਰਚਾਰ ਲਈ ਕੋਈ ਅਖ਼ਬਾਰ, ਮੈਗਜ਼ੀਨ, ਲਿਟਰੇਚਰ, ਸੈਟੇਲਾਈਟ ਚੈਨਲ ਦਾ ਪ੍ਰਬੰਧ ਕੀਤਾ ਜਾਵੇਗਾ। ਨੌਜਵਾਨਾਂ ਦੇ ਰੁਜ਼ਗਾਰ ਬਾਰੇ ਜਬਾਨ ਤੱਕ ਨਾ ਖੋਹਲੀ ਗਈ। ਕੁੱਝ ਨਾਟਕੀ ਜਿਹੇ ਹੋਛੇ, ਬਿਆਨ ਦਾਗੇ ਗਏ, "ਮੀਨਾਰੇ ਖਾਲਸਾ", ਆਦਿ ਦੇ ਖਿਡੌਣੇ ਤੇਰੇ ਪੰਥ ਅੱਗੇ ਪਰੋਸੇ ਗਏ। ਪਿਤਾ ਗੁਰੂ ਜੀ! "ਆਡਰ ਆਫ ਖਾਲਸਾ" ਜਿਹੇ ਸਨਮਾਨ ਤੁਹਾਡੇ ਤਖ਼ਤ ਤੋਂ ਜਿਨ੍ਹਾਂ ਨੂੰ ਬਖਸ਼ੇ ਗਏ ਉਹ ਕੇਸਾਂ ਦੀ ਬੇਅਦਬੀ ਕਰਨ ਵਾਲੇ, ਸ਼ਰਾਬਾਂ ਪੀਣ ਵਾਲੇ, ਵਿਭਚਾਰ ਕਰਨ ਵਾਲੇ, ਰਿਸ਼ਵਤਾਂ ਨਾਲ ਕੋਠੀਆਂ ਭਰ ਲੈਣ ਵਾਲੇ, ਮਾਮੂਲੀ ਨੱਚਣ ਗਾਉਣ ਵਾਲੇ, ਸਿੱਖਾਂ ਨੂੰ ਲੁੱਟ ਪੁੱਟ ਕੇ ਬਰਬਾਦ ਕਰਨ ਵਾਲਿਆਂ ਨੂੰ ਮਨੁੱਖਤਾ ਦੇ ਦੋਖੀਆਂ ਤੇ ਮਕਾਰਾਂ ਨੂੰ "ਸਨਮਾਨਤ" ਕੀਤਾ ਗਿਆ। ਇਸੇ ਸਾਲ (1999) ਦੇ ਦਸੰਬਰ ਮਹੀਨੇ ਵਿੱਚ 300 ਸਾਲਾ ਖਾਸ ਤੋਹਫਾ ਬਾਦਲ ਜੀ ਦੇ ਸਤਿਕਾਰੇ ਹੋਏ ਗ੍ਰਿਹ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਤੇ ਪ੍ਰਧਾਨ ਮੰਤਰੀ ਵਾਜਪਾਈ ਜੀ ਨੇ ਇੱਕ ਅਜਿਹਾ ਕਾਰਨਾਮਾ ਕੀਤਾ ਜੋ ਸਿੱਧਾ ਸਿੱਖੀ ਤੇ ਮਾਰੂ ਵਾਰ ਸੀ। ਇਹ ਪਾਪੀਆਂ ਨੇ ਫੁਰਮਾਨ ਜਾਰੀ ਕੀਤਾ ਕਿ ਅਗਰ ਕੋਈ ਵਿਅਕਤੀ ਬੁੱਧ ਧਰਮ, ਇਸਾਈ ਧਰਮ, ਇਸਲਾਮ ਧਰਮ ਪੜ੍ਹੇਗਾ ਤਾਂ ਭਾਰਤ ਸਰਕਾਰ ਵੱਲੋਂ ਸਹਾਇਤਾ ਮਿਲਦੀ ਰਹੇਗੀ। ਜੇ ਕੋਈ ਗੁਰਮੱਤ ਬਾਰੇ ਪੜ੍ਹੇਗਾ ਉਸ ਨੂੰ ਸਹਾਇਤਾ ਨਹੀਂ ਮਿਲੇਗੀ। ਹਾਂ ਇਸਦੇ ਬਦਲੇ "ਗਾਂਧੀ ਸਟੱਡੀ ਵਾਲਿਆ ਨੂੰ ਗ੍ਰਾਂਟ ਮਿਲੇਗੀ, ਸਿੱਖ ਧਰਮ ਵਾਸਤੇ ਫੰਡ ਨਹੀਂ ਮਿਲੇਗਾ। ਇਹ ਹੁਕਮ ਦਸੰਬਰ 1999 ਵਿਚ ਜਾਰੀ ਹੋਇਆ। ਜੋ ਗੁਰਮਤਿ ਪ੍ਰਕਾਸ਼ ਪਰਚੇ ਦੇ ਮਈ 2003 ਦੇ ਪੰਨਾ 40 ਤੇ ਛਪਿਆ। ਸਤਿਗੁਰੂ ਜੀ ਤੁਹਾਡੇ ਸਭ ਤੋਂ ਪਿਆਰੇ ਵੱਡੇ ਪੁੱਤਰ ਪ੍ਰਕਾਸ਼ ਸਿੰਘ ਨੇ (ਅਤੇ ਬਾਕੀ ਜੁੰਡਲੀ) ਵਿਰੋਧ ਵਿੱਚ ਔਖਾ ਸਾਹ ਭੀ ਨਾ ਲਿਆ। ਸੌ ਕਰੋੜ ਦੇ ਕੇ ਸਿੱਖੀ ਦੇ ਜੜੀਂ ਕੁਹਾੜਾ ਵਾਹ ਦਿੱਤਾ ਗਿਆ।

ਕੀ ਦੱਸਾਂ ਸਤਿਗੁਰੂ ਬਾਬਾ ਜੀ! ਸਾਰੇ ਲੋਕ ਗੱਲਾਂ ਕਰਦੇ ਨੇ ਕਿ ਤੁਸੀਂ ਜਾਣੀ ਜਾਣ ਹੋ। ਜੇ ਇਹ ਗੱਲ ਸੱਚ ਹੈ ਤਾਂ ਤੁਸੀਂ ਪੰਥ ਦੋਖੀਆਂ ਨੂੰ ਹੀ ਸਿੱਖੀ ਦੀ ਵਾਗਡੋਰ ਕਿਉਂ ਫੜਾਈ ਹੋਈ ਹੈ ? ਕਿਤੇ ਪੈਸੇ ਤੇ ਭੋਜਨ ਨਾਲ ਉਹ ਤੁਹਾਡੀ ਬਹੁਤੀ "ਸੇਵਾ" ਤਾਂ ਨਹੀਂ ਕਰ ਰਹੇ ? ਗਰੀਬ ਸਿੱਖਾਂ ਕੋਲ ਤਾਂ ਮਸੀਂ ਮੱਥਾ ਟੇਕਣ ਲਈ ਰੁਪਿਆ ਧੇਲੀ ਹੁੰਦੀ ਹੈ। ਆਹ ਅਪ੍ਰੈਲ 2004 ਵਿੱਚ ਤੁਹਾਡੇ ਦੂਜੇ ਜਾਮੇ ਦਾ ਖਡੂਰ ਵਿਖੇ ਪੰਜ ਸੌ ਸਾਲਾ ਜਸ਼ਨ ਮਨਾਇਆ ਗਿਆ ਹੈ। ਆਸ ਕਰਦੇ ਸਾਂ ਕਿ ਸਿੱਖਾਂ ਲਈ ਕਾਲਜ ਜਾਂ ਯੂਨੀਵਰਸਿਟੀ

ਖੁੱਲੇਗੀ, ਕਿੱਤਾ ਮੁਖੀ ਸੰਸਥਾਵਾਂ ਖੁੱਲਣਗੀਆਂ। ਸਿੱਖ ਬੱਚਿਆ ਨੂੰ ਗਿਆਨ ਮਿਲੇਗਾ ਰੁਜ਼ਗਾਰ ਮਿਲੇਗਾ। ਉੱਥੇ ਖਡੂਰ ਵਿਖੇ ਇੱਕ "ਪਰਉਪਕਾਰੀ" ਬਾਬਾ ਜੀ ਨੇ ਤੁਹਾਡੇ ਦੂਲੇ ਪੰਥ ਦਾ ਕਈ ਕਰੋੜ ਖਰਚ ਕਰਕੇ, ਬਦੇਸ਼ਾਂ ਵਿੱਚੋਂ ਬਹੁਤ ਮਹਿੰਗੀਆਂ ਮਸ਼ੀਨਾਂ ਮੰਗਵਾਕੇ ਇੱਕ "ਕੰਪਿਊਟਰ ਕੰਟਰੋਲਡ" ਮਿਊਜ਼ੀਅਮ ਤਿਆਰ ਕੀਤਾ ਹੈ। ਅਮਰੀਕਾ ਦੇ ਇੱਕ ਬਹੁਤ "ਸਿਆਣੇ ਸਿੱਖ" ਨੇ ਮਿੱਟੀ ਘੱਟੇ ਵਾਲੇ ਦੇਸ਼ ਵਿੱਚ ਅਜਿਹੀਆਂ ਮਸ਼ੀਨਾਂ ਲਾਉਣ ਦੀ ਨੇਕ ਸਲਾਹ ਦਿੱਤੀ ਕਿ ਪੁੱਛੋ ਕੁੱਝ ਨਾ। ਉਹ ਮਸ਼ੀਨਾਂ ਤੋਤੇ ਵਾਂਗ ਬੋਲਕੇ "ਗੁਰਮਤਿ" ਦਾ ਗਿਆਨ ਦਿਆ ਕਰਨਗੀਆਂ। ਮਨੁੱਖ ਚੁੱਪ ਚਾਪ ਮਸ਼ੀਨਾਂ ਦਾ ਭਾਸ਼ਣ ਸੁਣਨਗੇ। ਫਿਰ ਜਿਵੇਂ ਕਿ ਆਮ ਹੁੰਦਾ ਹੈ ਮਸ਼ੀਨਾ ਥੋੜੇ ਸਮੇਂ ਮਗਰੋਂ ਕੰਮ ਕਰਨਾਂ ਬੰਦ ਕਰ ਦੇਣਗੀਆਂ। ਖਰਾਬ/ਨਕਾਰਾ ਹੋ ਚੁੱਕੀਆਂ ਮਸ਼ੀਨਾਂ ਕੋਲ ਇੱਕ ਇੱਕ ਮਨੁੱਖ ਖੜ੍ਹਾ ਦਿੱਤਾ ਜਾਵੇਗਾ। ਤੇ ਬੋਲਕੇ ਦੱਸੇਗਾ ਕਿ ਇਸ ਥਾਂ ਪਹਿਲਾਂ ਇਹ ਮਸ਼ੀਨ ਹੋਇਆ ਕਰਦੀ ਸੀ। ਕਰੋੜਾਂ ਰੁਪੈ ਡਕਾਰ ਕੇ ਮਸ਼ੀਨ ਵਿਗੜ ਗਈ, ਅੱਗੋਂ ਅਸੀਂ ਜਾਣਕਾਰੀ ਦਿਆ ਕਰਾਂਗੇ। ਸਤਿਗੁਰੂ ਜੀ ਉਹੀ ਜੈਕਾਰੇ, ਨਾਹਰੇ, ਦੇਗਾਂ, ਅਰਦਾਸਾਂ, ਖਾਲਸਾ ਮਾਰਚਾਂ ਨਾਲ ਸਿੱਖਾਂ ਨੇ ਤੁਹਾਡੀਆਂ "ਖੁਸ਼ੀਆਂ" ਪ੍ਰਾਪਤ ਕਰ ਲਈਆਂ ਹਨ।

ਬਾਬਾ ਜੀ ਤੁਹਾਡੇ ਨੂਰਾਨੀ ਉਪਦੇਸ਼ ਦਾ ਚਾਰ ਸੌਵਾਂ ਪ੍ਰਕਾਸ਼ ਦਿਵਸ ਭੀ 2004 ਵਿੱਚ ਹੀ ਆ ਗਿਆ। ਅੰਮ੍ਰਿਤਸਰ ਵਿਖੇ ਪਹਿਲੀ ਸਤੰਬਰ ਨੂੰ ਦਸ ਲੱਖ ਸ਼ਰਧਾਵਾਨ ਮਾਈ ਭਾਈ ਦਾ ਇੱਕੱਠ ਹੋਇਆ। ਲੱਗਭੱਗ ਇੱਕ ਅਰਬ ਰੁਪੈ ਦੀ ਭੇਟਾ ਇੱਕੱਤਰ ਹੋ ਗਈ। ਦੀਪ ਮਾਲਾਵਾਂ ਹੋਈਆਂ, ਮਠਿਆਈਆਂ ਵੰਡੀਆਂ, ਨਗਰ ਕੀਰਤਨ ਹੋਏ। ਧਰਮ ਉਪਦੇਸ਼ ਦੇਣ ਲਈ ਰਾਜਨੀਤੀ ਦੇ ਗੰਦ ਵਿੱਚ ਗਲ ਤੱਕ ਧਸੇ ਹੋਏ ਲੋਕ ਗਿਰਝਾ ਵਾਂਗ ਆਣ ਉਤਰੇ। ਤੇ ਤੁਹਾਡੀਆਂ ਨਿਰਮਲ ਬੁਧ, ਪ੍ਰੀਤਮਾਨ ਸਿੱਖ ਸੰਗਤਾਂ ਨੂੰ "ਪਾਪ ਕੀ ਜੰਞ" ਚੜ੍ਹਾ ਲਿਆਉਣ ਵਾਲੇ, ਕਿਤੇ ਸੱਜਨ ਠੱਗ ਦੇ ਸੇਵਕ, ਕਿਸੇ ਪਾਸੇ ਮਲਕ ਭਾਗੋ ਦੇ ਭਾਈਬੰਦ, ਕਿਤੇ "ਪੜ੍ਹੇ ਲਿਖੇ ਮੂਰਖ" ਧਰਮ ਉਪਦੇਸ਼ ਦੇਣ ਲਗ ਪਏ। ਸਫੈਦ ਚੋਲਿਆਂ ਵਾਲੇ, ਨੀਲੇ ਬਾਣਿਆਂ ਵਾਲੇ, ਭਗਵੇਂ ਕਰਨ ਵਾਲੇ, ਸਮੇਤ ਸੂਹੇ ਝੰਡਿਆਂ ਵਾਲੇ, ਤੁਹਾਡੇ ਪਾਵਨ ਫੁਰਮਾਨਾਂ ਦੀ ਸ਼ੋਭਾ ਸੰਗਤਾਂ ਨੂੰ ਕੰਨ ਪਾੜਵੀਆਂ ਆਵਾਜ਼ਾਂ ਰਾਹੀਂ ਸੁਣਾ ਰਹੇ ਸਨ। ਇਹਨਾਂ ਵੱਡੇ ਇੱਕੱਠਾਂ ਵਿੱਚ ਬਾਕੀ ਸਾਰਾ ਕੁੱਝ ਸੀ, ਬਸ ਕੋਈ ਧਰਮੀ ਪੁਰਖ ਧਰਮ ਦੀ ਕਿਰਤ ਕਮਾਈ ਕਰਨ ਵਾਲਾ ਮਨੁੱਖ, ਧਰਮ ਨੂੰ ਸਮਝਕੇ ਉਸ ਮੁਤਾਬਕ ਜੀਵਨ ਜਿਉਣ ਵਾਲਾ ਇਨਸਾਨ ਨਹੀਂ ਦਿੱਸ ਰਿਹਾ ਸੀ ਜੋ ਕਹਿਣੀ ਤੇ ਕਰਣੀ ਦਾ ਪੂਰਾ ਸੂਰਾ ਹੋਵੇ। ਬਾਬਾ ਜੀ ਬਹੁਤ ਪੈਸਾ ਰੋੜ੍ਹਿਆ ਗਿਆ ਹੈ ਧਰਮ ਦੇ ਨਾਮ ਤੇ। ਬਹੁਤ ਪੈਸਾ ਕਮਾਇਆ ਗਿਆ ਹੈ ਧਰਮ ਦੇ ਨਾਮ ਤੇ। ਇਸ ਵੱਡੇ ਨਗਾਰਖਾਨੇ ਵਿੱਚ ਧਰਮ ਦਾ ਕੋਈ ਅੰਸ਼ ਅਸੂਲ ਚਿਰਾਗ

ਲੈ ਕੇ ਢੂੰਡਿਆਂ ਭੀ ਨਹੀਂ ਲਭਦਾ ਸੀ। ਨਾਲੇ ਸਤਿਗੁਰੂ ਜੀ ਸ਼ਬਦ ਗੁਰੂ ਦਾ ਪਹਿਲਾ ਪ੍ਰਕਾਸ਼ ਇਹ ਕਿਵੇਂ ਸੀ ? ਅਸੀਂ ਮੂਰਖ ਜਿਹੇ ਸੇਵਕ ਸਮਝਣ ਤੋਂ ਅਸਮਰਥ ਹਾਂ। ਤੁਸੀਂ ਜਿਸ ਦਿਨ ਆਪਣੇ ਮੁਖਾਰਬਿੰਦ ਤੋਂ ਪਹਿਲਾ ਪਾਵਨ ਬਚਨ ਉਚਾਰਨ ਕੀਤਾ – ਪਾਂਧੇ ਨੂੰ, ਪ੍ਰੋਹਿਤ ਨੂੰ, ਰਾਏ ਬੁਲਾਰ ਨੂੰ, ਵੈਦ ਨੂੰ ਜਾਂ ਦਾਈ ਨੂੰ, ਮਾਤਾ ਪਿਤਾ ਨੂੰ ਜਾਂ ਭੈਣ ਨਾਨਕੀ ਜੀ ਨੂੰ। ਜੋ ਉਪਦੇਸ਼ ਤੁਸੀਂ ਪਹਿਲੀ ਵਾਰੀ ਦਿੱਤਾ ਉਹੀ ਅਸਲ ਵਿੱਚ ਤੁਹਾਡੀ ਬਾਣੀ ਦਾ ਪਹਿਲਾ ਪ੍ਰਕਾਸ਼ ਸੀ। ਸੰਪਾਦਨਾ ਹੋਈ ਸੀ 1604 ਵਿੱਚ। ਤੇ ਸੰਪੂਰਣਤਾ ਪ੍ਰਵਾਨ ਕੀਤੀ ਜਾਵੇਗੀ ਅਕਤੂਬਰ 1708 ਵਿੱਚ। ਬਾਕੀ ਜੋ ਕੁੱਝ ਹੋਇਆ ਸੁ ਹੋਇਆ ਪਰ ਤੁਹਾਡੇ ਉਪਦੇਸ਼ ਨੂੰ ਕਿਤੇ ਨੇੜੇ ਭੀ ਨਹੀਂ ਫਟਕਣ ਦਿੱਤਾ ਗਿਆ। ਹਾਂ ਇੱਕ ਵੱਡਾ ਸਾਰਾ ਮੇਲਾ ਜਿਹਾ ਜ਼ਰੂਰ ਸੀ ਇਹ।

ਸਤਿਕਾਰਯੋਗ ਜਾਣੀ ਜਾਣ ਸਤਿਗੁਰੂ ਜੀ! ਤੁਸੀਂ ਦਸਵੇਂ ਜਾਮੇ ਵਿੱਚ ਪੁੱਜਕੇ ਬਹੁਤ ਕਸ਼ਟ ਝੱਲੇ। ਅਨੇਕ ਪੱਖ ਤੋਂ ਸੂਰਮਗਤੀ ਦੇ ਨਵੇਂ ਕੀਰਤੀਮਾਨ ਸਥਾਪਤ ਕੀਤੇ। ਕੋਈ ਦਿਨ ਅਜਿਹਾ ਨਹੀਂ ਸੀ ਕਿ ਤੁਹਾਡੇ ਤੇ ਮੁਸ਼ਕਲਾਂ ਦੇ ਪਹਾੜ ਨਾ ਡਿੱਗੇ ਹੋਣ। ਤੁਸੀਂ ਹਰ ਮੁਸੀਬਤ ਨੂੰ ਸਹਿਜ ਨਾਲ ਪ੍ਰਵਾਨ ਕੀਤਾ ਤੇ ਉਸਦਾ ਕੁੱਝ ਭੀ ਨਾ ਹੁੰਦਿਆਂ ਡੱਟ ਕੇ ਟਾਕਰਾ ਕੀਤਾ। ਸਫਲਤਾ ਸਦਾ ਤੁਹਾਡੇ ਅੰਗ ਸੰਗ ਰਹੀ। ਚਮਕੌਰ ਦੀ ਜੰਗ ਵਿੱਚ ਬਹਾਦਰੀ ਦੀ ਬੇਜੋੜ ਕੁਰਬਾਨੀ ਕਰਨ ਵਾਲੇ ਨਿਰਭੈਤਾ ਦੀ ਚਰਮਸੀਮਾ ਪਾਰ ਕਰ ਜਾਣ ਵਾਲੇ, ਲੱਖਾਂ ਦੇ ਟਿੱਡੀ ਦਲਾਂ ਦਾ ਹਿੱਕ ਤਾਂਣ ਕੇ ਟਾਕਰਾ ਕਰਨ ਵਾਲੇ, ਤੁਹਾਡੇ ਵੱਡੇ ਸਪੁੱਤਰਾਂ–ਸਾਹਿਬ ਅਜੀਤ ਸਿੰਘ, ਸਾਹਿਬ ਜੁਝਾਰ ਸਿੰਘ। ਤਿੰਨ ਪਿਆਰੇ– ਭਾਈ ਹਿੰਮਤ ਸਿੰਘ, ਮੋਹਕਮ ਸਿੰਘ ਤੇ ਸਾਹਿਬ ਸਿੰਘ, ਅਤੇ ਪੈਂਤੀ ਹੋਰ ਸਿਰਲੱਥ ਸ਼ਹੀਦਾਂ ਦੀ ਤਿੰਨ ਸੌਵੀਂ ਯਾਦ ਮਨਾ ਰਹੇ ਹਾਂ। ਬਹੁਤ ਸਾਰੇ ਨਗਰਾਂ, ਸ਼ਹਿਰਾਂ, ਪਿੰਡਾਂ ਵਿੱਚੋਂ ਲੱਗਭੱਗ ਇੱਕ ਲੱਖ ਸ਼ਰਧਾਲੂ ਚਮਕੌਰ ਵਿਖੇ ਪੁੱਜੇ। ਮਹਾਨ ਸ਼ਹੀਦਾਂ ਨੂੰ ਯਾਦ ਕੀਤਾ। ਨਗਰ ਕੀਤਰਨ, ਖਾਲਸਾ ਮਾਰਚ, ਲੰਗਰ, ਨਾਹਰੇ, ਜੈਕਾਰੇ, ਦੇਗਾਂ, ਅਰਦਾਸਾਂ ਕਰਕੇ ਫਤਿਹਗੜ੍ਹ ਨੂੰ ਚੱਲ ਪਏ। ਇਹ ਚਮਕੌਰ ਦੀ ਕੱਚੀ ਹਵੇਲੀ ਸੰਨ 1965 ਤੱਕ, ਸ਼ਹੀਦਾਂ ਦੀ ਸੂਰਮਗਤੀ ਨੂੰ, ਡੁੱਲ੍ਹੇ ਖੂਨ ਨੂੰ ਸਾਂਭ ਕੇ ਉਸੇ ਅਸਲੀ ਅਵਸਥਾ ਵਿੱਚ ਸਲਾਮਤ ਸੀ। ਬਸ ਇਸ ਤੋਂ ਬਾਅਦ ਜ਼ੁਲਮ ਦੀ ਅਜਿਹੀ ਹਨੇਰੀ ਵਗੀ ਕਿ ਸਿੱਖ ਸਮਾਜ ਕੋਲੋਂ ਉਹ ਬੇਸਕੀਮਤੀ ਸਰਮਾਇਆ ਖੋਹ ਕੇ ਲੈ ਗਈ। ਤੇਰੇ ਆਪਣੇ ਸਿੱਖਾਂ ਤੇ ਸੰਤਾਂ ਨੇ, ਬਾਬਾ ਜੀ! ਉਸ ਅਨੋਖੀ ਜੰਗ ਦੀਆਂ ਸਾਰੀਆਂ ਯਾਦਾਂ ਮਿਟਾ ਦਿੱਤੀਆਂ। ਜਿੱਧਰ ਨਜ਼ਰ ਮਾਰੋ ਸਫੈਦ ਪੱਥਰ, ਸੰਗਮਰਮਰ। ਹੁਣ ਤਾਂ ਇਹ ਖਬਰਾਂ ਭੀ ਜਗ ਜਾਹਰ ਹੋ ਗਈਆਂ ਨੇ ਬਾਬਾ ਜੀ, ਗੁਰਦਵਾਰਿਆਂ ਦੀ “ਕਾਰ ਸੇਵਾ” ਪ੍ਰਾਪਤ ਕਰਨ ਵਾਸਤੇ ਕਮੇਟੀ ਮੈਂਬਰਾਂ ਨੂੰ ਲੱਖਾਂ ਰੁਪੈ

ਅਖੌਤੀ ਸੰਤਾਂ ਵੱਲੋਂ ਰਿਸ਼ਵਤ ਦਿੱਤੀ ਜਾਂਦੀ ਹੈ। ਕਾਰ ਸੇਵਾ ਵਿੱਚੋਂ ਹੀ ਫਿਰ ਅਪਣੀਆਂ ਮਹਿੰਗੀਆਂ ਕਾਰਾਂ ਚਲਦੀਆਂ ਨੇ। ਤੁਹਾਡੇ ਨਾਂ ਤੇ ਪੈਸੇ ਕਮਾਉਣ ਲਈ ਮਥਰਾ ਦੇ ਪਾਂਡਿਆਂ ਵਾਂਗ ਨਾਲੋਂ ਨਾਲ ਗੁਰਦਵਾਰਿਆਂ ਦੀਆਂ ਕਤਾਰਾਂ ਖੜ੍ਹੀਆਂ ਕੀਤੀਆਂ ਜਾ ਚੁੱਕੀਆਂ ਹਨ। ਵੱਡਾ ਗੁਰਦਵਾਰਾ ਤਾਂ ਇੱਕੋ ਹੀ ਕਾਫੀ ਹੋਇਆ ਕਰਦਾ ਹੈ। ਆਹ ਹੋਰ ਦੁਕਾਨਾਂ ਕਾਹਦੇ ਵਾਸਤੇ ਹਨ ? ਸ਼ਹੀਦਾਂ ਦੀ ਯਾਦ ਇੱਥੇ ਬਾਕੀ ਰਹਿ ਗਈ ਹੈ ਕੋਈ ? ਸਭ ਮਿੱਟੀ ਵਿੱਚ ਮਿਲਾ ਦਿੱਤੀਆਂ ਗਈਆਂ ਹਨ। ਪਿਤਾ ਗੁਰੂ ਜੀ ਤੁਸੀਂ ਇਹਨਾਂ ਨੂੰ ਕਦੀ ਸੁਮੱਤ ਨਹੀਂ ਦਿਉਗੇ ? ਸਟੇਜਾਂ ਤੇ ਸੂਰਮਗਤੀ ਦੀਆਂ ਵਾਰਾਂ ਗਾਉਣ ਵਾਲੇ, ਬਾਹਵਾਂ ਉਲਾਰ ਕੇ ਧੂੰਆਂਧਾਰ ਲੈਕਚਰ ਦੇਣ ਵਾਲੇ, ਖੁੱਲੀਆਂ ਦਾਹੜੀਆਂ ਤੇ ਗਾਤਰੇ ਕਿਰਪਾਨਾਂ ਵਾਲੇ, ਅੱਜ ਕੱਲ ਕੇਵਲ "ਰੋਟੀਆਂ ਕਾਰਣ" ਤਾਲ ਪੂਰ ਰਹੇ ਹਨ। ਤੁਹਾਡੇ ਪੁੱਤਰਾਂ ਨੇ ਖੂਨ ਦੇ ਦਰਿਆ ਤਰੇ, ਅਣਗਿਣਤ ਜਾਬਰਾਂ ਦੇ ਮੂੰਹ ਮੋੜੇ, ਸਵੈਮਾਣ ਦੀ ਇਸ ਲਾਮਿਸਾਲ ਜੰਗ ਵਿੱਚ ਡੱਕਰੇ ਡੱਕਰੇ ਹੋ ਗਏ, ਪਰ ਧਰਮ ਨਹੀਂ ਹਾਰਿਆ, ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾ ਗਏ। ਚਾਲੀ ਦੇ ਚਾਲੀ ਸੁਰਖਰੂ ਹੋ ਜਨਮ ਸਫਲਾ ਕਰ ਗਏ। ਅੱਜ ਉਹ ਧਰਮੀ ਜੀਵਨ ਬੀਤੇ ਦੀਆਂ ਕਹਾਣੀਆਂ ਬਣਕੇ ਰਹਿ ਗਿਆ ਹੈ। ਇਹ ਤਵਾਰੀਖੀ ਦਿਨ, ਅਤੇ ਸਫੈਦ ਸੰਗਮਰਮਰੀ ਸੁੰਦਰ ਇਮਾਰਤਾਂ ਕੇਵਲ ਨੋਟਾਂ ਦੀਆਂ ਪੰਡਾਂ ਇੱਕੱਤਰ ਕਰਨ ਦੇ ਸਾਧਨ ਮਾਤਰ ਰਹਿ ਗਏ ਹਨ। ਸਤਿਗੁਰੂ ਜੀ ਬਹੁੜੀ ਕਰੋ....।

ਜਗਤ ਤਾਰਕ ਬਾਬਾ ਜੀ! ਥੋੜ੍ਹਾ ਜਿੰਨਾ ਤੁਹਾਡਾ ਵਕਤ ਹੋਰ ਲਵਾਂਗਾ। ਤੁਸੀਂ ਸਭ ਕੁੱਝ ਜਾਣਦੇ ਹੋ, ਤੁਹਾਡੀ ਦਿੱਭ ਦ੍ਰਿਸ਼ਟੀ ਤ੍ਰੈਲੋਕੀ ਨੂੰ ਵੇਖਣ ਦੀ ਸਮਰਥਾ ਰਖਦੀ ਹੈ। ਫਿਰ ਭਲਾ ਤੁਸੀਂ ਇਸ ਭੂਖੰਡ, ਪੰਜਾਬ ਦੀ ਧਰਤੀ ਤੇ ਕਦੀ ਕਿਉਂ ਝਾਤੀ ਨਹੀਂ ਮਾਰਦੇ ? ਸ਼ਾਇਦ ਤੁਸੀਂ ਬਹੁਤ ਵੱਡੇ ਬਖਸ਼ਿੰਦ ਹੋ, ਜਾਂ ਵੇਖਕੇ ਅਣਡਿੱਠ ਕਰ ਜਾਂਦੇ ਹੋ। ਤੁਹਾਡੀਆਂ ਤੁਸੀਂ ਜਾਣੋ! ਪਰ ਮੈਨੂੰ ਜੋ ਆਲੇ ਦੁਆਲੇ ਦਿਸ ਰਿਹਾ ਹੈ ਉਸਨੂੰ ਕਿਵੇਂ ਅਣਵੇਖਿਆ ਕਰ ਜਾਵਾਂ ? ਕਿਉਂਕਿ ਮੈਂ ਸੰਸਾਰੀ ਜੀਵ ਤੁਹਾਡੇ ਵਰਗੇ ਵਿਸ਼ਾਲ ਸੁਭਾ ਵਾਲਾ ਨਹੀਂ ਹਾਂ। ਬੱਸ ਇੱਕ ਹੋਰ ਕਰੁਣਮਈ ਗਾਥਾ ਸੁਣਾ ਕੇ ਖਤਮ ਕਰ ਦਿਆਂਗਾ। ਗੁਣੀ ਨਿਧਾਨ ਬਾਬਾ ਜੀ! ਇਸੇ ਸਾਲ (2004) ਵਿੱਚ ਤੁਹਾਡੇ ਨਿੱਕੇ ਨਿੱਕੇ ਮਾਸੂਮ ਫੁੱਲਾਂ ਵਰਗੇ, ਪਿਆਰੇ ਸਾਹਿਬਜ਼ਾਦੇ ਦੁਨੀਆਂ ਦੀ ਅਨੋਖੀ ਖੇਡ ਵਿਖਾ ਗਏ ਸਨ। ਹਾਂ ਸੱਚ ਮਾਤਾ ਗੁਜਰੀ ਦਾ ਤੁਹਾਡੇ ਨਾਲ ਕਿਹੜਾ ਰਿਸ਼ਤਾ ਜੋੜਾਂ ? ਕਿਉਂਕਿ ਸਰੀਰ ਕਰਕੇ ਉਹਨਾਂ ਨੇ ਗੋਬਿੰਦ ਰਾਏ ਜੀ ਨੂੰ ਜਨਮ ਦਿੱਤਾ ਸੀ। ਸਾਢੇ ਕੁ ਨੌਂ ਸਾਲ ਦੀ ਉਮਰੇ ਉਹਨਾਂ ਨੂੰ ਤੁਹਾਡੀ ਗਿਆਨ ਜੋਤ ਪ੍ਰਾਪਤ ਹੋਈ। ਜੋਤ ਤਾਂ ਸਿੱਧੀ ਅਕਾਲ ਪੁਰਖ ਵੱਲੋਂ ਆਉਂਦੀ ਹੈ, ਉਸ ਦਾ ਸਰੀਰਕ ਮਾਂ ਬਾਪ ਤਾਂ ਕੋਈ ਨਹੀਂ ਹੁੰਦਾ। ਸੋ ਮਾਤਾ ਗੁਜਰੀ ਜੀ ਦਾ ਕੋਈ ਸਰੀਰੀ ਰਿਸ਼ਤਾ ਤੁਹਾਡੇ ਨਾਲ ਜੋੜਨ ਤੋਂ

ਅਸਮਰਥ ਹਾਂ, ਖਿਮਾ ਕਰਨਾ ਜੀ।

ਸਤਿਗੁਰੂ ਪਾਤਿਸ਼ਾਹ ਬਾਬਾ ਨਾਨਕ ਜੀ! ਨੰਨ੍ਹੇ ਮੁੰਨ੍ਹੇ ਫੁੱਲਾਂ ਵਰਗੇ ਕੋਮਲ ਚਿਹਰਿਆਂ ਵਾਲੇ ਤੇ ਹਿਮਾਲਾ ਪਰਬਤ ਵਰਗੇ ਜਿਗਰੇ ਵਾਲੇ ਸਾਹਿਬਜ਼ਾਦਿਆਂ ਦੀ ਸੂਰਮਗਤੀ ਤਾਂ ਧਰਤੀ ਤੋਂ ਅੰਬਰ ਤੱਕ ਹਰ ਕੋਈ ਜਾਣਦਾ ਹੈ। ਕਿਵੇਂ ਮਲੂਕ ਜਿਹੀਆਂ ਦਿੱਸਣ ਵਾਲੀਆਂ ਜਿੰਦਾਂ ਨੇ ਤਾਜ ਤਖ਼ਤ ਨਿਵਾ ਦਿਤੇ। ਵਜ਼ੀਰ ਦਰਿੰਦੇ ਦੀ ਖ਼ੂਨੀ ਤਲਵਾਰ, ਭਿਆਨਕਤਾ ਵਾਲੀਆਂ ਭਬਕਾਂ, ਇਹਨਾਂ "ਦਸ਼ਮੇਸ਼ ਦੁਲਾਰਿਆ" ਨੂੰ ਰਾਈ ਭਰ ਭੀ ਆਪਣੇ ਅਕੀਦੇ ਤੋਂ ਖਿੜਕਾ ਨਾਂ ਸਕੀਆਂ, ਡੁਲਾ ਨਾਂ ਸਕੀਆਂ। ਇੱਕ ਕਵੀ ਯੋਗੀ ਨੇ ਲਿਖਿਆ ਹੈ –

ਜਿਸ ਦਮ ਗਲੇ ਗਲੇ ਥੇ ਉਹ ਮਾਸੂਮ ਗੜ ਗਏ।
ਦਿਨ ਛੁਪਨੇ ਭੀ ਨਾ ਪਾਇਆ ਕਿ ਕਾਤਿਲ ਉਜੜ ਗਏ।
ਜੋਗੀ ਜੀ ਇਸ ਕੇ ਬਾਅਦ ਹੂਈ ਥੋੜੀ ਦੇਰ ਥੀ।
ਬਸਤੀ ਸਰਹੰਦ ਕੀ ਈਟੋਂ ਕਾ ਢੇਰ ਥੀ!

ਇਹਨਾਂ ਦੀ ਬੇਜੋੜ ਸ਼ਹਾਦਤ ਨੂੰ ਸ਼ਰਧਾਵਾਨ ਸਿੱਧੇ ਸਾਧੇ ਬਜ਼ੁਰਗਾਂ ਤੋਂ ਸੁਣਿਆ ਕਰਦੇ ਸਾਂ ਜੋ ਕੁੱਝ ਇਸ ਤਰ੍ਹਾਂ ਦੱਸਿਆ ਕਰਦੇ ਸਨ – "ਸਾਹਿਬ ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਦੀ ਕੁਰਬਾਨੀ ਕੋਈ ਆਦਮੀ ਬਿਆਨ ਨਹੀਂ ਕਰ ਸਕਦਾ। ਔਰੰਗੇ ਨੂੰ ਤੇ ਕੁੱਲ ਮੁਗਲ ਰਾਜ ਨੂੰ ਇਸ ਸ਼ਹੀਦੀ ਦਾ ਘੋਰ ਪਾਪ ਲੱਗਿਆ। ਮੁਗਲਾਂ ਦੇ ਜ਼ਾਲਮ ਰਾਜ ਦੀ ਸਮਝੋ ਜੜ ਇਹਨਾਂ ਨੇ ਹੀ ਪੁੱਟੀ ਸੀ। "ਵਜੀਦਾ" ਸੂਬੇਦਾਰ ਕਿਤੇ ਮੂੰਹ ਵਿਖਾਣ ਜੋਗਾ ਨਾ ਰਿਹਾ। "ਝੂਠੇ ਨੰਦ" ਨੂੰ ਹਰੇਕ ਹਿੰਦੂ ਨੇ ਲਾਹਣਤਾਂ ਪਾਈਆਂ। ਉਸ ਦੇ ਪ੍ਰਵਾਰ ਨੇ ਭੀ ਢਾਹਾਂ ਮਾਰ ਆਕਾਸ਼ ਰੁਆ ਦਿੱਤਾ। ਸਾਰੇ ਸਰਹੰਦ ਵਿੱਚ ਕਿਸੇ ਚੁੱਲੇ ਅੱਗ ਨਾ ਪਾਈ। ਭੁੱਖੇ ਭਾਣੇ ਹੰਝੂਆਂ ਦੇ ਬੁੱਕ ਭਰ ਭਰ ਰੋਂਦੇ ਰੋਂਦੇ ਜ਼ਮੀਨ ਤੇ ਸੱਥਰ ਵਿਛਾ ਸੁੱਤੇ। ਕਿਸੇ ਵਡੇ ਅਮੀਰ ਦੇ ਘਰ ਭੀ ਦੀਵਾ ਨਾ ਬਲਿਆ। ਗਾਵਾਂ ਮੱਝਾਂ ਨੂੰ ਚਾਰਾ ਭੀ ਕਿਸੇ ਨਾ ਪਾਇਆ, ਦੁੱਧ ਨਾਂ ਚੋਇਆ। ਕਿੱਲਿਆਂ ਤੇ ਬੱਝੀਆਂ ਰੋਂਦੀਆਂ ਰਹੀਆਂ, ਉਹਨਾਂ ਦੇ ਨਿਕੇ ਵੱਛਰੂ ਰੰਭਦੇ ਹਾਲੋਂ ਬੇਹਾਲ ਹੋ ਗਏ। ਮੰਦਰਾਂ ਵਿੱਚ ਟੱਲ ਨਾਂ ਖੜਕੇ, ਸੰਖ ਨਾ ਵੱਜੇ, ਆਰਤੀਆਂ ਨਾਂ ਹੋਈਆਂ। ਮਸਜਿਦਾਂ ਵਿੱਚ ਨਵਾਜਾਂ ਅਦਾ ਕਰਨ ਕੋਈ ਨਾ ਆਇਆ। ਮੁੱਲਾ ਦੀ "ਬਾਂਗ" ਦੇਣ ਦੀ ਹਿੰਮਤ ਨਾ ਪਈ। ਆਸਮਾਨ ਵਿੱਚ ਪਤਾ ਨਹੀਂ ਕਿੱਥੋਂ ਬਦਲੀਆਂ ਛਾ ਗਈਆਂ। ਨਿੱਕੀ ਨਿੱਕੀ ਕਣੀ ਦਾ ਦੋ ਦਿਨ ਮੀਂਹ ਵਰ੍ਹਦਾ ਰਿਹਾ। ਅਸਲ ਵਿੱਚ ਇਹ ਸਾਧਾਰਣ ਬਾਰਸ਼ ਨਹੀਂ ਸੀ। ਸਾਹਿਬਜ਼ਾਦਿਆਂ ਦੀ ਦੁਖਦਾਈ ਸ਼ਹੀਦੀ ਤੇ ਅੰਬਰ ਰੋ ਰਿਹਾ ਸੀ। ਖਾਮੋਸ਼ ਹੰਝੂ ਬਹਾ ਰਿਹਾ ਸੀ। ਉਸ ਦਿਨ ਤੋਂ ਲੈ ਕੇ ਅੱਜ ਤੱਕ ਹਰ ਸਾਲ ਇਹਨਾਂ ਮਾਸੂਮ ਜਿੰਦਾਂ ਦੇ ਗਮ ਵਿੱਚ ਰੱਬ ਭੀ ਜਾਰੋ ਜਾਰ ਰੋਂਦਾ ਹੈ, ਇਹ ਪਾਣੀ ਦੇ ਤੁਪਕੇ ਨਹੀਂ, ਰਬ ਦੇ ਹੰਝੂ

ਹਨ.....।" ਇਹ ਲੋਕ ਅਖਾਣ ਬਣ ਗਿਆ।

ਨਿੱਕੀਆਂ ਜਿੰਦਾਂ ਦੇ ਵੱਡੇ ਸਾਕੇ ਨੇ ਖਾਲਸਾ ਪੰਥ ਅੰਦਰ ਰੋਹ ਦੀ ਅੱਗ ਦੇ ਭਾਂਬੜ ਬਾਲ ਦਿੱਤੇ। ਸਾਹਿਬਜ਼ਾਦਿਆਂ ਨੂੰ ਦਿੱਤੇ ਗਏ ਤਸੀਹੇ ਸਿੰਘਾਂ ਦੇ ਸੀਨੇ ਵਿੰਨ ਗਏ। ਥੋੜੇ ਹੀ ਸਮੇਂ ਅੰਦਰ ਸਿੱਖ ਤੂਫਾਨ ਬਣਕੇ ਸਰਹੰਦ ਵਲ ਵਧੇ। ਵੇਖਦੇ ਵੇਖਦੇ ਜ਼ਾਲਮਾਂ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਗਿਆ। ਸੰਨ 1927 ਤੱਕ "ਗੁਰੂ ਮਾਰੀ" ਸਰਹੰਦ ਦਾ ਇੱਟਾਂ ਮਲਬਾ ਉਵੇਂ ਉਜਾੜੇ ਦੀ ਯਾਦ ਦਵਾਉਂਦਾ ਰਿਹਾ। ਸਮੇਂ ਨੇ ਕਰਵਟ ਲਈ। ਰਾਜ ਬਦਲੇ, ਤਖ਼ਤ ਤਾਜ ਬਦਲੇ, ਕਾਨੂੰਨ ਬਦਲੇ ਤੇ ਸਿੱਖਾਂ ਦੇ ਸੁਭਾ ਬਦਲੇ। ਗੁਰੂ ਪਿਤਾ ਜੀਓ! ਸਿੱਖਾਂ ਦੀ ਇੱਕ ਚੁਣੀ ਹੋਈ ਜਥੇਬੰਦੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਹੋਂਦ ਵਿੱਚ ਆਈ। ਪਹਿਲਾਂ ਕੁੱਝ ਸਮਾਂ ਇਹਨਾਂ ਚੰਗਾ ਕੰਮ ਕੀਤਾ। ਫਿਰ ਗੰਦੀ ਰਾਜਨੀਤੀ ਹਾਵੀ ਹੁੰਦੀ ਗਈ। ਹੁਣ ਤਾਂ ਜੀ ਅੰਮ੍ਰਿਤਸਰ, ਅਨੰਦਪੁਰ, ਤਲਵੰਡੀ ਸਾਬੋ, ਚਮਕੌਰ, ਤੇ ਮੁਕਤਸਰ ਵਰਗੇ ਸਾਰੇ ਧਰਮ ਅਸਥਾਨ ਸਿਆਸਤ ਦੀ ਦਲਦਲ ਵਿੱਚ ਬੁਰੀ ਤਰ੍ਹਾਂ ਗਰਕ ਹੋ ਗਏ ਹਨ। ਆਹ ਨਿੱਕੇ ਸ਼ਹੀਦਾਂ ਦਾ ਅਸਥਾਨ ਜਿੱਥੇ ਬਹੁਤ ਭਾਰੀ ਸੰਗਤ ਹਰ ਸਾਲ ਜੁੜਦੀ ਹੈ, ਇੱਥੇ ਭੀ ਬੇਈਮਾਨ ਰਾਜਨੀਤਕਾਂ ਨੇ ਪੂਰੀ ਤਰ੍ਹਾਂ ਕਬਜ਼ਾ ਜਮਾ ਲਿਆ ਹੈ। ਕਦੀ ਥੋੜ੍ਹੀ ਜਿੰਨੀ ਵਿਹਲ ਕੱਢ ਕੇ ਆਓ ਤੇ ਖੁਦ ਵੇਖੋ। ਤੁਹਾਡੇ ਪੁੱਤਰਾਂ ਦੀ ਸੂਰਮਗਤੀ ਦੀਆਂ ਗਾਥਾਵਾਂ ਇੱਥੇ ਸੁਣਾਈ ਨਹੀਂ ਦਿੰਦੀਆਂ। ਰਾਜਸੀ ਲੋਕਾਂ ਦਾ ਕੂੜ ਕੁਫਰ ਸੁਣਨ ਨੂੰ ਮਿਲਦਾ ਹੈ। ਇੱਕ ਦੁਕਾਨ ਕਾਮਰੇਡਾਂ ਦੀ, ਆਹ ਦੂਜੀ ਕਾਂਗਰਸੀਆਂ ਦੀ। ਤੀਜੀ "ਭਾਜਪਾਈ" ਅਕਾਲੀਆਂ ਦੀ। ਚੌਥੀ "ਅੰਮ੍ਰਿਤਸਰੀ" ਅਕਾਲੀਆਂ ਦੀ। ਪੰਜਵੀਂ ਕਿਸੇ ਸਿੱਖ ਫੈਡਰੇਸ਼ਨ ਦੀ, ਛੇਵੀਂ "ਲੌਂਗੋਵਾਲੀਏ" ਅਕਾਲੀਆਂ ਦੀ। ਫਿਰ ਨਿਹੰਗਾਂ ਦੀ (ਕਈ ਕਿਸਮ ਦੇ ਨਿਹੰਗ) ਟਕਸਾਲੀਆਂ ਦੀ, ਨਾਨਕਸਰੀਆਂ ਦੀ, ਸਾਧਾਂ ਦੀ, ਸੰਤਾਂ ਦੀ...ਹੋਰ ਪਤਾ ਨਹੀਂ ਕੀਹਦੀ ਕੀਹਦੀ ? ਸਤਿਗੁਰੂ ਜੀ! ਇੱਥੇ "ਧਰਮੁ ਪੰਖ ਕਰਿ ਉਡਰਿਆ" ਵਾਲੀ ਹਾਲਤ ਪਰਤੱਖ ਵੇਖੀਦੀ ਹੈ।

ਉਹ ਠੰਢਾ ਬੁਰਜ ਜਿੱਥੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਕੈਦ ਕੀਤਾ ਗਿਆ, ਸਾਡੇ "ਅਪਣਿਆਂ" ਨੇ ਢਾਹ ਦਿੱਤਾ ਹੈ। ਜਿਸ ਦੀਵਾਰ ਵਿੱਚ ਚਿਣਿਆ ਗਿਆ ਸੀ ਉਸਦਾ ਨਿਸ਼ਾਨ ਤੱਕ ਨਹੀਂ ਰਿਹਾ। ਸ਼ਹੀਦੀ ਅਸਥਾਨ ਤੇ ਇਤਨੀ ਆਲੀਸ਼ਾਨ ਮਾਰਵਲ ਵਾਲੀ ਪੰਜ ਮੰਜਲੀ ਇਮਾਰਤ, ਵੇਖਕੇ ਸਿਰ ਚਕਰਾ ਜਾਂਦਾ ਹੈ। ਕੀ ਇਹ ਸ਼ਹੀਦੀ ਸਮਾਰਕ ਹੈ, ਜਾਂ ਖੁਸ਼ੀਆਂ ਖੇੜਿਆਂ ਵਾਲੀ ਇਮਾਰਤ ? ਕਮੇਟੀ ਵਾਲਿਆਂ ਤੇ "ਸੰਤਾਂ" ਨੇ ਪੂਰੀ ਸਾਜਿਸ਼ ਕੀਤੀ ਹੈ, ਸਾਰੇ ਪੁਰਾਤਨ ਚਿੰਨ੍ਹ ਮਿਟਾ ਦਿੱਤੇ ਹਨ। ਸਤਿਗੁਰੂ ਜੀ! ਆਖਰੀ ਗੱਲ ਦਸਦੇ ਖਤਮ ਕਰਨ ਲੱਗਿਆ ਹਾਂ। ਤੁਹਾਡੇ ਸੇਵਕਾਂ ਸਿੱਖਾਂ ਤੇ ਪੁੱਤਰਾਂ ਦੇ ਸ਼ਹੀਦੀ ਸਥਾਨ ਹੁਣ ਸਿੱਖਾਂ ਅੰਦਰ ਬਹਾਦਰੀ ਦਾ ਜੋਸ਼ ਨਹੀ ਭਰਦੇ। ਧਰਮ ਤੇ ਪਰਪੱਕ ਰਹਿਣ ਦੀ ਗਾਥਾ ਸੁਣਨ ਨੂੰ

ਨਹੀਂ ਮਿਲਦੀ। ਇਹਨਾਂ ਥਾਵਾਂ ਤੇ ਚੌਧਰਾਂ ਲਈ ਪੱਗਾਂ ਲੱਥਦੀਆਂ ਹਨ। ਸਿਰ ਪਾਟਦੇ ਹਨ ਮੁਕੱਦਮੇ ਚੱਲਦੇ ਹਨ। ਗੋਲਕਾਂ ਦੀ ਮਾਇਆਂ ਦੀ ਦੁਰਵਰਤੋਂ ਤਾਂ ਹੁਣ ਆਮ ਜਿਹੀ ਗੱਲ ਸਮਝੀ ਜਾਂਦੀ ਹੈ। ਪੰਥ ਦੀ ਚੜ੍ਹਦੀਕਲਾ ਵਾਸਤੇ ਇਸ ਚੜ੍ਹਤ ਦੀ ਵਰਤੋਂ ਨਹੀਂ ਹੁੰਦੀ। ਹੁਣ ਪੈਸਾ, ਰਾਜਨੀਤੀ ਤੇ ਵੋਟਾਂ ਪ੍ਰਾਪਤ ਕਰਨ ਵਾਸਤੇ, ਨਿਜੀ ਐਸ਼ ਪ੍ਰਸਤੀ ਵਾਸਤੇ, ਰੋਹੜਿਆ ਜਾਂਦਾ ਹੈ। ਜੇਕਰ ਤੁਹਾਡੇ ਦੋ ਤਿੰਨ ਪੁੱਤਰ ਹੋਰ ਹੁੰਦੇ, ਤੇ ਵੱਖੋ ਵੱਖਰੀ ਥਾਵੇਂ ਸ਼ਹੀਦੀ ਪਾਉਂਦੇ, ਤਾਂ ਅਸੀਂ ਕੁੱਝ ਸ਼ਹੀਦੀ ਸਥਾਨ ਗੁਰਦਵਾਰੇ ਹੋਰ ਬਣਾ ਲੈਂਦੇ। ਹੋਰ ਕਾਫ਼ੀ ਸਾਰਾ ਚੜ੍ਹਾਵਾ ਗੋਲਕ ਵਿੱਚ ਪੈ ਜਾਂਦਾ। ਅਸੀਂ ਉਸ ਪੂਜਾ ਦੇ ਧਾਨ ਨੂੰ ਆਪਣੇ ਨਿਜੀ ਮਨੋਰਥਾਂ ਲਈ ਵਰਤ ਲੈਂਦੇ। ਤੁਹਾਡੇ ਦੋ ਦੋ ਪੁੱਤਰ ਇੱਕ ਇੱਕ ਥਾਵੇਂ ਇੱਕਠੇ ਸ਼ਹੀਦ ਨਾ ਹੋ ਕੇ ਅਗਰ ਇਕੱਲੇ ਇਕੱਲੇ ਭੀ ਸ਼ਹੀਦ ਹੁੰਦੇ ਤਾਂ ਦੋ ਹੋਰ ਸ਼ਹੀਦੀ ਗੁਰਦਵਾਰੇ ਤਾਂ ਵੱਧ ਹੀ ਜਾਣੇ ਸੀ। ਸਤਿਗੁਰੂ ਜੀ ਮਾਤਾ ਗੁਜਰੀ ਜੀ ਨੂੰ ਅਸੀਂ ਘੱਟ ਹੀ ਯਾਦ ਕਰਦੇ ਹਾਂ। ਬੁੱਢੀਆਂ ਮਾਤਾਵਾਂ ਨੂੰ ਲੋਕੀਂ ਘੱਟ ਹੀ ਯਾਦ ਕਰਦੇ ਹਨ। ਮੁਕਤਸਰ ਦੇ ਸ਼ਹੀਦਾਂ ਦੀ ਤੀਜੀ ਸ਼ਹੀਦੀ ਸਤਾਬਦੀ ਭੀ ਸ਼ਾਇਦ ਕਦੇ ਇਸ ਤਰ੍ਹਾਂ ਹੀ ਮਨਾਈ ਜਾਵੇ। ਪਾਤਿਸ਼ਾਹ ਜੀ ਤੁਹਾਡੇ ਮਹਾਂ ਸੂਰਬੀਰ ਪੁੱਤਰਾਂ ਨੂੰ ਬਹੁਤ ਤੜਫਾਇਆ ਗਿਆ, ਬੜੇ ਖੌਫਨਾਕ ਤਸੀਹੇ ਦਿੱਤੇ ਗਏ। ਕੰਧਾਂ ਵਿੱਚ ਚਿਣੇ ਗਏ, ਤੇਸੀ ਕਰਨੀ ਦੀਆਂ ਸੱਟਾਂ ਮਾਰੀਆਂ ਗਈਆਂ। ਬੋਰਿਆਂ ਵਿੱਚ ਬੰਦ ਕਰਕੇ ਮਾਰਿਆ ਗਿਆ, ਘਸੀਟਿਆ ਗਿਆ। ਭੁੱਖੇ ਰੱਖੇ, ਪਿਆਸੇ ਰੱਖੇ, ਸਰਦੀ ਵਿੱਚ ਠਾਰੇ ਗਏ। ਅੰਤ ਜ਼ਾਲਮ ਛੁਰਾ ਲੈ ਛਾਤੀ ਤੇ ਚੜ੍ਹ ਬੈਠੇ। ਕੋਹ ਕੋਹ ਕੇ ਮਾਰਿਆ ਗਿਆ....। ਧੰਨ ਸਨ ਤੁਹਾਡੇ ਸਾਜੇ ਲਾਸਾਨੀ ਪੁੱਤਰ, ਰੋਏ ਨਹੀਂ, ਸੀ ਨਹੀਂ ਕੀਤੀ, ਅੱਖਾਂ ਵਿੱਚੋਂ ਹੰਝੂ ਨਹੀਂ ਕੇਰਿਆ। ਮਾਤਾ ਗੁਜਰੀ ਜੀ ਨੇ ਅਪਣਾ ਫਰਜ ਸਿਦਕਦਿਲੀ ਨਾਲ ਪੂਰਾ ਕੀਤਾ। ਵਿਰਲਾਪ ਨਹੀਂ ਕੀਤਾ, ਸ਼ੁਕਰਾਨੇ ਵਿੱਚ ਜੁੜ ਗਏ....। ਉਹ ਭੀ ਸੁਰਖਰੂ ਹੋਕੇ "ਜੋਤੀ ਜੋਤਿ" ਮਿਲ ਗਏ। ਸਿੱਖ ਅਖਵਾਉਣ ਵਾਲਿਆਂ ਦੀਆਂ ਮੰਦ ਕਰਤੂਤਾਂ, ਇਨਸਾਨੀਅਤ ਤੋਂ ਗਿਰੇ ਹੋਏ ਕੰਮ ਵੇਖਕੇ, ਹੁਣ ਇਹ ਸੂਰਮੇ ਜ਼ਰੂਰ ਰੋ ਰਹੇ ਹੋਣਗੇ। ਉਹਨਾਂ ਦੇ ਨੇਤਰਾਂ ਵਿੱਚੋਂ ਹੰਝੂ ਲਗਾਤਾਰ ਵਹਿ ਰਹੇ ਹੋਣਗੇ। ਤਿਨ੍ਹਾਂ ਦੀ ਰੂਹ ਬੇਚੈਨ ਹੋ ਵਿਲਕ ਰਹੀ ਹੋਵੇਗੀ। ਮਾਤਾ ਜੀ ਦੇ ਅਥਰੂ ਬੰਦ ਹੋਣ ਦਾ ਨਾਂ ਨਹੀਂ ਲੈਂਦੇ ਹੋਣਗੇ....।

ਸਤਿਗੁਰੂ ਜੀ ਗੰਗੂ ਨੇ ਬਹੁਤ ਵੱਡਾ ਬੱਜਰ ਪਾਪ ਕੀਤਾ ਬੇਦੋਸ਼ਿਆਂ ਨੂੰ ਗ੍ਰਿਫਤਾਰ ਕਰਵਾਇਆ। ਸੁੱਚਾ ਨੰਦ ਨੇ ਹੋਰ ਬਲਦੀ ਉਪਰ ਤੇਲ ਪਾਇਆ, ਸਾਜਿਸੀ ਚੁੱਕਣਾ ਦੇਦੇ ਕੇ। ਅਜਿਹੇ ਭਿਆਨਕ ਸਮੇਂ ਵਿੱਚ ਭੀ ਮੋਤੀ ਮਹਿਰਾ ਸੇਵਾ ਵਿੱਚ ਹਾਜ਼ਰ ਸੀ। ਇੱਕ ਖੁਦਾ ਪ੍ਰਸਤ ਮੁਸਲਮਾਨ ਮੁਹੰਮਦ ਸ਼ੇਰ ਖਾਨ (ਮਲੇਰਕੋਟਲਾ) ਸੱਚ ਦੀ ਆਵਾਜ਼ ਬੁਲੰਦ ਕਰ ਰਿਹਾ ਸੀ। ਭਾਈ ਟੋਡਰ ਮੱਲ ਵਰਗਾ ਸੇਵਕ ਆਪਣਾ ਸਭ ਕੁੱਝ ਵੇਚ ਕੇ ਸਸਕਾਰ ਲਈ ਥਾਂ ਖ੍ਰੀਦ

ਰਿਹਾ ਸੀ....। ਅੱਜ ਤਾਂ ਇੱਥੇ ਸੁਚਾਨੰਦ ਤੇ ਗੰਗੂਆਂ ਦੀਆਂ ਹੇੜਾਂ ਹਲਕੀਆਂ ਹੋਈਆਂ ਕਬਜ਼ਾ ਕਰੀ ਬੈਠੀਆਂ ਹਨ। ਵਜ਼ੀਰ ਖਾਨ ਦੀ ਪਾਪੀ ਰੂਹ ਲਗਦੈ ਸਿੱਖ ਸ਼ਕਲ ਵਾਲੇ ਲੀਡਰਾਂ ਵਿੱਚ ਮੁੜ ਪ੍ਰਗਟ ਹੋ ਗਈ ਹੈ। ਜੋ ਤੁਹਾਡੇ ਬੱਚਿਆਂ, ਸਾਹਿਬਜ਼ਾਦਿਆਂ ਨੂੰ ਕੋਹ ਕੋਹ ਕੇ ਮਾਰਿਆ ਜਾ ਰਿਹਾ ਹੈ। ਪਿਤਾ ਸਤਿਗੁਰੂ ਜੀ ਤੁਸੀਂ ਕਿਸੇ ਸਿੱਖ ਨੂੰ ਥਾਪੜਾ ਦੇ ਕੇ, ਸੂਝ ਸਿਆਣਪ ਤੇ ਸ਼ਕਤੀ ਬਖਸ਼ਕੇ, ਉਸ ਵਿੱਚ ਬੰਦਾ ਸਿੰਘ ਬਹਾਦਰ ਦੀ ਰੂਹ ਪ੍ਰਵੇਸ਼ ਕਰਵਾਕੇ ਇਹਨਾਂ ਪੰਥ ਦੋਖੀਆਂ ਨੂੰ ਸਿੱਧੇ ਰਾਹ ਪਾਉਣ ਲਈ ਘੱਲੋ। ਇਉ ਇਹਨਾਂ ਨੇ ਨਹੀਂ ਸੁਧਰਨਾ, ਛੇਤੀ ਬਹੁੜੀ ਕਰੋ।'' ਡੰਡਾ ਪੀਰ ਹੈ ਵਿਗੜਿਆ ਤਿਗੜਿਆਂ ਦਾ।

ਘਟ ਘਟ ਦੀ ਜਾਨਣ ਵਾਲੇ ਸਤਿਗੁਰੂ ਜੀ! ਤੁਸੀਂ ਚੌਥੇ ਜਾਮੇ ਵਿੱਚ ''ਚੱਕ ਰਾਮਦਾਸ'' ਵਸਾਉਣ ਦੀ ਸ਼ੁਰੂਆਤ ਕੀਤੀ ਸੀ। ਸਿੱਖਾਂ ਨੂੰ ਦੂਕਾਨ, ਵਪਾਰ, ਆਦਿ ਦੀ ਸਿੱਖਿਆ ਦੇਣ ਲਈ। ਤੁਹਾਡੀ ਮੇਹਰਬਾਨ ਅਗਵਾਈ ਵਿੱਚ ਚੱਕ ਰਾਮਦਾਸ ਤੇਜੀ ਨਾਲ ਉਭਰਿਆ, ਲਾਹੌਰ ਨੂੰ ਪਿਛਾਂਹ ਛੱਡ ਗਿਆ ਸਿੱਖ ਧਰਮ ਤੇ ਸਿੱਖ ਰਾਜਸੀ ਤਾਕਤ ਦਾ ਕੇਂਦਰ ਬਣ ਗਿਆ। ਇਸ ਅਸਥਾਨ ਨੇ ਬੜੇ ਮਾਰੂ ਹੱਲੇ ਆਪਣੇ ਪਿੰਡੇ ਤੇ ਹੰਢਾਏ। ਇਸ ਘੁੱਗ ਵਸਦੇ ਸ਼ਹਿਰ ਦੀ ਸ਼ੁਰੂਆਤੀ ਯਾਦ ਨੂੰ ਸਮਰਪਿਤ ਚਾਰ ਸੌ ਸਾਲਾਂ ਸ਼ਤਾਬਦੀ ਸੰਨ 1977 ਵਿੱਚ ਮਨਾਈ ਗਈ। ਪੰਜਾਬ ਵਿੱਚ ਤੇਰੇ ਅਖਵਾਉਣ ਵਾਲੇ ਸਿੱਖਾਂ (ਅਕਾਲੀਆਂ) ਦੀ ਸਰਕਾਰ ਸੀ। ਭਾਰਤ ਸਰਕਾਰ ਵਿੱਚ ਅਕਾਲੀਆਂ ਦੀ ਭਰਵੀਂ ਸ਼ਮੂਲੀਅਤ ਸੀ। ਪੂਰੀ ਸ਼ਾਨੋ ਸ਼ੌਕਤ ਨਾਲ ਇਨ੍ਹਾਂ ਜਸ਼ਨਾਂ ਦੀ ਤਿਆਰੀ ਕੀਤੀ ਗਈ। ਸਾਰੇ ਅੰਮ੍ਰਿਤ ਸਰ ਸ਼ਹਿਰ ਨੂੰ ਖੂਬ ਸਜਾਇਆ ਗਿਆ। ਸਮੁੱਚੀ ਪੰਜਾਬ ਸਰਕਾਰ ਪੱਬਾਂ ਭਾਰ ਸੀ। ਭਾਰਤ ਦਾ ਰਾਸ਼ਟਰਪਤੀ ਨੀਲਮ ਸੰਜੀਵਾ ਰੈਡੀ ਜੀ ਪੁੱਜ ਗਏ। ਪਰਧਾਨ ਮੰਤਰੀ ਮੋਰਾਰਜੀ ਡੇਸਾਈ, ਸਮੇਤ ਆਪਣੇ ਮੰਤਰੀਆਂ ਦੇ ਆਣ ਢੁੱਕਿਆ। ਦੁਨੀਆਂ ਅਤੇ ਦੇਸ਼ ਦੇ ਪੱਤਰਕਾਰ ਅਖਬਾਰਾਂ ਨੂੰ ਖਬਰਾਂ ਦੇਣ ਲਈ ਕਾਹਲੇ। ਦੇਸ਼ ਭਰ ਵਿੱਚੋਂ ਹਿੰਦੂ ਮੁਸਲਮਾਨ ਤੇ ਸਿੱਖ ਰਾਗੀਆਂ ਨੂੰ ਨਿਰਧਾਰਤ ਰਾਗਾਂ ਵਿੱਚ ਸ਼ਬਦ ਗਾਉਣ ਸੱਦਿਆ ਗਿਆ। ਸਤਿਗੁਰੂ ਜੀ! ਰਾਗ ਵਿੱਦਿਆ ਵਿੱਚ ਤਾਂ ਹਿੰਦੂ ਮੁਸਲਮਾਨ ਕੀਰਤਨੀਏ ਸਾਰੇ ਸਨਮਾਨ ਲੈ ਗਏ। ਸਿੱਖ ਕੇਵਲ ਵਾਜੇ ਵਜਾਉਂਦੇ ਹਨ, ਰਾਗ ਵਿੱਦਿਆ ਤੋਂ ਲੱਗਭੱਗ ਸੱਖਣੇ ਹੀ ਹਨ।

ਹੋਰ ਤਾਂ ਸਾਰੀਆਂ ਕਾਰਵਾਈਆਂ ਰਵਾਇਤੀ ਹੀ ਸਨ। ਇੱਕ ਗੱਲੋਂ ਇੱਕ ਵਿਅਕਤੀ ਆਪਣੇ ਪੂਰੇ ਜਾਹੋ ਜਲਾਲ ਵਿੱਚ ਸੀ। ਉਸਨੂੰ ਇੰਨਾ ਚਾਅ ਚੜ੍ਹਿਆ ਹੋਇਆ ਸੀ ਮਾਨੋ ਅੱਜ ਹੀ ਸਾਰੀ ਜ਼ਿੰਦਗੀ ਦਾ ਨਿਚੋੜ ਭਾਰਤ ਸਰਕਾਰ ਦੇ ਸਨਮੁੱਖ ਰੱਖ ਦੇਣਾ ਹੈ। ਸਟੇਜ ਸੈਕਟਰੀ ਬਲਵੰਤ ਸਿੰਘ ਨੇ ਜੱਕੋ ਤਕੀ ਮਗਰੋਂ ਨਾਮ ਬੋਲਿਆ। ''ਹੁਣ ਤੁਹਾਡੇ ਸਨਮੁੱਖ ਸਿਰਦਾਰ ਕਪੂਰ ਸਿੰਘ ਜੀ, ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜ਼ਮ ਵਿੱਚਾਰ ਰੱਖਣ ਲਈ

ਸਟੇਜ ਤੇ ਆ ਰਹੇ ਹਨ।" ਸ੍ਰ.ਜੀ ਨੇ ਆਪਣਾ ਲੈਕਚਰ ਇੰਗਲਿਸ਼ ਵਿੱਚ ਦੇਣਾ ਸ਼ੁਰੂ ਕੀਤਾ। ਜੋ ਕੁੱਝ ਇਸ ਤਰ੍ਹਾ ਦੇ ਭਾਵ ਵਾਲਾ ਸੀ- ਪ੍ਰਧਾਨ ਮੰਤਰੀ ਜੀ, ਅਤੇ ਭਾਰਤ ਸਰਕਾਰ ਵੱਲੋਂ ਪਧਾਰੇ ਸਾਰੇ ਸਤਿਕਾਰ ਯੋਗ ਸੱਜਨੋ! ਮੈਂ ਤੁਹਾਨੂੰ ਕੋਈ ਰਵਾਇਤੀ ਉਪਦੇਸ਼ ਦੇਣ ਨਹੀਂ ਆਇਆ। ਨਾ ਹੀ ਮੈਂ ਇੱਥੋਂ ਬੋਲਕੇ ਫੋਟੋਆਂ ਖਿਚਵਾਣ ਦੀ ਇੱਛਾ ਰੱਖਦਾ ਹਾਂ। ਤੁਸੀਂ ਸਾਰੇ ਭੀ ਇਤਨੇ ਅਣਜਾਣ ਨਹੀਂ ਹੋ ਕਿ ਇਸ ਸਮੇਂ ਤੁਹਾਨੂੰ ਕੁੱਝ ਸਿਖਾਇਆ ਜਾਵੇ। ਮੇਰਾ ਇਹ ਲੈਕਚਰ ਇੰਗਲਿਸ਼ ਵਿੱਚ ਇਸੇ ਲਈ ਬੋਲਿਆ ਜਾ ਰਿਹਾ ਹੈ ਤਾਂ ਕਿ ਭਾਰਤ ਸਰਕਾਰ ਦੇ ਜ਼ਿੰਮੇਵਾਰ ਵਿਅਕਤੀ ਅਤੇ ਦੁਨੀਆਂ ਭਰ ਦੇ ਪੱਤਰਕਾਰ ਇਸ ਨੂੰ ਸੌਖਿਆਂ ਸਮਝ ਸਕਣ। ਮੈਂ ਅੱਜ ਸੰਸਾਰ ਦੇ ਇਨਸਾਫ ਪਸੰਦ ਅਤੇ ਮਨੁੱਖਤਾ ਵੱਲੋਂ ਕੀਤੇ ਉਪਕਾਰਾਂ ਦੀ ਕੀਮਤ ਸਮਝਣ ਵਾਲੇ, ਸਾਰੇ ਨੇਕ ਇਨਸਾਨਾਂ ਨੂੰ ਮੁੜ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਸਿੱਖ ਕੋਈ ਵਿਸ਼ੇਸ਼ ਰਿਆਇਤ ਨਹੀਂ ਚਾਹੁੰਦੇ। ਕਿਸੇ ਦਾ ਹੱਕ ਖੋਹਣਾ ਭੀ ਨਹੀਂ ਚਾਹੁੰਦੇ। ਸਿੱਖਾਂ ਦੇ ਗੁਰੂਆਂ ਨੇ ਮਨੁੱਖਤਾ ਨੂੰ ਕਰਾਂਤੀਕਾਰੀ ਸੋਚ ਦਿੱਤੀ। ਦੱਬੇ ਕੁਚਲੇ ਲੋਕਾਂ ਦੇ ਹੱਕ ਵਿੱਚ ਚਟਾਨ ਵਾਂਗ ਖੜੇ ਹੋ ਗਏ। ਪੈਰਾਂ ਹੇਠ ਲਿਤਾੜੇ ਲੋਕਾਂ ਨੂੰ ਸਵੈਮਾਣ ਨਾਲ ਜਿਉਣ ਦੀ ਹਿੰਮਤ ਬਖਸ਼ੀ। ਭੂਤਰੇ ਹੋਏ ਜ਼ਾਲਮ ਹਾਕਮਾਂ ਨੂੰ ਲੰਮੀ ਜੰਗ ਲੜਕੇ, ਅਪਣਾ ਸਭ ਕੁੱਝ ਵਾਰਕੇ ਟਿਕਾਣੇ ਸਿਰ ਲਿਆਂਦਾ। ਇਸ ਦੇਸ਼ ਦੀ ਇੱਜ਼ਤ ਪੱਤ ਦੀ ਰਾਖੀ ਕੀਤੀ। ਉੱਜੜ ਚੁੱਕਿਆਂ ਨੂੰ ਮੁੜ ਤੋਂ ਵਸਣ ਜੋਗਾ ਕੀਤਾ। ਰਲ ਮਿਲਕੇ ਰਹਿਣ ਬਹਿਣ ਦੀ ਜਾਚ ਦੱਸੀ। ਮਿੱਟੀ ਵਿੱਚ ਮਿਲਾਈਆਂ ਜਾ ਰਹੀਆਂ ਹਿੰਦੂ ਰਹੁ ਰੀਤਾਂ ਦੀ ਖ਼ੂਨ ਬਹਾਕੇ ਰਾਖੀ ਕੀਤੀ। ਸਤਲੁਜ ਤੋਂ ਪੱਛਮ ਵਲ ਦਾ ਸਾਰਾ ਪੰਜਾਬ ਸਦਾ ਵਾਸਤੇ ਅਫਗਾਨਿਸਤਾਨ ਦਾ ਹਿੱਸਾ ਬਣਾ ਦਿੱਤਾ ਗਿਆ ਸੀ। ਇਹ ਲੱਖਾਂ ਵਰਗ ਮੀਲ ਦੀ ਜਰਖੇਜ ਜ਼ਮੀਨ ਕਾਬਲ ਨਾਲੋਂ ਤੋੜ ਕੇ ਭਾਰਤ ਨਾਲ ਜੋੜੀ, ਭਾਵੇਂ ਇਸ ਦੀ ਕਿੰਨੀ ਵੱਡੀ ਕੀਮਤ ਤਾਰਨੀ ਪਈ। ਦੁਨੀਆਂ ਵਿੱਚ ਇੰਨਾ ਕੀਮਤੀ ਤੋਹਫਾ ਅੱਜ ਤੱਕ ਕਿਸੇ ਨੇ ਦੂਜੇ ਨੂੰ ਨਹੀਂ ਦਿੱਤਾ।

ਗੋਰਿਆਂ ਤੋਂ ਦੇਸ਼ ਨੂੰ ਆਜ਼ਾਦ ਕਰਾਉਣ ਵਾਸਤੇ ਸਿੱਖਾਂ ਨੇ 80 ਪ੍ਰਤੀਸ਼ਤ ਤੋਂ ਵੱਧ ਕੁਰਬਾਨੀਆਂ ਕੀਤੀਆਂ। ਮੇਰੇ ਭਰਾਵਾਂ ਨੇ ਫੌਜ ਵਿੱਚ ਭਰਤੀ ਹੋਕੇ ਹਰ ਜੰਗ ਵਿੱਚ ਮੋਹਰੀ ਹੋ ਦੇਸ਼ ਦੀ ਰਾਖੀ ਕੀਤੀ। ਜਦੋਂ ਭਾਰਤਵਾਸੀ ਅੰਨ ਦੇ ਇੱਕ ਇੱਕ ਦਾਣੇ ਲਈ ਵਿਲਕ ਰਿਹਾ ਸੀ, ਤੇ ਭਾਰਤ ਦਾ ਨਾ ਅਹਿਲ ਮੰਤਰੀ ਬਦੇਸਾਂ ਵਿੱਚੋਂ ਕੇਵਲ ਭੀਖ ਮੰਗ ਕੇ ਡੰਗ ਟਪਾਉਣ ਦੀ ਅਹਿਮਕਾਨਾ ਕੋਸ਼ਿਸ਼ ਕਰ ਰਹੇ ਸਨ। ਉਸ ਵਕਤ ਪੰਜਾਬ ਦੇ ਮਿਹਨਤੀ ਕਿਸਾਨਾ ਨੇ ਦਿਨ ਰਾਤ ਇੱਕ ਕਰਕੇ ਬੜੀ ਸਮਝਦਾਰੀ ਨਾਲ ਕੰਮ ਕੀਤਾ। ਇਹਨਾਂ ਅੰਨ ਦੇ ਭੰਡਾਰ ਭਰ ਦਿਤੇ, ਰੱਖਣ ਲਈ ਥਾਂ ਨਾ ਰਹੀ। ਮੇਰਾ ਸਿੱਖ ਭਰਾ ਜਿੱਥੇ ਭੀ ਖੜਾ ਕੀਤਾ ਗਿਆ, ਉਸਨੇ ਪੂਰੀ ਵਫਾਦਾਰੀ ਨਾਲ ਆਪਣੀ ਡਿਊਟੀ ਨਿਭਾਈ। ਪਰ ਦੂਜੇ ਬੰਨੇ ਬੇਈਮਾਨੀ ਅਤੇ ਪਾਪ

ਕਰਮ ਦੀ ਚਰਮ ਸੀਮਾ ਦੇਖੋ। ਪੰਜਾਬ ਦੇ ’47 ਵਿੱਚ ਦੋ ਟੁਕੜੇ ਹੋਏ। ਸਿੱਖ ਲੱਖਾਂ ਤੋਂ ਕੱਖਾਂ ਦੇ ਹੋ ਗਏ, ਉਹਨਾਂ ਨੂੰ ਯੋਗ ਮੁਆਵਜਾ ਨਾਂ ਦਿੱਤਾ ਗਿਆ। ਬਦਨੀਤੀ ਨਾਲ ਪੰਜਾਬੀ ਬੋਲਦੇ ਇਲਾਕੇ ਹਿਮਾਚਲ ਤੇ ਹਰਿਆਣੇ ਨੂੰ ਦਿੱਤੇ ਗਏ। ਪੰਜਾਬੀ ਬੋਲੀ ਦਾ ਗਲਾ ਘੁੱਟਿਆ ਗਿਆ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਖੋਹ ਲਈ ਗਈ। ਪੰਜਾਬ ਦੇ ਪਾਣੀਆਂ ਨੂੰ ਦੋਵੇਂ ਹੱਥੀ ਲੁੱਟਿਆ ਗਿਆ। ਫਸਲਾਂ ਦਾ ਪੂਰਾ ਮੁੱਲ ਨਾ ਦਿੱਤਾ ਗਿਆ ਪੰਜਾਬ ਨੂੰ ਵੱਡੇ ਕਾਰਖਾਨੇ ਨਾ ਦਿੱਤੇ ਗਏ। ਸਿੱਖ ਨੌਜਵਾਨਾਂ ਨੂੰ ਫੌਜ ਵਿੱਚ ਭਰਤੀ ਕਰਨ ਤੇ ਕਟੌਤੀ ਲਾ ਦਿੱਤੀ ਗਈ। ਪਾਕਿਸਤਾਨ ਨਾਲ ਹੋਈਆਂ ਜੰਗਾਂ ਵਿੱਚ ਸਭ ਤੋਂ ਵੱਧ ਜਾਨੀ ਮਾਲੀ ਨੁਕਸਾਨ ਪੰਜਾਬ ਦਾ ਹੁੰਦਾ ਹੈ, ਪਰ ਉਸਦੀ ਪੂਰਤੀ ਕਦੀ ਨਹੀਂ ਕੀਤੀ ਗਈ। ਪੰਜਾਬ ਵਿੱਚ ਚੱਲ ਰਹੀਆਂ ਸੰਵਿਧਾਨਕ ਸਰਕਾਰਾਂ ਨੂੰ ਸਾਰੇ ਨਿਯਮਾਂ ਕਾਨੂੰਨਾਂ ਦੀ ਘੋਰ ਉਲੰਘਣਾ ਕਰਕੇ ਬਾਰ ਬਾਰ ਤੋੜਿਆ ਗਿਆ। ਜਦੋਂ ਸ੍ਰੀਮਤੀ ਗਾਂਧੀ ਨੇ (ਜੂਨ 1975) ਸਾਰੇ ਕਾਨੂੰਨ ਮਨਸੂਖ ਕਰ ਦਿੱਤੇ, ਦੇਸ਼ ਵਿੱਚ ਅੰਦਰੂਨੀ ਐਮਰਜੰਸੀ ਲਾ ਦਿੱਤੀ। ਸਾਰੇ ਦੇਸ਼ ਦੇ ਸਰਕਾਰ ਵਿਰੋਧੀ ਨੇਤਾ ਜੇਹਲਾਂ ਵਿੱਚ ਡੱਕ ਦਿੱਤੇ ਗਏ। ਉਸ ਵਕਤ ਸਾਰਾ ਦੇਸ਼ ਮੁਰਦਿਆਂ ਵਾਂਗ ਅਹਿੱਲ ਹੋ ਗਿਆ ਸੀ। ਪੰਜਾਬ ਦੇ ਸਿੱਖ ਵੀਰਾਂ (ਅਕਾਲੀਆਂ) ਨੇ ਇਸ ਜ਼ੁਲਮ ਦੇ ਵਿਰੁੱਧ ਡਟ ਜਾਣ ਦਾ ਫੈਸਲਾ ਕੀਤਾ। ਜੰਤਾ ਪਾਰਟੀ ਵਿੱਚ ਮਹੱਤਵਪੂਰਨ ਅਹੁਦਿਆਂ ਤੇ ਬਿਰਾਜਮਾਨ ਸਿਰ ਕੱਢਵੇਂ ਆਗੂ, ਜੋ ਤੁਸੀਂ ਮੇਰੇ ਸਾਹਮਣੇ ਬੈਠੇ ਹੋ, ਸਾਰੇ ਹੀ ਕਾਲ ਕੋਠੜੀਆਂ ਵਿੱਚ ਡੱਕੇ ਹੋਏ ਸੀ। ਤੁਸੀਂ ਤੇ ਤੁਹਾਡੇ ਪਾਰਟੀ ਵਰਕਰਾਂ ਨੇ ਸਰਕਾਰੀ ਜਬਰ ਅੱਗੇ ਗੋਡੇ ਟੇਕ ਦਿੱਤੇ ਸਨ। ਸਿੱਖਾਂ ਨੇ ਅਕਾਲ ਪੁਰਖ ਦਾ ਆਸਰਾ ਲੈ ਕੇ, ਐਮਰਜੰਸੀ ਵਿਰੁੱਧ ਜ਼ਬਰਦਸਤ ਰੋਸ ਪਰਗਟ ਕਰਦਿਆਂ ਗ੍ਰਿਫਤਾਰੀਆਂ ਦੇਣ ਦਾ ਰਾਹ ਅਖਤਿਆਰ ਕੀਤਾ। ਸ੍ਰੀਮਤੀ ਗਾਂਧੀ ਨੇ ਅਕਾਲੀਆ ਨਾਲ ਕੁੱਝ ਲੈ ਦੇ ਕੇ ਕਈ ਵਾਰ ਸਮਝੌਤੇ ਕਰਨ ਦੀ ਪੇਸ਼ਕਸ਼ ਕੀਤੀ। ਅਕਾਲੀ ਮੁਖੀਆਂ ਤੁਹਾਡਾ ਸਾਥ ਦਿੱਤਾ ਇੰਦਰਾ ਦਾ ਨਹੀਂ।

ਅੱਜ ਮੁੜ ਮੈਂ ਤੁਹਾਨੂੰ ਉਹ ਵਾਅਦੇ ਯਾਦ ਕਰਵਾਉਣ ਲੱਗਿਆ ਹਾਂ, ਜੋ ਤੁਹਾਡੇ ਵਡੇਰਿਆਂ ਨੇ ਸਾਡੇ ਪੁਰਖਿਆਂ ਨਾਲ ਪ੍ਰਮਾਤਮਾ ਨੂੰ ਹਾਜ਼ਰ ਨਾਜ਼ਰ ਜਾਣ ਕੇ ਕਸਮਾਂ ਖਾ ਕੇ ਨਿਭਾਣ ਦੇ ਪ੍ਰਣ ਕੀਤੇ ਸਨ, ਪਰ ਪੂਰੇ ਨਹੀਂ ਕੀਤੇ ਗਏ ਸਨ। ਸਿੱਖ ਪੰਥ ਭੀਖ ਮੰਗਣ ਦਾ, ਗੈਰਤ ਹੀਣ ਜ਼ਿੰਦਗੀ ਜਿਉਣ ਦਾ ਆਦੀ ਨਹੀਂ ਹੈ। ਤੁਸੀਂ ਅੱਜ ਸਮਰਥਾਵਾਨ ਹੋ, ਤੁਹਾਡੇ ਕੋਲ ਰਾਜਸੀ ਤਾਕਤ ਹੈ। ਸਿੱਖਾਂ ਨੂੰ ਵਿਸ਼ਵਾਸ ਵਿੱਚ ਲੈਣ ਲਈ, ਇਹਨਾਂ ਦੇ ਦੁਖੀ ਹਿਰਦਿਆਂ ਨੂੰ ਸ਼ਾਂਤ ਕਰਨ ਲਈ, ਘੋਰ ਬੇਇਨਸਾਫੀ ਦਾ ਖਾਤਮਾ ਕਰਨ ਲਈ, ਕੀਤੇ ਗਏ ਉਪਕਾਰਾਂ ਦਾ ਰਿਣ ਚੁਕਾਉਣ ਲਈ ਅੱਜ ਹੁਣੇ ਇਸੇ ਵਕਤ ਕੋਈ ਠੋਸ ਤੇ ਸਤਿਕਾਰਤ ਐਲਾਨ ਕਰੋ। ਇੱਥੇ ਤੁਸੀਂ ਕੇਵਲ ਸਰਕਾਰੀ ਜਸ਼ਨ ਮਨਾਉਣ ਨਹੀਂ ਆਏ। ਸਿੱਖ ਪੰਥ ਦਾ ਖੁੱਲ੍ਹੇ ਮਨ ਨਾਲ ਧੰਨਵਾਦ ਕਰਨ ਆਏ ਹੋ। ਦੱਸੋ ਕੀ ਐਲਾਨ ਕਰਕੇ ਸ਼ੁਕਰੀਆ ਅਦਾ ਕਰੋਗੇ ?”...ਸਾਰਿਆਂ ਦਾ ਧੰਨਵਾਦ। ਸਿਰਦਾਰ ਕਪੂਰ ਸਿੰਘ ਦੀ ਦੱਗਦੱਗ ਕਰਦੇ ਚਿਹਰੇ ਤੇ ਮਾਣ

ਭਰੇ ਅੰਦਾਜ਼ ਵਿੱਚ ਪੰਥਕ ਏਜੰਡਾ ਸੰਸਾਰ ਸਨਮੁੱਖ ਰੱਖਕੇ ਆਪਣੀ ਥਾਂ ਜਾ ਬਿਰਾਜੇ।

ਸਤਿਗੁਰੂ ਪਿਤਾ ਜੀ ਕੀ ਦਸਾਂ ? ਦੱਸਦਿਆਂ ਭੁੱਬਾਂ ਨਿਕਲਦੀਆਂ ਹਨ! ਤੁਹਾਡੇ ਇੱਕ ਦੋ ਪੁੱਤਰ ਅਖਵਾਣ ਵਾਲੇ ਸਿੱਖ, ਜਿਸ ਵਿੱਚ ਸ਼ਾਇਦ ਪਿਰਥੀ ਚੰਦ, ਸੁਚਾ ਨੰਦ ਜਾਂ ਗੰਗੂ ਦੀ ਰੂਹ ਪ੍ਰਵੇਸ਼ ਕਰ ਚੁੱਕੀ ਸੀ। ਇਸ ਦਾ ਨਾਮ ਸੀ ਬਲਵੰਤ ਸਿੰਘ (ਖਜ਼ਾਨਾ ਮੰਤਰੀ) ਜੋ ਸਟੇਜ ਸਕੱਤਰ ਸੀ। ਇਸ ਨੇ ਮਾਈਕ ਹੱਥ ਵਿੱਚ ਲੈ ਕੇ ਬੜੀ ਬੇਹਯਾਈ ਨਾਲ ਹਿਮਾਲਾ ਪਰਬਤ ਜਿੱਡਾ ਘਿਰਣਤ ਪਾਪ ਕਰਦਿਆਂ ਆਖ ਦਿੱਤਾ– "ਇਹ ਭਾਸ਼ਣ ਜੋ ਤੁਸੀਂ ਹੁਣੇ ਸੁਣਿਆ ਹੈ, ਇਸਦਾ ਅਕਾਲੀ ਦਲ ਨਾਲ ਕੋਈ ਸਬੰਧ ਨਹੀਂ ਹੈ। ਇਹ ਇਹਨਾਂ ਦੇ ਨਿਜੀ ਵਿਚਾਰ ਅਤੇ ਨਿੱਜੀ ਗਿਲੇ ਸ਼ਿਕਵੇ ਹਨ। ਅਸੀਂ ਬਿਨਾਂ ਕੋਈ ਅਹਿਸਾਨ ਜਤਾਏ ਜੰਤਾ ਪਾਰਟੀ ਜਾਂ ਭਾਰਤ ਸਰਕਾਰ ਨੂੰ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹਾਂਗੇ।" ਸਿਰਦਾਰ ਜੀ ਦੇ ਬੁੱਲ ਫਰਕੇ, ਚਿਹਰੇ ਦਾ ਰੰਗ ਪੀਲਾ ਪੈ ਗਿਆ, ਅੱਖਾਂ ਵਿੱਚੋਂ ਚਿੰਗਿਆੜੇ ਨਿਕਲਦੇ ਪ੍ਰਤੀਤ ਹੋਏ। ਰੋਸ ਪ੍ਰਗਟ ਕਰਦਿਆਂ ਉਠ ਕੇ ਬਾਹਰ ਚਲੇ ਜਾਣ ਲਈ ਖੜ੍ਹੇ ਹੋਏ, ਸਰੀਰ ਕੰਬਣ ਲੱਗਿਆ ਧੜੰਮ ਕਰਕੇ ਡਿੱਗ ਪਏ। ਸਹਾਰਾ ਦੇ ਕੇ ਕੁਰਸੀ ਤੇ ਬਿਠਾਇਆ। ਪਾਣੀ ਮੂੰਹ ਨੂੰ ਲਾਇਆ, ਜ਼ਰਾ ਠੀਕ ਹੋਣ ਤੇ, ਬਲਵੰਤ ਸਿੰਘ ਨੂੰ ਲਾਹਣਤਾਂ ਪਾਉਂਦੇ ਬਾਹਰ ਚਲੇ ਗਏ। ਪਿਤਾ ਜੀ ਤੁਹਾਡੇ ਅਕਾਲੀ ਪੁੱਤਰਾਂ ਦੀ ਜ਼ੁਬਾਨ ਨੂੰ ਭੀ ਤਾਲੇ ਲੱਗੇ ਰਹੇ। ਬਲਵੰਤ ਸਿੰਘ ਉਸੇ ਤਰ੍ਹਾ ਮੰਤਰੀ ਬਣਦਾ ਰਿਹਾ, ਕਪੂਰ ਸਿੰਘ ਉਸੇ ਤਰ੍ਹਾ ਵਿਲਕਦਾ ਰਿਹਾ। ਲੀਡਰ ਲੋਕ ਪੰਥ ਦਾ ਮਾਸ ਨੋਚਦੇ ਰਹੇ। ਭਾਰਤ ਸਰਕਾਰ ਦੇ ਹਿੰਦੂ ਲੀਡਰ ਇਹ ਤਮਾਸ਼ਾ ਵੇਖਕੇ ਮੁਸ਼ਕੜੀਏ ਹਸਦੇ, ਬਿਨਾਂ ਕੁੱਝ ਦਿੱਤਿਆਂ ਵਾਪਸ ਪਰਤ ਗਏ।

ਸਤਿਗੁਰੂ ਜੀ ਮੁਆਫ ਕਰਨਾ! ਮੈਂ ਕੁੱਝ ਜ਼ਿਆਦਾ ਹੀ ਭਾਵੁਕ ਹੋ ਗਿਆ ਸੀ। ਤੁਸੀਂ ਤਾਂ ਜਾਣੀ ਜਾਣ ਹੋ। ਕਿਰਪਾ ਕਰਕੇ ਸਾਨੂੰ ਕੁੱਝ ਸੁਮੱਤ ਦਿਓ ਤਾਂਕਿ ਤੁਹਾਡੀਆਂ ਸ਼ਤਾਬਦੀਆਂ ਮਨਾਉਣ ਦੀ ਸਾਨੂੰ ਸੋਝੀ ਆ ਜਾਵੇ। ਨਹੀਂ ਤਾਂ ਹੁਣ ਤੱਕ ਕਾਵਾਂ ਰੌਲੀ ਹੀ ਪੈਂਦੀ ਰਹੀ ਹੈ।

ਸਤਿਕਰਤਾਰ ਬਾਬਾ ਜੀ! ਪੈਰੀਂ ਪਵਣਾ ਪਰਵਾਨ ਕਰਨਾ ਜੀ।

ਤੁਹਾਡਾ ਇੱਕ ਮਾਮੂਲੀ ਜਿਹਾ ਸੇਵਕ .....

ਪੰਥਕ ਬੇੜਾ ਗਰਕ ਕਰਨ ਲਈ ਕੀ ਇਹ ਕੁੱਝ ਕਾਫ਼ੀ ਨਹੀਂ ਹੈ।

# ਨਾਮ ਸਿਮਰਣ - ਇੱਕ ਜੀਵਨ ਜਾਂਚ

ਜਦੋਂ ਭੀ ਗੁਰਬਾਣੀ ਦਾ ਪਾਠ ਕਰੀਏ/ਸੁਣੀਏ, ਤਾਂ ਇੱਕ "ਸ਼ਬਦ" ਬਾਰ ਬਾਰ ਦੁਹਰਾਇਆ ਗਿਆ ਸਾਹਮਣੇ ਆਉਂਦਾ ਹੈ। ਕੋਈ ਬਾਣੀ ਕੋਈ ਪੰਨਾ ਪੜ੍ਹ ਵੇਖੀਏ ਤਾਂ ਫਿਰ ਉਹੀ ਦੁਹਰਾ –"ਨਾਮ ਸਿਮਰਣ"। ਇਹ ਨਾਮ ਅਤੇ ਸਿਮਰਣ ਜਦੋਂ ਕਿਸੇ ਸਾਧ ਕੋਲੋਂ ਪੁੱਛੀਏ ਤਾਂ ਉਹ ਗੁਰਬਾਣੀ ਵਿੱਚੋਂ ਕੋਈ ਪੰਕਤੀ ਜਾਂ ਪੂਰਾ ਸ਼ਬਦ ਰਟਣ ਲਈ ਦੇ ਦਿੰਦਾ ਹੈ। ਆਖੇਗਾ ਕਿ ਇਸ ਦਾ ਪੜ੍ਹੀ ਜਾਣਾ ਹੀ "ਸਿਮਰਣ ਜਾਂ ਨਾਮ ਹੈ"। ਕੁੱਝ ਇੱਕ ਜਥੇਬੰਦੀਆਂ ਨੇ "ਨਾਮ ਸਿਮਰਣ" ਦੀਆਂ ਵਿਧੀਆਂ, ਵਕਤ, ਸਥਾਨ ਅਤੇ ਇਸ ਤੋਂ ਹੋਣ ਵਾਲੀਆਂ ਪ੍ਰਾਪਤੀਆਂ ਦੱਸਣ ਲਈ ਦੁਕਾਨਦਾਰੀਆਂ ਭੀ ਚਲਾ ਲਈਆਂ ਹਨ। ਇਸ ਚੱਕਰਵਿਊ ਵਿੱਚ ਫਸਣ ਵਾਲੇ, ਸਦਾ ਹੀ ਫਸਣ ਲਈ ਤਿਆਰ ਬਰ ਤਿਆਰ ਹੁੰਦੇ ਹਨ। ਕਈ ਸਾਰੇ ਲੋਕ ਤੇ ਜਥੇਬੰਦੀਆਂ "ਸਰਬ ਰੋਗ ਕਾ ਅਉਖਦੁ ਨਾਮੁ" (ਸੁਖਮਨੀ–9–5) ਵਾਲੀ ਇੱਕ ਪੰਕਤੀ ਦੇ ਮਨਮਰਜ਼ੀ ਵਾਲੇ ਅਰਥ ਕੱਢਕੇ ਰੋਗੀਆਂ ਦਾ "ਮਾਨਸਿਕ ਇਲਾਜ" ਕਰਨ ਵਰਗੀ ਭਾਰੀ ਅਵੱਗਿਆ ਕਰ ਰਹੇ ਹਨ। ਜੇ ਕੋਈ ਇਹ ਦਾਹਵਾ ਕਰੇ ਕਿ ਦੇਖੋ ਜੀ, ਕਿੰਨੇ ਸਾਰੇ ਵਿਅਕਤੀਆਂ ਦਾ "ਰੋਗ" ਹਟ ਗਿਆ ਹੈ। ਅਜਿਹੇ ਕਮਜ਼ੋਰ ਮਨ ਵਾਲੇ ਲੋਕਾਂ ਦਾ "ਬਣਾਵਟੀ" ਰੋਗ ਸੁਆਹ ਦੀ ਚੁਟਕੀ ਲੈਕੇ ਭੀ ਹਟ ਜਾਂਦਾ ਹੈ। ਧਾਗਾ ਤਵੀਤ ਲੈ ਕੇ ਭੀ, ਹਥੌਲਾ ਕਰਵਾ ਕੇ ਭੀ, ਮੜ੍ਹੀਆਂ ਕਬਰਾਂ ਤੇ ਨੱਕ ਰਗੜ ਕੇ ਭੀ "ਰੋਗ ਮੁਕਤ" ਹੋ ਜਾਂਦੇ ਹਨ। ਅਜਿਹੇ ਕਮਜ਼ੋਰ ਲੋਕ ਹੀ ਭੂਤਾਂ ਪ੍ਰੇਤਾਂ ਦਾ ਸ਼ਿਕਾਰ ਹੋ ਜਾਂਦੇ ਹਨ, ਫਿਰ ਪਾਖੰਡੀ ਡੇਰੇਦਾਰਾਂ ਕੋਲੋਂ ਭੂਤ ਕਢਵਾਉਂਦਿਆਂ ਭਾਰੀ ਆਰਥਿਕ ਤੇ ਸਰੀਰਕ ਸੋਸ਼ਣ ਕਰਵਾਉਂਦੇ ਹਨ। ਇਹਨਾਂ ਭੋਲੇ ਪੰਛੀਆਂ (ਅਗਿਆਨੀ ਸਰਧਾਲੂਆਂ) ਨੂੰ ਫਾਹੁਣ ਲਈ ਥਾਂ ਥਾ ਸ਼ਿਕਾਰੀ ਜਾਲ ਵਿਛਾਈ ਬੈਠੇ ਹਨ।

ਗੁਰਬਾਣੀ ਨੇ ਡੰਕੇ ਦੀ ਚੋਟ ਨਾਲ ਇਸ ਪਾਖੰਡ ਜਾਲ ਨੂੰ ਪੂਰਨ ਤੌਰ ਤੇ ਰੱਦ ਕੀਤਾ ਹੈ। ਜੇ ਕੁੱਝ ਇੱਕ ਪੰਗਤੀਆਂ ਰਟਣ ਕਰਨ ਨਾਲ, ਸਾਰੇ ਕਾਰਜ ਰਾਸ ਆਉਂਦੇ ਹੋਣ, ਤਾਂ ਕਿਸੇ ਨੂੰ ਮਿਹਨਤ ਕਰਨ ਦੀ ਉੱਕਾ ਹੀ ਜ਼ਰੂਰਤ ਨਹੀਂ ਹੈ। ਵੱਡੇ ਵੱਡੇ ਖੋਜ ਕੇਂਦਰ, ਹਸਪਤਾਲ, ਮੈਡੀਕਲ ਕਾਲਜ, ਦਵਾਈਆਂ, ਮਹਿੰਗੇ ਇਲਾਜ ਤੇ ਫਿਰ ਭੀ ਅਨੰਤ ਮੌਤਾਂ ? ਜੇ ਨਾਮ ਸਿਮਰਨ (ਮੰਤਰਜਾਪ) ਨਾਲ ਸਾਰੇ ਰੋਗ ਕੱਟੇ ਜਾ ਸਕਦੇ, ਫਿਰ ਤਾਂ ਇਹ ਕੰਮ ਬਹੁਤ ਸੁਖਾਲਾ ਸੀ। "ਹਿੰਗ ਲੱਗੇ ਨਾ ਫਟਕੜੀ ਰੰਗ ਭੀ ਚੋਖਾ।" ਦਸ ਗੁਰੂ ਸਹਿਬਾਨ ਸਰੀਰ ਕਰਕੇ ਸਾਥੋਂ ਵਿਦਾ ਹੋ ਗਏ। ਗੁਰੂ ਅੰਗਦ ਸਾਹਿਬ ਕੇਵਲ 48 ਕੁ ਸਾਲ

ਵਿੱਚ। ਚੌਥੇ ਪਾਤਿਸ਼ਾਹ 47 ਸਾਲ ਦੀ ਉਮਰ ਵਿੱਚ। ਛੇਵੇਂ ਨਾਨਕ 48 ਸਾਲ, ਸਤਵੇਂ ਪਾਤਿਸ਼ਾਹ ਇੱਕੱਤੀ ਸਾਲ, ਤੇ ਅੱਠਵੇਂ ਨਾਨਕ ਸਿਰਫ ਸਾਢੇ ਕੁ ਅੱਠ ਸਾਲ ਦੇ ਸਨ ਜਦੋਂ ਜੋਤੀ ਜੋਤ ਸਮਾ ਗਏ। ਉਹ ਬਹੁਤ ਅਕਲ ਵਾਲੇ ਸਨ, ਬੜੇ ਹੀ ਪਰਉਪਕਾਰੀ ਸਨ। ਸਰੀਰਕ ਜਾਮੇ ਵਿੱਚ ਹੋਰ ਲੰਮਾ ਸਮਾਂ ਜੀਵਤ ਰਹਿ ਕੇ ਮਨੁੱਖ ਮਾਤਰ ਦੀ ਬਹੁਪੱਖੀ ਕਲਿਆਣ ਕਰ ਸਕਦੇ ਸਨ। ਜਿਸ ਮੰਤਰ/ਸ਼ਬਦ ਨੂੰ ਵਿਸ਼ੇਸ਼ ਵਿਧੀਆਂ ਨਾਲ, ਗੁਪਤ ਤਰੀਕੇ ਚਾਹੇ ਉਚੀ ਉਚੀ ਰਟਿਆ ਜਾ ਰਿਹਾ ਹੈ। ਆਸ ਕੀਤੀ ਜਾ ਰਹੀ ਹੈ ਕਿ ਇਸ ਤਰ੍ਹਾਂ ਸਾਰੇ ਰੋਗ ਨਵਿਰਤ ਹੋ ਜਾਣਗੇ। ਦੁਨੀਆ ਭਰ ਦੀਆਂ ਖੁਸ਼ੀਆਂ ਆ ਜਾਣਗੀਆਂ। ਜਿਨ੍ਹਾਂ ਗੁਰੂ ਸਹਿਬਾਨਾਂ ਨੇ ਬਾਣੀ ਦੀ ਰਚਨਾ ਕੀਤੀ, "ਨਾਨਕ ਰੂਪ" ਹੋ ਕੇ ਵਿਚਰੇ, ਉਹਨਾਂ ਦੁੱਖਾਂ ਦੀ ਨਵਿਰਤੀ ਲਈ ਅਜਿਹਾ ਕੋਈ ਚਲੀਹਾ ਕੱਟਿਆ ਹੋਵੇ, ਮਾਲਾਵਾਂ ਘੁਮਾਈਆਂ ਹੋਣ, ਉਮਰ ਲੰਮੀ ਕਰਨ ਵਾਸਤੇ ਤਰਲੇ ਕੱਢੇ ਹੋਣ। ਇਸ ਤਰ੍ਹਾ ਦਾ ਕੋਈ ਬਿਰਤਾਂਤ ਇਤਿਹਾਸ ਵਿੱਚ ਨਹੀਂ ਮਿਲਦਾ। ਫਿਰ ਅੱਜ ਦੇ ਸਿੱਖ ਇਨੇ ਨਾਸਮਝ ਕਿਵੇਂ ਬਣ ਗਏ, ਕਿ ਮੰਤਰ ਜਾਪਾਂ ਨੂੰ, ਚੌਂਕੜੇ ਮਾਰ ਕੇ, ਦੋ ਚਾਰ ਘੰਟੇ ਬੈਠਣ ਨੂੰ, ਸਿਮਰਨ ਮੰਨੀ ਬੈਠੇ ਹਨ ? "ਸਰਬ ਰੋਗ ਕਾ ਅਉਖਦ ਨਾਮੁ" ਪ੍ਰਚਾਰਨ ਵਾਲੇ, ਜ਼ਰਾ ਕੁ ਸਿਰ ਪੀੜ ਹੋਣ ਤੇ, ਚੰਗੇ ਡਾਕਟਰਾਂ ਤੇ ਵੱਡੇ ਹਸਪਤਾਲਾਂ ਵੱਲ ਨੂੰ ਦੌੜਦੇ ਪਲ ਭਰ ਦੇਰ ਨਹੀਂ ਲਾਉਂਦੇ। ਵੱਡੇ ਵੱਡੇ "ਨਾਮੀ ਸੰਤ" ਆਮ ਮਰੀਜਾਂ ਵਾਂਗ ਮਹੀਨਿਆਂ ਬੱਧੀ, ਹਸਪਤਾਲਾਂ ਵਿੱਚ ਅੱਡੀਆਂ ਰਗੜਦੇ ਖੁਦ ਵੇਖੇ ਹਨ। ਭਿੰਡਰਾਂ ਟਕਸਾਲ ਵਾਲਿਆਂ ਦਾ ਇੱਕ ਮੁਖੀ (ਗਿ: ਗੁਰਬਚਨ ਸਿੰਘ) ਤੇਰਾਂ ਸਾਲ ਤੱਕ, ਕਸ਼ਟ ਭੋਗਦਾ ਰਿਹਾ ਸੀ (ਹਵਾਲਾ-ਖੰਡੇਧਾਰ, 8-03) ਸੁਆਹ ਦੀ ਚੁਟਕੀ (ਪੁੜੀ) ਨਾਲ ਸਾਰੇ ਰੋਗ ਨਵਿਰਤ ਕਰਨ ਦੇ ਦਾਹਵੇਦਾਰ, ਸੁਆਹ ਵਿੱਚ ਦਵਾਈ ਪੀਸ ਕੇ ਮਿਲਾ ਰੱਖਦੇ ਹਨ। ਨਾਸਮਝ ਸ਼ਰਧਾਲੂ ਸਮਝ ਲੈਂਦੇ ਹਨ ਕਿ ਬਾਬੇ ਦੀ ਸੁਆਹ ਹੀ ਕਰਾਮਾਤੀ ਹੈ।

ਗੁਰੂ ਅਰਜਨ ਸਾਹਿਬ ਜੀ ਸੋਰਠਿ ਰਾਗ ਦੇ ਇੱਕ ਸ਼ਬਦ ਵਿੱਚ, ਇੱਕੋ ਥਾਂ ਸਾਰੇ ਪਾਖੰਡ ਕਰਮ ਦੇ ਬਖੀਏ ਉਧੇੜ ਕੇ ਰੱਖ ਦਿੰਦੇ ਹਨ। ਪਾਠ ਜਾਪ, ਜੋਗ ਆਸਣ, ਮੋਨ, ਕੱਪੜਾ ਭਾਂਡਾ ਤਿਆਗ ਦੇਣਾ, ਉਮਰ ਭਰ ਘੁੰਮਦੇ ਰਹਿਣਾ, ਆਦਿ ਅਨੇਕ ਕੂੜ ਕਾਰਜ, ਕਿਸੇ ਲੇਖੇ ਵਿੱਚ ਨਹੀਂ ਹਨ। ਸਤਿਗੁਰੂ ਕੇਂਦਰੀ ਵਿਚਾਰ (ਰਹਾਉ ਵਾਲਾ ਬੰਦ) ਇਹ ਬਖਸ਼ਿਸ਼ ਕਰਦੇ ਹਨ; ਹੇ ਪ੍ਰਭੂ! ਮੈਨੂੰ ਉੱਚੀ ਮੱਤ ਦੇਵੀਂ, ਮੈਂ ਸਾਰੇ ਆਸਰੇ ਛੱਡ ਕੇ ਕੇਵਲ ਤੇਰੀ ਸ਼ਰਨ ਤੱਕੀ ਹੈ। ਵਾਕ ਹਨ -

**ਪਿਆਰੇ ਇਨ ਬਿਧਿ ਮਿਲਣੁ ਨ ਜਾਈ, ਮੈ ਕੀਏ ਕਰਮ ਅਨੇਕਾ॥**
**ਹਾਰਿ ਪਰਿਓ ਸੁਆਮੀ ਕੈ ਦੁਆਰੈ, ਦੀਜੈ ਬੁਧਿ ਬਿਬੇਕਾ॥ ਰਹਾਉ॥ (641)**

**ਪਾਠ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥**
**ਪੰਚ ਜਨਾ ਸਿਉਸੰਗੁ ਛੁਟਕਿਓ ਅਧਿਕ ਅਹੰਬੁਧਿ ਬਾਧੇ॥**
**ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥**
**ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥ ਰਹਾਉ॥**
**ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ॥**
**ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ॥**
**ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ॥**
**ਮਨ ਕੀ ਮੈਲ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ॥**
**ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ॥**
**ਪੂਜਾ ਅਰਚਾ ਬੰਦ ਨ ਡੰਡਾਉਤ ਖਟੁ ਕਰਮਾ ਰਤੁ ਰਹਤਾ॥**
**ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ॥ ....(641)**

– ਗਾਵਨਿ ਤੁਧਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥ (ਜਪੁ)

ਗੁਰਦਵਾਰਿਆਂ ਵਿੱਚ ਕਈ ਹਜ਼ਾਰ ਪਾਠ ਹਰ ਰੋਜ਼ ਸ਼ੁਰੂ ਹੁੰਦੇ ਹਨ, ਕਈ ਹਜ਼ਾਰ ਪਾਠਾਂ ਦੇ ਨਿਤ ਭੋਗ ਪੈਂਦੇ ਹਨ। ਅਖੰਡ ਪਾਠ, ਸਹਿਜ ਪਾਠ, ਸੰਪਟ ਪਾਠ, ਅਤੀ ਸੰਪਟ ਪਾਠ, ਮੋਨ ਪਾਠ, ਸੁਖਮਨੀ ਪਾਠ, ਆਪੋ ਆਪਣਾ ਨਿਤਨੇਮ ਪਾਠ, ਨਗਰ ਕੀਰਤਨ, ਤੇ ਕੀਰਤਨ ਦਰਬਾਰ। ਇੰਨੇ ਸਾਰੇ ਪਾਠ ਨਿਰੰਤਰ ਹੋਣ ਦੇ ਬਾਵਜੂਦ ਭੀ ਦੁਨੀਆ ਵਿੱਚ ਕਲਹ ਕਲੇਸ ਨਹੀਂ ਮਿਟੇ। ਸੰਸਾਰ ਦੀ ਗੱਲ ਨਾ ਸਹੀ ਸਿੱਖਾਂ ਦੇ ਦੁੱਖਾਂ ਦੀ ਨਵਿਰਤੀ ਤਾਂ ਝੱਟਪੱਟ ਹੋ ਜਾਣੀ ਚਾਹੀਦੀ ਸੀ। ਸਦ ਅਫਸੋਸ, ਸਿੱਖ ਸਮਾਜ ਭੀ ਪ੍ਰੇਸ਼ਾਨੀਆਂ ਵਿੱਚ ਵਿਲਕ ਰਿਹਾ ਹੈ। ਅਸਲ ਗੱਲ ਸੀ ਕੁਦਰਤ ਦੇ ਕਾਨੂੰਨ ਨੂੰ ਸਮਝਣ ਦੀ। ਵਿਕਾਰਾਂ ਅਤੇ ਵਾਸ਼ਨਾਵਾਂ ਤੇ ਕਾਬੂ ਪਾ ਕੇ, ਸੰਜਮ ਵਾਲਾ ਨੇਕ ਜੀਵਨ ਬਤੀਤ ਕਰਨ ਦੀ। ਪਰ ਅਜਿਹਾ ਨਹੀਂ ਹੋਇਆ, ਸਗੋਂ ਅਖੌਤੀ ਧਾਰਮਕ ਆਗੂ, ਭੋਲੀ ਲੁਕਾਈ ਨੂੰ ਕੁਰਾਹੇ ਭੀ ਪਾ ਰਹੇ ਹਨ ਤੇ ਦੋਵੇਂ ਹੱਥੀਂ ਲੁੱਟ ਭੀ ਰਹੇ ਹਨ।

ਪੰਜਾਬ ਵਿੱਚ "ਰਾਧਾ ਸੁਆਮੀ" ਡੇਰਾ (ਬਿਆਸ) ਪਿਛਲੇ ਸਵਾ ਕੁ ਸੌ ਸਾਲ ਤੋਂ "ਨਾਮ ਦਾਨ" ਆਲਤੀ ਪਾਲਤੀ ਆਸਣ ਆਦਿ ਕਰਵਾਉਂਦਾ ਆ ਰਿਹਾ ਹੈ। ਇਹਨਾਂ ਵਿੱਚੋਂ ਰੁੱਸ ਕੇ ਗਿਆ "ਸ਼ਾਹ ਮਸਤਾਨਾ, ਸਿਰਸੇ ਵਿਖੇ ਡੇਰਾ "ਸੱਚਾ ਸੌਦਾ" ਵੱਖਰਾ ਬਣਾਉਣ ਵਿੱਚ ਕਾਮਯਾਬ ਹੋ ਗਿਆ। ਜਿਵੇਂ ਕਿ ਡੇਰੇਦਾਰ ਸਾਧਾਂ ਦੀ ਖਾਸੀਅਤ ਹੀ ਹੈ, ਸਰਕਾਰ ਨਾਲ ਮਿਲਕੇ ਚੱਲਣਾ, ਲੋਕਾਂ ਵਿੱਚੋਂ ਮਰਦਾਉਪੁਣਾ (ਕਰਾਂਤੀਕਾਰੀ ਤੱਤ) ਖਤਮ ਕਰਨਾ। ਜ਼ੁਲਮ ਵਿਰੁੱਧ ਉੱਚਾ ਸਾਹ ਤੱਕ ਨਾ ਲੈਣਾ, ਸਵੈਮਾਣ ਮਿੱਟੀ ਵਿੱਚ ਮਿਲਾ ਕੇ "ਬੰਦੇ

ਦਾ ਬੰਦਾ'' ਬਣਾ ਕੇ, ਪੈਰ ਪੂਜਵਾਉਣੇ ਤੇ ਜੂਠ ਤੱਕ ਖਵਾਉਣੀ। ਕਮ ਅਕਲ ਤੇ ਬੇਗੈਰਤ ਬਣ ਚੁੱਕੇ ਲੋਕਾਂ ਨੂੰ ਸਰਕਾਰ ਭੀ ਤੇ ਡੇਰੇਦਾਰ ਭੀ, ਰਲਕੇ ਲੁੱਟਦੇ ਹਨ। ਇਹ ਪਿਛਲੱਗ ਬਣ ਚੁੱਕੇ ਲੋਕ ਸਿਰ ਸੁੱਟਕੇ ਜਿਉਣ ਦੇ ਆਦੀ ਬਣ ਜਾਂਦੇ ਹਨ। ਆਪਣੇ ਸੇਵਕਾਂ ਦੇ ਦੁੱਖਾਂ ਦੀ ਨਵਿਰਤੀ ਵਾਸਤੇ ਰਾਧਾ ਸੁਆਮੀ ਬਾਬੇ ਮੰਤਰ ਦੀ ਬਖਸ਼ਿਸ਼ ਕਰਦੇ ਹਨ। ਅੱਗੋਂ ਸ਼ਰਤ ਇਹ ਲਾਉਂਦੇ ਹਨ ਪਈ ਇਹ ਮੰਤਰ ਕਿਸੇ ਨੂੰ ਦੱਸਣਾ ਨਹੀਂ ਹੈ। ਸਵੇਰੇ ਸ਼ਾਮ ਮੂੰਹ ਸਿਰ ਕੱਪੜੇ ਵਿੱਚ ਵਲੇਟ ਕੇ ਇਸ ''ਨਾਮ'' ਦਾ ਜਾਪ ਕਰਨਾ ਹੈ। ਸਾਰੇ ਸੰਸਾਰੀ ਸੁਖ ਮਿਲਣਗੇ ਤੇ ''ਰਾਧਾ ਸੁਆਮੀ ਧਾਮ'' ਵਿੱਚ ਨਿਵਾਸ ਮਿਲੇਗਾ। ਇਹਨਾਂ ਦਾ ਮੰਤਰ ਇਹ ਹੈ –

**ਜੋਤ ਨਿਰੰਜਨ, ਉਂਕਾਰ, ਰਰੰਕਾਰ, ਸੋਹੰ, ਸਤਿਨਾਮ।**

ਹੁਣ ਲਗਦੇ ਹੱਥ ਇਹਨਾਂ ਦੇ ਹੀ ਇੱਕ ਨਾਰਾਜ ਧੜੇ ਵੱਲੋਂ ਬਖਸ਼ਿਆ ਜਾ ਰਿਹਾ ਮੰਤਰ ਭੀ ਪੜ੍ਹ ਲਓ। ਇਹ ਹੈ ਸੱਚੇ ਸੌਦੇ ਵਾਲੇ ਡੇਰੇਦਾਰਾਂ ਵੱਲੋਂ ਤਿਆਰ, ਦਿੱਤਾ ਜਾ ਰਿਹਾ ''**ਨਾਮ**'' –

**''ਸਤਿ ਪੁਰਖ, ਨਿਰੰਕਾਰ, ਅਕਾਲ ਮੂਰਤ, ਅਬਨਾਸੀ, ਸ਼ਬਦ ਸਰੂਪੀ ਰਾਮ।''**

ਇਹਨਾਂ ਡੇਰਿਆਂ ਨੇ ਸਰਕਾਰੀ ਸਰਪਰਸਤੀ ਵਿੱਚ ਰਹਿ ਕੇ, ਬੜੀ ਤਾਕਤ ਬਣਾ ਲਈ ਹੈ। ਕੇਵਲ ਵੋਟ ਬੈਂਕ ਰਾਹੀਂ ਇਹ ਸਰਕਾਰ ਤੋਂ ਕਈ ਰਿਆਇਤਾਂ ਪ੍ਰਾਪਤ ਕਰ ਲੈਂਦੇ ਹਨ। ਉਹ ਰਿਆਇਤਾਂ ਆਮ ਲੋਕਾਂ ਵਾਸਤੇ ਨਹੀਂ ਹੁੰਦੀਆਂ, ਕੁੱਝ ਖਾਸ ਚੋਣਵੇਂ ''ਮਹਾਂਪੁਰਖਾਂ'' ਲਈ ਹੁੰਦੀਆਂ ਹਨ। ਸਰਕਾਰੀ ਜੁਲਮ ਦੇ ਖਿਲਾਫ ਇਹਨਾਂ ਨੇ ਕਦੀ ਜ਼ੁਬਾਨ ਨਹੀਂ ਖੋਹਲੀ। ਦੁਨੀਆ ਵਿੱਚ ਭਾਵੇਂ ਪਰਲੋ ਆ ਜਾਵੇ ਇਹਨਾਂ ਆਪਣੇ ਸੇਵਕਾਂ ਨੂੰ ''ਨਾਮ ਸਿਮਰਨ'' ਕਰਵਾਉਣਾ ਹੈ। ਜਬਰ ਦੇ ਵਿਰੁੱਧ ਆਵਾਜ਼ ਬੁਲੰਦ ਨਹੀਂ ਕਰਨੀ। ਇਹ ਸਿਰਫ **''ਪਰਲੋਕ ਸੰਵਾਰਨ ਦੀ ਮਹਾਨ ਸੇਵਾ''** ਕਰਦੇ ਹਨ। ਇਸ ਲੋਕ ਦੀ ਗੱਲ ਭੁੱਲ ਜਾਉ। ਭੁੱਖ ਮਰੀ ਅਣਪੜ੍ਹਤਾ, ਅੰਧਵਿਸ਼ਵਾਸੀ, ਬਿਮਾਰੀਆਂ, ਰਿਸ਼ਵਤਖੋਰੀ ਆਦਿ ਵਰਗੀਆਂ ਅਣਗਿਣਤ ਅਲਾਮਤਾਂ, ਇਹਨਾਂ ਨੂੰ ਕਦੇ ਨਜ਼ਰ ਨਹੀਂ ਆਉਣਗੀਆਂ। ਵੈਸੇ ਹਜ਼ਾਰਾਂ ਸਾਲ ਤੋਂ ਹੀ **''ਰੰਗ ਬਰੰਗੇ''** ਸਾਧ ਸੰਤ, ਭਾਰਤ ਦੀ ਜੰਤਾ ਜਨਾਰਨ ਨੂੰ, ਮੰਤਰ ਜਾਪ ਦੀ ਔਸ਼ਧੀ ਖੁਆਉਂਦੇ ਆ ਰਹੇ ਹਨ। ਇਹਨਾਂ ਦੀ ਅਪਾਰ ਕਿਰਪਾ ਸਦਕਾ ਹਜ਼ਾਰਾਂ ਸਾਲ ਤੱਕ, ਰਾਜਸੀ ਗੁਲਾਮੀ ਲੋਕਾਂ ਨੇ ਭੋਗੀ ਤੇ ਮਾਨਸਿਕ ਗੁਲਾਮੀ ਤਾਂ ਅੱਜ ਭੀ ਭੁਗਤ ਰਹੇ ਹਨ। ਸਿੱਖ ਸਾਧਾਂ ਤੋਂ ਲੈ ਕੇ ਹਿੰਦੂ ਸਾਧਾਂ ਤੱਕ, ਇਹਨਾਂ ਦੀ ਫਿਤਰਤ ਲਗਭਗ ਇੱਕੋ ਜਿਹੀ ਹੈ– ਆਪਣੇ ਹੀ ਲੋਕਾਂ ਨੂੰ ਚੂੰਡ ਚੂੰਡ ਖਾਣਾ।

ਧਰਮ ਪਰਚਾਰ ਵੱਲੋਂ ਸਿਖਾਂ ਦੀਆਂ ਕੇਂਦਰੀ ਜਥੇਬੰਦੀਆਂ (ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ) ਸਿੱਖ ਪੰਥ ਨਾਲ ਧਰੋਹ ਕਮਾ ਰਹੀਆਂ ਹਨ। ਧਰਮ ਪਰਚਾਰ ਦੀ

ਜਿੰਮੇਵਾਰੀ ਤੋਂ ਪੂਰੀ ਤਰ੍ਹਾਂ ਮੂੰਹ ਮੋੜ ਕੇ,ਰਾਜਨੀਤੀ ਦੀ ਗੰਦੀ ਖਾਈ ਵਿੱਚ ਗਰਕ ਚੁੱਕੀਆਂ ਹਨ। ਚੜ੍ਹਤ ਦਾ ਪੈਸਾ ਮਨਮਾਨੇ ਢੰਗ ਨਾਲ ਰੋਹੜ ਰਹੀਆਂ ਹਨ। ਬਾਕੀ ਗੁਰਦਵਾਰਾ ਕਮੇਟੀਆਂ ਨੇ ਭੀ ਆਪਣੇ ਫਰਜ਼ ਦੀ ਪਛਾਣ ਨਾ ਕੀਤੀ। ਇਸੇ ਬੱਜਰ ਲਾਪ੍ਰਵਾਹੀ ਕਾਰਨ, ਥਾਂ ਥਾਂ ਪਾਖੰਡੀ ਸਾਧ ਖੁੰਬਾਂ ਵਾਂਗ ਉੱਗ ਪਏ ਹਨ। ਲੰਮੇ ਸਮੇਂ ਤੋਂ ਸਿੱਖਾਂ ਵਿੱਚ ਆਪਣਾ ਅਸਰ ਰਸੂਖ ਬਣਾ ਚੁੱਕਿਆ ਇੱਕ ਡੇਰਾ (ਮਹਿਤੇ ਚੌਕ ਵਾਲੇ-ਟਕਸਾਲੀਏ) ਅਤੇ ਉਹਨਾਂ ਦਾ ਹੋ ਚੁੱਕਿਆ ਇੱਕ ਮੁਖੀ ਗਿ: ਗੁਰਬਚਨ ਸਿੰਘ, ਆਪਣੀ ਲਿਖੀ ਕਿਤਾਬ "ਗੁਰਬਾਣੀ ਪਾਠ ਦਰਸ਼ਨ" ਵਿੱਚ ਮੰਤਰ ਬਾਰੇ ਪੰਨਾ 230 ਤੇ ਲਿਖਦਾ ਹੈ - ਸੰਤ ਰੇਣ ਨਾਮੀ ਸਾਧ ਨੇ ਗੁਰੂ ਅੰਗਦ ਸਾਹਿਬ ਜੀ ਤੋਂ ਪੁੱਛਿਆ ਕਿ "ਤੁਹਾਡਾ ਮੂਲ ਮੰਤਰ ਕਿਹੜਾ ਹੈ ? ਗੁਰ ਮੰਤਰ ਕੀ ਹੈ ? ਤੇ ਮਾਲਾ ਮੰਤਰ ਕਿਹੜਾ ਹੈ ?" ਉਹਨਾਂ ਨੇ ਫਿਰ ਸੰਤ ਰੇਣ ਨੂੰ ਦੱਸਿਆ - "ਸਾਡਾ ਗੁਰ ਮੰਤਰ ਵਾਹਿਗੁਰੂ ਹੈ, ਮੂਲ ਮੰਤਰ ੧ੴ..... ਹੈ ਤੇ ਮਾਲਾ ਮੰਤਰ ਜਪੁਜੀ ਸਾਹਿਬ ਹੈ। ਕਰਤਾ ਪੁਰਖ ਜੀ ਨੇ ਵ, ਹ, ਗ, ਰ ਦਾ ਨੌਂ ਨੌਂ ਜੁੱਗ ਜਾਪ ਕੀਤਾ। ਫਿਰ ਇਹ ਵਾਹਿਗੁਰੂ ਮੰਤਰ ਬਣਿਆ...."। ਯਾਦ ਰਹੇ ਚਾਰੇ ਜੁੱਗਾਂ ਦੀ ਉਮਰ 43 ਲੱਖ ਸਾਲ ਤੋਂ ਵੱਧ ਬਣਦੀ ਹੈ। ਫਿਰ ਨੌਂ ਨੌਂ ਜੁੱਗਾਂ ਦੀ ਹੋਰ ਜਰਬ ਕਰ ਵੇਖੋ। ਇਹ ਹਨ ਸਿਰੇ ਦੀਆਂ ਗੱਪਾਂ ਜੋ ਅਖੌਤੀ ਸੰਤ, ਲੋਕਾਂ ਅੰਦਰ ਧੱਕ ਰਹੇ ਹਨ। ਗੁਰਬਾਣੀ ਜੁੱਗਾਂ ਨੂੰ ਵਿਸ਼ਨੂੰ ਆਦਿ ਤੇ ਦੇਵੀਆਂ ਨੂੰ ਮਾਨਤਾ ਨਹੀਂ ਦਿੰਦੀ ਨਾ ਹੀ ਇਹਨਾਂ ਦੇਵੀਆਂ ਦੇਵਤਿਆਂ ਨੇ ਮਨੁੱਖਤਾ ਦਾ ਕੋਈ ਪਾਸਾ ਥੰਮ੍ਹਿਆ ਹੈ। ਸਗੋਂ ਇਹ ਸਾਰੇ ਤਾਂ ਹਨ ਹੀ ਕਲਪਿਤ।

ਆਉ ਹੁਣ ਗੁਰਬਾਣੀ ਦੇ ਪਰਮਾਣ ਪੜ੍ਹੀਏ, ਵਿਚਾਰੀਏ ਕਿ "ਮੂਲ ਮੰਤਰ, ਗੁਰ ਮੰਤਰ, ਮਾਲਾ ਮੰਤਰ" ਸਿੱਖਾਂ ਵਾਸਤੇ ਕੋਈ ਹੈ ਭੀ ਕਿ ਐਵੇਂ ਮਨਘੜ੍ਹਤ ਸ਼ੋਸ਼ੇ ਹੀ ਛੱਡੇ ਜਾ ਰਹੇ ਹਨ। ਜੇ ਭਾਈ ਗੁਰਦਾਸ ਜੀ ਨੂੰ ਪੁੱਛੀਏ ਕਿ ਦੱਸੋ ਜੀ ਮੂਲ ਮੰਤਰ ਕਿਹੜਾ ਹੈ ? ਤਾਂ ਉਹ ਪੂਰਾ ਨਹੀਂ ਲਿਖਦੇ ਅਧ ਅਧੂਰਾ ਲਿਖਦੇ ਹਨ। ਪੜੋ-

**"ਸਤਿਨਾਮ ਕਰਤਾ ਪੁਰਖ ਮੂਲ ਮੰਤਰ ਸਿਮਰਣ ਪਰਵਾਣੋ॥ "** (ਵਾਰ-6)

**"ਵਾਹਿਗੁਰੂ ਗੁਰ ਮੰਤ੍ਰ ਹੈ ਜਾਪਿ ਹਉਮੈ ਖੋਈ"** ਭੀ ਕਹਿੰਦੇ ਹਨ। ਨਾਲ ਹੀ "ਸਤਿਨਾਮੁ ਪੜਿ ਮੰਤ੍ਰ ਸੁਣਾਇਆ" ਭੀ ਲਿਖ ਗਏ ਹਨ। ਅਗੋਂ ਹੋਰ ਵੇਖੋ- ਧ੍ਰਿਗ ਜੀਹਵਾ ਗੁਰ ਸ਼ਬਦ ਵਿਣੁ ਹੋਰ ਮੰਤਰੁ ਸਿਮਰਣੀ (27-10) ਹੋਰ ਲਿਖ ਰਹੇ ਹਨ-

**ਕੁਰਬਾਣੀ ਤਿਨਾ ਗੁਰਸਿਖਾ ਹੋਇ ਇੱਕ ਮਨ ਗੁਰ ਜਾਪ ਜਪੰਦੇ॥**
**ਕੁਰਬਾਣੀ ਤਿਨਾ ਗੁਰ ਸਿਖਾ ਗੁਰਬਾਣੀ ਨਿਤ ਗਾਇ ਸੁਣੰਦੇ॥** (2-32)

ਸਮੁੱਚੀ ਗੁਰਬਾਣੀ ਦੀ ਉਚਤਾ ਬਾਰੇ ਹੀ ਭਾਈ ਗੁਰਦਾਸ ਜੀ ਨੇ ਲਿਖਿਆ ਹੈ, ਨਾ ਕਿਸੇ ਇੱਕ ਸ਼ਬਦ ਤੇ ਮੰਤਰ ਬਾਰੇ। ਹੋਰ ਵੇਖੋ-

**ਗੁਰਮੁਖਿ ਪੰਥ ਨਿਰੋਲ ਨ ਰੋਲਣ ਰੋਲੀਐ॥**
**ਗੁਰਮੁਖ ਸਬਦ ਅਲੋਲੁ ਪੀ ਅੰਮ੍ਰਿਤ ਘੋਲੀਐ।** (19-20)

ਹੋਰ

**ਮੰਤ੍ਰ ਮੂਲੁ ਗੁਰ ਵਾਕ ਹੈ ਸਚੁ ਸਬਦੁ ਸਤਿਗੁਰੂ ਸੁਣਾਏ॥** 22/40 ਭਾਗੁ:

ਆਉ ਹੁਣ ਗੁਰਬਾਣੀ ਵਿੱਚੋਂ ਮੰਤਰ ਜਾਪ ਜਾਂ ਸਿਮਰਣ ਬਾਰੇ ਪੁੱਛੀਏ। ਸਤਿਗੁਰੂ ਜੀ ਜਾਚ ਦੱਸ ਰਹੇ ਹਨ -

1. **ਸ੍ਰਵਣੀ ਸੁਣੀਐ, ਰਸਨਾ ਗਾਈਐ, ਹਿਰਦੈ ਧਿਆਈਐ ਸੋਈ॥**
**ਕਰਣ ਕਾਰਣ ਸਮਰਥ ਸੁਆਮੀ ਜਾਤੇ ਬ੍ਰਿਥਾ ਨਾ ਕੋਈ॥** (611)

ਕੰਨਾਂ ਨਾਲ ਉਪਦੇਸ਼ ਸੁਣੋ, ਜ਼ੁਬਾਨ ਦੁਆਰਾ ਉਪਦੇਸ਼ ਨੂੰ ਦ੍ਰਿੜ ਕਰੋ, ਹਿਰਦੇ ਵਿੱਚੋਂ ਸੱਚ ਦੇ ਉਪਦੇਸ਼ ਨੂੰ ਕਦੀ ਭੁਲਾਓ ਨਾ। ਸਿਰਫ ਉਸ ਕਰਣ ਕਾਰਣ ਸਮਰਥ ਪ੍ਰਭੂ ਨੂੰ ਹਿਰਦੇ ਵਿੱਚ ਵਸਾਉ।

2. **ਗੁਰ ਕੇ ਚਰਣ ਮਨ ਮਾਹਿ ਵਸਾਇ॥ ਦੁਖੁ ਅਨੇਰਾ ਅੰਦਰਹੁ ਜਾਇ॥** (1334)

ਇਸ ਪੰਕਤੀ ਵਿੱਚ ਗੁਰੂ ਦੇ ਚਰਣ ਮਨ ਵਿੱਚ ਬਸਾਉਣ ਦਾ ਹੁਕਮ ਹੈ। ਪਰ ਦਸਾਂ ਪਾਤਿਸ਼ਾਹੀਆਂ ਦੇ ਸਰੀਰ ਕਰਕੇ ਤਾਂ ਅੱਜ ਕੋਈ ਚਰਣ ਨਹੀਂ ਹਨ। ਨਿਰੰਕਾਰ ਪ੍ਰਮਾਤਮਾ ਭੀ ਸਰੀਰ ਰਹਿਤ ਹੈ ਉਸਦੇ ਚਰਣ ਹੋਣ ਦਾ ਸਵਾਲ ਹੀ ਨਹੀਂ ਹੈ। ਫਿਰ ਚਰਣ ਕੀ ਹਨ ? ਹਜ਼ੂਰ ਇਹ **"ਚਰਣ ਗੁਰ ਉਪਦੇਸ"** ਹਨ।

3. **ਜਨ ਕੇ ਚਰਨ ਬਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ॥** ( )

ਇਸ ਪ੍ਰਮਾਣ ਵਿੱਚ ਭੀ ਰੱਬ ਜੀ ਦੇ ਚਰਨ ਹਿਰਦੇ ਵਿੱਚ ਵੱਸਣ ਦੀ ਗੱਲ ਆਖੀ ਗਈ ਹੈ, ਮਤਲਬ ਉਪਦੇਸ਼।

4. **ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ॥**
**ਆਠ ਪਹਰ ਆਰਾਧੀਐ ਪੂਰਨ ਸਤਿਗੁਰੂ ਗਿਆਨੁ॥** (218)

ਹੇ ਰੱਬ ਜੀ! ਸਾਰੇ ਮਾਨਸਿਕ ਰੋਗਾਂ ਨੂੰ ਖਤਮ ਕਰਨ ਵਾਲਾ ਤੇਰਾ ਗਿਆਨ ਹੈ। ਅੱਠੇ ਪਹਰ ਤੇਰਾ ਵਿਸ਼ਾਲ ਨਿਅਮ (ਗਿਆਨ) ਸਮਝਕੇ, ਸੁਖੀ ਜੀਵਨ ਬਤੀਤ ਕੀਤਾ ਜਾ ਸਕਦਾ ਹੈ।

5. **ਮਹਾਂ ਮੰਤ੍ਰ ਗੁਰ ਹਿਰਦੈ ਬਸਿਓ ਅਚਰਜ ਨਾਮ ਸੁਨਿਓਰੀ॥** (384)

ਇੱਥੇ ਸਤਿਗੁਰੂ ਜੀ ਨੇ ਗੁਰੂ ਦੇ ਉਪਦੇਸ਼ ਨੂੰ ਹੀ "ਮਹਾਂ ਮੰਤਰ" ਕਰਕੇ ਬਿਆਨ ਕੀਤਾ ਹੈ।

6. **ਬੀਜ ਮੰਤ੍ਰ ਹਰਿ ਕੀਰਤਨ ਗਾਉ॥ ਆਗੈ ਮਿਲੀ ਨਿਥਾਵੇ ਥਾਉ॥** (391)

ਇਸ ਥਾਂ ਸਤਿਗੁਰੂ ਜੀ ਨੇ ਹਰੀ ਜਸ ਨੂੰ "ਬੀਜ ਮੰਤਰ" ਆਖ ਕੇ ਵਡਿਆਇਆ ਹੈ।

7. **"ਬੀਜ ਮੰਤ੍ਰ ਸਰਬ ਕੋ ਗਿਆਨੁ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ॥**

(ਸੁਖਮਨੀ-9-5)

ਇਸ ਪਰਮਾਣ ਵਿੱਚ ਸਾਹਿਬ ਜੀ ਨੇ ਲੋਕ ਪ੍ਰਲੋਕ ਬਾਰੇ ਸਾਰਾ ਗਿਆਨ, ਰੱਬ ਬਾਰੇ ਤੇ ਉਸ ਦੀ ਕਾਇਨਾਤ ਬਾਰੇ ਸਾਰਾ ਗਿਆਨ ਹਾਸਲ ਕਰਨ ਦੀ ਤਾਕੀਦ ਕੀਤੀ ਹੈ।

8. **ਗੁਰ ਕਾ ਬਚਨੁ ਜਪਿ ਮੰਤੁ॥ ਏਹਾ ਭਗਤਿ ਸਾਰ ਤਤੁ॥** (895)

ਅਸਲੀ ਭਗਤੀ ਇਹੀ ਹੈ ਕਿ ਸਤਿਗੁਰੂ ਜੀ ਦੇ ਹੁਕਮ ਨੂੰ ਸਵੀਕਾਰ ਕਰੋ, ਜੀਵਨ ਵਿੱਚ ਢਾਲੋ।

9. **ਮਨ ਮਹਿ ਜਾਪਿ ਭਗਵੰਤੁ॥ ਗੁਰਿ ਪੂਰੇ ਇਹੁ ਦੀਨੋ ਮੰਤੁ॥** (396)

ਪੂਰੇ ਸਤਿਗੁਰੂ ਨੇ ਇਹ ਉਪਦੇਸ਼ ਦਿੱਤਾ ਹੈ, ਸਦਾ ਰੱਬ ਜੀ ਨੂੰ ਚੇਤੇ ਰੱਖਣਾ ਹੈ।

10. **ਗੁਰ ਕੀ ਸੁਰਤਿ ਨਿਕਟਿ ਕਰਿ ਜਾਨੁ॥**
**ਗੁਰ ਕਾ ਸਬਦਿ ਸਤਿ ਕਰਿ ਮਾਨੁ॥** (897)

ਆਪਣੀ ਮੱਤ ਨੂੰ ਗੁਰਮਤ ਅਨੁਸਾਰੀ ਬਣਾਉ। ਗੁਰੂ ਉਪਦੇਸ਼ ਨੂੰ ਸੱਤ ਬਚਨ ਮੰਨ ਕੇ ਸਵੀਕਾਰ ਕਰੋ।

11. **ਗੁਰ ਕਾ ਉਪਦੇਸ਼ ਸੁਨੀਜੈ॥ ਨਾਨਕ ਸੁਖਿ ਸਹਜਿ ਸਮੀਜੈ॥** (896)

ਹੇ ਭਾਈ ਸਤਿਗੁਰੂ ਜੀ ਦਾ ਉਪਦੇਸ਼ ਸੁਣੋ ਮੰਨੋ, ਇਸ ਨੂੰ ਸਵੀਕਾਰਨ ਵਿੱਚ ਹੀ ਸਾਰੇ ਸੁੱਖ ਹਨ।

12. **ਸਚ ਬਿਨੁ ਸਤੁ ਸੰਤੋਖੁ ਨ ਪਾਵੈ॥ ਬਿਨੁ ਗੁਰ ਮੁਕਤਿ ਨ ਆਵੈ ਜਾਵੈ॥**
**ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ ਕਹੁ ਨਾਨਕ ਪੂਰਾ ਪਾਇਆ॥** (1040)

ਸੱਚਾਈ ਦੇ ਮਾਰਗ ਤੇ ਚੱਲਣਾ, ਸੰਤੋਖੀ ਬਣੇ ਰਹਿਣਾ, ਇਹਨਾਂ ਉਤਮ ਵਿਚਾਰਾਂ ਦਾ ਸਤਿਗੁਰੂ ਤੋਂ ਗਿਆਨ ਮਿਲਦਾ ਹੈ। ਗੁਰੂ ਤੋਂ ਬਗੈਰ ਭਟਕਣਾ ਖਤਮ ਨਹੀਂ ਹੋਵੇਗੀ। ਖਾਸ ਜੀਵਨ ਦਾਤੀ ਸੰਜੀਵਨੀ ਬੂਟੀ ਪ੍ਰਭੂ ਜੀ ਦੀ ਯਾਦ ਅਤੇ ਗੁਣ ਹਨ। ਜਦੋਂ ਗੁਰੂ ਦਰਸਾਏ ਰਾਹ ਤੇ ਮਨੁੱਖ ਚੱਲ ਪਵੇਗਾ, ਸਮਝੋ ਮੂਲ (ਮੁੱਢ) ਨਾਲ ਜੁੜ ਗਿਆ।

13. **ਮਾਈ ਚਰਨ ਗੁਰ ਮੀਠੇ॥**
**ਵਡੈ ਭਾਗਿ ਦੇਵੈ ਪਰਮੇਸਰੁ ਕੋਟਿ ਫਲਾ ਦਰਸਨ ਗੁਰ ਡੀਠੇ॥** (717)

ਹੇ ਮਾਂ! ਸਤਿਗੁਰੂ ਜੀ ਦੀ ਸ਼ਰਣ ਵਿੱਚ ਰਹਿ ਕੇ ਜੀਵਨ ਬਤੀਤ ਕਰਨਾ ਬਹੁਤ ਚੰਗਾ ਲਗਦਾ ਹੈ। ਜਿਸਦੇ ਵੱਡੇ ਭਾਗ ਹੋਣ ਉਹੀ ਮਨੁੱਖ, ਸਤਿਗੁਰੂ ਦੇ ਗੁਣਾਂ ਨੂੰ ਧਾਰਨ

ਕਰਦਾ ਹੈ। ਕਰੋੜਾਂ ਤਰਾਂ ਦੇ ਹੋਰ ਕਰਮਾਂ ਤੋਂ ਉੱਤਮ ਹੈ ਪ੍ਰਭੂ ਜੀ ਦੀ ਯਾਦ ਤੇ ਸਤਿਗੁਰੂ ਜੀ ਦਾ ਉਪਦੇਸ਼।

14. **"ਗੁਰ ਕਹਿਆ" ਸਾ ਕਾਰ ਕਮਾਵਹੁ॥**
**ਸਬਦੁ ਚੀਨਿ ਸਹਜ ਘਰਿ ਆਵਹੁ॥ ਸਾਚੈ ਨਾਇ ਵਡਾਈ ਪਾਵਹੁ॥** (832)

ਹੇ ਗੁਰਸਿੱਖੋ! ਜੋ ਸਤਿਗੁਰੂ ਫੁਰਮਾਨ ਕਰਦਾ ਹੈ ਉਸੇ ਤਰ੍ਹਾਂ ਕੰਮ ਕਰੋ। ਗੁਰੂ ਦੇ ਡੂੰਘੇ ਭੇਦ ਵਾਲੇ ਬਚਨ ਨੂੰ ਸਮਝ ਕੇ ਟਿਕਾਉ ਵਿੱਚ ਆ ਸਕੋਗੇ। ਇਸ ਸੱਚਾਈ ਵਾਲੇ ਮਾਰਗ ਤੇ ਚਲਦਿਆਂ ਵਡਿਆਈ ਪਾਉਗੇ।

15. **ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮ॥**
**ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮ॥** (401)

ਕੋਈ ਦਾਨ ਪੁੰਨ ਕਰਦਾ ਹੈ, ਕੋਈ ਵਿਸ਼ੇਸ਼ ਮੰਤਰ ਜਾਪਦਾ ਹੈ, ਇਹਨਾਂ ਸਾਰੇ ਕੰਮਾਂ ਤੋਂ ਉਪਰ, ਰੱਬੀ ਯਾਦ ਵਿੱਚ ਬਤੀਤ ਕੀਤਾ, ਨੇਕ ਜੀਵਨ ਹੈ। ਇਸ ਤਰ੍ਹਾਂ ਦੇ ਵਿਅਕਤੀ ਨੇ ਜੀਵਨ ਦੀ ਪੂਰਨਤਾ ਪ੍ਰਾਪਤ ਕਰ ਲਈ ਸਮਝੋ।

16. **"ਗੁਰ ਉਪਦੇਸਿ" ਜਪੀਐ ਮਨਿ ਸਾਚਾ॥**
**"ਗੁਰ ਉਪਦੇਸਿ" ਰਾਮ ਰੰਗਿ ਰਾਚਾ॥**
**"ਗੁਰ ਉਪਦੇਸਿ" ਤੁਟਹਿ ਸਭਿ ਬੰਧਨ, ਇਹੁ ਭਰਮੁ ਮੋਹੁ ਪਰ ਜਾਲਣਾ॥**
(1077)

ਹੇ ਗੁਰਸਿੱਖੋ! ਸਤਿਗੁਰੂ ਦੀ ਸਿੱਖਿਆ ਮੁਤਾਬਕ ਸੱਚੇ ਰੱਬ ਜੀ ਨੂੰ ਹਿਰਦੇ ਵਿੱਚ ਵਸਾਉ। ਗੁਰੂ ਦੀ ਸਿੱਖਿਆ ਰਾਹੀਂ ਰੱਬੀ ਰੰਗ ਵਿੱਚ ਰੰਗੇ ਰਹੋ। ਗੁਰੂ ਦੇ ਉਪਦੇਸ਼ ਨਾਲ ਭਰਮਾ ਵਾਲੇ ਸਾਰੇ ਬੰਧਨ ਟੁੱਟ ਜਾਣਗੇ।

17. **ਬੋਲਿ ਹਰਿ ਨਾਮ ਸਫਲ ਸਾ ਘਰੀ॥**
**"ਗੁਰਉਪਦੇਸਿ" ਸਭਿ ਦੂਖ ਪਰਹਰੀ॥** (1134)

ਅਕਾਲੀ ਨਿਅਮ ਵਿੱਚ ਜੋ ਸਮਾਂ ਬਤੀਤ ਹੋਵੇਗਾ,ਉਹੀ ਸਫਲ ਮੰਨਿਆ ਜਾਵੇਗਾ। ਇਹ ਸੋਝੀ ਗੁਰੂ ਤੋਂ ਪ੍ਰਾਪਤ ਹੁੰਦੀ ਹੈ, ਗੁਰੂ ਵਿਕਾਰਾਂ ਤੋਂ ਮੁਕਤ ਕਰਨ ਦਾ ਤਰੀਕਾ ਦੱਸਦਾ ਹੈ।

18. **ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ॥**
**ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ॥**
(800)

ਹੇ ਭਾਈ, ਆਪਣੇ ਮਨ ਦੀ ਛੋਟੀ ਮਤ ਨੂੰ ਤਿਆਗ ਦਿਓ, ਇਹ ਗੱਲ ਬੜੀ

ਔਖੀ ਲੱਗੇਗੀ। ਨਿਤਾਪ੍ਰਤੀ ਪਰਮੇਸ਼ਰ ਨੂੰ ਯਾਦ ਰੱਖੋ, ਸਤਿਗੁਰੂ ਦੀ ਬਖਸ਼ੀ ਮੱਤ ਬੁੱਧ ਧਾਰਨ ਕਰੋ, ਇਹੀ ਅਸਲ ਜੀਵਨ ਜਾਚ ਹੈ।

19. **ਅਉਖਧ ਮੰਤ੍ਰ ਤੰਤ੍ਰ ਸਭ ਛਾਰੁ॥ ਕਰਣੈਹਾਰ ਰਿਦੈ ਮਹਿ ਧਾਰੁ॥** (196)
**ਕਹਿ ਕਬੀਰ ਜਾਕਾ ਨਹੀ ਅੰਤ॥ ਤਿਸਕੇ ਆਗੇ ਤੰਤੁ ਨ ਮੰਤੁ॥** (971)

ਵਾਹਿਗੁਰੂ ਜੀ ਨੂੰ ਸਦਾ ਹਿਰਦੇ ਵਿੱਚ ਯਾਦ ਰੱਖੋ, ਹੋਰ ਸਾਰੇ ਮੰਤਰ ਤੰਤਰ ਉਹੜ ਖੋਹੜ ਮਾਮੂਲੀ ਹਨ, ਕੇਵਲ ਸੁਆਹ ਦੀ ਨਿਆਈ! ਪਰਮੇਸ਼ਰ ਜੋ ਬੇਅੰਤ ਗੁਣਾਂ ਬਰਕਤਾਂ ਦਾ ਮਾਲਕ ਹੈ ਉਸ ਦੀ ਯਾਦ ਹੀ ਅਸਲੀ ਮੰਤਰ ਹੈ। ਹੋਰ ਕੋਈ ਮੰਤਰ ਆਦਿ ਉਸ ਤੋਂ ਉੱਤਮ ਨਹੀਂ ਹੋ ਸਕਦੇ।

20. **ਕੁਬੁਧਿ ਮਿਟੇ ਗੁਰ ਸਬਦੁ ਬੀਚਾਰਿ॥ ਸਤਿਗੁਰ ਭੇਟੈ ਮੋਖ ਦੁਆਰ॥**
**ਤਤੁ ਨ ਚੀਨੈ ਮਨਮੁਖੁ ਜਲਿ ਜਾਇ॥**
**ਦੁਰਮਤਿ ਵਿਛੁੜਿ ਚੋਟਾ ਖਾਇ॥** (944)

ਹੇ ਪਿਆਰਿਓ! ਗੁਰੂ ਦੇ ਸ਼ਬਦ (ਗੁਰਬਾਣੀ) ਨੂੰ ਵਿਚਾਰ-ਸਮਝਕੇ ਪੜ੍ਹੋ। ਇਸ ਤਰ੍ਹਾਂ ਸਤਿਗੁਰੂ ਜੀ ਦੀ ਆਖੀ ਗੱਲ ਸਮਝ ਆ ਜਾਵੇਗੀ। ਮਨਮੁੱਖ ਇਨਸਾਨ ਪਤੇ ਦੀ ਗੱਲ ਨਹੀਂ ਸਮਝਦਾ। ਇਸ ਤਰ੍ਹਾਂ ਅੰਦਰੋਂ ਸੜਿਆ ਭੁੱਜਿਆ ਰਹਿੰਦਾ ਹੈ। ਭੈੜੀ ਮੱਤ ਕਾਰਨ ਸਤਿਗੁਰੂ ਤੋਂ (ਵਿਚਾਰਾਂ ਕਰਕੇ) ਦੂਰੀ ਬਣੀ ਰਹਿੰਦੀ ਹੈ। ਇਸੇ ਕਾਰਨ ਵਿਛੋੜੇ ਦਾ ਦੁੱਖ ਭੀ ਸਹਿੰਦਾ ਹੈ, ਅਤੇ ਸੰਸਾਰ ਵਿੱਚ ਭੀ ਲਗਾਤਾਰ ਠੋਕਰਾਂ ਖਾਂਦਾ ਦੁਖੀ ਹੁੰਦਾ ਹੈ।
ਆਖਰੀ ਨਿਚੋੜ-ਪਾਠਕ ਜਨੋ! ਤੁਸੀਂ ਗੁਰਬਾਣੀ ਪਰਮਾਣਾਂ ਸਹਿਤ ਪੜ੍ਹ ਲਿਆ, ਗੁਰਬਾਣੀ ਵਿੱਚ, "ਮੰਤਰ, ਬੀਜ ਮੰਤਰ, ਮਹਾਂਮੰਤਰ, ਮੂਲ ਮੰਤਰ" ਸਤਿਗੁਰੂ ਦੇ ਉਪਦੇਸ਼ ਵਾਸਤੇ ਆਇਆ ਹੈ। ਗੁਰਮਤ ਵਿੱਚ ਕਿਸੇ ਮੰਤਰ ਜਾਪ ਲਈ ਕੋਈ ਥਾਂ ਨਹੀਂ, ਭਾਵੇਂ ਉਹ ਗੁਰਬਾਣੀ ਵਿੱਚੋਂ ਹੀ ਲਿਆ ਹੋਇਆ ਹੋਵੇ। ਇੱਥੇ ਤਾਂ ਸਤਿਗੁਰੂ ਜੀ ਦੇ ਹੁਕਮ ਨੂੰ ਸਮਝ ਵਿਚਾਰ ਕੇ ਉਸ ਅਨੁਸਾਰ ਜੀਵਨ ਚਲਣ ਬਣਾਉਣਾ ਹੈ।ਗੁਰੂ ਸਾਹਿਬਾਨ ਨੇ ਜ਼ੁਲਮ ਦਾ ਖਾਤਮਾ ਮੰਤਰਾਂ ਨਾਲ ਨਹੀਂ, ਸਿਆਣਪ ਅਤੇ ਹਿੰਮਤ ਨਾਲ ਕੀਤਾ ਸੀ। ਸਿੱਖਾਂ ਨੇ ਅਣਗਿਣਤ ਮੁਸੀਬਤਾਂ ਪਿੰਡੇ ਤੇ ਝੱਲੀਆਂ ਸਨ। ਮੰਤਰ ਜਾਪਾਂ ਨਾਲ, ਬਾਬਰ, ਜਹਾਂਗੀਰ, ਔਰੰਗਜ਼ੇਬ, ਨਾਦਰ, ਅਹਿਮਦਸ਼ਾਹ, ਜ਼ਕਰੀਆ ਖਾਨ ਆਦਿ ਨਹੀਂ ਮਰੇ। ਮੰਤਰ ਜਾਪਾਂ ਵਿੱਚ ਪਾ ਕੇ ਸਿੱਖਾਂ ਨੂੰ ਮੂਰਖ ਤੇ ਬੁਜ਼ਦਿਲ ਬਣਾਇਆ ਜਾ ਰਿਹਾ ਹੈ। ਡੇਰਿਆਂ ਵਾਲੇ, ਸਿੱਖ ਪੰਥ ਨੂੰ ਇਸ ਹਨੇਰੀ ਖੱਡ ਵੱਲ ਧਕਦੇ ਚਲੇ ਜਾ ਰਹੇ ਹਨ। ਇਸ ਦੂਲੇ ਪੰਥ ਨੂੰ ਇੱਕ ਨਿਰੰਕਾਰ ਦੇ ਲੜ ਲਾਇਆ ਸੀ ਸਤਿਗੁਰੂ ਜੀ ਨੇ। ਅੱਜ ਹਰ ਮੱਠਾਧਾਰੀ, ਡੇਰੇਦਾਰ ਤੇ ਜਥੇਦਾਰ ਖੁਦ ਹੀ ਖੁਦਾ ਬਣ ਬੈਠਾ ਹੈ। ਪਾਠਾਂ ਜਾਪਾਂ ਦੀਆਂ ਅਨੇਕ ਵਿਧੀਆਂ ਪ੍ਰਚੱਲਤ

ਕਰ ਦਿੱਤੀਆਂ ਹਨ। ਇਹਨਾਂ ਮੰਤਰਾਂ ਪਾਠਾਂ ਨਾਲ, ਸਾਰੇ ਵਿਗੜੇ ਕਾਰਜਾਂ ਦੀ ਸਫਲਤਾ ਦੀ ਗਰੰਟੀ ਵੇਚੀ ਜਾ ਰਹੀ ਹੈ। "ਸੰਤਾਂ ਹੱਥ ਸਤਿਗੁਰੂ ਚਾਬੀ ਸੌਂਪ ਗਏ ਹਨ" ਪਰਚਾਰਿਆ ਜਾ ਰਿਹਾ ਹੈ – "ਅਨਹਦ ਬਾਣੀ ਪੂੰਜੀ॥ ਸੰਤਨ ਹਥਿ ਰਾਖੀ ਕੂੰਜੀ" (893) ਪੰਕਤੀ ਸੁਣਾ ਕੇ ਸਿੱਖਾਂ ਨੂੰ ਗੁਰੂ ਨਾਲੋਂ ਵਿਛੋੜ ਕੇ ਕੱਚੇ ਪਿੱਲੇ ਵਿਅਕਤੀਆਂ ਦੇ ਸੇਵਕ ਬਣਾਇਆ ਜਾ ਰਿਹਾ ਹੈ। ਜਦੋਂ ਕਿ ਇਸ ਪੰਕਤੀ ਦੇ ਅਰਥ ਇਉਂ ਹਨ – ਕੁਦਰਤ ਦਾ ਅਨਹਤ (ਛੋਹ ਤੋਂ ਬਿਨਾ –ਰੱਬੀ ਗੀਤ) ਨਾਦ ਗੁਰੂ ਦੀ ਪਾਵਨ ਬਾਣੀ ਵਿੱਚੋਂ ਪ੍ਰਗਟ ਹੋ ਰਿਹਾ ਹੈ। ਗੁਰੂ ਦੇ ਰਾਹੀਂ ਇਸਦੀ ਸਮਝ ਪੈਂਦੀ ਹੈ।

ਇੱਕ ਹੋਰ ਸ਼ਬਦ ਵਿੱਚ ਸਤਿਗੁਰੂ ਇਸ ਗੁੰਝਲ ਨੂੰ ਸਾਫ ਕਰਦੇ ਹੋਏ ਇਸ ਤਰ੍ਹਾਂ ਸੇਧ ਬਖਸ਼ ਰਹੇ ਹਨ -

**ਗੁਰੁ ਕੁੰਜੀ, ਪਾਹੂ ਨਿਵਲੁ, ਮਨੁ ਕੋਠਾ, ਤਨ ਛਤਿ॥**
**ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥** (1237)

ਗੁਰੂ ਦਾ ਗਿਆਨ ਚਾਬੀ ਹੈ, ਪੈਰਾਂ ਵਿੱਚ ਵਿਕਾਰਾਂ ਦੀਆਂ ਬੇੜੀਆਂ ਹਨ ਮਨ ਤਨ ਵਿਕਾਰਾਂ ਵਿੱਚ ਗ੍ਰਸੇ ਹੋਏ ਹਨ। ਹੇ ਨਾਨਕ ਮਨ ਤਨ ਦੇ ਬੰਦ ਤਾਲੇ (ਵਿਕਾਰ) ਕੇਵਲ ਗੁਰੂ ਦੇ ਗਿਆਨ ਰਾਹੀਂ ਖੁੱਲਦੇ ਹਨ। ਹੋਰ ਕੋਈ ਇੰਨਾ ਸਮਰੱਥ ਨਹੀਂ ਕਿ ਮਨੁੱਖਤਾ ਨੂੰ ਸਹੀ ਗਿਆਨ ਦੇ ਸਕੇ।ਹੋਰ ਵੇਖੋ –

**ਸਤਿਗੁਰ ਦਾਤਾ ਨਾਮ ਕਾ ਹੋਰੁ ਦਾਤਾ ਕੋਈ ਨਾਹੀ॥** (1258)

ਅਖੀਰ ਵਿੱਚ ਇੱਕ ਪ੍ਰਭੂ ਨਾਲ ਨੇੜਤਾ ਬਾਰੇ ਇੱਕ ਗੁਰਬਾਣੀ ਉਪਦੇਸ਼ ਲਿਖਕੇ ਸਮਾਪਤ ਕਰਦੇ ਹਾਂ –

**– ਏਕੋ ਏਕ ਸਭੁ ਆਖਿ ਵਖਾਣੈ॥ ਹੁਕਮੁ ਸੂਝੈ ਤਾਂ ਏਕੋ ਜਾਣੈ॥** (1176)
**ਹਰਿ ਇੱਕੋ, ਕਰਤਾ ਇੱਕੁ, ਇੱਕੋ ਦੀਬਾਣੁ ਹਰਿ॥**
**ਹਰਿ ਇੱਕਸੈ ਦਾ ਹੈ ਅਮਰੁ, ਇੱਕੋ ਹਰਿ ਚਿਤਿ ਧਰਿ॥**
**ਹਿਰ ਤਿਸੁ ਬਿਨ ਕੋਈ ਨਾਇ, ਡਰੁ ਭ੍ਰਮੁ ਭਉ ਦੂਰਿ ਕਰਿ॥**
**ਹਰਿ ਤਿਸੈ ਨੋ ਸਾਲਾਹਿ, ਜਿ ਤੁਧੁ ਰਖੇ ਬਾਹਰਿ ਘਰਿ॥**
**ਹਰਿ ਜਿਸਨੋ ਹੋਇ ਦਇਆਲੁ ਸੋ ਹਰਿ ਜਾਪਿ ਭਉ ਬਿਖਮੁ ਤਰਿ** (83)

ਪਾਠਾਂ ਮੰਤਰਾਂ ਜਾਪਾਂ ਦੇ ਗੋਰਖ ਧੰਦੇ ਵਿੱਚ ਬੇਅੰਤ ਸਮਾਂ ਤੇ ਅਥਾਹ ਧਨ ਬਰਬਾਦ ਹੋ ਚੁੱਕਿਆ ਹੈ। ਡੇਰੇਦਾਰਾਂ ਦੀਆਂ ਕੋਠੀਆਂ ਉਸਰ ਰਹੀਆਂ ਨੇ, ਤਜੋਰੀਆਂ ਨਕਾ ਨਕ ਭਰ ਗਈਆਂ ਹਨ। ਸਿੱਖ ਹੋਰ ਕਰਮਕਾਂਡੀ, ਵਹਿਮ ਗ੍ਰਸਤ ਤੇ ਕੰਗਾਲ ਹੁੰਦਾ ਜਾ ਰਿਹਾ ਹੈ।

ਇਹ ਹਨ ਕੁੱਝ ਕਾਰਣ ਸਾਡਾ ਬੇੜਾ ਗਰਕ ਹੋਣ ਦੇ। ਇਸ ਬੇੜੇ ਨੂੰ ਡੁੱਬਣੋ ਬਚਾਉਣ ਲਈ ਗੁਰਬਾਣੀ ਦਾ ਗਿਆਨ, ਇਤਿਹਾਸ ਦੀ ਸਮਝ, ਗੁਰਮਤ ਫਿਲਾਸਫੀ, ਰਹਿਤ ਮਰਿਆਦਾ ਬਾਰੇ, ਹਰ ਸਿੱਖ ਮਾਈ ਭਾਈ ਜਿਤਨੀ ਦੇਰ ਚੇਤੰਨ ਨਹੀਂ ਹੁੰਦਾ, ਉਨੀ ਦੇਰ ਪਾਖੰਡੀਆਂ ਦੇ ਜਕੜਬੰਦ 'ਚੋਂ ਨਿਕਲ ਨਹੀਂ ਸਕਾਂਗੇ।

**ਖਾਸ ਨੋਟ :–** ਕੈਨੇਡਾ ਫੇਰੀ ਸਮੇਂ (ਸਤੰਬਰ ਅਕਤੂਬਰ 06) ਨਾਮ ਸਿਮਰਣ ਦੇ ਹਮਾਇਤੀ ਕੁਝ ਵਿਅਕਤੀਆਂ ਨੇ ਅੱਖਾਂ ਮੀਟਕੇ ਚੌਂਕੜਾ ਮਾਰਕੇ ਸਵੇਰੇ ਸਾਜਰੇ ਨਾਮ ਸਿਮਰਣ ਤੇ ਬਹੁਤਬਲ ਦਿਤਾ ਸੀ। ਇਹ ਨਾਮ ਸਿਮਰਣ ਕਿਸੇ ਵਿਅਕਤੀ ਦਾ ਨਿਜੀ ਮਸਲਾ ਹੋ ਸਕਦਾ ਹੈ। ਜਦੋਂ ਅਣਪੜਤਾ ਬਹੁਤੀ ਸੀ ਉਸ ਵਕਤ ਸਿੱਖ ਵਾਹਿਗੁਰੂ ਜਾਂ ਮੰਗਲਾ ਚਰਨ ਜਪ ਲੈਂਦੇ ਸਨ। ਅੱਜ ਵਿਦਿਆ ਦਾ ਜੁਗ ਹੈ ਵਧ ਤੋਂ ਵਧ ਗੁਰਬਾਣੀ ਅਰਥਾਂ ਸਮੇਤ ਪੜਕੇ ਗਿਆਨ ਵਿਚ ਵਾਧਾ ਕਰਨਾ ਚਾਹੀਦਾ ਹੈ, ਨਾ ਕਿ ਇਕੋ ਪੰਕਤੀ ਜਾਂ ਸ਼ਬਦ ਨੂੰ ਬਾਰ ਬਾਰ ਰਟੀ ਜਾਣਾ ਹੈ। ਜੇ ਵਾਹਿਗੁਰੂ ਮੰਤਰ ਨਾਲ ਕੰਮ ਸਰ ਸਕਦਾ ਤਾਂ 1430 ਪੰਨੇ ਗੁਰਬਾਣੀ ਲਿਖਣ ਦੀ ਕੀ ਲੋੜ ਸੀ ? ਜੇ ਸਿਮਰਨ ਕਿਸੇ ਮੰਤਰ ਨੂੰ ਮੰਨ ਲਿਆ ਜਾਵੇ ਤਾਂ ਇਹਨਾਂ ਸ਼ਬਦਾਂ ਦੇ ਕੀ ਅਰਥ ਕਰੋਗੇ ?

**ਕੋਟਿ ਦੇਵੀ ਜਾ ਕਉ ਸੇਵਹਿ, ਲਖਿਮੀ ਅਨਿਕ ਭਾਤਿ॥**
**ਗੁਪਤ ਪ੍ਰਗਟ ਜਾਕਉ ਅਰਾਧਹਿ, ਪਉਣ ਪਾਣੀ ਦਿਨਸੁ ਰਾਤਿ॥**
**ਨਖਿਅਤ੍ਰ ਸਸੀਅਰ ਸੂਰਧਿਆਵਹਿ, ਬਸੁਧਾ ਗਗਨਾ ਗਾਵਏ॥**
**ਸਗਲ ਖਾਣੀ ਸਗਲ ਬਾਣੀ ਸਦਾ ਸਦਾ ਧਿਆਵਏ॥** (456)

ਹੇ ਭਾਈ! ਕਰੋੜਾਂ ਦੇਵੀਆਂ ਦੇਵਤੇ ਅਨੇਕ ਤਰੀਕੇ ਰੱਬ ਨੂੰ ਧਿਆਉਂਦੇ ਹਨ। ਕਈ ਗੁਪਤ ਢੰਗਾਂ ਨਾਲ ਕਈ ਉਚੀ ਬੋਲਕੇ, ਅਰਾਧਦੇ ਹਨ। ਪਉਣ ਤੇ ਪਾਣੀ ਅਤੇ ਰਾਤ ਉਸੇ ਨੂੰ ਯਾਦ ਕਰਦੇ ਹਨ। ਸਾਰੇ ਨਛੱਤਰ ਚੰਦ ਸੂਰਜ, ਧਰਤੀ ਤੇ ਆਕਾਸ਼ ਉਸੇ ਨੂੰ ਗਾਉਂਦੇ ਹਨ। ਸਾਰੀਆਂ ਖਾਣੀਆਂ ਵਾਲੇ ਜੀਵ ਸਾਰੀਆਂ ਬੋਲੀਆਂ ਰਾਹੀਂ, ਸਦਾ ਹੀ ਰੱਬ ਨੂੰ ਧਿਆਉਂਦੇ ਹਨ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਧਰਤੀ ਚੰਦ ਸੂਰਜ ਹਵਾ ਤੇ ਪਾਣੀ ਰੱਬ ਨੂੰ ਕਿਵੇਂ ਸਿਮਰਦੇ ਹਨ ? ਇਹ ਕੋਈ ਮਨੁਖ ਤਾਂਗ ਸਰੀਰ ਧਾਰੀ ਤਾਂ ਹਨ ਨਹੀਂ। ਇਸਦਾ ਸਪਸ਼ਟ ਮਤਲਬ ਹੈ ਕਿ ਅਕਾਲ ਪੁਰਖ ਦੇ ਬਣਾਏ ਅਟੱਲ ਨਿਅਮ ਅਨੁਸਾਰ ਆਪਣੇ ਜਿੰਮੇ ਲਗੀ ਸੇਵਾ ਨਿਰਵਿਘਨ ਨਿਭਾ ਰਹੇ ਹਨ। ਮਨੁਖ ਨੇ ਭੀ ਕਾਦਰ ਦੀ ਕੁਦਰਤ ਨੂੰ ਸਮਝਕੇ ਸੁਚੱਜਾ ਜੀਵਨ ਬਤੀਤ ਕਰਨਾ ਹੈ ਨਾਂ ਕਿ ਅੱਖਾਂ ਬੰਦ ਕਰਕੇ ਕਿਸੇ ਸ਼ਬਦ ਦਾ ਬਾਰ ਬਾਰ ਰਟਣ ਕਰੀ ਜਾਣਾ। ਇਸ ਤਰ੍ਹਾਂ ਕਰਦਿਆਂ ਗਿਆਨ ਤੋਂ ਸਖਣੇ ਰਹਿ ਜਾਈਦਾ ਹੈ। ਗੁਰਬਾਣੀ

ਸਮਝ ਵਿਚਾਰ ਕੇ ਪੜ੍ਹਨਯੋਗ ਹੈ ਨਾ ਕਿ ਰਟਣ ਕਰਨ ਲਈ।

**ਐਸਾ ਗਿਆਨ ਜਪਹੁ ਮਨ ਮੇਰੇ॥ ਹੋਵਹੁ ਚਾਕਰ ਸਾਚੇ ਕੇਰੇ॥** (728)

ਇਸ ਪੰਕਤੀ ਵਿਚ ਗੁਰੂ ਗਿਆਨ ਨੂੰ ਜਪਣ ਦਾ ਹੁਕਮ ਹੈ। ਗਿਆਨ ਜਪਿਆ ਜਾਂ ਸਿਮਰਿਆ ਨਹੀਂ ਜਾ ਸਕਦਾ। ਗਿਆਨ ਤਾਂ ਹਾਸਲ ਕਰਕੇ ਉਸ ਮੁਤਾਬਕ ਕੰਮ ਕਰਨਾ ਹੁੰਦਾ ਹੈ।

**ਬਾਵਰੇ ਤੈ ਗਿਆਨ ਬੀਚਾਰ ਨ ਪਾਇਆ॥ ਬਿਰਥਾ ਜਨਮ ਗਵਾਇਆ॥**(793)

ਹੇ ਨਾ ਸਮਝ ਇਨਸਾਨ, ਤੂੰ ਗੁਰੂ ਗਿਆਨ ਸਮਝਿਆ ਨਹੀਂ, ਵਿਚਾਰ ਕੀਤੀ ਹੀ ਨਹੀਂ। ਸਾਰਾ ਜੀਵਨ ਬਿਅਰਥ ਗੰਵਾ ਲਿਆ।

# ਗੁਰਬਾਣੀ ਮਹਾਨ - ਸਿੱਖ ਨਾਦਾਨ

ਇੱਕ ਵਾਰੀ ਸਿੱਖ ਆਗੂਆਂ ਦੀ ਬੈਠਕ ਵਿੱਚ ਸਿੱਖੀ ਨੂੰ ਉੱਚਾ ਚੁੱਕਣ ਲਈ ਜ਼ੋਰਦਾਰ ਘੜਮੱਸ ਪਿਆ ਹੋਇਆ ਸੀ। ਕਿਸੇ ਆਖਿਆ ਹਸਪਤਾਲ ਖੋਹਲੋ, ਦੂਜੇ ਨੇ ਕਿਹਾ ਸਕੂਲ ਚਾਲੂ ਕਰੋ।ਤੀਜੇ ਨੇ ਤੀਰ ਛੱਡਿਆ ਨਗਰ ਕੀਰਤਨ ਕਰੋ, ਤੇ ਚੌਥੇ ਨੇ ਜੈਕਾਰਾ ਗਜਾਇਆ ਸਰਕਾਰ ਵਿਰੁੱਧ ਮੋਰਚਾ ਲਾਓ। ਕਿਸੇ ਰਾਏ ਦਿੱਤੀ ਖਾਲਿਸਤਾਨ ਤੋਂ ਬਿਨਾਂ ਨਹੀਂ ਜੇ ਸਰਨਾ ਇੱਕ ਹੋਰ ਨੇ ਫੁਰਮਾਇਆ ਸਾਰੇ ਗੁਰਦਵਾਰਿਆਂ ਵਿੱਚ ਪੰਥ ਦੀ ਚੜ੍ਹਦੀ ਕਲਾ ਲਈ ਅਖੰਡ ਪਾਠ ਕਰਵਾਏ ਜਾਣ। ਪੰਥ ਦੀ ਵਿਗੜੀ ਤਕਦੀਰ ਸੰਵਾਰਨ ਵਾਸਤੇ ਲੱਗ ਰਹੇ ਜੋਰ ਕਾਰਨ ਸਾਰੇ "ਜਥੇਦਾਰ" ਪਸੀਨੋ ਪਸੀਨਾ ਹੋਏ, ਬੜੇ ਔਖੇ ਸਾਹ ਲੈ ਰਹੇ ਸਨ। ਗੋਗੜ ਨੂੰ ਸੰਭਾਲਦਿਆਂ ਪੰਥ ਦੇ ਦਰਦ ਦੀ ਪੀੜ ਵਿੱਚ ਵਿਆਕੁਲ, ਇੱਕ ਜਿਲ੍ਹਾ ਜਥੇਦਾਰ ਖੜਾ ਹੋਇਆ, ਤੇ ਇਲਾਹੀ ਫੁਰਮਾਨ ਪੜ੍ਹਕੇ ਸੁਣਾਉਣ ਦੇ ਅੰਦਾਜ ਵਿੱਚ ਕੂਕਿਆ– "ਮੇਰੇ ਪੰਥ ਪ੍ਰਸਤ ਭਰਾਵੋ! ਬੜੀ ਦੇਰ ਤੋਂ ਮੈਂ ਕੱਚੇ ਪਿੱਲੇ ਜਿਹੇ ਵਿਚਾਰ ਸੁਣਦਾ ਆਵਾਜਾਰ ਹੋ ਰਿਹਾ ਸਾਂ। ਤੁਹਾਡੇ ਕੋਲੋਂ ਪੰਥ ਦੀ ਡੁੱਬਦੀ ਬੇੜੀ ਬੰਨੇ ਨਹੀਂ ਲੱਗਣੀ। ਇਹਦੇ ਵਾਸਤੇ ਮੇਰੇ ਕੋਲ ਜ਼ਿੰਦਗੀ ਦਾ ਤਜਰਬਾ ਹੈ, ਗੁਰੂ ਪਿਆਰ ਤੇ ਪੰਥਕ ਦਰਦ ਹੈ। ਬੜੀਆਂ ਸਕੀਮਾਂ ਸੁਣ ਚੁੱਕਿਆ ਹਾਂ ਮੈਂ, ਹੁਣ ਧਿਆਨ ਨਾਲ ਮੇਰੀ ਗੱਲ ਸੁਣੋ ਤੇ ਅਮਲੀ ਜਾਮਾ ਪਹਿਨਾਉ। ਇੱਕ ਮਿੰਟ ਗੁਆਏ ਬਿਨਾਂ ਸਾਰੇ ਗੁਰਦਵਾਰਿਆਂ ਵਿੱਚ ਝੂਲ ਰਹੇ ਨਿਸ਼ਾਨ ਸਾਹਿਬ ਦਸ੍ਦਸ ਫੁੱਟ ਉੱਚੇ ਕਰਵਾ ਦਿਓ। ਨਿਸ਼ਾਨ ਉੱਚੇ ਤਾਂ ਖਾਲਸਾ ਪੰਥ ਉੱਚਾ....."। ਜਥੇਦਾਰ ਜੇਤੂ ਅੰਦਾਜ਼ ਵਿੱਚ ਤਣਿਆ ਖੜਾ ਸੀ। ਤੇ ਕਿਸੇ ਨੇ ਜੋ ਬੋਲੇ ਸੋ ਨਿਹਾਲ ਦਾ ਜੈਕਾਰਾ ਗਜਾ ਕੇ ਇਸ ਵਿਚਾਰ ਦੀ ਪੁਸਟੀ ਕਰ ਦਿਤੀ।

ਚਾਰੇ ਪਾਸੇ ਬੜੀ ਕਾਵਾਂ ਰੌਲੀ ਪਾਈ ਜਾ ਰਹੀ ਹੈ, "ਪੰਥ ਨੂੰ ਸੰਭਾਲੋ, ਪਤਿਤਪੁਣਾ ਰੋਕੋ, ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਓ, ਬ੍ਰਾਹਮਣੀ ਕਰਮਕਾਂਡਾਂ ਤੋਂ ਮੁਕਤੀ ਪਾਓ...।" ਵਿਧੀ ਪੂਰਵਕ ਆਪਣੀ ਜਿੰਮੇਵਾਰੀ ਸਮਝਕੇ ਕੋਈ ਜਥੇਬੰਦੀ (SGPC ਤੇ DGPC) ਲੰਮੇ ਸਮੇਂ ਦੇ ਕਾਰਜ ਉਲੀਕਣ ਲਈ ਤਿਆਰ ਨਹੀਂ ਹੈ। ਕੁੱਝ ਇੱਕ ਜਥੇਬੰਦੀਆਂ ਤੇ ਡੇਰੇਦਾਰ ਬੜੀ ਲਾ ਜੁਆਬ ਦਲੀਲ ਘੜੀ ਘੜਾਈ ਗੱਲ ਕਰਨ ਵਾਲੇ ਦੇ ਮੱਥੇ ਕੱਢ ਮਾਰਦੇ ਹਨ।" ਦੇਖੋ ਜੀ ਇਹ ਪਾਵਨ ਗੁਰਬਾਣੀ ਸਚਖੰਡ ਵਿੱਚੋਂ, ਬਾਬਾ ਨਾਨਕ ਜੀ ਨੇ ਲਿਆਂਦੀ ਹੈ। ਉੱਚੇ ਗਗਨ ਮੰਡਲਾਂ ਦੀਆਂ ਇਸ ਵਿੱਚ ਵਿੱਚਾਰਾਂ ਹਨ। ਇਸ ਨੂੰ ਕੌਣ ਸਮਝ ਸਕਦਾ ਹੈ ? ਕੌਣ ਇਸਦੇ ਅਰਥ ਕਰਨ ਦੀ ਸਮਰੱਥਾ ਰੱਖਦਾ ਹੈ ? ਇਹ ਤਾਂ ਬਸ ਗਾਉਣ ਲਈ

ਤੇ ਅਨੰਦ ਲੈਣ ਲਈ ਹੈ।" ਕੀ ਮੈਂ ਪੁੱਛਣ ਦੀ ਗੁਸਤਾਖੀ ਕਰ ਸਕਦਾ ਹਾਂ ਕਿ ਇਹ ਬਾਣੀ ਬਾਬਾ ਨਾਨਕ ਜੀ ਨੇ ਧਰਤੀ ਤੇ ਆਕੇ ਹੀ ਕਿਉਂ ਲਿਖੀ ? ਜੇ ਸੱਚਖੰਡ ਦੀ ਵਸਤੂ ਹੈ ਤਾਂ ਉਪਰ ਕਿਤੇ ਸੰਭਾਲ ਰੱਖਦੇ, ਧਰਤੀ ਉਪਰ ਆਉਣ ਦੀ ਕੀ ਲੋੜ ਸੀ ? ਇਹ ਬਾਣੀ ਉਹਨਾਂ ਬੋਲੀਆਂ ਵਿੱਚ ਲਿਖੀ ਗਈ ਹੈ, ਜੋ ਇਸ ਭੂਖੰਡ ਤੇ ਪ੍ਰਚੱਲਤ ਸਨ। ਇਸ ਬਾਣੀ ਵਿੱਚ ਧਰਤੀ ਤੇ ਬਣੇ ਮੰਦਰਾਂ ਦਾ ਜ਼ਿਕਰ ਹੈ, ਮਸਜਿਦਾਂ ਦਾ ਜ਼ਿਕਰ ਹੈ। ਨਦੀਆਂ ਦਰਿਆਵਾਂ (ਗੰਗਾ ਜਉ ਗੋਦਾਵਰਿ ਜਾਈਐ, ਕੁੰਭਿ ਜਉ ਕੇਦਾਰ ਨ੍ਹਾਈਐ। ਗੋਮਤੀ ਸਹਸ ਗਉ ਦਾਨੁ ਕੀਜੈ 973") ਪਸ਼ੂਆਂ, ਪੰਛੀਆਂ, ਰੁੱਖਾਂ, ਬਿਰਖਾਂ, ਅੰਨ ਦਾਣੇ ਤੱਕ ਦੇ ਨਾਮ ਮੌਜੂਦ ਹਨ। ਜੋਗੀ, ਜੈਨੀ, ਬੋਧੀ, ਹਿੰਦੂ, ਮੁਸਲਮਾਨ, ਉਹਨਾਂ ਦੇ ਪੂਜਨੀਕ ਦੇਵਤੇ, ਆਦਿਕ ਦਾ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭਰਪੂਰ ਜ਼ਿਕਰ ਮਿਲਦਾ ਹੈ। ਹਵਾ, ਪਾਣੀ, ਮਿੱਟੀ, ਸਮੁੰਦਰ, ਚੰਦ ਸੂਰਜ (ਜੋ ਧਰਤੀ ਤੋਂ ਨਜ਼ਰ ਆਉਂਦੇ ਹਨ) ਤਾਰਿਆਂ ਦਾ ਨਾਮ ਬਾਰ ਬਾਰ ਆਉਂਦਾ ਹੈ। ਜੇ ਇਹ ਬਾਣੀ ਮਨੁੱਖ ਮਾਤਰ (ਖਾਸ ਕਰ ਸਿੱਖ ਪੰਥ) ਲਈ ਨਹੀਂ ਹੈ, ਫਿਰ ਇਸਦੀ ਰਚਨਾ ਕਰਨ ਦੀ ਜ਼ਰੂਰਤ ਹੀ ਕੋਈ ਨਹੀਂ ਸੀ। ਜੇ ਬਾਣੀ ਨੂੰ ਕੋਈ ਸਮਝ ਨਹੀਂ ਸਕਦਾ ਤਾਂ ਇਸ ਅਸੂਲ ਦਾ ਨਿਰਣਾ ਕਿਵੇਂ ਹੋਵੇਗਾ ਕਿ ਗੁਰਮੱਤ ਕੀ ਹੈ ਤੇ ਮਨਮਤ ਕੀ ਹੈ ? ਜਿਹੜੇ ਲੋਕ ਇਸ ਤਰ੍ਹਾਂ ਮੂਰਖਤਾ ਵਾਲਾ ਪ੍ਰਚਾਰ ਕਰ ਰਹੇ ਹਨ ਉਹ ਨਿਰਮਲ ਨਿਆਰੇ ਖਾਲਸਾ ਪੰਥ ਨੂੰ ਬ੍ਰਾਹਮਣੀ ਖਾਰੇ ਸਾਗਰ ਵਿੱਚ ਡੋਬ ਰਹੇ ਹਨ। ਕੁੱਝ ਸਾਧ ਲਾਣਾ ਜੋ ਅਨਪੜ ਹੋਣ ਕਰਕੇ ਗੁਰਬਾਣੀ ਵਿਚਲੇ "ਸੱਚ" ਨੂੰ ਸਮਝਣ ਤੋਂ ਅਸਮਰਥ ਹੋਣ ਕਰਕੇ, ਆਪਣੀ ਕਮ ਅਕਲੀ ਨੂੰ ਛੁਪਾਉਂਦਾ ਹੋਇਆ ਇਹ ਆਖਕੇ ਪੱਲਾ ਛੁਡਾ ਲੈਂਦਾ ਹੈ "ਜੀ ਬਾਣੀ ਨੂੰ ਕੌਣ ਸਮਝ ਸਕਦਾ ਹੈ ? ਗੁਰੂ ਕੀ ਗਤ ਗੁਰੂ ਜਾਣੇ, ਅਸੀਂ ਗੁਰੂ ਦੀ ਬ੍ਰਾਬਰੀ ਕਿਵੇਂ ਕਰ ਸਕਦੇ ਹਾਂ ?

ਇਹ ਉਪਰ ਵਰਣਿਤ ਵਿਚਾਰ ਦਾ ਇੱਕ ਪੱਖ ਹੈ। ਦੂਜਾ ਪੱਖ ਇਹ ਭੀ ਹੈ ਕਿ ਸਾਡੇ ਸਾਰੇ ਪ੍ਰਚਾਰਕ, ਧਾਰਮਕ ਸਟੇਜ ਤੇ ਹਾਜ਼ਰੀ ਲੁਆਣ ਵਾਲੇ, ਸਿੱਖ ਰਾਜਸੀ ਆਗੂ, ਕਵੀ, ਰਾਗੀ, ਢਾਡੀ ਆਦਿਕ, ਸਾਰੇ ਹੀ ਇਹਨਾਂ ਕੁੱਝ ਕੁ ਬਚਨਾਂ ਨੂੰ ਬਾਰ ਬਾਰ ਦੁਹਰਾਉਂਦੇ ਸੁਣੇ ਜਾ ਸਕਦੇ ਹਨ "ਇਹ ਇਲਾਹੀ ਬਾਣੀ ਹੈ, ਧੁਰ ਕੀ ਬਾਣੀ ਹੈ, ਸਤਿਗੁਰ ਸਹਿਬਾਨ ਦੇ ਹਿਰਦੇ ਵਿੱਚੋਂ ਪ੍ਰਗਟ ਹੋਏ ਅਰਸ਼ੀ ਬਚਨ ਹਨ। ਜੁਗੋ ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਜੀ, ਦਸਾਂ ਪਾਤਿਸ਼ਾਹੀਆਂ ਦੀ ਆਤਮਕ ਜੋਤ ਹੈ। ਸ਼ਬਦ ਗੁਰੂ ਹੈ, ਚੌਰ ਤਖਤ ਦੇ ਮਾਲਕ, ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ....।" ਇਸ ਤੋਂ ਪ੍ਰਗਟ ਹੋਇਆ ਅੱਜ ਦਾ ਇਲਾਹੀ ਇਰਸ਼ਾਦ, ਰੱਬੀ ਫੁਰਮਾਨ, ਅੱਜ ਦਾ ਮਹਾਂਵਾਕ ਦਰਬਾਰ ਸਾਹਿਬ ਤੋਂ ਬਖਸ਼ਿਸ਼ ਹੋਇਆ "ਅੰਮ੍ਰਿਤ ਵੇਲੇ" ਦਾ ਹੁਕਮਨਾਮਾ...."। ਪਾਠਕ ਜਨੋ! ਤੁਸੀਂ ਇਸ ਤਰ੍ਹਾਂ ਦਾ

ਪ੍ਰਚਾਰ ਸਿੱਖਾਂ ਦੀਆਂ ਧਾਰਮਕ ਸਟੇਜਾਂ ਤੋਂ ਹੁੰਦਾ ਅਨੇਕ ਵਾਰੀ ਸੁਣਿਆ ਹੋਵੇਗਾ। ਜਿੰਨੇ ਵਿਸ਼ੇਸ਼ਣ ਗੁਰੂ ਗ੍ਰੰਥ ਵਾਸਤੇ ਵੱਧ ਤੋਂ ਵੱਧ ਵਰਤੇ ਜਾ ਸਕਦੇ ਸਨ ਸਾਰੇ ਵਰਤੇ ਜਾ ਰਹੇ ਹਨ। ਹੁਣ ਜ਼ਰਾ ਗੌਰ ਨਾਲ ਦੁਬਾਰਾ ਧਿਆਨ ਕੇਂਦਰਤ ਕਰਕੇ ਸੋਚੋ। ਜਿੰਨੀ ਵਡਿਆਈ ਗੁਰੂ ਗ੍ਰੰਥ ਸਾਹਿਬ ਜੀ ਦੀ ਜਬਾਨੀ ਕਲਾਮੀ ਕੀਤੀ ਜਾ ਰਹੀ ਹੈ, ਕੀ ਸੱਚ ਮੁੱਚ ਇਸ ਤਰ੍ਹਾਂ ਸਵੀਕਾਰਿਆ ਭੀ ਜਾ ਰਿਹਾ ਹੈ ? ਸਿੱਖਾਂ ਦੀ ਸ਼ਰਧਾ ਮੁਤਾਬਕ ਤਾਂ ਸਾਰੀ ਗੁਰਬਾਣੀ ਹੀ ਸਤਿਗੁਰੂ ਜੀ ਦਾ ਹੁਕਮਨਾਮਾ ਹੈ। ਫਿਰ ਇੱਕ ਸ਼ਬਦ ਦਾ ਹੁਕਮਨਾਮਾ ਕਿਉਂ ? ਖੈਰ ਇੱਕ ਸ਼ਬਦ ਅਗਰ "ਹੁਕਮਨਾਮਾ" ਹੈ, ਤਾਂ ਕੀ ਹੁਕਮ ਦੀ ਉਲੰਘਣਾ ਭੀ ਕੀਤੀ ਜਾ ਸਕਦੀ ਹੈ ? ਘਰ ਵਿੱਚ ਬੱਚੇ ਮਾਤਾ ਪਿਤਾ ਦਾ ਹੁਕਮ ਨਾਂ ਮੰਨਣ ਤਾਂ ਕੀ ਉਹ ਪਿਆਰ ਪ੍ਰਾਪਤ ਕਰ ਸਕਣਗੇ ? ਅਦਾਲਤਾਂ ਵੱਲੋਂ ਦਿੱਤਾ ਗਿਆ "ਹੁਕਮ" ਕੋਈ ਪਲਟ ਕੇ ਵੇਖੇ! ਤੁਰੰਤ ਸੀਖਾਂ ਪਿੱਛੇ ਬੰਦ ਹੋਵੇਗਾ। ਹੁਕਮ ਵੱਡਿਆਂ ਵੱਲੋਂ ਦਿੱਤਾ ਜਾਂਦਾ ਹੈ, ਤੇ ਉਸ ਵਿੱਚ ਛੋਟਿਆਂ ਦੀ ਭਲਾਈ ਛੁਪੀ ਹੋਇਆ ਕਰਦੀ ਹੈ। ਜਿਹੜੇ ਮੈਂਬਰ ਘਰ ਦੇ ਵੱਡੇ ਦਾ ਹੁਕਮ ਨਾਂ ਮੰਨਣ, ਆਪ ਹੁਦਰੀਆਂ ਕਰਨ ਫਿਰ ਉਹਨਾਂ ਨੂੰ ਖੁਆਰੀ, ਬਰਬਾਦੀ ਤੋਂ ਕੋਈ ਨਹੀਂ ਬਚਾ ਸਕਦਾ।

ਸਿੱਖ ਬੁਲਾਰੇ ਤੇ ਸਿੱਖਾਂ ਦੇ ਚੌਧਰੀ ਸਟੇਜ ਤੇ ਨਾਟਕ ਬੜਾ ਵਧੀਆ ਕਰਦੇ ਆ ਰਹੇ ਹਨ। ਪਰ ਨਾਟਕ ਤਾਂ ਕੇਵਲ ਬਣਾਵਟੀ ਗੱਲ ਹੀ ਹੋਇਆ ਕਰਦੀ ਹੈ, ਉਸ ਵਿੱਚ ਹਕੀਕਤ ਤਾਂ ਕੋਈ ਹੁੰਦੀ ਹੀ ਨਹੀਂ। ਦੁਨੀਆਦਾਰੀ ਦੇ ਵਿਹਾਰ ਵਿੱਚ, ਸ਼ਾਇਦ ਨਾਟਕ ਕੀਤਾ ਚੱਲ ਜਾਵੇ, ਪਰ ਸੱਚੇ ਸਤਿਗੁਰੂ ਨਾਲ ਭੀ ਛਲ ਨਾਟਕ ? ਕੀ ਇਹ ਗੁਰਮੁਖਤਾਈ ਆਖੀ ਜਾ ਸਕਦੀ ਹੈ ? ਨਿਰੰਕਾਰ ਦਾ ਇਲਾਹੀ "ਹੁਕਮ" ਜਦੋਂ ਜਾਰੀ ਹੁੰਦਾ ਹੈ ਉਸਨੂੰ ਦੁਨੀਆਂ ਦੀ ਕੋਈ ਤਾਕਤ ਨਹੀਂ ਰੋਕ ਸਕਦੀ। ਸਮੁੰਦਰ ਉੱਛਲ ਕੇ ਧਰਤੀ ਵੱਲ ਚੜ੍ਹ ਪਏ ਤਾਂ ਤਬਾਹੀ ਕਰ ਦਿੰਦਾ ਹੈ। ਭੁਚਾਲ, ਬਾਰਸ਼ਾਂ, ਤੂਫਾਨ ਆਦਿਕ ਜਦੋਂ ਕਹਿਰ ਵਰਤਾਉਂਦੇ ਹਨ, ਕੋਈ ਨਹੀਂ ਰੋਕ ਸਕਦਾ। ਜਦੋਂ ਖੁਸ਼ੀਆਂ ਖੇੜਿਆਂ ਵਾਲੇ ਸਾਜਗਾਰ ਮੌਸਮ ਚਲਦੇ ਹਨ, ਤਾਂ ਲਹਿਰਾਂ ਬਹਿਰਾਂ ਹੋ ਜਾਂਦੀਆਂ ਹਨ। ਵਿਸ਼ੇਸ਼ਣ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਦੇ ਦਿੱਤੇ ਸਾਰੇ, ਬਹੁਤ ਵੱਡੇ, ਪਰ ਹੁਕਮ ਉਸਦਾ ਅਸਲ ਵਿੱਚ ਕਿਤੇ ਭੀ ਨਹੀਂ ਚਲਦਾ। ਸਟੇਜੀ ਛਲ, ਨਾਟਕ ਨੂੰ ਛੱਡ ਕੇ ਜ਼ਰਾ ਅਸਲੀਅਤ ਵਿੱਚ ਉਤਰ ਕੇ ਵੇਖੋ। ਸਿੱਖ ਪੰਥ ਦੀ ਤਰਜ਼ੇ ਜ਼ਿੰਦਗੀ ਕੀ ਗੁਰੂ ਗ੍ਰੰਥ ਸਾਹਿਬ ਜੀ ਦੇ "ਹੁਕਮ" ਮੁਤਾਬਕ ਹੈ ? ਜਦੋਂ ਸਿੱਖ ਅਖਵਾਣ ਵਾਲੇ ਹੀ ਸਤਿਗੁਰੂ ਜੀ ਦਾ "ਹੁਕਮਨਾਮਾ" ਮੰਨਣ ਲਈ ਤਿਆਰ ਨਹੀਂ ਫਿਰ ਖੁਆਰੀ ਤੇ ਬਰਬਾਦੀ ਹੀ ਪੱਲੇ ਪੈਣੀ ਹੋਈ। ਸੰਸਾਰ ਭਰ ਵਿੱਚ ਅੰਦਾਜ਼ਨ ਦੋ ਲੱਖ ਗੁਰਦਵਾਰੇ ਹਨ। ਉਹਨਾਂ ਸਾਰਿਆਂ ਥਾਈਂ ਸੱਚੀ ਬਾਣੀ ਦਾ ਹਰ ਰੋਜ਼ ਕਈ ਕਈ ਵਾਰ "ਹੁਕਮਨਾਮਾ" ਪੜ੍ਹ

ਕੇ ਸੁਣਾਇਆ ਜਾਂਦਾ ਹੈ। ਬੋਰਡ ਤੇ ਲਿਖ ਦਿੱਤਾ ਜਾਂਦਾ ਹੈ ਤਾਂ ਕਿ ਹਰ ਕੋਈ ਪੜ੍ਹ ਸਕੇ। ਦੁਖੀ ਮਨ ਨਾਲ ਲਿਖ ਰਿਹਾ ਹਾਂ ਕਿ ਉਸ "ਹੁਕਮਨਾਮੇ" ਨੂੰ ਰਸਮ ਪੂਰਤੀ ਵਾਂਗ ਪੜ੍ਹਿਆ ਸੁਣਿਆ ਜਾ ਰਿਹਾ ਹੈ। ਉਸਨੂੰ ਸਮਝਣ ਵਾਸਤੇ ਕੋਈ ਜਤਨ ਨਹੀਂ ਕੀਤਾ ਜਾਂਦਾ। ਸੰਗਤਾਂ ਨੂੰ ਸਮਝਾਉਣ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਜੋ ਕੀਰਤਨੀਏ ਕੀਰਤਨ ਕਰਦੇ ਉਮਰ ਬਿਤਾ ਦਿੰਦੇ ਹਨ, ਬਾਣੀ ਬਹੁਤ ਸਾਰੀ ਯਾਦ ਭੀ ਕਰ ਲੈਂਦੇ ਹਨ। ਉਹਨਾਂ ਨੂੰ ਖੁਦ ਪਤਾ ਨਹੀਂ ਹੁੰਦਾ ਕਿ ਅਸੀਂ ਜੋ ਗਾ ਰਹੇ ਹਾਂ, ਇਸ ਦਾ ਅਰਥ ਕੀ ਹੈ। ਸਤਿਗੁਰੂ ਕੀ "ਹੁਕਮ" ਦੇ ਰਹੇ ਹਨ। ਪਾਠੀ ਪਾਠ ਕਰਦਿਆਂ ਬੁੱਢੇ ਹੋ ਜਾਂਦੇ ਹਨ, ਇੱਕ ਮਸ਼ੀਨ ਦੀ ਨਿਆਈ। ਕੀ ਪੜ੍ਹ ਰਹੇ ਹਨ, ਕੀ ਉਪਦੇਸ਼ ਹੈ ਪਾਵਨ ਬਾਣੀ ਦਾ ਕੁਛ ਪਤਾ ਨਹੀ। ਸਤਿਗੁਰੂ ਗ੍ਰੰਥ ਸਾਹਿਬ ਦੀ ਗੋਦ ਵਿੱਚ ਬੈਠ ਕੇ, ਵਾਜਿਆਂ ਚਿਮਟਿਆਂ ਵਾਲੇ, ਲੰਮੇ ਝੁੱਗਿਆਂ ਵਾਲੇ, "ਸ੍ਰੀ ਮਾਨ 1008, ਸੰਤ, ਬ੍ਰਹਮ ਗਿਆਨੀ" ਹੋਣ ਦਾ ਢੋਲ ਪਿੱਟਣ ਵਾਲੇ "ਸੱਚਾ ਹੁਕਮ ਨਾਮਾ" (ਗੁਰਬਾਣੀ) ਤਿਆਗ ਕੇ, ਆਪਣੇ ਜੋੜੇ ਹੋਏ ਘਿਸੇ ਪਿਟੇ ਟੋਟਕੇ, (ਕਵਿਤਾਵਾਂ) ਭੋਲੀਆਂ ਸੰਗਤਾਂ ਨੂੰ ਹੇਕਾਂ ਲਾ ਲਾ ਕੇ, ਸੰਘ ਪਾੜ ਪਾੜ ਕੇ ਸੁਣਾਏ ਜਾ ਰਹੇ ਹਨ। ਭੋਲੇ ਸ਼ਰਧਾਲੂ ਮਨਮਤੀ ਕੂੜਾ ਕਰਕਟ ਮਨ ਦੇ ਭਾਂਡੇ ਵਿੱਚ ਸ਼ਰਧਾ ਸਹਿਤ ਪੁਆ ਰਹੇ ਹਨ। ਬਦਲੇ ਵਿੱਚ ਇਹਨਾਂ ਪਾਖੰਡੀ ਸਾਧਾਂ ਨੂੰ ਲੋਕ. ਮਾਇਆ ਦੇ ਵੱਡੇ ਗੱਫੇ ਭੇਟ ਕਰਦੇ ਹਨ। ਇਹਨਾਂ ਗੁਰਬਾਣੀ ਨਾਲੋਂ ਤੋੜਕੇ ਡੇਰਿਆਂ ਨਾਲ ਜੋੜਨ ਵਾਲਿਆਂ ਦੀ "ਚਰਨਾਂ ਤੇ ਸਿਰ ਰੱਖਕੇ" ਪੂਜਾ ਭੀ ਕਰਦੇ ਹਨ।

ਅਕਾਲ ਤਖਤ ਦੇ ਮੁੱਖ ਸੇਵਾਦਾਰ (ਜਥੇਦਾਰ) ਦੀ ਹਾਜਰੀ ਵਿੱਚ ਇੱਕ ਘਾਗ ਡੇਰੇ ਦਾਰ ਬਾਰ ਬਾਰ ਸੰਗਤਾਂ ਦਾ ਮੂੰਹ ਚਿੜਾਂਦਾ ਰਿਹਾ, ਗੁਰਮਰਿਆਦਾ ਦੀਆਂ ਧੱਜੀਆਂ ਉਡਾਉਂਦਾ ਰਿਹਾ, ਗੁਰੂ ਗ੍ਰੰਥ ਸਾਹਿਬ ਦੀ ਤੌਹੀਨ ਕਰਦਾ ਰਿਹਾ। "ਜਥੇਦਾਰ 'ਤੇ ਸੰਗਤਾਂ ਬੇਬਸ ਹੋਏ ਨੀਵੀਆਂ ਪਾਈ ਇਸ ਸਾਧ ਦੀਆਂ ਬੜ੍ਹਕਾਂ ਰੱਬੀ ਹੁਕਮ ਮੰਨ ਕੇ ਸੁਣਦੇ ਰਹੇ। ਸਟੇਜ ਤੇ ਆਉਣ ਤੋਂ ਪਹਿਲਾਂ ਇਸ ਸਾਧ ਨੂੰ ਗੁਰਸਿੱਖਾਂ ਵੱਲੋਂ ਕਿਹਾ ਗਿਆ, "ਸੰਤ ਜੀ ਕਿਰਪਾ ਕਰਕੇ ਸਟੇਜ ਤੇ ਕੇਵਲ ਗੁਰਬਾਣੀ ਗਾਈ, ਸੁਣਾਈ ਜਾਵੇ, ਕੱਚੀ ਬਾਣੀ ਨਹੀਂ।" "ਸੰਤ ਨੇ ਫੁੰਕਾਰਾ ਮਾਰਿਆ, ਤੇਵਰ ਤਿੱਖੇ ਹੋਏ ਅੱਖਾਂ ਦੇ ਡੋਰੇ ਲਾਲ ਹੋ ਗਏ। ਅੰਦਰੇ ਅੰਦਰ ਜ਼ਹਿਰੀ ਨਾਗ ਵਾਂਗ ਜ਼ਹਿਰ ਘੋਲਦਿਆਂ, ਸੰਤ ਜੀ ਨੇ ਸੱਤਬਚਨ ਆਖ ਕੇ ਸਿਰ ਹਿਲਾਇਆ। ਅਗਲੇ ਹੀ ਪਲ ਇਸ ਸੰਤ ਨੂੰ ਸਟੇਜ ਤੋਂ ਇਉਂ ਬੜ੍ਹਕਦਿਆਂ ਸਾਰੇ ਸੁਣ ਰਹੇ ਸਨ ਸਮੇਤ "ਜਥੇਦਾਰ" ਅਕਾਲ ਤਖਤ।" ਸੰਤ ਜੀ ਸੱਚੋ ਸੱਚ ਬਖਾਨ ਰਹੇ ਸਨ- **"ਮੈਨੂੰ ਕਿਹਾ ਗਿਆ ਹੈ ਕਿ ਸਟੇਜ ਤੋਂ ਸਿਰਫ ਪੱਕੀ ਬਾਣੀ (ਗੁਰਬਾਣੀ) ਪੜ੍ਹੀ ਜਾਵੇ। ਕੱਚੀ ਬਾਣੀ ਨਾਂ ਪੜ੍ਹੀ ਜਾਵੇ। ਇਸਦਾ ਮਤਲਬ ਕਿ ਜੋ ਕੁੱਝ ਗੁਰੂ ਗ੍ਰੰਥ**

**ਸਾਹਿਬ ਵਿੱਚ ਦਰਜ ਹੈ ਉਹੀ ਪੱਕਾ (ਠੀਕ) ਹੈ ਬਾਕੀ ਸਭ ਕੱਚ ਪਿਲ ਹੈ, ਤੁਹਾਨੂੰ ਗਸੀਆਂ ਪੈਣਗੀਆਂ ਮੇਰੀਆਂ ਸੱਚੀਆਂ ਗੱਲਾਂ ਸੁਣਕੇ, ਲਓ ਸੁਣੋ - ਚਾਰੇ ਸਾਹਿਬਜ਼ਾਦਿਆਂ ਦਾ ਗੁਰੂ ਗ੍ਰੰਥ ਵਿੱਚ ਕੋਈ ਜ਼ਿਕਰ ਨਹੀਂ ਹੈ, ਤੁਹਾਡੇ ਚਾਰੇ ਸਾਹਿਬਜ਼ਾਦੇ ਕੱਚੇ! ਬੋਲੋ ਵਾਹਿਗੁਰੂ। ਤੁਹਾਡੇ ਪੰਜਾਂ ਪਿਆਰਿਆਂ ਦਾ ਗੁਰੂ ਗ੍ਰੰਥ ਵਿੱਚ ਕੋਈ ਹਵਾਲਾ ਨਹੀਂ ਇਸਦਾ ਮਤਲਬ ਪੰਜ ਪਿਆਰੇ ਕੱਚੇ! ਬੋਲੋ ਵਾਹਿਗੁਰੂ। ਚਾਰ ਗੁਰੂਆਂ ਦਾ ਨਾਮ ਤੇ ਬਾਣੀ ਗੁਰੂ ਗ੍ਰੰਥ ਵਿੱਚ ਨਹੀਂ ਹੈ। ਸਮਝੋ ਤੁਹਾਡੇ ਚਾਰੇ ਗੁਰੂ ਕੱਚੇ! ਬੋਲੋ ਵਾਹਿਗੁਰੂ। ਸ਼ਹੀਦਾਂ ਮੁਰੀਦਾਂ ਦਾ, ਖੰਡੇ ਦੀ ਪਾਹੁਲ ਦਾ ਕੋਈ ਜ਼ਿਕਰ ਨਹੀਂ, ਇਹ ਭੀ ਸਾਰੇ ਕੱਚੇ ਪਿੱਲੇ। ਬੋਲੋ ਵਾਹਿਗੁਰੂ....। ਤੁਹਾਡੇ ਭਾਈ ਗੁਰਦਾਸ ਤੇ ਭਾਈ ਨੰਦ ਲਾਲ ਭੀ ਕੱਚੇ, ਬੋਲੋ ਵਾਹਿਗੁਰੂ...।"** ਘੰਟਾ ਭਰ ਇਹ ਬੂਬਨਾ ਸਾਧ (ਮਾਨ ਸਿੰਘ ਪੇਹਵੇ ਵਾਲਾ) ਸਾਰਿਆਂ ਦੇ ਸਿਰ ਸੁਆਹ ਪਾਉਂਦਾ ਰਿਹਾ ਕਿਸੇ ਦੀ ਹਿੰਮਤ ਨਾ ਪਈ ਕਿ ਇਸ ਦੀ ਜ਼ਬਾਨ ਬੰਦ ਕਰਵਾ ਸਕੇ। ਛੇਵੇਂ ਪਾਤਿਸ਼ਾਹ ਦੇ ਸਾਜੇ ਤਖ਼ਤ ਦਾ "ਜਥੇਦਾਰ" "ਸੰਤ ਜੀ ਦੇ ਇਹ ਪ੍ਰਵਚਨ ਅੰਮ੍ਰਿਤ ਜਾਣ ਕੇ ਸੁਣਦਾ ਰਿਹਾ। ਸੰਗਤਾਂ ਵਾਹਿਗੁਰੂ ਵਾਹਿਗੁਰੂ ਜਪਦੀਆਂ ਰਹੀਆਂ। ਪ੍ਰਬੰਧਕ ਨੀਵੀਆਂ ਪਾਈ ਟਿਕਟਿਕੀ ਲਾਕੇ ਗੋਲਕ ਵਿੱਚ ਡਾਲਰ ਪੈਂਦੇ ਵੇਖਦੇ ਰਹੇ। ਗਿਣਤੀ ਦੇ ਸੇਵਕ ਕਚੀਚੀਆਂ ਵੱਟਦੇ ਰਹੇ। "ਸੰਤ" ਜੀ ਆਪਣੇ ਉਪਦੇਸ਼ ਸ੍ਰਵਣ ਕਰਵਾ ਕੇ ਡਾਲਰਾਂ ਦੇ ਥੈਲੇ ਭਰਕੇ ਠਾਠ ਨਾਲ ਕਿਸੇ ਸ਼ਰਧਾਲੂ ਦੇ ਘਰ ਪੁੱਜ ਗਏ।

ਇੱਕ ਜ਼ਮਾਨਾ ਸੀ ਗੁਰਬਾਣੀ ਦੇ ਸੱਚ ਤੇ ਪਹਿਰਾ ਦਿੰਦਿਆਂ, ਸਤਿਗੁਰੂ ਜੀ ਦੇ ਉਪਦੇਸ਼ ਮੁਤਾਬਕ ਜੀਵਨ ਜਿਉਂਦਿਆਂ, ਗੁਰਸਿੱਖ ਸਿਰ ਦੀ ਬਾਜੀ ਲਾ ਦਿਆਂ ਕਰਦੇ ਸਨ। ਇੱਕ ਜ਼ਮਾਨਾ ਸੀ ਜਦੋਂ ਸਿੱਖਾਂ ਦੇ ਦੁਸ਼ਮਣ ਭੀ ਸਿੱਖ ਕਿਰਦਾਰ ਦੇ ਗੁਣ ਫ਼ਖਰ ਨਾਲ ਬਿਆਨ ਕਰਿਆ ਕਰਦੇ ਸਨ। ਇੱਕ ਸਮਾਂ ਸੀ ਪਰਉਪਕਾਰ ਹਿੱਤ ਸਿੱਖ ਬਹਾਦਰ ਆਪਣੇ ਸਾਰੇ ਸੁੱਖ ਤਿਆਗ ਦਿਆ ਕਰਦੇ ਸਨ। ਉਹ ਭੀ ਵਕਤ ਸੀ ਪੂਜਾ ਦੇ ਧਾਨ (ਗੁਰੂ ਨਮਿਤ ਮਾਇਆ ਤੇ ਪਦਾਰਥ) ਨੂੰ ਜ਼ਹਿਰ ਵਤ ਜਾਣਿਆ ਕਰਦੇ ਸਨ। ਅੱਜ ਸਿੱਖ ਕਿਰਦਾਰ ਕਿੰਨਾ ਰਸਾਤਲ ਵਿੱਚ ਡਿੱਗ ਪਿਆ ਹੈ, (ਵਿਰਲਿਆਂ ਨੂੰ ਛੱਡਕੇ) ਬਿਆਨ ਕਰਦਿਆਂ ਹੀ ਸ਼ਰਮ ਨਾਲ ਪਾਣੀ ਹੋ ਜਾਈਦਾ ਹੈ। ਸਤਿਗੁਰੂ ਜੀ ਦਾ ਫੁਰਮਾਨ ਹੈ -

**ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥**
**ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ।।** (1245)

ਇੱਥੇ ਇਹ ਨਾ ਸਮਝ ਲੈਣਾ ਕਿ ਧਾਗੇ ਤਵੀਤ ਮੰਤਰ ਤੇ ਮੂਲ ਦੇ ਪਾਠਾਂ ਤੱਕ ਹੀ ਗੱਲ ਸੀਮਤ ਹੈ। ਨਹੀਂ, ਸਗੋਂ ਲਾਲਚ ਵਸ, ਖੁਦਗਰਜੀਆਂ ਵਿੱਚ ਰੁੜ੍ਹਕੇ ਧਰਮ ਦੇ ਅਸੂਲ

ਵੇਚ ਦੇਣੇ, ਧਰਮ ਇਮਾਨ ਤੇ ਜ਼ਮੀਰ ਵੇਚ ਦੇਣੀ। ਧਾਰਮਕ ਸਮਾਜਕ ਤੇ ਰਾਜਸੀ ਸੌਦੇਬਾਜੀ ਵਿੱਚ ਨਿੱਜ ਦਾ ਫਾਇਦਾ ਹੀ ਪ੍ਰਮੁੱਖ ਰੱਖਣਾ। ਗੁਰੂ ਘਰਾਂ ਨੂੰ ਚੌਧਰਾਂ ਚਮਕਾਉਣ ਦੇ ਅੱਡੇ ਬਣਾ ਲੈਣਾ। ਗੁਰੂ ਗ੍ਰੰਥ ਸਾਹਿਬ ਜੀ ਦੀ ਉੱਤਮ ਸਿੱਖਿਆ ਤੇ ਨਾ ਚੱਲਕੇ ਕੇਵਲ ਬਾਣੀ ਦੀ ਆੜ ਵਿੱਚ ਮਾਇਆ ਦੇ ਅੰਬਾਰ ਇਕੱਠੇ ਕਰਨੇ। ਅਜਿਹੇ ਸਾਰੇ ਲੋਕਾਂ ਵਾਸਤੇ ਹੀ ਉਪ੍ਰੋਕਤ ਪੰਕਤੀਆਂ ਹਨ। ਇੱਕ ਉਰਦੂ ਦੇ ਸ਼ਾਇਰ ਨੇ ਬੜਾ ਕਮਾਲ ਦਾ ਸ਼ਿਅਰ ਇਸ ਪਰਥਾਏ ਲਿਖਿਆ ਹੈ :-

**ਖੁਦਾਇਆ ਹਵਸ ਕੇ ਬੰਦੇ ਵਫਾ ਕੋ ਬੇਚ ਦੇਤੇ ਹੈ।**
**ਖੁਦਾ ਕੇ ਘਰ ਕੀ ਕਿਆ ਕਹੀਏ ਯਿਹ ਖੁਦਾ ਕੋ ਬੇਚ ਦੇਤੇ ਹੈ।**

ਅੱਜ ਆਮ ਸਿੱਖਾਂ ਦੀ ਗੱਲ ਤਾਂ ਬਹੁਤ ਪਿਛਾਂਹ ਰਹਿ ਗਈ ਹੈ, ਪੰਥ ਦੇ ਵਾਹਿਦ ਲੀਡਰ ਕੌਡੀਆਂ ਦੇ ਭਾਅ ਵਿਕਦੇ ਨਜ਼ਰ ਆ ਰਹੇ ਹਨ। ਜਥੇਦਾਰਾਂ ਦੇ ਘਰੋਂ (ਤੇ ਦਿਲੋਂ) ਸਿੱਖੀ ਉੱਡ ਚੁੱਕੀ ਹੈ। "ਸਾਧ ਸੰਤ" ਸੰਗਤਾਂ ਨੂੰ ਭਰਮਾਂ ਵਿੱਚ ਪਾਕੇ ਦੋਨੇ ਹੱਥੀਂ ਲੁੱਟ ਰਹੇ ਹਨ। ਤਿਆਗੀ ਬ੍ਰਹਮਚਾਰੀ ਅਖਵਾਉਣ ਵਾਲੇ "ਮਹਾਂਪੁਰਖ" ਆਲੀਸ਼ਾਲ ਮਹਿਲ ਉਸਾਰ ਚੁੱਕੇ ਹਨ। ਕਰੋੜਾਂ ਅਰਬਾਂ ਦੀਆਂ ਜ਼ਮੀਨਾ ਜਾਇਦਾਤਾਂ ਬਣਾ ਚੁੱਕੇ ਹਨ। ਆਮ ਸਿੱਖ ਗੁਰਬਾਣੀ ਗਿਆਨ ਤੋਂ ਕੋਰਾ ਨਜ਼ਰ ਆਉਂਦਾ ਹੈ। ਆਪਣੀ ਮਿਹਨਤ ਦੀ ਕਮਾਈ ਲੁਟੇਰੇ ਲੀਡਰਾਂ ਤੇ ਰਾਜਸੀ ਆਗੂਆਂ ਅੱਗੇ ਢੇਰੀ ਕਰ ਰਹੇ ਹਨ। ਧਰਮੀ ਚੋਲਿਆਂ ਵਿੱਚ ਲਿਪਟੇ ਲੁਟੇਰੇ ਸਾਧਾਂ ਸੰਤਾ ਦੇ ਚਰਨਾਂ ਵਿੱਚ ਅਰਪਣ ਕਰ ਰਹੇ ਹਨ। ਇਸ ਆਸ ਨਾਲ ਕਿ ਮਾਇਆ ਦਿੱਤਿਆਂ ਸਾਰੇ ਦੁੱਖ ਕਲੇਸ਼ ਖਤਮ ਹੋ ਜਾਣਗੇ। ਜੀਵਨ ਸਫਲ ਹੋ ਜਾਵੇਗਾ।

ਸਾਡਾ ਬੇੜਾ ਗਰਕ ਕਰਨ ਲਈ ਇਤਨੇ ਕਾਰਣ ਕੀ ਕਾਫੀ ਨਹੀਂ ਹਨ? ਇਸ ਲਈ ਹੀ ਸਾਡਾ ਬੇੜਾ ਡੁੱਬਦਾ ਜਾ ਰਿਹਾ ਹੈ। ਕਾਸ਼ ਕੋਈ ਮਲਾਹ ਬਣ ਕੇ ਚੱਪੂ ਲਾ ਦੇਵੇ।

# ਪੁਰਾਤਨ ਬੋਲੀ-ਸੰਸਕ੍ਰਿਤ ਜਾਂ ਪੰਜਾਬੀ ?

ਪਿਛਲੇ ਲੰਮੇ ਸਮੇਂ ਤੋਂ ਹਰ ਵਿਸ਼ੇ ਨਾਲ ਸਬੰਧਤ ਪੁਸਤਕਾਂ ਪੜ੍ਹਦੇ ਰਹਿਣਾ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਗਿਆ। ਇਸੇ ਕਾਰਨ ਦਿਮਾਗ ਵਿੱਚ ਬਹੁਪੱਖੀ ਵਿੱਚਾਰਾਂ ਦਾ ਭੰਡਾਰ ਇਕੱਠਾ ਹੋਣਾ ਸੁਭਾਵਕ ਹੀ ਸੀ। ਪੰਜਾਬੀ ਦੇ ਬਹੁਤ ਸਾਰੇ ਭਾਸ਼ਾ ਵਿਗਿਆਨੀਆਂ (ਭਾਸ਼ਾ ਦੇ ਮਾਹਿਰ) ਦੀਆਂ ਲਿਖਤਾਂ ਕਈ ਕਈ ਵਾਰ ਪੜ੍ਹੀਆਂ। ਵਿਰਲਿਆਂ ਨੂੰ ਛੱਡਕੇ ਬਹੁਤਿਆਂ ਨੇ ਪਹਿਲੋਂ ਨਿਰਧਾਰਤ "ਸੱਚ" ਹੀ ਬਿਨਾਂ ਝਿਜਕ ਬਿਨਾਂ ਦਿਮਾਗ ਨੂੰ ਖੇਚਲ ਦਿੱਤਿਆਂ, ਦੁਹਰਾ ਦਿੱਤਾ। ਰੇਤ ਦੀ ਕੰਧ ਵਰਗਾ "ਸੱਚ" ਇਹ ਭੀ ਉਚਾਰਿਆ ਗਿਆ। "ਅਖੇ ਪੰਜਾਬੀ ਲਿੱਪੀ ਗੁਰੂ ਅੰਗਦ ਸਾਹਿਬ ਜੀ ਨੇ ਤਿਆਰ ਕੀਤੀ। ਇਸੇ ਕਾਰਨ ਇਸ ਦਾ ਨਾਮ "ਗੁਰਮੁਖੀ" ਪਿਆ।" ਕੁੱਝ ਇੱਕ ਹੋਰ "ਸਿਆਣਪ" ਵਿਖਾਉਂਦਿਆਂ ਲਿਖ ਗਏ ਹਨ ਕਿ ਪੰਜਾਬੀ ਲਿੱਪੀ ਗੁਰੂ ਨਾਨਕ ਸਾਹਿਬ ਜੀ ਨੇ ਬਣਾਈ, ਲਿਖੀ ਤੇ ਪ੍ਰਚੱਲਤ ਕੀਤੀ।" ਖੁਦਾ ਖੈਰ ਕਰੇ ਇਹ ਕਿਸੇ ਕਾਰਖਾਨੇ ਵਿੱਚ ਘੜੇ ਜਾਣ ਵਾਲੇ ਸਿੱਕੇ ਜਾਂ ਭਾਂਡੇ ਨਹੀਂ ਹਨ, ਕਿ ਵਧੀਆ ਚਮਕਦਾਰ ਜਿਹੇ ਬਣਾ ਕੇ, ਸਸਤੇ ਭਾਅ ਵਿਕਣ ਲਈ ਬਜ਼ਾਰ ਵਿੱਚ ਸੁੱਟ ਦਿਓ, ਲੋਕੀ ਝੱਟ ਖਰੀਦ ਲੈਣਗੇ। ਇਹ ਕੋਈ ਨਵਾਂ ਫੈਸ਼ਨ ਨਹੀਂ ਸੀ ਕਿ ਵੇਖਦਿਆਂ ਵੇਖਦਿਆਂ ਹੀ ਘਰ ਘਰ ਪੁੱਜ ਜਾਵੇਗਾ। ਬੋਲੀ ਬਣਦਿਆਂ, ਵਿਕਸਤ ਹੁੰਦਿਆ, ਲਿੱਪੀ ਤਿਆਰ ਕਰਦਿਆਂ ਲਗ ਮਾਤਰ ਤੇ ਉਚਾਰਣ ਨਿਰਧਾਰਤ ਹੁੰਦਿਆਂ, ਦਸ ਵੀਹ ਸਾਲ ਨਹੀਂ, ਸੌ ਦੋ ਸੌ ਸਾਲ ਭੀ ਨਹੀਂ, ਹਜਾਰਾਂ ਸਾਲ ਦਾ ਲੰਮਾਂ ਸਫਰ ਤੈਹ ਕਰਨਾ ਪੈਂਦਾ ਹੈ। ਇਹ ਕੋਈ ਮਿੱਸੀਆਂ ਰੋਟੀਆਂ, ਗੰਢਾ ਤੇ ਲੱਸੀ ਦਾ ਗਿਲਾਸ ਭੀ ਨਹੀਂ ਸੀ, ਕਿ ਗੁਰੂ ਨਾਨਕ ਸਾਹਿਬ ਨੇ ਆਏ ਦਰਸ਼ਨ ਅਭਿਲਾਖੀਆਂ ਨੂੰ ਝੱਟ ਪੱਟ ਛਕਾ ਦਿੱਤਾ।

ਪੰਜਾਬੀ ਬੋਲੀ ਅਤੇ ਗੁਰਮੁਖੀ ਲਿੱਪੀ ਦਾ ਪ੍ਰਮਾਣਿਕ ਸਰੂਪ ਸਾਨੂੰ ਗੁਰੂ ਗ੍ਰੰਥ ਸਾਹਿਬ ਵਿੱਚੋਂ ਤਾਂ ਮਿਲਦਾ ਹੀ ਹੈ। ਸਗੋਂ ਬਾਰਵੀਂ ਸਦੀ ਵਿੱਚ ਹੋਏ ਬਾਬਾ ਫਰੀਦ ਜੀ ਦੀ ਲਿਖਤ ਵਿੱਚੋਂ ਭੀ ਪ੍ਰਾਪਤ ਹੈ। ਗੁਰੂ ਗ੍ਰੰਥ ਸਾਹਿਬ ਵਿਚਲੇ ਸਬੂਤ ਸੌ ਪ੍ਰਤੀਸ਼ਤ ਵਿਸ਼ਵਾਸ਼ਯੋਗ ਹਨ। ਇਸ ਮੁਕਾਬਲੇ ਹੋਰ ਹਰ ਲਿਖਤ ਸ਼ੰਕਾਵਾਂ ਨਾਲ ਘਿਰੀ ਹੋਈ ਹੈ। ਬਾਬਾ ਫਰੀਦ ਜੀ ਦੀ ਲਿਖਤ ਦੇ ਦਰਸ਼ਨ ਕਰੋ, ਜੋ ਤੇਹਰਵੀਂ ਸਦੀ ਵਿੱਚ ਲਿਖੀ-ਬੋਲੀ ਜਾਂਦੀ ਸੀ -

* **ਫਰੀਦਾ ਮੈ ਭੋਲਾਵਾ ਪਗ ਦਾ ਮਤ ਮੈਲੀ ਹੋਇ ਜਾਇ॥**
**ਗਹਿਲਾ ਰੂਹ ਨਾ ਜਾਣਈ ਸਿਰੁ ਭੀ ਮਿਟੀ ਖਾਇ॥** (1379)

* **ਕੰਧੀ ਉਤੈ ਰੁਖੜਾ ਕਿਚਰਕ ਬੰਨੈ ਧੀਰ॥**
**ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ॥** (1382)

* **ਸੇਖ ਹਯਾਤੀ ਜਗਿ ਨ ਕੋਈ ਥਿਰ ਰਹਿਆ॥**
**ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥** (488)

ਸੰਨ 1947 ਤੱਕ ਸਾਰਾ ਮਾਝਾ ਲੱਗਭਗ ਇਹੀ ਠੇਠ ਪੰਜਾਬੀ ਬੋਲਦਾ ਸੀ। ਅੱਗੋਂ ਪਾਕਿਸਤਾਨ ਵਿੱਚ ਚਲੇ ਗਏ ਇਲਾਕੇ ਭੀ ਇਹੀ ਬੋਲੀ ਬੋਲਣ ਵਾਲੇ ਸਨ। ਇਸ ਤੋਂ ਪਹਿਲਾਂ (ਨੌਵੀਂ ਸਦੀ ਵਿੱਚ) ਗੋਰਖ ਨਾਥ ਦੀਆਂ ਲਿਖਤਾਂ ਮਿਲਦੀਆਂ ਹਨ। ਉਹਨਾਂ ਵਿੱਚ ਭੀ ਪੰਜਾਬੀ ਭਾਰੂ "ਸਧੂਕੜੀ" ਭਾਸ਼ਾ ਵਰਤੀ ਗਈ ਹੈ। ਨਮੂਨਾ-

**ਮਾਂ ਕਹੇ ਮੇਰਾ ਪੂਤ ਵਿਆਹਿਆ। ਕਾਢ ਦਾਮ ਬਾਘਣ ਲੇ ਆਇਆ।**
**ਗਿਲੀ ਲੱਕੜ ਕੋ ਘੁਣ ਖਾਇਆ।** (ਗੋਰਖ ਦੀ ਰਚਨਾਂ)

ਪੰਜਾਬ ਦੇ ਕਸਬਿਆਂ, ਪਿੰਡਾਂ ਵਿੱਚ ਅੱਜ ਤੱਕ ਬਾਣੀਏ ਲੋਕ ਵੱਖਰੀ ਪਛਾਣ ਵਾਲੇ ਵਹੀ ਖਾਤੇ ਰੱਖਦੇ ਹਨ। ਇੱਥੇ ਦੁਕਾਨਦਾਰ ਲੋਕ ਹਿੰਦੀ, ਅੰਗ੍ਰੇਜ਼ੀ ਲਿਖਣ ਦੀ ਥਾਂਵੇਂ, ਅੱਜ ਤੱਕ ਨਿਰੰਤਰ ਜੋ ਲਿਖਤ ਵਹੀਆਂ ਵਿੱਚ ਲਿੱਖਦੇ ਆ ਰਹੇ ਹਨ, ਉਸ ਨੂੰ "ਲੰਡੇ" ਆਖਿਆ ਜਾਂਦਾ ਹੈ। ਇਸਦੇ ਬਾਰਾਂ ਅੱਖਰ ਹਨ। ਲਗ ਮਾਤਰ ਕੋਈ ਨਹੀਂ ਹੈ। ਵਪਾਰੀ ਲੋਕ ਇਸਨੂੰ ਬਾਖੂਬੀ ਲਿਖਦੇ ਪੜ੍ਹਦੇ ਅਤੇ ਸਮਝਦੇ ਹਨ। ਲੱਗਭਗ ਪੰਜਵੀਂ ਛੇਵੀਂ ਸਦੀ ਤੋਂ ਇਸਦੇ ਪ੍ਰਚਲਣ ਦਾ ਵਿਸ਼ਵਾਸ਼ ਕੀਤਾ ਜਾ ਸਕਦਾ ਹੈ।

ਪੰਜਾਬ ਤੇ ਮੁਸਲਮਾਨੀ ਰਾਜ ਹੋਣ ਕਰਕੇ ਇੱਥੇ ਪੰਜਾਬੀ ਵਿੱਚ ਅਰਬੀ ਫਾਰਸੀ ਤੇ ਪਸਤੋ ਦੇ ਸ਼ਬਦ ਬਹੁਤਾਤ ਵਿੱਚ ਰਲਦੇ ਗਏ। ਉਂਞ ਦਿੱਲੀ ਤੋਂ ਲੈ ਕੇ ਜੇਹਲਮ ਤੱਕ, ਰਾਜਸਥਾਨ ਤੋਂ ਲੈ ਕੇ ਸ਼ਿਮਲੇ ਤੱਕ, (ਸਮੇਤ ਜੰਮੂ ਦੇ) ਪੰਜਾਬੀ ਦਾ ਹੀ ਬੋਲ ਬਾਲਾ ਸੀ। ਯਾਦ ਰਹੇ ਹਿਮਾਚਲ ਅਤੇ ਹਰਿਆਣੇ ਦੀ ਅੱਜ ਤਾਈ ਕੋਈ ਸੁਤੰਤਰ ਲਿੱਪੀ ਨਹੀਂ ਹੈ।ਭਾਰਤ ਵਿੱਚ ਹਿੰਦੂ ਲਾਬੀ ਭਾਰੂ ਹੋਣ ਕਰਕੇ ਇਹਨਾਂ ਸੂਬਿਆਂ ਨੂੰ ਹਿੰਦੀ ਬੋਲੀ ਵਾਲੇ ਜਬਰੀ ਐਲਾਨ ਕਰ ਦਿੱਤਾ ਗਿਆ ਹੈ। ਜਦੋਂ ਕਿ ਇਹਨਾਂ ਦੀ ਬੋਲੀ ਪੰਜਾਬੀ ਦੇ ਵਧੇਰੇ ਨਜ਼ਦੀਕ ਹੈ। 47 ਤੋਂ ਮਗਰੋਂ ਭਾਰਤੀ ਹਾਕਮਾਂ ਨੇ ਸੋਚੀ ਸਮਝੀ ਸਾਜਿਸ਼ ਤਹਿਤ ਪੰਜਾਬੀ ਬੋਲੀ ਦਾ ਗਲ ਘੁੱਟਣਾ ਸ਼ੁਰੂ ਕਰ ਦਿੱਤਾ। ਪੰਜਾਬੀ ਪ੍ਰਫੁੱਲਤ ਹੋਣ ਨਾਲ ਗੁਰਬਾਣੀ ਦੀ ਸੁੱਚੀ (ਪਰ ਬ੍ਰਾਹਮਣੀ ਰੀਤ-ਵੈਦਿਕ ਰੀਤ ਦੀ ਵਿਰੋਧੀ) ਤੇ ਮਨੁੱਖਤਾ ਦੀ ਹਿਤੈਸ਼ੀ, ਵਿੱਚਾਰਧਾਰਾ ਵਧੇ ਫੁਲੇਗੀ। ਸਿੱਖ ਇਤਿਹਾਸ ਜਾਗ੍ਰਤ ਹੋਵੇਗਾ। ਇਸ ਤਰ੍ਹਾਂ ਗੁਰਬਾਣੀ ਵਿੱਚ ਚਿਤਰਤ ਕੀਤੇ ਗਏ ਸੋਹਣੇ ਸਮਾਜ ਦੀ ਸਿਰਜਣਾ ਹੋਵੇਗੀ। ਜੋ ਕਿ ਹਿੰਦੂ ਫਿਰਕਾ ਪ੍ਰਸਤਾਂ ਨੂੰ ਨਹੀਂ ਭਾਉਂਦਾ। ਹਿੰਦੀ ਦੇ ਵਾਧੇ ਨਾਲ ਵੈਦਿਕ ਰੀਤਾਂ ਰਸਮਾਂ ਵਧਣ ਫੁੱਲਣਗੀਆਂ। ਭਾਂਵੇਂ

ਇਨਸਾਨੀਅਤ ਦਾ ਘਾਣ ਹੁੰਦਾ ਰਹੇ, ਪਰ ਬ੍ਰਾਹਮਣ ਅਤੇ ਖੱਤਰੀ ਦੀਆਂ ਸੱਤੇ ਖੈਰਾਂ ਹੋਣਗੀਆਂ।

ਆਉ ਹੁਣ ਜ਼ਰਾ ਹਿੰਦੀ ਦੇ ਪਿਛੋਕੜ ਅਤੇ ਪੁਰਾਤਨਤਾ ਬਾਰੇ ਵਿੱਚਾਰ ਕਰੀਏ। ਸਾਡੇ ਕੋਲ ਰਵਿਦਾਸ ਜੀ, ਕਬੀਰ ਜੀ ਅਤੇ ਨਾਮਦੇਵ ਜੀ ਵਰਗੇ ਪਰਮ ਪੁਰਖਾਂ ਦੀ ਬਾਣੀ ਮੌਜੂਦ ਹੈ। ਇਸ ਬਾਣੀ ਨੂੰ ਹਿੰਦੀ ਦੇ ਨੇੜੇ ਤੇੜੇ ਆਖਿਆ ਜਾ ਰਿਹਾ ਹੈ। ਗੁਰੂ ਤੇਗ ਬਹਾਦਰ ਜੀ ਦੀ ਰਚਨਾ ਨੂੰ ਭੀ ਹਿੰਦੀ ਰਲੀ ਬੋਲੀ ਆਖਿਆ ਜਾ ਰਿਹਾ ਹੈ। ਜਦੋਂ ਕਿ ਇਹ ਸੌ ਪ੍ਰਤੀਸ਼ਤ ਝੂਠ ਹੈ। ਅਸਲ ਵਿੱਚ ਇਹ ਬੋਲੀ ਜੋ ਸਾਰੇ ਭਗਤਾਂ ਅਤੇ ਗੁਰੂ ਤੇਗ ਬਹਾਦਰ ਜੀ ਨੇ ਵਰਤੀ ਹੈ, ਇਹ "ਸਧੂਕੜੀ" ਬੋਲੀ ਹੈ। ਭਾਵ ਕਿ ਹਰ ਇੱਕ ਸਾਧੂ ਆਪਣੇ ਇਲਾਕੇ ਦੇ ਸ਼ਬਦਾਂ ਦੀ ਬਹੁਤਾਤ ਅਤੇ ਬਾਕੀ ਸਾਧੂਆਂ ਵੱਲੋਂ ਵਰਤੇ ਜਾਂਦੇ ਸਾਂਝੇ ਸ਼ਬਦਾਂ ਦੀ ਵਰਤੋਂ ਕਰਕੇ, ਆਪਣੇ ਵਿਚਾਰ ਪ੍ਰਗਟ ਕਰਿਆ ਕਰਦਾ ਸੀ। ਉਹਨਾਂ ਸਮਿਆਂ ਵਿੱਚ, ਹਿੰਦੀ ਦਾ ਕਿਧਰੇ ਨਾਮੋ ਨਿਸ਼ਾਨ ਭੀ ਨਹੀਂ ਸੀ। ਅਸਲ ਵਿੱਚ ਹੋਇਆ ਇਸ ਤਰ੍ਹਾਂ ਕਿ ਕੁੱਝ ਥਾਵਾਂ ਤੇ ਹਿੰਦੂ ਮੁਖੀਆਂ ਵੱਲੋਂ 1835 ਵਿੱਚ, ਆਪਣੇ ਧਰਮ ਅਤੇ ਸਭਿਆਚਾਰ ਨੂੰ ਸੰਭਾਲਣ ਲਈ ਅੰਗ੍ਰੇਜ ਸਰਕਾਰ ਅੱਗੇ ਬੇਨਤੀ ਕੀਤੀ। ਗੋਰੀ ਸਰਕਾਰ ਨੇ ਮੰਗ ਪੱਤਰ ਉਚਿਤ ਢੰਗ ਨਾਲ, ਵਿਸਥਾਰ ਸਹਿਤ ਤਿਆਰ ਕਰਕੇ ਦੇਣ ਲਈ ਕਿਹਾ। ਹਿੰਦੂ ਮੁਖੀਆਂ ਨੇ ਜੋ ਮੰਗਾਂ ਰੱਖੀਆਂ, ਉਸ ਵਿੱਚ ਦੇਸ਼ ਦੀ ਸਾਂਝੀ ਸੰਪਰਕ ਬੋਲੀ ਦੀ ਮੰਗ ਭੀ ਕੀਤੀ ਗਈ। ਕਿਉਂਕਿ ਅਜਿਹੀ ਕੋਈ ਬੋਲੀ ਭਾਰਤ ਵਿੱਚ ਨਹੀਂ ਸੀ ਜੋ ਸਭਨਾ ਨੂੰ ਪਰਵਾਨ ਹੁੰਦੀ। ਬਸ ਉਸੇ "ਸਾਧ ਭਾਸ਼ਾ" (ਸਧੂਕੜੀ) ਨੂੰ ਪਰਵਾਨਗੀ ਦੇਣ ਦੀ ਗਲ ਕੀਤੀ। ਉਸੇ ਦਾ ਨਾਮ ਮਗਰੋਂ ਆ ਕੇ ਹਿੰਦੀ ਰੱਖ ਲਿਆ ਗਿਆ। ਹਿੰਦੀ ਕਿਸੇ ਸੂਬੇ ਦੀ ਬੋਲੀ ਨਹੀਂ ਸੀ, ਨਾ ਹੈ।

ਅਗਲੀ ਇੱਕ ਭਾਰਤੀ ਬੋਲੀ ਸੀ ਉੜਦ। ਕਿਉਂਕਿ ਅੰਗ੍ਰੇਜ਼ਾਂ ਦਾ ਰਾਜ ਦੁਨੀਆਂ ਭਰ ਵਿੱਚ ਫੈਲਿਆ ਹੋਇਆ ਸੀ। ਕੁਦਰਤੀ ਹੈ ਕਿ ਦੁਨੀਆਂ ਦੇ ਕੋਨੇ ਕੋਨੇ ਵਿੱਚੋਂ ਨੌਜਵਾਨਾਂ ਨੂੰ ਫੌਜ ਵਿੱਚ ਭਰਤੀ ਕੀਤਾ ਜਾਂਦਾ ਸੀ। ਏਸ਼ੀਆ ਮਹਾਂਦੀਪ ਦੇ ਫੌਜੀ ਆਪਸ ਵਿੱਚ ਗੱਲ ਬਾਤ ਕਰਨ ਲੱਗਿਆਂ, ਆਪਣੇ ਇਲਾਕੇ ਦੇ ਸ਼ਬਦਾਂ ਦੀ ਬਹੁਤਾਤ ਵਾਲੀ ਫਾਰਸੀ ਬੋਲਣ ਦੀ ਕੋਸ਼ਿਸ਼ ਕਰਿਆ ਕਰਦੇ ਸਨ। ਫਾਰਸੀ ਵਿੱਚ "ਉੜਦ" ਫੌਜੀ ਨੂੰ ਆਖਿਆ ਜਾਂਦਾ ਹੈ। "ਉੜਦ ਬਜਾਰੀ" ਫੌਜ ਨੂੰ ਕਹਿੰਦੇ ਹਨ। ਇਸ ਤਰ੍ਹਾਂ ਫੌਜੀਆਂ ਦੀ ਆਪਸੀ ਸੰਪਰਕ ਬੋਲੀ ਨੂੰ "ਉਰਦੂ" ਕਿਹਾ ਜਾਣ ਲੱਗ ਪਿਆ। ਉਰਦੂ ਇਸ ਲਈ ਕਿ ਇੰਗਲਿਸ਼ ਵਿੱਚ "ੜ" ਅੱਖਰ ਨਹੀਂ ਹੁੰਦਾ। ਉਥੇ "ਰ" ਨਾਲ ਕੰਮ ਚਲਦਾ ਹੈ। ਜਦੋਂ ਹਿੰਦੂਆਂ ਨੇ, ਹਿੰਦੂ ਸਭਿਆਚਾਰ ਨੂੰ ਬਚਾਉਣ ਲਈ ਦੁਹਾਈ ਦਿੱਤੀ, ਤਦੋਂ ਹੀ (1835 ਵਿੱਚ) ਮੁਸਲਮਾਨਾਂ

ਨੇ ਭੀ, ਆਪਣੀ ਸੰਪਰਕ ਬੋਲੀ ਉੜਦੂ ਸਵੀਕਾਰ ਕਰਵਾ ਲਈ। ਇਹ ਯਾਦ ਰਹੇ, ਅੱਜ ਤੱਕ ਉੜਦੂ ਕਿਸੇ ਸੂਬੇ ਖਿੱਤੇ ਦੀ ਮਾਤਰ ਬੋਲੀ ਨਹੀਂ ਹੈ। ਦੇਸ਼ ਦੇ ਬਟਵਾਰੇ ਤੋਂ ਬਾਅਦ ਭਾਰਤੀ ਹਾਕਮਾਂ ਨੇ, ਪਾਰਲੀਮੈਂਟ ਵਿੱਚ, ਇੱਕ ਭਾਸ਼ਾ ਬਾਰੇ ਬਿਲ ਪਾਸ ਕਰਵਾਣ ਲਈ ਲਿਆਂਦਾ। ਮਕਸਦ ਇਹ ਸੀ ਕਿ ਦੇਸ਼ ਦੀ ਸੰਪਰਕ ਬੋਲੀ ਹਿੰਦੀ ਹੋਵੇ ਜਾਂ ਇੰਗਲਿਸ਼। ਪਾਰਲੀਮੈਂਟ ਮੈਂਬਰ ਅੱਧੋ ਅੱਧ ਵੰਡੇ ਗਏ। ਕਿਸੇ ਪਾਸੇ ਫੈਸਲਾ ਨਾ ਹੋਇਆ। ਬੜੀ ਜਦੋਂ ਜਹਿਦ ਤੋਂ ਬਾਅਦ "ਸਰਕਾਰੀ ਸਾਧਨ ਵਰਤਕੇ" ਗਿ: ਗੁਰਮੁਖ ਸਿੰਘ ਮੁਸਾਫਿਰ ਤੋਂ ਹਿੰਦੀ ਦੇ ਹੱਕ ਵਿੱਚ ਇੱਕ ਨਿਰਣਾਇੱਕ ਵੋਟ ਪਵਾਕੇ ਭਾਰਤ ਭਰ ਵਿੱਚ ਹਿੰਦੀ ਸੰਪਰਕ ਬੋਲੀ ਬਣਾ ਦਿੱਤੀ ਗਈ।

ਸੰਸਕ੍ਰਿਤ ਦੀ ਪੁਰਾਤਨਤਾ ਬਿਆਨ ਕਰਨ ਤੋਂ ਪਹਿਲਾਂ, ਇਤਨਾ ਕੁ ਪਿਛੋਕੜ ਦੱਸਣਾ ਜ਼ਰੂਰੀ ਸੀ। ਹੁਣ ਦੁਬਾਰਾ ਇਸ ਨੁਕਤੇ ਤੇ ਧਿਆਨ ਕੇਂਦਰਤ ਕਰੋ, ਕਿ ਫਾਰਸੀ ਬੋਲੀ ਨੂੰ ਪਿਆਰ ਕਰਨ ਵਾਲੇ ਰਾਜਸੀ ਤਾਕਤ ਵਾਲੇ, ਮੁਸਲਮਾਨ ਲੋਕ,ਇੱਕ ਹਜ਼ਾਰ ਸਾਲ ਤੱਕ, ਭਾਰਤ ਵਿੱਚ ਰਾਜ ਕਰਦੇ ਰਹਿਣ ਦੇ ਬਾਵਜੂਦ ਫਾਰਸੀ ਬੋਲੀ ਨੂੰ ਲੋਕਾਂ ਦੀ ਰੋਜ਼ਾਨਾ ਬੋਲਚਾਲ ਵਾਲੀ ਬੋਲੀ ਨਹੀਂ ਬਣਾ ਸਕੇ। ਲਿਖਤੀ ਕੰਮ ਭਾਵੇਂ ਸਾਰਾ ਹੀ ਫਾਰਸੀ ਵਿੱਚ ਹੁੰਦਾ ਸੀ। ਫਾਰਸੀ ਦੇ ਸ਼ਬਦ ਲੋਕ ਬੋਲੀ ਵਿੱਚ ਪ੍ਰਵੇਸ਼ ਭੀ ਕਰਦੇ ਜਾ ਰਹੇ ਸਨ, ਪਰ ਮਾਂ ਬੋਲੀ ਦਾ ਦਰਜਾ ਫਾਰਸੀ ਨੂੰ ਪ੍ਰਾਪਤ ਨਹੀਂ ਹੋ ਸਕਿਆ। ਕਿਸੇ ਸ਼ਹਿਰ ਕਸਬੇ ਜਾਂ ਪਿੰਡ ਵਿੱਚ ਸਮੁੱਚੇ ਲੋਕਾਂ ਦੀ ਰੋਜ਼ਮਰਾ ਦੀ ਬੋਲਚਾਲ ਵਾਲੀ ਬੋਲੀ ਫਾਰਸੀ ਨਾ ਬਣ ਸਕੀ। ਕਾਰਣ ? ਕਿਉਂਕਿ ਇਹ ਭਾਰਤੀ ਲੋਕਾਂ ਦੀ ਆਪਣੀ ਬੋਲੀ ਨਹੀਂ ਸੀ, ਬਦੇਸ਼ ਤੋਂ ਆਏ ਲੋਕਾਂ ਦੀ ਬੋਲੀ ਸੀ। ਸੰਨ 1600 ਵਿੱਚ ਈਸਟ ਇਡੀਆ ਕੰਪਨੀ ਕਲੱਕਤੇ ਵਿੱਚ ਸਥਾਪਤ ਹੋ ਚੁੱਕੀ ਸੀ। ਸਾਢੇ ਤਿੰਨ ਸੌ ਸਾਲ ਤੱਕ ਬੰਗਾਲੀ ਲੋਕ ਇੰਗਲਿਸ਼ ਦੇ ਖੂਬ ਮਾਹਿਰ ਬਣ ਗਏ, ਫਰਾਟੇਦਾਰ ਅੰਗ੍ਰੇਜ਼ੀ ਬੋਲਦੇ ਸਨ। ਪਰ ਕਿਸੇ ਇੱਕ ਭੀ ਬੰਗਾਲ ਵਾਸੀ ਦੀ ਮਾਤ ਬੋਲੀ ਇੰਗਲਿਸ਼ ਨਹੀਂ ਬਣ ਸਕੀ। ਇਸੇ ਤਰ੍ਹਾਂ ਬਾਕੀ ਭਾਰਤ ਵਿੱਚ ਅੰਗ੍ਰੇਜ਼ੀ ਬਾਰੇ ਸਮਝਣਾ ਚਾਹੀਦਾ ਹੈ।

ਬ੍ਰਾਹਮਣ ਨੇ ਪਰਚਾਰ ਦੇ ਜੋਰ ਨਾਲ ਪੱਥਰ ਦੇ ਟੁਕੜਿਆਂ ਨੂੰ "ਭਗਵਾਨ" ਬਣਾ ਕੇ ਸਦੀਆਂ ਤੱਕ ਲੋਕਾਂ ਨੂੰ ਮੂਰਖ ਬਣਾਇਆ ਤੇ ਉਹਨਾਂ ਦੀ ਪੂਜਾ ਕਰਵਾਈ। ਸਦੀਆਂ ਤੋਂ ਕਾਲਪਨਿਕ ਦੇਵਤਿਆਂ ਨੂੰ ਭੋਲੇ ਲੋਕਾਂ ਦੇ ਮਨ ਮਸਤੱਕ ਵਿੱਚ ਠੋਸਿਆ ਤੇ ਲੁੱਟ ਕੇ ਖਾਧਾ। ਹਜਾਰਾਂ ਸਾਲ ਤੋਂ ਸੰਸਕ੍ਰਿਤ ਨੂੰ "ਦੇਵ ਬਾਣੀ" ਹੈ ਦਾ ਢੋਲ ਬਹੁਤ ਉੱਚਾ ਪਿੱਟਿਆ ਗਿਆ। ਜਿਵੇਂ ਦੇਵਤੇ ਕਲਪਿਤ ਹਨ, ਤਿਵੇਂ ਉਹਨਾਂ ਦੀ ਬਾਣੀ ਦੀ ਪੁਰਾਤਨਤਾ ਕਲਪਿਤ ਹੈ। ਭਾਰਤ ਸਰਕਾਰ ਨੇ ਕਾਲਜਾਂ, ਯੂਨੀਵਰਸਿਟੀਆਂ ਵਿੱਚ, ਸੰਸਕ੍ਰਿਤ ਵਿਭਾਗ ਖੋਹਲੇ

ਹੋਏ ਹਨ। ਕਰੋੜਾਂ ਰੁਪੈ ਦਾ ਬੱਜਟ ਪ੍ਰਵਾਨ ਕੀਤਾ ਜਾਂਦਾ ਹੈ। ਸੰਸਕ੍ਰਿਤ ਵਿੱਚ ਪੁਸਤਕ/ਲੇਖ ਲਿਖਣ ਵਾਲੇ ਨੂੰ ਵਿਸ਼ੇਸ਼ ਇਨਾਮ ਸਨਮਾਨ ਦਿੱਤੇ ਜਾਂਦੇ ਹਨ। ਰੇਡੀਓ ਟੀ.ਵੀ. ਤੇ ਖਾਸ ਸਮਿਆਂ ਤੇ, ਸੰਸਕ੍ਰਿਤ ਵਿੱਚ ਖਬਰਾਂ ਤੇ ਹੋਰ ਪ੍ਰੋਗਰਾਮ ਦਿੱਤੇ ਜਾਂਦੇ ਹਨ। ਇਤਨਾ ਕੁੱਝ ਕਰਨ ਦੇ ਬਾਵਜੂਦ, ਸੰਸਕ੍ਰਿਤ ਆਖਰੀ ਸਾਹ ਗਿਣ ਰਹੀ ਹੈ। ਪੁਰਾਣੇ ਗ੍ਰੰਥ ਪੜ੍ਹ ਸਕਣ ਵਾਲਾ ਕੋਈ ਵਿਰਲਾ ਵਿਅਕਤੀ ਲੱਭਦਾ ਹੈ। ਮੇਰੇ ਆਪਣੇ ਜੱਦੀ ਜ਼ਿਲ੍ਹੇ, ਪਟਿਆਲੇ ਵਿੱਚ, ਦੋ ਪਿੰਡ ਅਜਿਹੇ ਹਨ, ਜਿਨ੍ਹਾਂ ਦੀ ਬੋਲੀ ਠੇਠ ਪੰਜਾਬੀ ਨਹੀਂ ਹੈ। ਬਹੁਤ ਹੱਦ ਤੱਕ ਹਰਿਆਣਵੀ ਬੋਲੀ ਨਾਲ ਮਿਲਦੀ ਜੁਲਦੀ ਹੈ। ਸਦੀਆਂ ਬੀਤ ਗਈਆਂ ਇਹਨਾਂ ਦੋਵੇਂ ਪਿੰਡਾਂ (ਕਲਵਾਣੂੰ ਦੇਧਨਾ) ਦੀ ਮਾਤ ਬੋਲੀ ਨਹੀਂ ਬਦਲੀ। ਕਿਉਂਕ ਜਨਮ ਤੋਂ ਹੀ ਬੱਚਿਆਂ ਨੂੰ ਮਾਤਾ ਪਿਤਾ ਦੁਆਰਾ ਇਹੀ ਬੋਲੀ ਸੁਣਨ ਨੂੰ ਮਿਲਦੀ ਹੈ। ਪੰਜਾਬ ਦੇ ਵਿੱਚਕਾਰ ਰਹਿੰਦਿਆਂ ਭੀ, ਇਹਨਾਂ ਦੀ ਆਪਣੀ ਬੋਲੀ ਅੱਜ ਤੱਕ ਠੇਠ ਪੰਜਾਬੀ ਨਹੀਂ ਬਣੀ। ਪਤਾ ਨਹੀਂ ਕਿੰਨਾ ਵਕਤ ਪਹਿਲਾਂ, ਇਹਨਾਂ ਪਿੰਡਾਂ ਦੇ ਵਡੇਰੇ ਕਿਸੇ ਅਜਿਹੇ ਖਿੱਤੇ ਵਿੱਚੋਂ ਆਕੇ ਪਟਿਆਲੇ ਜ਼ਿਲੇ ਵਿੱਚ ਇਹਨਾਂ ਦੋ ਥਾਈਂ ਪਿੰਡ ਵਸਾ ਲਏ। ਬੋਲੀ ਉਹੀ, ਜਿਥੋਂ ਉੱਠ ਕੇ ਆਏ ਸਨ, ਅੱਜ ਤੱਕ ਪ੍ਰਚੱਲਤ ਹੈ।

ਪੰਜਾਬੀ ਨੂੰ ਪਛਾੜਨ ਦੇ ਬੇਅੰਤ ਜਤਨ ਹੋਏ, ਪਹਿਲਾਂ ਇੱਕ ਹਜ਼ਾਰ ਸਾਲ ਤੱਕ ਦਫਤਰੀ ਬੋਲੀ ਫ਼ਾਰਸੀ ਬਣਾਈ ਗਈ। ਅੰਗ੍ਰੇਜ਼ੀ ਰਾਜ ਦੌਰਾਨ ਦਫਤਰੀ ਸਰਕਾਰੀ ਬੋਲੀ ਇੰਗਲਿਸ਼ ਬਣਾਈ ਗਈ। ਜੋ ਅੱਜ ਤੱਕ ਭੀ ਦਫਤਰਾਂ ਵਿੱਚ ਵਰਤੀ ਲਿਖੀ ਜਾ ਰਹੀ ਹੈ। ਦੇਸ਼ ਵੰਡ ਤੋਂ ਬਾਅਦ ਪੰਜਾਬੀ ਨੂੰ ਹਿੱਕ ਦੇ ਤਾਣ ਹਿੰਦੀ ਦੀ ਦੁਬੇਲ ਬਣਾਇਆ ਜਾ ਰਿਹਾ ਹੈ। ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਨੂੰ ਕੋਈ ਮਾਨਤਾ ਨਹੀਂ। ਗੁਰਮੁਖੀ ਲਿੱਪੀ ਨੂੰ ਪਾਕਿਸਤਾਨੋ ਦੇਸ ਨਿਕਾਲਾ ਮਿਲਿਆ ਹੋਇਆ ਹੈ। ਫਿਰ ਭੀ ਉਹ ਲੋਕ ਪੰਜਾਬੀ ਬੋਲਦੇ ਹਨ। ਅਜਿਹੇ ਬਦਤਰ ਹਾਲਾਤ ਵਿੱਚ ਭੀ ਦੋਵਾਂ ਪੰਜਾਬਾਂ ਦੀ ਪੰਜਾਬੀ ਬੋਲੀ ਜੀਵਤ ਹੈ ਤੇ ਜੀਵਤ ਰਹੇਗੀ। ਲੋੜ ਵਕਤ ਭਾਰਤ ਵਿੱਚ ਬਹੁਤ ਸਾਰੇ ਲੋਕ ਇੰਗਲਿਸ਼ ਬੋਲਦੇ ਹਨ। ਇੰਗਲਿਸ਼ ਪੜਦੇ ਲਿਖਦੇ ਹਨ, ਬਹੁਤ ਸਾਰੇ ਅਖਬਾਰ ਰਸਾਲੇ ਤੇ ਪੁਸਤਕਾਂ ਅੰਗ੍ਰੇਜ਼ੀ ਵਿੱਚ ਛਪਦੀਆਂ ਹਨ। ਫਿਰ ਭੀ ਸਾਰੇ ਭਾਰਤ ਵਿੱਚ ਕਿਸੇ ਇੱਕ ਭੀ ਪਿੰਡ ਜਾਂ ਵਿਅਕਤੀ ਦੀ ਮਾਤ ਬੋਲੀ ਇੰਗਲਿਸ਼ ਨਹੀਂ ਹੈ। ਕਾਰਨ ? ਇਹ ਓਪਰੀ ਬੋਲੀ ਜੁ ਹੋਈ।

ਅੱਜ ਤੱਕ ਪੂਰੀ ਤਾਕਤ ਲਾ ਕੇ ਪਰਚਾਰਿਆ ਗਿਆ ਹੈ ਕਿ ਭਾਰਤ ਦੀ ਸਭ ਤੋਂ ਪੁਰਾਤਲ ਬੋਲੀ ਸੰਸਕ੍ਰਿਤ ਹੈ। ਸੰਸਕ੍ਰਿਤ ਪੁਰਾਤਨ ਭਾਸ਼ਾ ਤਾਂ ਭਾਵੇਂ ਹੋਵੇ ਪਰ ਭਾਰਤੀ ਬੋਲੀ ਤਾਂ ਹਰਗਿਜ਼ ਨਹੀਂ ਹੈ। ਜੇ ਇਹ ਬੋਲੀ ਭਾਰਤੀ ਹੁੰਦੀ ਤਾਂ ਭਾਰਤੀ ਖਿੱਤੇ ਵਿੱਚ ਕੋਈ ਇੱਕ ਸੂਬਾ ਤਾਂ ਅਜਿਹਾ ਬਚਿਆ ਹੁੰਦਾ, ਜਿੱਥੋਂ ਦੀ ਇਹ ਮਾਤ ਬੋਲੀ ਹੁੰਦੀ। ਕੋਈ ਇੱਕ

ਸ਼ਹਿਰ, ਜਾਂ ਇੱਕ ਪਿੰਡ ਤਾਂ ਸਾਰੇ ਵਿਸ਼ਾਲ ਦੇਸ਼ ਵਿੱਚ ਹੁੰਦਾ, ਜਿੱਥੇ ਵਸਦੇ ਸਾਰੇ ਲੋਕ, ਰੋਜ਼ਾਨਾ ਸੰਸਕ੍ਰਿਤ ਬੋਲਦੇ, ਪੜ੍ਹਦੇ ਲਿਖਦੇ। ਦੁਨੀਆਂ ਭਰ ਵਿੱਚ ਇੱਕ ਭੀ ਮਨੁੱਖ ਅਜਿਹਾ ਨਹੀਂ ਮਿਲੇਗਾ, ਜੋ ਸੰਸਕ੍ਰਿਤ ਨੂੰ ਮਾਤ ਬੋਲੀ ਦੇ ਤੌਰ ਤੇ ਬੋਲਦਾ ਹੋਵੇ। ਕਿਉਂਕਿ ਸੰਸਕ੍ਰਿਤ ਵਿੱਚ ਬ੍ਰਾਹਮਣੀ ਕਰਮਕਾਂਡੀ ਗ੍ਰੰਥ ਲਿਖੇ ਹੋਏ ਹਨ। ਜੇ ਸੰਸਕ੍ਰਿਤ ਥੋੜ੍ਹੇ ਬਹੁਤ ਸਾਹ ਲੈਂਦੀ ਰਹੀ ਤਾਂ ਪਾਖੰਡੀਆਂ ਦਾ ਪਾਖੰਡ ਚਲਦਾ ਰਹੇਗਾ। ਭਵਿੱਖ ਦੇ ਮਨੁੱਖ ਨੂੰ ਸੰਸਕ੍ਰਿਤ ਕੁੱਝ ਭੀ ਦੇਣ ਤੋਂ ਅਸਮਰਥ ਹੈ। ਵੇਲਾ ਵਿਹਾ ਚੁੱਕੇ ਵਿਚਾਰ, ਸੰਸਕ੍ਰਿਤ ਗ੍ਰੰਥਾਂ ਵਿੱਚ ਬਥੇਰੇ ਮਿਲ ਜਾਣਗੇ। ਜਿਵੇਂ ਜੇਤੂ ਮੁਸਲਮਾਨਾਂ ਨੇ ਭਾਰਤ ਵਿੱਚ ਰਹਿ ਕੇ ਪੁਸਤਕਾਂ ਲਿਖੀਆਂ ਅਰਬੀ ਫਾਰਸੀ ਵਿੱਚ। ਉਹ ਕਿਤਾਬਾਂ ਜਾਣਕਾਰੀ ਤਾਂ ਕੋਈ ਦੇ ਸਕਦੀਆਂ ਹਨ। ਪਰ ਸਾਡੀ ਆਪਣੀ ਬੋਲੀ ਵਿੱਚ ਨਹੀਂ ਹਨ। ਇਸੇ ਤਰ੍ਹਾਂ ਬਹੁਤ ਸਾਰੇ ਗੋਰਿਆਂ ਨੇ ਅੰਗ੍ਰੇਜ਼ੀ ਵਿੱਚ ਕਿਤਾਬਾਂ ਲਿਖੀਆਂ। ਉਹਨਾਂ ਵਿੱਚ ਗਿਆਨ ਮਿਲਦਾ ਹੈ, ਪਰ ਸਾਡੀ ਬੋਲੀ ਵਿੱਚ ਨਹੀਂ ਹਨ। ਇਸੇ ਤਰ੍ਹਾਂ ਸੰਸਕ੍ਰਿਤ ਇਸ ਦੇਸ਼ ਦੀ ਬੋਲੀ ਨਹੀਂ ਹੈ। ਹਜਾਰਾਂ ਸਾਲ ਪਹਿਲਾਂ ਜਿਸ ਖਿੱਤੇ ਵਿੱਚੋਂ ਹਮਲਾਵਰ ਕਬੀਲੇ ਉੱਠ ਕੇ ਆਏ ਸਨ, ਆਪਣੇ ਨਾਲ ਕੁੱਝ ਰੀਤੀ ਰਿਵਾਜ ਤੇ ਕੁੱਝ ਕੰਮ ਚਲਾਊ ਸੰਸਕ੍ਰਿਤ ਲਿਖਤੀ ਗ੍ਰੰਥ ਲਿਆਏ। ਜੇ ਸੰਸਕ੍ਰਿਤ ਉਹਨਾਂ ਲੋਕਾਂ ਦੀ ਮਾਤ ਬੋਲੀ ਹੁੰਦੀ ਤਾਂ ਉਹ ਮਰਦੀ ਕਦੇ ਨਾਂ। ਦੁਨੀਆਂ ਵਿੱਚ ਕੁੱਝ ਕਬੀਲੇ ਅਜਿਹੇ ਭੀ ਹਨ ਜਿਨਾ ਦੀ ਆਬਾਦੀ ਕੁੱਝ ਹਜ਼ਾਰ ਤੱਕ ਹੀ ਰਹਿ ਗਈ ਹੈ। ਫਿਰ ਭੀ ਉਹਨਾਂ ਦੀ ਮਾਤ ਬੋਲੀ ਜੀਵਤ ਹੈ।

ਪੁਰਾਤਨਤਾ ਦਾ ਢੋਲ ਬਹੁਤ ਵੱਜ ਗਿਆ ਹੈ। ਜਿਵੇਂ ਦੇਵਤੇ ਕਦੀ ਧਰਤੀ ਤੇ ਨਹੀਂ ਆਏ, ਤਿਵੇਂ ਭਾਰਤੀ ਧਰਤੀ ਦੀ "ਦੇਵ ਬਾਣੀ ਸੰਸਕ੍ਰਿਤ" ਆਪਣੀ ਨਹੀਂ ਹੈ। ਗੁਰੂ ਨਾਨਕ ਸਾਹਿਬ ਜੀ ਨੇ ਦੇਵਤਿਆਂ ਦੀ ਬਾ-ਦਲੀਲ ਅਸਲੀਅਤ ਸਾਡੇ ਸਨਮੁੱਖ ਰੱਖ ਦਿੱਤੀ ਹੈ। ਬ੍ਰਾਹਮਣ ਦੇ ਪਾਖੰਡ ਅਤੇ ਸਦੀਆਂ ਤੋਂ ਕੀਤੀ ਜਾ ਰਹੀ ਅੰਨ੍ਹੀ ਲੁੱਟ ਦਾ ਭਾਂਡਾ ਚੌਰਾਹੇ ਵਿੱਚ ਭੰਨ ਦਿੱਤਾ ਹੈ। ਵੇਦਾਂ ਦੀ ਵਿਚਾਰਧਾਰਾ ਨੇ ਮਨੁੱਖਤਾ ਵਿੱਚ ਵੰਡੀਆਂ ਤੇ ਵਿਹਲੜਪੁਣਾ ਪਾ ਦਿੱਤਾ ਹੈ। ਅਜਿਹੀ ਸਿੱਖਿਆ ਦੀ ਅੱਜ ਕੋਈ ਕੀਮਤ ਨਹੀਂ ਹੈ। ਸਤਿਗੁਰੂ ਜੀ ਨੇ ਆਪਣੀ ਪਾਵਨ ਬਾਣੀ ਗੁਰਮੁੱਖੀ/ਪੰਜਾਬੀ ਵਿੱਚ ਉਚਾਰਣ ਕਰਕੇ "ਦੇਵ ਬਾਣੀ" ਸੰਸਕ੍ਰਿਤ ਨੂੰ ਗਲੋਂ ਲਾਹ ਦਿੱਤਾ ਹੈ। ਦੁਨੀਆਂ ਵਿੱਚ ਪੰਜਾਬੀ ਬੋਲਣ ਵਾਲੇ ਲੱਗਭਗ ਵੀਹ ਕਰੋੜ ਮਨੁੱਖ ਹਨ। ਤੇ ਦੇਵਬਾਣੀ ਨੂੰ ਬੋਲਣ ਵਾਲਾ ਕੋਈ ਇੱਕ ਪਰਿੰਦਾ ਤੱਕ ਨਹੀਂ। ਸੰਸਕ੍ਰਿਤ ਦਾ ਝੰਡਾ ਚੁੱਕੀ ਫਿਰ ਰਹੇ ਲੋਕ ਭੀ ਇਸ ਨੂੰ ਮਾਤਬੋਲੀ ਵਾਂਗ ਨਹੀਂ ਬੋਲਦੇ। ਕਾਂਸੀ ਦੀ ਵਿਦਿਆ ਬਾਰੇ ਗੁਰ ਵਾਕ -

* **ਕਾਂਸ਼ੀ ਤੇ ਧੁਨਿ ਉਪਜੈ ਧੁਨਿ ਕਾਂਸੀ ਜਾਈ॥**

ਕਾਸੀ ਫੂਟੀ ਪੰਡਿਤਾ ਧੁਨਿ ਕਹਾ ਸਮਾਈ॥ (857)

* ਨਾ ਕਾਸੀ ਮਤਿ ਉਪਜੈ ਨਾ ਕਾਸੀ ਮਤਿ ਜਾਇ॥
ਸਤਿਗੁਰ ਮਿਲਿਐ ਮਤਿ ਉਪਜੈ ਤਾ ਇਹ ਸੋਝੀ ਪਾਇ॥
ਇਹੁ ਮਨੁ ਕਾਸੀ ਸਭਿ ਤੀਰਥ ਸਿਮ੍ਰਿਤਿ ਸਤਿਗੁਰਿ ਦੀਆ ਬੁਝਾਇ॥
ਅਠਸਠਿ ਤੀਰਥ ਤਿਸ ਸੰਗਿ ਰਹਹਿ ਜਿਨਿ ਹਰਿ ਹਿਰਦੈ ਰਹਿਆ ਸਮਾਇ॥ (491)

ਬੜੇ ਦੁੱਖ ਦੀ ਗੱਲ ਹੈ ਮੁਸਲਮਾਨ ਤੇ ਹਿੰਦੂ ਪੰਜਾਬੀਆਂ ਨੇ ਬੜੀ ਬੇਹਯਾਈ ਨਾਲ ਪੰਜਾਬੀ ਮਾਂ ਬੋਲੀ ਤੋਂ ਮੂੰਹ ਮੋੜ ਲਿਆ ਹੈ। ਬੋਲੀ ਨੂੰ ਧਰਮ ਨਾਲ ਜੋੜ ਦਿੱਤਾ ਹੈ। ਕੁੱਝ ਬਹੁਤੇ "ਮਾਡਰਨ ਲੋਕ" ਲਗਾਤਾਰ ਰਟ ਲਾਈ ਜਾ ਰਹੇ ਹਨ ਕਿ ਅਸੀਂ "ਪੰਜਾਬੀ ਕੌਮ ਤੇ ਪੰਜਾਬੀ ਬੋਲੀ", ਪੰਜਾਬੀ ਸੱਭਿਅਤਾ ਨੂੰ ਪ੍ਰਫੁੱਲਤ ਕਰਨ ਦਾ ਯਤਨ ਕਰ ਰਹੇ ਹਾਂ। ਬੋਲੀ ਨੂੰ "ਧਰਮ ਦੀ ਕੈਦ" ਵਿਚ ਨਹੀਂ ਰਖਿਆ ਜਾ ਸਕਦਾ। ਸਨਿਮਰ ਬੇਨਤੀ ਹੈ ਕਿ ਅਗਰ ਪੰਜਾਬੀ ਜੀਵਨ ਵਿਚੋਂ ਸਿੱਖਾਂ ਦੀ ਸੂਰਮਗਤੀ ਕੱਢ ਦੇਈਏ, ਸਤਿਗੁਰੂ ਜੀ ਵੱਲੋਂ ਕੀਤੇ ਉਪਕਾਰ ਵਿਸਾਰ ਦੇਈਏ, ਤਾਂ ਪੰਜਾਬ ਵਿਚ ਅਰਾਜਕਤਾ, ਬੇਪਤੀ, ਕਾਇਰਤਾ ਅਤੇ ਗਦਾਰੀਆਂ ਤੋਂ ਸਿਵਾਏ ਹੋਰ ਕੀ ਹੈ? ਇਸ ਪੰਜਾਬੀ ਬੋਲੀ ਨੂੰ ਸਤਿਗੁਰੂ ਜੀ ਨੇ ਆਪਣੀ ਪਾਵਨ ਬਾਣੀ ਲਿਖਕੇ ਅਮਰ ਬਣਾ ਦਿੱਤਾ। ਨੱਚਣ ਗਾਉਣ ਵਾਲੇ, ਭੰਡਾਂ ਵਰਗਾ ਜੀਵਨ ਬਤੀਤ ਕਰਨ ਵਾਲੇ ਪੰਜਾਬੀ ਸਿੱਖੀ ਧਾਰਨ ਕਰਕੇ ਸੰਸਾਰ ਦੇ ਸਿਰਮੌਰ ਸੂਰਮੇ ਹੋ ਨਿਬੜੇ। ਜੇ ਸਿੱਖ ਪੰਜਾਬੀ ਤੇ ਪੰਜਾਬ ਨੂੰ ਨਾਂ ਅਪਣਾਉਂਦੇ ਤਾਂ ਅੱਜ ਤੱਕ ਇਹ ਦੋਵੇਂ ਹਨੇਰੀਆਂ ਗੁਫਾਵਾਂ ਵਿਚ ਗਰਕ ਗਏ ਹੁੰਦੇ। ਸਿੱਖ ਅਕ੍ਰਿਤਘਣ ਨਹੀਂ ਬਣੇ। ਆਪਣਾ ਫਰਜ ਬਾਖੂਬੀ ਨਿਭਾਇਆ। ਪੰਜਾਬੀ ਬੋਲੀ ਅਤੇ ਸਿੱਖੀ ਨੂੰ ਅਲੱਗ ਰੱਖਿਆ ਹੀ ਨਹੀਂ ਜਾ ਸਕਦਾ ਇਹ ਦੋਵੇਂ ਇੱਕੋ ਸਿੱਕੇ ਦੇ ਪਾਸੇ ਹਨ।

# ਅੰਮ੍ਰਿਤ ਕੀ ਹੈ ?

ਸੰਸਾਰ ਵਿੱਚ ਪੈਦਾ ਹੋਇਆ ਕੋਈ ਜੀਵ ਮਰਨਾ ਨਹੀਂ ਚਾਹੁੰਦਾ। ਅਣਗਿਣਤ ਕੋਸ਼ਿਸ਼ਾਂ ਕਰਕੇ ਹੋਰ ਵਧੇਰਾ ਸਮਾਂ ਜਿਉਣਾ ਲੋਚਦਾ ਹੈ। ਜੀਵ ਜੰਤੂਆਂ ਨੇ ਅਜਿਹੀ ਸੋਚ ਜਾਂ ਵਿਧੀ ਵਿਕਸਤ ਨਹੀਂ ਕੀਤੀ ਕਿ ਉਹ ਬਿਮਾਰੀ ਜਾਂ ਮੌਤ ਨੂੰ ਟਾਲ ਸਕਣ। ਮਾਨਸਿਕ ਪੱਧਰ ਕਮਜ਼ੋਰ ਹੋਣ ਕਰਕੇ (ਸ਼ਾਇਦ) ਜੀਵ ਜੰਤੂ ਮੌਤ ਤੋਂ ਮਨੁੱਖ ਜਿੰਨਾਂ ਡਰਦੇ ਭੀ ਨਹੀਂ ਹਨ। ਇਨਸਾਨ ਨੇ ਮੌਤ ਨੂੰ ਟਾਲਣ ਦੀ ਮਨਸਾ ਨਾਲ ਜਾਦੂ ਮੰਤਰ ਹਥੌਲੇ ਟੂਣੇ ਆਦਿ ਤੋਂ ਵਿਕਾਸ ਕਰਕੇ ਦਵਾ ਦਾਰੂ ਦਾ ਸਹਾਰਾ ਲਿਆ। ਮਾਨਸਿਕ ਪ੍ਰੇਸ਼ਾਨੀਆਂ ਤੋਂ ਬਚਣ ਵਾਸਤੇ "ਧਰਮ" ਦਾ ਆਸਰਾ ਲਿਆ। ਸ਼ਾਮੀ ਧਰਮਾਂ ਵਿੱਚ ਆਬੇਹਯਾਤ ਦਾ ਖਿਆਲ ਉੱਭਰਕੇ ਸਾਹਿਤ ਵਿੱਚ ਛਾ ਗਿਆ। ਹਿੰਦੂ ਪੌਰਾਣਕ ਗ੍ਰੰਥਾਂ ਵਿੱਚ ਦੇਵਤਿਆਂ ਤੇ ਰਾਖਸ਼ਾਂ ਰਲ ਕੇ, ਸਮੁੰਦਰ ਰਿੜਕਿਆ ਤੇ ਅੰਮ੍ਰਿਤ ਕੱਢਿਆ। ਇਹ ਪੀਣਾ ਕਿਸੇ ਨੂੰ ਨਸੀਬ ਨਾ ਹੋਇਆ। ਅੰਮ੍ਰਿਤ ਦੀ ਵੰਡ ਕਰਦਿਆਂ ਦੋਵਾਂ ਧਿਰਾਂ ਦੀ ਖੂਨੀ ਜੰਗ ਹੋਈ ਤੇ ਸਾਰਾ ਅੰਮ੍ਰਿਤ ਡੁੱਲ ਗਿਆ। ਜਦੋਂ ਸਰੀਰ ਦੀ ਨਾਸਵਾਨਤਾ ਰੋਕੀ ਨਾ ਜਾ ਸਕੀ ਤਾਂ ਆਤਮਾ ਦੀ ਅਮਰਤਾ ਦਾ ਸੰਕਲਪ ਪੈਦਾ ਹੋਇਆ। ਪੁਨਰ ਜਨਮ ਦੇ ਵਿੱਚਾਰ ਪਿੱਛੇ ਭੀ ਇਹੋ ਇੱਛਾ ਕੰਮ ਕਰਦੀ ਸਾਫ ਨਜ਼ਰ ਆਉਂਦੀ ਹੈ ਕਿ ਕੀ ਹੋਇਆ ਜੇ ਮੈਂ ਹੁਣ ਸਰੀਰ ਕਰਕੇ ਮਰ ਰਿਹਾ ਹਾਂ, ਮੇਰੀ ਆਤਮਾ ਅਮਰ ਹੈ, ਛੇਤੀ ਹੀ ਕਿਸੇ ਹੋਰ ਸਰੀਰ ਰਾਹੀਂ ਦੁਬਾਰਾ ਜਨਮ ਲਵੇਗੀ। ਅਜਿਹੇ ਹੋਰ ਭੀ ਬਹੁਤ ਸਾਰੇ ਟੁੱਟਵੇਂ ਵਿਚਾਰ ਸੰਸਾਰ ਸਾਹਿਤ ਵਿੱਚੋਂ ਮਿਲ ਜਾਂਦੇ ਹਨ।

ਸਤਿਗੁਰੂ ਨਾਨਕ ਸਾਹਿਬ ਦੇ ਪ੍ਰਗਟ ਹੋਣ ਨਾਲ ਰੁਕੇ ਹੋਏ ਵਿਚਾਰਾਂ ਨੂੰ, ਸਾਹਿਤ ਨੂੰ, ਇਤਿਹਾਸ ਨੂੰ, ਧਰਮਾਂ ਨੂੰ, ਮਨੁੱਖੀ ਜੀਵਨ ਪੱਧਤੀ ਨੂੰ ਇੱਕ ਨਵੇਕਲੀ ਗਤੀਸ਼ੀਲਤਾ ਪ੍ਰਾਪਤ ਹੋਈ। ਖੜੋਤ ਦਾ ਸ਼ਿਕਾਰ ਹੋ ਚੁੱਕੇ ਮਨੁੱਖੀ ਵਰਤਾਰੇ ਨੂੰ ਜਿੱਥੇ ਸਤਿਗੁਰੂ ਜੀ ਨੇ ਹੋਰ ਬਹੁਤ ਕੁੱਝ ਉੱਤਮ ਦਰਜੇ ਦਾ ਬਖਸ਼ਿਸ਼ ਕੀਤਾ, ਉਥੇ ਅਮਰਤਾ ਬਾਰੇ ਭੀ ਨਵੇਕਲਾ ਦ੍ਰਿਸ਼ਟੀਕੋਣ ਪੇਸ਼ ਕੀਤਾ। ਗੁਰਬਾਣੀ ਨੇ ਡੰਕੇ ਦੀ ਚੋਟ ਨਾਲ ਐਲਾਨ ਕਰ ਦਿੱਤਾ –

**ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥**
**ਦ੍ਰਿਸਟਿਮਾਨ ਸਭੁ ਬਿਨਸਿਐ ਕਿਆ ਲਗਹਿ ਗਵਾਰ॥**
**ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ॥...** (808)

ਅੰਮ੍ਰਿਤ ਦੀ ਪਰਿਭਾਸ਼ਾ ਗੁਰਬਾਣੀ ਵਿੱਚ ਬਾਖੂਬੀ ਮੌਜੂਦ ਹੈ। ਵਿਸ਼ੇ ਵੰਡ ਮੁਤਾਬਕ ਅੰਮ੍ਰਿਤ ਦੇ ਬਹੁਤ ਸਾਰੇ ਵੱਖੋ ਵੱਖਰੇ ਅਰਥ ਸਤਿਗੁਰੂ ਜੀ ਨੇ ਸਮਝਾਏ ਹਨ। ਆਉ ਇੱਕ

ਇੱਕ ਕਰਕੇ ਗੁਰਬਾਣੀ ਦੀ ਅਕੱਟ ਗਵਾਹੀ ਪ੍ਰਾਪਤ ਕਰਕੇ ਅੰਮ੍ਰਿਤ ਬਾਰੇ ਜਾਨਣ ਦੀ ਕੋਸ਼ਿਸ਼ ਕਰੀਏ - ਕਾਇਨਾਤ ਦੇ ਮਾਲਕ ਨੂੰ ਗੁਰਬਾਣੀ ਦੀ ਬੋਲੀ ਵਿੱਚ ਅੰਮ੍ਰਿਤ ਕਿਹਾ ਗਿਆ ਹੈ, ਭਾਵ ਕਿ ਉਸਦਾ "ਨਾਮ" ਹੀ ਅੰਮ੍ਰਿਤ ਹੈ -

1. **ਅੰਮ੍ਰਿਤ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ॥**
**ਜਿਸ ਸਿਮਰਤ ਸੁਖ ਪਾਈਐ ਸਭ ਤਿਖਾ ਬੁਝਾਈ॥** (318)

ਗੁਰਬਾਣੀ ਜੋ ਸਤਿਗੁਰੂ ਜੀ ਨੇ ਪ੍ਰਭੂ ਦੀ ਸਿਫਤ ਸਲਾਹ ਵਿੱਚ ਉਚਾਰਣ ਕੀਤੀ ਹੈ, ਜਿਸ ਦੁਆਰਾ ਮਨੁੱਖ ਮਾਤਰ ਨੂੰ ਜ਼ਿੰਦਗੀ ਜਿਉਣ ਦਾ ਵੱਲ ਆਉਂਦਾ ਹੈ, ਉਸ ਗੁਰਬਾਣੀ ਨੂੰ ਭੀ ਅੰਮ੍ਰਿਤ ਦੀ ਸੰਗਿਆ ਦਿੱਤੀ ਹੈ -

2. **ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥**
**ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥** (103)

ਜੋ ਸਤਿਗੁਰੂ ਪਵਿੱਤਰ ਉਪਦੇਸ਼ ਰਾਹੀਂ ਮਨੁੱਖਤਾ ਨੂੰ ਸੋਝੀ ਦੇਵੇ ਸਰੀਰ ਰਾਹੀਂ ਪਰਉਪਕਾਰ ਕਰੇ ਉਹ ਖੁਦ ਭੀ ਅੰਮ੍ਰਿਤ ਦਾ ਸੋਮਾ ਹੈ। ਪਾਵਨ ਵਾਕ ਹਨ -

3. **ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ ਅੰਮ੍ਰਿਤੁ ਕਹੈ ਕਹਾਏ॥**
**ਅੰਮ੍ਰਿਤ ਬਾਣੀ ਤਤੁ ਹੈ ਗੁਰਮੁਖਿ ਵਸੈ ਮਨਿ ਆਇ॥** (1423)

ਗੁਰਬਾਣੀ ਦੀ ਬੋਲੀ ਵਿੱਚ ਰੱਬੀ ਹੁਕਮ ਨੂੰ ਭੀ ਅੰਮ੍ਰਿਤ ਕਿਹਾ ਗਿਆ ਹੈ। ਜਿਵੇਂ ਧੁਰ ਦਰਗਾਹੋਂ ਗੁਰੂ ਨਾਨਕ ਸਾਹਿਬ ਅਕਾਲ ਪੁਰਖ ਦੇ ਘੱਲੇ ਆਏ ਸਨ। ਇਸੇ ਤਰ੍ਹਾਂ ਅੱਗੋਂ ਖੁਦਾਈ ਰਹਿਮਤ ਸਦਕਾ ਸਿੱਖਾਂ ਨੂੰ ਗੁਰਤਾ ਪ੍ਰਾਪਤ ਹੁੰਦੀ ਰਹੀ ਤੇ ਉਹ ਗੁਰੂ ਬਣ ਵਿੱਚਰੇ। ਮਿਸਾਲ ਲਈ-

4. **ਅਮਰਦਾਸਿ ਅਮਰਤ ਛਤ੍ਰ ਗੁਰ ਰਾਮਹਿ ਦੀਅਉ॥** (1408)

ਜਦੋਂ ਜਗਿਆਸੂ ਇੱਕ ਮਨ ਅਕਾਲ ਪੁਰਖ ਨੂੰ ਯਾਦ ਕਰਦਾ ਹੈ, ਆਪਣੀ ਆਤਮਾ ਤੇ ਪਏ ਵਿਕਾਰ ਧੋ ਦੇਣ ਲਈ ਗੁਰੂ ਤੋਂ ਸੋਝੀ ਪ੍ਰਾਪਤ ਕਰਦਾ ਹੈ, ਤਦੋਂ ਉਹ ਵੇਲਾਵਖ਼ਤ ਭੀ ਅੰਮ੍ਰਿਤ ਵਾਂਗ ਹੁੰਦਾ ਹੈ-

5. **ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥**
**ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥** (2)

ਚਲ ਰਹੇ ਪਰਕਰਣ ਵਿੱਚ ਦੁੱਧ ਨੂੰ ਭੀ ਅੰਮ੍ਰਿਤ ਸੰਗਿਆ ਦਿੱਤੀ ਗਈ ਹੈ -

6. **ਸੋਇਨ ਕਟੋਰੀ ਅੰਮ੍ਰਿਤ ਭਰੀ॥ ਲੇ ਨਾਮੈ ਹਰਿ ਆਗੈ ਧਰੀ॥** (1163)

ਫਿਰ ਮੱਖਣ ਤਾਂ ਦੁੱਧ ਨਾਲੋਂ ਭੀ ਜ਼ਿਆਦਾ ਕੀਮਤੀ ਹੈ, ਮੱਖਣ ਨੂੰ ਭੀ ਅੰਮ੍ਰਿਤ ਕਿਹਾ ਗਿਆ ਹੈ -

7. **ਰਸਨਾ ਨਾਮ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤ ਪਾਵਹੁ॥** (728)

ਇਨਸਾਨ ਦੀ ਅੱਖ ਬਹੁਤ ਕੁੱਝ ਵੇਖਦੀ ਗ੍ਰਹਿਣ ਕਰਦੀ ਹੈ, ਚੰਗਾ ਭੀ ਤੇ ਬੁਰਾ ਭੀ। ਸਤਿਗੁਰੂ ਬੁਰਾਈ ਤੋਂ ਰੋਕ ਕੇ ਨੇਕੀ ਵੱਲ ਲਾਉਣਾ ਲੋੜਦੇ ਹਨ। ਹੇ ਮਨੁੱਖ! ਤੇਰੀ ਦ੍ਰਿਸ਼ਟੀ ਅੰਮ੍ਰਿਤ ਵਰਗੀ ਬਣ ਜਾਵੇ–

8. **ਸੂਕੇ ਹਰੇ ਕੀਏ ਖਿਨ ਮਾਹੇ॥ ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ॥** (191)

ਕਰਤਾਪੁਰਖ ਜੀਵਾਂ ਤੇ ਸਦਾ ਰਹਿਮਤ ਕਰਦਾ ਰਹਿੰਦਾ ਹੈ, ਹੋਰ ਅਨੇਕ ਬਰਕਤਾਂ ਦੇ ਨਾਲ ਨਾਲ ਸੋਕੇ ਤੋਂ ਬਾਅਦ ਮੀਂਹ ਪੈਣਾ ਭੀ ਅੰਮ੍ਰਿਤ ਦੀ ਬਰਖਾ ਹੋ ਰਹੀ ਪ੍ਰਤੀਤ ਹੁੰਦੀ ਹੈ –

9. **ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ॥ ਮਨੁ ਪੀਵੈ ਸੁਨਿ ਸਬਦੁ ਬੀਚਾਰਾ॥** (102)

ਖੁਦਾਵੰਦ ਕਰੀਮ ਨੇ ਕਿਰਪਾ ਕੀਤੀ ਅੰਦਰੋਂ ਹੀ ਉਸਦੇ ਦਰਸ਼ਨ ਹੋ ਗਏ। ਬਚਨ ਹਨ –

10. **ਅੰਦਰੁ ਲਭਾ ਰਾਮ ਨਾਮਿ ਅੰਮ੍ਰਿਤ ਨਦਰਿ ਨਿਹਾਲ॥** (48)

ਅਗਲੇ ਹਵਾਲੇ ਵਿੱਚ ਅਨੰਤ ਗੁਣਾਂ ਵਾਲੇ ਉੱਚੇ ਰੱਬ ਜੀ ਨੂੰ ਸਦਾ ਯਾਦ ਰੱਖਣ ਬਾਰੇ ਹੁਕਮ ਹੈ –

11. **ਜਿਹਵੇ ਅੰਮ੍ਰਿਤ ਹਰਿ ਗੁਣ ਗਾਉ॥** (1219)

ਮਿੱਠੇ ਬਚਨਾਂ ਨੂੰ ਭੀ ਅੰਮ੍ਰਿਤ ਆਖਿਆ ਗਿਆ ਹੈ -

12. **ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ॥** (269)

ਸੁਆਦਲੇ ਪਦਾਰਥਾਂ ਨੂੰ ਭੀ ਅੰਮ੍ਰਿਤ ਸੰਗਿਆ ਦਿੱਤੀ ਗਈ ਹੈ –

13. **ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ॥** (269)

ਵੇਖਣਾ ਸੁਣਨਾ ਤੇ ਖਾਣਾ ਪਵਿੱਤਰ ਅੰਮ੍ਰਿਤ ਵਰਗਾ ਹੀ ਹੋਵੇ। ਸਗੋਂ ਸਤਿਗੁਰੂ ਜੀ ਤਾਂ ਸਾਨੂੰ ਸਮੂਲਚਿਆਂ ਨੂੰ ਹੀ, ਅੰਮ੍ਰਿਤ ਬਣਾ ਦੇਣ ਲਈ ਕਿਰਪਾ ਕਰ ਰਹੇ ਹਨ –

14. **ਅੰਮ੍ਰਿਤ ਬੋਲੈ ਸਦਾ ਮੁਖਿ ਵੈਣੀ॥ ਅੰਮ੍ਰਿਤ ਵੇਖੈ ਪਰਖੈ ਸਦਾ ਨੈਣੀ॥**
**ਅੰਮ੍ਰਿਤ ਕਥਾ ਕਹੈ ਦਿਨੁ ਰਾਤੀ ਅਵਰਾ ਆਖਿ ਸੁਨਾਵਣਿਆ॥** (118)

ਚੰਗੇ ਗੁਣ ਧਾਰਨ ਕਰਕੇ ਸਮੁੱਚਾ ਸਰੀਰ ਹੀ ਅੰਮ੍ਰਿਤ ਬਣ ਜਾਂਦਾ ਹੈ –

15. **ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ॥**

ਮਨੁੱਖ ਸਿੱਖਿਆ ਲੈ ਕੇ ਵਿਕਾਸ ਕਰ ਸਕਦਾ ਹੈ। ਇਸੇ ਤਰ੍ਹਾਂ ਸੁਯੋਗ ਤਰੀਕੇ ਚੀਜ਼ਾਂ ਦੀ ਵਰਤੋਂ ਅੰਗਾਂ ਦੀ ਵਰਤੋਂ ਕਰਨੀ ਸਿੱਖ ਜਾਈਏ। ਇਸ ਵਿਕਾਸ ਢੰਗ ਨੂੰ ਅੰਮ੍ਰਿਤ ਆਖਿਆ ਹੈ –

16. **ਬਿਖੁ ਸੇ ਅੰਮ੍ਰਿਤੁ ਭਏ ਗੁਰਮਤਿ ਬੁਧਿ ਪਾਈ॥**
**ਅਕਹੁ ਪਰਮਲ ਪਏ ਅੰਤਰਿ ਵਾਸਨਾ ਵਸਾਈ॥** (565)

ਚੰਗੇ ਕੰਮਾਂ ਦਾ ਨਤੀਜਾ ਦੇਰ ਸਵੇਰ ਚੰਗਾ ਹੀ ਪ੍ਰਾਪਤ ਹੁੰਦਾ ਹੈ, ਇਸ ਨੂੰ ਇਉਂ ਬਿਆਨ ਕੀਤਾ ਹੈ–

17. **ਗੁਰਸਿਖੀ ਹਰਿ ਅੰਮ੍ਰਿਤੁ ਬੀਜਿਆ ਹਰਿ ਅੰਮ੍ਰਿਤ ਨਾਮੁ ਫਲੁ ਅੰਮ੍ਰਿਤੁ ਪਾਇਆ॥**
(304)

ਗੁਰੂ ਦਾ ਸ਼ਬਦ ਜਾਂ ਬਖਸ਼ਿਆ ਨਾਮ ਹਿਰਦੇ ਵਿੱਚ ਵਸ ਜਾਵੇ, ਭਟਕਣਾ ਸਦਾ ਲਈ ਮੁੱਕ ਜਾਵੇ–

18. **ਏਕੋ ਵੇਖਾ ਅਵਰੁ ਨਬੀਆ॥ ਗੁਰ ਪਰਸਾਦੀ ਅੰਮ੍ਰਿਤ ਪੀਆ॥**
**ਗੁਰ ਕੈ ਸਬਦਿ ਤਿਖਾ ਨਿਵਾਰੀ ਸਹਜੇ ਸੁਖਿ ਸਮਾਵਣਿਆ॥** (113)

ਆਖਿਰ ਵਿੱਚ ਸਤਿਗੁਰੂ ਜੀ ਫੈਸਲਾ ਸੁਣਾ ਦਿੰਦੇ ਹਨ ਕਿ ਬਾਕੀ ਤਾਂ ਸੰਕੇਤ ਹਨ, ਗਲ ਸਮਝਾਣ ਲਈ, ਸਿਰੇ ਦੀ ਗਲ ਤਾਂ ਇਹ ਹੈ ਕਿ ਅੰਮ੍ਰਿਤ ਕੇਵਲ ਇੱਕੋ ਹੀ ਹੈ। ਉਹ ਹੈ ਭੀ ਹਿਰਦੇ ਵਿੱਚ ਹੀ। ਜਿਨ੍ਹਾਂ ਤੇ ਵਾਹਿਗੁਰੂ ਜੀ ਨੇ ਅਪਾਰ ਕਿਰਪਾ ਕਰ ਦਿੱਤੀ ਉਹਨਾਂ ਦਾ ਜੀਵਨ ਸੰਵਰ ਗਿਆ। ਨਾਮ ਉਪਦੇਸ਼ ਰਾਹੀਂ ਅੰਦਰ ਚਾਨਣ ਹੋ ਗਿਆ –

19. **ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ॥**
**ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥**
**ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰਪਰਸਾਦਿ॥**
**ਤਿਨੀ ਪੀਤਾ ਰੰਗ ਸਿਉ ਜਿਨ ਕਉ ਲਿਖਿਆ ਆਦਿ॥** (1238)

ਮਨੁੱਖ ਨੇ ਆਪਣੀਆਂ ਚਤਰਾਈਆਂ ਚਲਾਕੀਆਂ ਨਾਲ ਇਸ "ਧਰਤੀ ਧਰਮਸਾਲ" ਉਤੇ ਆ ਕੇ ਬਹੁਤ ਨੁਕਸਾਨ ਕੀਤਾ ਹੈ। ਉਸ ਨੂੰ ਇੱਥੇ ਰਹਿਣਾ ਬਸਣਾ ਹੀ ਨਹੀਂ ਆਇਆ। ਆਪਣੀ ਅਲਪ ਬੁੱਧੀ ਅਤੇ ਖੁਦਗਰਜ਼ੀਆਂ ਕਾਰਨ ਸਮਾਜ ਵਿੱਚ ਅਨੇਕ ਪ੍ਰਕਾਰ ਦੇ ਕਲੇਸ਼ ਕੀਨਾ ਸਾੜਾ ਲੁੱਟ ਖੋਹ ਆਮ ਵੇਖਣ ਵਿੱਚ ਆ ਰਹੀ ਹੈ। ਸਤਿਗੁਰੂ ਜੀ ਮਨੁੱਖ ਨੂੰ ਧਰਤੀ ਤੇ ਆਉਣ ਦਾ, ਆਪਣੇ ਉੱਚੇ ਫਰਜ਼ਾਂ ਦਾ, ਬਾਰ ਬਾਰ ਚੇਤਾ ਕਰਾਉਂਦੇ ਹਨ। ਕਿ ਭਾਈ ਤੇਰਾ ਜੀਵਨ ਵਿਕਾਰਾਂ ਤੋਂ ਰਹਿਤ ਹੋਕੇ, ਅੰਮ੍ਰਿਤ ਵਰਗਾ ਬਣਨਾ ਚਾਹੀਦਾ ਹੈ। ਸਗੋਂ ਇੱਥੇ ਜਨਮ ਲੈਣ ਦਾ ਮੁੱਖ ਪਰਯੋਜਨ ਹੀ ਹੈ ਕਿ ਬੁਰਾਈਆਂ ਨੂੰ ਹਿਰਦੇ ਘਰ ਵਿੱਚੋਂ ਕੱਢ ਦੇਵੇਂ, ਤੇ ਅੰਮ੍ਰਿਤ ਵਰਗਾ ਸਵੱਛ ਜੀਵਨ ਬਣਾ ਲਵੇਂ। ਤਾ ਹੀ ਤੇਰਾ ਆਉਣਾ ਸਫਲ ਮੰਨਿਆ ਜਾ ਸਕੇਗਾ। ਵਾਕ ਹਨ –

20. **ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ॥**

**ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹ ਫਲੁ ਨਾ ਹੀ ਜੀਉ॥** (598)

ਉਪਰ ਵਰਣਿਤ ਗੁਰਬਾਣੀ ਦੀਆਂ ਪਾਵਨ ਪੰਕਤੀਆਂ ਇਸ ਗੱਲ ਦਾ ਠੋਸ ਸਬੂਤ ਹਨ ਕਿ ਵਿਸ਼ੇ ਦੀ ਬਣਤਰ ਜਾਂ ਚੱਲ ਰਹੇ ਪਰਕਰਣ ਦੇ ਮੁਤਾਬਕ ਅੰਮ੍ਰਿਤ ਸ਼ਬਦ ਬਹੁਤ ਸਾਰੇ ਅਰਥਾਂ ਵਿੱਚ ਵਰਤਿਆ ਗਿਆ ਹੈ। ਇਸ ਤੋਂ ਬਾਅਦ ਸੰਨ 1699 ਦੀ ਵਿਸਾਖੀ ਨੂੰ ਜੋ ਕਾਰਜ ਦਸਮ ਪਾਤਿਸ਼ਾਹ ਹਜ਼ੂਰ ਨੇ ਕੀਤਾ ਉਹ ਕੌਤਕ, ਸਿੱਖ ਲਹਿਰ ਦੀ ਸਿਖਰਲੀ ਮੰਜਲ ਸੀ। ਸਤਿਗੁਰੂ ਜੀ ਨੇ ਇਹ ਨਿਰਣਾ ਭੀ ਕਰ ਲਿਆ ਸੀ ਕਿ ਅੱਗੋਂ ਖਾਲਸਾ ਪੰਥ ਦਾ ਮੈਂਬਰ ਬਣਾਉਣ ਦਾ ਅਧਿਕਾਰ ਮੈਂ ਪੰਜ ਸਿੰਘਾਂ ਦੀ ਪੰਚਾਇਤ ਨੂੰ ਸੌਂਪ ਦੇਣਾ ਹੈ। ਪਰ ਉਹ ਕਿਹੜੇ ਖਾਸ ਕਾਰਨ ਹਨ ਜਿਨਾਂ ਕਰਕੇ ਨਵੇਂ ਸਿਰਿਉਂ ਸਿੱਖਾਂ ਨੂੰ ਕੁੱਝ ਪ੍ਰਣ ਕਰਣ ਲਈ ਪਾਬੰਦ ਕੀਤਾ ਗਿਆ ? ਆਉ ਜ਼ਰਾ ਉਹਨਾਂ ਦੀ ਕੁੱਝ ਕੁ ਨਿਸ਼ਾਨ ਦੇਹੀ ਕਰਨ ਦਾ ਜਤਨ ਕਰੀਏ –

ਨੰ: 1. ਪਹਿਲੀ ਬੱਜਰ ਕੁਰਹਿਤ ਕੇਸ ਹਨ; ਇਹਨਾਂ ਨੂੰ ਰੱਬੀ ਦਾਤ ਜਾਣਕੇ ਸਤਿਕਾਰ ਸਹਿਤ ਰੱਖਣ ਦਾ ਹੁਕਮ ਕੀਤਾ ਗਿਆ। ਦਾਹੜੇ ਕੇਸਾਂ ਵਾਲਾ ਭਰਵਾਂ ਕੁਦਰਤੀ ਜੁੱਸਾ ਸਿਰਜਣਹਾਰ ਨੇ ਮਨੁੱਖ ਨੂੰ ਬਖ਼ਸ਼ਿਆ ਹੈ। ਕੇਸ ਕਟਾਉਣ ਵਾਲੇ ਲੋਕ ਕੁਦਰਤ ਦੇ ਨਿਅਮ ਦੀ ਉਲੰਘਣਾ ਕਰ ਰਹੇ ਹੁੰਦੇ ਹਨ। ਦੂਜੀ ਗੱਲ ਕਿ ਔਰਤ ਮਰਦ ਦੀ ਸਰੀਰਕ ਬਣਤਰ ਵੱਖਰੀ ਹੋਣ ਦਾ ਬਾਹਰੀ ਚਿੰਨ ਹਨ ਕੇਸ। ਬਹੁ ਗਿਣਤੀ ਜੀਵਾਂ ਵਿੱਚ ਇਹੀ ਕੁਦਰਤੀ ਨਿਅਮ ਪਰਤੱਖ ਵੇਖਿਆ ਜਾ ਸਕਦਾ ਹੈ। ਕੇਸਾਂ ਦੀ ਸੰਭਾਲ ਵਾਸਤੇ ਸਿਰ ਉਤੇ ਸੁੰਦਰ ਦਸਤਾਰ ਭੀ ਜ਼ਰੂਰ ਸਜਾਈ ਜਾਂਦੀ ਹੈ। ਤੇ ਦਸਤਾਰ ਕੇਵਲ ਹਾਕਮ ਧਿਰ ਦੇ ਲੋਕਾਂ ਨੂੰ ਸਜਾਉਣ ਦਾ ਹੱਕ ਸੀ, ਗੁਲਾਮਾਂ ਨੂੰ ਦਸਤਾਰ ਸਜਾਉਣ ਦਾ ਕੋਈ ਹੱਕ ਨਹੀਂ ਸੀ। ਪੁਰਾਤਨ ਸਮਿਆਂ ਵਿੱਚ ਦਾਹੜੀ ਕੇਸ ਕੱਟਣਾ, ਬੇਇਜ਼ਤੀ ਦਾ ਪ੍ਰਤੀਕ ਸੀ। ਸਭ ਤੋਂ ਜ਼ਿਆਦਾ ਸ਼ਰਮਨਾਕ ਸਜ਼ਾ ਸੀ ਦਾਹੜੀ ਕੇਸ ਕੱਟ ਦੇਣੇ ਅਤੇ ਦਸਤਾਰ ਉਤਾਰਕੇ ਬੇਪੱਤ ਕਰਨਾ ਤੇ ਅੱਗੋਂ ਲਈ ਦਸਤਾਰ ਬੰਨਣ ਤੇ ਰੋਕ ਲਾ ਦੇਣੀ। ਜੇ ਹਾਕਮ ਟੋਲਾ ਜੋਰ ਜ਼ਬਰ ਕਰੇ ਤਾਂ ਸਤਿਗੁਰੂ ਜੀ ਨੇ ਕਿਰਪਾਨ ਬਖਸ਼ੀ ਹੈ ਇਸ ਦੀ ਵਰਤੋਂ ਕਰਨੀ ਜਾਇਜ਼ ਹੈ। ਮਿਸਲਾਂ ਦੇ ਭਿਆਨਕ ਦੌਰ ਵਿੱਚ ਜਦੋਂ ਕੋਈ ਸਿੱਖ ਗ੍ਰਿਫਤਾਰ ਕਰ ਲਿਆ ਜਾਂਦਾ, ਤਾਂ ਇੱਕੋ ਸ਼ਰਤ ਸੀ–ਕੇਸ ਕਟਵਾਣੇ ਪਰਵਾਨ ਕਰ ਲਵੋ ਜਾਨ ਬਖ਼ਸ਼ ਦਿੱਤੀ ਜਾਵੇਗੀ। ਕਿਸੇ ਇੱਕ ਭੀ ਸਿੱਖ ਸੂਰਮੇ ਨੇ, ਕੇਸ ਕਟਵਾਕੇ ਬੇਪਤੀ ਵਾਲਾ ਜਿਉਣਾ ਪਰਵਾਨ ਨਾ ਕੀਤਾ। ਇਸ ਤੋਂ ਬਿਹਤਰ ਗੈਰਤ ਵਾਲੀ ਸ਼ਹੀਦੀ ਨੂੰ ਪਹਿਲ ਦਿੱਤੀ। ਸਰਦਾਰੀ ਤੇ ਸਿੱਖੀ ਦੀ ਨਵੇਕਲੀ ਪਛਾਣ ਕੇਸ ਅਤੇ ਦਸਤਾਰ ਕਾਰਨ ਹੀ ਹੈ। ਤੁਰਲੇ ਫਰਲੇ ਇਹ ਸੋਹਣੀਆਂ ਦਸਤਾਰਾਂ ਤੇ ਹੀ ਸਜਾਏ ਜਾ ਸਕਦੇ ਹਨ। ਅਰਦਾਸ ਵਿੱਚ ਕੇਸਾਂ ਦਾ ਦੋ ਵਾਰੀ

ਜਿਕਰ ਆਇਆ ਹੈ – "ਜਿਨਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ....ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਹਿਆਂ।" ਦੂਜੀ ਵਾਰ– "ਸਿੱਖਾਂ ਨੂੰ ਸਿੱਖੀ ਦਾਨ ਕੇਸ ਦਾਨ....ਆਖ ਕੇਸਾਂ ਦੀ ਸਲਾਮਤੀ ਚਾਹੀ ਹੈ। ਪੰਜ ਕਕਾਰਾਂ ਵਿੱਚ ਪਹਿਲਾ ਕਕਾਰ ਕੇਸ ਹੀ ਰੱਖੇ ਗਏ ਹਨ। ਬੱਜਰ ਕੁਰਹਿਤਾਂ ਵਿੱਚ ਭੀ ਪਹਿਲੀ ਕੁਰਹਿਤ ਕੇਸ ਹਨ। ਕੇਸਾਂ ਦੀ ਸੰਭਾਲ ਬਾਰੇ ਬੇਅੰਤ ਪਰਮਾਣ ਸਾਡੇ ਇਤਿਹਾਸ ਵਿੱਚੋਂ ਤੇ ਰਹਿਤਨਾਮਿਆਂ ਵਿੱਚੋਂ ਵੇਖੇ ਜਾ ਸਕਦੇ ਹਨ। ਭਾਈ ਰਤਨ ਸਿੰਘ ਜੀ ਭੰਗੂ ਪ੍ਰਾਚੀਨ ਪੰਥ ਪ੍ਰਕਾਸ ਵਿੱਚ ਕੇਸਾਂ ਬਾਰੇ ਲਿਖਦੇ ਹਨ –

**"ਰਾਖਹੁ ਕਛ ਕੜਾ ਕੇਸ ਕਿਰਪਾਨ। ਸਿੰਘ ਨਾਮ ਕੋ ਇਹ ਨਿਸਾਨ।**
**ਕੰਘਾ ਕੇਸੋਂ ਕੇ ਸੰਗ ਰਹੈ। ਇਹੋ ਪਾਂਚ ਕਕਾਰ ਧਰੇ ਹੈ।**

ਨੰ: 2. ਪਰਤਨ ਗਾਮੀ – ਗੁਰੂ ਸਾਹਿਬ ਦੀ ਨਿਗਰਾਨੀ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਮੁਤਾਬਕ ਸਿੱਖਾਂ ਦਾ ਜੀਵਨ ਢਲਦਾ ਜਾ ਰਿਹਾ ਸੀ। ਸਿੱਖ ਬੜੇ ਨੇਕ ਆਚਰਣ ਦੇ ਧਾਰਣੀ ਬਣਦੇ ਜਾਂ ਰਹੇ ਸਨ। ਪਰ ਦਸਮ ਪਾਤਿਸ਼ਾਹ ਹਜ਼ੂਰ ਨੇ ਮਹਿਸੂਸ ਕਰ ਲਿਆ ਕਿ ਆਉਣ ਵਾਲੇ ਸਮੇਂ ਵਿੱਚ ਸਿੱਖਾਂ ਨੂੰ, ਲੰਮੀ ਖ਼ੂਨੀ ਜੰਗ ਲੜਨੀ ਪੈਣੀ ਹੈ। ਦੁਸ਼ਮਣ ਨੇ ਹੋਰ ਕਰੂਰਤਾ ਨਾਲ ਸਿੱਖਾਂ ਤੇ ਜੁਲਮ ਕਰਨੇ ਹਨ। ਧਰਮ ਦੋਖੀਆਂ ਵੱਲੋਂ ਇਨਸਾਨੀਅਤ ਤੋਂ ਗਿਰੇ ਹੋਏ ਕਮੀਣੇ ਕਾਰੇ ਭੀ ਕਰਨੇ ਹਨ। ਅਜਿਹੀ ਮਾਨਸਿਕ ਪੀੜਾਂ ਵਿੱਚੋਂ ਬਦਲੇ ਦੀ ਜਵਾਲਾ ਭੜਕ ਪੈਂਦੀ ਹੈ। ਅਜਿਹੇ ਭਿਆਨਕ ਦੌਰ ਵਿੱਚ, ਔਰਤਾ ਨੂੰ ਬਿਨਾ ਕਾਰਨ ਤੋਂ ਅਨੇਕ ਤਰ੍ਹਾਂ ਦੇ ਸੰਤਾਪ ਭੋਗਣੇ ਪੈਂਦੇ ਹਨ। ਇਤਿਹਾਸ ਗਵਾਹ ਹੈ ਜਾਲਮ ਹਕੂਮਤ ਦੇ ਕਾਰਿੰਦਿਆਂ ਨੇ ਮਾਸੂਮ ਦੁੱਧ ਚੁੰਘਦੇ ਬੱਚਿਆਂ ਤੇ ਭੀ ਰਹਿਮ ਨਾ ਕੀਤਾ। ਸਿੱਖ ਬੀਬੀਆਂ ਨੂੰ ਬੇਓੜਕ ਤਸੀਹੇ ਦਿੱਤੇ ਗਏ, ਪੁੱਜ ਕੇ ਅਪਮਾਨਤ ਕੀਤਾ ਗਿਆ। ਪਰ ਸਿੱਖਾਂ ਨੇ ਸਤਿਗੁਰੂ ਜੀ ਦੇ ਹੁਕਮ ਨੂੰ ਸਿਰ ਮੱਥੇ ਪਰਵਾਨ ਕਰਦਿਆਂ ਸਦਾ ਹੀ ਪਰਾਈਆਂ ਔਰਤਾਂ ਦਾ ਸਤਿਕਾਰ ਕੀਤਾ। ਸਿੱਖਾਂ ਦੇ ਕਾਤਲ ਭੀ ਇਹ ਇਲਜਾਮ ਨਹੀਂ ਲਾ ਸਕੇ, ਕਿ ਸਿੱਖ "ਜਨਾਹੀ" ਹੁੰਦੇ ਹਨ। ਮੁਸਲਮਾਨ ਤੇ ਅੰਗ੍ਰੇਜ ਲਿਖਾਰੀਆਂ ਨਿਰਸੰਕੋਚ ਇਸ ਪਖੋਂ ਸਿੱਖਾਂ ਦੀ ਪਰਸੰਸਾ ਕੀਤੀ ਹੈ। ਸਿੱਖਾਂ ਨੂੰ ਸਤਿਗੁਰੂ ਜੀ ਦੇ ਪਾਵਨ ਬਚਨ ਸਦਾ ਚੇਤੇ ਰਹਿੰਦੇ ਸਨ –

**ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖ ਪਾਵਹਿ॥**
**ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ॥** (403)

ਅਜਿਹੀ ਇੱਕ ਘਟਨਾ ਦਾ ਜ਼ਿਕਰ ਭਾਈ ਸੰਤੋਖ ਸਿੰਘ ਨੇ ਗੁਰਪ੍ਰਤਾਪ ਸੂਰਜ ਗ੍ਰੰਥ ਵਿੱਚ ਕੀਤਾ ਹੈ। ਜੰਗ ਸਮੇਂ ਇੱਕ ਮੁਸਲਮਾਨ ਜਰਨੈਲ ਦੀ ਜੁਆਨ ਔਰਤ ਸਿੰਘਾਂ ਦੇ ਘੇਰੇ ਵਿੱਚ ਆ ਗਈ। ਦੁਸ਼ਮਣ ਜਾਨ ਬਚਾ ਕੇ ਨੱਠ ਗਏ, ਤੇ ਕੁੱਝ ਮਾਰੇ ਗਏ। ਨੌਜਵਾਨ

ਸਿੱਖ ਇਸ ਬੇਬਸ ਔਰਤ ਨਾਲ ਨੀਵੀਂ ਪੱਧਰ ਦੇ ਮਜਾਕ ਕਰਨ ਲੱਗ ਪਏ। ਵਡੇਰੀ ਉਮਰ ਦੇ ਸਿੱਖਾਂ ਨੇ ਗਭਰੂਆਂ ਨੂੰ ਵਰਜਿਆ। ਉਹ ਅੱਗੋਂ ਹੋਰ ਗੁੱਸੇ ਵਿੱਚ ਆ ਗਏ। ਅਖੇ ਮੁਸਲਮਾਨ ਸਾਡੀਆਂ ਧੀਆਂ ਭੈਣਾਂ ਨਾਲ ਜੋ ਸਲੂਕ ਕਰਦੇ ਹਨ, ਉਹ ਕਿਸੇ ਤੋਂ ਭੁੱਲਿਆ ਹੋਇਆ ਨਹੀਂ ਹੈ। ਜੇ ਅਸੀਂ ਬਦਲਾ ਲੈਣਾ ਚਾਹੀਏ ਤਾਂ ਸਾਨੂੰ ਰੋਕਿਆ ਕਿਉਂ ਜਾਂਦਾ ਹੈ ? ਸਿਆਣੇ ਸਿੱਖਾਂ ਸਲਾਹ ਦਿੱਤੀ ਕਿ ਝਗੜਾ ਨਾਂ ਕਰੋ, ਚਲੋ ਦਸਮ ਪਾਤਸ਼ਾਹ ਹਜੂਰ ਤੋਂ ਫੈਸਲਾ ਕਰਵਾ ਲੈਂਦੇ ਹਾਂ। ਸਤਿਗੁਰੂ ਜੀ ਅੱਗੇ ਆਕੇ ਸਾਰੀ ਹੋਈ ਬੀਤੀ ਆਖ ਸੁਣਾਈ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ–

**ਪੁਨਿ ਸਿੰਘਨ ਬੂਝੈ ਗੁਨਖਾਨੀ। ਸਗਲ ਤੁਰਕ ਭੁਗਵੇਂ ਹਿੰਦਵਾਨੀ।**
**ਸਿੰਘ ਬਦਲਾ ਲੇ ਭਲਾ ਜਣਾਵੈਂ। ਗੁਰ ਸਾਸਤਰ ਕਿਉਂ ਵਰਜ ਹਟਾਵੈਂ ?**
**ਸੁਣ ਬੋਲੇ ਸਤਿਗੁਰ ਤਿਸ ਬੇਰੇ। ਹਮ ਲੇ ਜਾਣੋ ਪੰਥ ਉਚੇਰੇ।**
**ਨਾਹਿ ਅਧੋਗਤੀ ਬਿਖੈ ਪੁਚਾਵੈਂ। ਤਾਂ ਤੇ ਕਲਮਲ ਕਰਨ ਹਟਾਵੈਂ।**

ਪਰਾਏ ਰੂਪ ਵਿੱਚ ਗਰਕ ਹੋਕੇ ਇਨਸਾਨ ਜ਼ਿੰਦਗੀ ਤਬਾਹ ਕਰ ਲੈਂਦਾ ਹੈ। ਆਪਣੇ ਘਰ ਦਾ ਚੈਨ, ਪਰਵਾਰਿਕ ਸੁੱਖ ਖਤਮ ਹੋ ਜਾਂਦਾ ਹੈ। ਏਡਜ ਵਰਗੀਆਂ ਭਿਆਨਕ ਬਿਮਾਰੀਆਂ ਮੌਤ ਦੇ ਮੂੰਹ ਵਿੱਚ ਧੱਕ ਦਿੰਦੀਆਂ ਹਨ। ਅੱਜ ਸੰਸਾਰ ਦਾ ਹਰ ਸਿਆਣਾ ਮਨੁੱਖ ਪਰਾਏ ਤਨ ਤੋਂ ਬਚਣ ਦਾ ਉਪਦੇਸ਼ ਦੇ ਰਿਹਾ ਹੈ। ਦੁਨੀਆਂ ਭਰ ਦੀਆਂ ਸਰਕਾਰਾਂ ਆਪਣੇ ਲੋਕਾਂ ਨੂੰ ਏਡਜ਼ ਦੀ ਭਿਆਨਕਤਾ ਤੋਂ ਜਾਣੂ ਕਰਵਾ ਰਹੀਆਂ ਹਨ।

ਸੰਨ 1971 ਵਿੱਚ ਬੰਗਲਾਦੇਸ਼ ਦੀ ਜੰਗ ਸਮੇਂ ਸਿੱਖ ਫੌਜਾਂ ਨੇ ਆਪਣੇ ਉੱਚੇ ਸੁੱਚੇ ਕਿਰਦਾਰ ਦਾ ਪਰਗਟਾਵਾ ਕੀਤਾ। ਪਾਕਸਤਾਨੀ ਫੌਜੀਆਂ ਵੱਲੋਂ ਆਪਣੇ ਹੀ ਧਰਮ ਵਾਲੀਆਂ (ਮੁਸਲਮਾਨ) ਜਵਾਨ ਔਰਤਾਂ ਦੀ ਸ਼ਰਮਨਾਕ ਹੱਦ ਤੱਕ ਬੇਪਤੀ ਕੀਤੀ। ਉਹਨਾਂ ਦੇ ਬੰਕਰਾਂ ਵਿੱਚੋਂ ਵਸਤਰਹੀਣ ਅਧਮੋਈਆਂ ਲੜਕੀਆ ਮਿਲੀਆਂ। ਸਿੱਖ ਫੌਜੀਆਂ ਨੇ ਆਪਣੀਆਂ ਦਸਤਾਰਾਂ ਪਾੜ ਕੇ ਉਹਨਾਂ ਬੀਬੀਆਂ ਦੇ ਤਨ ਢਕੇ। ਯੋਗ ਥਾਵਾਂ ਤੇ ਸਨਮਾਨ ਪੂਰਵਕ ਪੁਚਾਉਣ ਦਾ ਪਰਬੰਧ ਕੀਤਾ। ਇੱਕ ਆਮ ਸਿੱਖ ਭੀ ਇਸ ਗੱਲ ਤੋਂ ਭਲੀ ਭਾਂਤ ਜਾਣੂ ਹੈ ਕਿ ਮੇਰੇ ਗੁਰਦੇਵ ਜੀ ਨੇ, ਮੈਨੂੰ ਕੁਕਰਮ ਕਰਨੋਂ ਸਖਤੀ ਨਾਲ ਵਰਜਿਆ ਹੈ। ਭਟਕੇ ਹੋਏ ਭਾਈ ਜੋਗਾ ਸਿੰਘ ਵਾਂਗੂ ਸਤਿਗੁਰੂ ਦੀ ਸਿੱਖਿਆ ਸਾਨੂੰ ਬਰਬਾਦ ਹੋਣੋ ਬਚਾ ਲੈਂਦੀ ਹੈ। ਇਸ ਪਵਿੱਤਰ ਆਚਰਣ ਸਦਕਾ ਸਿੱਖ ਯੋਧਿਆਂ ਦਾ ਦੁਸ਼ਮਣਾਂ ਨੇ ਭੀ ਗੁਣ ਗਾਇਨ ਕੀਤਾ। ਇਸੇ ਕਾਰਨ ਉਹਨਾਂ ਨੂੰ ਸਮਾਜ ਵਿੱਚ ਸਤਿਕਾਰਯੋਗ ਥਾਂ ਮਿਲੀ। ਹਰ ਬਹੂ ਬੇਟੀ ਨਿਸੰਗ ਹੋਕੇ ਸਿੱਖਾਂ ਦੀ ਸੇਵਾ ਕਰਨੀ ਆਪਣੇ ਵੱਡੇ ਭਾਗ ਜਾਣਦੀ ਸੀ। ਸਿੱਖਾਂ ਦੀ "ਰਾਖੀ" ਵਿੱਚ ਦੇਸ਼ ਦੀਆਂ ਬੇਟੀਆਂ ਇੱਜਤ ਨਾਲ ਰਹਿਣ ਜੋਗ ਹੋਈਆਂ। ਪਰ ਕੀ ਅੱਜ

ਦਾ ਭੇਖੀ ਸਿੱਖ, ਸਿੱਖੀ ਸਰੂਪ ਨੂੰ ਦਾਗੀ ਤਾਂ ਨਹੀਂ ਕਰ ਰਿਹਾ ?

3. ਤੰਬਾਕੂ – ਹਰ ਤਰਾਂ ਦਾ ਨਸਾ ਇਨਸਾਨ ਉਦੋਂ ਕਰਦਾ ਹੈ ਜਦੋਂ ਉਸਨੂੰ ਦੁਖਾਂ ਕਲੇਸ਼ਾਂ ਪ੍ਰੇਸ਼ਾਨੀਆਂ ਨੇ ਚਾਰੇ ਬੰਨਿਉਂ ਘੇਰਿਆ ਹੋਵੇ। ਜਦੋਂ ਦਿਮਾਗ ਬੇਬੱਸ ਹੋ ਜਾਂਦਾ ਹੈ, ਹਾਲਾਤ ਨਾਲ ਮੁਕਾਬਲਾ ਕਰਨ ਤੋਂ, ਤਦੋਂ ਗਮ ਨੂੰ ਭੁਲਾਣ ਲਈ ਨਸ਼ੇ ਦੀ ਸ਼ਰਣ ਵਿੱਚ ਡਿੱਗ ਪੈਂਦਾ ਹੈ। ਵਕਤੀ ਤੌਰ ਤੇ ਨਸ਼ੇ ਦੀ ਵਰਤੋਂ ਨਾਲ ਦਿਮਾਗ ਦੀ ਸੋਚਣ ਕਿਰਿਆ ਸਥਿਲ ਹੋ ਜਾਂਦੀ ਹੈ। ਸੈੱਲ ਮਰਨੇ ਸ਼ੁਰੂ ਹੋ ਜਾਂਦੇ ਹਨ। ਦੁੱਖਾਂ ਦੇ ਕਾਰਨ ਤਾਂ ਜਿਉਂ ਦੇ ਤਿਉਂ ਮੌਜੂਦ ਹਨ। ਨਸ਼ੇ ਕਾਰਨ ਦਿਮਾਗ ਦੀ ਸੰਵੇਦਨਸ਼ੀਲਤਾ ਕਮਜ਼ੋਰ ਪੈ ਜਾਂਦੀ ਹੈ। ਨਸ਼ਈ ਵਿਅਕਤੀ ਨੂੰ ਇਉਂ ਪਰਤੀਤ ਹੁੰਦਾ ਹੈ ਕਿ ਨਸ਼ਾ ਬੜੀ ਚੰਗੀ ਚੀਜ਼ ਹੈ। ਕਿਉਂਜੋ ਇਸ ਨਾਲ ਪ੍ਰੇਸ਼ਾਨੀ ਦਾ ਅਹਿਸਾਸ ਘਟ ਜਾਂਦਾ ਹੈ। ਸਤਿਗੁਰੂ ਇਸ ਮਨੁੱਖੀ ਕਮਜ਼ੋਰੀ ਨੂੰ ਬਾਖੂਬੀ ਜਾਣਦੇ ਸਨ। ਇਸੇ ਲਈ ਉਹਨਾਂ ਹਰ ਤਰਾਂ ਦੇ ਨਸ਼ੇ ਵਿਰੁਧ ਜ਼ੋਰਦਾਰ ਆਵਾਜ਼ ਉਠਾਈ। ਫੁਰਮਾਨ ਹੈ –

**ਦੁਰਮਤਿ ਮਦੁ ਜੋ ਪੀਵਦੇ ਬਿਖਲੀ ਪਤਿ ਕਮਲੀ॥**
**ਰਾਮ ਰਸਾਇਣ ਜੋ ਰਤੇ ਨਾਨਕ ਸਚ ਅਮਲੀ॥** (399)

ਇਸਲਾਮ ਧਰਮ ਸ਼ਰਾਬ ਨੂੰ ਅਤੀ ਨਿੰਦਨੀਯ ਵਸਤੂ ਮੰਨਦਾ ਹੈ। ਸਾਰੇ ਜਾਣਕਾਰ ਲੋਕ ਇਸ ਨੂੰ ਬੁਰਾ ਸਵੀਕਾਰਦੇ ਰਹੇ ਹਨ। ਸਭਾ ਸੁਸਾਇਟੀ ਵਿੱਚ ਇਸ ਦੀ ਵਰਤੋਂ ਲੁਕਵੇਂ ਢੰਗ ਨਾਲ ਹੁੰਦੀ ਸੀ। ਪਰਿਵਾਰਾਂ ਵਿੱਚ ਇਸ ਨੂੰ ਨਫਰਤ ਕੀਤੀ ਜਾਂਦੀ ਸੀ। ਹਾਂ ਕੁੱਝ ਵਿਹਲੜ, ਚੋਰ ਉਚੱਕੇ, ਜੁਆਰੀਏ, ਜਾਂ ਗਰੀਬਾਂ ਦਾ ਖੂਨ ਨਿਚੋੜ ਕੇ ਪੀਣ ਵਾਲੇ ਪਾਪੀ ਅਹਿਲਕਾਰ, "ਗ਼ਮ ਗਲਤ" ਕਰਨ ਲਈ ਸ਼ਰਾਬ ਦੀ ਵਰਤੋਂ ਕਰ ਲਿਆ ਕਰਦੇ ਸਨ।

ਜੋਗੀਆਂ ਨੇ ਇਕੱਲੇਪਣ ਦੇ ਗ਼ਮ ਨੂੰ ਭੁਲਾਣ ਵਾਸਤੇ, ਮਾਤਾ ਪਿਤਾ ਬੱਚੇ ਪਤਨੀ, ਭੈਣ ਭਰਾ ਦੀ ਯਾਦ ਨੂੰ ਭੁਲਾਣ ਵਾਸਤੇ, ਘਰ ਦੇ ਸੁਖ ਭੁਲਾਣ ਲਈ ਸ਼ਰਾਬ ਦੀ (ਅਤੇ ਹੋਰ ਨਸ਼ਿਆਂ ਦੀ) ਬਹੁਤ ਵਰਤੋਂ ਕੀਤੀ ਹੈ। ਹਿੰਦੂਆਂ ਦੇ ਦੇਵਤੇ (?) ਸ਼ਰਾਬ ਨੂੰ ਸੋਮ ਰਸ ਆਖਿਆ ਕਰਦੇ ਸਨ।ਦੇਵਤਾ ਜਨ (?) ਸ਼ਰਾਬ, ਮੋਹਣੀਆਂ (ਪਰੀਆਂ) ਦਾ ਸਾਥ, ਨਾਲ ਹੀ ਜੂਏ ਦੀਆਂ ਬਾਜੀਆਂ ਆਮ ਲਾਉਂਦੇ ਸਨ। ਫਿਰ ਉਹਨਾਂ ਦੇ ਚੇਲੇ ਚੇਲੀਆਂ ਕਿਉਂ ਨਾ ਆਪਣੇ ਦੇਵਤਿਆਂ (?) ਵਾਲੇ ਰਾਹ ਤੇ ਚੱਲਣ ? ਦੇਸ਼ ਦੀ ਜੰਤਾ ਪਵੇ ਖੂਹ ਵਿੱਚ ਉਹਨਾਂ ਨੂੰ ਕੀ। ਹੌਲੀ ਹੌਲੀ ਵਧਦੀ ਹੋਈ ਸ਼ਰਾਬ ਘਰਾਂ, ਇਕੱਠਾ ਤੇ ਰਾਜ ਦਰਬਾਰਾਂ ਦੀ ਰੌਣਕ ਬਣਨ ਲੱਗ ਪਈ। ਸਤਿਗੁਰੂ ਜੀ ਨੇ ਇਸ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ। ਅੱਜ ਤੱਕ ਦੁਨੀਆਂ ਭਰ ਵਿੱਚ ਸ਼ਰਾਬੀਆਂ ਦੇ ਟੋਲਿਆਂ ਨੇ ਕੋਈ ਫ਼ਖਰਯੋਗ ਕਾਰਜ ਨਹੀਂ ਕੀਤੇ।

ਮਨੁੱਖਤਾ ਦਾ ਕੋਈ ਭਲਾ ਨਹੀਂ ਕੀਤਾ। ਵਿਗਿਆਨ ਦੀਆਂ ਕੋਈ ਕਾਢਾ ਨਹੀਂ ਕੱਢੀਆਂ। ਸੰਸਾਰ ਵਿੱਚ ਪਸਰੇ ਹੋਏ ਅਨੈਤਕ ਵਰਤਾਰੇ ਵਿਰੁੱਧ ਕਦੀ ਕੋਈ ਜਹਾਦ ਨਹੀਂ ਛੇੜਿਆ। ਨਸ਼ਈ ਦੀ ਬੁੱਧੀ ਕਮਜ਼ੋਰ ਪੈ ਜਾਂਦੀ ਹੈ। ਉਸਦੀ ਜਮੀਰ ਮਰ ਮੁੱਕ ਜਾਂਦੀ ਹੈ। ਨਸ਼ਈ ਆਪਣੇ ਨਸ਼ੇ ਦੀ ਪ੍ਰਾਪਤੀ ਵਾਸਤੇ ਪੈਸਾ ਸਿਹਤ ਤੇ ਇੱਜਤ, ਸਭ ਕੁੱਝ ਗਵਾ ਲੈਂਦਾ ਹੈ। ਉਹ ਆਪਣੇ ਬੱਚਿਆਂ, ਪਤਨੀ, ਮਾਤਾ ਪਿਤਾ ਨੂੰ ਭੀ ਚੂੰਡ ਚੂੰਡ ਕੇ ਖਾਣ ਤੋਂ ਸ਼ਰਮ ਨਹੀਂ ਕਰਦਾ।

ਤੰਬਾਕੂ ਭਾਰਤ ਵਿੱਚ ਮੁਗਲਾਂ ਦੇ ਨਾਲ ਹਾਲੀ ਨਵਾਂ ਨਵਾਂ ਆਇਆ ਸੀ। ਲੋਕਾਂ ਨੂੰ ਇਸਦੇ ਦੁਸ਼ਟ ਪਰਭਾਵ ਬਾਰੇ ਕੋਈ ਗਿਆਨ ਨਹੀਂ ਸੀ। ਸਤਿਗੁਰੂ ਜੀ ਨੇ ਜਿੱਥੇ ਹੋਰ ਸਾਰੇ ਨਸ਼ਿਆਂ ਦੀ ਵਰਤੋਂ ਤੇ ਸਿੱਖ ਲਈ ਮਨਾਹੀ ਕੀਤੀ, ਉਥੇ ਤੰਬਾਕੂ ਦਾ ਵਿਸ਼ੇਸ਼ ਜਿਕਰ ਕੀਤਾ। ਭਾਵ ਇਹ ਕਿ ਇਸ ਨਸ਼ੇ ਨੂੰ ਮਾਮੂਲੀ ਨਾਂ ਸਮਝਣਾ, ਇਹ ਭੀ ਦੂਜੇ ਨਸ਼ਿਆਂ ਵਾਂਗ ਹੀ ਮਨ ਆਤਮਾ ਤੇ ਸਰੀਰ ਲਈ ਤਬਾਹ ਕੁਨ ਹੈ। ਨਸ਼ਿਆਂ ਕਾਰਨ ਝਗੜੇ ਹੁੰਦੇ ਹਨ, ਐਕਸੀਡੈਂਟ ਹੁੰਦੇ ਹਨ, ਹਜਾਰਾਂ ਪ੍ਰਵਾਰ ਉੱਜੜ ਜਾਂਦੇ ਹਨ। ਮੁਕੱਦਮੇ ਭੁਗਤਦਿਆਂ ਜੇਹਲਾਂ ਕਟਦਿਆਂ ਉਮਰਾਂ ਬੀਤ ਜਾਂਦੀਆਂ ਹਨ। ਇਸ ਵਕਤ ਸਰਕਾਰੀ ਅੰਕੜਿਆਂ ਮੁਤਾਬਕ, ਪੰਜਾਬ ਏਸੀਆ ਵਿੱਚੋਂ ਪਹਿਲੋਂ ਦਰਜੇ ਦਾ ਸ਼ਰਾਬੀ ਸੂਬਾ ਹੈ। ਲੁਧਿਆਣਾ ਜਿਲਾ ਦੁਨੀਆਂ ਵਿੱਚੋਂ ਪਹਿਲੇ ਦਰਜੇ ਦਾ ਨਸ਼ਈ ਜ਼ਿਲਾ ਹੈ। ਜਿਨ੍ਹਾਂ ਸਿੱਖਾਂ ਕੋਲ ਪਾਵਨ ਗੁਰਬਾਣੀ ਦਾ ਅੰਮ੍ਰਿਤਮਈ ਖਜਾਨਾ ਹੋਵੇ। ਜਿਨਾਂ ਸਿੱਖਾਂ ਕੋਲ ਅਮੋਲਕ ਦਾਤ ਖੰਡੇ ਦੀ ਪਾਹੁਲ (ਅੰਮ੍ਰਿਤ) ਵਰਗਾ ਨਾਯਾਬ ਤੋਹਫਾ ਹੋਵੇ। ਇਸ ਵਿਰਸੇ ਦੇ ਮਾਲਕ ਸਿੱਖ ਨਸ਼ਿਆਂ ਵਿੱਚ ਡੁੱਬ ਰਹੇ ਹੋਣ, ਅਤੀ ਦੁਖਦਾਈ ਹੈ। ਫਿਰ ਨਸ਼ੇ ਖਾ ਪੀ ਕੇ ਸਿੱਖ ਅਖਵਾਣ ਵਾਲੇ ਸਭ ਤੋਂ ਜ਼ਿਆਦਾ ਖਰੂਦ ਕਰਦੇ ਹਨ। ਜੇ ਲੜਨ ਵਾਸਤੇ ਕੋਈ ਹੋਰ ਨਾਂ ਮਿਲੇ ਤਾਂ ਬੱਚਿਆਂ ਅਤੇ ਪਤਨੀ ਦੇ ਹੱਡ ਸੇਕਣੇ ਭੀ ਰਤੀ ਸ਼ਰਮ ਨਹੀਂ ਕਰਦੇ। ਨਸ਼ਿਆਂ ਤੇ ਬਰਬਾਦ ਹੋ ਰਿਹਾ ਅਰਬਾਂ ਰੁਪਿਆ ਸਾਂਭ ਕੇ, ਅਗਰ ਮਨੁੱਖਤਾ ਦੇ ਉਥਾਨ ਵਾਸਤੇ, ਕਮਜ਼ੋਰ ਸਿੱਖ ਪਰਵਾਰਾ ਦੇ ਭਲੇ ਵਾਸਤੇ ਸਿੱਖੀ ਦੇ ਬਹੁਪੱਖੀ ਪਰਚਾਰ ਵਾਸਤੇ ਸੰਭਾਲ ਕੇ ਖਰਚਿਆ ਜਾਵੇ ਤਾਂ ਸਿੱਖ ਪੰਥ ਦੇ ਦੁਨੀਆਂ ਵਿੱਚ ਡੰਕੇ ਵੱਜ ਸਕਦੇ ਹਨ। ਪਰ ਅਫਸੋਸ, ਸਾਡੇ ਵੱਡੇ ਵੱਡੇ ਚੌਧਰੀ ਤੇ ਉਹਨਾਂ ਦੇ ਜੁੰਡੀਦਾਰ ਖੁਦ ਹੀ ਸ਼ਰਾਬ ਦੇ ਦਰਿਆਵਾਂ ਵਿੱਚ ਚੁੱਭੀਆਂ ਲਾ ਰਹੇ ਹਨ, ਆਮ ਵਿਅਕਤੀ ਨੂੰ ਕੀ ਆਖੀਏ ? ਚੋਣਾ ਵਕਤ ਵੱਡੇ ਅਕਾਲੀ (?) ਗੁਰੂ ਕੀ ਗੋਲਕ ਦਾ ਪੈਸਾ ਸ਼ਰਾਬ ਅਫੀਮ ਤੇ ਰੋੜ੍ਹਦੇ ਪਰਤੱਖ ਵੇਖੇ ਜਾ ਸਕਦੇ ਹਨ। ਅਜਿਹੇ ਹਾਲਾਤਾਂ ਵਿੱਚ ਸਿੱਖੀ ਦਾ ਭਵਿੱਖ ਸੋਚ ਕੇ ਰੂਹ ਕੰਬ ਉੱਠਦੀ ਹੈ।

ਸਤਿਗੁਰੂ ਜੀਉ ਬਹੁੜੀ ਕਰੋ;

**ਬਿਖੁ ਬੋਹਿਥਾ ਲਦਿਆ ਦੀਆ ਸਮੁੰਦਿ ਮਝਾਰਿ॥**
**ਕੰਧੀ ਦਿਸਿ ਨ ਆਵਈ ਨ ਉਰਵਾਰੁ ਨ ਪਾਰਿ॥** (1009)

ਸੋ ਸਿੱਖ ਲਈ ਸਾਰੇ ਨਸ਼ੇ ਸਮੇਤ ਤੰਬਾਕੂ ਦੇ ਪੂਰੀ ਤਰ੍ਹਾਂ ਮਨਾ ਹਨ।

4. ਕੁੱਠਾ ਮਾਸ – ਕੁੱਝ ਲੋਕ ਆਪਣੀ ਲਿਖਤ ਰਾਹੀ ਜਾਂ ਬੋਲਾਂ ਦੁਆਰਾ ਮਾਸ ਦੇ ਵਿਰੁੱਧ ਪੂਰਾ ਤਾਣ ਲਾ ਦਿੰਦੇ ਹਨ। ਉਹਨਾਂ ਨੂੰ ਇਹ ਭੁਲ ਹੀ ਜਾਂਦਾ ਹੈ ਕਿ ਸਿੱਖ ਰਹਿਤ ਮਰਿਆਦਾ ਵਿੱਚ "ਕੁੱਠਾ" ਸ਼ਬਦ ਲਿਖ ਕੇ ਹੇਠਾਂ ਸਟਾਰ ਮਾਰਕ ਦੇ ਕੇ, ਸਪਸ਼ਟੀਕਰਣ ਦਿੱਤਾ ਗਿਆ ਹੈ –"ਕੁਠਾ ਤੋਂ ਭਾਵ ਉਹ ਮਾਸ ਹੈ ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ।" ਜੇ ਗੁਰਬਾਣੀ ਵਿੱਚ ਮਾਸ ਦਾ ਨਿਖੇਦ ਕੀਤਾ ਗਿਆ ਹੁੰਦਾ ਤਾਂ "ਕੁੱਠਾ" ਦਾ ਜ਼ਿਕਰ ਕਰਨ ਦੀ ਲੋੜ ਨਹੀਂ ਸੀ, ਸਿਰਫ ਇੰਨਾ ਲਿਖਣਾ ਹੀ ਕਾਫੀ ਸੀ ਕਿ "ਮਾਸ ਨਹੀਂ ਖਾਣਾ"। ਇੱਕੇ ਸਿੱਖ ਸਮਾਜ ਦੇ ਪਰਚਾਰਕ ਤੇ ਲੇਖਕ (ਵਿਰਲੇ ਨੂੰ ਛਡਕੇ) ਭਟਕ ਗਏ। ਇਸ ਦੇ ਪਿਛੋਕੜ ਵਿੱਚ ਕੰਮ ਕਰ ਰਹੀ ਭਾਵਨਾ ਨੂੰ ਨਾਂ ਸਮਝਿਆ। ਮਾਸ ਖਾਣਾ ਜਾਂ ਨਾ ਖਾਣ ਹਰ ਇੱਕ ਇਨਸਾਨ ਦਾ ਨਿੱਜੀ ਮਸਲਾ ਹੈ, ਇਸਨੂੰ ਧਰਮ ਦਾ ਅੰਗ ਮੰਨਣ ਦੀ ਗਲਤੀ ਬਾਰ ਬਾਰ ਕੀਤੀ ਜਾ ਰਹੀ ਹੈ। ਸਿਹਤ ਦੀ ਮਜਬੂਰੀ ਕਾਰਨ ਮਿੱਠਾ ਤਿਆਗਣਾ ਪੈ ਜਾਂਦਾ ਹੈ। ਦੁੱਧ ਮੱਖਣ ਛੱਡਣਾ ਪੈ ਸਕਦਾ ਹੈ।....ਅਸਲ ਵਿੱਚ ਕੁੱਠਾ ਖਾਣ ਲਈ ਮਜਬੂਰ ਕਰਨਾ, ਇਹ ਕਿਸੇ ਵਿਅਕਤੀ ਦੀ ਸੁਤੰਤਰ ਸੋਚ ਨੂੰ ਕੁਚਲਣ ਦੀ ਮਾਰੂ ਪਰਵਿਰਤੀ ਹੈ। ਹਾਕਮ ਧਿਰ ਨੇ ਜਿਥੇ ਹੋਰ ਅਨੇਕ ਮਨਮਾਨੀਆਂ ਧਰਮ ਦੇ ਨਾਮ ਤੇ ਕੀਤੀਆਂ। ਉਥੇ ਉਹਨਾਂ ਆਪਣੇ ਸਮਾਜ ਵਿੱਚ, ਆਪਣੇ ਧਰਮ ਵਿੱਚ ਪ੍ਰਚਲਤ ਜਾਂ ਪ੍ਰਵਾਨਿਤ ਅਸੂਲਾਂ ਨੂੰ ਦੂਜਿਆਂ ਤੇ ਠੋਸਣਾ ਸ਼ੁਰੂ ਕਰ ਦਿੱਤਾ। ਜਦੋਂ ਮਨੁੱਖ ਗੁਲਾਮ ਹੋ ਜਾਵੇ ਤਾਂ ਉਸਦੇ ਸਾਰੇ ਮਨੁੱਖੀ ਅਧਿਕਾਰ ਖਤਮ ਹੋ ਜਾਂਦੇ ਹਨ। ਅੱਜ ਤੱਕ ਕੁਲ ਕਾਇਨਾਤ ਵਿੱਚ ਇਹ ਕਦੀ ਨਹੀਂ ਹੋਇਆ ਕਿ ਕੋਹੀ ਦੇਸ ਕੌਮ ਗੁਲਾਮ ਭੀ ਹੋਵੇ ਤੇ ਉਸਨੂੰ ਧਾਰਮਕ ਜਾਂ ਸਮਾਜਕ ਕੋਈ ਸੁਤੰਤਰ ਅਧਿਕਾਰ ਭੀ ਮਿਲੇ ਹੋਦ। ਹੋਰ ਤਾਂ ਹੋਰ ਆਪਣੇ ਘਰਾਂ ਵਿੱਚ ਨੀਝ ਲਾਕੇ ਪਰਖ ਕਰੋ। ਜੋ ਲੜਕੀ ਸਾਡੇ ਘਰ ਵਹੁਟੀ ਬਣ ਕੇ ਆਈ ਹੈ ਕਿ ਉਹ ਆਪਣਾ ਪਿਤਾ ਵਾਲਾ ਧਰਮ ਜਾਂ ਵਿਹਾਰ ਸਹੁਰੇ ਘਰ ਪੁਗਾ ਸਕਦੀ ਹੈ ? ਸਾਡੀ ਬੇਟੀ ਵਿਆਹੀ ਜਾਕੇ ਸਹੁਰੇ ਘਰ ਜਾਂਦੀ ਹੈ, ਤਾਂ ਕੀ ਉਸਨੂੰ ਪੇਕੇ ਘਰ ਵਾਲੇ ਸਾਰੇ ਰੀਤੀ ਰਿਵਾਜ ਤਿਆਗਣੇ ਨਹੀਂ ਪੈ ਜਾਂਦੇ ? ਇਸ ਤਰ੍ਹਾਂ ਕਿਉਂ ਹੋਇਆ? ਕਿਉਂਕਿ ਲੜਕੀ ਦੀ ਸੁਤੰਤਰ ਹੈਸੀਅਤ ਅੱਜ ਤੱਕ ਪ੍ਰਵਾਨ ਹੀ ਨਹੀਂ ਕੀਤੀ ਗਈ। ਉਹ ਲੜਕੀ ਪਰਵਾਰ ਦਾ ਇੱਕ ਜ਼ਰੂਰੀ ਅੰਗ ਹੈ। ਇਸ ਖਾਨਦਾਨ ਨੂੰ ਉਸਨੇ ਅੱਗੇ ਟੋਰਨਾ ਹੈ, ਫਿਰ ਭੀ ਉਹ ਗੁਲਾਮ ਹੈ। ਜਿਨ੍ਹਾਂ ਜਾਬਰ ਲੋਕਾਂ ਨੇ ਦੂਜੇ ਦੇਸ਼ਾਂ, ਲੋਕਾਂ ਨੂੰ ਗੁਲਾਮ ਹੀ ਲੁੱਟ

ਨੀਤੀ ਕਾਰਨ ਬਣਾਇਆ ਹੋਵੇ, ਉਹਨਾਂ ਤੋਂ ਮਨੁੱਖੀ ਬਰਾਬਰੀ ਦੀ ਕਿਥੇ ਆਸ ਰੱਖੀ ਜਾ ਸਕਦੀ ਹੈ?

ਜੇਤੂ ਹਾਕਮ ਧਿਰ ਨੇ ਤਲਵਾਰ ਦੇ ਜੋਰ ਅਣਗਿਣਤ ਲੋਕਾਂ ਨੂੰ ਧਰਮ ਬਦਲੀ ਲਈ ਮਜ਼ਬੂਰ ਕੀਤਾ। ਜੋ ਸਿੱਧੇ ਇਸਲਾਮ ਵਿੱਚ ਸ਼ਾਮਲ ਨਾ ਹੋਏ ਉਹਨਾਂ ਨੂੰ ਬੇਪੱਤ ਕਰਨ ਲਈ ਜਜ਼ੀਆ ਟੈਕਸ ਲਗਾਇਆ ਗਿਆ। **ਤੀਰਥ ਯਾਤਰਾ ਕਰਨ ਵਾਲੇ ਤੇ ਟੈਕਸ, ਗਊ ਤੇ ਟੈਕਸ, ਬ੍ਰਾਹਮਣ ਤੇ ਟੈਕਸ। ਮੰਦਰਾਂ ਵਿੱਚ ਪੂਜਾ ਤੇ ਰੋਕ, ਧਰਮ ਪ੍ਰਚਾਰ ਤੇ ਰੋਕ, ਨਵੇਂ ਧਰਮ ਅਸਥਾਨ ਬਣਾਉਣ ਦੀ ਰੋਕ, ਪੁਰਾਣੇ ਮੰਦਰਾਂ ਦੀ ਮੁਰੰਮਤ ਦੀ ਮਨਾਹੀ। ਕੋਈ ਮਨੁੱਖ ਉੱਚਾ ਢੋਲ ਨਹੀਂ ਵਜਾਏਗਾ, ਉੱਚਾ ਝੰਡਾ ਨਹੀਂ ਲਗਾ ਸਕੇਗਾ। ਘੋੜੇ ਦੀ ਸਵਾਰੀ ਨਹੀਂ ਕਰ ਸਕੇਗਾ। ਆਪਣੇ ਸਿਰ ਤੇ ਦਸਤਾਰ ਨਹੀਂ ਸਜਾਏਗਾ। ਆਪਣੀ ਹਰ ਚੰਗੀ ਚੀਜ਼ ਇਲਾਕੇ ਦੇ ਚੌਧਰੀ ਕੋਲ ਪੇਸ਼ ਕਰੇਗਾ ਸਮੇਤ ਬਹੂ ਬੇਟੀਆਂ ਅਤੇ ਪੁੱਤਰਾਂ ਦੇ। ਗੁਲਾਮ ਲੋਕ ਖਾਣਾ ਭੀ ਆਪਣੀ ਇੱਛਾ ਦਾ ਨਹੀਂ ਖਾ ਸਕਦੇ। ਕੱਪੜਾ ਭੀ ਉਹੋ ਜਿਹਾ ਪਾਉਣਗੇ ਜਿਸਦੀ ਮਾਲਕ ਇਜਾਜ਼ਤ ਦੇਵੇ। ਗੁਰੂ ਨਾਨਕ ਸਾਹਿਬ ਜੀ ਇਹਨਾਂ ਵਧੀਕੀਆਂ ਦਾ ਗੁਰਬਾਣੀ ਵਿੱਚ ਕਈ ਥਾਈਂ ਜ਼ਿਕਰ ਕਰਦੇ ਹਨ :**

**ਗਊ ਬ੍ਰਾਹਮਣ ਕਉ ਕਰੁ ਲਾਵਹੁ ਗੋਬਰ ਤਰਣ ਨਾ ਜਾਈ॥**
**ਧੋਤੀ ਟਿਕਾ ਤੈ ਜਪਮਾਲੀ ਧਾਨ ਮਲੇਛਾ ਖਾਈ॥** (ਵਾਰ ਆਸਾ)

ਜਾਂ ਫਿਰ –

**ਨੀਲ ਬਸਤਰ ਪਹਰਿ ਹੋਵਹਿ ਪਰਵਾਣ॥ ਮਲੇਛ ਧਾਨ ਲੇ ਪੂਜਹਿ ਪੁਰਾਣ॥**
(ਵਾਰ ਆਸਾ)

**ਜਿਵੇਂ ਕਿਸੇ ਜ਼ਮਾਨੇ ਵਿੱਚ ਆਰੀਅਨ ਲੋਕਾਂ ਨੇ ਭਾਰਤ ਤੇ ਹਮਲਾ ਕਰਕੇ, ਇਥੋਂ ਦੀ ਮੂਲ ਵਸੋਂ ਨੂੰ ਪੂਰੀ ਤਰ੍ਹਾਂ ਕੁਚਲ ਦਿੱਤਾ। ਵੱਡੇ ਪੱਧਰ ਤੇ ਤਬਾਹੀ ਮਚਾਈ, ਜਿਸ ਕਿਸੇ ਨੇ ਜ਼ਰਾ ਸਿਰ ਚੁੱਕਣ ਦੀ ਹਿੰਮਤ ਕੀਤੀ, ਸਿਰ ਕੱਟ ਦਿੱਤਾ ਗਿਆ। ਇੱਥੋਂ ਦੇ ਅਸਲ ਵਸਨੀਕ ਇਤਨੇ ਕੁ ਜੀਵਤ ਰਹਿਣ ਦਿੱਤੇ ਗਏ, ਜਿਤਨਿਆਂ ਦੀ ਹਾਕਮ ਟੋਲੇ ਨੂੰ ਵਗਾਰਾਂ ਕਰਾਉਣ ਲਈ ਲੋੜ ਸੀ। ਜਮੀਨ ਘਰ ਗਹਿਣਾ ਗੱਟਾ, ਇੱਜਤਮਾਣ ਅਤੇ ਹਥਿਆਰ ਭੀ ਸਭ ਖੋਹ ਲਏ ਗਏ ਤਾਂ ਕਿ ਮੁੜ ਕਦੀ ਮਨ ਵਿੱਚ ਆਜ਼ਾਦੀ ਦਾ ਸੁਪਨਾ ਤੱਕ ਨਾ ਲੈ ਸਕਣ। ਉਹਨਾਂ ਬਦਨਸੀਬ ਇਨਸਾਨਾਂ ਦੀ ਪਸ਼ੂਆਂ ਵਰਗੀ ਜੂਨ ਅੱਜ ਭੀ ਥਾਂ–ਥਾਂ ਵੇਖੀ ਜਾ ਸਕਦੀ ਹੈ। ਇਹ ਜੋ ਸ਼ੂਦਰ ਹਨ ਇਹੀ ਹਨ ਉਹ ਲੋਕ।**

ਦਸਮ ਪਾਤਿਸ਼ਾਹ ਹਜ਼ੂਰ ਨੇ ਆਪਣੇ ਵੱਲੋਂ ਤਿਆਰ ਕੀਤੀ "ਅਕਾਲੀ ਫੌਜ" ਨੂੰ ਸਖਤੀ ਨਾਲ ਹੁਕਮ ਦਿੱਤਾ ਕਿ ਤੁਸੀਂ ਸਾਰਿਆਂ ਗੁਰੂ ਦੀ ਬਾਣੀ ਦੇ ਚਾਨਣ ਵਿੱਚ ਜੀਵਨ ਬਤੀਤ ਕਰਨਾ ਹੈ। ਹਾਕਮ ਧਿਰ ਜਾਂ ਪੁਜਾਰੀ ਟੋਲੇ ਕੁੱਝ ਭੀ ਆਖੀ ਜਾਣ ਕਿਸੇ ਦੀ ਟੈਂ ਨਹੀਂ ਮੰਨਣੀ। ਉੱਠ ਰਹੀ ਇਸ ਨਵੀਂ ਤਾਕਤ ਨੂੰ, ਉੱਭਰ ਰਹੀ ਨਵੀਂ ਚੇਤਨਾ ਨੂੰ, ਸਵੈਮਾਣ ਨਾਲ ਜਿਉਣਾ ਚਾਹੁੰਦੇ ਲੋਕਾਂ ਨੂੰ ਰਾਜ ਮੱਦ ਵਿੱਚ ਅੰਨੇ ਹੋ ਚੁੱਕੇ ਲੋਕ ਬਰਦਾਸ਼ਤ ਨਹੀਂ ਕਰਨਗੇ। ਹਿੰਦੂ ਸਮਾਜ ਦੀ (ਸਿੱਖਾਂ ਦੀ ਭੀ) ਪੁਜਾਰੀ ਸ਼੍ਰੇਣੀ ਭੀ ਉੱਠ ਰਹੀ ਤਾਕਤ ਦੇ ਵਿਰੁੱਧ ਭੁਗਤੇਗੀ। ਪੂਜਾ ਦਾ ਧਾਨ ਖਾ ਖਾ ਕੇ ਪੁਜਾਰੀਆਂ ਦੀ ਜ਼ਮੀਰ ਮਰ ਜਾਇਆ ਕਰਦੀ ਹੈ। ਇਸੇ ਲਈ ਅੱਜ ਤੱਕ ਕਦੀ ਪੁਜਾਰੀਆਂ ਨੇ ਇਨਕਲਾਬ ਦਾ ਰਾਹ ਅਖਤਿਆਰ ਨਹੀਂ ਕੀਤਾ। ਸਤਿਗੁਰੂ ਜੀ ਨੇ ਸਿੱਖਾਂ ਨੂੰ ਜੋ ਮਾਨਸਿਕ ਆਜ਼ਾਦੀ ਬਖਸ਼ ਦਿੱਤੀ ਤਾਂ ਫਿਰ ਰਾਜਸੀ ਗੁਲਾਮੀ ਉਹ ਕਿਵੇਂ ਬਰਦਾਸ਼ਤ ਕਰ ਲੈਂਦੇ ? ਸਤਿਗੁਰੂ ਜੀ ਤੋਂ ਆਗਿਆ ਲੈ ਕੇ ਸਿੱਖਾਂ ਰਣਜੀਤ ਨਗਾਰੇ ਬਣਾਏ ਵਜਾਏ। ਘੋੜਿਆਂ ਦੇ ਸ਼ਾਹ ਸਵਾਰ ਬਣੇ। ਝੰਡੇ ਝੁਲਾਏ, ਤੁਰਲੇ ਫਰਲੇ ਦਸਤਾਰਾਂ ਸਜਾਈਆਂ। ਬੀਬੀਆਂ ਦੇ ਸਿਰ ਕੱਜੇ, ਭਾਵ=ਔਰਤ ਨੂੰ ਜਬਰ ਦਾ ਸ਼ਿਕਾਰ ਹੋਣੋ ਬਚਾਇਆ। ਬੇਪਤ ਹੋਈ ਔਰਤ ਨੂੰ "ਚੁੰਨੀ ਲੱਥ ਗਈ, ਜਾਂ ਸਿਰੋ ਨੰਗੀ ਹੋ ਗਈ" ਕਿਹਾ ਜਾਂਦਾ ਹੈ। ਧਰਮ ਅਸਥਾਨ ਹੀ ਨਹੀਂ ਬਣਾਏ ਸਗੋਂ ਨਗਰ ਕਸਬੇ ਤੇ ਸ਼ਹਿਰ ਬਸਾਏ। ਉਪਰ ਵਰਣਿਤ ਰਹਿਮਤਾਂ ਨਾਲ ਮਾਲਾਮਾਲ ਕਰਕੇ ਸਤਿਗੁਰੂ ਜੀ ਨੇ ਫੁਰਮਾਨ ਜਾਰੀ ਕਰ ਦਿੱਤਾ- ਮੇਰੇ ਪਿਆਰੇ ਸਿੱਖ ਬੱਚਿਓ! ਜਦੋਂ ਤੁਹਾਡੇ ਹੱਕ ਕੋਈ ਖੋਹਣ ਦੀ ਨੀਚ ਹਰਕਤ ਕਰੇ, ਤਾਂ ਹੱਕਾਂ ਦੀ ਰਾਖੀ ਵਾਸਤੇ, ਦੁਸਮਣ ਨੂੰ ਸਬਕ ਸਿਖਾਉਣ ਲਈ ਮੈਂ ਤੁਹਾਨੂੰ ਇੱਕ ਨਾਯਾਬ ਤੋਹਫਾ ਬਖਸ਼ ਰਿਹਾ ਹਾਂ- "ਕਿਰਪਾਨ"। ਇਸ ਦਾ ਵਿਸਾਹ ਨਹੀਂ ਕਰਨਾ ਏਕਤਾ ਦੇ ਸੂਤਰ ਵਿੱਚ ਪਰੋਏ ਰਹਿਣਾ। ਵਾਕ ਹਨ -

**ਬਿਨਾ ਸਸਤਰ ਕੇਸੰ ਨਰੰ ਭੇਡ ਜਾਨੋ। ਗਹੋ ਕਾਨ ਤਾਕੋ ਕਿਤੈ ਲੈ ਸਿਧਾਨੋ।**
**ਸਹੀ ਮੇਰੀ ਆਗਿਆ ਸੁਨੋ ਹੇ ਪਿਆਰੇ। ਬਿਨਾ ਸਸਤਰ ਕੇਸੰ ਦੇਵੋ ਨਾ ਦੀਦਾਰੇ।**

(ਗੁ:ਪ੍ਰ:ਸੂ:)

**ਜਬ ਹਮਰੇ ਦਰਸਨ ਕੋ ਆਵਹੁ। ਬਣ ਸੁਚੇਤ ਤਨ ਸਸਤਰ ਸਜਾਵਹੁ।**
**ਕਮਰ ਕਸਾ ਕਰ ਦੇਵਹੁ ਦਿਖਾਈ। ਹਮਰੀ ਖੁਸੀ ਹੋਇ ਅਧਿਕਾਈ।**

(ਗੁ:ਪ੍ਰ:ਸੂ:)

ਜਾਂ - **ਸਸਤਰ ਗਰੀਬ ਦੀ ਰੱਖਿਆ। ਜਰਵਾਣੇ ਦੀ ਭੱਖਿਆ।**

ਜੋ ਲੋਕ ਸ਼ਿਕਾਰ ਕਰਨ ਦੇ ਬਹਾਨੇ ਹਥਿਆਰ ਰੱਖਦੇ ਸਨ, ਹਕੂਮਤ ਨੇ ਉਹਨਾਂ ਤੇ ਭੀ ਰੋਕ ਲਾ ਦਿੱਤੀ। ਅਗਰ ਕਿਸੇ ਨੇ ਮਾਸ ਖਾਣਾ ਹੀ ਹੈ ਤਾਂ ਸਰਕਾਰ ਵੱਲੋਂ ਪ੍ਰਵਾਣਿਤ ਥਾਵਾਂ

ਤੋਂ ਮਾਸ ਖ੍ਰੀਦ ਕੇ ਖਾਧਾ ਜਾਵੇ। ਇਹਨਾਂ ਦੁਕਾਨਾਂ ਤੇ ਵਿਕਣ ਵਾਲਾ ਮਾਸ ਕੁੱਠਾ (ਹਲਾਲ) ਹੀ ਮਿਲਦਾ ਸੀ। ਕਿਉਂਕਿ ਸਰਕਾਰ ਜਾਣਦੀ ਸੀ ਕਿ ਜੋ ਮਨੁੱਖ ਸ਼ਿਕਾਰ ਖੁਦ ਕਰੇਗਾ, ਉਹ ਹਥਿਆਰਬੰਦ ਹੋਵੇਗਾ। ਸ਼ਿਕਾਰ ਕਰਨ ਲਈ ਜੰਗਲਾਂ ਵਿੱਚ ਟੋਲੀਆਂ ਬਣਾ ਕੇ ਹੀ ਜਾਇਆ ਜਾ ਸਕਦਾ ਹੈ। ਸ਼ਸ਼ਤਰਧਾਰੀ ਵਿਅਕਤੀ ਸ਼ਸ਼ਤਰ ਦੀ ਹਰ ਪੱਖੋਂ ਵਰਤੋਂ ਭੀ ਕਰਨੀ ਸਿੱਖੇਗਾ। ਨਿਰਭੈਤਾ ਭੀ ਉਸ ਵਿੱਚ ਆਵੇਗੀ। ਮਨ ਅਤੇ ਸਰੀਰ ਕਰਕੇ ਬਲਵਾਨ ਹੋਵੇਗਾ। ਅਜਿਹੇ ਸੂਰਮੇ ਕਦੀ ਭੀ ਮੌਕਾ ਮੇਲ ਬਣ ਜਾਣ ਤੇ ਹਕੂਮਤ ਦੇ ਵਿਰੁੱਧ ਬਗਾਵਤ ਖੜੀ ਕਰ ਸਕਦੇ ਹਨ। ਮਜ਼ਬੂਤ ਜਥੇਬੰਦੀ ਬਣਾ ਕਿਸੇ ਜ਼ਾਲਮ ਅਫਸਰ, ਵਜ਼ੀਰ ਨੂੰ ਕੀਤੇ ਦੀ ਸਜਾ ਦੇ ਸਕਦੇ ਹਨ। ਵਕਤ ਆਉਣ ਤੇ ਹੋ ਸਕਦੈ ਅਜਿਹੇ "ਸਿਰ ਫਿਰੇ" ਲੋਕ ਰਾਜ ਪਲਟਾ ਹੀ ਕਰ ਦੇਣ...। ਝਟਕੇ ਜਾਂ ਹਲਾਲ ਕੀਤੇ ਮਾਸ ਵਿੱਚ ਉਸਦੀ ਬਣਤਰ ਮੁਤਾਬਕ ਕੋਈ ਫਰਕ ਨਹੀਂ ਹੈ। ਪ੍ਰਮੁੱਖ ਮਸਲਾ ਆਪਣੇ ਸਵੈਮਾਣ ਨਾਲ ਜਿਉਣ ਦਾ ਹੈ। ਨਾਮ ਦੇਵ ਜੀ ਨੂੰ ਪਕੜ ਕੇ ਬਾਦਸ਼ਾਹ ਨੇ ਆਖਿਆ ਸੀ, ਖੁਦਾ ਆਖ। ਨਾਮਦੇਵ ਜੀ ਕਹਿਣ ਲੱਗੇ ਖੁਦਾ ਤੇ ਪ੍ਰਮੇਸ਼ਰ ਇੱਕੋ ਹੀ ਹਨ, ਮੈਨੂੰ ਪਤਾ ਹੈ। ਤੁਹਾਡੇ ਦਬਾਉ ਵਿੱਚ ਡਰ ਕੇ ਮੈ ਜਾਨਬਖਸ਼ੀ ਲਈ ਖੁਦਾ ਨਹੀਂ ਆਖਾਂਗਾ। ਆਪਣੀ ਖੁਸ਼ੀ ਨਾਲ ਭਾਵੇਂ ਹਰ ਰੋਜ ਆਖਾਂ।

ਖੰਡੇ ਕੀ ਪਾਹੁਲ ਰਾਹੀਂ, ਹਰ ਵਿਅਕਤੀ (ਇਸਤਰੀ, ਪੁਰਖ) ਸਿੱਖ ਜਥੇਬੰਦੀ ਦਾ ਮੈਂਬਰ ਬਣ ਸਕਦਾ ਹੈ। ਜਿਵੇਂ ਫੌਜ ਦੀ ਇੱਕ ਵਿਸ਼ੇਸ਼ ਵਰਦੀ ਹੁੰਦੀ ਹੈ। ਜੋ ਫੌਜੀਆਂ ਨੂੰ ਏਕਤਾ ਦੇ ਸੂਤਰ ਵਿੱਚ ਪਰੋਈ ਰਖਦੀ ਹੈ। ਇਸੇ ਤਰਾਂ ਪੁਲਿਸ ਵਿੱਚ, ਸਕੂਲਾਂ ਵਿੱਚ, ਖੇਡ ਦੇ ਮੈਦਾਨ ਵਿੱਚ, ਕੁੱਝ ਵਰਦੀਆਂ ਨਿਸ਼ਚਿਤ ਹਨ। ਇਸੇ ਤਰ੍ਹਾ ਸਿੱਖ ਲਈ ਪੰਜ ਕਕਾਰੀ ਵਰਦੀ ਜ਼ਰੂਰੀ ਕਰ ਦਿੱਤੀ ਗਈ ਹੈ। ਸਭ ਤੋਂ ਪ੍ਰਮੁੱਖ ਸਿੱਖ ਦੀ ਜ਼ਿੰਦਗੀ ਦਾ ਆਧਾਰ ਅਗਵਾਈ ਦਾ ਸੋਮਾ ਪਾਵਨ ਗੁਰਬਾਣੀ ਹੈ। ਸਿੱਖ ਦੀ ਬਾਹਰੀ ਪਛਾਣ ਲਈ ਵਰਦੀ ਹੈ। ਖੰਡੇ ਕੀ ਪਾਹੁਲ ਲੈ ਕੇ ਪੰਥ ਦਾ ਮੈਂਬਰ ਬਣਨਾ ਹੈ। ਜੀਵਨ ਭਰ ਸਿੱਖੀ ਕਮਾਉਣੀ ਹੈ। ਕੁੱਝ ਨਾ ਸਮਝ ਲੋਕਾਂ ਨੇ ਖੰਡੇ ਕੀ ਪਾਹੁਲ ਨੂੰ ਭੀ ਅਨੇਕ ਕਰਾਮਾਤਾਂ ਨਾਲ ਜੋੜ ਦਿੱਤਾ, ਤਾਂ ਹੀ ਤਾਂ ਸਾਡਾ ਬੇੜਾ ਗਰਕਿਆ ਹੈ।

# ਤਖ਼ਤ ਸਾਹਿਬ ਦੀ ਤੌਹੀਨ ਦੇ ਦੋਸ਼ੀ ਕੌਣ ?

ਸਤਿਕਾਰ ਯੋਗ ਭਾਈ ਕਾਹਨ ਸਿੰਘ ਨਾਭਾ ਪੰਥ ਦੇ ਪ੍ਰਸਿੱਧ ਗੁਰਮਤ ਸਿਧਾਂਤਾਂ ਦੇ ਅਲੰਬਰਦਾਰ ਹੋ ਗੁਜ਼ਰੇ ਹਨ। ਅੱਜ ਤੱਕ ਉਹਨਾਂ ਦੀਆਂ ਲਿਖਤਾਂ ਵਿਦਵਾਨਾਂ ਵਿੱਚ ਮਾਣ ਪਾ ਰਹੀਆਂ ਹਨ। ਪਰ ਸੁਣਿਆ ਹੈ ਕਿ ਉਹਨਾਂ ਵਿਰੁੱਧ ਕੋਈ "ਹੁਕਮਨਾਮਾ" ਕਦੀ ਜਾਰੀ ਹੋਇਆ ਹੋਵੇ ? ਉਹਨਾਂ ਦੀ ਸਭ ਤੋਂ ਪਹਿਲੀ ਵਿਵਾਦਗ੍ਰਤ ਪੁਸਤੱਕ "ਹਮ ਹਿੰਦੂ ਨਹੀਂ" ਸੰਨ 1899 ਵਿੱਚ ਛਪੀ ਸੀ। ਜਿਸ ਕਾਰਨ ਹਿੰਦੂ ਜਥੇਬੰਦੀਆਂ ਨੇ ਉਹਨਾਂ ਵਿਰੁੱਧ ਤੂਫਾਨ ਹੀ ਖੜ੍ਹਾ ਕਰ ਦਿੱਤਾ ਸੀ। ਪੰਜਾਬ ਦੀ ਤਤਕਾਲੀਨ ਸਾਂਝੀ ਅਦਾਲਤ ਸ਼ਿਮਲੇ ਅਤੇ ਲਾਹੌਰ ਦੇ ਕਈ ਵਾਰ ਉਹਨਾਂ ਨੂੰ ਚੱਕਰ ਲਾਉਣੇ ਪਏ। ਭਾਵੇਂ ਇਹ ਅਪਣਾ ਕੇਸ ਜਿੱਤ ਗਏ ਪਰ ਪਬਲਿਕ ਵਿਰੋਧ ਨੂੰ ਸ਼ਾਂਤ ਕਰਨ ਦੀ ਮਨਸਾ ਨਾਲ ਨਾਭਾ ਪਤੀ ਰਾਜਾ ਹੀਰਾ ਸਿੰਘ ਨੇ ਇਹਨਾਂ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ। ਇੱਕ ਸਾਲ ਤੋਂ ਵੱਧ ਸਮਾਂ ਇਹ ਕਸ਼ਮੀਰ ਵਿੱਚ ਅਗਿਆਤ ਵਾਸ ਰਹਿਕੇ ਲਿਖਦੇ ਰਹੇ। ਰਾਜਾ ਹੀਰਾ ਸਿੰਘ ਦੇ ਅਨੇਕ ਕੰਮ ਇਹਨਾਂ ਤੋਂ ਬਗੈਰ ਥਾਏਂ ਰੁਕ ਗਏ। ਇਸ ਤਰ੍ਹਾਂ ਹਾਲਾਤ ਠੀਕ ਹੋਣ ਤੇ ਫਿਰ ਭਾਈ ਸਾਹਿਬ ਜੀ ਨੂੰ ਨਾਭਾ ਵਿਖੇ ਨੌਕਰੀ ਤੇ ਬੁਲਾ ਲਿਆ ਗਿਆ। ਇਹੀ ਕਰਮ ਤਿੰਨ ਵਾਰੀ ਦੁਹਰਾਇਆ ਗਿਆ। ਪਰ ਅਕਾਲ ਤਖ਼ਤ ਦੇ ਪੁਜਾਰੀ (ਤਦੋਂ ਸਾਰਿਆਂ ਨੂੰ ਪੁਜਾਰੀ ਆਖਿਆ ਜਾਂਦਾ ਸੀ) ਨੇ ਚਹੁੰਦਿਆਂ ਭੀ ਹੁਕਮਨਾਮਾ ਜਾਰੀ ਨਾ ਕੀਤਾ। ਕਿਉਂ ? ਇਸ ਲਈ ਕਿਉਂਕਿ ਰਾਜਾ ਹੀਰਾ ਸਿੰਘ ਕਾਹਨ ਸਿੰਘ ਜੀ ਦੀ ਪਿੱਠ 'ਤੇ ਸੀ। ਇਹਨਾਂ ਹੀ ਵਿਚਾਰਾਂ ਦਾ ਧਾਰਨੀ ਗਰੀਬ ਸਿੱਖ ਭਾਈ ਗੁਰਮੁਖ ਸਿੰਘ ਪੰਥ ਵਿੱਚੋਂ ਖਾਰਜ ਕਰ ਦਿੱਤਾ ਗਿਆ ਸੀ।

ਅੱਜ ਕੱਲ ਦੇ ਜੀਵਤ ਸਿੱਖਾਂ ਵਿੱਚੋਂ ਗੁਰਬਾਣੀ ਦਾ ਉੱਚ ਕੋਟੀ ਦਾ ਮਾਹਿਰ ਨਿਰਪੱਖ ਤੇ ਨਿਰਲੇਪ ਭਾਈ ਗੁਰਬਖਸ਼ ਸਿੰਘ ਜੀ ਕਾਲਾ ਅਫਗਾਨਾ ਸਾਰੇ ਬੰਨੇ ਚਰਚਾ ਵਿੱਚ ਹੈ। ਸਾਰਾ ਪੰਥਕ ਲਾਣਾ ਹਰ ਰੋਜ਼ ਬ੍ਰਾਹਮਣ ਤੋਂ ਬਚਣ ਦੀ ਦੁਹਾਈ ਦੇ ਰਿਹਾ ਹੈ। ਵਹਿਮਾਂ ਭਰਮਾਂ, ਜਾਦੂ ਮੰਤਰਾਂ, ਵਰ ਸਰਾਪ ਦੇ ਭਰਮਜਾਲ ਤੋਂ ਸਾਵਧਾਨ ਹੋਣ ਵਾਸਤੇ ਚੀਕ ਰਿਹਾ ਹੈ। ਪਰ ਜੇ ਇੱਕ ਇੱਕ ਬ੍ਰਾਹਮਣੀ ਕਰਮ ਕਾਂਡ ਦੇ ਪਰਖਚੇ ਉਡਾਉਣ ਵਾਸਤੇ ਗੁ: ਸਿੰਘ ਜੀ ਨੇ ਗੁਰਬਾਣੀ ਦੇ ਚਾਨਣ ਵਿੱਚ ਪੁਸਤਕਾਂ ਲਿਖ ਕੇ ਸੁੱਤੇ ਪੰਥ ਨੂੰ ਜਗਾਉਣ ਦਾ ਬੀੜਾ ਚੁੱਕਿਆ ਹੈ ਤਾ ਪੰਥ ਦੇ ਪੁਜਾਰੀ (ਜਥੇਦਾਰ) ਅਜਿਹੇ ਨਿਧੜਕ ਯੋਧੇ ਨੂੰ ਕੁਚਲਣ ਦੀਆਂ ਤਿਆਰੀਆਂ ਕਰ ਰਹੇ ਹਨ। ਨਾਲ ਹੀ ਨੈਸ਼ਨਲ ਪ੍ਰੋਫੈਸਰ ਆਫ਼ ਸਿਖਇਜ਼ਮ ਸ: ਗੁਰਤੇਜ ਸਿੰਘ ਦੀ ਜਬਾਨ ਬੰਦ ਕਰਨ ਦੇ ਜੁਗਾੜ ਬਣਾਏ ਜਾ ਰਹੇ ਹਨ ਕਿਉਂਕਿ ਉਹ ਭੀ

ਗੁ: ਸਿੰਘ ਜੀ ਦੇ ਸੱਚ ਨਾਲ ਖਲੋਤਾ ਹੈ।

ਹੁਣੇ ਜਿਹੇ ਇੱਕ ਕਿਤਾਬ ਸ: ਕੁਲਵੰਤ ਸਿੰਘ ਵੱਲੋਂ ਲਿਖੀ ਹੋਈ ਮਾਰਕੀਟ ਵਿੱਚ ਆਈ "ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ"। ਇਸ ਪੁਸਤੱਕ ਵਿੱਚ ਖਤਰਿਆਂ ਦੀ ਪ੍ਰਵਾਹ ਨਾ ਕਰਦਿਆਂ ਲੇਖਕ ਨੇ ਕਰੂਰ ਸੱਚ ਉਗਲਿਆ ਹੈ। ਪੜ੍ਹਕੇ ਜਥੇਦਾਰਾਂ, ਪੁਜਾਰੀਆਂ, ਰਾਜਨੀਤੀਵਾਨਾਂ ਦੀਆਂ ਮੰਦ ਕਰਤੂਤਾਂ ਕਾਰਨ ਪਾਣੀ ਪਾਣੀ ਹੋ ਜਾਈਦਾ ਹੈ। ਪਿਛਲੇ ਪੰਜ ਕੁ ਸਾਲਾਂ ਵਿੱਚ ਜਿਵੇਂ ਅਕਾਲ ਤਖ਼ਤ ਸਾਹਿਬ ਨੂੰ ਖਿਡੌਣੇ ਵਾਂਗ ਵਰਤਿਆ ਤੇ ਵਲੂੰਧਰਿਆ ਗਿਆ ਹੈ, ਪੜ੍ਹਕੇ ਭੁੱਬਾਂ ਨਿਕਲ ਜਾਂਦੀਆਂ ਹਨ। ਜਾਤੀ ਕਿੜਾਂ ਕੱਢਣ ਵਾਸਤੇ ਵਿਰੋਧੀਆਂ ਨੂੰ ਗਿੱਚੀਉਂ ਨੱਪਣ ਵਾਸਤੇ ਹਰ ਰਾਜ ਨੇਤਾ ਨੇ ਇਹਨਾਂ ਅਖੌਤੀ ਜਥੇਦਾਰਾਂ ਨੂੰ ਕਠਪੁਤਲੀਆਂ ਵਾਂਗ ਧਰਮ ਦੇ ਨਾਮ ਤੇ ਨਚਾਇਆ ਹੈ। ਕਿਸੇ ਵਿੱਚ ਇੰਨੀ ਜ਼ੁਅਰਤ ਨਹੀਂ ਸੀ ਕਿ ਕੁਰੱਪਟ ਤੇ ਧਰਮ ਤੋਂ ਸੱਖਣੇ, ਰਾਜਸੀ ਆਕਾਵਾਂ ਵਿਰੁੱਧ ਅੱਖ ਚੁੱਕ ਕੇ ਭੀ ਵੇਖ ਸਕਣ। ਸਗੋਂ ਲੀਡਰਾਂ ਦੇ ਦਰਾਂ ਤੇ ਭਿਖਾਰੀਆਂ ਵਾਂਗ ਲਿਲਕੜੀਆਂ ਲੈਂਦੇ, ਇਹ ਜਥੇਦਾਰ ਵੇਖੇ ਜਾਂਦੇ ਰਹੇ। ਅੱਗੋਂ ਸਿਤਮ ਵੇਖੋ ਗੁਰਮਤ ਦੇ ਵਿਆਖਿਆਕਾਰ ਸ: ਗੁਰਬਖਸ਼ ਸਿੰਘ ਵਾਸਤੇ ਆਟੇ ਦੇ ਸੀਂਹ ਬਣ ਫੁੰਕਾਰ ਰਹੇ ਨੇ। ਪੰਥ ਪ੍ਰਸਤਾਂ ਨੂੰ ਹਰ ਹੀਲੇ ਧੌਂਸ ਵਿਖਾਉਣੀ ਤੇ ਪੰਥ ਦੋਖੀਆਂ ਦੀਆਂ ਤਲੀਆਂ ਚੱਟਣੀਆਂ ਇਹਨਾਂ ਦੀ ਖਸਲਤ ਬਣ ਗਈ ਹੈ।

ਮੌਜੂਦਾ ਜਥੇਦਾਰ ਭਾਈ ਜੋਗਿੰਦਰ ਸਿੰਘ ਵੇਦਾਂਤੀ ਸੁਣਿਆ ਹੈ ਕਿ ਸਿੱਖ ਧਰਮ ਦੀ ਚਲਦੀ ਫਿਰਦੀ ਯੂਨੀਵਰਸਿਟੀ ਦਮਦਮੀ ਟਕਸਾਲ ਵਿੱਚ "ਪੜਿਆ" (?) ਹੈ। ਜਿਸਨੂੰ ਪੰਞੀ ਸਾਲ ਤੱਕ ਸ਼੍ਰੋ: ਕਮੇਟੀ ਦੇ ਰਹਿ ਚੁੱਕੇ ਪ੍ਰਧਾਨ ਸ੍ਰ: ਗੁਰਚਰਨ ਸਿੰਘ ਟੌਹੜਾ ਸਟੇਜਾਂ ਤੇ ਸਲੁਹਤਾ ਕਰ ਚੁੱਕੇ ਹਨ। ਉਸ ਅਖੌਤੀ ਯੂਨੀ: ਵਿੱਚ ਕਿਸ ਤਰ੍ਹਾਂ ਦੀ ਵਿੱਦਿਆ ਦਿੱਤੀ ਜਾ ਰਹੀ ਹੈ, ਜਿੱਥੋਂ ਗਿਆਨੀ ਕਿਰਪਾਲ ਸਿੰਘ, ਸਾਬਕਾ ਜਥੇਦਾਰ, ਗਿਆਨੀ ਸਾਹਿਬ ਸਿੰਘ ਸਾਬਕਾ ਗ੍ਰੰਥੀ ਦਰਬਾਰ ਸਾਹਿਬ, ਗਿ: ਜੋਗਿੰਦਰ ਸਿੰਘ ਵੇਦਾਂਤੀ, ਪੜ੍ਹੇ ਹਨ, ਕੁੱਝ ਨਮੂਨੇ ਹਾਜ਼ਰ ਹਨ –

ਇਹਨਾਂ ਦੀ ਯੂਨੀਵਰਸਿਟੀ ਦੇ ਕੁਲਪਤੀ ਗਿਆਨੀ ਗੁਰਬਚਨ ਸਿੰਘ ਨੇ ਕੁੱਝ ਕਿਤਾਬਾਂ ਲਿਖੀਆਂ ਹਨ। ਨਿਮਰਤਾ ਦੇ ਪੁੰਜ ਅਖਵਾਉਣ ਵਾਲਿਆਂ ਦੀ ਕਿਤਾਬ ਦੀ ਜਿਲਦ ਦੇ ਬਾਹਰ ਲੇਖਕ ਬਾਰੇ ਇਹ ਲਿਖਿਆ ਹੈ –

"ਸ੍ਰੀ ਮਾਨ ਪੰਥ ਰਤਨ ਵਿਦਿਯਾ ਮਾਰਤੰਡ, ਸੰਤ, ਗਿਆਨੀ, ਗੁਰਬਚਨ ਸਿੰਘ ਜੀ, ਖਾਲਸਾ, ਭਿੰਡਰਾਂਵਾਲੇ (ਫਿਰੋਜ਼ਪੁਰ) ਪਾਠਕ ਵੀਰੋ ਧਿਆਨ ਦੇਣਾ ਆਪਣੇ ਨਾਮ ਨਾਲ ਆਪੇ ਹੀ ਅਣਗਿਣਤ ਡਿਗਰੀਆਂ ਚਿਪਕਾ ਲਈਆਂ। ਬਾਕੀ ਦੇ ਅਰਥ ਤਾਂ ਤੁਸੀਂ ਸਮਝਦੇ ਹੀ ਹੋ, ਬਸ ਵਿਦਿਯਾ ਮਾਰਤੰਡ ਸਮਝ ਲੈਣਾ। ਜਾਣੀ ਕਿ ਗਿਆਨ ਦਾ ਸੂਰਜ।

ਮਾਰਤੰਡ-ਸੂਰਜ। ਇਹ ਨਿਮਰਤਾ ਦੀ ਹੱਦ ਹੈ ਕਿ ਹੰਕਾਰ ਦੀ ਸਿਖਰ ? ਮੇਰੇ ਸਾਹਮਣੇ ਇਹਨਾਂ ਦੀ ਕਿਤਾਬ "ਗੁਰਬਾਣੀ ਪਾਠ ਦਰਸ਼ਨ" 1969 ਦੀ ਐਡੀਸ਼ਨ ਮੌਜੂਦ ਹੈ। ਸਬੂਤ ਵਾਸਤੇ ਜ਼ਰੂਰੀ ਪੰਨਿਆਂ ਦੇ ਫੋਟੋ ਉਤਾਰੇ ਕਰਕੇ ਭੇਜ ਰਿਹਾ ਹਾਂ।

1. ਅੱਜ ਕੱਲ੍ਹ ਬੜੇ ਜ਼ੋਰ ਸ਼ੋਰ ਨਾਲ ਬਾਹਵਾਂ ਉਲਾਰਕੇ, ਸੰਘ ਪਾੜਕੇ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਕੁਫਰ ਤੋਲਿਆ ਜਾ ਰਿਹਾ ਹੈ ਕਿ ਸਾਡੀ ਦਮਦਮੀ ਟਕਸਾਲ ਮਹਾਨ ਯੋਧੇ, ਸੀਸ ਤਲੀ ਤੇ ਟਿਕਾਕੇ ਜੰਗ ਵਿੱਚ ਜੂਝਣ ਵਾਲੇ, ਬਾਬਾ ਦੀਪ ਸਿੰਘ ਜੀ ਤੋਂ ਚੱਲੀ ਹੈ। ਜੋ ਪੁਸਤੱਕ ਮੇਰੇ ਸਨਮੁੱਖ ਹੈ (ਫੋਟੋ ਕਾਪੀ ਹਾਜਰ ਕਰ ਰਿਹਾ ਹਾਂ) ਇਸ ਵਿੱਚ ਗਿ: ਗੁਰਬਚਨ ਸਿੰਘ ਵੱਲੋਂ ਗੁਰਬਾਣੀ ਪਾਠ ਦਰਸ਼ਨ ਦੇ ਪੰਨਾ 253 ਤੇ ਟਕਸਾਲ ਭਾਈ ਮਨੀ ਸਿੰਘ ਤੋਂ ਚੱਲੀ ਲਿਖਿਆ ਹੋਇਆ ਹੈ। ਬਾਬਾ ਦੀਪ ਸਿੰਘ ਦਾ ਅੱਗੋਂ ਕੋਈ ਚੇਲਾ ਨਹੀਂ ਦਰਸਾਇਆ। ਇਹੀ ਗੱਲ ਗਿਆਨੀ ਮੋਹਣ ਸਿੰਘ ਜਿਸ ਨੇ ਗੱਦੀ ਨਾ ਮਿਲਣ ਕਰਕੇ ਅਲੱਗ ਸੰਪਰਦਾ ਚਲਾ ਲਈ। ਆਪਣੇ ਵੱਲੋਂ ਛਪਾਈ ਗੁਰਬਾਣੀ ਪਾਠ ਦਰਸਨ 1986 ਐਡੀਸ਼ਨ ਵਿੱਚ ਪੰਨਾ 245 ਤੇ ਭਾਈ ਮਨੀ ਸਿੰਘ ਤੋਂ ਟਕਸਾਲ ਚੱਲੀ ਸਵੀਕਾਰਦਾ ਹੈ। ਸਤੋਵਾਲੀ ਗਲੀ ਅੰਮ੍ਰਿਤਸਰ ਵਿਖੇ ਰਹਿਣ ਵਾਲੇ ਇੱਕ ਹੋਰ ਡੇਰੇਦਾਰ ਭਾਈ ਮੱਖਣ ਸਿੰਘ ਭੀ ਗੁਰਬਾਣੀ ਅਰਥਾਂ ਵਾਲੀ ਪਹਿਲੀ ਪੋਥੀ ਵਿੱਚ ਟਕਸਾਲ ਨੂੰ ਭਾਈ ਮਨੀ ਸਿੰਘ ਤੋਂ ਟੁਰੀ ਲਿਖਦਾ ਹੈ। ਪਿਛਲੇ ਵੀਹ ਕੁ ਸਾਲਾਂ ਤੋਂ ਅਜਿਹਾ ਪੈਂਤਰਾਂ ਬਦਲਿਆ ਟਕਸਾਲ ਵਾਲਿਆਂ ਨੇ ਆਪਣੀ ਰੱਸੀ ਖਿੱਚ ਕੇ ਬਾਬਾ ਦੀਪ ਸਿੰਘ ਨਾਲ ਜੋੜ ਦਿੱਤੀ। ਸ਼ਾਇਦ ਭਾਈ ਮਨੀ ਸਿੰਘ ਦਾ ਬੰਦ ਬੰਦ ਕਟਵਾ ਕੇ ਸ਼ਹੀਦ ਹੋਣਾ ਘੱਟ ਬਹਾਦਰੀ ਵਾਲਾ ਕਾਰਨਾਮਾ ਮਹਿਸੂਸ ਹੋਇਆ। ਸ਼ਰੇਆਮ ਹਰ ਰੋਜ਼ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਝੂਠ ਬੋਲ ਕੇ ਸੰਗਤਾਂ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ। ਇਹ ਵੇਦਾਂਤੀ ਜੀ ਉਥੋਂ ਹੀ ਪੜ੍ਹੇ ਹਨ।

2. ਇਸੇ ਪੁਸਤਕ ਦੇ ਪੰਨਾ 45 ਤੇ ਲਿਖਿਆ ਹੈ ਕਿ ਦਸਮ ਪਾਤਸ਼ਾਹ ਨੇ ਪੰਜਾਂ ਸਿੰਘਾਂ ਦੇ ਸਿਰ ਕੱਟ ਦਿੱਤੇ। ਫਿਰ ਅੰਮ੍ਰਿਤ ਤਿਆਰ ਕੀਤਾ, ਸਿਰ ਕੱਟੇ ਹੋਏ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਰੱਖ ਦਿੱਤੇ। ਜਿੱਥੋਂ ਸਿਰ ਕੱਟੇ ਗਏ ਸੀ ਮੋਢਿਆਂ ਵਾਲੀ ਥਾਂ ਤੇ, ਅੰਮ੍ਰਿਤ ਛਿੜਕਿਆ ਗਿਆ। ਤੁਰੰਤ ਨਵੇਂ ਸਿਰ ਪੈਦਾ (ਉੱਗ) ਹੋ ਗਏ। ਪੁਰਾਣੇ ਸਿਰਾਂ ਦਾ ਕੀ ਕੀਤਾ ਕੁੱਝ ਪਤਾ ਨਹੀਂ। ਅਜਿਹੀ ਉਲ ਜਲੂਲ ਲਿਖਣ ਵਾਲੀ ਯੂਨੀ: ਵਿੱਚੋਂ ਪੜ੍ਹੇ ਹਨ ਸਾਡੇ ਇਹ ਤਖਤਾਂ ਦੇ ਜਥੇਦਾਰ।

3. ਇਸੇ ਕਿਤਾਬ ਦੇ ਪੰਨਾ 88 ਤੇ ਦਰਜ ਹੈ ਕਿ ਅੰਮ੍ਰਿਤ ਛਕਣ ਤੋਂ ਬਾਅਦ ਕੋਈ ਜਿੰਨੀਆਂ ਮਰਜ਼ੀ ਗਲਤੀਆਂ ਪਾਪ ਕੁਕਰਮ ਕਰੇ, ਦਸ ਹਜ਼ਾਰ ਸਾਲ ਤੱਕ ਨਰਕਾਂ ਵਿੱਚ ਨਹੀਂ ਜਾਵੇਗਾ। ਇਸੇ ਕਰਕੇ ਗਿਆਨੀ ਜੋਗਿੰਦਰ ਸਿੰਘ ਨੂੰ ਕਿਸੇ ਪਾਪ ਕਰਮ ਦਾ ਭੈ ਨਹੀਂ

ਰਿਹਾ। ਇਸੇ ਲਈ ਮਨਮਰਜ਼ੀ ਦੇ ਹੁਕਮਨਾਮੇ ਜਾਰੀ ਕਰੀ ਜਾ ਰਹੇ ਹਨ। ਦਸ ਹਜ਼ਾਰ ਸਾਲ ਤੱਕ ਕੋਈ ਡਰ ਨਹੀਂ। ਇਹਨਾਂ ਟਕਸਾਲੀ ਲਿਖਤਾਂ ਦੀ ਥਾਵੇਂ ਗੁਰਬਾਣੀ ਦਾ ਇਲਾਹੀ ਫੈਸਲਾ – ਤਾਂ ਇਉ ਹੈ –

**ਚੋਰੁ ਸਲਾਹੇ ਚੀਤੁ ਨ ਭੀਜੈ॥ ਜੇ ਬਦੀ ਕਰੇ ਤਾ ਤਸੂ ਨ ਛੀਜੈ॥**
**ਚੋਰ ਕੀ ਹਾਮਾ ਭਰੇ ਨ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ॥** ਮ–੧–662

ਇਹ ਤਾਂ ਮੰਨਿਆ ਨਹੀਂ ਜਾ ਸਕਦਾ ਕਿ ਗਿਆਨੀ ਜੋਗਿੰਦਰ ਸਿੰਘ ਨੇ ਕੋਈ ਪਾਠ ਨਹੀਂ ਕੀਤਾ, ਨਾ ਹੀ ਇਹ ਸਵੀਕਾਰ ਕੀਤਾ ਜਾ ਸਕਦਾ ਹੈ ਕਿ ਉਸ ਨੂੰ ਗੁਰਬਾਣੀ ਦੇ ਅਰਥ ਨਾ ਆਉਂਦੇ ਹੋਣ। ਕਿਉਂਕਿ ਉਹ ਪੁਰਾਤਨ ਲਿਖਤੀ ਕਿਤਾਬਾਂ ਦੀ ਸੰਪਾਦਨਾ ਕਰਦਾ ਹੈ। ਤੇ ਮਹਾਨ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਤਖ਼ਤ ਦਾ ਸੇਵਾਦਾਰ (ਅਸਲ ਵਿੱਚ ਗੁਰੂ ਨਾਲੋਂ ਵੱਡਾ ਹੋਣ ਦਾ ਪਾਪ ਭਰਮ) ਅਖਵਾਉਂਦਾ ਹੈ। ਜੋ ਕੂੜ ਕਬਾੜ ਟਕਸਾਲ ਵਾਲਿਆਂ ਨੇ ਜਬਾਨੀ ਅਤੇ ਲਿਖਤੀ ਸਿੱਖੀ ਦੇ ਪੇਟੇ ਪਾਇਆ ਹੈ, ਉਹ ਗਿਆਨੀ ਜੀ ਨੇ ਨਾ ਪੜ੍ਹਿਆ ਹੋਵੇ ਇਹ ਅਸੰਭਵ ਹੈ।

ਇਹਨਾਂ ਟਕਸਾਲੀਆਂ ਨੇ ਜੋ ਹੋਰ ਅਨੇਕ ਬਖੇੜੇ ਪੰਥ ਵਿੱਚ ਪੈਦਾ ਕੀਤੇ ਹਨ, ਉਹਨਾਂ ਵਿੱਚੋਂ ਨਾ ਕਾਬਲੇ ਬਰਦਾਸ਼ਤ, ਪੰਥ ਦੀ ਸਮੁੱਚੀ ਹੋਂਦ ਨੂੰ ਖਤਰੇ ਵਿੱਚ ਪਾ ਦੇਣ ਵਾਲਾ ਬੱਜਰ ਪਾਪ ਇਹ ਕੀਤਾ ਹੈ ਕਿ ਪਾਵਨ ਪਵਿੱਤਰ ਗੁਰੂਬਾਣੀ ਸ਼ੁੱਧ ਸੋਨਾ ਰੂਪ, ਸਿੱਖ ਸਮਾਜ ਦੇ ਜੀਵਨ ਦੀ ਅਧਾਰ ਸ਼ਿਲਾ ਉੱਪਰ ਭੀ ਕੋਝਾ ਵਾਰ ਕੀਤਾ ਹੈ। ਇਹਨਾਂ ਦੀ ਕਿਤਾਬ ਗੁਰਬਾਣੀ ਪਾਠ ਦਰਸ਼ਨ ਦੇ ਪੰਨਾ 260 ਤੇ ਗਿਆਨੀ ਗੁਰਬਚਨ ਸਿੰਘ, "ਗੁਰਮਤਿ ਮਾਰਤੰਡ" (ਗਿਆਨ ਦਾ ਸੂਰਜ) ਸ਼ਰੇਆਮ ਲਿਖ ਰਿਹਾ ਹੈ ਕਿ "ਦਮਦਮੀ ਬੀੜ ਨਾਲੋਂ ਕਰਤਾਰਪੁਰੀ ਬੀੜ ਵਿੱਚ ਕਰੀਬ ਪੰਦਰਾਂ ਸੌ ਤੋਂ ਵੱਧ ਪਾਠ ਭੇਦ ਹਨ। ਭਾਵ ਕਿ ਦਮਦਮੀ ਬੀੜ ਠੀਕ ਹੈ ਕਿਉਂਕਿ ਇਹਨਾਂ ਨੇ ਆਪਣੀ ਜਥੇਬੰਦੀ ਦਾ ਪਿਛੋਕੜ ਦਮਦਮਾ ਸਾਹਿਬ ਨਾਲ ਨੱਥੀ ਕਰ ਲਿਆ ਹੈ। ਇਸੇ ਕਾਰਨ ਦਮਦਮੀ ਬੀੜ ਸ਼ੁੱਧ ਹੈ, ਪਰ ਕਰਤਾਰਪੁਰੀ ਬੀੜ ਜੋ ਗੁਰੂ ਅਰਜਨ ਸਾਹਿਬ ਜੀ ਨੇ ਲਿਖਵਾਈ ਤੇ ਭਾਈ ਗੁਰਦਾਸ ਨੇ ਲਿਖੀ ਉਹ ਪੰਦਰਾਂ ਸੌ ਥਾਵੇਂ ਗਲਤ ਹੈ।" ਕੀ ਵੇਦਾਂਤੀ ਜੀ ਨੇ ਇਹ ਕੁਫਰ ਪਾਠ ਇਹਨਾਂ ਦੀ ਕਿਤਾਬ ਵਿੱਚ ਕਦੀ ਨਹੀਂ ਪੜ੍ਹਿਆ ? ਜ਼ਰੂਰ ਪੜ੍ਹਿਆ ਹੈ ਸੈਂਕੜੇ ਵਾਰ ਪੜ੍ਹਿਆ ਹੈ। ਪਰ ਗੁਰਬਾਣੀ ਸਿਧਾਂਤਾਂ ਤੋਂ ਉੱਪਰ ਵੇਦਾਂਤੀ ਜੀ ਟਕਸਾਲ ਦੀਆਂ ਲਿਖਤਾਂ ਨੂੰ ਮਾਨਤਾ ਦੇ ਰਹੇ ਹਨ। ਨਹੀਂ ਤਾਂ ਕੀ ਕਾਰਨ ਹੈ ਕਿ ਕਾਲਾ ਅਫਗਾਨਾ ਜੀ ਗੁਰਬਾਣੀ ਦੇ ਕਈ ਕਈ ਪਰਮਾਣ ਦੇ ਕੇ ਆਪਣੀ ਗੱਲ ਨੂੰ ਠੀਕ ਸਿੱਧ ਕਰ ਰਹੇ ਹਨ, ਉਹਨਾਂ ਨੂੰ ਫਾਂਸੀ ਲਾਉਣ ਦਾ ਸਾਰਾ ਅਡੰਬਰ ਰਚਿਆ ਜਾ ਰਿਹਾ ਹੈ। ਦੂਜੇ ਬੇਈਮਾਨੀ ਦੀ ਸਿਖਰ ਵੇਖੋ ਟਕਸਾਲੀਏ

ਗੁਰਮਤ ਅਸੂਲਾਂ ਦੀਆਂ ਧੱਜੀਆਂ ਉਡਾ ਰਹੇ ਹਨ, ਪਾਵਨ ਕਰਤਾਰਪੁਰੀ ਬੀੜ ਦੀ ਸ਼ੁੱਧਤਾ ਨੂੰ ਚੈਲੰਜ ਕਰ ਰਹੇ ਹਨ ਉਹ ਫਿਰ ਭੀ ਅਸਲੀ ਗੁਰਸਿੱਖ ਗਰਦਾਨੇ ਜਾ ਰਹੇ ਹਨ। ਖੁਦ ਵੇਦਾਂਤੀ ਜੀ ਭੀ ਉਸੇ ਬ੍ਰਾਹਮਣੀ ਟਕਸਾਲ ਵਿੱਚੋਂ ਸਿੱਖ ਕੇ ਆਏ ਹਨ ਕਿ ਕਿਸੇ ਸਿੱਖ ਨੂੰ ਨਿਰੋਲ ਸੱਚ ਬੋਲਣ ਕਾਰਨ ਸਿੱਖੀ ਚੋਂ ਖਾਰਜ ਕਰ ਦੇਣਾ, ਲਿਖਤਾਂ ਤੇ ਪਾਬੰਦੀ ਲਾ ਦੇਣੀ, ਇਹੀ ਤਾਂ ਕੀਤਾ ਗਿਆ ਹੈ।

ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨਿਤ "ਸਿੱਖ ਰਹਿਤ ਮਰਿਆਦਾ" ਦੇ ਮੁਕਾਬਲੇ ਤੇ ਇਹਨਾਂ (1994) ਆਪਣੀ ਵੱਖਰੀ ਰਹਿਤ ਮਰਿਆਦਾ ਬਣਾ ਲਈ ਹੈ। ਅਣਗਿਣਤ ਵਾਰ ਇਹਨਾਂ ਪੰਥਕ ਹਸਤੀ ਨੂੰ ਚੈਲੰਜ ਕੀਤਾ ਹੈ। ਸੇਵਾ ਦੇ ਬਹਾਨੇ ਤੇਰਾਂ ਸਾਲ ਤੱਕ ਅਕਾਲ ਤਖ਼ਤ ਸਾਹਿਬ ਦੀ ਸੇਵਾ ਦੇ ਨਾਮ ਤੇ ਦੇਸ਼ ਵਿਦੇਸ਼ ਤੋਂ ਸਿੱਖਾਂ ਨੂੰ ਲੁੱਟਿਆ ਗਿਆ ਹੈ। ਬਾਕੀ ਚਾਰ ਸਾਥੀ ਸੇਵਾ ਵਾਲੇ ਬਾਬੇ ਬੇਇਜ਼ਤ ਕਰਕੇ ਹਿੱਕ ਦੇ ਤਾਣ ਸੇਵਾ 'ਚੋਂ ਲਾਂਭੇ ਕਰ ਦਿੱਤੇ ਗਏ, ਤਾਂ ਕਿ ਮਨਮਾਨੀਆਂ ਕੀਤੀਆਂ ਜਾ ਸਕਣ। ਅੱਜ ਤੱਕ "ਬਾਬਾ ਜਰਨੈਲ ਸਿੰਘ ਜੀਵਤ ਹੈ, ਚੜ੍ਹਦੀ ਕਲਾ ਵਿੱਚ ਹੈ, ਆਖਕੇ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ, ਹਜਾਰਾਂ ਦੇ ਇਕੱਠ ਸਾਹਮਣੇ ਬੜੀ ਬੇ ਹਯਾਈ ਨਾਲ ਕੁਫਰ ਤੋਲਿਆ ਜਾ ਰਿਹਾ ਹੈ। ਤੇ ਵੇਦਾਂਤੀ ਜੀ ਫਿਰ ਭੀ ਸ਼ਾਂਤ ਨੇ। ਬਸ ਇਹਨਾਂ ਨੂੰ ਗੁੱਸਾ ਆਉਂਦਾ ਹੈ ਤਾਂ ਉਦੋਂ ਜਦੋਂ ਇਹਨਾਂ ਵੱਲੋਂ ਸੰਪਾਦਕ ਕੀਤੀ ਪੁਸਤਕ ਗੁਰਬਿਲਾਸ ਪਾ: 6 ਤੇ ਕੋਈ ਉਂਗਲ ਉਠਾਵੇ। ਇਹ ਆਪਣੀ ਪੁਸਤੱਕ ਵਿੱਚ ਸਤਿਗੁਰੂ ਜੀ ਦੀ ਅਜਮਤ ਘੱਟੇ ਰੋਲ ਦੇਣ, ਸਤਿਗੁਰੂ ਜੀ ਨੂੰ ਕੌਲਾਂ ਦਾ ਆਸ਼ਿਕ ਸਿੱਧ ਕਰ ਦੇਣ, ਬਾਬਾ ਬੁੱਢਾ ਜੀ ਤੋਂ ਵਰ ਸਰਾਪ ਦੁਆਂਦੇ ਰਹਿਣ, ਗੁਰਦਵਾਰੇ ਦਰਬਾਰ ਸਾਹਿਬ ਨੂੰ ਹਰੀਮੰਦਿਰ (ਹਰੀ ਵਿਸ਼ਨੂੰ ਦਾ ਮੰਦਿਰ) ਐਲਾਨੀ ਜਾਣ, ਸਿੱਖ ਲਵਕੁਸ਼ ਦੀ ਔਲਾਦ ਬਣੇ ਰਹਿਣ ਇਹ ਸਭ ਠੀਕ ਹੈ। ਪਰ ਜੇ ਕੋਈ ਗੁਰਮਤ ਦਾ ਜਾਣੂੰ ਇਹਨਾਂ ਨੂੰ ਰੋਕੇ ਟੋਕੇ ਤਾਂ ਪੰਥ ਦੁਸ਼ਮਣ ਆਖਕੇ ਛੇਕ ਦੇਣਗੇ।

ਸੂਰਜ ਪ੍ਰਕਾਸ਼ (ਭਾਈ ਸੰਤੋਖ ਸਿੰਘ ਰਚਿਤ) ਪੰਝੀ ਪਰਸੈਂਟ ਤੋਂ ਜ਼ਿਆਦਾ ਗੁਰਮਤ ਤੋਂ ਉਲਟ ਲਿਖਤ ਹੈ। ਅਨੇਕ ਥਾਈਂ ਸਤਿਗੁਰੂ ਨੂੰ ਬੇਇਜ਼ਤ ਕੀਤਾ ਗਿਆ ਹੈ। ਦੇਵੀਆਂ ਦੇ ਪੁਜਾਰੀ, ਨਸ਼ੇ ਖਾਂਦੇ ਪੀਂਦੇ ਅਤੇ ਹੋਰ ਪਾਪ ਕਰਦੇ ਲਿਖਿਆ ਹੋਇਆ ਹੈ ਫਿਰ ਭੀ ਉਹਨਾਂ ਗ੍ਰੰਥਾਂ ਦੀ ਗੁਰਦਵਾਰਿਆਂ ਵਿੱਚ ਹਰ ਰੋਜ਼ ਕਥਾ ਹੁੰਦੀ ਹੈ। ਦਸਮ ਗ੍ਰੰਥ ਵਿਚਲੀਆਂ ਅਸ਼ਲੀਲ ਕਾਮ ਉਤੇਜਨਾ ਭਰਪੂਰ ਕਥਾਵਾਂ ਇਹਨਾਂ ਨੂੰ ਕੜਾਹ ਵਾਂਗ ਪਿਆਰੀਆਂ ਹਨ। ਪ੍ਰਿੰ. ਸਤਿਬੀਰ ਸਿੰਘ ਦੀਆਂ ਪੁਸਤਕਾਂ ਵਿੱਚੋਂ ਢੇਰ ਸਾਰਾ ਗੁਰਮਤ ਵਿਰੋਧੀ ਕੂੜਾ ਮਿਲ ਜਾਂਦਾ ਹੈ। ਥਾਂ ਥਾਂ ਤੇ ਸਾਧ ਸੰਤ ਗੁਰਮਤ ਤੋਂ ਉਲਟ ਮਰਿਆਦਾਵਾਂ ਚਲਾ ਰਹੇ ਹਨ। ਬਾਣੀ ਨੂੰ ਤੋੜ ਮਰੋੜ ਰਹੇ ਹਨ। ਸਾਡੇ ਪੰਥਕ ਲੀਡਰ ਸ਼ਰੇਆਮ ਗੁਰਮਤ ਦੀ ਖਿੱਲੀ ਉਡਾ

ਰਹੇ ਹਨ। ਜਿਵੇਂ ਚਹੁਣ ਜਥੇਦਾਰਾਂ ਦੇ ਕੰਨ ਮਰੋੜ ਕੇ ਹੁਕਮਨਾਮੇ ਜਾਰੀ ਕਰਵਾ ਲੈਂਦੇ ਹਨ। ਨਸ਼ੇ ਪਤਿਤਪੁਣਾ ਪੰਜਾਬ ਵਿੱਚ ਵਬਾ ਦੀ ਤਰ੍ਹਾਂ ਫੈਲਦਾ ਜਾ ਰਿਹਾ ਹੈ। ਗੁਰਦਵਾਰੇ ਸਿਖਾਂ ਨੂੰ ਸੋਝੀ ਦੇਣ ਦੀ ਥਾਵੇਂ ਵਪਾਰਕ ਅਦਾਰੇ ਬਣ ਚੁੱਕੇ ਹਨ। ਦੇਸ਼ ਵਿਦੇਸ਼ ਵਿੱਚ ਦਾਜ ਕਾਰਨ ਸਿੱਖ ਲੜਕੀਆਂ ਨੂੰ ਕਤਲ ਕੀਤਾ ਜਾ ਰਿਹਾ ਹੈ। ਭਰੂਣ ਹੱਤਿਆ ਜ਼ੋਰਾਂ ਤੇ ਹੈ, ਤੇ ਸਾਡੇ ਜਥੇਦਾਰ ਚੈਨ ਦੀ ਬੰਸਰੀ ਵਜਾ ਰਹੇ ਹਨ। ਜਾਂ ਫਿਰ ਵਿਦਵਾਨਾਂ ਵਿਰੁੱਧ ਆਰਾ ਤਿੱਖਾ ਕਰ ਰਹੇ ਹਨ।

ਟਕਸਾਲ ਵੱਲੋਂ ਛਪੀ ਹੋਈ ਗਿਆਨੀ ਗੁਰਬਚਨ ਸਿੰਘ ਦੀ ਲਿਖੀ ਹੋਈ ਇੱਕ ਹੋਰ ਕਿਤਾਬ ਹੈ, ਸ੍ਰੀ ਗੁਰਮੁਖ ਪ੍ਰਕਾਸ਼। ਇਸ ਵਿੱਚ ਭੀ ਰੱਜ ਕੇ ਝੂਠ ਲਿਖਿਆ ਗਿਆ ਹੈ ਤੇ ਪੰਥ ਦੇ ਭੋਲੇ ਬੱਚਿਆਂ ਨੂੰ ਗੁਮਰਾਹ ਕੀਤਾ ਗਿਆ ਸਾਰੀ ਇਬਾਰਤ ਪੰਨੇ ਵਾਈਜ ਨਾਲ ਫੋਟੋ ਕਾਪੀ ਕਰਵਾ ਕੇ ਭੇਜ ਰਿਹਾ ਹਾਂ। ਕੀ ਵੇਦਾਂਤੀ ਜੀ ਨੇ ਉਹ ਭੀ ਨਹੀਂ ਪੜ੍ਹੀ ਜ਼ਰੂਰ ਪੜ੍ਹੀ ਹੈ, ਇਸੇ ਕਰਕੇ ਤਾਂ ਬੀਬੀਆਂ ਨੂੰ ਦਰਬਾਰ ਸਾਹਿਬ ਵਿੱਚ ਸਫਾਈ ਸੇਵਾ ਵਿੱਚ ਸ਼ਾਮਲ ਨਹੀਂ ਹੋਣ ਦਿੱਤਾ ਜਾਂਦਾ। ਕਿਉਂਕਿ ਇਹ ਲੋਕ ਆਪਣੀ ਟਕਸਾਲ ਵਿੱਚ ਬੀਬੀਆਂ ਨੂੰ ਕੀਰਤਨ ਪਾਠ, ਅਰਦਾਸ, ਹੁਕਮਨਾਮਾ, ਪੰਜ ਪਿਆਰਿਆਂ ਦਾ ਪ੍ਰਸ਼ਾਦਿ ਨਹੀਂ ਲੈਣ ਦਿੰਦੇ। ਸਿੱਖ ਰਹਿਤ ਮਰਿਆਦਾ ਦੇ ਉਲਟ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਦੀ ਡਿਊਟੀ (ਪੰਜ ਪਿਆਰਿਆਂ ਦੀ ਸੇਵਾ) ਵਿੱਚ ਸ਼ਾਮਲ ਨਹੀਂ ਹੋਣ ਦਿੰਦੇ। ਸ਼ਾਇਦ ਟਕਸਾਲ ਵਾਲੇ ਬੀਬੀਆਂ ਨੂੰ ਇਨਸਾਨ ਮੰਨਣ ਤੋਂ ਨਾਬਰ ਹੋ ਚੁੱਕੇ ਹਨ ਵੇਦਾਂਤੀ ਜੀ ਨੂੰ ਇਹ ਸਭ ਪ੍ਰਵਾਨ ਹੈ।

ਸ਼ਾਇਦ ਸਾਡੇ ਜਥੇਦਾਰ ਭੁੱਲ ਗਏ ਹਨ ਕਿ ਭਾਰਤੀ ਸੰਵਿਧਾਨ ਵਿੱਚ ਇੱਕ ਮਦ ਇਹ ਭੀ ਦਰਜ ਹੈ ਕਿ ਕਿਸੇ ਵਿਅਕਤੀ ਨਾਲ, ਜਾਤ, ਧਰਮ, ਬੋਲੀ, ਲਿੰਗ ਦੇ ਕਾਰਨ ਵਿਤਕਰਾ ਨਹੀਂ ਕੀਤਾ ਜਾਵੇਗਾ। ਵਿਤਕਰਾ ਕਰਨ ਕਰਾਉਣ ਵਾਲਾ ਸਜ਼ਾ ਦਾ ਭਾਗੀ ਹੋਵੇਗਾ। ਵੇਖਣਾ ਕਿਸੇ ਪੰਥ ਵਿੱਚੋਂ ਖਾਰਜ ਕੀਤੇ ਵਿਅਕਤੀ ਨੇ ਜੇ ਅਦਾਲਤ ਦਾ ਬੂਹਾ ਖੜਕਾ ਦਿੱਤਾ ਤਾਂ ਜਥੇਦਾਰਾਂ ਨੂੰ ਲੁਕਣ ਲਈ ਥਾਂ ਨਹੀਂ ਲੱਭਣੀ। ਸਿੱਧੇ ਹੀ ਜੇਹਲ ਜਾਓਗੇ, ਕਿਉਂਕਿ ਵਿਚਾਰਾਂ ਦੇ ਮਤਭੇਦ ਕਾਰਨ ਕਿਸੇ ਸਿੱਖ ਨੂੰ ਪੰਥ ਵਿੱਚੋਂ ਛੇਕਣ ਦੀ ਅਜਿਹੀ ਸਜ਼ਾ ਦਿੱਤੀ ਹੀ ਨਹੀਂ ਜਾ ਸਕਦੀ।

ਅਜੇ ਭੀ ਵਕਤ ਹੈ ਪੰਥ ਦੀ ਚੜ੍ਹਦੀ ਕਲਾ ਵਾਸਤੇ ਸਕੂਲ ਕਾਲਜ ਖੋਹਲੋ, ਮਿਸ਼ਨਰੀ ਪੈਦਾ ਕਰੋ। ਵੱਧ ਤੋਂ ਵੱਧ ਗੁਰਮਤ ਸਾਹਿਤ ਛਾਪ ਕੇ ਵੰਡੋ। ਆਪਣਾ ਅਖਬਾਰ ਘਟੋ ਘੱਟ ਤ੍ਰੈ ਭਾਸੀ (ਪੰਜਾਬੀ, ਹਿੰਦੀ, ਅੰਗ੍ਰੇਜ਼ੀ) ਚਾਲੂ ਕਰੋ। ਗੋਲਕਾਂ ਦੀ ਸਹੀ ਵਰਤੋਂ ਕਰੋ। ਗੁਰੂ ਘਰਾਂ ਵਿੱਚ ਸੁਲਝੇ ਹੋਏ ਸਿੱਖ ਤਾਇਨਾਤ ਕਰੋ। ਸੁਲਝੇ ਹੋਏ ਕਥਾਵਾਚਕਾਂ

ਰਾਹੀਂ ਟੀ. ਵੀ. ਚੈਨਲਾਂ ਤੇ ਗੁਰਮਤ ਵਿਆਖਿਆ ਕਰਵਾਉਣ। ਦਿੱਲੀ ਕਮੇਟੀ, ਸ਼੍ਰੋਮਣੀ ਕਮੇਟੀ ਅਤੇ ਬਾਕੀ ਧਰਮ ਅਸਥਾਨਾਂ ਨੂੰ ਰਾਜਨੀਤੀ ਦੇ ਅੱਡੇ ਬਣਨ ਤੋਂ ਬਚਾਓ.....। ਇਹ ਤੁਹਾਡੀ ਬਹੁਤ ਵੱਡੀ ਸੇਵਾ ਹੋਵੇਗੀ। ਵਿਦਵਾਨ ਗੁਰਸਿੱਖਾਂ ਨੂੰ ਪੰਥ ਵਿੱਚੋਂ ਖਾਰਜ ਕਰਨ ਨਾਲ ਕੌਮ ਦਾ ਕੋਈ ਭਲਾ ਨਹੀਂ ਹੋਣਾ। ਸਗੋਂ ਜਥੇਦਾਰਾਂ ਦੇ ਮੱਥੇ ਤੇ ਇੱਕ ਕਾਲਖ ਦਾ ਹੋਰ ਟਿੱਕਾ ਲੱਗ ਜਾਵੇਗਾ। ਮਾਮੂਲੀ ਮਤਭੇਦਾਂ ਕਾਰਨ ਹੁਕਮਨਾਮਾ ਰੂਪੀ ਕੁਹਾੜੇ ਨੂੰ ਨਾ ਵਰਤੋਂ। ਜੇ ਇਸੇ ਤਰ੍ਹਾਂ ਕਰਦੇ ਰਹੇ ਤਾਂ ਤੁਸੀਂ ਹੀ ਪੰਥ ਦੁਸ਼ਮਣ ਗਿਣੇ ਜਾਓਗੇ। ਸਮੇਂ ਨੇ ਪਹਿਲਾਂ ਭੀ ਅਜਿਹੇ ਹਾਲਾਤ ਵੇਖੇ ਹਨ ਤੁਹਾਡੀਆਂ ਕੀਤੀਆਂ ਦਾ ਫੈਸਲਾ ਭੀ ਭਵਿੱਖ ਕਰੇਗਾ।

**ਨਾਨਕ ਅੰਧਾ ਹੋਇ ਕੈ ਦਸੇ ਰਾਹੈ, ਸਭਸ ਮੁਹਾਏ ਸਾਥੈ॥**
**ਅਗੈ ਗਇਆ ਮੁਹੇ ਮੁਹਿ ਪਾਹਿ, ਸੁ ਐਸਾ ਆਗੂ ਜਾਪੈ॥** (140)

# ਨਾਨਕ ਐਸਾ ਆਗੂ ਜਾਪੈ

ਕਦੀ ਕਦਾਈਂ ਕਾਲਜ ਦੇ ਵਿਦਿਆਰਥੀ ਆਪਣੀਆਂ ਕੁੱਝ ਨਿਗੁਣੀਆਂ ਜਿਹੀਆਂ ਮੰਗਾਂ ਨੂੰ ਲੈ ਕੇ, ਪ੍ਰਬੰਧਕਾਂ ਵਿਰੁੱਧ ਹੜਤਾਲ ਕਰ ਦਿੰਦੇ ਹਨ। ਹੜਤਾਲ ਨੂੰ ਗਰਮਾਉਣ ਲਈ ਕਾਲਜ ਦਾ ਫਰਨੀਚਰ ਤੇ ਇਮਾਰਤ ਤੇ ਸ਼ੀਸ਼ੇ ਤੋੜ ਦਿੱਤੇ ਜਾਂਦੇ ਹਨ। ਪਰਬੰਧਕ ਪੁਲਿਸ ਸੱਦ ਲੈਂਦੇ ਹਨ। ਆਉਂਦਿਆਂ ਹੀ ਪੁਲਿਸ ਵਾਲੇ ਜੋ ਪਹਿਲਾ ਕੰਮ ਕਰਦੇ ਹਨ, ਉਹ ਹੈ ਲਾਠੀ ਚਾਰਜ ਤੇ ਗੋਲੀ.....। ਭਗਦੜ ਮਚ ਜਾਂਦੀ ਹੈ, ਜਿੱਧਰ ਕਿਸੇ ਨੂੰ ਰਾਹ ਲੱਭੇ ਨੱਸ ਉੱਠਦਾ ਹੈ। ਕਈ ਮੁਜ਼ਾਹਰਾਕਾਰੀ ਫੱਟੜ, ਕਈ ਗ੍ਰਿਫਤਾਰ, ਹਸਪਤਾਲ/ਜੇਹਲ ਦਾਖਲ। ਮੁਕੱਦਮੇ ਦਰਜ ਪੜ੍ਹਾਈ ਖਤਮ, ਮਾਤਾ ਪਿਤਾ ਦੀ ਨੱਸ ਭੱਜ। ਕੁੱਝ ਦਿਨਾਂ ਤੋਂ ਬਾਅਦ ਵਿਦਿਆਰਥੀ ਲੀਡਰਾਂ ਦੇ ਅਖਬਾਰਾਂ ਵਿੱਚ ਬਿਆਨ ਛਪਦੇ ਹਨ –"ਸਾਡੇ ਸਾਰੇ ਫੜੇ ਗਏ ਸਾਥੀਆਂ ਨੂੰ ਬਿਨਾਂ ਸ਼ਰਤ ਰਿਹਾਅ ਕਰੋ, ਦਰਜ ਕੀਤੇ ਝੂਠੇ ਮੁਕੱਦਮੇ ਵਾਪਸ ਲਓ। ਪੜ੍ਹਾਈ ਵਿੱਚ ਹੋਏ ਨੁਕਸਾਨ ਲਈ ਰਿਆਇਤਾਂ ਦਿਓ, ਇਮਤਿਹਾਨ ਲੇਟ ਕਰ ਦਿਓ...."। ਜਿਨਾਂ ਮੰਗਾਂ ਨੂੰ ਲੈ ਕੇ ਹੜਤਾਲ ਕੀਤੀ ਸੀ ਉਹ ਸਭ ਵਿਸਰ ਗਈਆਂ। ਆਖਰੀ ਮੰਗ ਕੀ ਰਹਿ ਗਈ ਗ੍ਰਿਫਤਾਰ ਵਿਦਿਆਰਥੀ ਰਿਹਾਅ ਕਰੋ।

ਇਹ ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀ "ਨਿਆਣੇ" ਹਨ ਜੁਆਨੀ ਦਾ ਜੋਸ਼ ਹੈ, ਗਲਤੀਆਂ ਹੋ ਜਾਂਦੀਆਂ ਹਨ। ਲਓ "ਸਿਆਣਿਆਂ" ਦੀ ਕਰਤੂਤ ਵੱਲ ਝਾਤੀ ਮਾਰ ਲਓ। '47 ਤੋਂ ਬਾਅਦ ਪੰਜਾਬੀ ਸੂਬੇ ਦੀ ਪ੍ਰਾਪਤੀ ਵਾਸਤੇ ਬੜੇ ਮੋਰਚੇ ਲਾਏ, ਬਹੁਤ ਜ਼ੁਲਮ ਸਹੇ ਕੈਦਾਂ ਕੱਟੀਆਂ। ਸਤਾਰਾਂ ਅਠਾਰਾਂ ਸਾਲ ਬਾਅਦ ਜੋ ਪੰਜਾਬੀ ਸੂਬਾ ਬਣਿਆ ਉਹ ਸਭ ਦੇ ਸਾਹਮਣੇ ਹੈ ਫਿਰ ਹੋਰ ਰਹਿ ਗਈਆਂ ਮੰਗਾਂ ਬਾਰੇ ਮੋਰਚੇ ਲੱਗੇ, '84 ਦਾ ਘੱਲੂਘਾਰਾ ਵਾਪਰਿਆ, ਹੋਰ ਉਤਰਾਅ ਚੜ੍ਹਾਅ ਆਏ। ਅਕਾਲੀ ਸਰਕਾਰਾਂ ਆਈਆਂ ਤੇ ਗਈਆਂ....। ਬਹੁਤ ਲੰਮੀ, ਅਣ ਪਲਾਨਿੰਗ ਲੜਾਈ ਲੜਦਿਆਂ ਅਕਾਲੀ ਲੀਡਰ/ਵਰਕਰ ਥੱਕ ਕੇ ਚੂਰ ਹੋ ਗਏ। ਪੰਜਾਬ ਦੀਆਂ, ਸਿੱਖਾਂ ਦੀਆਂ ਉਹ ਸਾਰੀਆਂ ਮੰਗਾਂ ਭੁੱਲ ਵਿਸਰ ਗਈਆਂ, ਜਿਨਾਂ ਦੀ ਪ੍ਰਾਪਤੀ ਵਾਸਤੇ ਨਾਹਰੇ ਤੇ ਮੋਰਚੇ ਲਾਉਂਦੇ ਸੀ। ਹੁਣ ਹਾਲਤ ਇਹ ਬਣ ਗਈ ਹੈ ਕਿ ਬਾਦਲ ਟੌਹੜੇ ਦੀ ਪਾਟੋ ਧਾੜ ਵਿੱਚ "ਪੰਥ" ਦੀ ਤਬਾਹੀ ਨਜ਼ਰ ਆਉਂਦੀ ਹੈ। ਇਹਨਾਂ ਦੋਵਾਂ ਦੀ ਏਕਤਾ ਵਿੱਚ ਹੀ "ਪੰਥ ਦੀ ਚੜ੍ਹਦੀ ਕਲਾ" ਦਿਸ ਰਹੀ ਹੈ। ਮੂਲ ਮੁੱਦੇ ਕਦੋਂ ਦੇ ਵਿਸਾਰ ਦਿੱਤੇ ਗਏ ਹਨ। ਧੰਨ ਸਿੱਖੀ

ਚਲੋ ਜੀ ਛੱਡੋ ਇਹਨਾਂ ਨੂੰ, ਇਹ ਤਾਂ ਰਾਜਸੀ ਲੀਡਰ ਹਨ, ਇਹਨਾਂ ਦਾ ਧਰਮ

ਤੇ ਰਾਜਨੀਤੀ ਗੱਡੇ ਦੇ ਦੋ ਬਲਦ ਹਨ, ਇਹ ਆਰਾਮ ਨਾਲ ਗੱਡੇ ਵਿੱਚ ਬੈਠੇ ਸ਼ਤਰੰਜ ਦੀਆਂ ਗੋਟੀਆਂ ਚਲ ਰਹੇ ਹਨ। ਪਰ ਜੇ ਪੁੱਛ ਵੇਖੀਏ, ਮਹਾਂ ਪੁਰਖੋ ਤੁਹਾਡਾ ਰਾਜ ਕਿੱਥੇ ਹੈ ? ਗੁਰਦਵਾਰੇ ਦੀ ਪ੍ਰਧਾਨਗੀ ਤੱਕ ? ਤੁਹਾਡਾ ਧਰਮ ਕਿੱਥੇ ਹੈ, ਗੁਰੂ ਕੀ ਗੋਲਕ ਤੱਕ ? ਕੀ ਇਹੋ ਹੀ ਧਰਮ ਤੇ ਰਾਜਨੀਤੀ ਹੈ ? ਅਸਲ ਵਿੱਚ ਨਾ ਪੱਲੇ ਧਰਮ ਰਿਹਾ ਨਾ ਰਾਜ ਰਿਹਾ, ਕੇਵਲ ਸੁਪਨੇ ਵੇਖੇ ਜਾ ਰਹੇ ਹਨ। ਕੇਵਲ ਬੱਚਿਆਂ ਦੀ ਖੇਡ ਖੇਡੀ ਜਾ ਰਹੀ ਹੈ। ਕਦੀ ਵੇਖਿਆ ਜੇ ਸੱਤਰ ਸੱਤਰ ਸਾਲ ਦੇ "ਬੱਚੇ" ਅਜਿਹੀ ਨੀਵੇਂ ਪੱਧਰ ਦੀ ਖੇਡ ਖੇਡਣ ? ਧਰਮ ਦੇ ਨਾਮ ਤੇ ਰਾਜਨੀਤੀ ਦੇ ਨਾਮ ਤੇ, ਮਹਾਨ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਮ ਤੇ, ਬਹੁਤੀ ਵਾਰੀ ਗੁਰੂ ਦੀ ਹਜ਼ੂਰੀ ਵਿੱਚ ਹੀ.....। ਆਓ ਹੁਣ ਪੰਛੀ ਝਾਤ ਤਖ਼ਤਾਂ ਦੇ ਜਥੇਦਾਰਾਂ ਦੇ ਵਿਹੜੇ ਵਿੱਚ ਭੀ ਮਾਰ ਲਈਏ। ਪਿਛਲੇ ਪੰਜ ਛੇ ਸਾਲਾਂ ਤੋਂ ਸਾਡੇ ਸਤਿਕਾਰਯੋਗ ਸਤਿਗੁਰੂ ਜੀ ਦੇ ਪਾਵਨ ਅਸਥਾਨ ਤੇ ਬੈਠ ਕੇ, ਜੋ ਜਗ ਹਸਾਈ ਇਹਨਾਂ ਜਥੇਦਾਰਾਂ ਨੇ ਕੀਤੀ ਹੈ, ਉਹ ਕਿਸੇ ਤੋਂ ਭੁੱਲੀ ਵਿਸਰੀ ਨਹੀਂ। ਕਿਵੇਂ ਥੋਕ ਵਿੱਚ "ਹੁਕਮਨਾਮੇ" ਜਾਰੀ ਕੀਤੇ ਗਏ, ਕਿਵੇਂ ਵਿਰੋਧੀਆਂ ਨੂੰ ਪੰਥ ਵਿੱਚੋਂ ਛੇਕਿਆ ਗਿਆ। ਰਾਜਸੀ ਲੋਕਾਂ ਨੇ ਕਿਵੇਂ ਜਥੇਦਾਰਾਂ ਦੀ ਸੰਘੀ ਨੱਪ ਕੇ ਮਨ ਮਰਜ਼ੀ ਦੇ 'ਹੁਕਮਨਾਮੇ' ਜਾਰੀ ਕਰਵਾਏ। ਜਿਹੜੇ ਹੁਕਮਨਾਮੇ ਰਾਜਸੀ ਲੋਕਾਂ ਨੂੰ ਰਾਸ ਆਉਂਦੇ ਸੀ, ਉਹ ਰੱਖ ਲਏ ਗਏ, ਬਾਕੀ ਵਾਪਸ ਕਰਵਾ ਦਿੱਤੇ। ਹੁਣ ਫਿਰ ਬੇਹੀ ਕੜ੍ਹੀ ਵਿੱਚ ਉਬਾਲ ਆਉਣ ਲੱਗਾ ਹੈ। ਭਾਈ ਰਣਜੀਤ ਸਿੰਘ ਵੱਲੋਂ 1999 ਵਿੱਚ ਜਾਰੀ ਕੀਤਾ ਗਿਆ "ਹੁਕਮਨਾਮਾ" ਪੰਜ ਸਾਲਾਂ ਪਿਛੋਂ ਮੰਨਣ ਵਾਸਤੇ, ਭੁੱਲ ਬਖਸ਼ਾਉਣ ਵਾਸਤੇ, ਰਾਜਸੀ ਲੋਕਾਂ ਨੇ ਫਿਰ ਡੁਗਡੁਗੀ ਵਜਾ ਦਿੱਤੀ ਹੈ। ਤਖ਼ਤਾਂ ਦੇ ਜਥੇਦਾਰ ਫਿਰ ਕਠਪੁਤਲੀਆਂ ਵਾਂਗ ਨੱਚਣਗੇ, ਸਾਰਿਆਂ ਨੂੰ ਤਮਾਸ਼ਾ ਵਿਖਾਣਗੇ। ਬਾਦਲ ਟੌਹੜੇ ਦੀ ਏਕਤਾ ਨੂੰ ਪੰਥਕ ਏਕਤਾ ਦਾ ਜਾਅਲੀ ਸਾਰਟੀਫੀਕੇਟ ਦਿੱਤਾ ਜਾਵੇਗਾ। ਧੰਨ ਸਿੱਖੀ

"ਤਾਏ ਦੀ ਧੀ ਚੱਲੀ ਮੈਂ ਕਿਉਂ ਰਹੀ ਇਕੱਲੀ" ਦੇ ਕਥਨ ਮੁਤਾਬਕ ਗਿਆਨੀ ਇਕਬਾਲ ਸਿੰਘ ਪਟਨਾ ਸਾਹਿਬ ਤਖਤ ਦੇ ਜਥੇਦਾਰ ਨੇ, ਉਥੇ ਦੇ ਹੀ ਪਰਧਾਨ ਮਹਿੰਦਰ ਸਿੰਘ ਰੋਮਾਣਾ ਨੂੰ, ਕੁੱਝ ਇਲਜ਼ਾਮ ਤਰਾਸੀ ਕਰਕੇ "ਹੁਕਮਨਾਮੇ" ਰਾਹੀਂ ਪੰਥ ਵਿੱਚੋਂ ਛੇਕ ਦਿੱਤਾ ਹੈ। ਕਿਉਂਕਿ ਰੋਮਾਣਾ ਜੀ ਨੇ ਕਥਿਤ ਤੌਰ ਤੇ ਦਸਮ ਗ੍ਰੰਥ ਦੇ ਵਿਰੁੱਧ ਮੰਦੇ ਸ਼ਬਦ ਵਰਤੇ ਸਨ। ਨਾਲ ਹੀ ਜਥੇਦਾਰ ਇਕਬਾਲ ਸਿੰਘ ਬਾਰੇ ਭੀ ਕੁੱਝ ਗਲਤ ਬਿਆਨ ਦਿੱਤੇ ਸਨ। ਬਿਲਕੁਲ ਠੀਕ ਕੀਤਾ ਹੈ ਭਾਈ ਇਕਬਾਲ ਸਿੰਘ ਨੇ, ਹੱਥ ਵਿੱਚ ਤਕੜਾ ਸੋਟਾ ਹੋਵੇ ਤੇ ਫਿਰ ਬੰਦਾ ਵਕਤ ਪੈਣ ਤੇ ਵਰਤੋਂ ਨਾ ਕਰੇ, ਇਹ ਕਿਵੇਂ ਹੋ ਸਕਦਾ ਹੈ ? ਅਕਾਲ ਤਖਤ ਸਾਹਿਬ ਵੱਲੋਂ ਪਰਵਾਨਿਤ ਸਿੱਖ ਰਹਿਤ ਮਰਿਆਦਾ ਵਿੱਚ ਸਾਫ ਲਿਖਿਆ ਹੋਇਆ ਹੈ ਕਿ ਗੁਰਦੁਆਰੇ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਤੁੱਲ ਕਿਸੇ ਪੁਸਤਕ/ਗ੍ਰੰਥ ਨੂੰ ਅਸਥਾਪਨ/ਪਰਕਾਸ਼ਨ

ਦੀ ਸਖ਼ਤ ਮਨਾਹੀ ਹੈ। ਲੰਮੇ ਅਰਸੇ ਤੋਂ ਉਹਨਾਂ ਥਾਵਾਂ ਤੇ (ਪਟਨਾ ਤੇ ਹਜ਼ੂਰ ਸਾਹਿਬ) ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਦਸਮ ਗ੍ਰੰਥ ਨੂੰ ਅਸਥਾਪਨ ਕੀਤਾ ਹੋਇਆ ਹੈ। ਪਾਠ ਹੋ ਰਿਹਾ ਹੈ, ਅਤੇ ਹੋਰ ਅਣਗਿਣਤ ਗੁਰਮਤ ਤੋਂ ਉਲਟ ਕੰਮ ਹੋ ਰਹੇ ਹਨ। ਤਦੋਂ ਸਾਡੇ ਵੇਦਾਂਤੀ ਜੀ ਘੂਕ ਸੁੱਤੇ ਰਹੇ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਰਾਜਸੀ ਖੇਡਾਂ ਖੇਡਦੇ ਰਹੇ। ਹੁਣ ਜਦੋਂ ਪਟਨੇ ਤੋਂ ਹੁਕਮਨਾਮਾ ਜਾਰੀ ਹੋ ਗਿਆ ਹੈ, ਤਾਂ ਇਹਨਾਂ ਨੇ ਸੁੱਤ-ਉਨੀਂਦੇ ਜਿਹੇ ਵਿੱਚ ਉਬਾਸੀਆਂ ਲੈਣ ਵਾਂਗ ਬਿਆਨ ਦਿੱਤੇ ਹਨ। ਓ ਭਲੇ ਮਾਣਸੋ ਜੇ ਤੁਸੀਂ ਆਪਣੀ ਲੋੜ ਵਾਸਤੇ ਥੋਕ ਵਿੱਚ ਹੁਕਮਨਾਮੇ ਜਾਰੀ ਕਰ ਸਕਦੇ ਹੋ, ਜਥੇਦਾਰਾਂ ਨੂੰ ਥੋਕ ਵਿੱਚ ਬਦਲ ਸਕਦੇ ਹੋ, ਫਿਰ ਭਾਈ ਇਕਬਾਲ ਸਿੰਘ ਗ੍ਰੰਥੀ ਨੇ, ਉਹੀ ਕੰਮ ਕਰ ਦਿੱਤਾ ਤਾਂ ਉਹ ਬੁਰਾ ਕਿਵੇਂ ਹੋਇਆ ?

ਜਿਨ੍ਹਾਂ ਪਾਪ ਭਰੇ ਰਾਹਾਂ ਤੇ ਸਾਡੇ ਆਗੂ ਟੁਰ ਰਹੇ ਹਨ ਉਹਨਾਂ ਬਾਰੇ ਸਿੱਖ ਸਮਾਜ ਬਹੁਤ ਕੁੱਝ ਜਾਣ ਚੁੱਕਿਆ ਹੈ। ਕੁੱਝ ਹੋਰ ਦੀ ਮੋਟੀ ਜਿਹੀ ਜਾਣਕਾਰੀ ਹਾਜ਼ਰ ਹੈ - ਪੰਜਾਬ ਵਿੱਚ ਸਿੱਖ ਜੁਆਨੀ ਨਸ਼ਿਆਂ ਵਿੱਚ ਗਰਕ ਹੈ, ਪਤਿਤਪੁਣਾ ਸਿਖਰਾਂ ਛੋਹ ਰਿਹਾ ਹੈ, ਅਨਪੜਤਾ ਵਿੱਚ ਪੰਜਾਬ ਸਾਰੇ ਸੂਬਿਆਂ ਤੋਂ ਅੱਗੇ ਜਾ ਪਿਆ ਹੈ। ਅਕਾਲੀ ਦਲ ਦੀ ਵੀ "ਪੰਜਾਬੀ ਪਾਰਟੀ" ਬਣ ਚੁੱਕੀ ਹੋਈ ਹੈ। ਤਖਤਾਂ ਦੇ ਜਥੇਦਾਰ ਲੱਗਭਗ ਅੰਗੂਠਾ ਛਾਪ ਹੀ ਹਨ। ਸਿੱਖ ਸਮਾਜ ਮੜ੍ਹੀਆਂ ਕਬਰਾਂ ਪੂਜਣ ਦੇ ਰਾਹ ਪੈ ਚੁੱਕਿਆ ਹੈ, ਮਨਮਤ ਦੀ ਭਰਮਾਰ ਹੈ, ਸਾਧ ਲਾਣਾ ਭੋਲੇ ਸਿੱਖਾਂ ਨੂੰ ਨਿਚੋੜ ਰਿਹਾ ਹੈ, "ਕਾਰ ਸੇਵਾ" ਦੇ ਨਾਮ ਤੇ ਸਿੱਖ ਵਿਰਾਸਤ ਨੂੰ ਮਲੀਆ ਮੇਟ ਕੀਤਾ ਜਾ ਰਿਹਾ ਹੈ......। ਤੇ ਸਾਡੇ ਜਥੇਦਾਰ ਤੇ ਲੀਡਰ ਚੈਨ ਦੀ ਬੰਸਰੀ ਵਜਾ ਰਹੇ ਹਨ। ਅੱਧੇ ਤੋਂ ਵੱਧ ਗੁਰਦਵਾਰੇ ਪਾਕਿਸਤਾਨ ਵਿੱਚ ਰਹਿ ਗਏ ਹਨ, ਪਟਨੇ ਵਾਲਾ ਤਖ਼ਤ ਅਤੇ ਹੋਰ ਗੁਰਦਵਾਰੇ ਸ਼੍ਰੋਮਣੀ ਕਮੇਟੀ ਤੋਂ ਬਾਹਰ ਹਨ। ਨਾਂਦੇੜ (ਹਜ਼ੂਰ ਸਾਹਿਬ) ਕਮੇਟੀ ਅਲੱਗ ਹੈ। ਹਿਮਾਚਲ ਕਮੇਟੀ ਵੱਖ ਹੈ। ਦਿੱਲੀ ਗੁਰਦਵਾਰਾ ਕਮੇਟੀ ਬਹੁਤ ਦੇਰ ਤੋਂ ਅਲੱਗ ਹੈ। ਹਰਿਆਣੇ ਦੇ ਸਿੱਖਾਂ ਨੇ ਸ਼੍ਰੋਮਣੀ ਕਮੇਟੀ ਨਾਲੋਂ ਤੋੜ ਵਿਛੋੜਾ ਕਰਨ ਦਾ ਐਲਾਨ ਕਰ ਦਿੱਤਾ ਹੈ। ਪਾਕਿਸਤਾਨ ਵਿਚਲੇ ਗੁਰਧਾਮਾਂ ਲਈ ਸ਼੍ਰੋ: ਕਮੇਟੀ ਦਾ ਏਕਾਅਧਿਕਾਰ ਖੋਹ ਕੇ ਪਾਕਿਸਤਾਨ ਗੁ: ਕਮੇਟੀ ਵੱਖਰੀ ਬਣ ਚੁੱਕੀ ਹੈ। ਥਾਉਂ ਥਾਂ ਨਿਜੀ ਮਲਕੀਅਤ ਵਾਲੇ ਡੇਰੇ ਗੁਰਦਵਾਰੇ ਧੜਾਧੜ ਉਸਰ ਰਹੇ ਹਨ। ਆਲ ਇੰਡੀਆ ਗੁਰਦਵਾਰਾ ਐਕਟ ਖੂਹਖਾਤੇ ਵਿੱਚ ਪੈ ਚੁੱਕਿਆ ਹੈ....ਤੇ ਸਾਡੇ ਸਤਿਕਾਰ ਯੋਗ ਜਥੇਦਾਰ ਗਫਲਤ ਦੀ ਨੀਂਦ ਵਿੱਚ ਘੂਕ ਸੁੱਤੇ ਹੋਏ ਹਨ। ਧੰਨ ਸਿੱਖੀ।

ਆਓ ਤਖਤਾਂ ਬਾਰੇ ਇੱਕ ਹੋਰ ਪਹਿਲੂ ਤੋਂ ਵਿਚਾਰ ਕਰੀਏ। ਛੇਵੇਂ ਨਾਨਕ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਕਾਲ ਬੁੰਗਾ (ਅੱਜ ਕੱਲ੍ਹ ਅਕਾਲ ਤਖ਼ਤ)

ਬਣਾਇਆ ਸੀ। ਇਸਦੇ ਢੇਰ ਸਾਰੇ ਸਬੂਤ ਪੁਰਾਤਨ ਇਤਿਹਾਸ ਵਿੱਚ ਪ੍ਰਾਪਤ ਹਨ। ਇਥੇ ਹੀ ਅਨੇਕ ਵਾਰ ਸਰਬੱਤ ਖਾਲਸਾ ਜੁੜਦਾ ਰਿਹਾ ਹੈ, ਫੈਸਲੇ ਹੁੰਦੇ ਰਹੇ ਹਨ, ਪਰ ਬਾਕੀ ਚਾਰ ਤਖਤਾਂ ਦੀ ਪੁਰਾਤਨਤਾ ਬਾਰੇ ਜਥੇਦਾਰ ਸਬੂਤਾਂ ਦੁਆਰਾ ਦੱਸਣ ਦੀ ਖੇਚਲ ਕਰਨਗੇ ? ਕਦੀ ਉਹਨਾਂ ਤਖ਼ਤਾਂ ਤੇ ਸਰਬੱਤ ਖਾਲਸਾ ਜੁੜਿਆ ? ਕਦੀ ਹੁਕਮਨਾਮੇ ਜਾਰੀ ਕੀਤੇ ਗਏ ? ਕੀ ਉਹਨਾਂ ਨੂੰ ਤਖ਼ਤ ਮੰਨਿਆ ਜਾ ਸਕਦਾ ਹੈ ? ਬਹੁਤ ਪੁਰਾਣੀ ਗੱਲ ਨਹੀਂ ਹੈ ਤਲਵੰਡੀ ਸਾਬ੍ਹੋ (ਦਮਦਮਾ) ਨਿਹੰਗ ਸਿੰਘਾਂ ਦੇ ਦਬਾਅ ਅਧੀਨ 1966 ਵਿੱਚ "ਤਖ਼ਤ" ਤਸਲੀਮ ਕੀਤਾ ਗਿਆ ਹੈ। ਇੱਕ ਹੋਰ ਪਹਿਲੂ ਵਲ ਧਿਆਨ ਦਿਓ-ਸਤਿਕਾਰਯੋਗ ਅੱਠ ਗੁਰੂਆਂ ਨਾਲ ਸਬੰਧਤ ਕੋਈ ਤਖ਼ਤ ਨਹੀਂ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਇੱਕ ਤਖ਼ਤ (ਅਕਾਲ ਤਖ਼ਤ) ਸਬੰਧਤ ਹੈ। ਬਾਕੀ ਚਾਰ ਤਖ਼ਤ - ਪਟਨਾ, ਕੇਸਗੜ, ਤਲਵੰਡੀ ਸਾਬ੍ਹੋ ਤੇ ਹਜੂਰ ਸਾਹਿਬ, ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਤ ਹਨ। ਕਦੀ ਇਕਾਗਰ ਚਿੱਤ ਵਿਚਾਰ ਕਰ ਵੇਖਣਾ ਕਿ ਦਸਮ ਪਾਤਿਸ਼ਾਹ ਨਾਲ ਚਾਰ ਤਖ਼ਤ ਕਿਉਂ ਹਨ ?

ਆਓ ਅੱਗੇ ਟੁਰੋ, ਪਟਨਾ ਸਾਹਿਬ ਤਖ਼ਤ ਕਿਉਂ ਹੈ ? ਕਿਹਾ ਜਾ ਰਿਹਾ ਹੈ ਕਿ ਉਸ ਅਸਥਾਨ ਤੇ (ਗੁਰੂ) ਗੋਬਿੰਦ ਰਾਏ ਜੀ ਦਾ ਪੰਜ ਭੂਤਕ ਸਰੀਰ ਪ੍ਰਗਟਿਆ ਸੀ। ਕੇਵਲ ਇਸੇ ਕਾਰਨ ਤਖ਼ਤ ਹੈ? ਪਰ ਕੀ (ਗੁਰੂ) ਗੋਬਿੰਦ ਰਾਏ ਜੀ ਜਨਮ ਤੋਂ ਹੀ ਸਾਡੇ ਗੁਰੂ ਸਨ ? ਕੀ ਉਹਨਾਂ ਨੂੰ ਗੁਰੂ ਨਾਨਕ ਜੋਤ ਦੀ ਜ਼ਰੂਰਤ ਨਹੀਂ ਸੀ ? ਉਹਨਾਂ ਨੂੰ ਗੁਰੂ ਗੱਦੀ ਪ੍ਰਾਪਤ ਹੋਈ ਹੈ 1675 ਵਿੱਚ, ਕਰੀਬ ਸਾਢੇ ਨੌ ਸਾਲ ਦੀ ਉਮਰੇ। ਜਨਮ ਵਕਤ ਤਾਂ ਉਹ ਗੁਰੂ ਨਹੀਂ ਸਨ। ਤਾਂ ਉਹਨਾਂ ਦੇ ਜਨਮ ਕਾਰਨ ਤਖ਼ਤ ਕਿਵੇਂ ਬਣਿਆ ? ਸਤਿਗੁਰੂ ਨਾਨਕ ਸਾਹਿਬ ਜਨਮ ਤੋਂ ਹੀ ਸਾਡੇ ਗੁਰੂ ਸਨ, ਇਸ ਤਰ੍ਹਾਂ ਤਾਂ ਨਨਕਾਣਾ ਸਾਹਿਬ ਪਹਿਲਾ ਤਖ਼ਤ ਹੋਣਾ ਚਾਹੀਦਾ ਸੀ। ਫਿਰ ਉਹ ਪਹਿਲਾ ਤੇ ਵੱਡਾ ਤਖ਼ਤ ਕਿਉਂ ਨਹੀਂ ਬਣਿਆ ? ਇਸੇ ਤਰ੍ਹਾਂ ਬਾਕੀ ਗੁਰੂ ਸਾਹਿਬਾਨ ਜਿੱਥੇ ਜਿੱਥੇ ਜਨਮੇ ਸਨ ਉਹ ਸਾਰੇ ਅਸਥਾਨਾਂ ਨੂੰ ਭੀ ਤਖ਼ਤ ਪਰਵਾਨ ਕਰ ਲੈਣਾ ਚਾਹੀਦਾ ਸੀ। ਫਿਰ ਅੱਗੋਂ ਦਲੀਲ ਦਿੱਤੀ ਜਾਂਦੀ ਹੈ ਕਿ ਜਿੱਥੋਂ ਸਤਿਗੁਰੂ ਜੀ "ਹੁਕਮਨਾਮਾ" ਜਾਰੀ ਕਰਨ ਉਹੋ ਸਥਾਨ ਤਖ਼ਤ ਹੁੰਦਾ ਹੈ। ਇਹ ਗੱਲ ਭੀ ਦਲੀਲ ਤੇ ਖਰੀ ਨਹੀਂ ਉਤਰਦੀ। ਕਿਉਂਕਿ ਸਤਿਗੁਰੂ ਜੀ ਦੇ ਮੁਖਾਰਬਿੰਦ ਤੋਂ ਉਚਾਰਿਆ ਹਰ ਸ਼ਬਦ ਹੀ 'ਹੁਕਮਨਾਮਾ' ਰੂਪ ਹੈ। ਫਿਰ ਤਾਂ ਜਿਸ ਥਾਵੇਂ ਨਿਵਾਸ ਕਰਕੇ ਸਤਿਗੁਰੂ ਜੀ ਨੇ ਉਪਦੇਸ਼ ਕੀਤਾ, ਉਹੀ ਤਖ਼ਤ ਹੋਵੇਗਾ। ਅੱਠਵੇਂ ਪਾਤਿਸ਼ਾਹ ਨੂੰ ਜਿੱਥੇ ਕੀਰਤਪੁਰ ਵਿਖੇ ਗੁਰਗੱਦੀ ਦਿੱਤੀ ਗਈ ਸੀ, ਜਿੱਥੇ ਛੇਵੇਂ ਤੇ ਸੱਤਵੇਂ ਪਾਤਿਸ੍ਹਾਹ ਉਪਦੇਸ਼ ਕਰਦੇ ਰਹੇ ਸਨ ਉਸ ਗੁਰਦਵਾਰੇ ਨੂੰ ਭੀ ਤਖ਼ਤ ਸਾਹਿਬ ਆਖਿਆ ਜਾਂਦਾ ਹੈ। ਜਿਥੇ ਬੈਠ ਕੇ ਰੱਬੀ ਬਾਣੀ

ਦੀ ਰਚਨਾ ਕੀਤੀ ਉਹੀ ਥਾਂ ਤਖਤ ਹੈ। ਜੋ ਖਤ ਸਤਿਗੁਰੂ ਜੀ ਨੇ ਸੰਗਤਾਂ ਦੇ ਨਾਮ ਲਿਖੇ ਉਹਨਾਂ ਨੂੰ ਭੀ ਸਤਿਕਾਰ ਨਾਲ ਸਿੱਖ "ਹੁਕਮਨਾਮੇ" ਕਹਿ ਦਿੰਦੇ ਹਨ। ਦੀਨੇ ਕਾਂਗੜ ਤੋਂ ਦਸਮ ਪਾਤਿਸ਼ਾਹ ਨੇ ਔਰੰਗਜ਼ੇਬ ਵੱਲ ਖਤ ਲਿਖਿਆ ਸੀ ਦੀਨਾ ਕਾਂਗੜ ਭੀ ਤਖ਼ਤ ਹੋ ਗਿਆ। ਡਾ. ਗੰਡਾ ਸਿੰਘ ਦੁਆਰਾ ਸੰਪਾਦਤ ਪੁਸਤਕ "ਹੁਕਮਨਾਮੇ" ਮੇਰੇ ਸਨਮੁਖ ਹੈ। ਇਸ ਕਿਤਾਬ ਵਿੱਚ ਪਟਨੇ ਤੋਂ ਅੱਜ ਤੱਕ ਕੇਵਲ ਇੱਕ "ਹੁਕਮਨਾਮਾ" ਜਾਰੀ ਹੋਇਆ ਮਿਲਦਾ ਹੈ। ਇਸਦੀ ਤਾਰੀਖ ਹੈ ਫਰਵਰੀ 4, ਸੰਨ 1862 ਈ:। ਇਹ ਹੁਕਮਨਾਮਾ ਪੁਜਾਰੀਆਂ ਵੱਲੋਂ ਇਲਾਕੇ ਦੀ ਸੰਗਤ ਵੱਲ ਕਾਰ ਭੇਟ ਲਿਆਉਣ ਬਾਰੇ ਹੈ। ਸਾਫ ਦਰਜ ਹੈ ਕਿ ਨਿਸ਼ਾਨ ਸਾਹਿਬ ਅਤੇ ਫਰਸ਼ ਦੀ ਸੇਵਾ ਵਿੱਚ ਹਿੱਸਾ ਪਾਓ। ਇਸ ਤੋਂ ਇਲਾਵਾ ਹੋਰ ਕੋਈ "ਹੁਕਮਨਾਮਾ" ਪਟਨੇ ਤੋਂ ਜਾਰੀ ਨਹੀਂ ਹੋਇਆ।

ਮੇਰੀ ਕੌਮ ਦੇ ਮਲਾਹੋ ਜਥੇਦਾਰੋ, ਤਰਸ ਕਰੋ ਇਸ ਸਿੱਖ ਸਮਾਜ ਤੇ, ਕੋਈ ਨਿੱਗਰ ਸੇਧ ਦਿਓ ਆਪਣੀ ਉੱਮਤ ਨੂੰ। ਕੋਈ ਵਿਧੀ ਵਿਧਾਨ ਘੜੋ ਤਖ਼ਤ ਦੇ ਮਾਨ ਸਨਮਾਨ ਵਾਸਤੇ। ਜਥੇਦਾਰ ਨੂੰ ਲਾਉਣ ਹਟਾਉਣ ਵਾਸਤੇ, ਅਤੇ ਵਿੱਦਿਅਕ ਯੋਗਤਾ ਬਾਰੇ ਕੋਈ ਠੋਸ ਅਸੂਲ ਤਿਆਰ ਕਰੋ। ਨਿਰੇ ਹੁਕਮਨਾਮਿਆਂ ਦੁਆਰਾ ਸਿੱਖ ਸਮਾਜ ਦਾ ਸੰਵਰਨਾ ਕੁੱਝ ਨਹੀਂ ਬਿਗੜ ਬਹੁਤ ਕੁੱਝ ਜਾਵੇਗਾ। ਸਿੱਖੀ ਰਸਾਤਲ ਵੱਲ ਨਿੱਘਰ ਰਹੀ ਹੈ, ਜੇ ਸੱਚੇ ਹਮਦਰਦ ਹੋ ਤਾਂ ਇਸ ਨੂੰ ਉਭਾਰੋ। ਇਸ ਗੱਲ ਨੂੰ ਜ਼ੋਰ ਨਾਲ ਉਭਾਰਨ ਦੀ ਲੋੜ ਹੈ ਕਿ ਤਖ਼ਤ ਕੇਵਲ ਇੱਕੋ ਹੀ ਹੈ। ਜੇ ਦੂਜਿਆਂ ਚੌਹਾਂ ਨੂੰ ਤਖ਼ਤ ਭੀ ਮੰਨਦੇ ਹੋ ਤਾਂ ਫਿਰ ਉਹ "ਹੁਕਮਨਾਮੇ" ਜਾਰੀ ਕਰਨ ਲਈ ਭੀ ਸੁਤੰਤਰ ਮੰਨੇ ਜਾਣਗੇ। ਜੇ ਉਹ ਚਾਰੇ ਤਖ਼ਤ ਛੋਟੇ ਹਨ ਤਾਂ ਦੱਸੋ ਕਿਵੇਂ ਛੋਟੇ ਹਨ ? ਕਿਰਪਾ ਕਰਕੇ ਪੰਥ ਦਸੇਰਾ ਆਗੂ ਬਣੋ ਵਰਨਾ ਬਹੁਤ ਦੇਰ ਹੋ ਚੁੱਕੀ ਹੋਵੇਗੀ। ਆਗੂ ਬਾਰੇ ਗੁਰ ਫੁਰਮਾਨ ਹੈ :-

**ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ॥**
**ਮੁਠਾ ਆਪਿ ਮੁਹਾਏ ਸਾਥੈ॥ ਨਾਨਕ ਐਸਾ ਆਗੂ ਜਾਪੈ॥** ਮ-੧-139

ਪਰ ਵਿਚਾਰੇ ਜਥੇਦਾਰ ਸੁਤੰਤਰ ਫੈਸਲਾ ਕਿਵੇਂ ਲੈ ਸਕਦੇ ਹਨ, ਕਠਪੁਤਲੀਆਂ ਦੀ ਡੋਰ ਕਿਸੇ ਹੋਰ ਹੱਥ ਹੁੰਦੀ ਹੈ -

**ਕਾਠ ਕੀ ਪੂਤਰੀ ਕਹਾ ਕਰੈ ਬਪੁਰੀ ਖਿਲਾਵਨ ਹਾਰੋ ਜਾਨੈ॥**
**ਜੈਸਾ ਲੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ॥** ਮ-੫-206

# ਮੁਆਫੀ ਨਾਮੇ ਦੀ ਰਾਜਨੀਤੀ

ਸੰਸਾਰ ਦੇ ਤਾਕਤਵਰ ਲੋਕਾਂ ਨੇ ਕਮਜ਼ੋਰਾਂ ਨਿਮਾਣਿਆਂ ਤੇ, ਸਦਾ ਹੀ ਵਹਿਸ਼ੀ ਜ਼ੁਲਮ, ਤੇ ਕਤਲੋ ਗਾਰਤ ਕੀਤੇ ਹਨ। ਕਈ ਵਾਰੀ ਤਾਂ ਕੇਵਲ ਆਪਣੀ ਧੌਂਸ ਜਮਾਉਣ ਲਈ ਹੀ ਵੱਡੇ ਪਾਪ ਕਰ ਦਿੱਤੇ ਜਾਂਦੇ ਹਨ। ਦੂਜਿਆਂ ਨੂੰ ਲੁੱਟਣ ਜਾਂ ਬੇਪੱਤ ਕਰਨ ਦੀ ਪਰਵਿਰਤੀ ਮਨੁੱਖ ਦੇ ਧੁਰ ਅੰਦਰ ਤੱਕ ਧਸੀ ਹੋਈ ਹੈ। ਜਦੋਂ ਤੋਂ ਮਨੁੱਖਤਾ ਸਾਜੀ ਗਈ ਹੈ, ਆਪਸੀ ਵਿਰੋਧ ਲੁੱਟਾ ਖੋਹਾਂ ਜਾਂ ਦੂਜਿਆਂ ਨੂੰ ਨੇਸਤੋਂ ਨਾਬੂਦ ਹੀ ਕਰ ਦੇਣਾ, ਆਪਣੇ ਗੁਲਾਮ ਬਣਾ ਲੈਣਾ, ਆਮ ਹੁੰਦਾ ਰਿਹਾ ਹੈ। ਸਿਕੰਦਰ ਨੇ ਬਿਨਾ ਕਾਰਨ ਦੁਨੀਆਂ ਨੂੰ ਜਿੱਤ ਕੇ, ਆਪਣੇ ਅਧੀਨ ਕਰ ਲੈਣ ਦੇ ਮਨਸੇ ਨਾਲ, ਬੇਅੰਤ ਖ਼ੂਨ ਬਹਾਇਆ। ਚੰਗੇਜ਼ਖਾਨ ਦੀ ਹਕੂਮਤ ਦਾ ਦਾਇਰਾ ਦੁਨੀਆਂ ਵਿੱਚ ਸਭ ਤੋਂ ਵੱਧ ਸੀ। ਇਤਨੀ ਵੱਡੀ ਸਲਤਨਤ ਲਾਸ਼ਾਂ ਦੇ ਅੰਬਾਰ ਚਿਣ ਕੇ ਖ਼ੂਨ ਦੇ ਦਰਿਆ ਵਗਾ ਕੇ ਹੀ ਕਾਇਮ ਕੀਤੀ ਗਈ ਸੀ। ਅੰਗ੍ਰੇਜ਼ਾਂ ਦਾ ਅੱਧੀ ਧਰਤੀ ਤੇ ਕਬਜਾ, ਮੁਸਲਮਾਨਾ ਦੇ ਅਨੇਕ ਜੰਗ ਤੇ ਜੁਲਮ ਇਤਿਹਾਸ ਵਿੱਚੋਂ ਪੜ੍ਹੇ ਵੇਖੇ ਜਾ ਸਕਦੇ ਹਨ। ਜਰਮਨੀ ਦੇ ਤਾਨਾਸ਼ਾਹ ਹਿਟਲਰ ਨੇ ਜੋ ਕਹਿਰ ਢਾਹਿਆ, ਉਹ ਤਾਂ ਅਜੇ ਕੱਲ੍ਹ ਦੀ ਗੱਲ ਹੈ। ਫਿਰ ਹਿਟਲਰ ਦੀਆਂ ਹਮਾਇਤੀ ਫੌਜਾਂ ਹਾਰ ਚੁੱਕੀਆਂ ਸਨ। ਇੱਕ ਹਫਤੇ ਦੇ ਅੰਦਰ, ਉਹਨਾਂ ਹਥਿਆਰ ਸੁੱਟ ਦੇਣੇ ਸਨ। ਫਿਰ ਅਮ੍ਰੀਕਾ ਦੇ ਐਟਮ ਬੰਬ ਕਿਵੇਂ ਪਰਖੇ ਜਾਂਦੇ ? ਹੀਰੋਸ਼ੀਮਾ ਵਾਲਾ ਇੱਕੋ ਅਗਨੀ ਬੰਬ ਜਾਪਾਨ ਨੂੰ ਮੁੱਧਾ ਕਰ ਗਿਆ। ਦੂਜਾ ਨਾਗਾਸਾਕੀ ਤੇ ਸੁਟਿਆ ਗਿਆ ਪਰਮਾਣੂ ਬੰਬ, ਕੇਵਲ ਧੌਂਸ ਜਮਾਉਣ ਲਈ ਸੀ। ਇਹ ਦਰਸਾਉਣ ਲਈ ਭੀ ਕਿ ਸਾਡੇ ਕੋਲ ਕੇਵਲ ਇੱਕੋ ਐਟਮ ਬੰਬ ਨਹੀਂ ਹੈ, ਹੋਰ ਬਥੇਰੇ ਹੈਗੇ ਨੇ।

ਸਮਾਂ ਬੀਤਣ ਨਾਲ ਜਖ਼ਮ ਭਰਨੇ ਸ਼ੁਰੂ ਹੋ ਜਾਂਦੇ ਹਨ, ਵੈਰ ਵਿਰੋਧ ਤੇ ਦੂਰੀਆਂ ਘਟਣ ਲਗਦੀਆਂ ਹਨ। ਪਹਿਲਾਂ ਵਾਲੇ (ਸਿੱਧੇ ਜਿੰਮੇਵਾਰ) ਹਾਕਮ ਬਦਲ ਜਾਂਦੇ ਹਨ। ਆਪਸੀ ਵਿਸ਼ਵਾਸ਼ ਪੈਦਾ ਕਰਨ ਵਾਸਤੇ, ਜਜਬਾਤੀ ਸਾਂਝ ਵਧਾਉਣ ਲਈ, ਪਹਿਲੇ ਜਾਬਰਾਂ ਵੱਲੋਂ ਕੀਤੇ ਗਏ ਜੁਲਮਾਂ ਲਈ, ਮਜਲੂਮਾਂ ਕੋਲੋਂ ਰਸਮੀ ਜਿਹੀ ਮੁਆਫੀ ਮੰਗ ਲਈ ਜਾਂਦੀ ਹੈ। ਵਿਚਾਰੇ ਕਮਜ਼ੋਰ ਲੋਕ, ਬੇਬਸ ਹੋਏ ਇਸ "ਸੌਰੀ" ਆਖਣ ਨੂੰ ਆਪਣੀ "ਮਹਾਨ ਜਿੱਤ" ਸਮਝ ਕੇ ਫੁੱਲੇ ਨਹੀਂ ਸਮਾਉਂਦੇ। ਸਿੱਖਾਂ ਨਾਲ ਆਪਣਿਆਂ ਨੇ ਹੀ ਧਰੋਹ ਕਮਾਇਆ ਹੈ। ਜਿਹਨਾਂ ਨਾਲ ਆਪਣੀ ਕਿਸਮਤ ਜੋੜੀ, ਜਿਹਨਾਂ ਤੇ ਵਿਸ਼ਵਾਸ ਕੀਤਾ, ਜਿਹਨਾਂ ਲਈ ਅਥਾਹ ਕੁਰਬਾਨੀਆ ਕੀਤੀਆਂ। ਵਕਤ ਆਉਣ ਤੇ ਉਹਨਾਂ ਸਾਰੇ ਉਪਕਾਰ

ਖੂਹ ਵਿੱਚ ਸੁੱਟ ਦਿੱਤੇ। ਕੁਰਬਾਨੀਆਂ ਲਈ ਸਨਮਾਨਤ ਕਰਨ ਦੀ ਥਾਵੇਂ ਸਿੱਖਾਂ ਨੂੰ ਬਿਨਾ ਵਜਾਹ ਅਪਮਾਨਤ ਕੀਤਾ ਗਿਆ। ਸਹਿਮ ਵਾਲੀ ਤੇ ਦੁਬੇਲ ਜ਼ਿੰਦਗੀ ਜਿਉਣ ਲਈ ਮਜ਼ਬੂਰ ਕੀਤਾ ਗਿਆ। ਇਹ ਭਾਵੇਂ ਹਕੂਮਤ ਕਰਨ ਵਾਲੀ ਪਾਰਟੀ ਕਾਂਗਰਸ ਸੀ, ਜਾਂ ਭਾਜਪਾ। ਜਾਂ ਇਹਨਾਂ ਵੱਲੋਂ ਸਥਾਪਤ ਕੀਤੇ ਰੰਗ ਬਰੰਗੇ ਕਮਿਸ਼ਨ। ਸਿਤਮ ਇਹ ਪਈ ਭਾਰਤੀ ਅਦਾਲਤਾਂ ਵਿੱਚੋਂ ਭੀ ਸਿੱਖਾਂ ਨੂੰ ਇਨਸਾਫ ਨਹੀਂ ਮਿਲਦਾ। ਕਿਉਂਕਿ ਅਦਾਲਤਾਂ ਦਾ ਭੀ ਕਦੇ ਦਾ "ਹਿੰਦੂਕਰਣ" ਹੋ ਚੁੱਕਾ ਹੈ। ਕਾਨੂੰਨ ਦੀ ਤੱਕੜੀ ਦਾ ਤਰਾਜੂ ਹਮੇਸ਼ਾਂ ਹੀ ਇੱਕ ਪਾਸੇ ਝੁੱਕਿਆ ਹੋਇਆ ਹੁੰਦਾ ਹੈ। ਸਿੱਖਾਂ ਦੇ ਸਰਬਨਾਸ ਉੱਤੇ ਭੀ ਕਾਨੂੰਨ ਦੀ ਮੋਹਰ ਲਗਵਾ ਲਈ ਜਾਂਦੀ ਹੈ। ਇਉਂ ਕਹਿ ਲਈਏ ਕਿ ਸਿੱਖ ਕੌਮ ਇੱਕ ਵੱਡੇ ਜੇਹਲ ਖਾਨੇ ਵਿੱਚ ਬੰਦ ਹੈ। ਆਪਣੀ ਇੱਛਾ ਮੁਤਾਬਕ, ਇਹਨਾਂ ਤੋਂ ਗੁਲਾਮੀ ਕਰਵਾਈ ਜਾਂਦੀ ਹੈ। ਜਿਸ ਨੂੰ ਦਿਲ ਚਾਹੇ ਪਕੜ ਕੇ ਮੁਕਾਬਲਾ ਬਣਾਇਆ ਜਾ ਸਕਦਾ ਹੈ, ਫਾਂਸੀ ਦਾ ਫੰਧਾ ਗਲ ਵਿੱਚ ਪਾਇਆ ਜਾ ਸਕਦਾ ਹੈ। ਕਤਲਗਾਹ ਵਿੱਚ ਬੱਝਾ ਬੇਬਸ ਬੱਕਰਾ, ਜੇ ਜਾਨ ਬਖਸ਼ੀ ਦਾ ਤਰਲਾ ਕਰੇ ਭੀ, ਤਾਂ ਸਿਰਫ ਕਸਾਈ ਕੋਲ? ਕਸਾਈ ਰਹਿਮ ਦੀ ਅਪੀਲ ਪਰਵਾਨ ਕਰਦਿਆਂ ਕਤਲ ਕੀਤੇ ਜਾ ਰਹੇ ਜੀਵ ਨੂੰ ਲਾਈਨ ਵਿਚੋਂ ਬਾਹਰ ਕੱਢ ਕੇ, ਕੁੱਝ ਦਿਨ ਹੋਰ "ਖੁਸ਼ੀਆਂ ਮਾਨਣ ਦਾ" ਵਕਤ ਦੇ ਦੇਵੇ। ਇਸ ਦੇ ਟੋਕੇ ਦੀ ਮਾਰ ਵਿੱਚ ਕੋਈ ਅਗਲਾ ਪ੍ਰਾਣੀ ਆ ਜਾਵੇ।

ਸੰਨ '84 ਵਿੱਚ ਸਿੱਖਾਂ ਤੇ ਜੋ ਜ਼ੁਲਮ ਦੀ ਹਨੇਰੀ ਝੁੱਲੀ, ਉਸਨੂੰ ਕਦੀ ਭੀ ਬਿਆਨ ਨਹੀਂ ਕੀਤਾ ਜਾ ਸਕਦਾ। ਨਾ ਹੀ ਕਦੇ ਉਸਨੂੰ ਭੁਲਾਇਆ ਜਾ ਸਕੇਗਾ, ਤੇ ਇਹ ਜੁਲਮ ਕੀਤਾ ਭੀ ਆਪਣੀ ਸਰਕਾਰ ਨੇ। ਰਸਮੀ ਤੌਰ ਤੇ ਜਰਮਨ ਦੇ ਰਾਸ਼ਟਰਪਤੀ, ਹੈਲਮਟ ਕੋਲ ਨੇ ਕਈ ਸਾਲ ਹੋਏ, ਇਜ਼ਰਾਈਲ ਅਤੇ ਸਮੁੱਚੇ ਯਹੂਦੀਆਂ ਤੋਂ ਖੁੱਲ੍ਹੇ ਆਮ ਮੁਆਫੀ ਮੰਗੀ। ਜਾਪਾਨੀਆਂ ਨੇ ਭੀ ਸੰਸਾਰ ਵਿੱਚ ਕੀਤੀ ਤਬਾਹੀ ਲਈ ਮੁਆਫੀ ਮੰਗ ਲਈ। ਪਰ ਅਮ੍ਰੀਕਾ ਨੇ ਆਪਣੇ ਐਟਮ ਬੰਬਾਂ ਵੱਲੋਂ ਕੀਤੀ ਗਈ ਤਬਾਹੀ ਦੀ, ਅਜੇ ਤੱਕ ਮੁਆਫੀ ਨਹੀਂ ਮੰਗੀ। ਇਹਨਾਂ ਪਦ ਚਿੰਨਾਂ ਤੇ ਚਲਦਿਆਂ, ਭਾਰਤ ਦੇ ਹੈਂਕੜਬਾਜ ਹਾਕਮਾਂ ਵੱਲੋਂ ਭੀ ਸਿੱਖਾਂ ਤੇ ਕੀਤੇ ਜੁਲਮਾਂ ਲਈ ਮੁਆਫੀ ਨਹੀਂ ਮੰਗੀ ਗਈ। ਜਿਨ੍ਹਾਂ ਕਮੀਣੇ ਹਾਕਮਾਂ ਨੇ ਪੰਜਾਬ ਦੇ ਬੇਅੰਤ ਹੱਕਾਂ ਦੇ ਡਾਕਾ ਮਾਰਿਆ, ਸਾਂਤਮਈ ਸਤਿਆਗ੍ਰਹ ਵਿੱਚ ਲੱਖਾਂ ਸਿੱਖਾਂ ਨੇ ਗ੍ਰਿਫਤਾਰੀਆਂ ਦੇ ਕੇ ਜੇਹਲਾਂ ਭਰ ਦਿੱਤੀਆਂ, ਆਪਣੀ ਕੌਮ ਦੇ ਵਡੇਰਿਆਂ ਵੱਲੋਂ ਕੀਤੀਆਂ ਕੁਰਬਾਨੀਆਂ ਦੀ ਯਾਦ ਦਰਾਨੀ ਕਰਾਈ, ਸੰਵਿਧਾਨ ਵਿੱਚ ਸਿੱਖਾਂ ਦੀ "ਵੱਖਰੀ ਪਛਾਣ" ਹੀ ਖਤਮ ਕਰ ਦਿੱਤੀ ਗਈ ਹੈ, ਉਹਨਾਂ ਹੈਂਕੜਬਾਜ ਹੁਕਮਰਾਨਾ ਤੋਂ ਨਿਮਰਤਾ ਸਹਿਤ ਮੁਆਫੀ ਮੰਗਣ ਦੀ ਤਵੱਕੋ ਕਿਵੇਂ ਕੀਤੀ ਜਾ ਸਕਦੀ ਹੈ ? ਸਿੱਖਾਂ ਦੇ ਮੱਕਾਰ ਸਿੱਖ

ਆਗੂਆਂ ਨੇ, ਭਾਰਤ ਦੀ ਪਾਰਲੀਮੈਂਟ ਵਿੱਚ ਜਾਂ ਪੰਜਾਬ ਵਿਧਾਨ ਸਭਾ ਵਿੱਚ (ਵਿਰਲਿਆਂ ਇੱਕੜ ਦੁੱਕੜਾਂ ਨੂੰ ਛੱਡਕੇ) ਇਮਾਨਦਾਰੀ ਨਾਲ ਸਿੱਖਾਂ ਦੇ ਦਰਦ ਦਾ ਪੱਖ ਹੀ ਪੇਸ਼ ਨਹੀਂ ਕੀਤਾ। ਦਿੱਲੀ (ਹੋਰ ਸ਼ਹਿਰਾਂ ਦਾ ਜ਼ਿਕਰ ਕਰਨਾ ਸਿੱਖ ਲੀਡਰਾਂ ਵਿਸਾਰ ਹੀ ਦਿੱਤਾ ਹੈ) ਵਿੱਚ ਹੋਏ ਵਹਿਸ਼ੀ ਸਿੱਖ ਕਤਲਾਮ ਦੀ ਪੜਤਾਲ ਵਾਸਤੇ ਅਨੇਕ ਕਮਿਸ਼ਨ ਬਣ ਚੁੱਕੇ ਹਨ। “ਪੜਤਾਲ” ਕਰਦਿਆਂ ਨੇ ਵੀਹ ਸਾਲ ਗੁਜ਼ਾਰ ਦਿੱਤੇ ਹਨ। ਅਜੇ ਤੱਕ ਲੱਖਾਂ ਜਤਨਾ ਦੇ ਬਾਵਜੂਦ ਭੀ ਦੋਸ਼ੀਆਂ ਦਾ ਖੁਰਾ ਨਹੀਂ ਲੱਭਿਆ। ਸਿੱਖ ਜੰਤਾ ਭੋਲੀ ਹੈ ਤੇ ਲੀਡਰ ਲੋਲੇ, ਹਨ।

23 ਮਈ 04 ਵਾਲੇ ਦਿਨ ਇੱਕ ਸਿੱਖ ਸੂਰਤ ਵਾਲੇ, ਅਰਥ ਸ਼ਾਸਤਰ ਦੇ ਮਾਹਿਰ, ਸਵੱਛ ਜੀਵਨ ਵਾਲੇ ਡਾ. ਮਨਮੋਹਨ ਸਿੰਘ ਨੇ ਭਾਰਤ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦਾ ਹਲਫ ਲਿਆ। ਬਹੁਤ ਹੀ ਉਤਸ਼ਾਹ ਜਨਕ ਘਟਨਾ ਹੈ, ਕਿ ਇੱਕ ਦਾਹੜੀ ਕੇਸਾਂ ਵਾਲਾ, ਦਸਤਾਰਧਾਰੀ ਗੁਰੂ ਗ੍ਰੰਥ ਸਾਹਿਬ ਦੇ ਵਿਸ਼ਵਾਸ਼ ਰੱਖਣ ਵਾਲਾ ਸਿੱਖ, ਭਾਰਤ ਵਰਗੇ ਵਿਸ਼ਾਲ ਪਰ ਫਿਰਕੂ ਜ਼ਹਿਰ ਨਾਲ ਲਬਰੇਜ ਦੇਸ਼ ਦਾ ਪ੍ਰਧਾਨ ਮੰਤਰੀ ਬਣ ਸਕਿਆ ਹੈ। ਰਾਜਸੀ ਲਾਹਾ ਲੈਣ ਦੀ ਲਾਲਸਾ ਅਧੀਨ, ਆਪਣਾ ਨਾਮ ਅਖਬਾਰਾਂ ਵਿੱਚ ਛਪਿਆ ਵੇਖਣ ਦੀ ਗਰਜ ਅਧੀਨ, ਬਹੁਤ ਬਿਆਨ ਛਪ ਚੁੱਕੇ ਹਨ। ਮਣਾ ਮੂੰਹੀ ਕਾਗਜ ਕਾਲੇ ਕੀਤੇ ਜਾ ਚੁੱਕੇ ਹਨ, ਲੋੜੀਂਦਾ ਸਾਰਥਕ ਨਤੀਜਾ ਕੋਈ ਨਹੀਂ ਪ੍ਰਾਪਤ ਹੋਇਆ। ਸਮੇਂ ਸਮੇਂ ਤੇ ਵਿਅਕਤੀਆਂ ਅਤੇ ਜਥੇਬੰਦੀਆਂ ਵੱਲੋਂ ਅਖਬਾਰੀ ਮੰਗ ਕੀਤੀ ਗਈ – ਦਰਬਾਰ ਸਾਹਿਬ ਤੇ ਕੀਤੇ ਗਏ ਵਹਿਸ਼ੀ ਨੀਲਾ ਤਾਰਾ ਸਾਕੇ ਲਈ, ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਪਾਰਲੀਮੈਂਟ ਵਿੱਚ ਮੁਆਫੀ ਮੰਗੇ। ਉਹ ਸੰਸਾਰ ਤੋਂ ਕੂਚ ਕਰ ਗਈ ਮੁਆਫੀ ਮੰਗਣ ਦੀ ਥਾਂ ਮਰਕੇ ਭੀ, ਬਹੁਤ ਸਾਰੇ ਸਿੱਖਾਂ ਨੂੰ ਮਰਵਾ ਗਈ। ਉਸਦਾ ਪੁੱਤਰ ਰਾਜੀਵ ਮਾਂ ਵਾਲੀ ਗੱਦੀ ਤੇ ਬੈਠਾ। ਉਸਨੇ ਸਿੱਖ ਕਤਲਾਮ ਤੇ “ਅਫਸੋਸ” ਕਰਨ ਦੀ ਥਾਵੇਂ ਮੀਡੀਏ ਰਾਹੀਂ ਆਪਣੇ ਵਰਕਰਾਂ ਨੂੰ ਸੰਦੇਸ਼ ਦਿਤ – “ਜਬ ਬੜਾ ਪੇੜ ਗਿਰਤਾ ਹੈ ਤੋ ਧਰਤੀ ਕਾਂਪਤੀ ਹੀ ਹੈ।” ਸਿੱਖਾਂ ਵਿਰੁੱਧ ਜ਼ਹਿਰ ਉਗਲ ਕੇ, ਰਾਜੀਵ ਨੂੰ ਦੇਸ਼ ਵਿੱਚ ਹੂੰਝਾ ਫੇਰੂ ਜਿੱਤ ਪ੍ਰਾਪਤ ਹੋਈ। ਉਹ ਕਿਉਂ ਮੁਆਫੀ ਮੰਗੇ ? ਰਾਜੀਵ ਦੇ ਕਤਲ ਹੋ ਜਾਣ ਤੋਂ ਬਾਅਦ, ਕਈ ਪ੍ਰਧਾਨ ਮੰਤਰੀ ਆਏ ਤੇ ਚਲੇ ਗਏ। ਮੁਆਫੀ ਵਾਲਾ ਮਗਰਮੱਛ ਦਾ ਹੰਝੂ ਭੀ ਕਿਸੇ ਦੀ ਅੱਖ ਵਿੱਚੋਂ ਨਾ ਡਿੱਗਿਆ। ਕੇਂਦਰ ਵਿੱਚ ਕਾਂਗਰਸ ਦੀਆਂ “ਅਨੀਤੀਆਂ” ਕਾਰਨ ਭਾਜਪਾ ਦੀ ਗਠਜੋੜ ਸਰਕਾਰ ਸੱਤਾ ਤੇ ਕਾਬਜ ਹੋ ਗਈ। ਪੰਜਾਬ ਵਿੱਚ ਕਾਂਗਰਸ ਸਰਕਾਰ ਵੱਲੋਂ ਖ਼ੂਨ ਦੇ ਦਰਿਆ ਵਹਾਏ ਗਏ। ਜੁਲਮ ਦੀ ਕਾਲੀ ਬੋਲੀ ਹਨੇਰੀ ਵਿੱਚ, ਪੰਜਾਬ ਦਾ ਆਮ ਕਰਕੇ ਅਤੇ ਸਿੱਖਾਂ ਦਾ ਖਾਸ ਕਰਕੇ, ਸੱਭ ਕੁੱਝ ਉੱਡ ਗਿਆ। ਇਸੇ ਲੰਮੇ ਸੰਤਾਪ ਤੋਂ ਬਾਅਦ

ਬਾਦਲ ਅਕਾਲੀ ਦਲ ਪਾਰਟੀ ਨੂੰ ਪੰਜਾਬ ਵਾਸੀਆਂ ਨੇ ਰਾਜਗੱਦੀ ਸੌਂਪ ਦਿੱਤੀ। ਪੰਜਾਬ ਵਿੱਚੋਂ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੇ, ਲੋਕ ਸਭਾ ਮੈਂਬਰ, ਵਾਜਪਾਈ ਸਰਕਾਰ ਨੂੰ, ਬਿਨਾਂ ਸ਼ਰਤ ਹਮਾਇਤ ਤਾਂ ਦਿੰਦੇ ਰਹੇ ਪਰ "ਆਪਣਾ ਜਾਣਕੇ" ਵਾਜਪਾਈ ਸਰਕਾਰ ਤੋਂ ਪੰਜਾਬ ਦਾ ਇੱਕ ਭੀ ਮਸਲਾ ਹੱਲ ਨਾਂ ਕਰਵਾ ਸਕੇ। ਦਰਬਾਰ ਸਾਹਿਬ ਦੇ ਹਮਲੇ ਲਈ ਮੁਆਫੀ ਵਾਲਾ ਨਾਟਕ ਭੀ ਨਾ ਕਰਵਾ ਸਕੇ। ਖੁਦ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਦੀਆਂ ਜਿਨ੍ਹਾਂ ਮੰਗਾਂ ਲਈ ਮੋਰਚੇ ਲਾਏ ਸਨ, ਸਿੱਖਾਂ ਨੂੰ ਬਹੁਤਵਾਰ ਪੁਲਸ ਤੋਂ ਕੁਟਵਾਇਆ ਸੀ। ਲੰਮੀਆਂ ਨਜਰਬੰਦੀਆਂ ਝੱਲੀਆਂ ਸਨ। ਉਹੀ ਬਾਦਲ ਸਾਹਿਬ ਪੰਜ ਸਾਲ ਤੱਕ ਮੁੱਖ ਮੰਤਰੀ ਦੀ ਕੁਰਸੀ ਤੇ ਬੈਠ ਕੇ, ਬੜੀ ਬੇਦਰਦੀ ਨਾਲ ਸਭ ਕੁੱਝ ਭੁੱਲ ਗਿਆ। ਆਪਣੇ ਪਿਆਰੇ ਵਾਜਪਾਈ ਤੋਂ ਕੋਈ ਮੰਗ ਮਨਵਾਉਣੀ ਤਾਂ ਦੂਰ ਰਹੀ, ਪੰਜਾਬ ਦੀਆਂ ਮੰਗਾਂ ਵਾਸਤੇ ਜੁਬਾਨ ਤੱਕ ਨਾਂ ਹਿਲਾਈ। ਪੰਜਾਬ ਸਰਕਾਰ ਦੀ ਮਿਆਦ ਪੁੱਗ ਜਾਣ ਦੇ, ਆਖਰੀ ਦਿਨਾਂ ਵਿੱਚ, ਪੰਜਾਬ ਵਿਧਾਨ ਸਭਾ ਅੰਦਰ ਰਸਮੀ ਜਿਹੇ ਢੰਗ ਨਾਲ "ਦਰਬਾਰ ਸਾਹਿਬ ਤੇ ਹੋਏ ਫੌਜੀ ਹਮਲੇ ਦੀ ਨਿਖੇਧੀ" ਕੀਤੀ ਗਈ। ਕਈ ਵਾਰ ਬੀਬੀ ਸੋਨੀਆ ਗਾਂਧੀ ਨੂੰ ਮੁਆਫੀ ਮੰਗਣ ਲਈ ਪ੍ਰੇਰਤ ਕਰਨ ਵਾਲੇ ਬਿਆਨ ਆਉਂਦੇ ਰਹੇ। ਹੁਣ ਤਾਜਾ ਸਥਿਤੀ ਇਹ ਆਣ ਢੁੱਕੀ ਪਈ ਦੇਸ ਦਾ "ਸਿੱਖ" ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਰਬਾਰ ਸਾਹਿਬ ਤੇ ਹੋਏ ਫੌਜੀ ਹਮਲੇ ਲਈ, ਸਿੱਖ ਪੰਥ ਕੋਲੋਂ ਮੁਆਫੀ ਮੰਗੇ।

ਹੁਣ ਇੱਕ ਵਾਰੀ ਸੁਰਤੀ ਬਿਰਤੀ ਫਿਰ ਪਿਛਾਂਹ ਨੂੰ ਮੋੜ ਲਈਏ; ਜਿਨਾਂ ਅਕਾਲੀ ਲੀਡਰਾਂ ਨੇ ਦਰਬਾਰ ਸਾਹਿਬ ਪ੍ਰੀਸਿਰ ਸਮੇਤ, ਸਮੁੱਚੇ ਗੁਰਦਵਾਰਿਆਂ ਨੂੰ ਧਰਮ ਪ੍ਰਚਾਰ ਦੇ ਕੇਂਦਰ ਬਣਾਉਣ ਦੀ ਥਾਵੇਂ, ਮਨੁੱਖਤਾ ਦੀ ਸੇਵਾ ਵਿੱਚ ਤਤਪਰ ਹੋਣ ਦੀ ਥਾਂਵੇ, ਬੇਈਮਾਨੀ ਦੇ ਰਾਜਸੀ ਅਖਾੜੇ ਬਣਾ ਧਰਿਆ। ਇਹਨਾਂ ਪਵਿੱਤਰ ਅਸਥਾਨਾਂ ਤੋਂ ਰਾਜਸੀ ਲਾਹਾ ਲੈਣ ਵਾਸਤੇ, ਹਰ ਰੋਜ ਕੂੜ ਕੁਫਰ ਸ਼ਰਧਾਲੂਆਂ ਅੰਦਰ ਠੋਸਿਆ ਗਿਆ। ਪਵਿੱਤਰ ਧਰਮ ਅਸਥਾਨਾਂ ਦੀ ਦੁਰਵਰਤੋਂ ਕਰਦਿਆਂ ਅਕਾਲੀ ਆਗੂਆਂ ਨੇ, ਜੋ ਅਪਮਾਨ ਖੁਦ ਗੁਰਦਵਾਰਿਆਂ ਦਾ ਕੀਤਾ ਹੈ, ਕਦੀ ਉਸਨੂੰ ਯਾਦ ਕਰਕੇ ਖਾਲਸਾ ਪੰਥ ਅਤੇ ਸਤਿਗੁਰੂ ਜੀ ਕੋਲੋਂ ਮੁਆਫੀ ਮੰਗਣ ਦੀ ਦਲੇਰੀ ਕਰ ਸਕਣਗੇ ? ਜਿਨ੍ਹਾ ਲੋਕਾਂ ਨੇ ਪਾਵਨ ਗੁਰਧਾਮਾਂ ਨੂੰ ਜੰਗ ਦੇ ਅਖਾੜੇ ਬਣਾਇਆ, ਅੰਦਰ ਮੋਰਚੇ ਬੰਦੀਆਂ ਕੀਤੀਆਂ, ਕੀ ਉਹ ਲੋਕ ਭੀ ਸਤਿਗੁਰੂ ਜੀ ਤੋਂ ਕਦੀ ਖਿਮਾ ਜਾਚਨਾ ਕਰਨਗੇ ? ਜਿਨਾਂ ਅਖੌਤੀ ਖਾੜਕੂਆਂ ਨੇ ਦਰਬਾਰ ਸਾਹਿਬ ਦੇ ਅੰਦਰ, ਮਾਰੂ ਹਥਿਆਰ ਇਕੱਠੇ ਕੀਤੇ, ਟ੍ਰੇਨਿੰਗ ਸੈਂਟਰ ਬਣਾ ਕੇ ਭੋਲੇ ਨੌਜਵਾਨਾਂ ਨੂੰ ਖੂਨ ਦੀ ਹੋਲੀ ਖੇਡਣ ਦੀ ਸਿਖਲਾਈ ਦਿੱਤੀ, ਕੀ ਉਹਨਾਂ ਦੇ ਵਾਰਿਸ ਸਤਿਗੁਰੂ ਤੋਂ ਕੀਤੇ ਦੀ ਮੁਆਫੀ ਮੰਗ ਸਕਣਗੇ ? ਜਿਨਾਂ ਅਕਾਲੀ ਲੀਡਰਾਂ ਨੇ ਖੁਦ ਸਮੇਂ ਦੀ ਪ੍ਰਧਾਨ ਮੰਤਰੀ

ਨੂੰ ਪੰਜਾਬ ਵਿੱਚ ਫੌਜ ਭੇਜਣ ਦੀ, ਦਰਬਾਰ ਸਾਹਿਬ ਵਿੱਚੋਂ ਖਾੜਕੂ ਕੱਢਣ ਦੀ ਬੇਨਤੀ ਕੀਤੀ ਸੀ, ਕੀ ਉਹ ਭੀ ਕਦੇ ਸਤਿਗੁਰੂ ਜੀ ਅੱਗੇ ਸੀਸ ਝੁਕਾ ਕੇ ਖਿਮਾ ਲਈ ਤਰਲਾ ਕਰਨਗੇ ? ਜਿਨਾਂ ਲੀਡਰਾਂ ਅਕਾਲ ਤਖਤ ਤੇ ਗੁਰੂ ਨੂੰ ਹਾਜਰ ਨਾਜਰ ਜਾਣਕੇ, ਮਰ ਮਿਟਣ ਦੀਆਂ ਕਸਮਾਂ ਖਾਧੀਆਂ ਸਨ, ਸਿੱਖ ਸਰਧਾਲੂਆਂ ਦੀਆਂ ਲਾਸ਼ਾਂ ਨੂੰ, ਪੈਰਾਂ ਹੇਠ ਰੋਲਦੇ ਬਾਹਵਾਂ ਖੜੀਆਂ ਕਰਕੇ, ਸਹੀ ਸਲਾਮਤ ਜਾਨ ਬਚਾਕੇ, ਕੀਤੇ ਕੌਲ ਵਿਸਾਰ ਕੇ, ਸਰਕਾਰੀ ਗੱਡੀਆਂ ਵਿੱਚ ਬੈਠ ਕੇ ਗੈਸਟ ਹਾਉਸਾਂ ਵਿੱਚ "ਕੈਦੀ" ਬਣ ਗਏ। ਕੀ ਇਹਨਾਂ ਪਾਪ ਕਰਮਾਂ ਲਈ ਸਤਿਗੁਰੂ ਜੀ ਤੋਂ ਮੁਆਫੀ ਮੰਗਣ ਵਾਸਤੇ ਉਹਨਾਂ ਦੀ ਮਰ ਚੁੱਕੀ ਜਮੀਰ ਕਦੀ ਅੰਗੜਾਈ ਲਵੇਗੀ ? ਜਿਨਾਂ ਮੁੱਖ ਗ੍ਰੰਥੀਆਂ ਅਤੇ ਵੱਡੇ ਜੱਥੇਦਾਰਾਂ ਦੀ ਜ਼ਿੰਮੇਵਾਰੀ "ਮਰਿਆਦਾ ਨੂੰ ਕਾਇਮ ਰੱਖਣ" ਦੀ ਸੀ। ਉਹ ਆਪਣੀ ਜਿੰਮੇਵਾਰੀ ਤੋਂ ਮੂੰਹ ਮੋੜ ਗਏ, ਦਰਬਾਰ ਸਾਹਿਬ ਅੰਦਰ ਧਰਮ ਤੋਂ ਉਲਟ ਮੰਦ ਕਰਤੂਤਾਂ ਹੁੰਦੀਆਂ ਵੇਖਕੇ ਭੀ ਜ਼ੁਬਾਨ ਨਾ ਖੋਹਲ ਸਕੇ। ਕਦੀ ਉਹ ਮਹਾਂ ਪੁਜਾਰੀ ਭੀ, ਸਤਿਗੁਰੂ ਜੀ ਤੋਂ, ਨਿਮਰਤਾ ਸਹਿਤ ਮੁਆਫੀ ਮੰਗਣਗੇ ? ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਸਰਕਾਰੀ ਮੁਲਾਜਮਾਂ ਅਤੇ ਸਿੱਖ ਫੌਜੀਆਂ ਨੂੰ ਬੈਰਕਾਂ ਛੱਡਣ ਲਈ ਉਕਸਾਇਆ। ਜਿਸ ਕਾਰਨ ਬੇਅੰਤ ਫੌਜੀ ਵੀਰ ਲੇਖੇ ਲੱਗ ਗਏ। ਲੰਮੀਆਂ ਕੈਦਾਂ ਕੱਟੀਆਂ, ਤਸੀਹੇ ਝੱਲੇ। ਉਸੇ ਸ੍ਰ: ਬਾਦਲ ਨੇ ਮੁੱਖ ਮੰਤਰੀ ਬਣਕੇ, ਫੌਜੀਆਂ ਅਤੇ ਸਿੱਖ ਹੱਕਾਂ ਦੀ ਪੈਰਵਈ ਨਾ ਕੀਤੀ। ਕੀ ਸ੍ਰ: ਬਾਦਲ ਕਦੀ ਇਹਨਾਂ ਘੋਰ ਪੰਥ ਦੋਖੀ ਕੰਮਾਂ ਕਾਰਨ ਸਤਿਗੁਰੂ ਜੀ ਤੋਂ ਰਹਿਮ ਦੀ ਅਪੀਲ ਕਰਨਗੇ ? ਸ਼੍ਰੋਮਣੀ ਕਮੇਟੀ ਮੈਂਬਰ, ਆਪਣੀ ਜ਼ਮੀਰ ਨੂੰ ਤਿਲ ਤਿਲ ਕਤਲ ਹੁੰਦਾ ਸਹਿੰਦੇ ਹੋਏ, ਧਰਮ ਪ੍ਰਚਾਰ ਦੀ ਸੇਵਾ ਨਿਭਾਉਣ ਦੀ ਥਾਵੇਂ, ਧਰਮ ਤੋਂ ਉਲਟ ਮੰਦ ਕਰਤੂਤਾਂ ਕਰਦੇ ਵੇਖੀਦੇ ਹਨ। ਬੜੀ ਬੇਦਰਦੀ ਨਾਲ "ਗੁਰੂ ਕੀ ਗੋਲਕ" ਨੂੰ ਨਿੱਜੀ ਐਸ਼ ਪ੍ਰਸਤੀ ਲਈ, ਅਤੇ ਰਾਜਸੀ ਕੁਰਸੀਆਂ ਦੀ ਪ੍ਰਾਪਤੀ ਲਈ ਬਰਬਾਦ ਕਰਦੇ ਅਤੇ ਕਰਾਉਣ ਦੇ ਭਾਗੀਦਾਰ ਬਣਦੇ ਹਨ। ਕੀ ਅਜਿਹੇ ਸ਼੍ਰੋਮਣੀ ਕਮੇਟੀ ਮੈਂਬਰ ਕਦੀ ਬੇ ਹੋਸ਼ ਹੋ ਚੁੱਕੀ ਆਤਮਾ ਨੂੰ ਜਗਾਉਣ ਦੀ ਖੇਚਲ ਕਰਨਗੇ ? ਕਦੀ ਸਤਿਗੁਰੂ ਜੀ ਅੱਗੇ ਹੱਥ ਜੋੜਕੇ, ਨਿਮਰਤਾ ਸਹਿਤ ਮੁਆਫੀ ਲਈ ਅਰਦਾਸ ਕਰਨਗੇ ? ਨਿਤ ਦਿਨ ਵਫਾਦਾਰੀਆਂ ਬਦਲਦੇ, ਸਿੱਖ ਸਿਆਸੀ ਲੀਡਰ, ਮੱਕਾਰੀ ਭਰੇ ਬਿਆਨ ਦੇਣੋ ਬਾਜ ਆਉਣਗੇ ? ਫਰੇਬ ਨੂੰ ਤਿਲਾਂਜਲੀ ਦੇ ਕੇ, ਸੱਚ ਦੇ ਪਹਿਰੇਦਾਰ ਬਨਣਗੇ ? ਸਿੱਖੀ ਸਰੂਪ ਵਿੱਚ ਅਣਗਿਣਤਵਾਰ ਛਲ ਨਾਟਕ ਕਰਨ ਵਾਲੇ, ਕਦੀ ਆਪਣੀਆਂ "ਪੱਥਰ ਅੱਖਾਂ" ਵਿੱਚੋਂ ਪਛਤਾਵੇ ਦੇ ਦੋ ਹੰਝੂ ਕੇਰ ਸਕਣਗੇ ? ਪੱਥਰ ਵਰਗੇ ਦਿਲ ਵਿਚੋਂ ਅਰਦਾਸ ਦੀ ਤੜਪ ਪੈਦਾ ਹੋਵੇਗੀ ? ਮੁਆਫੀ ਮੰਗਣ ਦੀ ਹਿੰਮਤ ਕਰ ਸਕਣਗੇ ਇਹ ਪਾਪ ਦੇ ਪੂਤਲੇ ?

ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਡਾ. ਮਨਮੋਹਨ ਸਿਘ ਨੂੰ ਸਿੱਖ ਭਰਾ ਹੋਣ ਦੇ ਨਾਤੇ ਦਿੱਲੀ ਵਿੱਚ ਉਹਨਾਂ ਦੇ ਨਿਵਾਸ ਸਥਾਨ ਤੇ ਜਾਕੇ ਵਧਾਈ ਦਿੱਤੀ ਹੈ। ਅਕਾਲ ਤਖ਼ਤ ਦੇ ਜੱਥੇਦਾਰ ਦੀ ਜਿੰਮੇਵਾਰੀ ਖੁੱਦ ਹੀ ਸੰਭਾਲਦੇ ਹੋਏ, ਇਹ ਬਿਆਨ ਭੀ ਦਾਗ ਦਿੱਤਾ ਕਿ ਦਰਬਾਰ ਸਾਹਿਬ ਆਉਣ ਤੇ ਪ੍ਰਧਾਨ ਮੰਤਰੀ ਸਾਹਿਬ ਨੂੰ ਸਿਰੋਪਾਉ ਭੀ ਦਿੱਤਾ ਜਾਵੇਗਾ। ਜੇ ਡਾ. ਮਨਮੋਹਨ ਸਿੰਘ ਸਿੱਖ ਵੀਰ ਹੈ, ਤਾਂ ਘੱਟ ਗਿਣਤੀ ਗਠਜੋੜ ਵਾਲੀ ਮਨਮੋਹਨ ਸਿੰਘ ਸਰਕਾਰ ਨੂੰ, ਬਾਦਲ ਦਲ ਬਿਨਾ ਸ਼ਰਤ ਨਾ ਸਹੀ, ਕੁੱਝ ਸ਼ਰਤਾਂ ਨਾਲ ਹੀ ਸਹੀ, ਸਮਰਥਨ ਕਿਉਂ ਨਹੀਂ ਦਿੰਦਾ ? ਵਾਜਪਾਈ ਅਤੇ ਅਡਵਾਨੀ ਦੀ RSS ਦੀ ਫਿਰਕੂ ਸੋਚ ਨੂੰ ਬਾਦਲ ਬਿਨਾ ਸ਼ਰਤ ਹਮਾਇਤ ਦਿੰਦਾ ਰਿਹਾ। ਸਿੱਖ ਭਰਾ ਮਨਮੋਹਨ ਸਿੰਘ ਉਹਨਾਂ ਨਾਲੋਂ ਜ਼ਿਆਦਾ ਬੁਰਾ ਤਾਂ ਨਹੀਂ ਹੈ ? ਦਰਬਾਰ ਸਾਹਿਬ ਤੇ ਕੀਤਾ ਹਮਲਾ ਅਤਿਅੰਤ ਘਿਨਾਉਣੀ ਕਾਰਵਾਈ ਸੀ। ਉਸ ਲਈ ਭਾਰਤ ਸਰਕਾਰ ਨੂੰ ਮੁਆਫੀ ਭੀ ਮੰਗਣੀ ਚਾਹੀਦੀ ਹੈ, ਅਤੇ ਬਰਬਾਦ ਹੋਏ ਪੰਜਾਬ ਨੂੰ ਆਬਾਦ ਕਰਨ ਲਈ, ਠੋਸ ਕਦਮ ਭੀ ਚੁੱਕਣੇ ਚਾਹੀਦੇ ਹਨ। ਉੱਜੜੇ ਪ੍ਰਵਾਰਾਂ ਨੂੰ ਵਸਾਉਣ ਦੇ ਪੁਖਤਾ ਪ੍ਰਬੰਧ ਭੀ ਕਰਨੇ ਚਾਹੀਦੇ ਹਨ। ਪੰਜਾਬ ਸਿਰ **"ਜੰਗੀ ਜੁਰਮਾਨੇ"** ਦੇ ਤੌਰ ਤੇ ਠੋਸਿਆਂ ਗਿਆ ਕਰਜਾ ਭੀ ਮੁਆਫ ਕਰਨਾ ਚਾਹੀਦਾ ਹੈ। ਕੇਂਦਰ ਵਿੱਚ ਭਾਈਵਾਲ ਰਹਿਕੇ ਸ: ਬਾਦਲ ਨੇ ਵਾਜਪਾਈ ਤੋਂ ਨਾ ਮੁਆਫੀ ਮੰਗਵਾਈ, ਨਾ ਪੰਜਾਬ ਦਾ ਕਰਜਾ ਮੁਆਫ ਕਰਵਾਇਆ। ਮਨਮੋਹਨ ਸਿਘ ਜੀ ਸਰਕਾਰੀ ਤੌਰ ਤੇ ਅਫਸੋਸ ਪ੍ਰਗਟ ਕਰ ਦੇਣ ਤਾਂ ਬਹੁਤ ਅੱਛੀ ਬਾਤ ਹੈ। ਪਰ ਕੀ ਸ੍ਰੀ ਬਾਦਲ ਅਤੇ ਉਸਦੇ ਅਕਾਲੀ (?) ਵਜੀਰ, ਲੀਡਰ, ਸੰਗੀ ਸਾਥੀ ਸਿੱਖਾਂ ਦੇ ਹੋਏ ਘਾਣ ਲਈ ਮੁਆਫ਼ੀ ਮੰਗਣਗੇ ? ਗੁਰੂ ਸਨਮੁਖ ਪਸਚਾਤਾਪ ਕਰਨਗੇ ? ਜਥੇਦਾਰ ਇਸ ਤਰ੍ਹਾਂ ਕਰਵਾ ਸਕਣਗੇ ?

**ਜੇ ਮਾਉ ਪੁਤੈ ਵਿਸੁ ਦੇ ਤਿਸ ਤੇ ਕਿਸੁ ਪਿਆਰਾ॥**
**ਜੇ ਘਰੁ ਭੰਨੇ ਪਾਹਰੂ ਕਉਣੁ ਰਖਣਹਾਰਾ॥**
**ਬੇੜੀ ਡੋਬੈ ਪਾਤਣੀ ਕਿਉ ਪਾਰਿਉਤਾਰਾ॥**
**ਆਗੂ ਲੈ ਉਝੜਿ ਪਵੈ ਕਿਸੁ ਕਰੇ ਪੁਕਾਰਾ॥**
**ਜੇ ਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ॥**
**ਜੇ ਗੁਰ ਭਰਮਾਏ ਸਾਗ ਕਰਿ ਕਿਆ ਸਿਖੁ ਵਿਚਾਰਾ॥** ਵਾਰ 35/22 ਭਾ.ਗੁ.

# 400 ਸਾਲਾ ਕਾਰਜ ਤੇ ਜਥੇਦਾਰਾਂ ਦਾ ਕਿਰਦਾਰ

ਸਤਿਗੁਰੂ ਗ੍ਰੰਥ ਸਾਹਿਬ ਜੀ ਵਿੱਚ ਅਨੰਤ ਅਨਮੋਲ ਖਜਾਨੇ ਹਨ। ਪ੍ਰਮਾਤਮਾ ਦੀ ਲਾਸ਼ਰੀਕ ਵਾਹਦ ਹਸਤੀ ਬਾਰੇ ਮੁਕੰਮਲ ਨਿਰੂਪਣ ਹੈ। ਸ੍ਰਿਸ਼ਟੀ ਰਚਨਾ ਬਾਰੇ, ਇਸ ਦੀ ਕਾਰਜ ਵਿਧੀ ਬਾਰੇ, ਪ੍ਰਗਟ ਹੋਣ ਤੋਂ ਲੈ ਕੇ ਪਰਲੋ ਤੱਕ ਦੇ ਸਫ਼ਰ ਬਾਰੇ, ਬੇਸ਼ਕੀਮਤੀ ਵਿਚਾਰ ਮਨੁੱਖ ਮਾਤਰ ਨੂੰ ਮਿਲਦੇ ਹਨ। ਮਨੁੱਖ ਦੇ ਜਨਮ ਤੋਂ ਲੈ ਕੇ ਬਾਲਪਨ, ਜੁਆਨੀ, ਬੁਢਾਪਾ ਤੇ ਮੌਤ ਬਾਰੇ, ਤੱਤਸਾਰ ਮੌਜੂਦ ਹਨ। ਜ਼ਿੰਦਗੀ ਕਿਵੇਂ ਬਤੀਤ ਕੀਤੀ ਜਾਵੇ ਸਮਾਜ ਵਿੱਚ ਰਹਿੰਦਿਆਂ ਦੂਜਿਆਂ ਨਾਲ ਕਿਹੋ ਜਿਹਾ ਵਰਤਾਅ ਕੀਤਾ ਜਾਵੇ, ਇਸ ਬਾਰੇ ਮੁਕੰਮਲ ਸੇਧ ਮਿਲਦੀ ਹੈ। ਸਮਾਜ ਨੂੰ ਚਲਾਉਣ ਵਾਸਤੇ ਰਾਜ ਪ੍ਰਬੰਧ ਕਿਹੋ ਜਿਹਾ ਹੋਵੇ, ਰਾਜ ਕੋਪ ਤੋਂ ਆਜ਼ਾਦੀ ਕਿਵੇਂ ਹਾਸਲ ਕੀਤੀ ਜਾਵੇ, ਰਾਜੇ ਦਾ ਕਿਰਦਾਰ ਵਿਹਾਰ ਕਿਸ ਤਰ੍ਹਾਂ ਦਾ ਹੋਵੇ, ਗੁਰਬਾਣੀ ਵਿੱਚੋਂ ਅਗਵਾਈ ਮਿਲਦੀ ਹੈ। ਰਿਸ਼ਤੇ ਨਾਤੇ, ਪ੍ਰਵਾਰਿਕ ਜਿੰਮੇਵਾਰੀਆਂ, ਔਰਤ ਮਰਦ ਦਾ ਰੁਤਬਾ ਕਿਹੋ ਜਿਹਾ ਹੋਵੇ, ਸਮਰੱਥ ਗੁਰੂ ਜੀ ਰਾਹ ਦੱਸਦੇ ਹਨ। ਹਿੰਮਤ ਉਦਮ, ਰੱਬ ਤੇ ਵਿਸ਼ਵਾਸ, ਅਰਦਾਸ ਕਦੋਂ ਤੇ ਕਿਸ ਅੱਗੇ ਕਰਨੀ ਹੈ, ਅਰਦਾਸ ਦੀ ਮੂਲ ਭਾਵਨਾ ਕੀ ਹੋਣੀ ਚਾਹੀਦੀ ਹੈ, ਸ਼ਬਦ ਗੁਰੂ ਮਾਰਗ ਰੁਸ਼ਨਾ ਰਹੇ ਹਨ। ਇੱਕ ਮਹਾਨ ਹਸਤੀ ਪਰਮੇਸ਼ਰ ਨੂੰ ਮੰਨਦਿਆਂ, ਜਿਵੇਂ ਭਰਮਜਾਲ ਨੂੰ ਤੋੜ ਸੁੱਟਣਾ ਹੈ, ਧਰਮ ਦੇ ਨਾਮ ਤੇ ਕੀਤੇ ਜਾ ਰਹੇ ਧੋਖੇ ਫਰੇਬ ਤੇ ਲੁੱਟ ਤੋਂ ਕਿਵੇਂ ਸੁਰੱਖਿਅਤ ਜੀਵਨ ਬਿਤਾਉਣਾ ਹੈ, ਸਾਹਿਬ ਬਾਣੀ ਦੁਆਰਾ ਦੱਸ ਪਾ ਗਏ ਹਨ। ਭਗਤੀ ਕਿਵੇਂ ਕਰਨੀ ਹੈ, ਨਾਮ ਕਿਵੇਂ ਜਪਣਾ ਹੈ, ਕਿਰਤ ਕਮਾਈ ਕਿਹੋ ਜਿਹੀ ਕਰਨੀ ਹੈ, ਵੰਡ ਕੇ ਕਿਵੇਂ ਛਕਣਾ ਹੈ, ਸਤਿਗੁਰੂ ਜੀ ਬਖਸ਼ਿਸ਼ ਕਰਕੇ ਸਦਾ ਸਮਝਾਉਂਦੇ ਹਨ। ਜੁਲਮ ਦਾ ਖਾਤਮਾ ਕਰਕੇ, ਬਿਮਾਰੀਆਂ, ਭੁਖਮਰੀ, ਜਾਤੀ ਵਿਤਕਰੇ ਤੇ ਨਫਰਤ ਦਾ ਬੀਜ ਨਾਸ ਕਰਕੇ "ਸਭੇ ਸਾਂਝੀਵਾਲ ਸਦਾਇਨਿ" ਦਾ ਸਮੂੰਹ ਗੀਤ ਗਾਉਂਦਿਆਂ "ਬੇਗਮਪੁਰੇ" ਦੇ ਵਾਸੀ ਬਣਕੇ ਸਮੁੱਚੀ ਧਰਤੀ ਨੂੰ "ਧਰਮਸਾਲ" ਬਣਾਉਣ ਦੀ ਕੁੰਜੀ, ਗੁਰੂ ਗ੍ਰੰਥ ਸਾਹਿਬ ਵਿੱਚ ਵਿਰਾਜਮਾਨ ਹੈ। ਸੁਲਝੇ ਹੋਏ ਸਿੱਖ ਵਿਦਵਾਨ ਡਾ. ਤਾਰਨ ਸਿੰਘ ਜੀ ਲਿਖਦੇ ਹਨ ਕਿ "ਗੁਰੂ ਗ੍ਰੰਥ ਸਾਹਿਬ ਬਾਰੇ ਫੌਰੀ ਤੌਰ ਤੇ ਲੱਗਭਗ ਇੱਕ ਸੌ ਪੁਸਤਕਾਂ ਲਿਖੀਆਂ ਜਾ ਸਕਦੀਆਂ ਹਨ। ਨਾਵਾਂ ਥਾਵਾਂ ਦੇ ਕੋਸ਼, ਇਲਾਕਿਆਂ ਬੋਲੀਆਂ ਦੇ, ਪਸ਼ੂ ਪੰਛੀਆਂ ਦੇ, ਰਾਗਾਂ ਰਾਗਣੀਆਂ ਦੇ, ਗੁਰਬਾਣੀ ਰਚਣਵਾਲੇ ਮਹਾਪੁਰਖਾਂ ਦੇ ਜੀਵਨ ਬਾਰੇ, ਬਾਣੀ ਉਚਾਰਣ ਦੇ, ਵਿਆਕਰਣ ਨਿਅਮਾਂ ਦੇ, ਸ਼ਬਦ ਅਰਥਾਂ ਤੇ ਭਾਵ ਅਰਥਾਂ ਦੇ, ਸਿੱਖ ਧਰਮ ਫਿਲਾਸਫੀ ਦੇ....ਬੇਅੰਤ ਵਿਸ਼ਿਆਂ ਬਾਰੇ ਗ੍ਰੰਥ ਅਤੇ ਕੋਸ਼ ਲਿਖੇ

ਜਾਣੇ ਚਾਹੀਦੇ ਹਨ।”

ਸਕੂਲਾਂ ਕਾਲਜਾਂ ਵਿੱਚ ਗੁਰਮਤਿ ਪੜਾਉਣ ਵਾਸਤੇ, ਵਿਦਿਆਰਥੀਆਂ ਦੀ ਉਮਰ ਵੰਡ ਅਨੁਸਾਰ ਸਲੇਬਸ ਤਿਆਰ ਕੀਤਾ ਜਾਣਾ ਚਾਹੀਦਾ ਹੈ। ਧਰਮ ਪ੍ਰਚਾਰਕਾਂ ਦੀ ਸਿੱਖਿਆ ਲਈ ਉੱਚ ਪਾਏ ਦੇ ਮਿਸ਼ਨਰੀ ਕਾਲਜ ਚਾਲੂ ਕਰਨੇ ਚਾਹੀਦੇ ਹਨ। “ਸਿੱਖ ਰਹਿਤ ਮਰਿਆਦਾ” ਦੀ ਇੱਕਸਾਰਤਾ ਲਈ, ਵੱਡੇ ਹੰਭਲੇ ਦੀ ਲੋੜ ਹੈ। ਦੇਸ਼ ਵਿਦੇਸ਼ ਦੀਆਂ ਮੁੱਖ ਬੋਲੀਆਂ ਵਿੱਚ, ਗੁਰਬਾਣੀ ਦੇ ਚੋਣਵੇਂ ਸਿਧਾਂਤ ਅਤੇ ਇਤਿਹਾਸ ਅਨੁਵਾਦ ਕਰਕੇ, ਸਸਤੇ ਰੇਟਾਂ ਤੇ ਪੁੱਜਦਾ ਕਰਨਾ ਸਮੇਂ ਦੀ ਮਹੱਤਵਪੂਰਨ ਲੋੜ ਹੈ। ਸਿੱਖ ਅਖਬਾਰ, ਰਸਾਲੇ, ਟੀ.ਵੀ. ਚੈਨਲ (ਕਥਾ ਲਈ) ਆਡੀਉ ਵੀਡੀਉ ਕੈਸਟਾਂ, ਤੇ ਹੋਰ ਬਹੁਤ ਕੁੱਝ ਕੀਤਾ ਜਾਣ ਵਾਲਾ ਹੈ। ਆਮ ਸਿੱਖ ਜਨ ਸਮੂੰਹ ਅਗਿਆਨਤਾ ਵਿੱਚ ਹੈ, ਬੇਬਸ ਹੈ। ਕੁੱਝ ਗੁਰੂ ਪਿਆਰ ਵਾਲੇ, ਚਹੁੰਦਿਆਂ ਹੋਇਆਂ ਭੀ ਕੋਈ ਵਡੇਰਾ ਕਾਰਜ ਕਰਨੋ ਅਸਮਰਥ, ਦਿਲ ਮਸੋਸ ਕੇ, ਪੰਥ ਨੂੰ ਆਤਮ ਹੱਤਿਆ ਵੱਲ ਵੱਧਦਾ ਵੇਖਕੇ, ਸਤਿਗੁਰੂ ਜੀ ਅੱਗੇ ਬਿਬੇਕ ਬੁੱਧ ਦੀ ਯਾਚਨਾ ਲਈ ਅਰਦਾਸ ਹੀ ਕਰ ਸਕਦੇ ਹਨ। ਉਪਰ ਵਰਣਿਤ ਅਨੇਕ ਕਾਰਜ ਕਰਨੇ ਸਿੱਖ ਵਿਦਵਾਨਾਂ, ਅਤੇ ਧਾਰਮਕ ਜਥੇਬੰਦੀਆਂ ਲਈ ਅਤੀ ਆਵੱਸ਼ਕ ਹਨ। ਇਸ ਲੰਮੀ ਤਿਆਰੀ ਤੋਂ ਬਿਨਾਂ ਪਹਿਲਾਂ ਹੀ ਬਹੁਤ ਖੁਆਰੀ ਝੱਲ ਲਈ ਹੈ, ਜੇ ਅਜੇ ਭੀ ਡੁਬਦੀ ਬੇੜੀ ਨੂੰ ਕੋਈ ਚੱਪੂ ਨਾ ਲਾਇਆ ਤਾਂ ਮੜ੍ਹੀਆਂ ਦਾ ਰਾਹ ਦੂਰ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਜੀ ਦਾ 400 ਸੌ ਸਾਲਾ ਪਹਿਲਾ ਪ੍ਰਕਾਸ਼ ਮਨਾਉਣ ਵਾਸਤੇ, ਬਹੁਤ ਸਾਰੇ ਲੀਡਰਾਂ ਅਤੇ “ਪੁਜਾਰੀਆਂ” ਵੱਲੋਂ, ਕਾਗਜੀ ਘੋੜੇ ਸਰਪੱਟ ਦੁੜਾਏ ਜਾ ਰਹੇ ਹਨ। ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਾਇਮ ਰੱਖਣ ਦੀਆਂ ਨਸੀਹਤਾਂ ਥੋਕ ਵਿੱਚ, ਪਕੌੜਿਆਂ ਵਾਂਗ ਵਰਤਾਈਆਂ ਜਾ ਰਹੀਆਂ ਹਨ। ਚਲੋ ਕੁੱਝ ਕੁ ਆਲੇ ਦੁਆਲੇ ਵਰਤ ਰਿਹਾ, ਗੁਰਮਤ ਵਿਰੋਧ ਵਰਤਾਰਾ ਵਿਖਾਈਏ, ਗੁਰੂ ਗ੍ਰੰਥ ਸਾਹਿਬ ਜੀ ਦਾ ਥਾਂ ਥਾ ਹੁੰਦਾ ਅਪਮਾਨ ਵਿਖਾਈਏ। ਗੁਰੂ ਦੀ ਗੋਲਕ ਵਿਚੋਂ ਮਾਇਆ ਨਾਲ ਐਸ਼ ਉਡਾਉਂਦੇ ਜਥੇਦਾਰਾਂ, ਲੀਡਰਾਂ ਦੀਆਂ ਕਰਤੂਤਾਂ ਵੇਖੀਏ।

ਪਿਛਲੇ ਬਹੁਤ ਲੰਬੇ ਅਰਸੇ ਤੋਂ ਸ਼੍ਰੋਮਣੀ ਕਮੇਟੀ ਦਾ ਪ੍ਰਬੰਧ ਵਿਗੜਿਆ ਹੋਣ ਕਰਕੇ ਮੈਂਬਰਾਂ, ਪ੍ਰਧਾਨਾਂ, ਜਥੇਦਾਰਾਂ, ਦੇ ਰਿਸ਼ਤੇਦਾਰਾਂ ਤੇ ਹੋਰ ਸਿਫਾਰਸੀ ਲੋਕਾਂ ਦੀ ਵੱਡੀ ਫੌਜ ਕਮੇਟੀ ਦੀ ਮੁਲਾਜਮਤ ਵਿੱਚ ਸ਼ਾਮਲ ਹੈ। ਬਿਨਾਂ ਜ਼ਰੂਰਤ ਤੋਂ ਮੁਲਾਜ਼ਮਾਂ ਤੋਂ ਇਲਾਵਾ ਵੱਡੇ ਅਫਸਰਾਂ, ਸਕੱਤਰਾਂ ਦੀਆਂ ਵਾਧੂ ਪੋਸਟਾਂ ਪੈਦਾ ਕੀਤੀਆਂ ਗਈਆਂ, ਤਾਂ ਕਿ ਲੀਡਰਾਂ ਦੇ ਚਹੇਤਿਆਂ ਨੂੰ ਸੁੱਖ ਸਹੂਲਤਾਂ ਦਿੱਤੀਆਂ ਜਾ ਸਕਣ। ਧਰਮ ਪ੍ਰਚਾਰ ਵੱਲੋਂ ਪੂਰੀ ਤਰ੍ਹਾਂ ਮੂੰਹ ਮੋੜ ਲਿਆ ਹੈ। ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ (ਸਭ ਤੋਂ ਜ਼ਿਆਦਾ ਤਾਕਤਵਰ)

ਰਲ ਗੱਡ ਹੋ ਗਏ ਹਨ। ਸ਼੍ਰੋਮਣੀ ਕਮੇਟੀ ਗੁਰੂ ਘਰ ਦਾ ਅਥਾਹ ਪੈਸਾ, ਅਨੇਕ ਚੋਰ ਮੋਰੀਆਂ ਰਾਹੀਂ, ਰਾਜਸੀ ਕੰਮਾਂ ਤੇ ਰੋਹੜ ਰਹੀ ਹੈ। ਰਾਜਸੀ ਇਕੱਠਾਂ ਅਤੇ ਕਾਰਵਾਈਆਂ ਵਾਸਤੇ, ਗੁਰਦਵਾਰਿਆਂ ਦੀ ਦੁਰਵਰਤੋਂ, ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਅਪਮਾਨ ਸ਼ਰੇਆਮ ਕੀਤਾ ਜਾਂਦਾ ਹੈ। ਧਾਰਮਕ ਜੋੜ ਮੇਲਿਆਂ ਤੇ, ਰਾਜਸੀ ਗੁੰਡਾ ਗਰਦੀ ਨਿੱਤ ਦਾ ਵਰਤਾਰਾ ਬਣ ਚੁੱਕਿਆ ਹੈ। ਨਿੱਤ ਦਿਨ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ, ਕੂੜ ਕੁਸੱਤ, ਇਲਜਾਮ ਤਰਾਸੀ, ਅਤੇ ਹੋਰ ਅਨੇਕ ਕੰਮ ਗੁਰ ਮਰਿਆਦਾ ਤੋਂ ਉਲਟ ਹੁੰਦੇ ਹਨ। ਇਹ ਰਾਜਸੀ ਲੱਠ ਮਾਰ ਲੋਕ, ਲੰਗਰ ਗੁਰੂ ਘਰੋਂ ਖਾਂਦੇ ਰਤੀ ਸ਼ਰਮ ਨਹੀਂ ਕਰਦੇ। ਇਹਨਾਂ ਮੰਦ ਕਾਰਿਆਂ ਤੋਂ ਕੋਈ ਜਥੇਦਾਰ ਰੋਕਣ ਦੀ ਹਿੰਮਤ ਨਹੀਂ ਕਰ ਸਕਦਾ। ਕੀ ਜਥੇਦਾਰ ਵੇਖ ਨਹੀਂ ਰਹੇ ?

ਜਦੋਂ ਵੱਡੇ ਜੋੜ ਮੇਲੇ ਲਗਦੇ ਹਨ, ਤਾਂ ਰਸਤਿਆਂ ਵਿੱਚ ਬਹੁਤ ਥਾਈਂ ਪ੍ਰਸ਼ਾਦੇ ਅਤੇ ਚਾਹ ਦੁੱਧ ਦਾ ਲੰਗਰ ਚੱਲ ਰਿਹਾ ਹੁੰਦਾ ਹੈ। ਕੱਚੇ ਰਾਹ, ਮਣਾ ਮੂੰਹੀ ਗੱਡੀਆਂ ਮੋਟਰਾਂ ਦਾ ਘੱਟਾ, ਸੜਕਾਂ ਦੇ ਕਿਨਾਰੇ ਨਹਿਰ ਨਾਲ ਦੇ ਖਦਾਨਾ ਟੋਟਿਆਂ ਵਿੱਚ, ਗੰਦੇ ਥਾਵਾਂ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਭੀ ਕਰ ਲਿਆ ਜਾਂਦਾ ਹੈ। ਜਦੋਂ ਕਿ ਇਹਨਾਂ ਰਾਹਾਂ ਸੜਕਾਂ ਵਿੱਚ ਸਤਿਗੁਰੂ ਜੀ ਦਾ ਸਤਿਕਾਰ ਰਹਿ ਹੀ ਨਹੀਂ ਸਕਦਾ। ਇਹ ਕੇਵਲ ਮਾਇਆ ਇਕੱਤਰ ਕਰਨ ਲਈ ਹੀ ਹੁੰਦਾ ਹੈ। ਕੀ "ਜਥੇਦਾਰ" ਸਤਿਗੁਰੂ ਦੇ ਸਤਿਕਾਰ ਵਾਸਤੇ ਕੋਈ ਕਾਰਵਾਈ ਕਰਨਗੇ ? ਗੱਡਿਆਂ, ਰੇਹੜਿਆਂ ਤੇ, ਤੰਗ ਗੰਦੀਆਂ ਥਾਵਾਂ ਵਿੱਚ, ਘਰਾਂ ਵਿੱਚ, ਬਾਥਰੂਮਾਂ ਵਰਗੇ ਨਿੱਕੇ ਕਮਰਿਆਂ ਵਿੱਚ, ਕੱਪੜੇ ਪਾਉਣ ਵਾਲੀਆਂ ਪੇਟੀਆਂ ਉੱਪਰ, ਅਲਮਾਰੀਆਂ ਵਿੱਚ, ਮੂਰਤੀਆਂ ਦੇ ਬਰਾਬਰ, ਕਬਰਾਂ ਮੜੀਆਂ ਉੱਤੇ। ਇਹ ਉੱਪਰ ਵਰਣਿਤ ਥਾਵਾਂ ਤਾਂ ਕੇਵਲ ਇਸ਼ਾਰੇ ਹਨ, ਬੇਅੰਤ ਥਾਈ ਸਤਿਗੁਰੂ ਜੀ ਦਾ ਅਪਮਾਨ ਹੋ ਰਿਹਾ ਹੈ, ਜਥੇਦਾਰਾਂ ਦੀ ਜਾਣੇ ਬਲਾ। ਜਿਹਨਾਂ ਹੋਟਲਾਂ ਵਿੱਚ ਸ਼ਰਾਬ, ਸਿਗਰਟ ਅਤੇ ਵੇਸ਼ਵਾ ਗਮਨੀ ਤੱਕ ਹੁੰਦੀ ਹੈ, ਉਹਨਾਂ ਦੇ ਕਿਸੇ ਕੋਨੇ ਵਾਲੇ ਕਮਰੇ ਵਿੱਚ, "ਲੋੜ ਵਾਸਤੇ" ਗੁਰੂ ਗ੍ਰੰਥ ਸਾਹਿਬ ਭੀ ਬੰਦ ਕੀਤੇ ਹੁੰਦੇ ਹਨ। ਸਗੋਂ ਜਥੇਦਾਰ ਉਥੋਂ ਖਾ ਪੀਕੇ, ਜੇਬਾਂ ਗਰਮ ਕਰਵਾਕੇ ਤਿਨਾਂ ਦੇ ਕਾਰੋਬਾਰ ਦੀ ਸਫਲਤਾ ਵਾਸਤੇ "ਅਰਦਾਸ" ਭੀ ਕਰ ਆਉਂਦੇ ਹਨ। ਮਰ ਗਏ ਪ੍ਰਾਣੀ ਦੀ ਲਾਸ਼ ਕੋਲ, ਪੈਰਾਂ ਵਾਲੇ ਪਾਸੇ ਬੈਠ ਕੇ, ਇਹ ਅਖੌਤੀ ਜੱਥੇਦਾਰ "ਪਵਿੱਤਰ ਗੁਰਬਾਣੀ ਦਾ ਕੀਰਤਨ" ਭੀ ਕਰ ਆਉਂਦੇ ਹਨ। ਬਦੇਸਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੀ ਮੰਗ ਤੇ ਛਾਪਕਾਂ, ਪ੍ਰਕਾਸ਼ਕਾਂ ਵੱਲੋਂ, ਸਮੁੰਦਰੀ ਜਹਾਜਾਂ ਰਾਹੀਂ ਪੇਟੀਆਂ ਵਿੱਚ ਪਾਕੇ, ਬੀੜਾਂ ਆਮ ਹੀ ਭੇਜੀਆਂ ਜਾਂਦੀਆਂ ਹਨ। ਪੰਜਾਬੋਂ ਬਾਹਰਲੇ ਸੂਬਿਆਂ ਵਿੱਚ, ਮੰਗ ਆਉਣ ਤੇ, ਟਰੱਕਾਂ ਵਿੱਚ, ਹੋਰ ਹਰ ਤਰ੍ਹਾਂ ਦੇ ਸਾਮਾਨ ਦੇ ਨਾਲ ਹੀ,

ਬਿਲਟੀ ਕਰਵਾ ਕੇ ਬੀੜਾਂ ਭੇਜ ਦਿੱਤੀਆਂ ਜਾਂਦੀਆਂ ਹਨ। ਪਿਛਲੇ ਸਮੇਂ ਟਰੱਕ ਦਾ ਐਕਸੀਡੈਂਟ ਹੋ ਗਿਆ, ਬੀੜਾਂ ਦੀ ਬੇਅਦਬੀ ਹੋਈ, ਅਖਬਾਰਾਂ ਵਿੱਚ ਚਰਚਾ ਹੋਈ, ਪਰ ਜੱਥੇਦਾਰਾਂ ਦੀ ਜਾਣੇ ਜੁੱਤੀ। ਅਜਿਹੇ ਕੰਮ ਕਰਨ ਵਾਲੇ, ਕਿਸੇ ਪ੍ਰਕਾਸ਼ਕ ਨੂੰ ਸਜਾ ਨਹੀਂ ਦਿੱਤੀ ਗਈ। ਗੁਰੂ ਗ੍ਰੰਥ ਸਾਹਿਬ ਦੀ ਹੱਥ ਲਿਖਤ ਪੁਰਾਤਨ ਬੀੜ, ਸੰਨ 2000 ਵਿੱਚ ਕੈਨੇਡਾ, ਪੰਜ ਸਿੰਘ ਲੈਕੇ ਗਏ। ਅਜਿਹੀ ਦੁਰਲੱਭ ਵਸਤੂ ਬਾਹਰ ਭੇਜੀ ਹੀ ਨਹੀਂ ਜਾ ਸਕਦੀ। ਪਰ ਖੁਦ ਇਹ ਇੱਕ ਜਥੇਦਾਰ ਨੇ ਭਿਜਵਾਈ। ਉਧਰ ਗਏ "ਪੰਜ ਪਿਆਰੇ" "ਕਬੂਤਰ ਬਣ ਉਡਾਰੀ ਮਾਰ ਗਏ", ਅੱਜ ਤੱਕ ਨਹੀਂ ਲੱਭੇ। ਬੀੜ ਭੇਜਣ ਵਾਲਾ ਜੱਥੇਦਾਰ ਹੋਰ ਉੱਚੇ ਅਹੁਦੇ ਤੇ ਪੁੱਜ ਗਿਆ ਹੈ, ਇਹ ਕਾਰੇ ਕਰਨ ਵਾਲੇ ਕਿਸੇ ਨੂੰ ਪੁੱਛੇ ਕੌਣ ?

ਇੱਕੋ ਵਖਤ ਦੋ ਤਖਤਾਂ ਦੀ ਸਾਂਝੀ ਸੇਵਾ ਨਿਭਾ ਰਹੇ ਜੱਥੇਦਾਰ ਨਾਲ, ਵਿਚਰਨ ਦਾ ਮੌਕਾ ਮਿਲਿਆ। ਜਿੱਥੇ ਜਥੇਦਾਰ ਸਰਧਾਲੂਆਂ ਦੇ ਘਰਾਂ ਵਿੱਚ ਦੁੱਧ ਮਲਾਈਆਂ, ਪਿਸਤੇ ਕਾਜੂ ਬਦਾਮ ਛਕ ਰਿਹਾ ਹੈ। ਡੱਨਲਪ ਦੇ ਗੱਦਿਆਂ ਉੱਪਰ A.C. ਵਾਲੇ ਕਮਰੇ ਵਿੱਚ "ਬੀਬੀਆਂ ਸੇਵਾ ਵਿੱਚ ਹਾਜ਼ਰ..."। ਦੂਜੇ ਬੰਨੇ ਜਥੇਦਾਰ ਦੇ ਬਾਡੀ ਗਾਰਡ ਡਰਾਈਵਰ ਆਦਿ ਬਾਹਰ ਰੁੱਖ ਹੇਠਾਂ ਲੋਅ ਵਿੱਚ ਸੜਦੇ ਰਹੇ। ਪਾਣੀ ਤੱਕ ਕਿਸੇ ਨਾ ਪਿਆਇਆ, ਲੰਗਰ ਵਕਤ ਅੰਦਰੋਂ ਜਥੇਦਾਰ ਦਾ ਹੁਕਮ ਆ ਗਿਆ, ਕਿ "ਸਾਰੇ ਸੇਵਾਦਾਰ ਨੇੜੇ ਦੇ ਗੁਰਦਵਾਰੇ ਵਿੱਚੋਂ ਪਰਸ਼ਾਦਾ ਛਕ ਆਉਣ।" ਜਥੇਦਾਰ ਨੂੰ ਮਿਲਣ ਵਾਸਤੇ ਇਜਾਜ਼ਤ ਲੈ ਕੇ ਅੰਦਰ ਜਾਣਾ ਹੁੰਦਾ ਹੈ। ਰਾਤ ਨੂੰ ਸੌਣ ਲੱਗਿਆ ਜਥੇਦਾਰ ਨੂੰ ਸਾਰੀ ਸੁੱਖ ਸਹੂਲਤਾਂ ਵਾਲਾ ਵੱਡਾ ਕਮਰਾ, ਇਕੱਲੇ ਨੂੰ ਚਾਹੀਦਾ ਹੈ। ਪਰ ਇਸੇ ਹੀ ਘਰ ਵਿੱਚ, ਗੁਰੂ ਗ੍ਰੰਥ ਸਾਹਿਬ ਇੱਕ ਛੋਟੇ ਜਿਹੇ ਕਮਰੇ ਵਿੱਚ ਸੁਭਾਇਮਾਨ ਹੈ। ਇਸੇ ਛੋਟੇ ਕਮਰੇ ਵਿੱਚ ਰਾਤ ਵਕਤ, ਚਾਰ ਸੇਵਾਦਾਰਾਂ ਨੂੰ ਤੁੰਨ ਦਿੱਤਾ ਗਿਆ। ਇੱਕ ਕੋਨੇ ਵਿੱਚ ਗੁਰੂ ਗ੍ਰੰਥ ਸਾਹਿਬ, ਬਾਕੀ ਖੂੰਜਿਆਂ ਵਿੱਚ ਦੜੇ ਹੋਏ ਸੇਵਾਦਾਰ। ਪਾਠਕ ਜਨੋ! ਨਿਰਣਾ ਕਰਕੇ ਦੱਸੋ ਕਿ ਪਰਤੱਖ ਨਜ਼ਰ ਆ ਰਹੇ ਵਰਤਾਰੇ ਮੁਤਾਬਕ, ਇਹ ਜਥੇਦਾਰ ਵੱਡੇ ਹਨ, ਕਿ ਗੁਰੂ ਗ੍ਰੰਥ ਸਾਹਿਬ ਵੱਡੇ ਹਨ ? ਇੱਕੋ ਬੈੱਡ/ਪਲੰਘ ਤੇ, ਪੰਜ ਦਸ ਸਰੂਪ ਟਿਕਾ ਦਿੱਤੇ ਜਾਂਦੇ ਹਨ। ਕੀ ਪੰਜ ਸੱਤ "ਜਥੇਦਾਰ" ਇਕੱਠੇ ਇੱਕ ਪਲੰਘ ਤੇ ਸੌਂ ਸਕਦੇ ਹਨ ? ਫਿਰ ਵੱਡਾ ਕੌਣ ਹੋਇਆ ? ਮੈਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਸ਼ਬਦ ਗੁਰੂ ਦਾ ਸਤਿਕਾਰ ਕਿਵੇਂ ਕਰਨਾ ਹੈ। ਪਰ ਜਥੇਦਾਰਾਂ ਦਾ ਅਸਲੀ ਕਿਰਦਾਰ ਤੁਹਾਡੇ ਸਾਹਮਣੇ ਲਿਉਣ ਲਈ ਇਹ ਮਿਸਾਲਾਂ ਦੇਣੀਆਂ ਜ਼ਰੂਰੀ ਹੋ ਗਈਆਂ ਸਨ। ਇੱਕ ਥਾਂ ਤੋਂ ਦੂਜੀ ਥਾਂ ਤੇ "ਬੀੜ" ਲਿਜਾਣ ਵਾਸਤੇ ਕਈ ਵਾਰ ਕਾਰ ਵਿੱਚ ਬੈਠਕੇ ਸਤਿਗੁਰੂ ਜੀ ਦਾ ਸਰੂਪ ਪੱਟਾਂ ਉਪਰ ਰੱਖ ਲਿਆ ਜਾਂਦਾ ਹੈ। ਪਰ ਕੀ ਕੋਈ ਜਥੇਦਾਰ ਇਸ ਤਰ੍ਹਾਂ ਕਿਸੇ ਦੇ ਪੱਟਾਂ ਤੇ ਬੈਠਣਾ ਸਵੀਕਾਰ ਕਰੇਗਾ ? ਉਸਨੂੰ ਤਾ ਇਕੱਲੇ

ਨੂੰ ਮਹਿੰਗੀ ਕਾਰ ਚਾਹੀਦੀ ਹੈ, ਫਿਰ ਦੋਵਾਂ ਵਿੱਚੋਂ ਵੱਡਾ ਕੌਣ ਹੋਇਆ ? ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿੱਚ, ਗੁਰੂ ਗ੍ਰੰਥ ਸਾਹਿਬ ਜੀ ਦੇ ਇੱਕ ਸਰੂਪ ਨੂੰ ਕੋਠਾ ਸਾਹਿਬ ਤੋਂ ਦਰਬਾਰ ਸਾਹਿਬ ਤੱਕ ਲਿਜਾਣ ਲਈ, ਮੋਢਾ ਦੇਣ ਵਾਲਿਆਂ ਦਾ ਕੋਈ ਅੰਤ ਨਹੀਂ। ਸੰਖ ਘੜਿਆਲ, ਰਣ ਸਿੰਘੇ, ਢੋਲਕਾਂ, ਛੈਣੇ, ਤੇ ਅੱਗੇ ਅੱਧਾ ਘੰਟਾ ਸਵੱਈਏ ਪੜ੍ਹਨੇ, ਸੱਤ ਰੁਮਾਲੇ ਨਖ਼ਰੇ ਨਾਲ ਉਤਾਰਨੇ, "ਰੁਮਾਲਿਆਂ ਦੀ ਰੁਮਾਲਾਂ ਨਾਲ" ਹੀ ਸਫਾਈ ਦਾ ਨਾਟਕ, ਫਿਰ ਕਿਤੇ ਹੁਕਮ (ਵਾਕ) ਲਿਆ ਜਾਂਦਾ ਹੈ। ਇਸੇ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿੱਚ, ਕਦੀ ਨਿਗਾਹ ਗਈ ਹੈ, ਕਿੰਨੇ ਸਰੂਪ ਛੋਟੇ ਛੋਟੇ ਕਮਰਿਆਂ ਵਿੱਚ ਟਿਕਾਏ ਹੋਏ ਹਨ। ਉਹਨਾਂ ਪਵਿੱਤਰ ਸਰੂਪਾਂ ਨੂੰ ਪ੍ਰਕਾਸ਼ ਕਰਨ ਤੇ ਸੁੱਖ ਆਸਣ ਕਰਨ ਲਈ, ਕਦੀ ਪਾਲਕੀਆਂ ਚਿਮਟੇ ਛੈਣੇ, ਤੇ ਸੇਵਾਦਾਰਾਂ ਦੀਆਂ ਭੀੜਾਂ ਵੇਖੀਆਂ ਹਨ ? ਇਕੱਲੇ ਪਾਠੀ ਤੋਂ ਸਿਵਾਏ, ਹੋਰ ਕੋਈ ਉੱਥੇ ਸੰਗਤ ਜੁੜੀ ਵੇਖੀ ਹੈ ? ਦਰਬਾਰ ਸਾਹਿਬ ਵਿੱਚੋਂ ਬਾਹਰ ਆ ਜਾਓ, ਉਸੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਹਜ਼ਾਰ ਦੇ ਕਰੀਬ ਪਿੰਡ ਹਨ। ਉਹਨਾਂ ਸਾਰੇ ਪਿੰਡਾਂ ਵਿੱਚ ਇੱਕ ਦੋ ਹਰ ਥਾਂ ਗੁਰਦਵਾਰੇ ਭੀ ਹਨ। ਉਹਨਾਂ ਥਾਵਾਂ ਤੇ ਸਵੇਰੇ ਇਕੱਲਾ ਗ੍ਰੰਥੀ ਸਿੰਘ, ਆਪੇ ਅਰਦਾਸ, ਆਪੇ ਸਿਰ ਤੇ ਮਹਾਰਾਜਾ ਦਾ ਸਰੂਪ, ਇੱਕ ਹੱਥ ਵਿੱਚ ਚੌਰ ਤੇ, ਇੱਕ ਹੱਥ ਮਹਾਰਾਜ ਦੇ ਸਰੂਪ ਨੂੰ, ਇਕੱਲਾ ਹੀ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਾ ਹੋਇਆ ਲਿਆ ਕੇ ਪ੍ਰਕਾਸ਼ ਕਰ ਦਿੰਦਾ ਹੈ। ਖੁਦ "ਹੁਕਮਨਾਮਾ" ਪੜ੍ਹਦਾ ਹੈ ਤੇ ਖੁਦ ਹੀ ਇਕੱਲਾ ਸੁਣਦਾ ਹੈ। ਕੀ ਇਹ ਸਾਰੇ ਸਰੂਪ ਉਹੀ ਦਸਾਂ ਪਾਤਿਸ਼ਾਹੀਆਂ ਦੀ ਜੋਤ ਨਹੀਂ ਹਨ, ਜੋ ਦਰਬਾਰ ਸਾਹਿਬ ਵਿਖੇ ਹੈ ? ਕੀ ਅਮੀਰ ਗਰੀਬ ਵਾਂਗ ਜਾਂ ਉੱਚੀ ਨੀਵੀਂ ਜਾਤ ਵਾਂਗ ਗੁਰੂ ਗ੍ਰੰਥ ਸਾਹਿਬ ਜੀ ਭੀ ਵੱਡੇ ਛੋਟੇ ਹਨ ? ਜਥੇਦਾਰ ਦੱਸਣ ਦੀ ਕਿਰਪਾਲਤਾ ਕਰਨਗੇ, ਕਿ ਇਹ ਵਖਰੇਵਾਂ ਕਿਉਂ ਕੀਤਾ ਜਾ ਰਿਹਾ ਹੈ ? ਦਰਬਾਰ ਸਾਹਿਬ ਵਿੱਚ ਬਹੁਤ ਮਹਾਨਤਾ ਵਿਖਾਕੇ, ਭੋਲੇ ਸ਼ਰਧਾਲੂਆਂ ਨੂੰ ਆਉਣ ਲਈ ਖਿੱਚ ਪੈਦਾ ਕਰਕੇ, ਮਾਇਆ ਖੀਸਿਆਂ ਵਿੱਚੋਂ ਕਢਵਾਕੇ, ਗੁਰੂ ਦੇ ਨਾਮ ਤੇ ਇਕੱਤਰ ਕਰ ਲੈਣੀ ਤੇ "ਜਥੇਦਾਰਾਂ" ਵੱਲੋਂ ਆਪਣੀ ਮਨਮਰਜ਼ੀ ਲਈ ਵਰਤ ਲੈਣੀ। "ਕੀ ਇਸੇ ਦਾ ਨਾਮ ਗੁਰਮਰਿਆਦਾ ਹੈ ?" ਕੀ ਇਹੀ ਅਸਲ ਮਰਿਆਦਾ ਹੈ ?

ਅੱਜ ਕੱਲ ਇੱਕ ਵਬਾ ਬਹੁਤ ਪਸਰ ਚੁੱਕੀ ਹੈ, ਦਰਬਾਰ ਸਾਹਿਬ ਤੋਂ ਆਇਆ "ਅੱਜ ਦਾ ਹੁਕਮਨਾਮਾ"। ਇਸ ਹੁਕਮਨਾਮੇ ਨੂੰ ਕਈ ਟੀ.ਵੀ. ਚੈਨਲਾਂ ਵਾਲੇ ਟੈਲੀਕਾਸਟ ਕਰਦੇ ਹਨ। ਬਹੁਤ ਸਾਰੇ ਦੇਸ਼ ਵਿਦੇਸ਼ ਦੇ ਰੇਡੀਓ ਸਟੇਸ਼ਨਾਂ ਤੋਂ ਭੀ ਸੁਣਿਆ ਜਾ ਸਕਦਾ ਹੈ। ਅਖਬਾਰਾਂ ਵਾਲੇ ਭੀ "ਅੱਜ ਦਾ ਹੁਕਮਨਾਮਾ" ਛਾਪ ਕੇ ਸੇਵਾ ਕਰ ਰਹੇ ਹਨ। ਕਈ ਸਾਰੀਆਂ ਫੋਨ ਕੰਪਨੀਆਂ ਫੋਨ ਤੇ ਭੀ ਹੁਕਮਨਾਮਾ ਭੇਜ ਰਹੀਆਂ ਹਨ। ਇੰਟਰਨੈੱਟ

ਸਰਵਿਸ ਦੁਆਰਾ ਭੀ ਦਰਬਾਰ ਸਾਹਿਬ ਦਾ ਹੁਕਮਨਾਮਾ ਆ ਰਿਹਾ ਹੈ। ਪਰ ਕਦੀ ਅਕਲ ਦਾ ਕੋਈ ਖਲ ਖੂੰਜਾ ਫਰੋਲ ਕੇ ਸੋਚਣ ਦੀ ਤਕਲੀਫ ਕੀਤੀ ਹੈ, ਕਿ ਗੁਰੂ ਗ੍ਰੰਥ ਸਾਹਿਬ ਦੇ ਸਰੂਪ, ਉਸ ਵਿੱਚ ਛਪੀ ਪਾਵਨ ਬਾਣੀ, ਕੁਲ 1430 ਪੰਨੇ ਹੀ ਇੱਕਸਾਰ ਪਵਿੱਤਰ ਹਨ। ਦੁਨੀਆਂ ਦੇ ਹਰ ਕੋਨੇ ਵਿੱਚ ਜਿੱਥੇ ਭੀ ਸ਼ਬਦ ਗੁਰੂ ਗ੍ਰੰਥ ਸਾਹਿਬ ਹੈ, ਸਾਰੇ ਕਿਤੇ ਇੱਕੋ ਜਿਹੇ ਸਤਿਕਾਰ ਦਾ ਪਾਤਰ ਹੈ। ਸਗੋਂ ਸਮੁੱਚੀ ਗੁਰਬਾਣੀ ਇੱਕੋਸਾਰ ਦਰਜਾ ਰੱਖਦੀ ਹੈ। ਫਿਰ ਦਰਬਾਰ ਸਾਹਿਬ ਵਿਚਲੇ ਸਰੂਪ ਦਾ ਹੁਕਮਨਾਮਾ ਪਵਿੱਤਰ ਤੇ ਬਾਕੀ ਲੱਖਾਂ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਹੁਕਮਨਾਮੇ ਅਪਵਿੱਤਰ ਹਨ ? ਕੀ ਜਥੇਦਾਰ ਦੱਸਣ ਦੀ ਦਿਆਲਤਾ ਕਰਨਗੇ, ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਇਸ ਤਰ੍ਹਾਂ ਦੀ ਵਿਤਕਰਾ ਵੰਡ ਕਿਉਂ ਹੈ ? ਕੀ ਸਾਰੀ ਬਾਣੀ ਤੇ ਸਾਰੀਆਂ ਬੀੜਾਂ ਇੱਕੋ ਦਰਜਾ ਨਹੀਂ ਰੱਖਦੀਆਂ ?

ਇਹ ਨਿਮਾਣਾ ਸੇਵਾਦਾਰ ਸਤਿਗੁਰੂ ਜੀ ਦੇ ਉਪਦੇਸ਼ਾਂ ਨੂੰ ਦਿਲੋਂ ਮਨੋ ਸਵੀਕਾਰਦਾ ਹੋਇਆ, ਸਾਰੇ ਆਪੂੰ ਬਣੇ ਜਥੇਦਾਰਾਂ ਨੂੰ ਬੜੀ ਅਧੀਨਗੀ ਨਾਲ ਬੇਨਤੀ ਕਰਨੀ ਚਾਹੁੰਦਾ ਹੈ, ਕਿ ਕੁੱਝ ਲੋਕ ਖੇਤਾਂ ਵਿੱਚ ਮਜ਼ਦੂਰੀ ਕਰਕੇ, ਟੱਬਰ ਪਾਲਦੇ ਹਨ। ਕੁੱਝ ਸੜਕਾਂ ਤੇ ਰੋੜੀ ਕੁੱਟ ਕੇ ਪੇਟ ਪੂਰਤੀ ਕਰਦੇ ਹਨ। ਕੋਈ ਨੌਕਰੀ ਤੇ ਕੋਈ ਦੁਕਾਨ ਜਾਂ ਬਿਜਨਸ ਕਰਦਾ ਹੈ। ਇਹ ਸਾਰੇ ਪੇਟ ਪੂਰਤੀ ਦੇ ਸਾਧਨ ਹਨ, ਜੇ ਇਹ ਕਹਿ ਲਿਆ ਜਾਵੇ ਕਿ ਕੋਈ ਹਲ ਵਾਹੁੰਦਾ ਹੈ, ਕੋਈ ਟੈਕਸੀ ਚਲਾਉਂਦਾ ਹੈ, ਕੋਈ ਹੋਰ ਬੰਦੂਕ ਚਲਾਉਂਦਾ ਹੈ, ਤੇ ਕੋਈ ਖੋਤੀ ਵਾਹੁੰਦਾ ਹੈ, ਤੇ ਕੋਈ "ਪੋਥੀ ਵਾਹੁੰਦਾ ਹੈ।" ਗੁਰੂ ਗ੍ਰੰਥ ਸਾਹਿਬ ਮਹਾਨ ਹਨ, ਪਰ ਕੀਰਤਨ, ਪਾਠ, ਕਥਾ, ਢਾਡੀ ਅਤੇ ਜਥੇਦਾਰ, ਗੁਰੂ ਗ੍ਰੰਥ ਸਾਹਿਬ ਜੀ ਤੋਂ ਰੋਜੀ ਰੋਟੀ ਕਮਾਉਣ ਤੋਂ ਸਿਵਾਏ, ਕੋਈ ਸਾਰਥਕ ਗੁਰਮੁਖੀ ਸੇਧ ਭੀ ਪ੍ਰਾਪਤ ਕਰ ਰਹੇ ਹਨ ? ਸਹਿਜ ਪਾਠ, ਅਖੰਡ ਪਾਠ, ਸੰਪਟ ਪਾਠ, ਅਤੀ ਸੰਪਟ ਪਾਠ, ਮੋਨ ਪਾਠ।" ਦਸਮ ਸ੍ਰੀ ਗੁਰੂ ਗ੍ਰੰਥ ਪਾਠ, ਦਸਮ ਸ੍ਰੀ ਗੁਰੂ ਗ੍ਰੰਥ ਅਖੰਡ ਪਾਠ, ਕੀਤੇ ਕਰਾਏ ਪਾਠ, ਵਿਸ਼ੇਸ਼ ਥਾਵੇਂ ਤੇ ਵਿਸ਼ੇਸ਼ ਵਿਅਕਤੀਆਂ ਵੱਲੋਂ ਕੀਤੇ ਬਹੁਤ ਮਹਿੰਗੇ ਪਾਠ। ਗਿਆਰਾਂ, ਇੱਕੀ, ਇਕਵੰਜਾ ਜਾਂ ਇੱਕ ਸੌ ਇੱਕ, ਇਕੱਠੇ ਇੱਕੋ ਥਾਂਵੇਂ ਕੀਤੇ ਗਏ ਅਖੰਡ ਪਾਠ। ਪੰਥ ਦੀ ਚੜ੍ਹਦੀ ਕਲਾ ਵਾਲੇ ਪਾਠ, ਸਰਬੱਤ ਦੇ ਭਲੇ ਲਈ ਕੀਤੇ ਗਏ ਪਾਠ, ਕਬਰਾਂ ਤੇ ਪਾਠ, ਮੰਦਰਾਂ ਵਿੱਚ ਪਾਠ, ਸੜਕਾਂ ਰਾਹਾਂ ਵਿੱਚ ਪਾਠ.....। ਕੀ ਸਾਡੇ "ਪੰਥ ਵੱਲੋਂ ਥਾਪੇ" (?) ਸਤਿਗੁਰੂ ਵੱਲੋਂ ਨਿਵਾਜੇ "ਜਥੇਦਾਰਾਂ" ਨੂੰ ਇਹ ਸਭ ਗੁਰੂ ਗ੍ਰੰਥ ਸਾਹਿਬ ਜੀ ਦੀ ਹੋ ਰਹੀ ਬੇ ਹੁਰਮਤੀ ਕਦੀ ਨਜਰੀਂ ਨਹੀਂ ਪਈ ? ਸ਼ਾਮਲਾਟ ਜ਼ਮੀਨਾਂ ਤੇ ਕਬਜ਼ੇ ਜਮਾਉਣ ਲਈ, ਗੁਰਦੁਆਰੇ ਦੇ ਦੁਆਲੇ ਦੁਕਾਨਾਂ ਬਣਾਕੇ ਕਿਰਾਏ ਤੇ ਚਾੜ੍ਹਨ ਲਈ, ਧਰਮ ਅਸਥਾਨ ਦੀ ਵਰਤੋਂ ਹੋ ਰਹੀ ਹੈ। ਜਿੰਨੇ ਡੇਰੇਦਾਰ ਸਾਧ ਹਨ, ਉਹਨਾਂ ਵੱਲੋਂ ਬਣਾਏ ਲੱਗਭਗ ਸਾਰੇ ਗੁਰਦਵਾਰੇ (?) ਉਹਨਾਂ ਦੀ ਨਿੱਜੀ ਜਾਇਦਾਦ

ਹਨ। ਸਾਧ ਦੇ ਮਰਨ ਤੱਕ ਉਸ ਨੂੰ ਕੋਈ ਡੇਰੇ ਵਿੱਚੋਂ ਹਿਲਾ ਨਹੀਂ ਸਕਦਾ। ਇਹਨਾਂ ਡੇਰੇਦਾਰਾਂ ਦੀ ਰਹਿਤ ਮਰਿਆਦਾ ਆਪੋ ਆਪਣੀ ਮਨਮਰਜ਼ੀ ਦੀ ਹੈ। ਪਰ ਮਜਾਲ ਹੈ ਕਿਸੇ ਜਥੇਦਾਰ ਦੀ, ਪਈ ਇਹਨਾਂ ਵੱਲੋਂ ਕੀਤੀਆਂ ਜਾ ਰਹੀਆ ਗੁਰਮਤ ਤੋਂ ਉਲਟ ਗੱਲਾਂ ਨੂੰ ਠੱਲ ਪਾ ਸਕਣ। ਸਗੋਂ ਜਥੇਦਾਰ ਇਹਨਾਂ ਦੀਆਂ ਮਨਮਤੀ ਕਾਰਵਾਈਆਂ ਵਿੱਚ ਖੁਦ ਸ਼ਾਮਲ ਹੁੰਦੇ ਹਨ, ਉਹਨਾਂ ਦੀ ਪ੍ਰਸੰਸਾ ਕਰਦੇ ਹਨ, ਮਰਿਆਦਾ ਪਵੇ ਢੱਠੇ ਖੂਹ ਵਿੱਚ। ਕੁੱਝ ਤਾਕਤਵਰ ਰਾਜਸੀ ਲੋਕਾਂ ਨੇ ਗੁਰਦਵਾਰਾ ਕਮੇਟੀਆਂ ਭੰਗ ਕਰਕੇ, ਆਪਣੇ ਪਰਿਵਾਰਿਕ ਮੈਂਬਰ ਪਾਕੇ, ਫਰਜੀ "ਟਰੱਸਟ" ਬਣਾ ਕੇ, ਗੋਲਕਾਂ ਤੇ ਪੱਕਾ ਕਬਜਾ ਜਮਾ ਲਿਆ ਹੈ। ਜਥੇਦਾਰ ਫਿਰ ਭੀ ਚੈਨ ਦੀ ਬੰਸਰੀ ਬਜਾ ਰਹੇ ਹਨ। ਧੰਨ ਸੇਵਾ, ਧੰਨ ਸਿੱਖੀ, ਧੰਨ ਜਥੇਦਾਰੀ।

ਭਰਿਸ਼ਟਾਚਾਰ ਦੇ ਕੇਸ ਵਿੱਚ ਉਲਝਿਆ ਸ੍ਰੀ ਪ੍ਰਕਾਸ਼ ਸਿੰਘ ਚਾਰ ਦਿਨ ਜੇਹਲ ਦੀ ਹਵਾ ਛਕਣ ਚਲਾ ਗਿਆ। ਦੂਖਨਿਵਾਰਨ ਗੁਰਦਵਾਰਾ ਪਟਿਆਲੇ ਵਿੱਚ, ਬਾਦਲ ਸਾਹਿਬ ਦਾ ਜਨਮ ਦਿਨ ਮਨਾਇਆ ਗਿਆ। ਬਾਦਲ ਦੇ ਸੇਵਕਾਂ ਨੂੰ ਗੁਰੂ ਘਰ ਦੀ ਗੋਲਕ ਵਿੱਚੋਂ ਸਪੈਸ਼ਲ ਲੰਗਰ (?) ਖਵਾਇਆ ਗਿਆ। ਬਾਦਲ ਸਾਹਿਬ ਅੱਸੀ ਲੱਖ ਰੁਪੈ ਦੀ ਜ਼ਮਾਨਤ ਤੇ ਰਿਹਾ ਹੋਕੇ, ਜਦੋਂ ਦਰਬਾਰ ਸਾਹਿਬ ਵਿਖੇ ਪੁੱਜਾ, ਪਹਿਲਾਂ ਹੀ ਪੱਬਾ ਭਾਰ ਖੜੇ "ਜਥੇਦਾਰਾਂ" ਨੇ "ਪੰਥ ਦੀਆਂ ਉੱਤਮ ਰਵਾਇਤਾਂ ਨਿਭਾਉਂਦਿਆਂ" ਧਾਅ ਕੇ ਬਾਦਲ ਸਾਹਿਬ ਦੇ ਗਲ ਵਿੱਚ "ਸਿਰੋਪਾਉ ਬਖਸ਼ਿਸ਼" ਕਰ ਦਿੱਤਾ। ਜਿਵੇਂ ਸ੍ਰੀ ਬਾਦਲ ਪੰਜਾਬ ਦਾ ਪਾਣੀ, ਬਿਜਲੀ, ਰਾਜਧਾਨੀ ਜਾਂ ਹੋਰ ਮੰਗਾਂ ਦੀਆਂ ਪੰਡਾਂ ਲੈਕੇ ਪਰਤੇ ਹੋਣ। ਅਕਾਲੀ ਫੂਲਾ ਸਿੰਘ ਦੇ ਵਾਰਿਸ ਕੀ ਇਹੋ ਜਿਹੇ ਹੀ ਹੋਇਆ ਕਰਦੇ ਹਨ ? ਕੀ ਇਹੀ ਅਸਲ ਸਿੱਖੀ ਹੈ ?

ਹੁਣ ਲੋਕ ਸਭਾ ਦੀਆਂ ਚੋਣਾਂ ਸਿਰ ਆ ਪਈਆਂ ਹਨ। ਉੱਧਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੂੰ ਸਮਾਂ ਉਪਰੋਂ ਲੰਘ ਰਿਹਾ ਹੈ। ਪਿਛਲੀਆਂ ਖਾਨਦਾਨੀ ਰਵਾਇਤਾਂ ਦੀ ਪਾਲਣਾ ਕਰਦਿਆਂ, ਜਥੇਦਾਰ, ਲੀਡਰ ਲੋਕ, ਅਖਬਾਰੀ ਬਿਆਨ ਬਹੁਤ ਦਾਗਣਗੇ। ਬੇਅੰਤ ਕਿਸਮ ਦੇ ਪ੍ਰੋਗਰਾਮ ਉਲੀਕਣਗੇ। ਅਖਬਾਰਾਂ ਵਿੱਚ ਲੰਮੇ ਇਸ਼ਤਿਹਾਰ ਛਪਣਗੇ। ਖਾਲਸਾ ਮਾਰਚਾਂ ਦੇ ਨਾਮ ਹੇਠ, ਸ਼ਰਧਾਵਾਨ ਸਿੱਖਾਂ ਨੂੰ ਸੜਕਾਂ ਤੇ ਦੁੜਾਉਣਗੇ। ਨਵੇਂ ਸਕੂਲ ਕਾਲਜ ਖੋਹਲਣਗੇ.....। ਚੋਣਾਂ ਤੋਂ ਬਾਅਦ ਬਿਰਦ ਬਾਣੇ ਦੀ ਲਾਜ ਪਾਲਦਿਆਂ, ਸਭ ਕੀਤੇ ਵਾਅਦੇ ਉਲੀਕੇ ਪ੍ਰੋਗਰਾਮ, ਦਾਗੇ ਗਏ ਅਖਬਾਰੀ ਬਿਆਨ, ਭੁਲਾ ਦਿੱਤੇ ਜਾਣਗੇ। ਸੰਨ 1995 ਦਾ ਸਾਲ, ਸਤੰਬਰ ਮਹੀਨੇ ਦਾ ਆਖਰੀ ਹਫਤਾ, ਵਿਸ਼ਵ ਸਿੱਖ ਸੰਮੇਲਣ। ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ ਦੇ ਜੁਲਮ ਤੋਂ ਤਰਿਹਿੰਦਿਆਂ ਸਾਰਾ ਪੰਜਾਬ ਸਾਹ-ਸੱਤ ਹੀਣ

ਹੋਇਆ ਪਿਆ ਸੀ। ਗੁਰੂ ਕੀ ਵਡਾਲੀ ਤੋਂ ਅਨੰਦਪੁਰ ਸਾਹਿਬ ਤੱਕ, ਤੇ ਹਰਿਗੋਬਿੰਦ ਪੁਰੇ ਤੋਂ ਤਲਵੰਡੀ ਸਾਬੋ ਤੱਕ ਦੇ, ਦੋ "ਖਾਲਸਾ ਮਾਰਚਾਂ" ਨੇ ਲੋਥ ਬਣ ਚੁੱਕੇ ਅਕਾਲੀ ਦਲਾਂ ਤੇ ਘੁਰਨਿਆਂ ਵਿੱਚ ਵੜੀਆਂ ਫੈਡਰੇਸ਼ਨਾਂ ਨੂੰ ਸੜਕਾਂ ਤੇ ਆਉਣ ਦਾ ਬਹਾਨਾ ਦਿੱਤਾ। ਇਹ ਸੀ 1994 ਦਾ ਸਾਲ। ਫਿਰ ਕੀਤਾ 'ਵਿਸ਼ਵ ਸਿੱਖ ਸਮੇਲਨ' ਜਿਸਤੇ ਲੱਗਭਗ ਪੰਜਾਹ ਕਰੋੜ ਰੁਪੈ ਗੁਰੂ ਕੀ ਗੋਲਕ ਵਿੱਚੋਂ ਉਡਾ ਦਿੱਤੇ ਗਏ। ਨਤੀਜੇ ਦੇ ਤੌਰ ਤੇ ਚੋਣਾਂ ਵਿੱਚ ਜਿੱਤ ਯਕੀਨੀ ਬਣ ਗਈ। ਫਿਰ ਸਮਾਂ ਆਉਣ ਤੇ "ਵਿਸ਼ਵ ਸਿੱਖ ਕੌਂਸਲ" ਦਾ ਨਿਰਮਾਣ ਕੀਤਾ ਗਿਆ। ਜਸਟਿਸ ਕੁਲਦੀਪ ਸਿੰਘ ਵਰਗਾ ਸੂਝਵਾਨ ਸਿੰਘ ਉਸਦਾ ਮੁੱਖ ਸੇਵਾਦਾਰ ਥਾਪਿਆ ਗਿਆ। ਸਾਡੇ ਅਕਲ ਦੇ ਕੋਟ ਜਥੇਦਾਰਾਂ ਨੂੰ ਬਹੁਤ ਦੂਰ ਦੀ ਸੁੱਝੀ। ਉਹਨਾਂ ਸੋਚਿਆ, ਸ਼੍ਰੋਮਣੀ ਕਮੇਟੀ ਛੋਟੇ ਜਿਹੇ ਪੰਜਾਬ ਤੱਕ ਸੀਮਤ, ਦਿੱਲੀ ਕਮੇਟੀ ਦਿੱਲੀ ਤੱਕ, ਪੰਜਾਬ ਦਾ ਮੁੱਖ ਮੰਤਰੀ ਆਪਣੀ ਸੰਵਿਧਾਨਕ ਸੀਮਾਂ ਅੰਦਰ। ਪਰ ਆਹ ਜੱਜ, ਕੱਲ੍ਹ ਦੀ ਭੂਤਨੀ ਸਾਨੂੰ ਸਾਰਿਆਂ ਨੂੰ ਕੱਚੇ ਲਾਹ ਗਿਆ, ਬਣ ਬੈਠਾ "ਵਿਸ਼ਵ ਭਰ ਦੇ ਸਿੱਖਾਂ ਦਾ ਪ੍ਰਧਾਨ।" ਇਹ ਤਾਂ ਫਿਰ S.G.P.C. ਦੇ ਮੈਂਬਰਾਂ ਤੋਂ ਭੀ ਉਪਰ, ਜਮਾਂਦਰੂ ਪ੍ਰਧਾਨ S.G.P.C. ਸ੍ਰ: ਟੌਹੜਾ ਤੋਂ ਭੀ ਉੱਪਰ ਤੇ....। ਇਹ ਵੱਡਾ ਚਲਾਕ ਬਣਿਆ ਫਿਰਦੈ, ਲਾਹੋ ਇਹ ਨੂੰ ਪ੍ਰਧਾਨਗੀ ਤੋਂ, ਟੁਕੜੇ ਟੁਕੜੇ ਕਰ ਦਿਓ ਇਹ ਦੀ ਵਿਸ਼ਵ ਸਿੱਖ ਕੌਂਸਲ ਦੇ....। ਸਿੱਖ ਕੀ ਹੋਇਆ ਜੇ ਅਕਲ ਦੀ ਗੱਲ ਕਰ ਜਾਵੇ ?

ਹੁਣ ਫਿਰ ਇਹ ਸ਼ਤਾਬਦੀਆਂ ਆਉਣਗੀਆਂ, ਕਾਰਾਂ ਦੌੜਨਗੀਆਂ, ਬਿਆਨ ਛਪਣਗੇ, ਜੈਕਾਰੇ ਗੂੰਜਣਗੇ, ਲੰਗਰ ਬਨਣਗੇ, ਦੇਗਾਂ ਸਜਣਗੀਆਂ, ਵੀਡੀਓ ਫਿਲਮਾਂ ਬਨਣਗੀਆਂ, ਕਰੋੜਾਂ ਅਰਬਾਂ ਰੂਪੈ ਦੇ ਬਿਲ ਪਾਸ ਹੋਣਗੇ.....। ਇਹਨਾਂ ਸਾਰੇ ਮਹਾਨ ਪ੍ਰੋਗਰਾਮਾਂ ਵਿੱਚ ਸਿੱਖ ਪੰਥ ਦੀ ਚੜ੍ਹਦੀ ਕਲਾ ਤੋਂ ਬਿਨਾਂ ਹੋਰ ਸਾਰਾ ਕੁੱਝ ਹੋਵੇਗਾ। ਸਿੱਖਾਂ ਦਾ ਅਖਬਾਰ, ਟੀ.ਵੀ. ਚੈਨਲ (ਗੁਰਮਤ ਸਿਧਾਂਤਾਂ ਲਈ) ਪਿੰਡ ਪੱਧਰ ਤੇ ਗੁਰਮਤ ਸਿੱਖਿਆ ਕੇਂਦਰ, ਰਹਿਤ ਮਰਿਆਦਾ ਦੀ ਇੱਕਸਾਰਤਾ, ਇਤਿਹਾਸਕ ਗ੍ਰੰਥ ਸੋਧ ਕੇ ਘੱਟ ਕੀਮਤ ਤੇ, ਜੇਹਲਾਂ ਵਿੱਚੋਂ ਸਿੱਖ ਨੌਜੁਆਨਾਂ ਦੀ ਰਿਹਾਈ, ਪੰਜਾਬ ਅਤੇ ਸਿੱਖਾਂ ਦੇ ਹੋਰ ਜ਼ਰੂਰੀ ਮਸਲੇ ਸਰਕਾਰ ਤੋਂ ਹੱਲ ਕਰਵਾਉਣੇ, ਗੁਰੂ ਗ੍ਰੰਥ ਸਾਹਿਬ ਸੰਸਾਰ ਦੀਆਂ ਮੁੱਖ ਬੋਲੀਆਂ ਵਿੱਚ ਛਾਪਕੇ ਵੰਡਣੇ। ਬਹੁਤ ਕੰਮ ਹਨ, ਪਰ ਨਾਹਰਿਆਂ ਜੈਕਾਰਿਆਂ ਤੋਂ ਬਿਨਾਂ ਸ਼ਾਇਦ ਹੋਰ ਕੁੱਝ ਸਾਡੇ ਪੱਲੇ ਨਾ ਪਵੇ। ਐ ਜਥੇਦਾਰ ਜੀ। ਕਿਰਪਾ ਕਰਕੇ ਪੰਥ ਦੀ ਬਹੁੜੀ ਕਰੋ, ਸ: ਗੁਰਬਖਸ ਸਿੰਘ ਜਾਂ ਸ: ਜੋਗਿੰਦਰ ਸਿੰਘ "ਸਪੋਕਸਮੈਨ" ਨੂੰ ਪੰਥ ਵਿੱਚੋਂ ਛੇਕ ਦੇਣ ਨਾਲ ਕੌਮ ਦਾ ਕੁੱਝ ਨਹੀਂ ਸੰਵਰਨਾ। ਅਸੀਂ ਸਾਰੇ ਉਹਨਾਂ ਦੇ ਨਾਲ ਹਾਂ, ਜੇ ਫਾਹੇ ਲਾਉਣਾ ਹੈ ਤਾਂ ਸਾਨੂੰ ਉਹਨਾਂ ਦੇ ਹਮੈਤੀ ਅੱਠ ਦਸ ਹਜਾਰ, "26 ਦੀ ਕਨਵੈਸ਼ਨ" ਵਾਲੇ

ਸਿੱਖਾਂ ਨੂੰ ਸਾਰਿਆ ਨੂੰ ਹੀ ਛੇਕ ਦਿਓ। ਇਹੀ ਤੁਹਾਡੀ "ਪੰਥਕ ਸੇਵਾ" ਮੰਨੀ ਜਾਵੇਗੀ, ਸਾਨੂੰ ਕੋਈ ਗ਼ਮ ਨਹੀਂ ਹੋਵੇਗਾ।

ਮੁਰਾਦ ਪੂਰੀ ਹੋਈ 21-10-06 ਨੂੰ ਜਥੇਦਾਰ ਨੇ ਡੇਰਾਵਾਦੀਆਂ ਦੇ ਆਖੇ "ਤਤਕਾਲ" ਸੇਵਾ ਕਰਦਿਆਂ ਲੇਖਕ ਵਿਰੁਧ ਭੀ ਹੁਕਮਨਾਮਾ ਜਾਰੀ ਕਰ ਦਿਤਾ ਹੈ। ਬਿਨਾ ਸੁਣਵਾਈ ਤੋਂ ਇਕ ਤਰਫਾ ਫੈਸਲੇ ਕੋਈ ਔਰੰਗਜੇਬ ਜਾਂ ਚੰਗੇਜ ਖਾਨ ਹੀ ਕਰ ਸਕਦਾ ਹੈ। ਧਰਮੀ ਪੁਰਖ ਕਦੀ ਅਜਿਹਾ ਪਾਪ ਨਹੀਂ ਕਰ ਸਕਦਾ।

# ਧਰਮ ਅਸਥਾਨਾਂ ਦੀ ਕੁਵਰਤੋਂ

ਪਿਛਲੇ ਦਿਨੀਂ ਭਾਈ ਇਕਬਾਲ ਸਿੰਘ ਪਟਨਾ ਸਾਹਿਬ ਦੇ ਪੁਜਾਰੀ ਅਤੇ ਭਾਈ ਮੁਹਿੰਦਰ ਸਿੰਘ ਰੋਮਾਣਾ (ਪ੍ਰਧਾਨ) ਦੀ ਮਰਿਆਦਾ ਬਾਰੇ ਕੁੱਝ ਗੰਭੀਰ ਤਲਖ ਕਲਾਮੀ ਹੋਈ ਅਖ਼ਬਾਰਾਂ ਵਿੱਚ ਛਪੀ। ਰੋਮਾਣਾ ਜੀ ਨੇ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਦੇ ਹੱਕ ਵਿੱਚ ਵਿਚਾਰ ਪ੍ਰਗਟ ਕੀਤੇ, ਨਾਲ ਉਹਨਾਂ ਇਹ ਭੀ ਕਿਹਾ ਕਿ ਬ੍ਰਾਹਮਣੀ ਕਰਮਕਾਂਡ, ਧੂਫਾਂ, ਜੋਤਾਂ, ਟੱਲੀਆਂ, ਘੜਿਆਲਾਂ ਗੁਰੂ ਘਰਾਂ ਵਿੱਚ ਵਰਜਿਤ ਹਨ, ਪਰ ਸਾਡੇ ਜਥੇਦਾਰ ਇਹੀ ਬ੍ਰਾਹਮਣੀ ਕਰਮ ਕਰ ਰਹੇ ਹਨ, ਨਾਲ ਹੀ ਜੋ ਪਟਨਾ ਸਾਹਿਬ ਤੇ ਹਜੂਰ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਦਸਮ ਗ੍ਰੰਥ ਦਾ ਪ੍ਰਕਾਸ਼ ਕੀਤਾ ਜਾਂਦਾ ਹੈ, ਉਸ ਦੀ ਕਰੜੀ ਆਲੋਚਨਾ ਕੀਤੀ। ਇਸੇ ਕਾਰਨ ਭਾਈ ਇਕਬਾਲ ਸਿੰਘ ਉੱਬਲ ਪਏ। ਉਹਨਾਂ ਆਉਂਦਿਆਂ ਹੀ ਪਟਨਾ ਸਾਹਿਬ ਤੋਂ ਖ਼ਤ ਲਿਖ ਕੇ (ਹੁਕਮਨਾਮਾ ?) ਰੋਮਾਣਾ ਜੀ ਨੂੰ ਸਿੱਧਾ ਹੀ ਸਿੱਖੀ ਵਿੱਚੋਂ ਚਲਦਾ ਕਰ ਦਿੱਤਾ। ਜਦੋਂ ਰੋਮਾਣਾ ਜੀ ਨੇ ਅੰਮ੍ਰਿਤਸਰ ਅਪੀਲ ਕੀਤੀ ਤਾਂ ਅਕਾਲ ਤਖ਼ਤ ਦੇ ਸੇਵਾਦਾਰ ਨੇ ਇਕਬਾਲ ਸਿੰਘ ਦੀ ਚਿੱਠੀ ਤੇ ਰੋਕ ਲਾ ਦਿੱਤੀ। ਗੱਲ ਕੀ ਇਸ ਘਟਨਾ ਕਰਮ ਨੇ ਸਿੱਖ ਪੰਥ ਦੀ ਸਰਮਸਾਰੀ ਵਿੱਚ ਹੋਰ ਵਾਧਾ ਕਰ ਦਿੱਤਾ। ਕਿ ਵੇਖੋ ਸਾਡੇ ਪੁਜਾਰੀ (ਜਥੇਦਾਰ) ਕਿੱਥੇ ਖਲੋਤੇ ਹਨ।

ਇਸ ਗੁਰਮਤ ਵਿਰੋਧੀ ਪਾਪ ਕਰਮ ਨੂੰ ਠੀਕ ਸਿੱਧ ਕਰਨ ਲਈ ਇਕਬਾਲ ਸਿੰਘ ਜੀ ਨੇ ਪੂਰਾ ਤਾਣ ਲਾਉਂਦਿਆਂ ਹੁਣ ਹੋਰ ਕੱਦੂ ਵਿੱਚ ਤੀਰ ਮਾਰ ਦਿੱਤਾ ਹੈ। ਉਹਨਾਂ ਨੇ ਕੁੱਝ ਪੁਰਾਣੇ ਗ੍ਰੰਥਾਂ ਦੇ ਹਵਾਲੇ ਦੇਣ ਦੀ ਕੁਚੇਸ਼ਟਾ ਭਰੀ ਬਦਨੀਤੀ ਰਾਹੀਂ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ, "ਅਖੇ ਪਟਨਾ ਸਾਹਿਬ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਹੀ ਤਖ਼ਤ ਬਣਾ ਦਿੱਤਾ ਸੀ ਜਦੋਂ ਸਾਲਸਰਾਏ ਨੂੰ ਮੰਜੀ ਤੇ ਬਿਠਾ ਕੇ ਦਸਤਾਰ ਬਖਸ਼ ਦਿੱਤੀ।" ਓ ਭੱਦਰ ਪੁਰਖੋ! ਕਿਉਂ ਦੁੱਧ ਵਿੱਚ ਕਾਂਜੀ ਪਾਉਣ ਲੱਗੇ ਹੋ ? ਇਸ ਤਰ੍ਹਾਂ ਕੀਤਿਆਂ ਨਾ ਤਾਂ ਤਖ਼ਤ ਬਣਦਾ ਹੈ ਨਾ ਤਖਤ ਦਾ ਜਥੇਦਾਰ ਬਣਦਾ ਹੈ। ਉਹ ਸਾਰੇ (ਸਾਲਸ ਰਾਏ ਤੋਂ ਲੈਕੇ ਬਾਅਦ ਤੱਕ) ਧਰਮ ਪ੍ਰਚਾਰਕ ਸਨ, ਤਖ਼ਤ ਅਤੇ ਜਥੇਦਾਰ ਦਾ ਤਦੋਂ ਨਾਮੋ ਨਿਸ਼ਾਨ ਨਹੀਂ ਸੀ। ਸਤਿਗੁਰੂ ਨਾਨਕ ਸਾਹਿਬ ਜੀ ਨੇ ਬਹੁਤ ਸਾਰੇ ਸਿੱਖਾਂ ਨੂੰ ਧਰਮਸਾਲ ਬਣਾਉਣ ਲਈ ਹੁਕਮ ਕੀਤਾ। ਧਰਮਸ਼ਾਲ ਬਨਣ ਤੋਂ ਬਾਅਦ ਇੱਕ ਮੁਖੀ ਸਿੱਖ ਸਾਰੇ ਕੰਮ ਨੂੰ ਸਰੰਜਾਮ ਦਿੰਦਾ। ਇਸੇ ਤਰ੍ਹਾਂ ਭਾਈ ਲਾਲੋ ਨੂੰ ਸੈਦਪੁਰ ਵਿੱਚ ਮੰਜੀਦਾਰ ਥਾਪਿਆ। ਸੱਜਣ (ਠੱਗ) ਜੀ ਨੂੰ ਤੁਲੰਬੇ ਦਾ ਮੰਜੀਦਾਰ ਬਣਾਇਆ। ਭਾਈ ਮਨਸੁਖ ਨੂੰ ਲਾਹੌਰ ਦਾ ਪ੍ਰਚਾਰਕ ਬਣਾਇਆ।

ਗੱਲ ਕੀ ਜਗਨ ਨਾਥ ਪੁਰੀ, ਕਾਸ਼ੀ, ਲੰਕਾ, ਹਿਮਾਲਾ ਪਰਬਤ, ਤਿੱਬਤ, ਨੇਪਾਲ, ਮੱਕਾ ਮਦੀਨਾ, ਜਿੱਥੇ ਭੀ ਸਤਿਗੁਰੂ ਗਏ, ਪਰਚਾਰਕ ਥਾਪੇ। ਮੰਜੀਆਂ ਬਖ਼ਸ਼ੀਆਂ, ਕੀ ਉਹ ਸਾਰੇ ਅਸਥਾਨ ਤਖ਼ਤ ਮੰਨ ਲਏ ਜਾਣਗੇ ? ਕਦੀ ਭੀ ਨਹੀਂ, ਫਿਰ ਤਾਂ ਸਤਿਗੁਰੂ ਨਾਨਕ ਸਾਹਿਬ ਦਾ ਜਨਮ ਅਸਥਾਨ ਤਲਵੰਡੀ ਹੀ ਸਭ ਤੋਂ ਪਹਿਲਾਂ ਤਖ਼ਤ ਸਵੀਕਾਰ ਕਰਨਾ ਪਵੇਗਾ। ਇੱਥੇ ਹੀ ਗੱਲ ਨਹੀਂ ਮੁਕੇਗੀ, ਸਗੋਂ ਸਤਿਗੁਰੂ ਅਮਰਦਾਸ ਜੀ ਨੇ ਹੋਰ ਬਾਈ ਮੰਜੀਆਂ ਦੀ ਬਖਸ਼ਿਸ਼ ਉੱਤਮ ਜੀਵਨ ਵਾਲੇ ਸਿੱਖਾਂ ਨੂੰ ਕੀਤੀ ਤੇ ਵੱਖੋ-ਵੱਖ ਇਲਾਕਿਆਂ ਵਿੱਚ ਪ੍ਰਚਾਰਕ ਥਾਪਿਆ। ਫਿਰ ਇਹ ਬਾਈ ਸਿੱਖ ਸੇਵਕ ਭੀ ਜਥੇਦਾਰ ਅਖਵਾਉਣਗੇ ? ਤੇ ਇਹਨਾਂ ਦੇ ਸਾਰੇ ਅਸਥਾਨ "ਤਖਤ ਸਾਹਿਬ" ਬਣ ਜਾਣਗੇ ? ਉਹਨਾਂ ਬਾਈ ਸਿੱਖਾਂ ਦੇ ਨਾਮ ਮਹਾਨਕੋਸ਼ ਦੇ ਪੰਨਾ ਨੰ: 847 ਤੇ ਵੇਖੇ ਜਾ ਸਕਦੇ ਹਨ। ਜਿਸ ਸ਼ਬਦ ਦਾ ਜ਼ਿਕਰ ਭਾਈ ਇਕਬਾਲ ਸਿੰਘ ਨੇ ਕੀਤਾ ਹੈ ਉਸ ਵਿੱਚ (990 ਵਾਲਾ) ਮੰਜੀ ਤਖ਼ਤ ਜਾਂ ਜਥੇਦਾਰੀ ਦਾ ਕਿਧਰੇ ਜ਼ਿਕਰ ਨਹੀਂ ਹੈ। ਜ਼ਿੰਦਗੀ ਦੇ ਸੁਧਾਰ ਵਾਸਤੇ ਹੀ ਸਾਰੀ ਗੁਰਬਾਣੀ ਉਚਾਰਣ ਕੀਤੀ ਗਈ ਹੈ ਕਿਸੇ ਨੂੰ "ਤਖ਼ਤ" ਤੇ ਬਿਠਾਉਣ ਨਾਲ ਘਸੀਟ ਕੇ ਨਾਂ ਜੋੜੀ ਜਾਵੇ। ਇਸੇ ਤਰ੍ਹਾਂ ਦੇ ਸ਼ਬਦ ਕਾਂਸੀ, ਗਇਆ, ਲੰਕਾ, ਤੁਲੰਬੇ, ਸੈਦਪੁਰ, ਲਾਹੌਰ ਆਦਿਕ ਅਨੇਕ ਥਾਵਾਂ ਤੇ ਸਤਿਗੁਰੂ ਜੀ ਨੇ ਉਚਾਰਣ ਕੀਤੇ ਹਨ। ਕੀ ਉਹ ਸਾਰੇ ਥਾਂ ਤਖ਼ਤ ਬਣਾ ਲਈਏ ? ਸਤਿਗੁਰੂ ਜੀ ਕਿਸ ਅਸਥਾਨ ਤੇ ਕਿੰਨਾ ਸਮਾਂ ਰਹੇ ਇਸ ਨਾਲ ਕੋਈ ਫਰਕ ਨਹੀਂ ਪੈਣ ਲੱਗਾ। ਤਲਵੰਡੀ ਕਰੀਬ ਵੀਹ ਸਾਲ ਰਹੇ, ਸੁਲਤਾਨਪੁਰ ਅਠਾਰਾਂ ਸਾਲ ਰਹੇ। ਕਰਤਾਰਪੁਰ ਭੀ ਲੱਗਭਗ ਸਤਿਗੁਰੂ ਵੀਹ ਸਾਲ ਬਿਰਾਜੇ ਤਾਂ ਕੀ ਇਹ ਸਾਰੇ ਤਖ਼ਤ ਬਣ ਗਏ ? ਸੇਵਾਦਾਰ ਤਾਂ ਸਾਰੇ ਹੀ ਸਿੱਖ ਹਨ। ਸਤਿਗੁਰੂ ਜੀ ਦੇ ਇਤਿਹਾਸਕ ਸਥਾਨ ਸਾਰੇ ਹੀ ਭਲੇ ਹਨ ਪਰ "ਤਖ਼ਤ ਤੇ ਜਥੇਦਾਰ" ਇਸ ਤਰ੍ਹਾਂ ਨਹੀਂ ਬਣਾਏ ਜਾ ਸਕਦੇ। ਫਿਰ ਢਾਕੇ ਦਾ ਭੂਮੀਆ ਚੋਰ, ਕੌਡਾ ਰਾਖਸ, ਨੂਰਸ਼ਾਹ ਜਾਦੂਗਰਨੀ.... ਇਹ ਭੀ ਸਾਰੇ ਤਖ਼ਤਾਂ ਦੇ ਜਥੇਦਾਰ ਸਨ ?

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਟਨੇ ਦੀ ਸੰਗਤ ਦਾ ਕਾਬਲ ਦੀ ਸੰਗਤ ਵਾਸਤੇ "ਮੇਰਾ ਖਾਲਸਾ" ਖ਼ਤਾਂ ਵਿੱਚ ਲਿਖਿਆ ਹੈ। ਕੀ ਖ਼ਤ ਵਿੱਚ ਖਾਲਸਾ ਲਿਖਣ ਨਾਲ ਹੀ ਤਖ਼ਤ ਬਣ ਜਾਂਦਾ ਹੈ ? ਉਹਨਾਂ ਨੇ ਤੇ ਹੋਰ ਭੀ ਬਹੁਤ ਖ਼ਤ ਲਿਖੇ ਸਨ ?

ਭਾਈ ਦਿਆਲ ਦਾਸ ਨੂੰ ਨੇਕ ਇਨਸਾਨ ਪਵਿੱਤਰ ਜੀਵਨ ਵਾਲਾ ਜਾਣਕੇ ਸਤਿਗੁਰੂ ਜੀ ਨੇ ਮੁੱਖ ਸੇਵਾਦਾਰ ਪਟਨਾ ਵਿਖੇ ਲਾ ਦਿੱਤਾ ਠੀਕ ਹੈ। ਪਰ ਭਾਈ ਇਕਬਾਲ ਸਿੰਘ ਨੂੰ ਸਤਿਗੁਰੂ ਨੇ ਨੇਕ ਚਲਣੀ ਦਾ ਕੋਈ ਸਾਰਟੀਫੀਕੇਟ ਨਹੀਂ ਦਿੱਤਾ। ਦਿਆਲਦਾਸ ਦੀ ਪਦਵੀ ਆਪਣੇ ਨਾਮ ਖਿੱਚ ਕੇ ਜੋੜਨੀ ਕਿਹੜੀ ਦਿਆਨਤਦਾਰੀ ਹੈ ?

ਹੁਣ ਦੇਖੋ ਝੂਠ ਦੇ ਪੈਰ ਨਹੀਂ ਹੁੰਦੇ ਵਾਲੀ ਗੱਲ, "ਇਸ ਤਖ਼ਤ ਦਾ ਨਾਮ ਕਰਣ ਦਸਮ ਪਾਤਸ਼ਾਹ ਨੇ ਕੀਤਾ" ਭਾਈ ਇਕਬਾਲ ਸਿੰਘ ਲਿਖਦਾ ਹੈ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸਮ ਪਾਤਸ਼ਾਹ ਤੱਕ ਇਹ ਥਾਂ ਬਿਨਾਂ ਕਿਸੇ ਨਾਮ ਤੋਂ ਹੀ ਚਲੀ ਆਉਂਦੀ ਸੀ ? ਅਗਲੀ ਗੱਲ ਇਕਬਾਲ ਸਿੰਘ ਲਿਖਦਾ ਹੈ ਕਿ ਮਾਤਾ ਸੁੰਦਰੀ ਜੀ ਨੇ ਭਾਈ ਲਾਲ ਪਾਲਾ ਤੇ ਭਾਈ ਸੰਗੋ ਜੀ ਨੂੰ ਹੁਕਮਨਾਮਾ ਦੇ ਕੇ ਭੇਜਿਆ। ਕੀ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਵਾਲੇ ਹੁਕਮਨਾਮੇ ਸਮਾਂ ਵਿਹਾ ਗਏ ਸਨ ? ਮਾਤਾ ਸੁੰਦਰੀ ਜੀ ਨੂੰ ਪੰਥ ਦੀ ਗੁਰਤਾ ਨਹੀਂ ਦਿੱਤੀ ਗਈ, ਫਿਰ ਉਹਨਾਂ ਨੂੰ ਹੁਕਮਨਾਮੇ ਜਾਰੀ ਕਰਨ ਦਾ ਅਧਿਕਾਰ ਪ੍ਰਾਪਤ ਕਿਵੇਂ ਹੋ ਗਿਆ ? ਕਹਿੰਦੇ ਹਨ ਜਾਂ ਤਾਂ ਬੰਦਾ ਝੂਠ ਬੋਲੇ ਹੀ ਨਾ ਜੇ ਬੋਲਣ ਲੱਗ ਹੀ ਪਿਆ ਤਾਂ ਵੱਡੇ ਤੋਂ ਵੱਡਾ ਝੂਠ ਬੋਲੇ ਮਾੜਾ ਧੀੜਾ ਕਿਉਂ ਬੋਲੇ ? ਭਾਈ ਇਕਬਾਲ ਸਿੰਘ ਨੇ ਤਾਂ ਇਹ ਭੀ ਲਿਖ ਮਾਰਿਆ ਕਿ ਅਕਾਲ ਤਖ਼ਤ ਸਾਹਿਬ ਕੇਵਲ ਪੰਜਾਬ ਤੱਕ ਸੀਮਤ ਹੈ। ਬਾਕੀ ਸਾਰੀ ਦੁਨੀਆਂ ਤਾਂ ਪਟਨਾ ਸਾਹਿਬ ਦੇ ਅਧੀਨ ਹੈ। ਵਾਹ ਭਾਈ ਜੀ ਵਾਹ। ਜਿੱਥੇ ਸਰਬੱਤ ਖਾਲਸੇ ਜੁੜਦੇ ਰਹੇ, ਜਿਥੇ ਵੈਰੀ ਬਾਰ ਬਾਰ ਹਮਲੇ ਕਰਦੇ ਰਹੇ, ਜਿੱਥੇ ਛੇਵੇਂ ਪਾਤਸ਼ਾਹ ਫੌਜਾਂ ਤੋਂ ਨਜ਼ਰਾਨੇ ਲੈਂਦੇ ਰਹੇ, ਜਿਥੇ ਵੱਡੇ ਵੱਡੇ ਨਵਾਬ ਬਾਦਸ਼ਾਹ ਝੁੱਕਦੇ ਰਹੇ, ਉਹ ਤਖ਼ਤ ਛੋਟਾ ਹੋ ਗਿਆ ਤੇ ਪਟਨਾ ਸਾਹਿਬ ਜਿਸਦੀ ਕੋਈ ਸਰਗਰਮ ਭੂਮਿਕਾ ਨਹੀਂ ਰਹੀ ਉਹ ਸਾਰੀ ਦੁਨੀਆਂ ਦਾ ਕੇਂਦਰ ਧੁਰਾ ?

ਭਾਈ ਇਕਬਾਲ ਸਿੰਘ ਦੀ ਅਗਲੀ ਲਿਖੀ ਪੰਕਤੀ ਪੜ੍ਹੋ – "ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਉਸ ਸਮੇਂ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਸੇਵਾਦਾਰਾਂ ਨੇ ਦਰਬਾਰ ਸਾਹਿਬ ਵਿੱਚ ਦਾਖਲ ਨਾ ਹੋਣ ਦਿੱਤਾ। ਨਾ ਹੀ ਅਕਾਲ ਤਖ਼ਤ ਆਉਣ ਦਿੱਤਾ, 50 ਗਜ ਦੀ ਦੂਰੀ ਤੇ ਬੈਠ ਕੇ ਵਾਪਸ ਚਲੇ ਗਏ।"

ਗੁਰੂ ਦੀ ਮਹਾਨ ਪਦਵੀ ਦੇ ਮਾਲਕੋ! ਕੀ ਇਸੇ ਕਾਰਨ ਅਕਾਲ ਤਖਤ ਛੋਟਾ ਹੋ ਗਿਆ ਕਿ ਗੁਰੂ ਤੇਗ ਬਹਾਦਰ ਅੰਦਰ ਨਹੀਂ ਜਾ ਸਕੇ ? ਪਟਨਾ ਸਾਹਿਬ ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਹਰਿਗੋਬਿੰਦ, ਗੁਰੂ ਹਰਿਰਾਇ, ਗੁਰੂ ਹਰਿ ਕ੍ਰਿਸ਼ਨ ਵਿੱਚੋਂ ਕੋਈ ਭੀ ਸਤਿਗੁਰੂ ਨਹੀਂ ਆਇਆ। ਜਦੋਂ (ਗੁਰੂ) ਗੋਬਿੰਦ ਰਾਏ ਦਾ ਜਨਮ ਹੋਇਆ ਸੀ ਤਦੋਂ ਉਹ ਸਿੱਖਾਂ ਦੇ ਗੁਰੂ ਨਹੀਂ ਸਨ। ਸਾਢੇ ਨੌਂ ਸਾਲ ਦੀ ਉਮਰ ਵਿੱਚ 1675 ਨੂੰ ਉਹ ਗੁਰੂ ਬਣੇ ਸਨ ਤੇ ਗੁਰੂ ਬਣਨ ਤੋਂ ਬਾਅਦ ਕਦੇ ਪਟਨੇ ਆਏ ਨਹੀਂ ਕੀ ਜਵਾਬ ਹੈ ਇਸ ਗੱਲ ਦਾ ? ਜੋ ਕੁੱਝ ਅਕਾਲ ਤਖ਼ਤ ਤੇ ਹੋ ਰਿਹਾ ਹੈ, ਉਹਦੇ ਵਿਚੋਂ ਬਹੁਤ ਕੁੱਝ ਗਲਤ ਹੋ ਰਿਹਾ ਹੈ ਪਰ ਪਟਨਾ ਸਾਹਿਬ ਵਿਖੇ ਭੀ ਤਾਂ ਬਹੁਤ ਕੁੱਝ ਗਲਤ ਹੋ ਰਿਹਾ ਹੈ, ਸੋਚੋ ?

ਗਿਆਨੀ ਇਕਬਾਲ ਸਿੰਘ ਜੀ ਪਟਨਾ ਸਾਹਿਬ ਤੱਕ ਸੀਮਤ ਰਹਿੰਦੇ ਤਾਂ ਬਹੁਤ

ਚੰਗਾ ਸੀ। ਉਹ ਤਾਂ ਹਜ਼ੂਰ ਸਾਹਿਬ ਦੇ ਭੀ ਮਾਲਕ ਬਣਦੇ ਨਜ਼ਰ ਆਉਂਦੇ ਹਨ। ਜਿੱਥੇ ਦਸਮ ਪਿਤਾ ਕੁੱਝ ਮਹੀਨੇ ਰਹੇ ਉਹ ਤਖ਼ਤ ਕਿਵੇਂ ਬਣ ਗਿਆ ? ਕੋਈ ਸਬੂਤ ਨਹੀਂ ਦਿੱਤਾ ਗਿਆ। "ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ" ਬਸ ਇੰਨਾਂ ਵਾਕ ਕਹਿ ਦੇਣ ਨਾਲ ਹੀ ਤਖ਼ਤ ਬਣ ਗਿਆ। ਸਤਿਗੁਰੂ ਜੀ ਨੇ ਜਿੱਥੇ ਬੈਠ ਕੇ ਭੀ ਉਪਦੇਸ਼ ਕੀਤਾ ਫਿਰ ਤਾਂ ਉਹੀ ਤਖਤ ਬਣ ਜਾਵੇਗਾ। ਪਹਿਲਾਂ ਸਾਰੇ ਪਾਸੇ ਹੀ ਅਨੰਤ ਗੁਰਦਵਾਰੇ ਮੌਜੂਦ ਹਨ। ਹੁਣ ਫਿਰ ਇਹਨਾਂ ਸਾਰਿਆਂ ਦਾ ਨਾਮ ਬਦਲ ਕੇ "ਤਖ਼ਤ" ਰੱਖ ਦੇਈਏ ? ਠੀਕ ਹੈ ? ਪਰ ਭਾਈ ਇਕਬਾਲ ਸਿੰਘ ਤਾਂ ਸਾਰੀ ਸਿੱਖ ਕੌਮ ਨੂੰ ਪੰਥ ਵਿੱਚੋਂ "ਛੇਕਣ" ਲਈ ਤਿਆਰ ਨਜ਼ਰ ਆਉਂਦੇ ਹਨ।

ਕਿੰਨਾ ਚੰਗਾ ਹੁੰਦਾ ਜੇ ਭਾਈ ਇਕਬਾਲ ਸਿਘ ਕਿਸੇ ਅਜਿਹੇ ਪੁਰਾਤਨ ਹੁਕਮਨਾਮੇ ਦਾ ਜ਼ਿਕਰ ਕਰਦੇ ਜੋ ਪਟਨਾ ਸਾਹਿਬ ਦੇ ਜਥੇਦਾਰ ਨੇ ਖਾਲਸਾ ਪੰਥ ਵਾਸਤੇ ਜਾਰੀ ਕੀਤਾ ਹੁੰਦਾ। ਜਾਂ ਕਿਸੇ ਨੂੰ ਪੰਥ ਵਿੱਚ ਛੇਕਣ ਵਾਲੇ ਪੁਰਾਣੇ ਹੁਕਮਨਾਮੇ ਦਾ ਹੀ ਜ਼ਿਕਰ ਕਰ ਦਿੰਦੇ ਪਰ ਨਹੀਂ ਕਰ ਸਕੇ। ਉਸੇ ਕਿਤਾਬ ਵਿੱਚ ਡਾ. ਗੰਡਾ ਸਿੰਘ ਨੇ ਅੱਜ ਤੱਕ ਇੱਕ ਹੁਕਮਨਾਮਾ ਜਾਰੀ ਹੋਣਾ ਲਿਖਿਆ ਹੈ। ਸਗੋਂ ਉਹ ਉਗਰਾਹੀ ਦੀ ਅਪੀਲ ਹੈ, ਹੁਕਮਨਾਮਾ ਨਹੀਂ ਹੈ। ਸੰਨ 1862 ਫਰਵਰੀ 4 ਨੂੰ ਇਲਾਕਾ ਨਿਵਾਸੀ ਸੰਗਤਾਂ ਨੂੰ ਕਿਹਾ ਗਿਆ ਹੈ ਕਿ ਫਰਸ਼ ਅਤੇ ਨਿਸ਼ਾਨ ਸਾਹਿਬ ਦੀ ਸੇਵਾ ਵਿੱਚ ਹਿੱਸਾ ਪਾਓ। ਹੋਰ ਕੋਈ ਹੁਕਮਨਾਮਾ ਇੱਥੋਂ (ਪਟਨਾ) ਜਾਂ ਹਜੂਰ ਸਾਹਿਬ ਤੋਂ ਕਦੇ ਜਾਰੀ ਨਹੀਂ ਹੋਇਆ। ਪੁਰਾਤਨ ਲਿਖਤਾਂ ਵਿੱਚ ਜਥੇਦਾਰ ਮਿਸਲਾਂ ਦੇ ਮੁਖੀ ਨੂੰ ਕਿਹਾ ਜਾਂਦਾ ਸੀ ਗੁਰੂ ਘਰ ਦੇ ਗ੍ਰੰਥੀ ਨੂੰ ਜਥੇਦਾਰ ਨਹੀਂ ਕਿਹਾ ਜਾਂਦਾ ਸੀ। ਸਭ ਤੋਂ ਵੱਡੀ ਸੁਪ੍ਰੀਮ ਕੋਰਟ ਦੇਸ਼ ਵਿੱਚ ਇੱਕ ਹੀ ਹੋਇਆ ਕਰਦੀ ਹੈ। ਤੇ ਹਾਈਕੋਰਟਾਂ ਬਹੁਤੀਆਂ ਹੋ ਸਕਦੀਆਂ ਹਨ। ਪਤਾ ਨਹੀਂ ਭਾਈ ਇਕਬਾਲ ਸਿੰਘ ਪੰਥ ਦਾ ਕੀ ਸੰਵਾਰਨਾ ਚਾਹੁੰਦੇ ਹਨ ਇਹਨਾਂ ਹੁਕਮਨਾਮਿਆਂ ਦੁਆਰਾ। ਅਣਗਿਣਤ ਖਤ (ਹੁਕਮਨਾਮਿਆਂ ਦੇ ਨਾਮ ਅਧੀਨ) ਅਕਾਲ ਤਖਤ ਸਾਹਿਬ ਤੋਂ ਆਪਣੇ ਵਿਰੋਧੀਆਂ ਨੂੰ ਨੀਵਾਂ ਦਿਖਾਉਣ ਵਾਸਤੇ ਜਾਰੀ ਹੋ ਚੁੱਕੇ ਹਨ। ਰਾਜਸੀ ਲੋਕਾਂ ਨੇ ਜਥੇਦਾਰਾਂ ਨੂੰ ਅਤੇ ਅਕਾਲ ਤਖ਼ਤ ਨੂੰ ਆਪਣੀਆਂ ਨਿਜੀ ਲੋੜਾਂ ਵਾਸਤੇ ਵਰਤਿਆ ਹੈ। ਗੁਰਮਤ ਤੋਂ ਸੱਖਣੇ ਅਣਪੜ੍ਹ ਵਿਅਕਤੀ ਸਿੱਖਾਂ ਦੇ ਪੋਪ ਬਣੇ ਨਜ਼ਰ ਆਉਂਦੇ ਹਨ। ਗੁਰ ਮਰਿਆਦਾ ਤੋਂ ਉਲਟ ਚੱਲਣ ਵਾਲੇ ਰਾਜਨੀਤਕ ਬਦਦਿਆਨਤਦਾਰ ਲੀਡਰਾਂ ਨੂੰ, ਅਤੇ ਪਾਖੰਡੀ ਲਾਣੇ ਸਾਧਾਂ ਨੂੰ ਨੱਥ ਪਾਉਣ ਵਾਸਤੇ ਅਖੌਤੀ ਜਥੇਦਾਰਾਂ ਨੇ ਕਦੇ ਕੋਈ ਠੋਸ ਕਾਰਵਾਈ ਕਰਨ ਦੀ ਜੁਅਰੱਤ ਨਹੀਂ ਕੀਤੀ। ਧਰਮ ਪ੍ਰਚਾਰ ਵੱਲ ਕਦੀ ਧਿਆਨ ਨਹੀਂ ਦਿੱਤਾ ਜਾਂਦਾ। ਪੰਥ ਰਸਾਤਲ ਵੱਲ ਗਰਕਦਾ ਜਾ ਰਿਹਾ ਹੈ, ਆਪੋ ਧਾਪੀ ਪਈ ਹੋਈ ਹੈ। ਵੱਖੋ ਵੱਖਰੀਆਂ ਮਰਿਆਦਾਵਾਂ ਬਣਾ

ਲਈਆਂ ਹਨ। ਨਸ਼ੇ, ਪਤਿਤ ਪੁਣਾ, ਬ੍ਰਾਹਮਣੀ ਕਰਮਕਾਂਡ ਆਦਿ ਨੂੰ ਰੋਕਣ ਵਾਸਤੇ ਕਦੀ ਕਿਸੇ ਪੁਜਾਰੀ (ਜਥੇਦਾਰ) ਨੇ ਧਿਆਨ ਹੀ ਨਹੀਂ ਦਿੱਤਾ। ਪਰ ਜਦੋਂ ਕੋਈ ਸਿੱਖ ਅਕਲ ਦੀ ਗੱਲ ਕਹਿ ਦੇਵੇ ਤਦੋਂ ਹੀ ਪੁਜਾਰੀਆਂ ਨੂੰ ਬਹੁਤ ਗੁੱਸਾ ਆਉਂਦਾ ਹੈ। ਸਬੰਧਤ ਵਿਅਕਤੀ ਨੂੰ ਪੰਥ ਵਿਚੋਂ ਛੇਕ ਕੇ ਬਹੁਤ ਵੱਡੀ "ਸੇਵਾ" ਕਰ ਰਹੇ ਹੁੰਦੇ ਹਨ। ਕਾਸ਼ ਕਿ ਤਖਤ ਇਕੋ ਹੋਵੇ ਖਾਲਸਾ ਪੰਥ ਨੂੰ ਇਮਾਨਦਾਰ ਰਾਜਨੀਤੀ ਦਾ ਪਾਠ ਪੜਾਵੇ। ਜਥੇਦਾਰ ਧਰਮ ਦਾ ਮੁਜਸਮਾ ਅਤੇ ਸੰਸਾਰ ਪਥਰ ਦੀ ਰਾਜਨੀਤੀ ਦਾ ਮਾਹਿਰ ਹੋਵੇ। ਬੇਈਮਾਨ ਆਚਰਣਹੀਣ ਰਾਜਸੀ ਲੋਕ ਸਿਖ ਧਰਮ ਦੀ ਦੁਰਵਰਤੋਂ ਨਾ ਕਰ ਸਕਣ। ਸਾਰੇ ਸਿੱਖ ਇੱਕੋ ਮਰਿਆਦਾ ਵਿੱਚ ਬੱਝ ਜਾਣ। ਧਰਮ ਪ੍ਰਚਾਰ ਦੀ ਨਵੀਂ ਲਹਿਰ ਚਲਾ ਦੇਣ। ਪੰਥ ਦੀ ਏਕਤਾ ਵਾਸਤੇ ਸਾਰਥਕ ਉਪਰਾਲੇ ਕਰਨ ਤੇ ਜੋ ਗੱਲ ਕਰਨੀ ਹੋਵੇ ਦਲੀਲ ਵਿਚਾਰ ਨਾਲ ਕਰਨ। ਇਹੋ ਜੋਦੜੀ ਹੈ ਇਹੋ ਅਰਦਾਸ ਹੈ।

# ਸੇਵਾ ਤੇ ਪਵਿਤਰਤਾ ਦਾ ਘਾਣ

ਭਾਰਤੀ ਸਮਾਜ ਵਿੱਚ ਬ੍ਰਾਹਮਣੀ ਧਰਮ ਨੇ ਜੋ ਵਿਗਾੜ ਪੈਦਾ ਕੀਤੇ ਹਨ, ਉਹਨਾਂ ਦੀ ਫਰਿਸ਼ਤ ਬਹੁਤ ਵੱਡੀ ਹੈ। ਹਥਲੇ ਲੇਖ ਦੁਆਰਾ ਕੇਵਲ ਕਿਰਤ ਨਾਲ ਸਬੰਧਤ ਕੁੱਝ ਵਿਚਾਰ ਸਾਂਝੇ ਕੀਤੇ ਜਾਣਗੇ। ਇਸ ਦੇਸ਼ ਦੇ ਧਰਮ ਗ੍ਰੰਥਾਂ (?) ਨੇ ਜੋ ਪ੍ਰਚਾਰਿਆ ਬੀਜਿਆ, ਉਹੀ ਪੈਦਾ ਹੋਇਆ, ਭੁਗਤਿਆ। ਬ੍ਰਾਹਮਣ ਧਰਮਗੁਰੂ, ਪੁਜਾਰੀ ਤਾਂ ਪੂਜਣ ਯੋਗ ਬਣ ਬੈਠਾ, ਕਿਰਤੀ ਕਾਮਾ, ਮਿਹਨਤ ਕਰਨ ਵਾਲਾ, ਸਾਰਿਆਂ ਦੀਆਂ ਲੋੜਾਂ ਪੂਰੀਆਂ ਕਰਨ ਵਾਲਾ, ਕੰਮੀ ਕੰਮੀਣ ਤੇ ਸ਼ੂਦਰ ਬਣਾ ਦਿੱਤਾ ਗਿਆ। ਸਭ ਤੋਂ ਜ਼ਿਆਦਾ ਮਿਹਨਤੀ (ਹੱਥੀਂ ਕਿਰਤ ਕਰਨ ਵਾਲਾ) ਹੀ ਸਭ ਤੋਂ ਨੀਵਾਂ ਧੱਕ ਦਿੱਤਾ ਗਿਆ। ਉਹ ਕੰਮ ਤਾਂ ਜੀਅ ਜਾਨ ਮਾਰ ਕੇ ਦਿਨ ਰਾਤ ਕਰੇ। ਬਦਲੇ ਵਿੱਚ ਮੰਗੇ ਕੁੱਝ ਨਾ, ਵੱਟੇ ਵਿੱਚ ਮਿਲਣਗੇ ਜੂਠੇ ਟੁਕੜੇ, ਪਾਟੇ ਪੁਰਾਣੇ ਕੱਪੜੇ, ਨਿੱਤ ਦਿਨ ਤ੍ਰਿਸਕਾਰ, ਫਿਟਕਾਰਾਂ ਗਾਲ੍ਹਾਂ। ਉੱਚਾ ਹਉਕਾ ਤੱਕ ਲੈਣ ਦੀ ਆਗਿਆ ਨਹੀਂ। ਇਸ ਅਤੀ ਘਟੀਆ ਵਰਤਾਰੇ ਨੂੰ, ਧਰਮ ਦੀ ਚਾਦਰ ਪਹਿਲਾਂ ਦਿੱਤੀ ਗਈ। "ਧਰਮ ਗ੍ਰੰਥਾਂ ਦਾ ਪਵਿੱਤਰ ਉਪਦੇਸ਼ ਗਰਦਾਨਿਆ ਗਿਆ।" ਇਸੇ ਕਾਰਨ ਭਾਰਤ ਵਿੱਚ ਕਿਰਤ ਦੀ ਵਡਿਆਈ ਅਲੋਪ ਹੋ ਗਈ। ਲੋਕੀਂ ਕੰਮ ਤੋਂ ਜੀਅ ਚੁਰਾਣ ਲੱਗੇ, ਕਾਮਾ ਇਨਸਾਨ ਨਫਰਤ ਦਾ ਪਾਤਰ ਬਣਦਾ ਚਲਾ ਗਿਆ। ਖੇਤੀ ਕਰਨ ਵਾਲਾ ਗਰਮੀ ਸਰਦੀ ਵਿੱਚ, ਦੁੱਖ ਝੱਲਕੇ, ਅੰਨ ਪੈਦਾ ਕਰਨ ਵਾਲਾ ਸ਼ੂਦਰ ਅਖਵਾਇਆ। ਕਪਾਹ ਪੈਦਾ ਕਰਨ ਵਾਲਾ, ਬੁਣਨ ਤਣਨ ਵਾਲਾ, ਰੰਗਾਈ ਸਿਲਾਈ ਵਾਲਾ, ਸਾਰੇ ਨੀਵੇਂ ਸ਼ੂਦਰ ਬਣਾ ਦਿੱਤੇ। ਮੁਫਤ ਦਾ ਅੰਨ ਖਾਕੇ ਡਕਾਰ ਮਾਰ ਜਾਣ ਵਾਲਾ ਮੁਫਤ ਵਿੱਚ ਕੱਪੜੇ ਪ੍ਰਾਪਤ ਕਰਕੇ, ਪਹਿਨ ਲੈਣ ਵਾਲਾ, ਗਰੀਬਾਂ ਦੇ ਹੱਕਾਂ ਤੇ ਨਿੱਤ ਡਾਕੇ ਮਾਰਨ ਵਾਲਾ ਉੱਚੀ ਕੁਲ, ਉੱਚੀ ਜਾਤ ਵਾਲਾ, ਪੂਜਣਜੋਗ ਬਣ ਬੈਠਾ। ਅਜਿਹੇ ਮੁਫਤ ਖੋਰੇ ਵਿਹਲੜ ਨੂੰ ਹਰ ਥਾਂ ਫਿਟਕਾਰਾਂ ਪੈਣੀਆਂ ਚਾਹੀਦੀਆਂ ਸਨ। ਸਿਤਮ ਇਹ ਕਿ ਹਿੱਕ ਦੇ ਤਾਣ ਅਨੇਕ ਹਥ ਕੰਡਿਆਂ ਦੁਆਰਾ ਤਿਆਰ ਕੀਤੇ ਮਾਰੂ ਸਿਸਟਮ ਮੁਤਾਬਕ ਇਹ ਪਰਜੀਵੀ (ਪਰਾਏ ਜੀਵ ਦਾ ਖੂਨ ਪੀਣ ਵਾਲਾ) ਸਗੋਂ ਪੂਜਣਯੋਗ ਬਣ ਬੈਠਾ। ਕਿਰਤੀ ਲੋਕ ਮਿਹਨਤ ਭੀ ਕਰਨ, ਆਪਣੀ ਕਿਰਤ ਦਾ ਕੁੱਝ ਹਿੱਸਾ ਇਹਨਾਂ ਦੇ ਅੱਗੇ ਭੇਟਾ ਰੱਖਣ ਤੇ ਚਰਨਾਂ ਤੇ ਸਿਰ ਰੱਖਕੇ ਨਮਸਕਾਰਾਂ ਭੀ ਕਰਨ, ਹੈ ਨਾ ਹਨੇਰ ਗਰਦੀ ?

ਸਤਿਗੁਰੂ ਨਾਨਕ ਸਾਹਿਬ ਜੀ ਨੇ ਕਿਰਤ ਕਰਨ ਨੂੰ, ਪਰਉਪਕਾਰ ਕਰਨ ਨੂੰ

ਧਰਮ ਨਾਲ ਜੋੜ ਦਿੱਤਾ। ਵਿਹਲੜਾਂ ਦੀ ਗੁਰੂ ਘਰ ਵਿੱਚ ਕਦੀ ਸੋਭਾ ਨਹੀਂ ਕੀਤੀ ਗਈ। ਗੁਰਬਾਣੀ ਗੁਰਉਪਦੇਸਾਂ ਤੋਂ ਅਗਵਾਈ ਲੈ ਕੇ ਸਿੱਖ ਹਿੰਮਤੀ, ਕਿਰਤੀ, ਪਰ ਉਪਕਾਰੀ, ਜਾਂਬਾਜ਼ ਜੋਧੇ ਬਣਕੇ ਉੱਭਰੇ। ਲੰਮੀ ਜੰਗ ਲੜੀ, ਮੁਸੀਬਤਾਂ ਦੇ ਹੜ ਰਾਹ ਰੋਕਦੇ ਰਹੇ, ਪਰ ਸਿੱਖ ਅੱਗੇ ਹੀ ਅੱਗੇ ਵਧਦੇ ਚਲੇ ਗਏ। ਸਤਿਗੁਰੂ ਜੀ ਦਾ ਸ਼ਬਦ ਪੜ੍ਹੋ–

**ਸੇਵ ਕੀਤੀ ਸੰਤੋਖਈ ਜਿਨੀ ਸਚੋ ਸਚ ਧਿਆਇਆ॥**
**ਓਨੀ ਮੰਦੈ ਪੈਰ ਨ ਰਖਿਓ ਕਰਿ ਸੁਕ੍ਰਿਤ ਧਰਮ ਕਮਾਇਆ॥**
**ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥.....**
**ਵਡਿਆਈ ਵਡਾ ਪਾਇਆ॥** (467)

ਜਿਥੇ ਦੁਨਿਆਵੀ ਕਾਰਜ ਸਿੱਖ ਸਮਾਜ ਨੇ ਪੂਰੀ ਤਨਦੇਹੀ ਨਾਲ ਕਰਦਿਆਂ ਕੰਗਾਲੀ ਨੂੰ ਘਰੋਂ ਕੱਢ ਦਿੱਤਾ, ਉਥੇ ਨਾਲ ਹੀ ਲੋੜਵੰਦਾਂ ਦੀ ਸੇਵਾ ਲਈ ਭੀ ਖਾਸ ਤਰ੍ਹਾਂ ਦੇ ਉਪਰਾਲੇ ਆਰੰਭੇ। ਝਾੜੂ ਪੋਚਾ ਲਾਉਣਾ, ਮਲਮੂਤਰ ਦੀ ਸਫਾਈ ਕਰਨੀ ਸ਼ੂਦਰਾਂ ਦਾ "ਖਾਨਦਾਨੀ" ਕੰਮ ਮਿਥਿਆ ਗਿਆ ਸੀ। ਹੁਣ ਇਹ ਕੰਮ "ਸੇਵਾ" ਦਾ ਭਾਗ ਬਣਾ ਦਿੱਤਾ ਗਿਆ। ਬਰਤਨ ਸਾਫ ਕਰਨੇ, ਲੰਗਰ ਪਕਾਉਣਾ ਭੀ ਛੋਟੀਆਂ ਜਾਤਾਂ ਵਾਲਿਆਂ ਦੀ "ਕਿਸਮਤ" ਵਿੱਚ ਲਿਖ ਦਿੱਤਾ ਗਿਆ ਸੀ। ਗੁਰੂ ਘਰ ਵਿੱਚ ਇਹ ਕੰਮ ਭੀ ਸੇਵਾ ਦਾ ਪਵਿੱਤਰ ਅੰਗ ਬਣ ਗਿਆ। ਪਸ਼ੂ ਸਾਂਭਣੇ, ਘਾਹ ਪੱਠਾ ਵਰਤਾਉਣਾ, ਦੁੱਧ ਚੋਣਾ, ਘੋੜੇ ਬਲਦ ਪਾਲਣੇ, ਇਹ ਸਾਰਿਆਂ ਦਾ ਸਾਂਝਾ ਕਾਰਜ ਬਣ ਗਿਆ। ਕੋਈ ਗਿਲਾਨੀ ਨਹੀਂ, ਨਫਰਤ ਨਹੀਂ, ਨੀਵਾਂਪਣ ਨਹੀਂ।

ਕਿਰਤ ਦੀ ਵਡਿਆਈ ਗੁਰੂ ਘਰ ਵਿੱਚ ਇਤਨੀ ਪ੍ਰਬਲ ਰੂਪ ਧਾਰਨ ਕਰ ਗਈ ਕਿ ਸਿੱਖਾਂ ਨੇ ਮੁਢਲੇ ਅਸੂਲਾਂ ਵਿੱਚ ਕਿਰਤ ਨੂੰ ਸ਼ਾਮਲ ਕਰ ਦਿੱਤਾ ਗਿਆ। ਜੇ ਪ੍ਰਮਾਤਮਾ ਨੂੰ ਯਾਦ ਰੱਖਣਾ ਜ਼ਰੂਰੀ ਹੈ, ਤਾਂ ਕਿਰਤ ਕਰਨੀ ਭੀ ਜ਼ਰੂਰੀ ਹੈ, ਤੇ ਫਿਰ ਵੰਡ ਕੇ ਛਕਣਾ ਭੀ ਜ਼ਰੂਰੀ ਹੈ। ਇਸ ਨੂੰ ਇਉਂ ਮਾਣ ਪ੍ਰਾਪਤ ਹੈ – "ਨਾਮ ਜਪਣਾ, ਧਰਮ ਦੀ ਕਿਰਤ ਕਰਨੀ, ਤੇ ਵੰਡ ਕੇ ਛਕਣਾ"। ਸਤਗੁਰੂ ਜੀ ਦੇ ਪਾਵਨ ਬਚਨਾਂ ਨੂੰ ਸਿਰ ਮੱਥੇ ਸਵੀਕਾਰ ਕਰਦਿਆਂ, ਅਣਗਿਣਤ ਗੁਰੂ ਕੇ ਲਾਲਾਂ ਨੇ ਸੇਵਾ ਦੇ ਖੇਤਰ ਵਿੱਚ ਯੋਗਦਾਨ ਪਾਇਆ ਹੈ। ਵੰਡ ਕੇ ਭੀ ਛਕਿਆ ਹੈ ਤੇ ਵਹਿਗੁਰੂ ਦਾ ਸ਼ੁਕਰਾਨਾ ਭੀ ਕਰਦੇ ਰਹੇ ਹਨ। ਸੋਹਣੀਆਂ, ਅਮੀਰਜ਼ਾਦੀਆਂ ਭੈਣਾਂ, ਗੁਰੂ ਘਰਾਂ ਵਿੱਚ ਸਤਿਕਾਰ ਸਹਿਤ ਬਰਤਨ ਸਾਫ ਕਰਦੀਆਂ, ਪਰਸ਼ਾਦੇ ਬਣਾਉਂਦੀਆਂ, ਵਰਤਾਉਂਦੀਆਂ, ਆਮ ਵੇਖੀਆਂ ਜਾ ਸਕਦੀਆਂ ਹਨ। ਝਾੜੂ ਪੋਚਾ ਲਾਉਣਾ, ਜਲ ਛਕਾਉਣਾ ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕਰਦੇ ਗੁਰਸਿੱਖ ਵੀਰਾਂ

ਨੂੰ ਹਰ ਰੋਜ਼ ਵੇਖਿਆ ਜਾ ਸਕਦਾ। ਜੋੜੇ ਸਾਂਭਣੇ ਸਾਫ ਕਰਨੇ, ਕੱਪੜੇ ਧੋਣੇ ਭੀ ਸੇਵਾ ਦਾ ਹੀ ਇੱਕ ਹਿੱਸਾ ਸਵੀਕਾਰ ਕੀਤੇ ਗਏ ਹਨ। ਗੁਰਬਾਣੀ ਪੜ੍ਹਨੀ ਵਿਚਾਰਨੀ ਤਾਂ ਸਿੱਖ ਲਈ ਹੈ ਹੀ ਅਤੀ ਜ਼ਰੂਰੀ। ਸੇਵਾ ਕਰਨ ਦੀ ਪ੍ਰੇਰਨਾ ਗੁਰਬਾਣੀ ਵਿੱਚੋਂ ਹੀ ਤਾਂ ਪ੍ਰਾਪਤ ਹੁੰਦੀ ਹੈ। ਘਰ ਵਿੱਚ ਜਾਂ ਗੁਰੂ ਘਰ ਵਿੱਚ ਕਿਤੇ ਭੀ ਮੌਕਾ ਬਣ ਆਵੇ, ਸਿੱਖ ਨੇ ਗੁਰਬਾਣੀ ਦਾ ਪਾਠ ਕਰਨਾ ਜਾਂ ਸੁਣਨਾ ਹੀ ਹੈ। ਸਹਿਜ ਪਾਠ, ਅਖੰਡ ਪਾਠ, ਕੀਰਤਨ ਕਥਾ, ਕੜਾਹ ਪ੍ਰਸ਼ਾਦ ਤੇ ਨਿਤਨੇਮ ਦੀਆਂ ਬਾਣੀਆਂ, ਇਹ ਸਭ ਤਾਂ ਸਿੱਖ ਦੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਹਨ। ਪੁਰਾਤਨ ਸਮੇਂ ਤੋਂ ਹੀ ਸਿੱਖ ਬਾਣੀ ਪੜ੍ਹਦੇ ਹੋਏ ਸਤਿਕਾਰ ਨਾਲ ਸੇਵਾ ਕਰਦੇ ਆ ਰਹੇ ਹਨ।

ਲਗਪਗ 1960 ਤੋਂ ਸ਼ੁਰੂ ਹੋਕੇ ਇੱਕ ਅਜੇਹੀ ਮਾਰੂ ਹਵਾ ਚਲਾ ਦਿੱਤੀ ਗਈ ਕਿ ਸਿੱਖੀ ਸੇਵਾ ਦੀਆਂ ਨੀਹਾਂ ਹਿੱਲ ਗਈਆਂ। ਜਦੋਂ ਸੰਤ ਫਤਿਹ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ ਇੱਕ ਦੂਜੇ ਨੂੰ ਪਛਾੜਨ ਦੀ ਨੀਅਤ ਨਾਲ, ਪੰਥਕ ਮੰਚ ਤੇ ਛਲ ਨਾਟਕ ਕੀਤਾ ਤੇ ਅਕਾਲ ਤਖ਼ਤ, ਅਤੇ ਉਸਦੇ ਸੇਵਾਦਾਰ ਨੂੰ ਜਿਵੇਂ ਦਿਲ ਕੀਤਾ ਨਚਾਇਆ। ਇਹ ਇੱਕ ਲੰਮੀ ਦੁਖਦਾਈ ਦਾਸਤਾਨ ਹੈ। ਸੰਨ 1960 ਤੋਂ ਬਾਅਦ ਹੀ ਮਾਸਟਰ ਤਾਰਾ ਸਿੰਘ ਤੇ ਸੰਤ ਫਤਿਹ ਸਿੰਘ ਨੇ ਵਾਰੀ ਵਾਰੀ ਮਰਨ ਵਰਤ ਰੱਖੇ। ਬੜੀ ਬੇਹਯਾਈ ਨਾਲ ਬਿਨਾ ਕੁੱਝ ਪ੍ਰਾਪਤ ਕੀਤੇ ਅਧਵਾਟਿਉਂ ਵਰਤ ਤੋੜ ਦਿੱਤੇ। ਫਿਰ ਅਕਾਲ ਤਖ਼ਤ ਤੇ ਅਗਨ ਕੁੰਡ ਬਣਾਏ ਗਏ। ਦੋਵੇਂ ਲੀਡਰਾਂ ਸਮੇਂ ਸਮੇਂ ਸੜ ਮਰਨ ਦਾ ਗੁਰਮਤ ਵਿਰੋਧੀ ਕਰਮ ਕੀਤਾ, ਐਲਾਣ ਕਰਕੇ ਮੁੱਕਰ ਮਰਨ ਤੋਂ ਜਾਂਦੇ ਰਹੇ। ਸਿੱਖ ਪੰਥ ਦੇ ਗੁੱਸੇ ਤੋਂ ਬਚਣ ਵਾਸਤੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਵਰਤਦੇ ਰਹੇ। "ਜਥੇਦਾਰ ਜੀ ਸਾਨੂੰ ਬਰਤਨ ਸਾਫ ਕਰਨ, ਜੋੜ ਝਾੜਨ, ਝਾੜੂ ਫੇਰਨ ਤੇ ਪਾਠ ਕਰਨ ਦੀ "ਸਜ਼ਾ" ਲਾ ਦਿਉ। ਬਹੁਤੀ ਨਾ ਲਾਉਣੀ ਬਸ ਪੰਦਰਾਂ ਵੀਹ ਦਿਨਾਂ ਤੋਂ ਵੱਧ ਨਾ ਹੋਵੇ। ਇਸ ਤਰ੍ਹਾਂ ਸਾਡੇ ਗੁਨਾਹ ਮੁਆਫ਼ ਹੋ ਜਾਣਗੇ ਤੇ ਭੋਲੇ ਭਾਲੇ ਸਿੱਖ ਠੰਢੇ ਠਾਰ ਹੋ ਕੇ ਫਿਰ ਸਾਡੇ ਮਗਰ ਜੈਕਾਰੇ ਗਜਾਉਂਦੇ ਚੱਲ ਪੈਣਗੇ।" ਕਠਪੁਤਲੀ ਨੁਮਾ ਜਥੇਦਾਰ ਜੀ ਨੇ ਇਹੀ ਕੁੱਝ ਕੀਤਾ। ਇੱਕ ਨੌਕਰ, ਮਾਲਕ ਨੂੰ ਸਜਾ ਲਾਉਣ ਦਾ ਖੇਖਣ ਕਰ ਰਿਹਾ ਸੀ। ਪਰ ਮਾਲਕ ਨੂੰ ਪੁੱਛ ਪੁੱਛ ਕੇ, ਇਹ ਪੰਥਕ ਰਵਾਇਤਾਂ ਤੋਂ ਭਗੌੜੇ ਲੋਕ (ਲੀਡਰ) ਸਜ਼ਾ ਭੁਗਤ ਰਹੇ ਸਨ, ਦਰਬਾਰ ਸਾਹਿਬ ਵਿੱਚ ਬਰਤਨ ਸਾਫ਼ ਕਰਕੇ, ਬਾਣੀ ਪੜ੍ਹ ਸੁਣਕੇ।

ਉਦੋਂ ਤੋਂ ਲੈਕੇ ਅੱਜ ਤੱਕ ਇਹੀ ਵਰਤਾਰਾ ਗੁਰਮਤ ਦਾ ਲੇਬਲ ਲਾਕੇ ਨਿਰੰਤਰ ਵਰਤਾਇਆ ਜਾ ਰਿਹਾ ਹੈ। ਸੰਨ 1977 ਵਿੱਚ ਪੰਜਾਬ ਦੀ ਅਕਾਲੀ ਸਰਕਾਰ ਵਿੱਚ ਇੱਕ

ਸਿਰ ਕੱਢਵੇਂ ਸਿੱਖ ਸ੍ਰ: ਆਤਮਾ ਸਿੰਘ ਮਾਲ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਪਟਵਾਰੀ ਤੋਂ ਲੈ ਕੇ ਉੱਪਰ ਤੱਕ ਮਹਿਕਮੇ ਦਾ ਹਰ ਵੱਡਾ ਛੋਟਾ ਅਫਸਰ/ਕਰਮਚਾਰੀ ਰਿਸਵਤ ਵਿੱਚ ਡੂੰਘਾ ਧੱਸਿਆ ਹੋਇਆ ਹੈ, ਇਹਨਾਂ ਨੂੰ ਨੱਥ ਪਾਉ ਭ੍ਰਿਸ਼ਟਾਂ ਨੂੰ ਸਜ਼ਾ ਦਿਉ....।

ਸ੍ਰ: ਆਤਮਾ ਸਿੰਘ ਦਾ ਜੁਆਬ ਸੀ –"ਹਾਂ ਤੁਸੀਂ ਠੀਕ ਕਹਿ ਰਹੇ ਹੋ, ਮੈਂ ਧਾਰਮਕ ਆਦਮੀ ਹਾਂ, ਇਸ ਲਈ ਇਹਨਾਂ ਨੂੰ ਧਾਰਮਕ ਸਜ਼ਾ ਹੀ ਦਿਆਂਗਾ। ਅੱਗੋਂ ਵਾਸਤੇ ਇਹਨਾਂ ਤੋਂ ਪ੍ਰਣ ਕਰਵਾਂਵਾਗਾ ਕਿ ਬੇਈਮਾਨੀ, ਰਿਸ਼ਵਤਖੋਰੀ ਤੋਂ ਬਾਜ ਆਉਣ।" ਪੁੱਛਣ ਤੇ ਆਖਣ ਲੱਗੇ ਵਜ਼ੀਰ ਸਾਹਿਬ ਕਿ "ਇਹਨਾਂ ਸਾਰਿਆਂ ਨੂੰ ਮੈਂ ਅਪੀਲ ਕਰਦਾ ਹਾਂ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਜਾਣ, ਸਮੱਰਥਾ ਮੁਤਾਬਕ ਦੇਗ ਕਰਾਉਣ, ਪ੍ਰਕਰਮਾ ਵਿੱਚ ਸੇਵਾ ਕਰਨ ਤੇ ਪਾਠ ਸੁਨਣ। ਹਫਤਾ ਦਸ ਦਿਨਾਂ ਦਾ ਪ੍ਰਸਚਾਤਾਪ ਕਰਕੇ ਫਿਰ ਪ੍ਰਣ ਕਰਨ ਕਿ ਅੱਗੋਂ ਰਿਸ਼ਵਤ ਨਹੀਂ ਲਵਾਂਗੇ, ਤਾਂ ਮੈਂ ਸਾਰਿਆਂ ਦੇ ਪਿਛਲੇ ਕੀਤੇ ਹੋਏ ਗੁਨਾਹ ਮੁਆਫ਼ ਹੋਏ ਸਮਝ ਲਵਾਂਗਾ। ਇਸ ਬਚਕਾਨੇ ਅਖਬਾਰੀ ਬਿਆਨ ਕਾਰਨ ਸ੍ਰ: ਆਤਮਾ ਸਿੰਘ ਦੀ ਲੰਮੇ ਸਮੇਂ ਤੱਕ ਖਿੱਲੀ ਉੱਡਦੀ ਰਹੀ ਸੀ। ਪੱਤਰਕਾਰਾਂ ਇਹ ਭੀ ਆਖਿਆ ਸੀ ਪਈ ਫਿਰ ਪੁਲੀਸ ਅਤੇ ਅਦਾਲਤਾਂ ਦੀ ਕੀ ਲੋੜ ਹੈ, ਲੁੱਟਾਂ ਖੋਹਾਂ ਕਰੋ, ਰਿਸ਼ਵਤਾਂ ਲਈ ਜਾਉ, ਦੁਨੀਆਂ ਭਰ ਦੇ ਕੁਕਰਮ ਕਰਨ ਤੋਂ ਬਾਅਦ ਕਦੀ ਕਦਾਈਂ ਦਰਬਾਰ ਸਾਹਿਬ ਜਾ ਕੇ ਦੇਗ ਕਰਾਉ, ਇਸ਼ਨਾਨ ਕਰੋ, ਬਾਣੀ ਸੁਣੋ, ਤੇ ਸਾਰੇ ਗੁਨਾਹਾਂ ਤੋਂ ਮੁਕਤੀ ਪਾਉ।

ਬਿਲਕੁਲ ਇਸੇ ਤਰਜ ਤੇ ਚੱਲ ਰਹੇ ਹਨ ਸਾਡੇ ਲੀਡਰ ਤੇ ਜਥੇਦਾਰ। ਪਿਛਲੇ ਲੰਮੇ ਅਰਸੇ ਤੋਂ ਵੇਖਦੇ ਆ ਰਹੇ ਹਾ, ਜਿੰਨੇ ਵੱਡੇ ਮਰਜ਼ੀ ਬੱਜਰ ਪਾਪ ਕਰਦੇ ਜਾਉ, ਗੁਰੂ ਕੀਆਂ ਗੋਲਕਾਂ ਲੁੱਟੋ, ਧਰਮ ਦੇ ਨਾਂ ਤੇ ਸਿੱਖਾਂ ਨੂੰ ਕੁਰਾਹੇ ਪਾਉ, ਲੁੱਟ ਕੇ ਖਾਉ ਵੋਟਾਂ ਮੰਗੋ। ਗੁਰਦਵਾਰਿਆਂ ਨੂੰ ਰਾਜਸੀ ਅਖਾੜੇ ਬਣਾ ਦਿਉ, ਚੌਧਰਾਂ ਤੇ ਗੋਲਕਾਂ ਬਦਲੇ ਇੱਕ ਦੂਜੇ ਦੇ ਸਿਰ ਪਾੜੋ, ਪੱਗਾਂ ਉਤਾਰੋ, ਦਾਹੜੀਆਂ ਪੁੱਟੋ, ਅਦਾਲਤਾਂ ਵਿੱਚ ਗੁਰੂ ਕੀਆਂ ਗੋਲਕਾਂ ਨੂੰ ਰੋਹੜਦੇ ਚਲੇ ਜਾਉ। ਝੂਠ ਬੋਲੋ, ਸ਼ਰਾਬਾਂ ਪੀਉ, ਸ਼ਰਾਬਾਂ ਪਿਆਉ, ਅਫ਼ੀਮ ਭੁੱਕੀ ਦੀ ਬਲੈਕ ਕਰੋ ਤੇ ਵੋਟਰਾਂ ਨੂੰ ਛਕਾਉ। ਸਾਰੇ ਗੁਰਧਾਮਾਂ ਤੇ ਫੌਜਾਂ ਚਾਹੜ ਦਿਉ, ਹਜ਼ਾਰਾਂ ਨੌਜਵਾਨਾਂ ਨੂੰ ਕੋਹ ਕੋਹ ਕੇ ਮਾਰ ਦਿਉ।ਅਕਾਲ ਤਖ਼ਤ ਢਾਹ ਦਿਉ (ਬੂਟਾ ਸਿੰਘ, ਗਿ: ਜੈਲ ਸਿੰਘ) ਅਕਾਲ ਤਖਤ ਬਣਾ ਦਿਉ (ਸੰਤਾ ਸਿੰਘ ਨਿਹੰਗ ਮੁਖੀ) ਅਕਾਲ ਤਖਤ ਦੇ ਨਾਮ ਤੇ ਮਾਇਆ ਬਟੋਰ ਲਵੋ (ਟਕਸਾਲ) ਅਕਾਲ ਤਖਤ ਦੀ ਦੁਰਵਰਤੋਂ ਕਰ ਲਵੋ। ਅਰਦਾਸਾਂ ਕਰਕੇ, ਕਸਮਾਂ ਖਾਕੇ (ਅਕਾਲੀ ਦਲ ਦੇ ਮਰਜੀਵੜੇ) ਮੁੱਕਰ ਜਾਉ, ਗੁਰੂ ਨੂੰ ਪਿੱਠ ਦੇ

ਜਾਉ, ਪੰਥ ਨੂੰ ਖੂਹ ਵਿੱਚ ਸੁੱਟ ਦਿਉ, ਸਭ ਮੁਆਫ ਹੋ ਸਕਦਾ ਹੈ। ਭਾਵੇਂ ਕੋਈ ਸੰਤ ਬਾਣੇ ਵਿੱਚ ਬਲਾਤਕਾਰ ਕਰੇ (ਧਨਵੰਤ ਸਿੰਘ, ਸ਼ਮਸ਼ੇਰ ਸਿੰਘ ਜਗੇੜਾ, ਮਾਨ ਸਿੰਘ ਪਹੋਵਾ) ਭਾਵੇਂ ਸੰਤ ਲੋਕ ਖੁਦ ਡੇਰੇ ਦੇ ਅੰਦਰ (ਨਾਨਕਸਰ ਕਲੇਰਾਂ ਵਾਲੇ) ਕਬਜੇ ਵਾਸਤੇ ਗੋਲੀਆਂ ਦੀ ਵਾਛੜ ਨਾਲ ਦੂਜੇ ਸੰਤ ਨੂੰ ਭੁੰਨ ਦੇਣ। ਸਭ ਮੁਆਫ਼ ਹੋ ਸਕਦਾ ਹੈ, ਬਸ ਇੱਕ ਵਾਰੀ ਦਰਬਾਰ ਸਾਹਿਬ ਆਉ ਜਥੇਦਾਰ ਜੀ ਅੱਗੇ "ਪੇਸ਼" ਹੋਵੋ। ਉਹ ਦੋਸ਼ੀ ਨੂੰ ਕਰੜੀ ਸਜਾ ਦੇਣਗੇ। ਭਲਾ ਕੀ ? ਜਾਉ ਪਰਕਰਮਾ ਵਿੱਚ ਝਾੜੂ ਲਾਉ, ਬਰਤਣ ਮਾਂਜੋ, ਜੋੜੇ ਸਾਫ ਕਰੋ, ਪਾਠ ਸੁਣੋ ਕਰੋ, ਲਗਾਤਾਰ ਇੱਕੀ ਦਿਨ ਜਾਂ ਇਕੱਤੀ ਦਿਨ। ਫਿਰ ਦੇਗ ਕਰਾਉਣੀ, ਗੋਲਕ ਵਿੱਚ ਮਾਇਆ ਪਾਉਣੀ ਤੇ ਪੰਥ ਵਿੱਚ ਵਾਪਸੀ ਦੀ ਅਰਦਾਸ, ਭੁੱਲਾਂ ਬਖਸ਼ਣ ਦੀ ਅਰਦਾਸ ਕਰਕੇ ਸਾਰੇ ਗੁਨਾਹ ਧੋ ਦਿੱਤੇ ਜਾਣਗੇ।

ਆਖਿਰ ਵਿੱਚ ਗੰਭੀਰ ਹੋਕੇ ਝਾਤੀ ਮਾਰੋ। ਸ਼ੁਰੂ ਵਿੱਚ ਜ਼ਿਕਰ ਕੀਤਾ ਗਿਆ ਸੀ, ਕਿ ਗੁਰੂ ਪਿਆਰ ਵਾਲੇ, ਮਾਈ ਭਾਈ ਹਥੀਂ ਸੇਵਾ ਕਰਨੀ ਧੰਨ ਭਾਗ ਜਾਣਕੇ ਕਰਿਆ ਕਰਦੇ ਸਨ/ਹਨ। ਇਹਨਾਂ ਅੰਦਰ ਗੁਰੂ ਪਿਆਰ ਗੁਰਬਾਣੀ ਦਾ ਸਤਿਕਾਰ, ਸੇਵਾ ਦਾ ਉਤਸ਼ਾਹ ਠਾਠਾਂ ਮਾਰਦਾ ਪਰਤੱਖ ਵੇਖਿਆ ਜਾ ਸਕਦਾ ਹੈ। ਭਾਈ ਗੁਰਦਾਸ ਜੀ ਸੇਵਾ ਬਾਰੇ ਲਿਖ ਰਹੇ ਹਨ –

**ਗੁਰਸਿਖਾਂ ਗੁਰਸਿਖ ਸੇਵਾ ਲਾਇਆ॥**
**ਸਾਧ ਸੰਗਤ ਕਰਿ ਸੇਵ ਸੁਖ ਫਲ ਪਾਇਆ॥**
**ਤਪੜ ਝਾੜਿਆ ਵਿਛਾਇ ਧੂੜੀ ਨਾਇਆ॥**
**ਕੋਰੇ ਮਟ ਅਣਾਇ ਨੀਰ ਭਰਾਇਆ॥**
**ਆਨਿ ਮਹਾਂ ਪ੍ਰਸਾਦਿ ਵੰਡਿ ਖੁਆਇਆ॥** (ਭਾਗੁ : 20/10)

ਸੰਪੂਰਣ ਗੁਰੂ ਗ੍ਰੰਥ ਵਿੱਚ ਕਿਤੇ ਇੱਕ ਤਿਲ ਮਾਤਰ ਜ਼ਿਕਰ ਨਹੀਂ ਮਿਲੇਗਾ ਕਿ ਗੁਰਬਾਣੀ ਪੜ੍ਹਨੀ ਸੁਣਨੀ ਕੋਈ "ਸਜਾ" ਹੈ। ਸਗੋਂ ਅਜਿਹੇ ਹੁਕਮ ਬੇਅੰਤ ਹਨ ਕਿ ਸਿੱਖ ਨੇ ਸਦਾ ਹੀ ਗੁਰਬਾਣੀ ਤੋਂ ਅਗਵਾਈ ਸੇਧ ਲੈ ਕੇ ਜ਼ਿੰਦਗੀ ਬਸਰ ਕਰਨੀ ਹੈ। ਫਿਰ ਸਾਡੇ ਅਖੌਤੀ ਜਥੇਦਾਰ ਭੁੱਲ ਬਖਸ਼ਣ ਲੱਗਿਆਂ ਬਾਣੀ ਪੜ੍ਹਨ ਦੀ "ਤਨਖਾਹ" ਕਿਉਂ ਲਾਉਂਦੇ ਹਨ ? ਗੁਰੂ ਘਰ ਵਿੱਚ ਸੇਵਾ ਕਰਨੀ ਪਵਿੱਤਰ ਕਾਰਜ ਹੈ, ਮਾਈ ਭਾਈ ਸ਼ਰਧਾ ਅਧੀਨ ਖੁਸ਼ੀ ਨਾਲ ਨਿੱਤ ਕਰਦੇ ਵੇਖੀਂਦੇ ਹਨ। ਪਰ ਭੁੱਲ ਬਖਸਾਉਣ ਵਾਲਿਆਂ ਨੂੰ ਇਹੀ ਸੇਵਾ ਕਰਨ ਦੀ "ਸਜ਼ਾ" ਕਿਉਂ ਦਿੱਤੀ ਜਾਂਦੀ ਹੈ ? ਕੜਾਹ ਪ੍ਰਸ਼ਾਦਿ ਸੰਗਤਾਂ ਰੋਜ਼ਾਨਾ ਹੀ ਕਰਾਉਂਦੀਆਂ ਹਨ, ਫਿਰ ਦੇਗ ਕਰਾਉਣ ਦੀ "ਸਜ਼ਾ" ਕਿਵੇਂ ਹੋਈ ? ਅਸਲ ਵਿੱਚ ਸਿੱਖੀ ਦੀਆਂ

ਪਵਿੱਤਰ ਭਾਵਨਾਵਾਂ ਨੂੰ ਵਲੂੰਧਰਿਆ ਜਾ ਰਿਹਾ ਹੈ। ਬਹੁਤ ਹੀ ਸੰਵੇਦਨਸ਼ੀਲ ਪਾਵਨ ਗੁਰ ਹੁਕਮਾ ਨੂੰ "ਤਨਖਾਹ ਜਾਂ ਸਜ਼ਾ" ਵਿੱਚ ਤਬਦੀਲ ਕਰਕੇ ਕਤਲ ਕੀਤਾ ਜਾ ਰਿਹਾ ਹੈ। ਵੱਡੀਆਂ ਗੱਦੀਆਂ ਦੇ ਬਿਰਾਜਮਾਨ, ਬੌਣੇ ਮਨੁੱਖ, ਗੁਰਸਿੱਖੀ ਦੀ ਸਤਿਕਾਰਤ ਸ਼ਬਦਾਵਲੀ ਨੂੰ ਦੂਸ਼ਿਤ ਅਤੇ ਕਲੰਕਤ ਕਰ ਰਹੇ ਹਨ। ਜੇ ਗੁਰਬਾਣੀ ਪੜ੍ਹਨੀ ਸੁਨਣੀ ਸਜ਼ਾ ਹੈ ਤਾਂ ਕੋਈ ਸਿੱਖ ਖੁਸ਼ੀ ਨਾਲ ਬਾਣੀ ਕਿਉਂ ਪੜ੍ਹੇਗਾ ? ਜੇ ਸੇਵਾ ਕਰਨੀ ਸਜ਼ਾ ਹੈ ਤਾਂ ਕੋਈ ਗੁਰੂ ਪਿਆਰ ਵਿੱਚ ਭਿੱਜਕੇ ਸੇਵਾ ਕਿਉਂ ਕਰੇਗਾ ?

ਅਸਲ ਵਿੱਚ ਇਹ "ਤਨਖਾਹ ਜਾਂ ਡੰਡ" ਤਾਂ ਹੈ ਹੀ ਨਹੀਂ, ਪਰ ਰਾਜਸੀ ਲੋਕਾਂ ਦੀ ਮਿਲੀ ਭੁਗਤ ਕਰਕੇ ਜਥੇਦਾਰਾਂ ਨੇ ਸੇਵਾ ਨੂੰ ਡੰਡ ਵਿੱਚ ਬਦਲ ਦਿੱਤਾ। ਕਿਉਂਕਿ ਬਹੁਤੇ ਜਥੇਦਾਰ ਯੋਗਤਾ ਦੇ ਆਧਾਰ ਤੇ ਨਹੀਂ ਆਉਂਦੇ ਬਲਕਿ ਪ੍ਰਧਾਨਾਂ (ਪ੍ਰਧਾਨ S.G.P.C. ਤੇ ਪ੍ਰਧਾਨ ਅਕਾਲੀ ਦਲ) ਦੀ ਜੀ ਹਜ਼ੂਰੀ ਕਰਕੇ ਇਹਨਾਂ ਅਹੁਦਿਆਂ ਤੇ ਲਗਦੇ ਹਨ। ਸਾਰਾ ਸਮਾਂ ਇਹਨਾਂ ਦੀ ਖੁਸ਼ੀ ਹਾਸਲ ਕਰਨ ਵਿੱਚ ਹੀ ਬੀਤ ਜਾਂਦਾ ਹੈ। ਲੇਖਕ ਨਿਜੀ ਤੌਰ ਤੇ ਗਵਾਹ ਹੈ, ਕਿ ਅਖੌਤੀ ਜਥੇਦਾਰ ਪ੍ਰਧਾਨ ਨੂੰ ਪੁੱਛਕੇ ਫੈਸਲੇ ਕਰਦੇ ਹਨ। ਜੇ ਸੱਚ ਮੁੱਚ ਕਿਸੇ ਸਿੱਖ ਨੇ ਗਲਤੀ ਕੀਤੀ ਹੈ ਤਾਂ ਸਭ ਤੋਂ ਪਹਿਲਾਂ ਉਸਨੂੰ ਉਸ ਅਹੁਦੇ ਤੋਂ ਬਰਤਰਫ ਕਰਨਾ ਚਾਹੀਦਾ ਹੈ। ਕੀਤੀ ਗਈ ਗਲਤੀ ਮੁਤਾਬਕ ਇੱਕ ਸਾਲ ਪੰਜ ਸਾਲ (ਜਾਂ ਘੱਟ ਵੱਧ) ਤੱਕ ਉਸਨੂੰ ਜਿੰਮੇਵਾਰੀ ਵਾਲੇ ਰੁਤਬੇ ਤੇ ਅਲੱਗ ਕਰ ਦਿੱਤਾ ਜਾਵੇ। ਉਹ ਵਿਅਕਤੀ ਮਨੁੱਖਤਾ ਦੀ, ਸਿੱਖ ਪੰਥ ਦੀ, ਗੁਰੂ ਘਰ ਦੀ ਜਿਵੇਂ ਦਿਲ ਕਰੇ ਸੇਵਾ ਕਰਦਾ ਰਹੇ। ਉਸ ਵੱਲੋਂ ਕੀਤੀ ਗਈ ਸੇਵਾ, ਸਿੱਖੀ ਵਿੱਚ ਵਿਸ਼ਵਾਸ, ਗੁਰਬਾਣੀ ਦਾ ਅਰਥਾਂ ਸਹਿਤ ਗਿਆਨ, ਇਤਿਹਾਸ ਦੀ ਜਾਣਕਾਰੀ, ਸਿੱਖ ਰਹਿਤ ਮਰਿਆਦਾ ਦੀ ਪਰਪੱਕਤਾ, ਅਤੇ ਨਿੱਜੀ ਜੀਵਨ ਵਿੱਚ ਆਈ ਤਬਦੀਲੀ ਦੀ ਚੰਗੀ ਤਰ੍ਹਾਂ ਪਰਖ ਕੀਤੀ ਜਾਵੇ। ਸਹੀ ਰਾਹ ਤੇ ਆ ਜਾਣ ਤੋਂ ਬਾਅਦ ਸਮੁੱਚੇ ਸਿੱਖ ਪੰਥ ਅਤੇ ਅਕਾਲ ਪੁਰਖ ਤੋਂ ਖਿਮਾਂ ਜਾਚਨਾਂ ਕਰਦਾ ਹੋਇਆ ਸਬੰਧਤ ਵਿਅਕਤੀ ਅੱਗੋਂ ਲਈ ਅਜਿਹੀ ਕਿਸੇ ਗਲਤੀ ਤੋਂ ਬਚਿਆ ਰਹਿਣ ਦਾ ਪ੍ਰਣ ਕਰੇ। ਵਿਸ਼ਵਾਸ ਹੋ ਜਾਣ ਤੋਂ ਬਾਅਦ ਹੀ ਉਸਨੂੰ ਕਿਸੇ ਜਿੰਮੇਵਾਰੀ ਵਾਲੇ ਅਹੁਦੇ ਤੇ ਲੱਗਣ ਦੀ ਇਜ਼ਾਜਤ ਦਿੱਤੀ ਜਾਵੇ। ਕੀ ਜਥੇਦਾਰ ਤੇ ਰਾਜਸੀ ਲੀਡਰ, ਪੰਥਕ ਅਹੁਦੇ ਅਤੇ ਪੰਥਕ ਸਟੇਜਾਂ ਦੀ ਦੁਰਵਰਤੋਂ ਕਰਨ ਤੋਂ ਬਾਜ ਆਉਣਗੇ ? ਕੀ ਪਵਿੱਤਰ ਸੇਵਾ ਨੂੰ ਸਜ਼ਾ ਬਣਾ ਕੇ ਹੀ ਸਾਹ ਲੈਣਗੇ ? ਜੋ ਮਾਈ ਭਾਈ ਬਾਣੀ ਪੜ੍ਹ ਰਹੇ ਹਨ ਤੇ ਸਿਦਕ ਦਿਲੀ ਨਾਲ ਸੇਵਾ ਕਰ ਰਹੇ ਹਨ ਕੀ ਉਹ ਸਾਰੇ ਕਿਸੇ ਕੀਤੇ ਕੁਕਰਮ ਦੀ ਸਜ਼ਾ ਭੁਗਤ ਰਹੇ ਹਨ ? ਕਿਰਪਾ ਕਰਕੇ ਸੇਵਾ ਅਤੇ ਸਜ਼ਾ ਨੂੰ ਅਲੱਗ ਅਲੱਗ ਰਹਿਣ ਦਿਉ। ਸਿੱਖ ਪੰਥ ਵਿੱਚ

ਸਤਿਕਾਰਤ ਸ਼ਬਦਾਵਲੀ ਤੇ ਸਤਿਕਾਰਤ ਭਾਵਨਾਵਾਂ ਦਾ ਘਾਣ ਨਾ ਕਰੋ। ਕੁਕਰਮੀ ਤੇ ਬੇਈਮਾਨ ਰਾਜਸੀ ਲੋਕਾਂ ਵਾਸਤੇ (ਜੇ ਕਰ ਸਕੋ) ਸੱਚਮੁੱਚ ਦੀ ਕੋਈ ਸਜ਼ਾ ਨਿਸ਼ਚਿਤ ਕਰੋ। ਜਥੇਦਾਰ ਜੀ, ਕੀ ਇਸ ਤਰ੍ਹਾਂ ਕਰਨ ਦੀ ਸੋਹਣੀ ਪਿਰਤ ਪਾ ਸਕੋਗੇ ?

**ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ॥**
**ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ॥**

(308)

# ਕਬੀਰ ਦੀ ਜੰਜੀਰ ਕਿਵੇਂ ਟੁੱਟੀ ?

ਸਤਿਗੁਰੂ ਸਹਿਬਾਨ ਅਤੇ ਸਤਿਕਾਰਯੋਗ ਗੁਰਬਾਣੀ ਰਚੈਤਾ ਭਗਤਾਂ ਨੇ, ਮਨੁੱਖ ਮਾਤਰ ਨੂੰ ਜੀਵਨ ਢੰਗ ਸਿਖਾਉਣ ਵਾਸਤੇ ਬਹੁਤ ਜੁਗਤਾਂ ਵਰਤੀਆਂ। ਜਿੱਥੇ ਉਹਨਾਂ ਦਾ ਜੀਵਨ ਚਾਨਣ ਮੁਨਾਰਾ ਸੀ, ਉੱਥੇ ਸਿੱਖਿਆ ਉਪਦੇਸ਼ ਵੀ ਲਾਜੁਆਬ ਸਨ। ਉਪਦੇਸ਼ ਨੂੰ ਰੌਚਕ ਬਣਾਉਣ ਲਈ ਕਵਿਤਾ ਦੀਆਂ ਅਣਗਿਣਤ ਵੰਨਗੀਆਂ ਗੁਰਬਾਣੀ ਵਿੱਚ ਵਰਤੀਆਂ ਗਈਆਂ ਹਨ। ਬਹੁਤ ਸਾਰੀਆਂ ਸਿੱਖਿਆਵਾਂ ਨੂੰ ਉਦਾਹਰਣਾਂ ਦੇ ਕੇ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਕਈ ਗੱਲਾਂ ਆਪਣੇ ਆਪ ਤੇ ਢੁਕਾ ਕੇ ਲਿਖੀਆਂ ਮਿਲਦੀਆਂ ਹਨ। ਇਹਨਾਂ ਗੁੰਝਲਾਂ ਦੇ ਭੇਤ ਸਮਝਾਉਣ ਵਾਲੇ ਸਿੱਖਾਂ ਦੇ ਲਗਭਗ ਸਾਰੇ ਧਾਰਮਿਕ ਅਦਾਰੇ ਰਾਜਨੀਤੀ ਦੀ ਦਲਦਲ ਵਿੱਚ ਗਰਕ ਹੋ ਚੁੱਕੇ ਹਨ। ਗੁਰਮਤ ਦੇ ਮੌਲਿਕ ਸਿਧਾਂਤਾਂ ਨੂੰ ਸਨਮੁੱਖ ਰੱਖਕੇ, ਨਾ ਇਤਿਹਾਸ ਲਿਖਿਆ ਗਿਆ ਹੈ, ਮਾਹਰ ਵਿਦਵਾਨਾਂ ਦੀਆਂ ਕਮੇਟੀਆਂ ਬਣਾਕੇ ਨਾ ਗੁਰਬਾਣੀ ਦੇ ਅਰਥ ਕੀਤੇ ਗਏ ਹਨ, ਜਿਤਨੀ ਕਿਸੇ ਸੱਜਣ ਦੀ ਸਮਝ ਸਮਰੱਥਾ ਸੀ, ਉਸੇ ਢੰਗ ਨਾਲ ਗੁਰਬਾਣੀ ਦੇ ਅਰਥ ਕਰ ਦਿੱਤੇ ਗਏ। ਸਾਰੇ ਟੀਕਾਕਾਰ ਭਾਵੇਂ ਗੁਰਬਾਣੀ ਪ੍ਰਤੀ ਬਹੁਤ ਸਤਿਕਾਰ ਰੱਖਦੇ ਹੋਣ, ਪਰ ਫਿਰ ਭੀ ਉਹਨਾਂ ਦੇ ਕੀਤੇ ਅਰਥਾਂ ਵਿੱਚ ਮਾਰੂ ਹੱਦ ਤੱਕ ਮਤਭੇਦ ਹਨ, ਟਕਰਾਉ ਹਨ। ਗੁਰਬਾਣੀ ਵਿਚਲੀ 'ਕੇਂਦਰੀ ਵਿਚਾਰਧਾਰਾ' ਤੋਂ ਬਹੁਤੇ ਲੇਖਕ ਅਣਜਾਣ ਹਨ। ਮੁੱਢਲੇ ਅਸੂਲਾਂ ਨੂੰ ਸਮਝਾਉਣ ਵਾਸਤੇ ਕੋਈ ਕੇਂਦਰੀ ਕਮੇਟੀ ਆਦਿ ਵੀ ਨਹੀਂ ਹੈ। ਗੁਰਬਾਣੀ ਵਿਆਕਰਣ ਦੇ ਨੇਮਾਂ ਨੂੰ ਸਨਮੁੱਖ ਰੱਖ ਕੇ, ਵਾਧੂ ਦੀਆਂ ਸਾਖੀਆਂ ਵਿੱਚ ਲਪੇਟਣ ਤੋਂ ਬਿਨਾਂ, ਸਪੱਸ਼ਟ ਢੰਗ ਨਾਲ ਪ੍ਰੋ. ਸਾਹਿਬ ਸਿੰਘ ਜੀ ਨੇ ਅਰਥ ਕਰਕੇ ਨਵੀਂ ਸ਼ੁਰੂਆਤ ਕੀਤੀ ਸੀ। ਉਹਨਾਂ ਵੱਲੋਂ ਵਿਖਾਏ ਗਏ, ਵਿਗਿਆਨਕ ਤਰੀਕਿਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਅੱਜ ਤੱਕ ਮਾਨਤਾ ਨਹੀਂ ਦਿੱਤੀ ਗਈ। ਜਿੱਥੇ ਉਹਨਾਂ ਕੰਮ ਛੱਡਿਆ ਸੀ, ਉਸ ਤੋਂ ਅੱਗੇ ਟੁਰਨ ਬਾਰੇ ਤਾਂ ਸ਼੍ਰੋਮਣੀ ਕਮੇਟੀ ਨੇ ਕਦੀ ਸੁਪਨਾ ਵੀ ਨਹੀਂ ਲਿਆ।

ਪ੍ਰੋ. ਸਾਹਿਬ ਸਿੰਘ ਤੋਂ ਪਹਿਲਾਂ ਜਿਨ੍ਹਾਂ ਲੇਖਕਾਂ ਨੇ ਟੀਕਾਕਾਰੀ ਦੇ ਖੇਤਰ ਵਿੱਚ ਕਲਮ ਚਲਾਈ ਸੀ (ਜਾਣੇ ਜਾਂ ਅਣਜਾਣੇ ਵਿੱਚ) ਉਹਨਾਂ ਨੇ ਅਰਥ ਕਰਨ ਲੱਗਿਆਂ, ਬਿਨਾਂ ਵਜ੍ਹਾਂ ਸ਼ਬਦਾਂ ਨਾਲ ਸਾਖੀਆਂ ਜੋੜ ਦਿੱਤੀਆਂ। ਜਦੋਂ ਕਿ ਸਾਖੀਆਂ ਦਾ ਸ਼ਬਦ ਦੀ ਮੂਲ ਭਾਵਨਾਂ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ। ਭਗਤ ਰਵਿਦਾਸ ਜੀ, ਨਾਮਦੇਵ ਜੀ, ਕਬੀਰ ਜੀ ਦੀ ਬਾਣੀ ਅਤੇ ਜੀਵਨ ਨਾਲ ਬੇ-ਸਿਰ ਪੈਰ ਦੀਆਂ ਬਹੁਤ ਸਾਖੀਆਂ ਜੋੜੀਆਂ ਜਾ

ਚੁੱਕੀਆਂ ਹਨ। ਜਿਨ੍ਹਾਂ ਵਿੱਚੋਂ 'ਅੱਜ ਦੀ ਜ਼ਿੰਦਗੀ' ਬਾਰੇ ਕੋਈ ਸਾਰਥਕ ਸੇਧ ਨਹੀਂ ਮਿਲਦੀ। ਇਹ ਸਾਖੀਆਂ ਵਿਗਿਆਨਕ ਨਜ਼ਰੀਏ ਨਾਲ ਵੇਖਿਆਂ ਵੀ 'ਖਰੀਆਂ' ਨਹੀਂ ਉਤਰਦੀਆਂ। ਬਾਣੀ ਰਚੈਤਾ ਮਹਾਂਪੁਰਖਾਂ ਦੀ ਵਡਿਆਈ ਤਾਂ ਕਿਤੇ ਰਹੀ, ਸਗੋਂ ਇਹਨਾਂ ਦੀ ਤੌਹੀਨ ਕਰਨ ਤੁੱਲ ਹਨ। ਗੁਰੂ ਕੀਆਂ ਸੰਗਤਾਂ, ਪ੍ਰਬੰਧਕ ਤੇ ਪ੍ਰਚਾਰਕ ਹਨ ਕਿ ਅਗਿਆਨਤਾ ਕਾਰਨ, ਧਾਰਮਕ ਸਟੇਜਾਂ ਤੇ ਸਭ ਕੁੱਝ 'ਗੁਰੂ ਕਾ ਪ੍ਰਸ਼ਾਦ' ਸਮਝ ਕੇ ਪ੍ਰਵਾਨ ਕਰੀ ਜਾ ਰਹੇ ਹਨ। ਗੁਰਬਾਣੀ ਤਾਂ ਮਨੁੱਖ ਮਾਤਰ ਨੂੰ ਭਰਪੂਰ ਗਿਆਨ ਬਖ਼ਸ਼ ਰਹੀ ਹੈ, ਅਗਿਆਨਤਾ ਨੂੰ ਉਡਾ ਰਹੀ ਹੈ। ਫੁਰਮਾਨ ਹੈ:-

**ਦੇਖੌ ਭਾਈ ਗ੍ਹਾਨ ਕੀ ਆਈ ਆਂਧੀ।।**
**ਸਭੈ ਉਡਾਨੀ ਭਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ।।** (331)

ਕਬੀਰ ਜੀ ਸਮਝਾ ਰਹੇ ਹਨ - ਵੇਖੋ ਭਾਈ ! ਆਤਮਕ ਮੰਡਲ ਵਿੱਚ ਗਿਆਨ ਦੀ ਹਨੇਰੀ ਵਗ ਪਈ ਹੈ। ਜਦੋਂ ਠਾਠਾਂ ਮਾਰਦਾ ਗਿਆਨ ਦਾ ਚਾਨਣ ਉੱਮਡ ਪਵੇ ਫਿਰ ਅਗਿਆਨਤਾ, ਵਹਿਮ ਭਰਮ ਅਤੇ ਹਰ ਪ੍ਰਕਾਰ ਦੇ ਬੰਧਨ, 'ਗਿਆਨ ਕੀ ਆਂਧੀ' ਅੱਗੇ, ਕੱਖਾਂ ਕਾਨਿਆਂ ਵਾਂਗ ਉੱਡ ਜਾਂਦੇ ਹਨ।

ਉਂਵ ਤਾਂ ਗੁਰਬਾਣੀ ਰਚੈਤਾ ਮਹਾਂਪੁਰਖਾਂ ਬਾਰੇ ਬਹੁਤ ਸਾਰੀਆਂ ਘਟੀਆ ਤੇ ਅਸ਼ਰਧਕ ਕਥਾਵਾਂ ਪ੍ਰਚੱਲਤ ਹਨ। ਸਮੇਂ ਸਿਰ ਉਹਨਾਂ ਬਾਰੇ ਵੀ ਵਿਚਾਰ ਕੀਤਾ ਜਾਵੇਗਾ। ਅੱਜ ਕਬੀਰ ਜੀ ਦੇ ਇੱਕ ਸ਼ਬਦ ਦੀ ਵਿਚਾਰ ਕੀਤੀ ਜਾਵੇਗੀ। ਅੱਗੋਂ ਅਜਿਹੇ ਗਲਤ ਅਰਥਾਂ ਕਾਰਨ ਜੋ ਮਾਰੂ ਪ੍ਰਭਾਵ ਸਿੱਖ ਸਮਾਜ ਤੇ ਪੈ ਰਿਹਾ ਹੈ, ਉਹ ਬਿਆਨ ਤੋਂ ਬਾਹਰ ਹੈ। ਆਉ ਪਹਿਲਾਂ ਸ਼ਬਦ ਅਤੇ ਅਰਥ ਪੜ੍ਹੀਏ :-

**ਗੰਗ ਗੁਸਾਇਨਿ ਗਹਿਰ ਗੰਭੀਰ।। ਜੰਜੀਰ ਬਾਂਧਿ ਕਰਿ ਖਰੇ ਕਬੀਰ।।**
**ਮਨੁ ਨ ਡਿਗੈ, ਤਨੁ ਕਾਹੇ ਕਉ ਡਰਾਇ।।**
**ਚਰਨ ਕਮਲ ਚਿਤੁ ਰਹਿਓ ਸਮਾਇ।।** ਰਹਾਉ।।
**ਗੰਗਾ ਕੀ ਲਹਰਿ ਮੇਰੀ ਟੂਟੀ ਜੰਜੀਰ।। ਮ੍ਰਿਗਛਾਲਾ ਪਰ ਬੈਠੇ ਕਬੀਰ।।**
**ਕਹਿ ਕਬੀਰ ਕੋਊ ਸੰਗ ਨਾ ਸਾਥ।। ਜਲ ਥਲ ਰਾਖਨ ਹੈ ਰਘੁਨਾਥ।।** (1162)

ਇਸ ਸ਼ਬਦ ਦੇ ਅਰਥ ਕਰਨ ਵਕਤ ਪ੍ਰੋ. ਸਾਹਿਬ ਸਿੰਘ ਜੀ ਕਿਸੇ ਮਜ਼ਬੂਰੀ ਕਾਰਨ ਭਾਵ ਅਰਥ ਸਪੱਸ਼ਟ ਕਰਨ ਤੋਂ ਖੁੰਝ ਗਏ ਜਾਂ ਕਿਨਾਰਾ ਕਰ ਗਏ। ਅੱਖਰੀ ਅਰਥ ਉਹਨਾਂ ਇਉਂ ਕੀਤੇ ਹਨ :-

'(ਹੇ ਭਾਈ!) ਜਿਸ ਮਨੁੱਖ ਦਾ ਮਨ ਪ੍ਰਭੂ ਦੇ ਚਰਨਾਂ ਵਿੱਚ ਲੀਨ ਰਹੇ, ਉਸ ਦਾ ਮਨ (ਕਿਸੇ ਕਸ਼ਟ ਵੇਲੇ) ਡੋਲਦਾ ਨਹੀਂ, ਉਸਦੇ ਸਰੀਰ ਨੂੰ (ਕਸ਼ਟ ਦੇ ਕੇ) ਡਰਾਉਣ ਤੋਂ

ਕੋਈ ਲਾਭ ਨਹੀਂ ਹੋ ਸਕਦਾ। ਰਹਾਉ।'

(ਇਹ ਵਿਰੋਧੀ ਲੋਕ) ਮੈਨੂੰ (ਕਬੀਰ ਨੂੰ) ਜੰਜੀਰਾਂ ਨਾਲ ਬੰਨ੍ਹ ਕੇ ਡੂੰਘੀ ਗੰਭੀਰ ਗੰਗਾ ਮਾਤਾ ਵਿੱਚ (ਡੋਬਣ ਲਈ) ਲੈ ਗਏ, (ਭਾਵ ਉਸ ਗੰਗਾ ਵਿੱਚ ਲੈ ਗਏ ਜਿਸਨੂੰ ਇਹ 'ਮਾਤਾ' ਆਖਦੇ ਹਨ)। ਉਸ ਮਾਤਾ ਕੋਲੋਂ ਮੈਨੂੰ ਜਾਨੋਂ ਮਰਵਾਣ ਦਾ ਅਪਰਾਧ ਕਰਨ ਲੱਗੇ ।1। (ਪਰ ਡੁੱਬਣ ਦੇ ਥਾਂ) ਗੰਗਾ ਦੀਆਂ ਲਹਿਰਾਂ ਨਾਲ ਮੇਰੀ ਜੰਜੀਰ ਟੁੱਟ ਗਈ। ਮੈਂ (ਕਬੀਰ) ਉਸ ਜਲ ਉੱਤੇ ਇਉਂ ਤਰਨ ਲੱਗ ਪਿਆ ਜਿਵੇਂ ਮ੍ਰਿਗਛਾਲਾ ਉੱਤੇ ਬੈਠਾ ਹੋਇਆ ਹਾਂ।2। ਕਬੀਰ ਆਖਦਾ ਹੈ (ਹੇ ਭਾਈ! ਤੁਹਾਡੇ ਮਿੱਥੇ ਹੋਏ ਕਰਮਕਾਂਡ ਜਾਂ ਤੀਰਥ ਇਸ਼ਨਾਨ) ਕੋਈ ਭੀ ਸੰਗੀ ਨਹੀਂ ਬਣ ਸਕਦੇ। ਪਾਣੀ ਤੇ ਧਰਤੀ ਹਰ ਥਾਂ, ਇੱਕ ਪਰਮਾਤਮਾ ਹੀ ਰੱਖਣ ਜੋਗ ਹੈ। ਗੁਰੂ ਗ੍ਰੰਥ ਪੰਨਾ-1162, ਦਰਪਣ ਪੋਥੀ 8-446 ਗੰਗਾ ਇੱਕ ਦਰਿਆ ਹੈ ਆਮ ਦਰਿਆਵਾਂ ਵਰਗਾ, ਜਿਵੇਂ ਦੇ ਸਤਲੁਜ, ਬਿਆਸ ਹਨ। ਬ੍ਰਾਹਮਣੀ ਗ੍ਰੰਥਾਂ ਵਿੱਚ ਗੰਗਾ ਦਰਿਆ ਨੂੰ ਬੜਾ ਵਚਿੱਤਰ ਅਤੇ ਕੌਤਕੀ ਰੂਪ ਦਿੱਤਾ ਹੋਇਆ ਮਿਲਦਾ ਹੈ। ਅਖੇ ਗੋਸਵਾਮੀ ਦੀ ਪਤਨੀ ਇਹੀ ਗੰਗਾ ਸੀ। ਅਖੇ ਸ਼ਿਵ ਨੇ ਗੰਗਾ ਨੂੰ ਅਪਣਾ 'ਵੀਰਜ' ਅਰਪਣ ਕੀਤਾ। ਉਸਨੇ ਧਾਰਨ ਨਾ ਕਰਕੇ ਬਾਹਰ ਸੁੱਟ ਦਿੱਤਾ। ਸੁੱਟੇ ਗਏ ਵੀਰਜ ਨੂੰ ਬ੍ਰਹਮਾ ਨੇ ਗੰਗਾ ਸਮੇਤ ਆਪਣੇ ਲੋਟੇ ਵਿੱਚ ਸੰਭਾਲ ਲਿਆ। ਬਹੁਤ ਲੰਮੇ ਸਮੇਂ ਮਗਰੋਂ ਭਗੀਰਥ ਦੀ ਬੇਨਤੀ ਪ੍ਰਵਾਨ ਕਰਦਿਆਂ ਗੰਗਾ ਨੂੰ ਧਰਤੀ ਪੁਰ ਚਲੀ ਜਾਣ ਦੀ ਆਗਿਆ ਹੋਈ। ਧਰਤੀ ਤੇ ਉਸਨੂੰ ਸਾਂਭਣ ਵਾਲਾ ਕੋਈ ਨਾ ਨਿਤਰਿਆ। ਫਿਰ ਸ਼ਿਵ ਜੀ ਨੇ ਆਪਣੀਆਂ ਜਟਾਂ (ਸਿਰ ਦੇ ਵਾਲ) ਵਿੱਚ ਉਤਰਨ ਦੀ ਇਜ਼ਾਜਤ ਦੇ ਦਿੱਤੀ। ਹੰਕਾਰੀ ਹੋਈ ਗੰਗਾ ਹਜਾਰਾਂ ਸਾਲਾਂ ਤੱਕ ਸ਼ਿਵ ਦੀਆਂ ਜਟਾਂ ਵਿੱਚ ਉਲਝੀ ਰਹੀ, ਬਾਹਰ ਆਉਣ ਦਾ ਰਾਹ ਨਾ ਲੱਭੇ। ਅੰਤ ਭਗੀਰਥ ਦੀ ਬੇਨਤੀ ਤੇ ਗੰਗਾ ਉੱਪਰ ਤਰਸ ਖਾ ਕੇ ਸ਼ਿਵਜੀ ਨੇ ਆਪਣੇ ਕੇਸਾਂ ਦੇ ਜੂੜੇ ਵਿੱਚੋਂ ਗੰਗਾ ਨੂੰ ਬਾਹਰ ਨਿਕਲਣ ਦੀ ਇਜ਼ਾਜਤ ਦੇ ਦਿੱਤੀ। ਵਿਚਾਰੇ ਭਗੀਰਥ ਨੇ ਇਸ ਗੰਗਾ ਮਈਆ ਵਿੱਚ ਆਪਣੇ ਮਰੇ ਬਜ਼ੁਰਗਾਂ ਦੀਆਂ ਅਸਥੀਆਂ (ਸੁਆਹ) ਪਾਈਆਂ ਫਿਰ ਉਹਨਾਂ ਅਭਾਗੇ ਜੀਵਾਂ ਨੂੰ 'ਸਵਰਗ' ਵਿੱਚ ਪ੍ਰਵੇਸ਼ ਪ੍ਰਾਪਤ ਹੋਇਆ। ਇਹੀ ਗੰਗਾ ਅੱਗੋਂ ਸ਼ਾਤਨੂੰ ਰਾਜੇ ਦੀ ਪਤਨੀ ਬਣੀ ਦੱਸੀ ਗਈ ਹੈ। ਜਿਸ ਤੋਂ ਅੱਗੇ ਕੌਰਵਾਂ ਪਾਂਡਵਾਂ ਦਾ ਬੰਸ ਚੱਲਿਆ। ਵਿਆਹ ਕਰਵਾ ਕੇ ਬੱਚੇ ਪੈਦਾ ਕਰਕੇ, ਕਿਸੇ ਕਾਰਨ ਨਾਰਾਜ ਹੋ ਕੇ ਇਹ ਗੰਗਾ ਫਿਰ ਦਰਿਆ ਬਣ ਕੇ ਵਹਿਣ ਲੱਗ ਪਈ। ਬ੍ਰਾਹਮਣ ਜੀ ਦਾ ਲਾਜੁਆਬ ਚਮਤਕਾਰ ਹੈ ਕਿ ਸਦੀਆਂ ਤੋਂ ਇਹੀ ਬਚਕਾਨੀਆਂ, ਅਣਹੋਣੀਆਂ ਮੂਰਖਤਾ ਭਰਪੂਰ ਕਹਾਣੀਆਂ ਧਰਮ ਦੇ ਲੇਬਲ ਲਾ ਕੇ, ਜਨ ਸਮੂਹ ਦੇ ਅੰਦਰ ਧੱਕੀਆਂ ਜਾ ਰਹੀਆਂ ਹਨ। ਕਿਸੇ ਨੂੰ ਜ਼ੁਬਾਨ ਖੋਹਲਣ ਦੀ ਆਗਿਆ ਨਹੀਂ ਹੈ। ਕਿੰਤੂ ਪ੍ਰੰਤੂ ਜਾਂ ਸ਼ੱਕ

ਕਰਨ ਤੇ ਵੱਡੀ ਤੋਂ ਵੱਡੀ ਸਜ਼ਾ ਦਿੱਤੀ ਜਾ ਸਕਦੀ ਹੈ, 'ਧਰਮ ਕਰਤਬ' ਜਾਣਕੇ। ਸਾਰੇ ਬੋਲੇ ਗੰਗਾ ਮਈਆ ਕੀ ਜੈ, ਜੈ ਮਈਆ ਕੀ।

ਇਸ ਕਰਮਾਤੀ 'ਬੀਬੀ ਗੰਗਾ' ਵਿੱਚ ਅਣਗਿਣਤ ਲੋਕ ਡੁੱਬ ਕੇ ਮਰ ਚੁੱਕੇ ਹਨ। ਬਰਸਾਤ ਦੇ ਮੌਸਮ ਵਿੱਚ ਬਾਕੀ ਦਰਿਆਵਾਂ ਵਾਂਗ ਇਸ ਵਿੱਚ ਭੀ ਖ਼ੂਬ ਹੜ੍ਹ ਆਉਂਦੇ ਹਨ। ਬੇਅੰਤ ਜਾਨੀ ਮਾਲੀ ਤਬਾਹੀ ਹਰ ਸਾਲ ਹੁੰਦੀ ਹੈ। ਸ਼ਹਿਰਾਂ ਦਾ ਗੰਦ ਮੰਦ (ਮਲਮੂਤਰ) ਅਤੇ ਅਣਗਿਣਤ ਕਾਰਖਾਨਿਆਂ ਦਾ ਦੂਸ਼ਿਤ ਪਾਣੀ, ਗੰਗਾ ਵਿੱਚ ਡਿੱਗਦਾ ਹੈ। ਜਿਸ ਦੀ ਬਦੌਲਤ ਇਹ ਪਾਣੀ ਪੀਣ ਜੋਗਾ ਤਾਂ ਕਿਤੇ ਰਿਹਾ ਵੇਖਣ ਨੂੰ ਦਿਲ ਨਹੀਂ ਕਰਦਾ। ਬਾਕੀ ਸਾਰੇ ਦਰਿਆ ਉੱਚੇ ਪਹਾੜਾਂ ਵਿੱਚ ਬੜੇ 'ਪਵਿੱਤਰ' ਹਨ।

ਇਸੇ ਤਰ੍ਹਾਂ ਗੰਗਾ ਭੀ ਰਿਸ਼ੀ ਕੇਸ਼ ਦੇ ਅਸਥਾਨ ਤੱਕ 'ਪਵਿੱਤਰ' (ਸਾਫ਼) ਵਹਿੰਦੀ ਹੈ। ਅਗੋਂ ਇਸ ਵਿਚਾਰੀ ਦੀ ਬਹੁਤ ਦੁਰਗਤ ਹੁੰਦੀ ਹੈ। ਕਈ ਥਾਵਾਂ ਤੇ ਭਾਰਤ ਸਰਕਾਰ ਨੇ ਸ਼ਰਧਾਲੂਆਂ ਨੂੰ 'ਮੁਕਤੀ' ਦਿਵਾਉਣ ਲਈ ਪਾਣੀ ਸਾਫ਼ ਕਰਨ ਦੇ ਅਤਿਅੰਤ ਮਹਿੰਗੇ ਫਿਲਟਰ ਆਦਿ ਲਾਏ ਹੋਏ ਹਨ। ਫਿਰ ਵੀ ਇਹ ਲੋਕਾਂ ਦੀ ਮੈਲ 'ਪਾਪ' ਧੋਂਦੀ ਹੋਈ ਇੰਨੀ ਮੈਲੀ ਹੋ ਗਈ ਹੈ ਕਿ ਵਿਦੇਸ਼ੀ 'ਸਾਬਣਾ' (ਜੰਤਰਾਂ) ਨਾਲ ਰੋਜ਼ ਇਸ਼ਨਾਨ ਕਰਦੀ ਹੈ, 'ਬੇਚਾਰੀ ਗੰਗਾ ਮਾਤਾ'।

ਪ੍ਰੋ. ਸਾਹਿਬ ਸਿੰਘ ਜੀ ਨੇ ਇਸ ਸ਼ਬਦ ਦੀ ਗਹਿਰਾਈ ਵਿੱਚ ਜਾ ਕੇ, ਪਰਖ ਨਹੀਂ ਕੀਤੀ। ਉਹਨਾਂ ਦੀਆਂ ਮਜ਼ਬੂਰੀਆਂ ਕੋਈ ਭੀ ਹੋ ਸਕਦੀਆਂ ਹਨ। ਜੰਜੀਰਾਂ ਵਿੱਚ ਜਕੜਿਆ ਵਿਅਕਤੀ ਜੇ ਪਾਣੀ ਵਿੱਚ ਸੁੱਟ ਦਿੱਤਾ ਜਾਵੇ, ਉਹ ਅਵੱਸ਼ ਹੀ ਡੁੱਬ ਮਰੇਗਾ। ਪਾਣੀ ਭਾਵੇ ਂ ਗੰਗਾ, ਜਮਨਾ, ਗੋਦਾਵਰੀ ਜਾਂ ਰਾਵੀ ਦਾ ਹੋਵੇ, ਹਰ ਥਾਂ ਪਾਣੀ ਦੀ ਤਾਸੀਰ ਇੱਕੋ ਹੀ ਹੈ '$H_2O$'। ਗੰਗਾ ਵਿੱਚ ਅਜਿਹੀ ਕਿਹੜੀ ਪਰਉਪਕਾਰੀ ਰਗ ਫੜਕ ਪਈ ਕਿ ਕਬੀਰ ਜੀ ਦੀਆਂ ਜੰਜੀਰਾਂ ਤੋੜ ਦੇਵੇ। ਫਿਰ ਕਿਸੇ ਚਮਤਕਾਰ ਦੁਆਰਾ ਮ੍ਰਿਗ ਆਸਣ (ਮ੍ਰਿਗ ਦੀ ਖੱਲ) ਘੱਲ ਦੇਵੇ। ਕਬੀਰ ਜੀ ਚੌਂਕੜਾ ਮਾਰ ਕੇ ਉਸ ਕਰਾਮਾਤੀ ਖੱਲ ਉਪਰ ਬੈਠ ਗਏ। ਉਹ ਹਿਰਨ ਦੀ ਖੱਲ ਭੀ ਤਾਂ ਕੋਈ ਬੇੜੀ ਜਾਂ ਕਿਸ਼ਤੀ ਨਹੀਂ ਸੀ ਕਿ ਆਰਾਮ ਨਾਲ ਪਾਰ ਕਰਵਾ ਦਿੰਦੀ। ਇੱਕ ਮਨੁੱਖ ਦਾ ਭਾਰ ਚੁੱਕ ਕੇ ਮ੍ਰਿਗ ਦੀ ਖੱਲ ਹਰਗਿਜ ਪਾਣੀ ਤੇ ਨਹੀਂ ਤੈਰ ਸਕਦੀ। ਫਿਰ ਜੋ ਲੋਕ ਕਬੀਰ ਜੀ ਨੂੰ ਡੁਬੋ ਕੇ ਮਾਰਨ ਲਈ ਹੀ ਲਿਆਏ ਸਨ, ਉਹਨਾਂ ਦੁਬਾਰਾ ਡੋਬਣ ਦਾ ਕਿਉਂ ਜਤਨ ਨਾ ਕੀਤਾ? 'ਕੀ ਗੰਗਾ ਦੇ ਅਰਥ ਕੇਵਲ ਗੰਗਾ ਦਰਿਆ ਹੀ ਹਨ।'

ਗੁਰੂ ਅਰਜਨ ਸਾਹਿਬ ਜੀ ਨੂੰ ਅਨੇਕ ਤਸੀਹੇ ਦੇਣ ਤੋਂ ਬਾਅਦ, ਰਾਵੀ ਦਰਿਆ ਵਿੱਚ ਰੋਹੜਿਆ ਗਿਆ। ਉਹ ਪਾਣੀ ਵਿੱਚ ਡੁੱਬ ਗਏ, ਪਾਣੀ ਨੇ ਕੋਈ ਲਿਹਾਜ਼ ਨਾ

ਕੀਤੀ। ਪਾਣੀ ਆਪਣੇ ਅਟੱਲ ਨਿਅਮ ਮੁਤਾਬਿਕ ਕੰਮ ਕਰਦਾ ਹੈ। ਉਸ ਨੂੰ ਵੱਡੇ ਛੋਟੇ, ਅਮੀਰ-ਗਰੀਬ, ਸਾਧ ਜਾਂ ਚੋਰ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਜਿਨ੍ਹਾਂ ਜੀਵਾਂ ਦੇ ਅੰਦਰ ਸਾਹ ਲੈਣ ਲਈ ਫੇਫੜੇ ਲੱਗੇ ਹੋਏ ਹਨ, ਪਾਣੀ ਵਿੱਚ ਡੁੱਬਣ ਤੇ ਉਹਨਾਂ ਦੇ ਫੇਫੜਿਆਂ ਵਿੱਚ ਪਾਣੀ ਭਰ ਜਾਂਦਾ ਹੈ। ਕੁਦਰਤ ਵੱਲੋਂ ਖੁਸ਼ਕ ਥਾਵਾਂ ਤੇ ਰਹਿਣ ਵਾਲੇ ਜੀਵਾਂ ਦੇ ਸਰੀਰ ਵਿੱਚ ਫੌਰੀ ਤੌਰ ਤੇ ਪਾਣੀ ਬਾਹਰ ਕੱਢਣ ਦਾ ਕੋਈ ਪ੍ਰਬੰਧ ਨਹੀਂ ਹੈ। ਇਸੇ ਕਾਰਨ ਪ੍ਰਾਣੀ ਦੀ ਮੌਤ ਹੁੰਦੀ ਹੈ। ਪਾਣੀ ਵਿੱਚ ਰਹਿਣ ਵਾਲੇ ਜੀਵਾਂ ਦੇ ਸਰੀਰ ਵਿੱਚ ਫੇ ਫੜੇ ਨਹੀ, 'ਗਲਫੜੇ' ਲੱਗੇ ਹੋਏ ਹਨ। ਜਿਨ੍ਹਾਂ ਰਾਹੀ ਅੰਦਰ ਗਿਆ ਵਾਧੂ ਪਾਣੀ, ਨਾਲੋ ਨਾਲ ਬਾਹਰ ਨਿਕਲਦਾ ਰਹਿੰਦਾ ਹੈ। ਲੋੜੀਂਦੀ ਆਕਸੀਜਨ ਪਾਣੀ ਵਿੱਚੋਂ ਲੈ ਕੇ ਵਰਤ ਲਈਦੀ ਹੈ। ਗੁਰੂ ਅਰਜਨ ਸਾਹਿਬ ਨੂੰ ਪਾਣੀ ਨੇ ਨਾ ਬਖਸ਼ਿਆ, ਕਬੀਰ ਜੀ ਸ਼ਾਇਦ ਵੱਧ ਕਰਾਮਾਤੀ ਸ਼ਕਤੀਆਂ ਵਾਲੇ ਸਨ? ਦਸਮੇ ਪਾਤਿਸ਼ਾਹ ਜੀ ਦਾ ਸਾਰਾ ਪਰਿਵਾਰ ਅਤੇ ਸਿੱਖ, ਇੱਕ ਬਰਸਾਤੀ ਨਾਲੇ ਅੱਗੇ ਬੇਬੱਸ ਹੋ ਗਏ। ਸਰਸਾ ਨਦੀ ਕਿਨਾਰੇ ਅੱਗੋਂ ਪਾਣੀ ਦੀ ਮਾਰ, ਪਿੱਛੇ ਦੁਸ਼ਮਣ ਦੀ ਮਾਰ....। ਇੱਕ ਛੋਟਾ ਜਿੰਨਾ ਨਾਲਾ ਦਸਵੇਂ ਨਾਨਕ ਜੀ ਤੋਂ ਕਾਬੂ ਨਾ ਆਇਆ? ਇਸ ਤੋਂ ਮਗਰੋਂ ਵੀ ਜੰਗਾਂ ਯੁੱਧਾਂ ਵਿੱਚ ਸਿੱਖ ਲੜਦੇ ਰਹੇ। ਜਦੋਂ ਦਰਿਆ ਪਾਰ ਕਰਨ ਦਾ ਸਬੱਬ ਬਣਦਾ ਤਾਂ ਬਹੁਤ ਸਾਰੇ (ਜੋ ਤੈਰਨ ਦੇ ਮਾਹਰ ਨਹੀਂ ਸਨ) ਡੁੱਬ ਕੇ ਮਰ ਜਾਂਦੇ। ਅੱਜ ਤੱਕ ਪਾਣੀ ਦੀ ਤਾਸੀਰ ਨਹੀਂ ਬਦਲੀ, ਬਦਲਣ ਦੀ ਸੰਭਾਵਨਾ ਵੀ ਕੋਈ ਨਹੀਂ ਹੈ। ਪਾਣੀ ਨੂੰ ਆਪਣੀਆਂ ਲੋੜਾਂ ਲਈ ਵਰਤਣ ਦੀ ਜਾਂਚ ਸਿੱਖਣ ਤੋਂ ਬਿਨਾਂ ਇਸਨੇ ਸੰਵਾਰਨਾ ਕੁੱਝ ਨਹੀਂ, ਵਿਗਾੜ ਬਹੁਤ ਦੇਵੇਗਾ।

ਆਉ ਹੁਣ ਅਸਲ ਮੁੱਦੇ ਵੱਲ ਪਰਤੀਏ! ਉਹ ਕਿਹੜੀ ਜੰਜੀਰ ਸੀ ਜੋ ਕਬੀਰ ਜੀ ਨੇ ਤੋੜ ਦਿੱਤੀ? ਉਹ ਕਿਹੜੀਆਂ ਬੇੜੀਆਂ ਸਨ ਜੋ ਕਬੀਰ ਜੀ ਨੂੰ ਜਕੜਨ ਲਈ ਵਰਤੀਆਂ ਗਈਆ? ਉਹ ਕਿਹੜੀ ਗੰਗਾ ਸੀ ਜਿਸ ਵਿੱਚ ਕਬੀਰ ਜੀ ਨੂੰ ਡੋਬਿਆ ਜਾ ਰਿਹਾ ਸੀ? .... ਹਜਾਰਾਂ ਸਾਲ ਤੋਂ ਬ੍ਰਾਹਮਣ ਨੇ ਇਸ ਭਾਰਤੀ ਭੂਖੰਡ ਵਿੱਚ ਹੋਰ ਕੋਈ ਸੁਤੰਤਰ ਵਿਚਾਰਧਾਰਾ ਪਨਪਣ ਨਹੀਂ ਦਿੱਤੀ। ਜਦੋਂ ਕਿਸੇ ਨੇ ਬ੍ਰਾਹਮਣੀ ਸੋਚ ਨੂੰ ਵੰਗਾਰਨ ਵਾਲੀ ਜ਼ਰਾ ਕੁ ਸੁਰ ਉੱਚੀ ਕੀਤੀ ਤਾਂ 'ਪੰਡਿਤ ਜੀ' ਦਾ ਪਾਰਾ ਸੱਤਵੇਂ ਆਕਾਸ਼ ਤੱਕ ਜਾ ਪੁੱਜਿਆ। ਆਪਣੀ ਮਾਣ ਪ੍ਰਿਤਿਸ਼ਠਾ ਭੰਗ ਹੁੰਦੀ ਨਜ਼ਰੀਂ ਆਈ। ਪੂਜਣ ਜੋਗ ਉੱਚਾ ਮਰਾਤਬਾ ਮਿੱਟੀ ਵਿੱਚ ਰੁਲਦਾ ਦਿਸਦਾ। ਖੀਰਾਂ, ਕੜ੍ਹਾਹ, ਗਿਰੀਆਂ ਬਦਾਮ ਹੱਥਾਂ ਵਿਚੋਂ ਖੁੱਸਦੇ ਦਿੱਸਦੇ। ਵਿਹਲੇ ਰਹਿ ਕੇ ਪਾਲੇ ਹੋਏ ਸਰੀਰ ਖੇਤਾਂ ਵਿੱਚ ਮਿਹਨਤ ਕਰਦੇ, ਮਿੱਟੀ ਨਾਲ ਮਿੱਟੀ ਹੁੰਦੇ ਦਿਸੇ। ਪੂਜਾ ਦਾ ਅਮਿਣਵਾ ਧਾਨ ਅਲੋਪ ਹੁੰਦਾ ਨਜਰੀਂ ਆਇਆ। 'ਸ਼ਰਧਾਵਾਨ' ਸੇਵਕਾਂ ਦੀਆਂ ਬਹੁ-ਬੇਟੀਆਂ ਨਾਲ ਮਨਮੋਹਕ ਨਜ਼ਾਰੇ ਉੱਡਦੇ ਦਿਸੇ...।

ਸ਼ਾਂਤੀ ਦੇ ਪੁੰਜ ਬ੍ਰਹਮ ਰਿਖੀ, ਧਰਤੀ ਉੱਤੇ ਰੱਬ ਜੀ ਦਾ ਸਾਕਾਰ ਰੂਪ ਪੰਡਿਤ ਜੀ ਦੇ ਕੋਮਲ ਹੋਠਾਂ ਵਿੱਚੋਂ ਅਗਨੀ ਦੇ ਭਾਂਬੜ ਨਿਕਲਣ ਲੱਗੇ। 'ਧਰਮ ਦੀ ਮਰਿਆਦਾ' ਨੂੰ ਵੰਗਾਰਨ ਵਾਲੇ ਨੂੰ ਹਾਥੀਆਂ ਅੱਗੇ ਸੁਟਵਾਇਆ ਗਿਆ, ਅੱਗਾਂ ਵਿੱਚ ਸਾੜਿਆ ਗਿਆ, ਪਾਣੀ ਵਿੱਚ ਡੋਬਿਆ ਗਿਆ, ਕੰਨਾਂ ਵਿੱਚ ਸਿੱਕਾ ਢਾਲ ਕੇ ਪਾਇਆ ਗਿਆ, ਅੱਖਾਂ ਦੇ ਡੇਲੇ ਕੱਢ ਦਿੱਤੇ ਗਏ, ਹੱਥ ਪੈਰ ਕੱਟਣੇ ਤਾਂ ਮਾਮੂਲੀ ਕਰਮ ਸੀ। ਜਦੋਂ ਜੀ ਚਾਹੇ ਸਿਰ ਕਲਮ ਕੀਤਾ ਜਾ ਸਕਦਾ ਸੀ। ਸਣੇ ਬੱਚੇ ਕੋਹਲੂ ਪੀੜੇ ਜਾ ਸਕਦੇ ਸਨ। 'ਹਮ ਸ਼ਾਪ ਦੇ ਕਰ ਭਸਮ ਕਰ ਦੇਂਗੇ" ਐਵੇਂ ਕਹਿਣ ਮਾਤਰ ਨਹੀਂ ਸੀ। ਇਸ ਦਾ ਅਰਥ ਭਾਵ ਸੀ ਕਿ ਧਾਰਮਕ ਪੁਜਾਰੀ ਕਿਸੇ ਵਿਅਕਤੀ ਵਿਰੁੱਧ ਜੋ ਬਚਨ ਮੂੰਹੋਂ ਕੱਢਦਾ ਸੀ ਸਮੇਂ ਦਾ ਹਾਕਮ (ਰਾਜਾ) ਉਸਨੂੰ ਪੂਰਾ ਕਰਦਾ ਸੀ। ਅਸਲ ਵਿੱਚ ਸ਼ਰਾਪ ਨਾਲ ਉਂਵ ਕਿਸੇ ਦਾ ਵਾਲ ਵੀ ਵਿੰਗਾ ਨਹੀਂ ਹੋਇਆ ਕਰਦਾ। ਜਦੋਂ 'ਧਰਮ ਮੁਖੀ' ਕਹਿ ਦੇਵੇ - 'ਮੈਂ ਇਸੇ ਭਸਮ ਕਰ ਦੂੰਗਾ' ਸਬੰਧਿਤ ਅਧਿਕਾਰੀ ਦਾ ਇਹ 'ਧਾਰਮਕ ਫਰਜ਼' ਸੀ ਕਿ ਉਸ ਵਿਅਕਤੀ ਨੂੰ ਸੱਚ ਮੁੱਚ ਹੀ ਅੱਗ ਵਿੱਚ ਸਾੜ ਕੇ ਭਸਮ (ਸੁਆਹ) ਕਰ ਦੇਵੇ। ਜਦੋਂ ਪੁਜਾਰੀ ਕਿਸੇ ਖਾਸ ਕਾਰਨ ਸੇਵਕ ਤੇ ਖੁਸ਼ੀ ਪ੍ਰਗਟ ਕਰਦਾ ਸੀ ਤਾਂ ਇਤਨਾ ਕਹਿਣਾ ਹੀ ਕਾਫ਼ੀ ਸੀ। 'ਚਿਰੰਜੀਵ ਰਹੋ, ਤੁਮ੍ਹੇ ਅੰਨ ਧੰਨ ਕੀ ਕਭੀ ਕਮੀ ਨਾ ਆਏ, ਯਿਹ ਮੇਰਾ ਵਰਦਾਨ ਹੈ।' ਕੇਵਲ ਥੋਥੇ ਵਰਦਾਨਾਂ ਨਾਲ ਕਦੀ ਭੜੋਲੇ ਨਹੀਂ ਭਰਦੇ, ਇਸਦਾ ਸਿੱਧਾ ਮਤਲਬ ਸੀ ਅਮਕੇ ਬੰਦੇ ਨੂੰ ਰਾਜਾ ਸਾਰੀ ਉਮਰ ਗੁਜਾਰਨ ਜੋਗਾ ਧਨ ਦੇਵੇ ਤੇ ਰਾਜਾ ਦੇ ਦਿੰਦਾ ਸੀ, ਇਹੀ ਸੀ ਵਰਦਾਨ।

ਬ੍ਰਾਹਮਣ, ਵੇਦ ਅਤੇ ਪੱਥਰ ਦੇ 'ਭਗਵਾਨਾਂ' ਵਿਰੁੱਧ ਭਾਵੇਂ ਬਹੁਤ ਪਹਿਲਾਂ ਮਹਾਤਮਾ ਬੁੱਧ ਜੀ ਨੇ 'ਬਗਾਵਤ' ਕੀਤੀ ਸੀ। ਬ੍ਰਾਹਮਣੀ ਲੁੱਟ ਨੂੰ ਕਰਾਰੀ ਸੱਟ ਮਾਰੀ ਗਈ ਸੀ। ਪਰ ਇਹ ਤਾਂ ਬੀਤੇ ਯੁੱਗ ਦੀਆਂ ਗੱਲਾਂ ਹੋ ਨਿੱਬੜੀਆਂ ਸਨ। ਬੁੱਧ ਮੱਤ ਹਾਰ ਚੁੱਕਿਆ ਸੀ ਬ੍ਰਾਹਮਣ ਦਾ ਸ਼ਿਕੰਜਾ ਫਿਰ ਉਸੇ ਤਰ੍ਹਾਂ ਮਨੁੱਖ ਮਾਤਰ ਤੇ ਕੱਸਿਆ ਜਾ ਚੁੱਕਿਆ ਸੀ। ਨੇੜਲੇ ਇਤਿਹਾਸਕ ਸਮੇਂ ਵਿੱਚ ਪਹਿਲੇ ਨਿਰਭੈ ਯੋਧੇ ਭਗਤ ਨਾਮਦੇਵ ਜੀ ਨੇ 'ਬਗਾਵਤ' ਦਾ ਝੰਡਾ ਚੁਕਿਆ। ਨਾਮਦੇਵ ਜੀ ਦੀ ਨਵੇਕਲੀ ਸੋਚ, ਸਮੇਂ ਤੋਂ ਬਹੁਤ ਅੱਗੇ ਸੀ। ਬੜਾ ਵਿਰੋਧ ਹੋਇਆ, ਪਰ ਉਹਨਾਂ ਦੀ ਲਿਖਤ (ਬਾਣੀ) ਆਪਣਾ ਰੰਗ ਵਿਖਾ ਰਹੀ ਸੀ। ਇਨਸਾਨੀਅਤ ਦੇ ਪਹਿਰੇਦਾਰ ਰਵਿਦਾਸ ਜੀ ਕਬੀਰ ਜੀ... ਇਸੇ ਸੋਚ ਨੂੰ ਲੈ ਕੇ ਅੱਗੇ ਵਧਣ ਲੱਗੇ। ਗੁਰੂ ਨਾਨਕ ਸਾਹਿਬ ਜੀ ਨੇ ਸਾਰਿਆਂ ਨੂੰ ਇੱਕੋ ਮੰਚ ਪਰਦਾਨ ਕਰਕੇ, ਇਸ ਮੱਧਮ ਸੁਰ ਨੂੰ ਬੁਲੰਦੀਆਂ ਤੇ ਪਹੁੰਚਾ ਦਿੱਤਾ।

ਗੰਗਾ ਜਲ ਦੀਆਂ ਲਹਿਰਾਂ ਨਾਲ ਨਾ ਕਦੀ ਹਥਕੜੀਆਂ ਬੇੜੀਆਂ ਟੁੱਟੀਆਂ ਹਨ। ਨਾ ਹੀ ਅੱਗੋਂ ਕਦੀ ਟੁੱਟਣਗੀਆਂ। ਜੋ ਲੋਕ ਇਸ ਤਰ੍ਹਾਂ ਸੋਚਦੇ ਹਨ ਉਹਨਾਂ ਦੀ

ਅਕਲ ਤੇ ਤਰਸ ਹੀ ਕੀਤਾ ਜਾ ਸਕਦਾ ਹੈ। ਅਸਲ ਵਿੱਚ ਉਤਰ ਪ੍ਰਦੇਸ਼ (ਯੂ.ਪੀ.) ਬ੍ਰਾਹਮਣੀ ਸਭਿਅਤਾ ਦੇ ਪ੍ਰਫੁੱਲਤ ਹੋਣ ਦਾ ਇਹ ਬਹੁਤ ਹੀ ਸੁਖਾਵਾਂ ਇਲਾਕਾ ਸੀ। ਨਾ ਬਹੁਤੀ ਸਰਦੀ ਨਾ ਗਰਮੀ, ਕਪੜੇ ਪਾਓ ਜਾਂ ਨਾ ਪਾਓ, ਕੋਈ ਫਰਕ ਨਹੀਂ ਪੈਂਦਾ। ਜਿੰਨੇ ਬ੍ਰਾਹਮਣੀ ਅਵਤਾਰ ਹੋਏ ਦੱਸੀਦੇ ਹਨ, ਸਾਰੇ ਹੀ ਯੂ.ਪੀ. ਵਿੱਚ ਪ੍ਰਗਟੇ ਹਨ। ਦਰਿਆਵਾਂ ਦੇ ਵਿਚਕਾਰ - ਗੰਗਾ, ਜਮੁਨਾ, ਸੁਹਾਵਣਾ ਮੌਸਮ, ਖਾਣ ਪੀਣ ਲਈ ਇਥੇ ਸਭ ਕੁੱਝ ਮਿਲ ਜਾਂਦਾ ਸੀ। ਇਸੇ ਵਿਸ਼ਾਲ ਉਪਜਾਊ ਇਲਾਕੇ ਨੂੰ 'ਗੰਗਾ ਦੀ ਘਾਟੀ' ਜਾਂ 'ਗਊ ਘਾਟੀ' ਵੀ ਆਖਿਆ ਜਾਂਦਾ ਰਿਹਾ। ਸਦੀਆਂ ਪਹਿਲਾਂ ਜੋ ਆਰੀਅਨ ਹਮਲਾਵਰ ਕਬੀਲੇ ਭਾਰਤ ਵਿੱਚ ਸਭ ਤੋਂ ਜ਼ਿਆਦਾ ਕਿਤੇ ਟਿਕੇ ਤਾਂ ਇਹੀ ਸੁਹਾਵਣੀ ਗਊ ਘਾਟੀ ਜਾਂ ਗੰਗਾ ਘਾਟੀ ਸੀ। ਇਸੇ ਘਾਟੀ ਦੇ ਉਪਰਲੇ ਪਹਾੜਾਂ ਵਿੱਚ ਇਹਨਾਂ ਆਰੀਆਨਾਂ ਦੇ ਲੜਾਕੇ ਜਰਨੈਲ ਪਨਾਹ ਲੈਂਦੇ ਸਨ ਤੇ ਆਉਣ ਵਾਲੇ ਸਮੇਂ ਲਈ ਜੰਗ ਦੀ ਤਿਆਰੀ ਕਰਦੇ ਸਨ। ਜਿਨ੍ਹਾਂ ਨੂੰ ਅੱਜ ਦੇਵਤੇ ਕਿਹਾ ਜਾ ਰਿਹਾ ਹੈ ਇਹ ਅਸਲ ਵਿੱਚ ਫੌਜੀ ਜਰਨੈਲ, ਧਾਰਮਕ ਮੁਖੀ ਜਾਂ ਇਲਾਕਿਆਂ ਦੇ ਚੌਧਰੀ ਹੀ ਸਨ। ਬਹੁਤਾ ਪੌਰਾਣਕ ਸਾਹਿਤ ਇਸੇ ਸਥਾਨ ਤੇ ਲਿਖਿਆ ਗਿਆ। ਮੰਨੂੰ ਸਿਮ੍ਰਿਤੀ ਵੀ ਇਧਰ ਹੀ ਕਿਸੇ ਥਾਂ ਲਿਖੀ ਗਈ। ਪੁਰਾਤਨ ਸਮਿਆਂ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਦੀ ਇਹੀ ਇੱਕ ਚੰਗੀ ਥਾਂ ਸੀ। ਪੀਣ ਲਈ ਸਾਫ਼ ਪਾਣੀ, ਲੋੜ ਮੁਤਾਬਕ ਖਾਣਾ। ਦੋ ਨਦੀਆਂ (ਗੰਗਾ-ਜਮੁਨਾ) 'ਖਾਈ' ਦਾ ਕੰਮ ਕਰਨ। ਪਿੱਛੇ ਉੱਤਰ ਵੱਲ ਪਹਾੜਾਂ ਦੀ ਅਜਿੱਤ ਕੰਧ। ਸਾਹਮਣੇ ਕੇਵਲ ਇੱਕੋ ਬਾਹੀ ਬਾਕੀ ਰਹਿ ਗਈ। ਆਉਣ ਵਾਲੇ ਦੁਸ਼ਮਣ ਨੂੰ ਇੱਕ ਬਾਹੀ ਤੋਂ ਰੋਕ ਲੈਣਾ, ਕੋਈ ਮੁਸ਼ਕਲ ਨਹੀਂ ਸੀ। ਇਥੋਂ ਹੀ ਆਪਣੇ ਵਿਰੋਧੀਆਂ ਨੂੰ ਦਬਾਉਣ ਵਾਸਤੇ ਮੁਹਿੰਮਾਂ ਚੜ੍ਹਦੀਆਂ ਸਨ। ਇਥੇ ਹੀ ਗੁਲਾਮਾਂ ਨੂੰ ਕੁਚਲਣ ਵਾਲੇ ਫੁਰਮਾਨ ਜਾਰੀ ਹੁੰਦੇ ਸਨ। ਇਸੇ ਹੀ ਸੂਬੇ ਵਿੱਚ ਬ੍ਰਾਹਮਣੀ ਵਿੱਦਿਆ ਦਾ ਕੇਂਦਰ 'ਕਾਸ਼ੀ' ਬਣਾਈ ਗਈ। ਤਾਕਤ ਅਤੇ ਅਕਲ ਦੇ ਜ਼ੋਰ ਇਥੋਂ ਦੇ ਮੂਲ ਨਿਵਾਸੀਆਂ ਨੂੰ ਬੜੀ ਬੇਰਹਿਮੀ ਨਾਲ ਕੁਚਲਿਆ ਜਾਂਦਾ ਰਿਹਾ।

ਹਜ਼ਾਰ ਬੰਦਸ਼ਾਂ ਦੇ ਬਾਵਜੂਦ ਕਬੀਰ ਜੀ ਨੇ ਉੱਚ ਵਿੱਦਿਆ ਪੜ੍ਹੀ। ਸਾਰੇ ਬ੍ਰਾਹਮਣੀ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ। ਪੁਜਾਰੀਆਂ ਦੀਆਂ ਚਾਲਾਕੀਆਂ ਨੂੰ ਚੰਗੀ ਤਰ੍ਹਾਂ ਸਮਝਿਆ। ਇਹਨਾਂ ਵੱਲੋਂ ਕੀਤੀ ਜਾ ਰਹੀ ਲੁੱਟ ਅਤੇ ਇਨਸਾਨੀਅਤ ਪ੍ਰਤੀ ਬੇਰਹਿਮੀ ਵਾਲਾ ਵਤੀਰਾ ਪਰਖਿਆ। ਵੇਦਾਂ ਸ਼ਾਸਤਰਾਂ ਵਿੱਚ ਲਿਖੀ ਤਬਾਹਕੁਨ ਵਿਚਾਰਧਾਰਾ ਨੂੰ ਸਮਝ ਕੇ ਡੰਕੇ ਦੀ ਚੋਟ ਨਾਲ ਐਲਾਨ ਕਰ ਦਿੱਤਾ-

**ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰ ਨਾਹਿ।।**
**ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ।** (237)

ਪੂਰੀ ਚਤੁਰਾਈ ਅਤੇ ਤਾਕਤ ਦੇ ਬਲਬੂਤੇ, ਬ੍ਰਾਹਮਣ ਭਾਰਤੀ ਲੋਕਾਂ ਦਾ ਜਨਮ ਤੋਂ ਹੀ ਗੁਰੂ ਸੀ। ਕੋਈ ਇੱਕ ਵੀ ਵਿਅਕਤੀ ਇਨਕਾਰ ਕਰਨ ਦੀ ਹਿੰਮਤ ਨਹੀਂ ਕਰ ਸਕਦਾ ਸੀ। ਕਬੀਰ ਜੀ ਨੇ ਦਲੇਰੀ ਨਾਲ ਐਲਾਨ ਕਰ ਦਿੱਤਾ ਕਿ ਇਸ ਦੇਸ (ਉਹਨਾਂ ਪੁਰਾਤਨ ਸਮਿਆਂ ਵਿੱਚ ਹਾਲੀ ਦੇਸ਼ ਭਗਤੀ ਦਾ ਕੋਈ ਸੰਕਲਪ ਨਹੀਂ ਸੀ। ਇਹ ਭਾਰਤੀ ਭੂਖੰਡ ਸੈਂਕੜੇ ਦੇਸ੍ਹਾਂ ਦਾ ਜਮਘੱਟਾ ਜਿਹਾ ਸੀ, ਇਸੇ ਲਈ ਸ੍ਹਬਦ 'ਜਗਤ, ਦੁਨੀਆਂ, ਸੰਸਾਰ' ਵਰਤਿਆ ਹੈ) ਦੇ ਬਾਕੀ ਲੋਕਾਂ ਦਾ ਗੁਰੂ ਭਾਵੇਂ ਬ੍ਰਾਹਮਣ ਹੋਵੇ ਪਰ ਮੇਰਾ (ਕਬੀਰ) ਗੁਰੂ ਨਹੀਂ ਹੈ। ਇਹ ਤਾਂ ਖੁਦ ਹੀ ਵੇਦਾਂ ਦੀ ਗਲਤ ਸਿੱਖਿਆ ਦਾ ਸ੍ਹਿਕਾਰ ਹੋ ਚੁੱਕਿਆ ਹੈ। ਚਾਰੇ ਵੇਦਾਂ ਦੇ ਕਰਮਕਾਂਡ, ਬਲੀ, ਹੋਮ, ਯੱਗ ਆਦਿ ਵਿੱਚ ਉਲਝ ਗਿਆ ਹੈ। ਮਨੁੱਖਤਾ ਲਈ ਤਾਂ ਇਸ ਨੇ ਕੁੱਝ ਵੀ ਨਹੀਂ ਕੀਤਾ। ਹੋਰ ਵੇਖੋ –

**ਕਬੀਰ ਮਾਇ ਮੁੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ।।**
**ਆਪ ਡੁਬੇ ਚਹੁ ਬੇਦ ਮਹਿ, ਚੇਲੇ ਦੀਏ ਬਹਾਇ।।** (1370)

ਐਸੇ ਪਾਖੰਡੀ ਗਿਆਨ ਹੀਣੇ ਝੂਠੇ ਗੁਰੂ ਅਖਵਾਣ ਵਾਲੇ ਦੀ ਮਾਂ ਦਾ ਸਿਰ ਮੁੰਨ ਦੇਣਾ ਚਾਹੀਦਾ ਹੈ, ਜੋ ਖੁਦ ਤਾਂ ਗਲਤ ਵਿਚਾਰਧਾਰਾ ਵਿੱਚ ਡੁੱਬਿਆ ਹੀ ਸੀ, ਸਗੋਂ ਪਿਛ ਲੱਗ ਚੇਲੇ ਵੀ ਵੇਦਾਂ ਦੀ ਗਲਤ ਸਿੱਖਿਆ ਵਿੱਚ ਡੋਬ ਦਿੱਤੇ। ਕਬੀਰ ਜੀ ਤਾਂ ਸਗੋਂ ਸਪੱਸ੍ਹਟ ਆਖ ਰਹੇ ਹਨ, ਕਿ ਮੈਨੂੰ ਤੁਹਾਡੇ ਗ੍ਰੰਥਾਂ ਵਿਚਲੇ ਉਪਦੇਸ਼ ਦੀ ਲੋੜ ਨਹੀਂ ਹੈ। ਸਗੋਂ ਤੁਸੀਂ ਹਿੰਦੂ ਤੇ ਮੁਸਲਮਾਨ ਮੇਰੇ ਤੋਂ ਖਰੀ ਪਤੇ ਦੀ ਗੱਲ ਸੁਣੋ ਤੇ ਜੀਵਨ ਸੁਧਾਰੋ। ਵਾਕ ਹਨ:–

**ਕਹਤ ਕਬੀਰ ਰਾਮ ਗੁਨ ਗਾਵਉ।। ਹਿੰਦੂ ਤੁਰਕ ਦੋਉ ਸਮਝਾਵਉ।।**(429)
**ਕਹਤ ਕਬੀਰ ਭਲੇ ਅਸਵਾਰਾ।। ਬੇਦ ਕਤੇਬ ਤੇ ਰਹਹਿ ਨਿਰਾਰਾ।।**(329)

ਮਹਾਨ ਕਰਾਂਤੀ ਕਾਰੀ ਸੂਰਮੇ ਕਬੀਰ ਜੀ ਜਦੋਂ ਬ੍ਰਾਹਮਣ ਦੀ ਜੜ੍ਹ, ਵੇਦ ਨੂੰ ਹੀ ਮਾਨਤਾ ਨਹੀਂ ਦੇਦੇਂ ਤਾਂ ਉਹ ਪੁਜਾਰੀ ਬ੍ਰਾਹਮਣ ਨੂੰ ਆਪਣਾ ਗੁਰੂ ਕਿਉਂ ਸਵੀਕਾਰ ਕਰਨਗੇ? ਸਗੋਂ ਕਬੀਰ ਜੀ ਤਾਂ ਠੋਕ ਵਜਾ ਕੇ ਆਖ ਰਹੇ ਹਨ:–

**ਹਮਰਾ ਝਗਰਾ ਰਹਾ ਨ ਕੋਊ।। ਪੰਡਿਤ ਮੁਲਾਂ ਛਾਡੇ ਦੋਊ।।**
**ਪੰਡਿਤ ਮੁਲਾਂ ਜੋ ਲਿਖ ਦੀਆ।। ਛਾਡਿ ਚਲੇ ਹਮ ਕਛੂ ਨ ਲੀਆ।।**(1158)

ਕਬੀਰ ਜੀ ਨੇ ਸਾਰੇ ਝਗੜੇ ਮੁਕਾ ਕੇ ਸਾਫ ਕਹਿ ਦਿੱਤਾ ਕਿ ਅਸੀਂ ਬ੍ਰਾਹਮਣ ਜਾਂ ਮੁੱਲਾਂ ਦੀ ਕੋਈ ਸਿੱਖਿਆ ਪ੍ਰਵਾਨ ਨਹੀਂ ਕਰਨੀ। ਜੋ ਕੁੱਝ ਇਹਨਾਂ ਨੇ ਸਮਾਜ ਨੂੰ ਲੁੱਟਣ ਵਾਸਤੇ 'ਧਰਮ ਪੋਥੀਆਂ' ਵਿੱਚ ਲਿਖ ਧਰਿਆ ਹੈ, ਮੈਂ ਉਹ ਸਭ ਨਕਾਰ ਦਿੱਤਾ ਹੈ। ਮੇ ਰਾ ਆਪਣਾ ਜਿਉਣ ਢੰਗ ਹੈ, ਮੈਨੂੰ ਹੋਰ ਕਿਸੇ ਦੀ ਗੁਲਾਮੀ ਸਵੀਕਾਰ ਨਹੀਂ ਹੈ।

ਬ੍ਰਾਹਮਣ ਵੱਲੋਂ 'ਧਰਮ ਦੀ ਛਤਰ ਛਾਇਆ ਵਿੱਚ' ਸਦੀਆਂ ਤੋਂ ਮਨੁੱਖਤਾ ਤੇ ਜੋ

ਅਕਹਿ ਜ਼ੁਲਮ ਕੀਤੇ ਗਏ ਕਬੀਰ ਜੀ ਨੇ ਉਹਨਾਂ ਨੂੰ ਬੜੀ ਬੇਬਾਕੀ ਨਾਲ ਨੰਗੇ ਕੀਤਾ ਹੈ। ਖ਼ੂਨ ਪੀਣੀਆਂ ਰਸਮਾਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਫੁਰਮਾਨ ਹਨ:-

**ਕਬੀਰ ਡੂਬਾ ਥਾ ਪੈ ਉਬਰਿਓ 'ਗੁਨ ਕੀ ਲਹਿਰ' ਝਬਕਿ।।**
**ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ ਫਰਕਿ।।**(1368)

ਸਾਰੇ ਭਗਤ ਸਾਹਿਬਾਨ ਨੂੰ (ਅਛੂਤ ਹੋਣ ਕਰਕੇ) ਬ੍ਰਾਹਮਣੀ ਗ੍ਰੰਥਾਂ ਵਿੱਚ ਨਫਰਤ ਭਰੀ ਨਿਗਾਹ ਨਾਲ ਵੇਖਿਆ ਜਾਂਦਾ ਸੀ। ਜਿਥੇ ਬਰਾਬਰ ਦਾ ਸਤਿਕਾਰ ਹੀ ਨਾ ਹੋਵੇ, ਉਸ ਨਾਲੋਂ ਤੋੜ ਵਿਛੋੜਾ ਹੀ ਬਿਹਤਰ ਹੈ। ਇਸ ਲਈ ਕਬੀਰ ਜੀ ਨੇ ਸਾਫ ਕਹਿ ਦਿੱਤਾ - 'ਇਹ ਬ੍ਰਾਹਮਣੀ ਵਿਚਾਰ ਰੂਪੀ ਬੇੜਾ ਬਹੁਤ ਦੇਰ ਤੱਕ ਚੱਲ ਚੁੱਕਿਆ ਹੈ। ਇਸ ਵਕਤ ਇਹ ਡੁੱਬਣ ਨੇੜੇ ਹੀ ਹੈ। ਮੈਂ ਇਸ ਡੁੱਬ ਰਹੇ ਬੇੜੇ ਵਿੱਚ ਕਿਉਂ ਸਵਾਰ ਰਹਾਂ? ਇਸੇ ਲਈ ਮੈਂ ਬਾਹਰ ਛਲਾਂਗ ਲਗਾ ਦਿੱਤੀ।'

ਕਬੀਰ ਜੀ ਨੇ ਐਵੇਂ ਰੋਸ ਪਰਗਟ ਨਹੀਂ ਕੀਤਾ ਠੋਸ ਦਲੀਲਾਂ ਤੇ ਸਬੂਤ ਪੇਸ਼ ਕੀਤੇ ਹਨ। ਹੇ ਪੰਡਿਤ ਜੀ ਸੁਣੋ ਧਿਆਨ ਨਾਲ! ਅਸੀਂ ਮਿਹਨਤ ਮਜ਼ਦੂਰੀ ਕਰਕੇ, ਹੱਕ ਹਲਾਲ ਦੀ ਰੋਟੀ ਖਾਈਏ ਤਾਂ ਨੀਚ ਤੇ ਸ਼ੂਦਰ ਗਰਦਾਨੇ ਜਾ ਰਹੇ ਹਾਂ। ਪਰ ਤੁਸੀਂ ਹਰਾਮ ਦੀਆਂ ਖਾ ਕੇ, ਜਾਤ ਪਾਤੀ ਵੰਡੀਆਂ ਪਾ ਕੇ, ਕਦੀ ਹਥੀਂ ਮਿਹਨਤ ਨਾ ਕਰਕੇ, ਪੇਟ ਪੂਰਤੀ ਕਰਨ ਵਾਲੇ ਚੰਗੇ ਤੇ ਉੱਚੇ ਕਿਵੇਂ ਬਣ ਬੈਠੇ? ਤੁਸੀਂ ਲੋਕ ਤਾਂ 'ਧਰਮ ਅਸਥਾਨਾਂ ਵਿੱਚ ਧਰਮ ਪੁਸਤਕਾਂ ਵਿੱਚੋਂ ਧਰਮ ਮੰਤਰ ਪੜ੍ਹਕੇ, ਮਨੁੱਖਾਂ ਨੂੰ ਆਰਿਆਂ ਨਾਲ ਚੀਰ ਕੇ ਦੋਫਾੜ ਕਰ ਦਿੰਦੇ ਹੋ। ਫਿਰ ਵੀ ਆਪਣੇ ਆਪ ਨੂੰ ਉੱਚੇ ਰੁਤਬੇ ਵਾਲੇ, ਮੁਨੀ ਦੇਵਤੇ ਅਖਵਾ ਰਹੇ ਹੋ।' ਚੰਗੇ ਬਣਨ ਲਈ ਚੰਗੇ ਕੰਮ ਕਰਨੇ ਜ਼ਰੂਰੀ ਹਨ। ਫੁਰਮਾਨ ਹਨ:-

**'ਪੰਡੀਆ ਕਵਨ ਕੁਮਤਿ ਤੁਮ ਲਾਗੇ।।**
**ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨਾ ਜਪਹੁ ਅਭਾਗੇ।।'**
**ਬੇਦ ਪੁਰਾਨ ਪੜ੍ਹੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ।।**
**ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ।।**
**ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ।।**
**ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ।**(1102)

ਕਬੀਰ ਜੀ ਪੁਕਾਰ ਪੁਕਾਰ ਕੇ ਕਹਿ ਰਹੇ ਹਨ ਇਹਨਾਂ ਬ੍ਰਾਹਮਣੀ ਗ੍ਰੰਥਾਂ ਨੇ ਭਾਰਤ ਵਾਸੀ ਸਾਰੇ ਇਨਸਾਨਾਂ ਦੇ ਪੈਰੀਂ ਬੇੜੀਆਂ, ਹੱਥਾਂ ਨੂੰ ਹੱਥਕੜੀਆਂ ਪਾ ਕੇ, ਪੂਰੀ ਤਰ੍ਹਾਂ ਗੁਲਾਮੀ ਵਿੱਚ ਜਕੜ ਦਿੱਤਾ ਹੈ। ਨਾਮਦੇਵ ਜੀ ਤੋਂ ਲੈ ਕੇ ਦਸਮ ਪਾਤਿਸ਼ਾਹ ਹਜ਼ੂਰ ਤੱਕ, ਇਸ ਮਾਨਸਿਕ ਗੁਲਾਮੀ ਦੇ ਸੰਗਲ ਤੋੜਨ ਵਾਸਤੇ ਬਹੁਤ ਜਤਨ ਕੀਤੇ ਗਏ। ਇੰਨੇ ਜੰਗ

ਰਾਜਸੀ ਗੁਲਾਮੀ ਨੂੰ ਖ਼ਤਮ ਕਰਨ ਲਈ ਨਹੀਂ ਲੜੇ ਗਏ ਜਿੰਨੇ ਧਾਰਮਕ ਗੁਲਾਮੀ ਖ਼ਤਮ ਕਰਨ ਵਾਸਤੇ ਲੜੇ ਗਏ ਹਨ। ਪਰ ਇਹ ਗੁਲਾਮੀ ਅਜੇ ਵੀ ਕਿਸੇ ਨਾ ਕਿਸੇ ਰੂਪ ਵਿੱਚ ਜਿਉਂ ਦੀ ਤਿਉਂ ਬਰਕਰਾਰ ਹੈ। ਹੋਰ ਕਿਸੇ ਸਬੂਤ ਦੀ ਲੋੜ ਨਹੀਂ ਹੈ, ਕਬੀਰ ਜੀ ਤੋਂ ਹੀ ਪੁੱਛੀਏ:-

**ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ।। ਸਾਂਕਲ ਜੇਵਰੀ ਲੈ ਹੈ ਆਈ।**
**ਕਟੀ ਨ ਕਟੈ ਤੂਟਿ ਨਹ ਜਾਈ।। ਸਾ ਸਾਪਨਿ ਹੋਇ ਜਗ ਕਉ ਖਾਈ।।**
**ਹਮ ਦੇਖਤ ਜਿਨਿ ਸਭੁ ਜਗੁ ਲੂਟਿਆ।। ਕਹੁ ਕਬੀਰ ਮੈ ਰਾਮ ਕਹਿ ਛੂਟਿਆ।।** (329)

ਇਹ ਬ੍ਰਾਹਮਣੀ ਵਿਚਾਰਧਾਰਾ ਦੀ ਅਮਰ ਵੇਲ ਇੰਨੀ ਖਤਰਨਾਕ ਹੈ ਕਿ ਗੁਰਬਾਣੀ ਵਰਗੀ ਲਾਸਾਨੀ ਵਿਚਾਰਧਾਰਾ ਸਨਮੁੱਖ ਹੋਣ ਦੇ ਬਾਵਜੂਦ ਸਿੱਖ ਪੰਥ ਪੂਰੀ ਤਰ੍ਹਾਂ ਇਸ ਦੀ ਜਕੜ ਪਕੜ ਵਿੱਚ ਫਸਿਆ ਹੋਇਆ ਹੈ। ਬਹੁਤ ਵਿਕਸਤ ਯੂਰਪੀਨ ਮੁਲਕਾਂ ਵਿੱਚ ਰਹਿਣ ਵਾਲੇ ਸਿੱਖ ਵੀ ਇਸ ਬ੍ਰਾਹਮਣੀ ਕਰਮਕਾਂਡ ਵਿੱਚ ਪੂਰੀ ਤਰ੍ਹਾਂ ਉਲਝੇ ਹੋਏ ਵੇਖੇ ਜਾ ਸਕਦੇ ਹਨ। ਪੰਜਾਬ ਦੇ ਜਿਸ ਇਲਾਕੇ ਵਿੱਚੋਂ ਕੋਈ ਵਿਅਕਤੀ ਪਰਵਾਸ ਕਰਕੇ ਬਦੇਸ਼ ਗਿਆ ਹੈ, ਹੋਰ ਵਜਨ ਤਾਂ ਭਾਵੇਂ ਜਹਾਜ ਵਿੱਚ ਲੱਦ ਕੇ ਨਹੀਂ ਲਿਜਾ ਸਕਿਆ, ਪਰ ਡੇਰੇਦਾਰੀ ਸਾਧਵਾਦ ਨਾਲ ਜ਼ਰੂਰ ਲੈ ਕੇ ਗਿਆ ਹੈ। ਯੂਰਪੀਨ ਮੁਲਕਾਂ ਵਿੱਚ ਰਹਿ ਰਹੇ ਸਿੱਖਾਂ ਤੋਂ ਉਮੀਦ ਸੀ ਕਿ ਪੰਜਾਬ ਨੂੰ ਬੌਧਿਕ ਅਗਵਾਈ ਦੇਣਗੇ। ਸਗੋਂ ਉਲਟਾ ਚੱਕਰ ਇਹ ਚੱਲ ਗਿਆ ਹੈ ਕਿ ਬਦੇਸ਼ਾ ਵਿਚਲੇ ਬਹੁ-ਗਿਣਤੀ ਸਿੱਖ, ਬੌਧਿਕ ਪਖੋਂ ਪੰਜਾਬ ਨਾਲੋਂ ਬਹੁਤ ਪਛੜ ਗਏ ਹਨ। ਖਾਲਸੇ ਦੇ ਨਿਆਰੇਪਣ ਦੀਆਂ ਡੀਗਾਂ ਮਾਰਨ ਵਾਲੇ ਗੁਰਬਾਣੀ ਦੀ ਵਿਚਾਰਧਾਰਾ ਨੂੰ ਪਿੱਠ ਦੇ ਕੇ, ਦਸਮ ਗ੍ਰੰਥ ਦੇ ਪੁਜਾਰੀ ਬਣ ਗਏ ਹਨ। ਅਖੌਤੀ ਦਮਦਮੀ ਟਕਸਾਲ (ਮਹਿਤੇ ਚੌਕ ਵਾਲੇ) ਆਪਣੇ ਅਣਭੋਲ ਬੱਚਿਆਂ ਤੋਂ ਹਵਨ ਕਰਾਉਂਦੇ ਰਹੇ ਹਨ। ਇਹਨਾਂ ਦੇ 'ਬ੍ਰਹਮ ਗਿਆਨੀਆਂ' ਵੱਲੋਂ ਲਿਖੀਆਂ ਪੁਸਤਕਾਂ ਸਿੱਖਾਂ ਨੂੰ ਖਾਰੇ ਸਮੁੰਦਰ ਵਿੱਚ ਡੋਬਣ ਲਈ ਕਾਫ਼ੀ ਹਨ। ਪੰਜਾਬ ਵਿੱਚ ਗੱਡੀਆਂ ਦੁੜਾਈ ਘੁੰਮ ਰਹੇ, ਅਣਗਿਣਤ 'ਬ੍ਰਹਮ ਗਿਆਨੀ' ਟਕਸਾਲ ਦਾ ਝੂਠ ਨੰਗਾ ਕਰਨ ਲਈ ਸੱਚ ਨਾ ਬੋਲ ਸਕੇ। ਕੋਈ ਇੱਕ 'ਬ੍ਰਹਮਗਿਆਨੀ' ਹੀ ਇੰਨੀ ਦਲੇਰੀ ਕਰਕੇ ਆਖ ਦਿੰਦਾ ਕਿ 'ਭਾਈ ਜਰਨੈਲ ਸਿੰਘ ਸ਼ਹੀਦ ਹੋ ਚੁੱਕਿਆ ਹੈ। ਤੁਸੀਂ ਕੁਫਰ ਨਾ ਤੋਲੋ, ਜਾਂ ਦੱਸੋ ਕਿਸ ਭੂਆ ਦੀ ਕੁੱਛੜ ਵਿੱਚ ਬੈਠਾ ਹੈ?'

ਕਾਫੀ ਸਮਾਂ ਪਹਿਲਾਂ ਮੁਸਲਮਾਨਾਂ ਵਿੱਚ ਆਈ ਗਿਰਾਵਟ ਨੂੰ ਵੇਖਦਿਆਂ ਇਕਬਾਲ ਨੇ ਇੱਕ ਹਉਕਾ ਭਰਿਆ ਸੀ। ਜਿਸ ਦੇਸ਼ ਵਿੱਚ ਮੁਸਲਮਾਨ ਦਾਖਲ ਹੋਏ ਉਥੇ ਹੀ ਆਪਣੀ ਹਕੂਮਤ ਕਾਇਮ ਕਰ ਲਈ। ਹਰ ਹੀਲਾ ਵਰਤ ਕੇ ਸਾਰੇ ਲੋਕਾਂ ਨੂੰ ਜਾਂ ਤੇ ਮੁਸਲਮਾਨ ਬਣਾ

ਲਿਆ ਜਾਂ ਕਤਲ ਕਰ ਦਿੱਤਾ ਗਿਆ। ਬਸ ਇੱਕ ਹਿੰਦੋਸਤਾਨ ਹੀ ਅਜਿਹਾ ਦੇਸ਼ ਹੈ, ਜਿੱਥੇ ਆ ਕੇ ਮੁਸਲਮਾਨ ਮਾਤ ਖਾ ਗਏ। ਭਾਵੇਂ ਪਾਕਿਸਤਾਨ ਤੇ ਬੰਗਲਾ ਦੇਸ਼ ਵਿੱਚ ਕਰੀਬ ਤੀਹ ਕਰੋੜ ਮੁਸਲਮਾਨ ਹਿੰਦੂਆਂ ਤੋਂ ਬਣੇ ਹੋਏ ਹੀ ਰਹਿ ਰਹੇ ਹਨ। ਭਾਰਤ ਵਿੱਚ ਵੀ ਪੰਦਰਾ ਕਰੋੜ ਮੁਸਲਮਾਨ ਮੌਜੂਦ ਹਨ। ਕਦੀ ਵੀ ਆਪਣੇ ਲਈ ਵੱਖਰਾ ਦੇਸ਼ ਲੈਣ ਦੀ ਮੰਗ ਉਠਾ ਸਕਦੇ ਹਨ। ਪਰ ਇਕਬਾਲ ਨੂੰ ਦੁੱਖ ਇਸ ਗੱਲ ਦਾ ਹੈ ਕਿ ਸਮੁੱਚਾ ਭਾਰਤ ਇਸਲਾਮ ਦੇ ਝੰਡੇ ਹੇਠ ਕਿਉਂ ਨਾ ਆ ਸਕਿਆ? ਇਸਲਾਮਕ ਬੇੜੇ ਨੂੰ ਗਰਕ ਕਰਨ ਵਾਲੀ ਦਲਦਲ ਬੜੀ ਭਿਆਨਕ ਹੈ। ਜਿਹੜਾ ਇੱਕ ਵਾਰੀ 'ਕੰਵਲ ਦੇ ਸੋਹਣੇ ਫੁਲ' ਪ੍ਰਾਪਤ ਕਰਨ ਵਾਸਤੇ ਦਲਦਲ ਵਿੱਚ ਦਾਖਲ ਹੋ ਗਿਆ ਉਹ ਫਿਰ ਕਦੀ ਵਾਪਸ ਪਰਤ ਕੇ ਨਹੀਂ ਆਇਆ। ਉਹ ਦਲਦਲ ਹੈ 'ਗੰਗਾ ਦੀ ਘਾਟੀ ਬ੍ਰਾਹਮਣੀ ਸਭਿਅਤਾ' ਸ਼ਿਅਰ ਹੈ:-

**ਯੇਹ ਦੀਨੇ ਹਜਾਜੀ ਕਾ ਬੇਬਾਕ ਬੇੜਾ, ਨ ਜੇਹੂੰ ਮੇਂ ਅਟਕਾ ਨਾ ਸੇਹੂੰ ਮੇਂ ਠਹਿਰਾ।**
**ਕੀਏ ਪਾਰ ਜਿਸਨੇ ਥੇ ਸਾਤੋਂ ਸਮੁੰਦਰ, ਵੋਹ 'ਡੂਬਾ ਦਹਾਨੇ ਮੇਂ ਗੰਗਾ ਕੇ ਆਕਰ'।**

(ਇਕਬਾਲ)

ਇੱਥੇ ਬੁੱਧ ਮੱਤ ਦਮ ਤੋੜ ਗਿਆ, ਇੱਥੇ ਜੈਨ ਧਰਮ ਅੰਤਮ ਸਾਹਾਂ ਤੇ ਹੈ। ਇੱਥੇ ਕਬੀਰ ਪੰਥੀਏ, ਨਾਮਦੇਵ ਪੰਥੀਏ ਆਪਣੀ ਵਿਲੱਖਣਤਾ ਗੁਆ ਚੁੱਕੇ ਹਨ। ਇਥੇ ਸਿੱਖ ਵੀ ਨਿਗਲਿਆ ਹੀ ਗਿਆ ਸਮਝੋਂ। ਇੱਕ ਵਾਰੀ ਗਾਂਧੀ ਨੇ (ਅਖੌਤੀ ਰਾਸ਼ਟਰ ਪਿਤਾ) ਡਾ. ਅੰਬੇਦਕਰ ਨੂੰ ਕਲਾਬਾਜ਼ੀ ਵਿਖਾਉਂਦਿਆ ਕਿਹਾ ਸੀ – 'ਹਮ ਹਿੰਦੂ ਲੋਗ ਅਛੂਤੋਂ ਕੇ ਸਾਥ ਬ੍ਰਾਬਰੀ ਵਾਲਾ ਵਿਵਹਾਰ ਕਰੇਂਗੇ। ਦੇਸ਼ ਕੀ ਆਜ਼ਾਦੀ ਕੇ ਬਾਅਦ, ਆਪਕੇ ਭਾਈਉਂ ਕੋ ਕੋਈ ਸ਼ਿਕਵਾ ਨਹੀਂ ਰਹੇਗਾ।' ਤਾਂ ਡਾ. ਅੰਬੇਦਕਰ ਨੇ ਕਰਾਰੀ ਚੋਟ ਕਰਦਿਆਂ ਮੋੜਵਾਂ ਹੱਲਾ ਬੋਲਿਆ – 'ਗਾਂਧੀ ਜੀ! ਮੈਂ ਆਪਕੀ ਜ਼ੁਬਾਨੀ ਕਹੀ ਹੂਈ ਬਾਤ ਪਰ ਯਕੀਨ ਨਹੀਂ ਕਰ ਸਕਤਾ। ਜਿਨ ਤਥਾਕਥਿਤ, ਧਾਰਮਕ ਗਰੰਥੋਂ ਮੇਂ ਹਮ ਸ਼ੂਦਰੋਂ ਕੇ ਲੀਏ, ਕਤਲ ਕਰ ਦੇਨੇ ਵਾਲੇ ਉਪਦੇਸ਼ ਲਿਖੇ ਹੋਂ? ਉਨ ਸਭ ਕੀ ਏਕ ਏਕ ਪ੍ਰਤੀ ਲੇ ਕਰ ਬੜੀ ਭੀੜ ਕੇ ਸਾਹਮਣੇ ਚਾਂਦਨੀ ਚੌਂਕ ਦਿੱਲੀ ਮੇਂ, ਅਪਨੇ ਹਾਥੋਂ ਸੇ ਆਗ ਲਗਾ ਕਰ ਜਲਾ ਦੇਂ। ਮੈਂ ਸਮਝ ਲੂੰਗਾ ਕਿ ਆਪ ਵਾਕਈ ਇਨਸਾਨੀਅਤ ਕੇ ਪਖਸ਼ ਮੇਂ ਹੈ। ਗਾਂਧੀ ਚਿਲਾਇਆ – "ਐਸੇ ਨਹੀਂ ਹੋ ਸਕਤਾ"

ਸੋ ਕਬੀਰ ਜੀ ਨੇ ਬੇੜੀਆਂ ਤੋੜੀਆਂ ਸਨ ਉਹ ਸਨ ਬ੍ਰਾਹਮਣੀ ਵਿਚਾਰਧਾਰਾ ਦੀਆਂ ਬੇੜੀਆਂ ਹਥਕੜੀਆਂ। ਉਹਨਾਂ ਨੇ ਹਰ ਇੱਕ ਰਸਮੋ ਰਿਵਾਜ਼, ਨੂੰ ਕਰਮਕਾਂਡ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ, ਜੋ ਮਨੁੱਖ ਨੂੰ ਕਿਸੇ ਦੂਜੇ ਦਾ ਗੁਲਾਮ ਬਣਾਉਂਦਾ ਹੋਵੇ। ਤਾਂ ਫਿਰ ਗੰਗਾ ਘਾਟੀ ਵਿੱਚ ਪ੍ਰਵਾਨ ਚੜ੍ਹੀ ਬ੍ਰਾਹਮਣੀ ਵਿਚਾਰਧਾਰਾ ਰੂਪੀ ਸੰਗਲ ਰੱਸੇ (ਬੰਧਨ)

ਕਬੀਰ ਜੀ ਨੇ ਤੋੜ ਦਿੱਤੇ। ਇਹਨਾਂ ਵੈਦਿਕ ਅਤੇ ਮਨੂੰ ਸਿਮ੍ਰਿਤੀ ਵਿੱਚ ਜੋ ਧਰਮ ਲੇਬਲ ਲਾ ਕੇ ਮਾਰੂ ਆਦੇਸ਼ ਤੇ ਲੁੱਟ ਕੇ ਖਾਣ ਵਾਲੇ ਹੁਕਮ ਲਿਖੇ ਹੋਏ ਹਨ ਉਹੀ ਹਨ ਮਨੁੱਖਤਾ ਦੇ ਗਲ ਪਏ ਬੰਧਨ ਜਿਨ੍ਹਾਂ ਨੂੰ ਕਬੀਰ ਜੀ ਨੇ ਤੋੜ ਦਿੱਤਾ ਹੈ, ਸਾਨੂੰ ਪੂਰੀ ਤਰ੍ਹਾਂ ਮੁਕਤ ਮਾਰਗ ਤੇ ਚੱਲਣ ਦਾ ਰਾਹ ਪੱਧਰਾ ਕੀਤਾ ਹੈ। ਅਗਲੇ ਪੰਨੇ ਤੇ ਬੇਦਾਂ ਦੀ ਅਸਲੀਅਤ ਬਿਆਨ ਕਰਦੇ ਕੁੱਝ ਪਰਮਾਣ ਲਿਖੇ ਜਾ ਰਹੇ ਹਨ, ਤਾਂ ਕਿ ਕਿਸੇ ਨੂੰ ਭੁਲੇਖਾ ਨਾ ਰਹੇ ਇਹ ਬੇਦਾਂ ਤੇ ਅਵਤਾਰਾਂ ਬਾਰੇ ਗੁਰਬਾਣੀ ਦਾ ਕੀ ਫੁਰਮਾਨ ਹੈ:-

* **ਸਾਸਤ ਸਿਮ੍ਰਿਤ ਬੇਦ ਚਾਰਿ ਮੁਖਾਗਰ ਬਿਚਰੇ।।**
**ਤਪੇ ਤਪੀਸਰ ਜੋਗੀਆ ਤੀਰਥਿ ਗਵਨ ਕਰੇ।।**
**ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ।।**
**ਰੰਗੁ ਨ ਲਗੋ ਪਾਰਬ੍ਰਹਮ ਤਾ ਸਰਪਰ ਨਰਕੇ ਪਾਇ।।** **(71)**

* **ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢੰਢੋਲਿ।।**
**ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ।।** **(265)**

* **ਅਸਮੇਧ ਜਗਨੇ।। ਤੁਲਾ ਪੁਰਖ ਦਾਨੇ।। ਪ੍ਰਾਗ ਇਸਨਾਨੇ।।**
**ਤਉ ਨ ਪੂਜਹਿ ਹਰਿ ਕੀਰਤਿ ਨਾਮਾ।।**
**ਗਇਆ ਪਿੰਡ ਭਰਤਾ।। ਬਨਾਰਸਿ ਅਸਿ ਬਸਤਾ।।**
**ਮੁਖਿ ਬੇਦ ਚਤੁਰ ਪੜਤਾ।। ਸਗਲ ਧਰਮ ਅਛਿਤਾ।।** **(873)**

* **ਚਾਰਿ ਬੇਦ ਜਿਹਵ ਭਨੇ।। ਦਸ ਅਸਟ ਖਟਸ ਸ੍ਰਵਨ ਸੁਨੇ।**
**ਨਹੀਂ ਤੁਲਿ ਗੋਬਿੰਦ ਨਾਮ ਧੁਨੇ** **(229)**

* **ਮਹਿਮਾ ਨ ਜਾਨਿਹਿ ਬੇਦ।। ਬ੍ਰਹਮੇ ਨਹੀਂ ਜਾਨੈ ਭੇਦ।।**
**ਅਵਤਾਰ ਨਾ ਜਾਨਹਿ ਅੰਤੁ।। ਪ੍ਰਮੇਸੁਰੁ ਪਾਰਬ੍ਰਹਮ ਬੇਅੰਤੁ।।** **(894)**

* **ਪੁੰਨ ਪਾਪੁ ਸਭੁ ਬੇਦਿ ਦ੍ਰਿੜਾਇਆ, ਗੁਰਮੁਖਿ ਅੰਮ੍ਰਿਤੁ ਪੀਜੈ ਹੇ।** **(1050)**

* **ਸਾਸਤ੍ਰ ਬੇਦ ਪੁੰਨ ਪਾਪ ਬੀਚਾਰ।। ਨਰਕਿ ਸੁਰਗਿ ਫਿਰਿ ਫਿਰਿ ਅਉਤਾਰ।।** **(385)**

* **ਦਸ ਅਠ ਲੀਖੇ ਹੋਵਹਿ ਪਾਸਿ।। ਚਾਰੇ ਬੇਦ ਮੁਖਾਗਰ ਪਾਠਿ।।**
**ਬਿਨੁ ਬੂਝੇ ਸਭ ਖੜੀਅਸਿ ਬੰਧਿ।।** **(1169)**

* **ਕਥਾ ਕਹਾਣੀ ਬੇਦੀ ਆਣੀ ਪਾਪ ਪੁੰਨ ਬੀਚਾਰ।।**
**ਦੇਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ।** (1243)

ਵੈਦਿਕ ਵਿਚਾਰਧਾਰਾ ਜਾਂ ਬ੍ਰਾਹਮਣੀ ਭਰਮਜਾਲ ਨੂੰ ਗੁਰਬਾਣੀ ਪੂਰੀ ਤਰ੍ਹਾਂ ਰੱਦ ਕਰਦੀ ਹੋਈ ਮਨੁੱਖ ਮਾਤਰ ਨੂੰ ਸੁਤੰਤਰਤਾ ਪਰਦਾਨ ਕਰਦੀ ਹੈ। ਇਹ ਬੇੜੀਆਂ ਤੇ

ਹਥਕੜੀਆਂ ਵਿੱਚ ਜਕੜ ਕੇ ਇਕੱਲੇ ਕਬੀਰ ਜੀ ਨੂੰ ਹੀ 'ਗੰਗਾ ਦੀ ਲਹਿਰ' (ਹਿੰਦੂ ਸੱਭਿਅਤਾ) ਵਿੱਚ ਨਹੀਂ ਗਰਕ ਕੀਤਾ ਗਿਆ। ਸਗੋਂ ਵੱਡੇ ਵੱਡੇ ਧਰਮ, ਸ਼ਕਤੀਸ਼ਾਲੀ ਰਾਜੇ , ਸੋਹਣੇ ਸਮਾਜ, ਇਸ 'ਗੰਗਾ ਦੀ ਦਲਦਲ' ਵਿੱਚ ਗਰਕ ਹੋ ਗਏ ਹਨ। ਇਸੇ ਤਰ੍ਹਾਂ ਨਿਆਰਾ ਖਾਲਸਾ ਪੰਥ, ਬ੍ਰਾਹਮਣੀ ਖੱਡ ਵਿੱਚ ਅੱਜ ਵੀ ਡੁੱਬਿਆ ਕਲ ਵੀ ਡੁੱਬਿਆ। ਹੈ ਕੋਈ ਅਜਿਹਾ ਸਿਆਣਾ ਮਲਾਹ, ਜੋ ਡੁੱਬਦੇ ਡੋਲਦੇ ਪੰਥਕ ਬੇੜੇ ਨੂੰ ਚੱਪੂ ਲਾ ਕੇ ਕਿਨਾਰੇ ਲਾ ਦੇਵੇ? ਨਹੀਂ ਤਾਂ ਸਾਡਾ ਬੇੜਾ ਗਰਕਿਆ ਹੀ ਸਮਝੋ।

**ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ।।**
**ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ।।** (794)

# ਸਿੰਘ ਭੋਜਨ

ਸਤਿਗੁਰੂ ਸਾਹਿਬ ਜੀ ਨੇ ਪਵਿੱਤਰ ਗੁਰਬਾਣੀ ਰਾਹੀਂ ਜੋ ਉਪਦੇਸ਼ ਦਿੱਤੇ, ਉਹ ਸਰਬਦੇਸ਼ੀ ਤੇ ਸਰਬਕਾਲੀ ਹਨ। ਕੋਈ ਵਿਚਾਰ ਗੁਰਬਾਣੀ ਵਿੱਚ ਅਜਿਹਾ ਨਹੀਂ ਮਿਲੇਗਾ ਜੋ ਇੱਕ ਮਨੁੱਖ ਦੀ ਜਿੰਦਗੀ ਨੂੰ ਰਾਸ ਆਉਂਦਾ ਹੋਵੇ, ਤੇ ਦੂਜੇ ਨੂੰ ਮੁਆਫਕ ਨਾ ਬੈਠਦਾ ਹੋਵੇ। ਮਿਸਾਲ ਲਈ ਵੇਖੋ ਗੁਰੂ ਨਾਨਕ ਸਾਹਿਬ ਜੀ ਨੇ ਲੋੜ ਵਕਤ ਉਦਾਸੀਆਂ ਵੇਲੇ ਪਹਿਲਾਂ ਗੇਰੂਏਂ (ਭਗਵੇਂ) ਬਸਤਰ ਪਹਿਨੇ। ਹਿਮਾਲਾ ਪਰਬਤ ਵੱਲ ਦੀ ਫੇਰੀ ਵਕਤ, ਕਿਉਂਕਿ ਬਰਫਾਨੀ ਇਲਾਕੇ ਦੀ ਯਾਤਰਾ ਕਰਨੀ ਸੀ, ਚਮੜੇ ਦੇ ਸੂਟ ਬੂਟ ਤਿਆਰ ਕਰਵਾਏ, ਪਹਿਨੇ। ਮੱਕੇ ਵੱਲ ਦੀ ਯਾਤਰਾ ਵਕਤ 'ਨੀਲ ਬਸਤਰ ਧਾਰੇ ਬਨਵਾਰੀ', ਭਾਵ ਹਾਜੀ ਮੁਸਲਮਾਨਾਂ ਵਾਲਾ ਪਹਿਰਾਵਾ ਪਹਿਨ ਲਿਆ। ਹੱਥ ਵਿੱਚ ਮਜਬੂਤ ਡਾਂਗ, ਮੋਢੇ ਤੇ ਸਾਮਾਨ ਵਾਲਾ ਥੈਲਾ, ਨਿਵਾਜ ਪੜ੍ਹਨ ਵਾਲਾ ਮੁਸੱਲਾ (ਕਪੜਾ) ਆਦਿ। ਵਾਪਸ ਪਰਤ ਕੇ 'ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ', ਦੇ ਵਾਕ ਮੁਤਾਬਕ ਆਮ ਦੁਨੀਆਦਾਰ ਗ੍ਰਿਸਤੀ ਲੋਕਾਂ ਵਾਲੇ ਕਪੜੇ ਪਾ ਲਏ, ਤੇ ਮੰਜੀ ਤੇ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਉਪਦੇਸ਼ ਕਰਨ ਲੱਗ ਪਏ। ਇਸੇ ਲਈ ਸਿੱਖਾਂ ਉਪਰ ਪੰਜ ਕਕਾਰਾਂ ਦੀ ਵਰਦੀ ਦਾ ਧਰਨੀ ਹੋਣਾ ਤਾਂ ਲਾਜਮੀ ਹੈ, ਪਰ ਬਾਕੀ ਪਹਿਰਾਵੇ ਬਾਬਤ ਕੋਈ ਪਾਬੰਦੀ ਨਹੀਂ ਹੈ। ਜੇ ਅਜਿਹੀ ਪਾਬੰਦੀ ਆਇਦ ਕਰ ਦਿੱਤੀ ਜਾਵੇ, ਤਾਂ ਦੁਨੀਆਂ ਦੇ ਪੌਣ ਪਾਣੀ ਮੁਤਾਬਕ, ਮੌਸਮ ਅਨੁਸਾਰ, ਸਿੱਖ ਲਈ ਜੀਵਨ ਬਤੀਤ ਕਰਨਾ ਕਠਿਨ ਹੋ ਜਾਵੇਗਾ। ਇਸੇ ਤਰ੍ਹਾਂ ਖਾਣ ਪੀਣ ਤੇ ਸਤਿਗੁਰੂ ਜੀ ਨੇ ਕੋਈ ਪਾਬੰਦੀ ਨਹੀਂ ਲਾਈ। ਹਾਂ ਨਸ਼ਿਆਂ ਦੀ ਸਖਤ ਮਨਾਹੀ ਕੀਤੀ ਗਈ ਹੈ, ਕਿਉਂਕਿ ਇਹ ਜ਼ਿੰਦਗੀ ਤਬਾਹ ਕਰ ਦਿੰਦੇ ਹਨ। ਖਾਣ ਪੀਣ ਬਾਰੇ ਸਭ ਤੇ ਲਾਗੂ ਹੋਣ ਵਾਲਾ ਸਤਿਗੁਰੂ ਜੀ ਕਾ ਫੁਰਮਾਨ ਹੈ:-

**ਅਧਿਕ ਸੁਆਦ ਰੋਗ ਅਧਿਕਾਈ, ਬਿਨੁ ਗੁਰ ਸਹਜ ਨ ਪਾਇਆ।।** (1255)

ਗੁਰਬਾਣੀ ਨਾਲ ਸਬੰਧਤ ਅਤੇ ਇਤਿਹਾਸ ਬਾਰੇ ਸੈਂਕੜੇ ਵਿਸ਼ੇ ਅਣਛੋਹੇ ਪਏ ਹਨ। ਜਿਨਾਂ ਦੀ ਵਿਆਖਿਆ ਲਈ ਅਣਗਿਣਤ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ। ਮਿਸਾਲ ਲਈ - ਗੁਰਬਾਣੀ ਰਚੈਤਾ ਭਗਤਾਂ ਮਹਾਂਪੁਰਖਾਂ ਬਾਰੇ ਤੀਹ ਪੁਸਤਕਾਂ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਰਿਸ਼ਤੇ ਅਤੇ ਔਰਤ ਦੀ ਬਰਾਬਰੀ। ਧਰਮ ਪ੍ਰਚਾਰ ਬਾਰੇ, ਸਿੱਖ ਰਾਜਨੀਤੀ ਬਾਰੇ, ਦੇਸ਼ ਵਿਦੇਸ਼ ਵਿਚਲੇ ਸਿੱਖਾਂ ਦੇ ਮਸਲਿਆਂ ਬਾਰੇ, ਸੰਸਾਰ

ਨੂੰ ਗੁਰਬਾਣੀ ਕੀ ਸਾਂਝਾ ਉਪਦੇਸ਼ ਦਿੰਦੀ ਹੈ ਆਦਿ? ਅਫਸੋਸ ਕਿ ਇਸ ਪਾਸੇ ਕਿਸੇ ਨੇ ਖੇਚਲ ਨਹੀਂ ਕੀਤੀ। ਹਾਂ ਮਾਸ ਬਾਰੇ ਹੱਕ ਅਤੇ ਵਿਰੋਧ ਵਿੱਚ ਕਰੀਬ ਪੰਜ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ। ਇਉਂ ਪ੍ਰਤੀਤ ਹੁੰਦਾ ਹੈ ਕਿ ਸਿੱਖ ਸਮਾਜ (ਨਹੀਂ ਸਿੱਖ ਲੇਖਕ?) ਸਰੀਰੀ ਪੱਧਰ ਤੋਂ ਉੱਪਰ ਨਹੀਂ ਉੱਠ ਸਕਿਆ। ਇੱਕੀਵੀਂ ਸਦੀ, ਕੰਪਿਊਟਰੀ ਜੁੱਗ, ਦੁਨੀਆਂ ਰਾਕਟ ਦੀ ਸਪੀਡ ਨਾਲ ਅੱਗੇ ਵੱਧ ਰਹੀ ਹੈ, ਤੇ ਅਸੀਂ ਹਾਲੀ ਤੱਕ ਪੁਰਾਣੇ ਗੱਡੇ ਤੇ ਹੀ ਸਵਾਰ ਹਾਂ। ਸਿੱਖ ਪ੍ਰਚਾਰਕਾਂ ਤੋਂ ਪੁੱਛੇ ਜਾਣ ਵਾਲੇ ਸਵਾਲ ਭੀ ਬੜੇ ਬੌਣੇ ਜਿਹੇ ਹੀ ਹੁੰਦੇ ਹਨ। ਫਿਰ ਉਹਨਾਂ ਦੇ ਜੁਆਬ ਦੇਣ ਵਾਲੇ ਕਿੱਥੋਂ ਗੁਰਮਤਿ ਪੜ੍ਹਕੇ ਆਏ ਹਨ? ਧਾਰਮਕ ਅਤੇ ਦੁਨੀਆਵੀਂ ਵਿੱਦਿਆ ਕਿਸ ਪੱਧਰ ਦੀ ਹੈ? ਇਹ ਪੱਖ ਨਾਂ ਹੀ ਛੋਹਿਆ ਜਾਵੇ ਤਾਂ ਬਿਹਤਰ ਰਹੇਗਾ।

ਸਤਿਗੁਰੂ ਜੀ ਦੀ ਵਿਚਾਰਧਾਰਾ ਨੂੰ ਓਪਰੀ ਨਜਰੇ ਨਹੀਂ ਗਹਿਰਾਈ ਵਿੱਚ ਉਤਰ ਕੇ ਸਮਝਣ ਦਾ ਜਤਨ ਕਰੀਏ। ਮਹਾਂਪੁਰਖ ਨੇਕ ਜੀਵਨ ਵਾਲੇ ਭਗਤ ਰਵਿਦਾਸ ਜਾਤ ਪੱਖੋਂ ਚਮਾਰ, ਮਰੇ ਪਸ਼ੂ ਢੋਣ ਵਾਲੇ। ਉਹਨਾਂ ਬਦਬੂ ਮਾਰਦੇ ਮੁਰਦਾ ਪਸ਼ੂਆਂ ਦੀਆਂ ਖੱਲਾਂ ਉਤਾਰਦੇ ਲੋਕਾਂ ਦੀਆਂ ਜੁੱਤੀਆਂ ਬਣਾਉਂਦੇ, ਮੁਰਦਾ ਪਸ਼ੂਆਂ ਦੀ ਰਹਿੰਦ ਖੂੰਹਦ, ਹੱਡੀਆਂ ਆਦਿ ਲੇਖੇ ਲਾਉਣ ਵਾਲੇ। ਗੁਰੂ ਨਾਨਕ ਸਾਹਿਬ ਜੀ ਨੂੰ ਉਹ ਨੀਚ ਨਜ਼ਰ ਨਹੀਂ ਆਏ, ਪਿਆਰ ਕਲਾਵੇ ਵਿੱਚ ਲਿਆ, ਉਹਨਾਂ ਦੇ ਬਚਨਾਂ (ਬਾਣੀ) ਨੂੰ ਆਪਣੀ ਬਾਣੀ ਨਾਲ ਉਤਾਰਾ ਕਰਕੇ ਹਿੱਕ ਨਾਲ ਲਾ ਲਿਆ। ਭਗਤ ਸਧਨਾ ਜੀ ਜਾਨਵਰ ਮਾਰ ਕੇ, ਮਾਸ ਵੇ ਚਣ ਦਾ ਕੰਮ ਕਰਦੇ ਸਨ, ਮਾਸ ਦੀ ਦੁਕਾਨ, ਲੋਕਾਂ ਨੂੰ ਮਾਸ ਵੇਚਦੇ ਹੋਣ, ਤੇ ਖੁਦ ਨਾ ਖਾਂਦੇ ਹੋਵਣ? ਸਤਿਗੁਰੂ ਜੀ ਨੇ ਇਸ ਕਿੱਤੇ ਕਾਰਨ ਸਧਨਾ ਜੀ ਨਾਲ ਕੋਈ ਨਫ਼ਰਤ ਨਹੀਂ ਕੀਤੀ। ਸਤਿਕਾਰ ਸਹਿਤ ਉਹਨਾਂ ਦੀ ਬਾਣੀ ਦਾ ਉਤਾਰਾ ਕਰਕੇ ਸਾਂਭ ਲਿਆ। ਬਾਬਾ ਸ਼ੇਖ ਫਰੀਦ ਜੀ, ਪੱਕੇ ਮੁਸਲਮਾਨ, ਹਲਾਲ ਕੀਤਾ ਮਾਸ ਖਾਣ ਵਾਲੇ, ਸ਼ਰ੍ਹਾ ਦੇ ਪਾਬੰਦ, ਸਤਿਗੁਰੂ ਜੀ ਨੂੰ ਬਹੁਤ ਚੰਗੇ ਲਗਦੇ ਹਨ, ਉਹਨਾਂ ਦੀ ਬਾਣੀ ਭੀ ਆਪਣੇ ਕੋਲ ਸਾਂਭ ਲਈ। ਸ਼ੇਖ ਭੀਖਨ ਜੀ ਪੱਕੇ ਸ਼ਰ੍ਹਈ ਮੁਸਲਮਾਨ ਉਹ ਭੀ ਸਤਿਗੁਰੂ ਜੀ ਨਾਲ ਬਿਰਾਜਮਾਨ ਹਨ। ਸਮਾਂ ਆਉਣ ਤੇ ਇਹਨਾਂ ਦੀ ਪਵਿੱਤਰ ਰਚਨਾ ਗੁਰੂ ਗ੍ਰੰਥ ਸਾਹਿਬ ਜੀ ਦਾ ਅਟੁੱਟ ਅੰਗ ਬਣ ਸਕੀ। ਸਾਈਂ ਮੀਆਂ ਮੀਰ ਜੀ (ਪ੍ਰਚਲਤ ਰਵਾਇਤ ਮੁਤਾਬਕ) ਗੁਰੂ ਘਰ ਵਿੱਚ ਸਤਿਕਾਰਯੋਗ ਹਨ। ਇੱਕ ਪੱਕੇ ਮੁਸਲਮਾਨ ਹਲਾਲ ਕੀਤਾ ਮਾਸ ਖਾਣ ਵਾਲੇ, ਪੰਜਵੇਂ ਨਾਨਕ ਨੇ ਬੇਅੰਤ ਸਤਿਕਾਰ ਦਿੱਤਾ ਉਹਨਾਂ ਨੂੰ, ਦਵੈਤ ਰਾਈ ਮਾਤਰ ਭੀ ਨਹੀਂ। ਪੈਂਦੇ ਖਾਨ ਛੇਵੇਂ ਨਾਨਕ ਜੀ ਦਾ ਨਜ਼ਰੇ ਕਰਮ ਰਿਹਾ, ਉਹਨੂੰ ਸਾਰੀਆਂ ਮੁਸਲਮਾਨੀ ਰੀਤਾਂ ਨਿਭਾਉਣ ਦੀ ਪੂਰੀ ਆਜ਼ਾਦੀ ਸੀ। ਮੁਹਿਸਨਫਾਨੀ ਛੇਵੇਂ ਸਤਿਗੁਰੂ ਜੀ ਦਾ ਬਹੁਤ ਸਤਿਕਾਰ ਕਰਦਾ

ਸੀ। ਸਤਿਗੁਰੂ ਜੀ ਉਸ ਨਾਲ ਚੰਗੇ ਦੋਸਤ ਵਰਗਾ ਵਿਹਾਰ ਕਰਦੇ ਸਨ। ਭਾਰਤ ਦਾ ਸਮਰਾਟ ਅਕਬਰ ਤੇ ਜਹਾਂਗੀਰ ਗੁਰੂ ਘਰ ਵਿੱਚ ਮਾਣ ਪਾਉਂਦੇ ਰਹੇ ਹਨ। ਕਈ ਵਾਰੀ ਉਹਨਾਂ ਵੱਲੋਂ ਗੁਰੂ ਘਰ ਨੂੰ ਭੇਟਾਵਾਂ ਭੀ ਅਰਪਣ ਕੀਤੀਆਂ ਜਾਂਦੀਆਂ ਸਨ। ਰੋਪੜ ਨੇੜੇ ਪਿੰਡ ਕੋਟਲੇ ਦਾ ਵਾਸੀ ਨਿਹੰਗ ਖਾਂ, ਨੌਵੇਂ ਸਤਿਗੁਰੂ ਜੀ ਦਾ ਸੇਵਕ ਸੀ। ਦਸਵੇਂ ਪਾਤਸ਼ਾਹ ਦੀ ਸਲਾਮਤੀ ਵਾਸਤੇ ਇਸ ਨੇ ਬੜੇ ਕੰਮ ਕੀਤੇ। ਨਿਹੰਗ ਖਾਂ ਦੇ ਪੁੱਤਰ ਦੇ ਵਿਆਹ ਵਕਤ, ਦਸਮ ਪਾਤਸ਼ਾਹ ਕਈ ਦਿਨ ਇਸ ਦੇ ਘਰ ਠਹਿਰੇ, ਸਿੱਖਾਂ ਦੇ ਜੱਥੇ ਸਮੇਤ। ਭਾਈ ਬਚਿਤਰ ਸਿੰਘ ਜੀ 1705 ਦਸੰਬਰ ਵਿੱਚ, ਸਰਸਾ ਕਿਨਾਰੇ ਜੰਗ ਵਿੱਚ ਸਖ਼ਤ ਜ਼ਖਮੀ ਹੋ ਗਏ ਸਨ। ਨਿਹੰਗ ਖਾਂ ਦੇ ਘਰ ਕਈ ਦਿਨ ਤੱਕ ਇੱਥੇ ਹੀ ਇਲਾਜ ਕਰਾਉਂਦੇ ਰਹੇ, ਪ੍ਰਸ਼ਾਦਾ ਪਾਣੀ ਛਕਦੇ ਰਹੇ। ਸ਼ੱਕ ਪੈਣ ਤੇ ਗਸ਼ਤੀ ਟੋਲੀ ਨੂੰ ਆਪਣਾ ਦਾਮਾਦ ਦੱਸ ਕੇ ਇਸ ਦੀ ਜਾਨ ਬਚਾਈ। ਇਸੇ ਪ੍ਰੇਮੀ ਨਿਹੰਗ ਖਾਂ ਦੇ ਸਕੇ ਭਾਣਜੇ, ਨਬੀ ਖਾਂ ਗਨੀਖਾਂ ਦਸਮ ਪਾਤਸ਼ਾਹ ਜੀ ਨੂੰ ਖਤਰਿਆਂ ਵਿੱਚੋਂ ਸਹੀ ਸਲਾਮਤ ਬਚਾ ਕੇ ਲੈ ਗਏ ਸਨ। ਰਾਏ ਕੋਟ ਵਿਖੇ ਜਿੱਥੇ ਸਤਿਗੁਰੂ ਕਈ ਦਿਨ ਠਹਿਰੇ ਸਨ, ਉਹ ਰਾਏ ਕਲਾ ਨਿਹੰਗ ਖਾਂ ਦੇ ਬਹਿਨੋਈ ਸੀ। ਸਤਿਗੁਰੂ ਜੀ ਇਹਨਾਂ ਨਾਲ ਪਿਆਰ ਭਰਿਆ ਸਲੂਕ ਕਰਦੇ ਰਹੇ। ਪੀਰ ਬੁੱਧੂ ਸ਼ਾਹ ਸਤਿਗੁਰੂ ਜੀ ਦਾ ਅਨਿਨ ਸੇਵਕ, ਆਪਣੇ ਪੁੱਤਰਾਂ ਅਤੇ ਸੇਵਕਾਂ ਨੂੰ ਵਰ੍ਹਦੀ ਅੱਗ ਵਿੱਚ ਝੋਕ ਦਿੰਦਾ ਹੈ। ਸਤਿਗੁਰੂ ਜੀ ਉਸ ਨੂੰ (ਅੱਧੀ ਦਸਤਾਰ ਦੇ ਕੇ) ਭਰਾ ਬਣਾ ਲੈਂਦੇ ਹਨ, ਨਫਰਤ ਦਾ ਕਿਤੇ ਨਾਮੋ ਨਿਸ਼ਾਨ ਨਹੀਂ। ਨੇਕ ਇਨਸਾਨ ਸ਼ੇਰ ਮੁਹੰਮਦ ਖਾਂ, ਮਲੇਰਕੋਟਲਾ, ਸਤਿਗੁਰੂ ਜੀ ਲਈ ਅਤੇ ਸਾਰੇ ਸਿੱਖ ਜਗਤ ਲਈ ਪੂਜਾ ਦੀ ਹੱਦ ਤੱਕ ਪਰਵਾਨ ਹੈ, ਕਿਉਂ ਜੋ ਉਸਨੇ ਜ਼ੁਲਮ ਦੇ ਵਿਰੁੱਧ ਜ਼ੋਰਦਾਰ ਅਵਾਜ਼ ਬੁਲੰਦ ਕੀਤੀ ਸੀ। ਉਸ ਵੱਲੋਂ ਕੀਤੇ ਗਏ ਹੋਰ ਅਨੇਕ ਜ਼ੁਲਮ ਨਜ਼ਰ ਅੰਦਾਜ ਕਰ ਦਿੱਤੇ ਗਏ। ਇਹ ਸਾਰੇ ਅਤੇ ਅਣਗਿਣਤ ਹੋਰ ਮੁਸਲਮਾਨ ਗੁਰੂ ਘਰ ਵਿੱਚ ਸਤਿਕਾਰ ਪਾਉਂਦੇ ਰਹੇ। ਅੱਜ ਦੀ ਸਿਤਮ ਜਰੀਫੀ ਵੇਖੋ! ਮਾਸ ਨਾ ਖਾਣ ਵਾਲਾ ਸਿੱਖ, ਮਾਸ ਖਾਣ ਵਾਲੇ ਸਿੱਖ ਨੂੰ ਨਫਰਤ ਭੀ ਕਰਦਾ ਹੈ ਤੇ ਉਸਨੂੰ ਸਿੱਖ ਭੀ ਨਹੀਂ ਸਮਝਦਾ। ਹੈ ਨਾ ਨਿਰੋਲ ਨਾ ਸਮਝੀ ਅਤੇ ਧੱਕੇਸ਼ਾਹੀ ਦਾ ਵਰਤਾਰਾ?

ਸਾਡਾ ਸਾਰਾ ਇਤਿਹਾਸ ਸੂਰਜ ਵਤ ਰੌਸ਼ਨ ਹੈ ਕਿ ਸਤਿਗੁਰੂ ਸਾਹਿਬਾਨ ਖੁਦ ਸ਼ਿਕਾਰ ਕਰਦੇ ਰਹੇ। ਜਾਨਵਰਾਂ ਨੂੰ ਮਾਰ ਸੁੱਟਣਾ ਕੋਈ ਸ਼ੌਕ ਨਹੀਂ ਸੀ, ਅਜਿਹੀ ਸਮੇਂ ਦੀ ਲੋੜ ਸੀ ਉਸ ਤੋਂ ਬਾਅਦ ਸਿੱਖ ਯੋਧੇ ਸ਼ਿਕਾਰ ਕਰਦੇ ਰਹੇ। ਮਹੀਨਿਆਂ ਬੱਧੀ ਤਵੇ ਦੀ ਪੱਕੀ ਰੋਟੀ ਨਸੀਬ ਨਹੀਂ ਹੁੰਦੀ ਸੀ। ਜੋ ਭੀ ਜੰਗਲੀ ਜੀਵ ਹੱਥ ਆਇਆ ਭੁੰਨ ਕੇ ਖਾ ਲੈਣਾ, ਇੱਕ ਆਮ ਵਰਤਾਰਾ ਸੀ। ਮਾਧੋ ਦਾਸ ਨੇ ਦਸਮ ਪਾਤਸ਼ਾਹ ਅੱਗੇ ਇੱਕ ਸ਼ਿਕਵਾ ਕੀਤਾ ਸੀ, ਕਿ ਮੇਰੇ ਪਾਲਤੂ ਜਾਨਵਰ, ਹਿਰਨ ਬੱਕਰੇ ਸਿੱਖਾਂ ਨੇ ਝਟਕਾ ਲਏ

ਹਨ... ਇਹ ਬਹੁਤ ਵੱਡਾ ਪਾਪ ਹੋ ਗਿਆ। ਹੁਣ ਮੈਂ ਇਸ ਧਰਮ ਅਸਥਾਨ ਵਿੱਚ ਭਗਤੀ ਕਿਵੇਂ ਕਰਾਂਗਾ? ਜੀਵ ਹੱਤਿਆ ਹੋ ਗਈ, ਅਜਿਹੀ ਅਪਵਿੱਤਰ ਥਾਂ ਨਾਮ ਵਿੱਚ ਮਨ ਕਿਵੇ ਂ ਟਿਕ ਸਕਦਾ ਹੈ? ਸਤਿਗੁਰੂ ਜੀ ਆਖਣ ਲੱਗੇ, 'ਮਾਧੋ ਦਾਸ ਹੋਸ਼ ਕਰ, ਜਾਗ! ਤੇਰੇ ਡੇਰੇ ਵਿਚਲੇ ਪਾਲਤੂ ਜਾਨਵਰ ਮਰਨ ਕਾਰਨ ਪਾਪ ਹੋ ਗਿਆ, ਪਰ ਭਾਰਤ ਵਿੱਚ ਵਗ ਰਹੀਆਂ ਖੂਨ ਦੀਆਂ ਨਦੀਆਂ ਤੈਨੂੰ ਨਜ਼ਰ ਹੀ ਨਹੀਂ ਆਈਆਂ? ਸਾਰੀ ਧਰਤੀ ਖੂਨ ਨਾਲ ਰੰਗੀ ਹੋਈ ਤੈਨੂੰ ਨਹੀਂ ਦਿੱਸੀ? ਬੱਚਿਆਂ ਬੁੱਢਿਆਂ ਬੀਬੀਆਂ ਦਾ ਡੁੱਲ੍ਹਿਆ ਖੂਨ ਤੈਨੂੰ ਖੂਨ ਹੀ ਪ੍ਰਤੀਤ ਨਹੀਂ ਹੁੰਦਾ? ਲੱਖਾਂ ਲੋਕ ਅਜਾਈਂ ਮਾਰ ਦਿੱਤੇ ਗਏ, ਧਰਮ ਸਥਾਨ ਢਹਿ ਢੇ ਰੀ ਕਰ ਦਿੱਤੇ ਗਏ, ਤੂੰ ਇਸ ਡੇਰੇ ਦੀ ਪਵਿੱਤਰਤਾ ਦਾ ਭਰਮ ਪਾਲੀ ਬੈਠਾ ਹੈਂ?... ਮਾਧੋ ਦਾਸ ਦਾ ਹਿਰਦਾ ਕੰਬ ਉੱਠਿਆ, ਹੱਥ ਜੁੜ ਗਏ, ਸਤਿਗੁਰੂ ਜੀ ਦੇ ਚਰਨੀਂ ਢਹਿ ਪਿਆ। ਸਤਿਗੁਰੂ ਜੀ ਨੇ ਗੁਰਮਤਿ ਪੜ੍ਹਾਈ, ਖੰਡੇ ਕੀ ਪਾਹੁਲ ਛਕਾਈ, ਹਥਿਆਰ ਪਹਿਨਾਏ, ਸਿੱਖਾਂ ਦਾ ਜਰਨੈਲ ਥਾਪ ਕੇ ਨਾਮ ਬੰਦਾ ਸਿੰਘ ਰੱਖਕੇ, ਜ਼ਾਲਮਾਂ ਨੂੰ ਸੋਧਣ ਵਾਸਤੇ ਪੰਜਾਬ ਵੱਲ ਵਿਦਾ ਕਰ ਦਿੱਤਾ।

ਅਗਰ ਨਾ ਸਮਝੀ ਕਾਰਨ ਜਾਨਵਰ ਮਾਰਨ ਵਾਲੇ ਪਾਪ ਪੁੰਨ ਦੇ ਚੱਕਰਵਿਊ ਵਿੱਚ ਫਸ ਗਏ ਤਾਂ ਨਿਕਲ ਨਹੀਂ ਸਕਾਂਗੇ। ਗੌਰ ਕਰੋ! ਮੁਸਲਮਾਨ ਲੋਕ ਸੂਰ ਨੂੰ ਛੱਡਕੇ ਬਾਕੀ ਸਭ ਤਰਾਂ ਦਾ ਖਾਣ ਜੋਗ ਮਾਸ ਖਾ ਲੈਂਦੇ ਹਨ। ਦੁਨੀਆਂ ਦਾ ਸਭ ਤੋਂ ਵੱਡਾ ਦੂਜਾ ਧਰਮ ਇਸਲਾਮ ਹੈ। ਸਾਡੇ ਅਨੇਕ ਭਰਾ ਅਰਬ ਦੇਸ਼ਾਂ ਵਿੱਚ ਰੋਜ਼ੀ ਕਮਾਉਣ ਜਾਂਦੇ ਹਨ, ਹਲਾਲ ਮਾਸ ਖਾਣ ਵਾਲਿਆਂ ਦੇ ਅਧੀਨ। ਉਸੇ ਕਮਾਈ ਵਿੱਚੋਂ ਗੁਰਦਵਾਰੇ ਭੇਟਾ ਅਰਪਣ ਕਰਦੇ ਹਨ, ਜਿਸ ਭੇਟਾ ਵਿੱਚੋਂ ਅੱਗੇ ਹੋਰ ਕਈਆਂ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ। ਉਸੇ ਕਮਾਈ ਵਿੱਚੋਂ ਬੱਚਿਆਂ ਦੀ ਪਾਲਣਾ ਕਰਦੇ ਹਨ, ਫਿਰ ਕਿਵੇਂ ਆਖੀਏ ਕਿ ਇਹ ਨਿਰੋਲ ਸ਼ਾਕਾਹਾਰੀ ਹਨ? ਦੂਜੇ ਬੰਨੇ ਗੋਰੇ ਲੋਕ ਸੂਰ ਅਤੇ ਗਊ ਸਮੇਤ ਸਭ ਤਰ੍ਹਾਂ ਦਾ ਮਾਸ ਖਾ ਲੈਂਦੇ ਹਨ। ਮਾਸ ਨੂੰ ਨਫ਼ਰਤ ਕਰਨ ਵਾਲੇ,ਲੱਖਾਂ ਰੁਪੈ ਖਰਚ ਕਰਕੇ ਅਨੇਕ ਪਾਪੜ ਵੇਲ ਕੇ, ਮਾਸ ਖਾਣਿਆਂ ਦੇ ਦੇਸ਼ਾਂ ਵੱਲ ਨੱਸੇ ਚਲੇ ਜਾ ਰਹੇ ਹਨ, ਸਮੇਤ ਅਖੌਤੀ ਸੰਤਾਂ ਬ੍ਰਹਮ ਗਿਆਨੀਆਂ ਦੇ। ਵਿਦੇਸ਼ਾਂ ਵਿੱਚ ਬਹੁਤ ਵੱਡੇ ਵੱਡੇ ਸਟੋਰ ਹਨ, ਇੱਕੋ ਦੁਕਾਨ ਵਿੱਚੋਂ ਹਰ ਤਰ੍ਹਾਂ ਦਾ ਸਮਾਨ ਮਿਲ ਜਾਂਦਾ ਹੈ। ਉਹਨਾਂ ਦੇ ਸਟੋਰਾਂ ਵਿੱਚ ਬਹੁਤ ਕਿਸਮ ਦਾ ਮਾਸ ਤਿਆਰ ਕਰਕੇ ਰੱਖਿਆ ਹੁੰਦਾ ਹੈ। ਕਈ ਥਾਈਂ ਜਿਉਂਦੇ ਕੇਕੜੇ ਮੱਛੀਆਂ ਆਦਿ ਭੀ ਰੱਖੇ ਹੁੰਦੇ ਹਨ, ਤੁਰੰਤ ਹੀ ਲੋੜੀਂਦਾ ਸਮਾਨ ਖਰੀਦਦੇ ਹਨ। ਮਾਸ ਖਾਣ ਵਾਲੇ ਗੋਰਿਆਂ ਦੇ ਦੇਸ਼ ਵਿੱਚ ਤਾਂ ਮਾਸ ਵਿਰੋਧੀਆਂ ਨੂੰ ਜਾਣਾ ਹੀ ਨਹੀਂ ਚਾਹੀਦਾ। ਗੋਰਿਆਂ ਦੇ ਅਧੀਨ ਨੌਕਰੀ ਤਾਂ ਕਦੇ ਭੀ ਨਹੀਂ ਕਰਨੀ ਚਾਹੀਦੀ। ਮਾਸ ਖਾਣ ਵਾਲੇ ਇਸਾਈ ਲੋਕਾਂ ਦੀ ਗਿਣਤੀ ਦੁਨੀਆਂ ਵਿੱਚ

ਸਭ ਤੋਂ ਜ਼ਿਆਦਾ ਹੈ। ਮਾਸ ਖਾਣ ਵਾਲਿਆਂ ਹੀ ਦੁਨੀਆਂ ਤੇ ਰਾਜ ਕੀਤਾ ਹੈ। ਜੇ ਮਾਸ ਖਾਣਾ ਪਾਪ ਹੈ ਤਾਂ ਇਹਨਾਂ ਲੋਕਾਂ ਨੂੰ ਇਹ ਪਾਪ ਕਿਉਂ ਨਹੀਂ ਲੱਗਦਾ? ਇਹਨਾਂ ਮਾਸ ਖਾਣ ਵਾਲਿਆਂ ਨੇ ਹੀ ਵਿਗਿਆਨ ਦੀਆਂ ਬੇਅੰਤ ਲੱਭਤਾਂ ਲੱਭੀਆਂ ਹਨ। ਮਾਸ ਵਿਰੋਧੀਆਂ ਨੂੰ ਇਹਨਾਂ ਦੀ ਵਰਤੋਂ ਭੀ ਫਿਰ ਨਹੀਂ ਕਰਨੀ ਚਾਹੀਦੀ।

ਭਾਰਤ ਦੇ ਲੋਕ ਹਜ਼ਾਰਾਂ ਸਾਲਾਂ ਤੱਕ ਹਰ ਤਰ੍ਹਾਂ ਦਾ ਮਾਸ ਖਾਂਦੇ ਰਹੇ, ਸਮੇਤ ਗਊ ਮਾਸ ਦੇ। ਰਿਗਵੇਦ ਮੰਨੂੰ ਸਿਮ੍ਰਤੀ, ਮਹਾਂਭਾਰਤ, ਰਮਾਇਣ ਆਦਿ ਇਸ ਗੱਲ ਦੇ ਲਿਖਤੀ ਸਬੂਤ ਹਨ। ਯੱਗ ਕਰਨ ਵਕਤ ਗਊ ਮਾਰ ਕੇ ਮੰਤਰ ਪੜ੍ਹਦਿਆਂ, ਉਹ ਮਾਸ ਤਿਆਰ ਕੀਤਾ ਜਾਂਦਾ ਸੀ। ਫਿਰ ਪ੍ਰਸ਼ਾਦ ਰੂਪ ਵਿੱਚ ਸਾਰਿਆਂ ਨੂੰ ਵਰਤਾਇਆ ਜਾਂਦਾ ਸੀ। ਇਸ ਨੂੰ ਕਹਿੰਦੇ ਸਨ 'ਗਊ ਮੇਧ ਯੱਗ'। ਇਸੇ ਤਰ੍ਹਾਂ ਘੋੜਾ ਮਾਰ ਕੇ ਜੋ ਯੱਗ ਕੀਤਾ ਜਾਂਦਾ ਸੀ ਉਹ 'ਅਸ਼ਵਮੇਧ ਯੱਗ' ਅਖਵਾਉਂਦਾ ਸੀ। ਹੋਰ ਸਿਤਮ ਵੇਖੋ ਮਨੁੱਖ ਨੂੰ ਮਾਰ ਕੇ ਉਸ ਦਾ ਮਾਸ ਤਿਆਰ ਕਰਕੇ ਸਾਰਿਆਂ ਨੂੰ ਖੁਆਇਆ ਜਾਂਦਾ ਸੀ 'ਨਰਮੇਧ ਯੱਗ'। ਅੰਗ੍ਰੇਜੀ ਸਰਕਾਰ ਵੱਲੋਂ 21 ਨੰ. ਧਾਰਾ ਰਾਹੀਂ ਸੰਨ 1845 ਵਿੱਚ ਨਰ ਬਲੀ ਤੇ ਪਾਬੰਦੀ ਲਾਈ ਗਈ ਸੀ, ਪਰ ਇਹ ਕਾਨੂੰਨ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਸਕਿਆ। ਅੱਜ ਤੱਕ ਹਿੰਦੂਆਂ ਦੇ ਬੇ ਅੰਤ ਮੰਦਰਾਂ ਵਿੱਚ ਕੁੱਕੜ, ਭੇਡੂ, ਬੱਕਰੇ, ਝੋਟੇ ਆਦਿ ਦੀ ਬਲੀ ਦਿੱਤੀ ਜਾ ਰਹੀ ਹੈ। ਅੱਜ ਤੱਕ ਨਿੱਕੀਆਂ ਬਾਲੜੀਆਂ ਮੰਦਰਾਂ ਨੂੰ ਅਰਪਣ ਕਰ ਦਿੱਤੀਆਂ ਜਾ ਰਹੀਆ ਹਨ। ਅਗਿਆਨਤਾ ਦੇ ਚਸ਼ਮੇ ਉਤਾਰ ਕੇ ਕਦੀ ਵੇਖਣਾ, ਜਿਹਨਾਂ ਵਰਤੋਂ ਵਾਲੀਆਂ ਚੀਜਾਂ ਨੂੰ ਲੰਮੇ ਸਮੇਂ ਤੱਕ ਵਰਤੋਂ ਯੋਗ ਰੱਖਣਾ ਹੁੰਦਾ ਹੈ, ਤਾਂ ਕੀ ਕਰੀਦਾ ਹੈ? ਟੂੱਥ ਪੇਸਟਾਂ, ਕਰੀਮਾਂ, ਪਾਲਿਸ਼ਾਂ, ਪੇਂਟਸ, ਦਵਾਈਆਂ, ਸਾਬਣਾਂ, ਤੇਲ ਆਦਿ ਵਿੱਚ ਪਸ਼ੂਆਂ ਦੀ ਚਰਬੀ ਮਿਲਾਈ ਜਾਂਦੀ ਹੈ। ਮਨੁੱਖਾਂ ਉਪਰ ਦਵਾਈ ਟੈਸਟ ਕਰਨ ਤੋਂ ਪਹਿਲਾਂ, ਪੰਛੀਆਂ, ਪਸ਼ੂਆਂ ਤੇ ਅਜਮਾਈ ਜਾਂਦੀ ਹੈ। ਇਹ ਜੀਵ ਬਹੁਤ ਸਾਰੇ ਮਰ ਜਾਂਦੇ ਹਨ, ਨਕਾਰੇ ਜਾਂ ਅੰਗਹੀਣ ਹੋ ਜਾਂਦੇ ਹਨ। ਆਪਣੇ ਰਹਿਣ ਲਈ ਮਨੁੱਖ ਦੇ ਜਗ੍ਹਾ ਬਣਾਈ, ਜੰਗਲ ਕੱਟੇ ਤੇ ਜੰਗਲੀ ਜੀਵ ਖਤਮ। ਇਹ ਪਾਪ ਕਿਸ ਨੂੰ ਲੱਗਿਆ? ਪੈਰੀਂ ਜੁੱਤੀ, ਬੈਲਟਾਂ, ਅਟੈਚੀ, ਕੋਟ, ਢੋਲਕਾਂ ਜੋੜੀਆਂ, ਸਾਰੰਗੀ ਆਦਿ ਸਭ ਪਸ਼ੂਆਂ ਦੀ ਖੱਲ ਤੋਂ ਹੀ ਬਣਦੇ ਹਨ। ਜੋ ਗੁਰੂ ਘਰਾਂ ਵਿਚ ਵਰਤੀਦੇ ਹਨ।

ਆਉ ਹੁਣ ਆਪਣੇ ਘਰਾਂ ਅੰਦਰ ਭੀ ਝਾਤੀ ਮਾਰ ਵੇਖੀਏ। ਪਹਿਲੇ ਸਮਿਆਂ ਵਿੱਚ ਇੱਕ ਔਰਤ ਕਈ ਕਈ ਬੱਚਿਆਂ ਨੂੰ ਜਨਮ ਦੇ ਦਿਆ ਕਰਦੀ ਸੀ। ਅੱਜ ਕੱਲ੍ਹ ਇੱਕ ਦੋ ਬੱਚਿਆਂ ਤੋਂ ਵੱਧ ਕਿਉਂ ਜਨਮ ਨਹੀਂ ਲੈਂਦੇ? ਫੈਮਲੀ ਪਲਾਨਿੰਗ। ਯਾਨੀ ਬੱਚਿਆਂ ਨੂੰ ਜਨਮ ਲੈਣ ਤੋਂ ਰੋਕਣ ਦਾ ਵਿਗਿਆਨਕ ਢੰਗ। ਬੱਚੇ ਨੂੰ ਜਨਮ ਹੀ ਨਾ ਲੈਣ

ਦੇਣਾ, ਕੀ ਇਹ ਮਨੁੱਖੀ ਕਤਲ ਵਰਗਾ ਅਪਰਾਧ ਨਹੀਂ? ਮਾਸ ਦੇ ਵਿਰੋਧੀ ਭੈਣ ਭਰਾ, ਰੱਬ ਦੀ ਰਜ਼ਾ ਜਾਣਕੇ ਬੱਚਿਆਂ ਨੂੰ ਜਨਮ ਦਿੰਦੇ ਜਾਣਗੇ? ਕਦੀ ਸੋਚਕੇ ਤਾਂ ਵੇਖੀਏ। ਸਿੱਖ ਅਖਵਾਉਣ ਵਾਲਿਆਂ ਵਿੱਚ ਇੱਕ ਹੋਰ ਬੜੀ ਭਿਆਨਕ ਬਿਮਾਰੀ ਵਬਾ ਵਾਂਗ ਫੈਲ ਚੁੱਕੀ ਹੈ। ਗਰਭ ਵਿੱਚ ਟੈਸਟ ਕਰਵਾ ਕੇ ਪਤਾ ਲਾ ਲੈਣਾ, ਲੜਕਾ ਹੈ ਕਿ ਲੜਕੀ। ਜੇ ਪੇਟ ਅੰਦਰ ਲੜਕੀ ਹੈ ਤਾਂ ਖਤਮ ਕਰ ਦਿਓ। ਬੱਜਰ ਪਾਪ। 'ਤਉਂ ਕਿਉਂ ਮੁਰਗੀ ਮਾਰੇ', ਆਖ ਕੇ ਮਾਸ ਦਾ ਵਿਰੋਧ ਕੀਤਾ ਜਾਂਦਾ ਹੈ, ਪਰ ਦੁਨੀਆਂ ਵਿੱਚ ਕਦਮ ਰੱਖਣ ਤੋਂ ਪਹਿਲਾਂ ਹੀ ਬਾਲ ਕੰਨਿਆਵਾਂ ਨੂੰ ਕੁਚਲ ਦਿੱਤਾ ਜਾਂਦਾ ਹੈ। ਅਗਰ ਕਬੀਰ ਜੀ ਅੱਜ ਮੁੜ ਕੇ ਆ ਜਾਣ ਤਾਂ ਸ਼ਾਇਦ ਇਸ ਤਰ੍ਹਾਂ ਆਖਣ ਲਈ ਮਜ਼ਬੂਰ ਹੋ ਜਾਣ – 'ਤਿਉਂ ਕਿਉਂ ਲੜਕੀ ਮਾਰੇ'? ਬ੍ਰਾਹਮਣ ਵੱਲੋਂ ਕੂੜ ਪ੍ਰਚਾਰਿਆ ਗਿਆ ਕਿ ਮਾਸ ਖਾਣ ਵਾਲਾ ਨਰਕਾਂ ਵਿੱਚ ਗੋਤੇ ਖਾਵੇਗਾ। ਦੂਜੇ ਪਾਸੇ ਬ੍ਰਾਹਮਣੀ ਗ੍ਰੰਥ ਮਾਸ ਖਾਣ ਦੀ ਹਮਾਇਤ ਕਰਦੇ ਹਨ। ਦੇਵਤੇ ਆਖੇ ਜਾ ਰਹੇ ਸਾਰੇ ਹੀ ਮਾਸ ਖਾਂਦੇ ਹਨ। ਮੁਸਲਮਾਨਾਂ ਦੇ ਰਾਜ ਵਿੱਚ ਇਹਨਾਂ ਨੇ ਕੁੱਟ ਖਾ ਕੇ ਮਾਸ ਦਾ ਵਿਰੋਧ ਸ਼ੁਰੂ ਕੀਤਾ। ਇਸੇ ਪਰਥਾਇ ਮਲ੍ਹਾਰ ਦੀ ਵਾਰ ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਇੱਕ ਬਹੁਤ ਲੰਮਾ ਸ਼ਬਦ/ਸਲੋਕ ਹੈ। ਕੁੱਝ ਪੰਕਤੀਆਂ ਹਨ
– ਇਸਤ੍ਰੀ ਪੁਰਖ ਨਿਪਜਹਿ ਮਾਸਹੁ, ਪਾਤਿਸਾਹੁ ਸੁਲਤਾਨਾ।

**ਜੇ ਓਇ ਦਿਸਹਿ ਨਰਿਕ ਜਾਂਦੇ, ਤਾਂ ਉਨ੍ਹ ਕਾ ਦਾਨੁ ਨ ਲੈਣਾ।।**
**ਦੇਂਦਾ ਨਰਕਿ, ਸੁਰਗਿ ਲੈਂਦੇ, ਦੇਖਹੁ ਏਹੁ ਧਿਙਾਣਾ।।**
**ਆਪਿ ਨ ਬੂਝੈ, ਲੋਕ ਬੁਝਾਏ, ਪਾਂਡੇ ਖਰਾ ਸਿਆਣਾ।।** (1290)

ਔਰਤ ਮਰਦ ਰਾਜੇ ਮਹਾਰਾਜੇ ਸਾਰੇ ਇਨਸਾਨ, ਜੀਵ, ਮਾਸ ਤੋਂ ਪੈਦਾ ਹੁੰਦੇ ਹਨ। ਇਹਨਾਂ ਅਮੀਰਾਂ ਵਜ਼ੀਰਾਂ ਰਾਜਿਆਂ ਤੋਂ ਦਾਨ ਦੱਛਣਾ ਦੇ ਬਹਾਨੇ, ਅੰਨ ਧੰਨ ਲੈ ਕੇ ਖਾ ਰਿਹਾ ਹੈ। ਜੇ ਰਾਜੇ ਮਾਸ ਖਾਣ ਕਰਕੇ ਨਰਕਾਂ ਵਿੱਚ ਜਾਣਾ ਮੰਨ ਲਈਏ, ਤਾਂ ਉਹਨਾਂ ਤੋਂ ਪੂਜਾ ਦਾ ਧਾਨ ਲੈ ਕੇ ਤੂੰ ਕਿਵੇਂ ਸੁਰਗਾਂ ਨੂੰ ਚਲਾ ਜਾਵੇਂਗਾ? ਇਸ ਲਈ ਤੈਨੂੰ ਉਹਨਾਂ ਤੋਂ ਰਤਾ ਮਾਸਾ ਦਾਨ ਨਹੀਂ ਲੈਣਾ ਚਾਹੀਦਾ। ਹੇ ਪਾਂਡੇ ਤੇਰਾ ਇਹ ਧੱਕੜਪੁਣਾ ਨਹੀਂ ਚੱਲਣ ਲੱਗਾ। ਤੂੰ ਖੁਦ ਕੁੱਝ ਨਹੀਂ ਜਾਣਦਾ, ਤੇ ਲੋਕਾਂ ਨੂੰ ਉਪਦੇਸ਼ ਕਰਨ ਚੱਲ ਪਿਆ ਹੈ? ਕੀ ਮਾਸ ਵਿਰੋਧੀ ਸਿੱਖਾਂ ਨੇ ਇਹਨਾਂ ਗਹਿਰਾਈਆਂ ਤੱਕ ਸੋਚ ਵਿਚਾਰ ਕੀਤੀ ਹੈ? ਕੀ ਸੰਸਾਰ ਨਾਲੋਂ ਮਾਸ ਦੇ ਵਖਰੇਵੇਂ ਕਾਰਨ ਨਾਤਾ ਤੋੜਿਆ ਜਾ ਸਕਦਾ ਹੈ?

ਜਿੱਥੋਂ ਤੱਕ ਗੁਰਬਾਣੀ ਵਿੱਚੋਂ ਅੱਧੇ ਅਧੂਰੇ ਸ਼ਬਦ ਚੁੱਕ ਕੇ ਪਰਮਾਣ ਦਿੱਤੇ ਜਾਂਦੇ ਹਨ, ਉਹ ਜਾਇਜ਼ ਨਹੀਂ ਕਿਉਂਕਿ ਪੂਰਾ ਸ਼ਬਦ ਪੜ੍ਹਿਆਂ ਹੀ ਅਸਲ ਮਜ਼ਮੂਨ ਸਾਹਮਣੇ ਆਉਂਦਾ ਹੈ। ਜੇ ਗੁਰਬਾਣੀ ਰਾਹੀਂ ਜੀਵ ਹੱਤਿਆ ਵਿਰੁੱਧ ਪਰਮਾਣ ਦੇ ਕੇ ਅਹਿੰਸਾ ਪਰਮੋ

ਧਰਮ ਦਾ ਕੋਈ ਧਾਰਨੀ ਬਣਨ ਦਾ ਯਤਨ ਕਰੇ ਤਾਂ ਨਹੀਂ ਬਣ ਸਕੇਗਾ। ਸਿੱਖ ਸ਼ੇਰ (ਸਿੰਘ) ਹੈ, ਤੇ ਸ਼ੇਰ ਦੀ ਖੁਰਾਕ ਸਾਰੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ। ਸਿੱਖ ਨੇ ਗਾਤਰੇ ਕਿਰਪਾਨ ਪਾਈ ਹੋਈ ਹੈ, ਕੇਵਲ ਪੂਜਾ ਕਰਨ ਲਈ ਨਹੀਂ ਵਰਤੋਂ ਲਈ ਹੈ। ਫਸਲਾਂ ਤੇ ਸਬਜੀਆਂ ਤੇ, ਕੀੜੇ ਮਾਰ ਦਵਾਈਆਂ ਦੀ ਆਮ ਵਰਤੋਂ ਕੀਤੀ ਜਾਂਦੀ ਹੈ। ਜੇ ਉਹਨਾਂ ਜੀਵਾਂ ਨੂੰ ਨਾ ਮਾਰਿਆ ਜਾਵੇ, ਤਾਂ ਉਹ ਸਾਰੀਆਂ ਫਸਲਾਂ ਚੱਟ ਜਾਣਗੇ, ਮਨੁੱਖ ਨੂੰ ਭੁੱਖਾ ਰਹਿਕੇ ਮਰਨਾ ਪਵੇਗਾ। ਘਰਾਂ ਵਿੱਚ ਅਨੇਕ ਕੀੜੇ ਕਾਢੇ, ਚੂਹੇ, ਟਿੱਡੀਆਂ ਆਦਿ ਪੈਦਾ ਹੋ ਜਾਂਦੇ ਹਨ, ਜੇ ਉਹਨਾਂ ਨੂੰ ਨਾ ਮਾਰਿਆ ਜਾਵੇ, ਤਾਂ ਮਨੁੱਖ ਲਈ ਕੁੱਝ ਨਹੀਂ ਬਚੇਗਾ। ਫਿਰ ਭੀ ਜੇ ਕਿਸੇ ਵਿਅਕਤੀ ਦਾ ਮਨ ਮਾਸ ਖਾਣ ਲਈ ਰਾਜ਼ੀ ਨਹੀਂ ਤਾਂ ਕੋਈ ਗੱਲ ਨਹੀਂ, ਉਹ ਨਾ ਖਾਵੇ। ਲੇਕਿਨ ਮਾਸ ਖਾਣ ਵਾਲੇ ਨਾਲ ਨਫਰਤ ਨਾ ਕਰੇ। ਗੁਰਬਾਣੀ ਤਾਂ ਮਨੁੱਖਾਂ ਨੂੰ ਮਾਰਨ ਤੋਂ ਭੀ ਰੋਕਦੀ ਹੈ, ਭਾਵ ਜ਼ੁਲਮ ਕਿਸੇ ਤੇ ਨਹੀਂ ਕਰਨਾ। ਹਿੰਦੂ ਮਤ ਦੀ ਇੱਕ ਪਰੰਪਰਾ ਦਾ ਹਵਾਲਾ ਦੇ ਕੇ ਸਤਿਗੁਰੂ ਜੀ ਸਮਝਾਉਂਦੇ ਹਨ–

**'ਦਾਨੰ ਪਰਾ ਪੂਰਬੇਣ ਭੂਚੰ ਤੇ ਮਹੀਪ ਤੇ।।**

**ਬਿਪਰੀਤ ਬੁਧੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ।।'** (1356)

ਭਾਵ (ਹਿੰਦੂ ਮਤ ਮੁਤਾਬਕ) ਦਾਨ ਕਰਨ ਕਰਕੇ ਅਗਲੇ ਜਨਮ ਵਿੱਚ ਚੰਗੇ ਰੁਤਬੇ, ਰਾਜ ਮਿਲਖ ਪ੍ਰਾਪਤ ਹੋ ਜਾਂਦੇ ਹਨ। ਅਮੀਰੀ ਕਾਰਨ ਐਸ਼ ਵਾਲੀ ਜ਼ਿੰਦਗੀ ਬਤੀਤ ਕਰਦਿਆਂ, ਅਕਲ ਨਸ਼ਟ ਹੋ ਜਾਂਦੀ ਹੈ। ਫਿਰ ਉਹੀ ਆਦਮੀ ਮਨੁੱਖਤਾ ਨੂੰ ਅਨੇਕ ਤਰੀਕੇ ਲੁੱਟਣਾ ਪ੍ਰੇਸ਼ਾਨ ਕਰਨਾ, ਮਾਰਨਾ ਸ਼ੁਰੂ ਕਰ ਦਿੰਦੇ ਹਨ। ਇਹਨਾਂ ਪਾਪ ਕਰਮਾਂ ਕਾਰਨ ਫਿਰ ਨਰਕ ਵਿੱਚ ਜਾ ਡਿੱਗਦੇ ਹਨ।

ਇਹ ਭੀ ਵਿਚਾਰ ਲਈਏ ਕਿ ਕੇਵਲ ਮਾਸ ਦਾ ਤਿਆਗ ਕਰਕੇ ਕੀ ਧਰਮੀ ਬਣਿਆ ਜਾ ਸਕਦਾ ਹੈ? ਹੋਰ ਬਹੁਤ ਸਾਰੇ ਵਿਕਾਰ ਜਿਵੇਂ ਕਾਮ ਕ੍ਰੋਧ ਲੋਭ ਮੋਹ ਹੰਕਾਰ, ਦੂਈ ਦਵੈਸ਼ ਆਦਿ ਖੰਭ ਲਾ ਕੇ ਉੱਡ ਜਾਂਦੇ ਹਨ? ਮਾਸ ਖਾਣ ਵਾਲੇ ਲੋਕ ਭੀ ਬੜੇ ਮਿਹਨਤੀ (ਇਸਾਈ ਮੁਸਲਮਾਨ) ਇਮਾਨਦਾਰ, ਹਰ ਤਰ੍ਹਾਂ ਦੇ ਇਨਸਾਨੀ ਗੁਣਾਂ ਨਾਲ ਭਰਪੂਰ ਹਨ। ਕੇਵਲ ਮਾਸ ਦੀ ਵਰਤੋਂ ਕਾਰਨ ਨਫਰਤ ਕਰਨੀ ਜਾਇਜ਼ ਨਹੀਂ ਹੈ। ਦੂਜਾ ਪੱਖ ਵਿਚਾਰੋ! ਖੀਰ ਖਾਣ ਵਾਲਾ ਬ੍ਰਾਹਮਣ (ਵਿਰਲਿਆਂ ਨੂੰ ਛੱਡ ਕੇ) ਬੜਾ ਜ਼ਾਲਮ ਹੈ। ਹੱਥੀਂ ਕਿਰਤ ਨਹੀਂ ਕਰਦਾ, ਦੂਜਿਆਂ ਦੀ ਕਮਾਈ ਤੇ ਪਲਦਾ ਹੈ। ਲੋਕਾਂ ਨੂੰ ਕੁਰਾਹੇ ਪਾਉਂਦਾ ਹੈ ਲੁੱਟ ਕੇ ਭੀ ਖਾਂਦਾ ਹੈ, ਪੂਜਣਯੋਗ ਭੀ ਬਣਿਆ ਬੈਠਾ ਹੈ। ਵਿਰਲਿਆਂ ਨੂੰ ਛੱਡ ਕੇ, ਦੁਕਾਨਦਾਰ (ਬਾਣੀਆਂ) ਮੂੰਗੀ ਦੀ ਦਾਲ ਖਾਣ ਵਾਲਾ, ਸੌਦਾ ਘੱਟ ਤੋਲਦਾ ਹੈ। ਮਿਲਾਵਟ ਭੀ ਕਰਦਾ ਹੈ, ਵੱਧ ਭਾਅ ਭੀ ਲਾਉਂਦਾ ਹੈ। ਜੇ ਕੋਈ ਰੁਪਏ ਵਿਆਜ ਤੇ ਲੈ ਲਵੇ ਤਾਂ ਸਭ ਕੁੱਝ ਲੁੱਟ

ਕੇ ਆਪਣੇ ਪੇਟੇ ਪਾ ਲੈਂਦਾ ਹੈ। ਮੂੰਗੀ ਦੀ ਦਾਲ ਖਾਣ ਵਾਲਾ ਬਹੁਤ ਕਠੋਰ ਚਿੱਤ ਹੈ, ਰਤਾ ਤਰਸ ਨਹੀਂ ਕਰਦਾ, ਕਿਸੇ ਦਾ ਵਢਾਂਗਾ ਕਰਨ ਲੱਗਿਆਂ।

ਲੱਗਦਾ ਹੈ ਕਿ ਸਿੱਖ ਸਮਾਜ ਦਾ ਬਹੁਤਾ ਹਿੱਸਾ, ਹਾਲੀ ਤੱਕ ਸਰੀਰੀ ਤਲ ਤੋਂ ਅੱਗੇ ਸੋਚਣ ਦੇ ਸਮਰੱਥ ਨਹੀਂ ਹੋਇਆ। ਖਾਣ ਪੀਣ ਪਹਿਨਣ ਤੱਕ ਹੀ ਸੁਰਤ ਨੇ ਸਫਰ ਤੈਹ ਕੀਤਾ ਹੈ। ਗੁਰਬਾਣੀ ਵਿੱਚੋਂ ਉੱਚਤਮ ਵਿਚਾਰਾਂ ਪ੍ਰਾਪਤ ਕਰਕੇ ਗਿਆਨਵਾਨ ਬਣਨਾ, ਜੀਵਨ ਵਿੱਚੋਂ ਵਿਕਾਰਾਂ ਦਾ ਖਾਤਮਾ ਕਰਨਾ, ਅਸਲ ਮਕਸਦ ਸੀ ਸਿੱਖ ਦਾ। ਕੋਈ ਵਿਰਲਾ ਪ੍ਰੇਮੀ ਹੈ ਜਿਸ ਨੇ ਗੁਰੂ ਗ੍ਰੰਥ ਸਾਹਿਬ, ਅਰਥਾਂ ਸਮੇਤ ਵਿਚਾਰ ਕੇ ਪੜ੍ਹਿਆ ਹੋਵੇ । ਬਾਕੀ ਤਾਂ ਰਸਮ ਪੂਰਤੀ ਕੀਤੀ ਜਾ ਰਹੀ ਹੈ। ਮਾਸ ਵਿਰੋਧੀ ਭੀ ਉਹਨਾਂ ਹੀ ਔਗਣਾਂ ਵਿੱਚ ਡੁੱਬੇ ਵੇਖੇ ਜਾ ਸਕਦੇ ਹਨ, ਜਿਨ੍ਹਾਂ ਵਿੱਚ ਮਾਸ ਖਾਣ ਵਾਲੇ ਤਾਰੀਆ ਲਾ ਰਹੇ ਹਨ। ਉਸੇ ਤਰ੍ਹਾਂ ਝਗੜੇ, ਸਿਰ ਪਾਟਣੇ, ਪੱਗਾਂ ਲੱਥਣੀਆਂ, ਗੋਲਕਾਂ ਦੀ ਦੁਰਵਰਤੋਂ ਕਰਨੀ ਸਭ ਬਾਦਸਤੂਰ ਜਾਰੀ ਹੈ। ਕਿੰਨਾ ਚੰਗਾ ਹੁੰਦਾ ਅਗਰ ਇਸ ਫਜ਼ੂਲ ਜਿਹੇ ਝਮੇਲੇ ਦਾ ਤਿਆਗ ਕਰਕੇ ਪੰਥ ਦੀ ਚੜ੍ਹਦੀ ਕਲਾ ਲਈ ਸਾਰਥਕ ਉਪਰਾਲੇ ਕੀਤੇ ਜਾਂਦੇ। ਸਤਿਗੁਰੂ ਜੀ ਅਸਲੀ ਵੈਸ਼ਨੂੰ ਉਸਨੂੰ ਮੰਨਦੇ ਹਨ, ਜੋ ਸਾਰੇ ਵਿਕਾਰਾਂ ਦਾ ਪੂਰਨ ਤਿਆਗ ਕਰ ਦੇਵੇ। ਵਾਕ ਹੈ –

**ਸੋ ਬੈਸਨੋ ਹੈ ਅਪਰ ਅਪਾਰ।। ਕਹੁ ਨਾਨਕ ਤਿਨ ਤਜੇ ਬਿਕਾਰ।।** (199)

ਜੇ ਮਨੁੱਖ ਨੇ ਬੁਰਾਈਆਂ ਤੇ ਕਾਬੂ ਨਾ ਪਾਇਆ ਤਾਂ ਉਹ ਇਸ ਵਿਕਾਰਾਂ ਦੀ ਜੁਆਲਾ ਵਿੱਚ ਸੜਕੇ ਸੁਆਹ ਹੋ ਜਾਵੇਗਾ ਫੁਰਮਾਨ ਹੈ –

**ਹੰਸ ਹੇਤੁ ਲੋਭੁ ਕੋਪੁ ਚਾਰੇ ਨਦੀਆਂ ਅਗਿ।।**
**ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ।।** (147)

ਜਿਨਾਂ ਬਹਾਦਰਾਂ ਦਾ ਸਿੱਖ ਅਰਦਾਸ ਵਿੱਚ ਫਖਰ ਨਾਲ ਹਰ ਰੋਜ਼ ਨਾਮ ਪੜ੍ਹਦੇ ਹਾਂ, ਜਿਨ੍ਹਾਂ ਕਈ ਪੀਹੜੀਆਂ ਜੰਗਲੀਂ ਵਾਸ ਕੀਤਾ, ਜਿਹਨਾਂ ਦੀ ਬਦੌਲਤ ਅਸੀਂ ਰਾਜ ਭਾਗ ਦੇ ਮਾਲਕ ਬਣੇ, ਉਹ ਸਾਰੇ ਸਿੱਖ ਸੂਰਮੇ ਮਾਸ ਖਾਣ ਦੇ ਝਗੜੇ ਕਦੀ ਨਹੀਂ ਪਏ। ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਸ੍ਰ. ਚੜ੍ਹਤ ਸਿੰਘ, ਹਰੀ ਸਿੰਘ ਨਲੂਆ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ, ਸ਼ਾਮ ਸਿੰਘ ਅਟਾਰੀ ਵਾਲਾ,ਸਾਰੇ ਹੀ ਮਾਸ ਖਾਂਦੇ ਸਨ। ਪੰਥ ਪ੍ਰਵਾਨਤ 'ਸਿੱਖ ਰਹਿਤ ਮਰਿਆਦਾ ਵਿਚ' ਕੁੱਠਾ ਮਾਸ ਖਾਣ ਦੀ ਮਨਾਹੀ ਹੈ। ਨਿਹੰਗ ਸਿੰਘਾਂ ਦੇ ਛੌਣਿਆਂ ਵਿੱਚ ਅੱਜ ਤੱਕ ਮਾਸ ਦੀ ਆਮ ਵਰਤੋਂ ਕੀਤੀ ਜਾਂਦੀ ਹੈ। ਆਪਣੇ ਘਰ ਵਿੱਚ ਬੱਚਿਆਂ ਨਾਲ ਧੱਕਾ, ਪਤਨੀ ਨੂੰ ਫਿਟਕਾਰਾਂ, ਮਾਤਾ ਪਿਤਾ ਦਾ ਨਿਰਾਦਰ ਕਰਕੇ ਮਨ ਅੰਦਰ ਦਇਆ ਅਹਿੰਦਾ ਪੈਦਾ ਨਹੀਂ ਹੋਈ, ਬਕਰੀ ਦਾ ਲੇਲਾ

ਕੁਕੜੀ ਦਾ ਚੂਚਾ ਵੇਖ ਦਇਆ ਦਾ ਨਾਟਕ ਬਹੁਤ ਥਾਵਾਂ ਤੇ ਹੁੰਦਾ ਵੇਖਿਆ ਜਾ ਸਕਦਾ ਹੈ।

ਗੁਰੂ ਨਾਨਕ ਸਾਹਿਬ ਜੀ ਮੱਕੇ ਦੀ ਪ੍ਰਚਾਰ ਫੇਰੀ ਲਈ ਚੱਲ ਪਏ। ਕੋਈ ਗੈਰ ਮੁਸਲਮਾਨ, ਹਾਜੀਆਂ ਦੇ ਭੇਖ ਧਾਰਨ ਕਰਕੇ ਨਮਾਜ਼ਾਂ ਅਦਾ ਕਰਦਿਆਂ ਹੀ ਹੱਜ ਲਈ ਜਾ ਸਕਦਾ ਸੀ। ਸੋ ਸਤਿਗੁਰੂ ਜੀ ਨੇ ਹਾਜ਼ੀਆਂ ਵਾਲੇ ਨੀਲੇ ਵਸਤਰ ਪਹਿਨ ਲਏ। ਹੱਥ ਵਿੱਚ ਸੋਟਾ ਪਕੜ ਲਿਆ, ਸਮਾਨ ਵਾਲਾ ਥੈਲਾ ਮੋਢੇ ਤੇ ਲਟਕਾ ਲਿਆ। ਨਮਾਜ਼ ਵਕਤ ਵਰਤੋਂ ਵਿੱਚ ਆਉਣ ਵਾਲਾ ਕੱਪੜਾ (ਮੁਸੱਲਾ) ਵੀ ਨਾਲ ਲੈ ਲਿਆ। ਮੁਸਲਮਾਨ ਹਾਜ਼ੀਆਂ ਦੇ ਇੱਕ ਕਾਫ਼ਲੇ ਵਿੱਚ ਸ਼ਾਮਲ ਹੋ ਗਏ। ਜਦੋਂ ਮੁਸਲਮਾਨ ਨਮਾਜ਼ ਅਦਾ ਕਰਦੇ ਸਨ, ਤਾਂ ਸਤਿਗੁਰੂ ਜੀ ਇਨਕਾਰ ਨਹੀਂ ਕਰ ਸਕਦੇ ਸਨ, ਕਿ ਮੈਂ ਨਮਾਜ਼ ਅਦਾ ਨਹੀਂ ਕਰਾਂਗਾ। ਨਮਾਜ਼ ਵੀ ਖੁਦਾ ਦੀ ਬੰਦਗੀ ਦਾ ਇੱਕ ਢੰਗ ਹੈ। ਆਮ ਲੋਕੀਂ ਇਹਨਾਂ ਕਾਫ਼ਲੇ ਵਾਲੇ ਲੋਕਾਂ ਦਾ ਬੜਾ ਸਤਿਕਾਰ ਕਰਦੇ ਸਨ। ਇਹਨਾਂ ਦੀ ਤਨੋਂ ਮਨੋਂ ਸੇਵਾ ਕਰਨੀ ਅਪਣਾ ਧਾਰਮਕ ਫਰਜ ਜਾਣਦੇ ਸਨ। ਉਸ ਲੰਮੇ ਸਫ਼ਰ ਵਿੱਚ ਸਤਿਗੁਰੂ ਜੀ ਨੂੰ ਦੋ ਸਾਲ ਤੋਂ ਵੱਧ ਸਮਾਂ ਗੁਜਾਰਨਾ ਪਿਆ। ਇਹ ਭੀ ਯਾਦ ਰਹੇ, ਕਿ ਉਹਨਾਂ ਇਲਾਕਿਆਂ, ਦੇਸ਼ਾਂ ਵਿੱਚ ਕੋਈ ਹਿੰਦੂ ਸਿੱਖ ਤਦੋਂ ਨਹੀਂ ਸੀ, ਜੋ ਸਤਿਗੁਰੂ ਜੀ ਲਈ ਅਲੱਗ ਭੋਜਨ ਦਾ ਪ੍ਰਬੰਧ ਕਰ ਦਿੰਦਾ। ਸਾਧਾਰਨ ਜਿਹੀ ਗੱਲ ਹੈ ਇੰਨੇ ਲੰਮੇ ਸਮੇਂ ਵਾਸਤੇ ਪਾਣੀ ਪ੍ਰਸ਼ਾਦਾ ਨਾਲ ਬੰਨ੍ਹ ਲੈਣਾ ਅਸੰਭਵ ਸੀ। ਕੀ ਇਹ ਮੰਨ ਲਿਆ ਜਾਵੇ ਕਿ ਗੁਰੂ ਜੀ ਨੇ ਖਾਣਾ ਖਾਧਾ ਹੀ ਨਹੀਂ, ਇੰਨਾ ਸਮਾਂ?

ਮੁਸਲਮਾਨ ਲੋਕ ਹਾਜ਼ੀਆਂ ਦੇ ਕਾਫਲਿਆਂ ਨੂੰ ਰਾਤ ਵਕਤ, ਸਮਰੱਥਾ ਮੁਤਾਬਕ ਪੰਜ-ਪੰਜ, ਦਸ-ਦਸ ਨੂੰ ਆਪਣੇ ਘਰਾਂ ਵਿੱਚ ਲਿਜਾ ਕੇ, ਸੇਵਾ ਕਰਦੇ ਸਨ। ਇਸ਼ਨਾਨ, ਬਸਤਰ, ਸਫਾਈ ਰਸਤੇ ਲਈ ਖਾਣ ਪੀਣ ਲਈ ਕੁੱਝ ਦੇਣਾ, ਪੁੰਨ (ਸਵਾਬ) ਜਾਣਦੇ ਸਨ। ਮਾਸ ਖਾਣਾ ਮੁਸਲਮਾਨਾਂ ਵਿੱਚ ਧਾਰਮਕ ਤੌਰ ਤੇ ਪ੍ਰਵਾਨ ਹੈ। ਜਦੋਂ ਸ਼ਰਧਾਲੂ ਘਰਾਂ ਵਿੱਚ ਇਹਨਾਂ ਹਾਜ਼ੀਆਂ ਨੂੰ ਖਾਣਾ ਪਰੋਸਦੇ ਸਨ, ਤਾਂ ਸਾਰੇ ਇਕੱਠੇ ਬੈਠ ਕੇ ਖਾਣਾ ਖਾਂਦੇ ਸਨ। ਇਸ ਵਕਤ ਖਾਣੇ ਵਿੱਚ ਮਾਸ ਦਾ ਸ਼ਾਮਿਲ ਹੋਣਾ ਆਮ ਗੱਲ ਹੈ ਤੇ ਉਹ ਮਾਸ ਜੋ ਹਲਾਲ ਤਰੀਕੇ ਨਾਲ ਤਿਆਰ ਕੀਤਾ ਜਾਂਦਾ ਸੀ। ਡੂੰਘਾਈ ਤੱਕ ਸੋਚੀਏ। ਕੀ ਉਸ ਵਕਤ ਸਤਿਗੁਰੂ ਨਾਨਕ ਸਾਹਿਬ ਇਹ ਗੱਲ ਕਹਿ ਸਕਦੇ ਸਨ, ਕਿ ਮੈਂ ਮਾਸ ਨਹੀਂ ਖਾਵਾਂਗਾ? ਮੈਂ ਮੁਸਲਮਾਨ ਨਹੀਂ ਹਾਂ। ਇਸ ਲਈ ਹਲਾਲ ਕੀਤਾ ਮਾਸ ਤਾਂ ਬਿਲਕੁਲ ਨਹੀਂ ਖਾਵਾਂਗਾ। ਜਿਸ ਮਕਸਦ ਲਈ ਸਤਿਗੁਰੂ ਜੀ, ਲੰਮੇ ਪੈਂਡੇ ਲਈ ਚੱਲੇ ਸਨ, ਫਿਰ ਉਹ ਪੂਰਾ ਨਹੀਂ ਹੋਣਾ ਸੀ। ਜੇ ਗੁਰੂ ਨਾਨਕ ਸਾਹਿਬ ਲੋੜ ਵਕਤ ਮੁਸਲਮਾਨਾਂ ਨਾਲ ਬੈਠ ਕੇ ਮਾਸ ਵਾਲਾ ਖਾਣਾ ਖਾ ਸਕਦੇ ਹਨ, ਤਾਂ ਅੱਜ ਦੇ ਮਾਸ ਵਿਰੋਧੀ ਇਸ ਦਲੀਲ ਦਾ ਕੀ ਜੁਆਬ

ਦੇਣਗੇ? ਭਾਈ ਮਰਦਾਨਾ ਜੀ ਸਤਿਗੁਰੂ ਜੀ ਨਾਲ ਪੰਜਾਹ ਸਾਲ ਤੋਂ ਵੱਧ ਸਮਾਂ ਰਿਹਾ ਸੀ, ਕੀ ਸਤਿਗੁਰੂ ਜੀ ਉਸ ਨਾਲ ਭਰਾਵਾਂ (ਭਾਈ) ਵਰਗਾ ਪਿਆਰ ਭਰਿਆ ਵਰਤਾਅ ਨਹੀਂ ਕਰਦੇ ਹੋਣਗੇ? ਉਸਨੂੰ ਅਲੱਗ ਭਾਂਡੇ ਚੁੱਕਣ ਲਈ ਰੱਖਣ ਲਈ ਮਜ਼ਬੂਰ ਕਰਦੇ ਹੋਣਗੇ? ਫਿਰ ਬੇਨਤੀ ਹੈ ਕਿ ਇਹਨਾਂ ਵਾਧੂ ਝਮੇਲਿਆਂ ਤੋਂ ਕਿਨਾਰਾ ਹੀ ਕੀਤਾ ਚੰਗਾ ਹੈ। ਗੁਰਬਾਣੀ ਅਰਥਾਂ ਸਮੇਤ ਪੜ੍ਹੀਏ ਸਾਰੇ ਸ਼ੰਕੇ ਆਪੇ ਹੀ ਦੂਰ ਹੋ ਜਾਣਗੇ।

**ਖਾਸ ਨੋਟ :** ਪੰਨਾ 1289 ਤੇ ਗੁਰੂ ਨਾਨਕ ਸਾਹਿਬ ਦੇ ਸਲੋਕ ਦਾ ਅਰਥ ਕਰਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਛਪੀ 'ਸ਼ਬਦਾਰਥ' ਪੋਥੀ ਚੌਥੀ ਤੇ ਇਸ ਤਰ੍ਹਾਂ ਅਰਥ ਕੀਤੇ ਗਏ ਹਨ – "ਇਹ ਸਲੋਕ ਕੁਰਖੇਤਰ ਦੇ ਤੀਰਥ ਤੇ ਪੰਡਿਤ ਨਾਨੂ ਪ੍ਰਤੀ ਉਚਾਰੇ! ਗੁਰੂ ਸਾਹਿਬ ਨੇ ਉਸ ਸਮੇਂ ਮਾਸ ਰਿੰਨਿਆ। ਪਾਂਡੇ ਨਾਰਾਜ ਹੋ ਕੇ ਗੁਰੂ ਜੀ ਤੇ ਹਮਲਾ ਕਰਨ ਲਈ ਆਏ। ਗੁਰੂ ਜੀ ਬੜੇ ਧੀਰਜ ਤੇ ਵਿਚਾਰ ਭਰੇ ਢੰਗ ਹਾਸ-ਰਸ ਵਿੱਚ ਉਹਨਾਂ ਦੇ ਫੋਕਟ ਨਿਸਚਿਆਂ ਦੇ ਬਖੀਏ ਉਧੇੜਦੇ ਹਨ।"

**ਸਮੁਚਾ ਭਾਵ:** ਉੱਪਰ ਹੋਛੀ ਮਤ ਨੂੰ ਛੱਡਕੇ ਸਹੀ ਮੱਤ ਅਖਤਿਆਰ ਕਰਨਾ ਦੱਸਿਆ ਸੀ। ਜੋ ਸੱਚੇ ਗੁਰੂ ਤੋਂ ਮਿਲਦੀ ਹੈ। ਇੱਥੇ ਪੰਡਿਤਾਂ ਦੇ ਇੱਕ ਭੁਲੇਖੇ ਨੂੰ ਦੂਰ ਕਰਦੇ ਹਨ। ਉਹ ਮਾਸ ਖਾਣ ਨੂੰ ਬੁਰਾ ਸਮਝਦੇ ਸਨ। ਗੁਰੂ ਜੀ ਉਹਨਾਂ ਨੂੰ ਦੱਸਦੇ ਹਨ ਕਿ ਮਾਸ ਇੱਕ ਅਜਿਹੀ ਵਸਤੂ ਹੈ, ਜਿਸ ਨਾਲ ਸਾਨੂੰ ਹਰ ਵੇਲੇ ਵਾਸਤਾ ਪੈਂਦਾ ਹੈ।ਅਸੀਂ ਇਸ ਨੂੰ ਕਿਸੇ ਨਾ ਕਿਸੇ ਸ੍ਰਕਲ ਵਿੱਚ ਜ਼ਰੂਰ ਵਰਤਦੇ ਹਾਂ। ਫਿਰ ਪੰਡਿਤਾਂ ਦੀਆਂ ਧਾਰਮਕ ਪੁਸਤਕਾਂ ਵਿੱਚ ਇਸ ਦੇ ਖਾਣ ਦਾ ਜ਼ਿਕਾਰ ਆਉਂਦਾ ਹੈ। ਇੱਕ ਨਿੰਦਤ ਚੀਜ਼ ਦੇ ਤੌਰ ਤੇ ਨਹੀਂ, ਸਗੋਂ ਦੇਵਤਿਆਂ ਦੀ ਮਨ ਪਸੰਦ ਚੀਜ਼ ਦੇ ਤੌਰ ਤੇ। ਜੇ ਇਹ ਦਲੀਲ ਮੰਨ ਲਈ ਜਾਵੇ ਕਿ ਮਾਸ ਖਾਣ ਨਾਲ ਜੀਵ ਹੱਤਿਆ ਹੁੰਦੀ ਹੈ ਅਤੇ ਸਾਗ ਖਾਣ ਨਾਲ ਨਹੀਂ ਤਾਂ ਵੀ ਠੀਕ ਨਹੀਂ ਕਿਉਂਕਿ ਜ਼ਿੰਦਗੀ ਦਾ ਮੂਲ ਮਾਦੀ ਕਾਰਣ ਤਾਂ ਪਾਣੀ ਹੈ। ਜਿਸ ਤੋਂ ਅੰਨ ਫਲ ਆਦਿ ਖਾਣ ਦੀਆਂ ਚੀਜਾਂ ਪੈਦਾ ਹੁੰਦੀਆਂ ਹਨ। ਜੇ ਪੂਰਨ ਵੈਸ਼ਨਵ ਬਣਨਾ ਹੈ ਤਾਂ ਇਹ ਚੀਜਾਂ ਭੀ ਛੱਡਣੀਆਂ ਪੈਣਗੀਆਂ। "ਸਬਦਾਰਥ : ਪੋਥੀ ਚੌਥੀ ਪੰਨਾ 1289 ਛਾਪਕ ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਛਾਪ 1979.

ਗਿਆਨੀ ਗੁਰਬਚਨ ਸਿੰਘ ਦੀ ਲਿਖੀ, ਟਕਸਾਲ ਵਲੋਂ ਛਪੀ ਕਿਤਾਬ "ਗੁਰਬਾਣੀ ਪਾਠ ਦਰਸ਼ਨ" ਵਿੱਚ ਮਾਸ ਖਾਣ ਬਾਰੇ ਇਸ ਤਰ੍ਹਾਂ ਲਿਖਿਆ ਹੋਇਆ ਹੈ – "ਖਾਲਸਾ ਹਿੰਦੂ ਮੁਸਲਮਾਨ ਕਸਾਈ (ਇਸਾਈ?) ਵੈਸ਼ਨੋ ਸਭ ਤੋਂ ਰਹਿਤ ਹੈ। ਖਾਲਸਾ ਅਕਾਲ ਪੁਰਖ ਕੀ ਫੌਜ ਹੈ, ਜੇ ਕਿਤੇ ਧਰਮ ਦੀ ਰੱਖਿਆ ਕਰਦੇ ਹੋਏ ਜੰਗ ਵਿੱਚ ਅੰਨ ਆਦਿ ਨਾਂ ਮਿਲੇ, ਤਾਂ ਪ੍ਰਾਂਣਾਂ ਦੀ ਰੱਖਿਆ ਵਾਸਤੇ ਖਾਣਾ ਪਵੇ ਤਾਂ ਹੱਥੀਂ ਝਟਕਾ ਕਰਕੇ ਖਾ ਲਵੇ, ਪ੍ਰਾਣ

ਬਚਾਏ। ਉਹ ਬੀ ਤਾਂ ਜੇ ਚਿੱਤ ਚਾਹੇ ਤਾਂ। ਉਂਝ ਵੀ ਛਕਣਾ ਹੋਵੇ ਤਾਂ ਵੀ ਹੱਥੀਂ ਝਟਕਾ ਕਰਕੇ ਖਾਵੇ।" (ਪੰਨਾ 74 ਛਾਪ 1969)

ਭਾਈ ਸੰਤੋਖ ਸਿੰਘ ਸੂਰਜ ਪ੍ਰਕਾਸ਼ ਗ੍ਰੰਥ ਵਿੱਚ ਲਿਖਦੇ ਹਨ ਕਿ ਗੁਰੂ ਅੰਗਦ ਸਾਹਿਬ ਜੀ ਦੇ ਸਮੇਂ ਲੰਗਰ ਵਿੱਚ ਮਾਸ ਬਣਦਾ ਸੀ ਬਿਨਾਂ ਸੰਕੋਚ ਖਾਧਾ ਜਾਂਦਾ ਸੀ। ਲਿਖਤ ਇਸ ਤਰ੍ਹਾਂ ਹੈ –

**ਪਹਤਿ ਭਾਤ (ਦਾਲ ਚੌਲ) ਬਰਤਯੋ ਪ੍ਰਥਮ, ਪੁਨ ਆਮਿਖ (ਮਾਸ) ਆਵਾ।**
**ਇਕ ਦਿਸ ਪੰਕਤਿ ਮਹਿ ਦਯੋ, ਤਬ ਇਨ ਦਰਸਾਵਾ।**(ਪੰਨਾ–1375)

ਮਹਿਮਾ ਪ੍ਰਕਾਸ਼ ਪੋਥੀ ਦੀ ਲਿਖਤ ਮੁਤਾਬਕ ਮਾਸ ਖਾਣਾ ਆਮ ਗੱਲ ਸੀ। ਗੁਰੂ ਅੰਗਦ ਸਾਹਿਬ ਦੇ ਜੀਵਨ ਬਾਰੇ ਲਿਖਿਦਿਆਂ ਸਰੂਪ ਦਾਸ ਭੱਲਾ ਇਉਂ ਲਿਖਦਾ ਹੈ :

**"ਚਰ ਬਰਨ ਉਹਾਂ ਸਮਸਰੇ। ਮਾਟੀ ਬਰਤਨ ਭੋਜਨ ਕਰੇ।**
**ਵਿਧਿ ਨਿਖੇਧਿ (ਮਾਸ ਵਿਰੋਧੀ ਭਰਮੀ ਲੋਕ) ਜਾਕੇ ਮਨ ਹੋਈ।**
**ਐਸੋ ਤਹਾਂ ਨ ਜਾਵੈ ਕੋਈ।**
**ਅਜਾ (ਬੱਕਰਾ) ਮਾਸ ਭਯੋ ਸਿੱਧ ਰਸੋਈ। ਅਵਰੈ ਦਾਲ ਭਾਤ ਭੀ ਹੋਈ।**
**ਗਾਂਵ ਤੇ ਸਿੱਖ ਕੋਊ ਤਹਿ ਆਇਆ।**
**ਆਗਿਆ ਭਈ ਮਛਲੀ ਤਲ ਲਿਆਇਆ।**
**ਸਤਿਗੁਰ ਤਹਾਂ ਕੀਨ ਪਰਸਾਦ। ਦਯਾਲ ਹੋਇ ਕਹਯੋ ਭਲੋ ਸੁਆਦ।"**

(ਹਵਾਲਾ ਪੁਸਤਕ ਗੁਰਮਤ ਮਾਰਡੰਡ, ਪੰਨਾ–763, ਭਾਈ ਕਾਹਨ ਸਿੰਘ ਨਾਭਾ)

ਕਿਸੇ ਹਿੰਦੂ ਦੇ "ਜਗਿਓ ਪਵੀਤ" (ਜੰਜੂ) ਰਸਮ ਵੇਲੇ ਆਏ ਸਕੇ ਸਬੰਧੀਆਂ ਲਈ, ਮਾਸ ਰਿੰਨ੍ਹ ਕੇ ਖਾਣਾ ਖਵਾਉਣਾ ਆਮ ਵਰਤਾਰਾ ਸੀ। ਗੁਰੂ ਨਾਨਕ ਸਾਹਿਬ ਇਸਦੀ ਗਵਾਹੀ ਭਰਦੇ ਹਨ –

ਬ੍ਰਾਹਮਣ ਆਪ ਮਾਸ ਖਾਕੇ ਫਿਰ ਸਭ ਨੂੰ ਇਜਾਜਤ ਦਿੰਦਾ ਸੀ ਕਿ ਹੁਣ ਸਾਰਿਆਂ ਨੂੰ ਵਰਤਾ ਦਿਓ।

**"ਤਗੁ ਕਪਾਹਹੁ ਕਤੀਐ ਬਾਮਣੁ ਵਟੇ ਆਇ।।**
**ਕੁਹਿ ਬਕਰਾ ਰਿੰਨਿ ਖਾਇਆ ਸਭੁ ਕੋ ਆਖੈ ਪਾਇ।।"** (471)

ਬ੍ਰਾਹਮਣ ਲੋਕ ਮਾਸ ਤੋ ਕੋਈ ਪਰਹੇਜ ਨਹੀਂ ਕਰਦੇ ਸਨ। ਸਗੋਂ ਹਲਾਲ ਕੀਤਾ ਮਾਸ ਭੀ ਆਮ ਹੀ ਖਾਂਦੇ ਹਨ। ਇਸ ਮਾਸ ਵਾਲੇ ਭੋਜਨ ਨੂੰ ਪਵਿੱਤਰ ਭੋਜਨ ਆਖਦੇ ਸਨ। ਗੁਰਵਾਕ ਇਉਂ ਹਨ –

**"ਅਭਾਖਿਆ ਕਾ ਕੁਠਾ ਬਕਰਾ ਖਾਣਾ।। ਚਉਕੇ ਉਪਰਿ ਕਿਸੈ ਨਾ ਜਾਣਾ।।"** (471)

ਉਹੀ ਖਾਣਾ, ਪੀਣਾ, ਪਹਿਨਣਾ, ਸਵਾਰੀ ਕਰਨੀ, ਤੇ ਸੌਣਾ ਭਲਾ ਹੈ, ਜਿਸ ਨਾਲ ਸਰੀਰ ਨੂੰ ਤਕਲੀਫ ਨਾ ਹੋਵੇ। ਮਨ ਅੰਦਰ ਬੁਰੇ ਵਿਚਾਰ ਪੈਦਾ ਨਾ ਹੋਣ। ਗੁਰੂ ਫੁਰਮਾਨ ਹੈ –

**ਬਾਬਾ ਹੋਰੁ ਖਾਣਾ ਖੁਸੀ ਖੁਆਰੁ।।**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ।।** (16)
**ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜਗ ਮਾਸੁ ਕਮਾਣਾ॥**
**ਜੰਞ ਕਾਜ ਵੀਆਹੁ ਸੁਹਾਵੈ ਓੁਥੈ ਮਾਸ ਸਮਾਣਾ॥** (1290)

# ਅਕਲੀ ਪੜ੍ਹਿ ਕੈ ਬੁਝੀਐ

ਜੋ ਵੀ ਲਿਖਤ, ਇਤਿਹਾਸ ਜਾਂ ਕਥਾ ਕਹਾਣੀਆਂ, ਸ਼੍ਰੀ ਗੁਰੂ ਗ੍ਰੰਥ ਸਾਹਿਬ, ਵਾਰਾਂ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀ ਰਚਨਾਵਲੀ ਵਾਲੀ ਕਸਵੱਟੀ ਤੇ ਪੂਰੀਆਂ ਨਹੀਂ ਉਤਰਦੀਆਂ, ਉਹਨਾਂ ਨੂੰ ਨਾ ਮੰਨਣ ਲਈ ਹਰ ਸਿੱਖ ਨੂੰ ਪੂਰਾ ਪੂਰਾ ਅਧਿਕਾਰ ਹੈ। ਸਿੱਖਾਂ ਲਈ ਇਹ ਹੀ ਇੱਕੋ ਇੱਕ ਪਰਖ ਦੀ ਕਸਵੱਟੀ ਹੈ। ਜੋ ਕੁੱਝ ਭੀ ਇਸ ਪਰਖ ਅਨੁਸਾਰ ਠੀਕ ਨਹੀਂ ਉਸ ਮਗਰ ਲੱਗਣ ਨੂੰ ਸਿੱਖੀ ਤੋਂ ਡਿੱਗ ਜਾਣਾ, ਦੂਰ ਹੋ ਜਾਣਾ, ਮੁਨਕਰ ਹੋ ਜਾਣਾ, ਬ੍ਰਿਥਾ ਜਨਮ ਗਵਾਉਣਾ, ਬਿਪਰੀ ਚਾਲਾਂ ਵਿੱਚ ਫਸਣਾ, ਜਾਂ ਗੁਰੂ ਤੋਂ ਬੇਮੁੱਖ ਹੋਣਾ ਹੀ ਕਿਹਾ ਜਾ ਸਕਦਾ ਹੈ। ਗਲਤੀ ਜਾਂ ਕਿਸੇ ਕੁਰੀਤੀ ਨੂੰ ਸੁਧਾਰਨਾ ਹੀ ਸਿੱਖੀ ਹੈ। ਅੰਧ ਵਿਸ਼ਵਾਸੀ ਹੋਣਾ, ਕੁਦਰਤ ਦੇ ਉਲਟ ਚੱਲਣਾ, ਗਿਆਨ ਤੋਂ ਕਿਨਾਰਾਕਸ਼ੀ, ਆਪਣੇ ਆਪ ਨੂੰ ਹੀ ਜਨਾਉਣਾ ਮੂਰਖਤਾਈ ਤੋਂ ਬਿਨਾ ਹੋਰ ਕੀ ਹੋ ਸਕਦਾ ਹੈ ? ਪ੍ਰਕਾਸ਼, ਗਿਆਨ, ਸੱਚ ਜਾਂ ਰੌਸ਼ਨੀ ਭਾਵੇਂ ਉਹ ਅੰਤ੍ਰੀਵ ਹੋਵੇ ਭਾਵੇਂ ਬਾਹਰੀ, ਉਸਨੂੰ ਹਾਸਲ ਕਰਨਾ ਤੇ ਦੂਸਰਿਆਂ ਨੂੰ ਪਰਦਾਨ ਕਰਨਾ ਹੀ ਸਿੱਖ ਦਾ ਧਰਮ ਹੈ। ਪਰਕਾਸ਼ ਜੋ ਸੌਖੀ ਤਰਾਂ ਹੋ ਸਕੇ, ਗਿਆਨ ਜੋ ਆਸਾਨੀ ਨਾਲ ਸਮਝਿਆ/ਸਮਝਾਇਆ ਜਾਵੇ, ਇਸ ਦਾ ਵਿਰੋਧ ਜਨੂੰਨੀ ਲੋਕ ਹੀ ਕਰਦੇ ਹਨ। ਮਿਸਾਲ ਦੇ ਤੌਰ ਤੇ ਦਰਬਾਰ ਸਾਹਿਬ ਵਿੱਚ ਬਿਜਲੀ ਲਾਉਣ ਵੇਲੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਟੀਕ ਜਾਂ ਪਦ-ਛੇਦ ਕਰਨ ਵੇਲੇ ਬੜਾ ਵਿਰੋਧ ਹੋਇਆ, ਜੋ ਅਜੇ ਵੀ ਜਾਰੀ ਹੈ।

ਕੈਥਲ ਦੇ ਰਾਜਾ ਉਦੈ ਸਿੰਘ ਵੱਲੋਂ ਭਾਈ ਸੰਤੋਖ ਸਿੰਘ ਜੀ ਨੂੰ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਚਨਾ ਲਈ ਨਿਜੀ ਸਰਪ੍ਰਸਤੀ ਤੇ ਮਾਲੀ ਸਹਾਇਤਾ ਦਿੱਤੀ ਜਾਂਦੀ ਸੀ। ਗ੍ਰੰਥ ਦੀ ਰਚਨਾ ਤੇ ਸੋਧ ਸੁਧਾਈ ਲਈ ਵੀ ਚਾਰ ਪੰਡਿਤਾਂ ਦੀ ਇਕ ਟੋਲੀ ਥਾਪੀ ਗਈ ਸੀ। ਉਨ੍ਹਾਂ ਪੰਡਤਾਂ ਨੂੰ ਭਾਈ ਸੰਤੋਖ ਸਿੰਘ ਵਿਰੁੱਧ ਸਭ ਤੋਂ ਵੱਡਾ ਇਤਰਾਜ਼, ਇਨ੍ਹਾਂ ਦਾ ਬ੍ਰਾਹਮਣ ਜਾਤੀ ਵਿੱਚੋਂ ਨਾ ਹੋਣਾ, ਪਰ ਸੰਸਕ੍ਰਿਤ ਗ੍ਰੰਥਾਂ ਦੀ ਚਰਚਾ ਕਰਨਾ, ਅਤੇ ਗੁਰ ਇਤਿਹਾਸ ਲਿਖਦੇ ਸਮੇਂ ਸਨਾਤਨ ਧਰਮੀ ਸੰਸਕਾਰਾਂ ਦੇ ਅਨੁਕੂਲ ਕਥਨ ਨਾ ਕਰਨਾ ਸੀ।

ਕਵੀ ਸੰਤੋਖ ਸਿੰਘ ਲਿਖਦੇ ਹਨ ਕਿ ਸੂਰਜ ਪ੍ਰਕਾਸ਼ ਗ੍ਰੰਥ ਰਚਨਾ ਸਮੇਂ, ਉਹਨਾ ਦੁਆਲੇ ਮੰਦ ਮੱਤ ਝੋਟੇ ਅੜਿੰਗਦੇ ਸਨ, ਸੂਰ ਘੁਰਕਦੇ ਸਨ, ਖੋਤੇ ਹੀਂਗਦੇ ਸਨ ਤੇ ਕੁੱਤੇ ਭੌਂਕਦੇ ਸਨ। ਇਹ ਪਸ਼ੂ ਮੰਡਲੀ ਉਨ੍ਹਾਂ ਦੀ 'ਸਾਰ-ਸਮੱਗਰੀ' ਨੂੰ 'ਦੂਸ਼ਿਤ' ਕਰਨ ਲਈ

ਪੂਰੀ ਤਰ੍ਹਾਂ ਪ੍ਰਤਿਗਿਆ-ਬੱਧ ਸੀ। ਕਾਸ਼ ਕਿ ਜਿਹੜੀਆਂ ਊਣਤਾਈਆਂ ਭਾਈ ਸੰਤੋਖ ਸਿੰਘ ਜੀ ਵੇਲੇ ਉਨ੍ਹਾਂ ਦੀ 'ਸਾਰ-ਸਮੱਗਰੀ' ਵਿੱਚ ਬਿਪਰਾਂ ਨੇ ਪਾਈਆਂ ਸਨ, ਉਨ੍ਹਾਂ ਨੂੰ ਦੂਰ ਕੀਤਾ ਜਾਂਦਾ, ਪਰ ਇਸ ਤੋਂ ਐਨ ਉਲਟ, ਉਨ੍ਹਾਂ ਦੀ ਆਸ਼ਾ ਦੇ ਵਿਰੁੱਧ, ਉਸ 'ਦੂਸ਼ਿਤ ਸਮੱਗਰੀ' ਨੂੰ ਅਧਾਰ ਬਣਾ ਕੇ ਬੜਾ ਕੁੱਝ ਲਿਖਿਆ ਗਿਆ ਹੈ ਸਿੱਖਾਂ ਦੇ ਇਤਿਹਾਸ ਵਿੱਚ।

ਗਿਆਨੀ ਗੁਰਬਚਨ ਸਿੰਘ ਭਿੰਡਰਾਂ ਵਾਲੇ ਦਾ ਲਿਖਿਆ 'ਸ੍ਰੀ ਗੁਰਮੁਖ ਪ੍ਰਕਾਸ਼' ਅਤੇ ਗੁਰਬਾਣੀ ਪਾਠ ਦਰਸ਼ਨ ਜਿਸਨੂੰ ਉਹ ਸੰਤ ਸੁੰਦਰ ਸਿੰਘ ਜੀ ਦਾ ਪਵਿੱਤ੍ਰ ਜੀਵਨ ਕਹਿੰਦੇ ਹਨ, ਭੀ ਇਕ ਅਜਿਹੀ ਲਿਖਤ ਹੈ, ਜੋ ਬਿੱਪਰੀ ਚਾਲਾਂ ਦੀ ਰਹਿ ਗਈ ਕਮੀਂ ਨੂੰ ਪੂਰਾ ਕਰਦੀ ਹੈ। ਇਸੇ ਲਿਖਤ ਨੂੰ ਅਧਾਰ ਬਣਾ ਕੇ ਦਮਦਮੀ ਟਕਸਾਲ ਨੇ ਆਪਣੀ ਮਰਿਯਾਦਾ ਬਣਾਈ ਹੋਈ ਹੈ, ਜਿਸਦਾ ਪੰਥਕ 'ਸਿੱਖ ਰਹਿਤ ਮਰਿਯਾਦਾ' ਨਾਲ ਨੇੜ ਦਾ ਵੀ ਵਾਸਤਾ ਨਹੀਂ। ਟਕਸਾਲ ਦੀ ਇਹ ਮਰਿਯਾਦਾ ਅਗਰ ਤਾਂ ਉਨ੍ਹਾਂ ਦੇ ਆਪਣੇ ਦਾਇਰੇ ਵਿੱਚ ਹੀ ਰਹੇ ਤਾਂ ਕੋਈ ਗੱਲ ਨਹੀਂ, ਪਰ ਜਦੋਂ ਭੀ ਇਸਨੂੰ ਸਾਰੇ ਪੰਥ ਉਪਰ ਠੋਸਣ ਦੇ ਯਤਨ ਕੀਤੇ ਜਾਂਦੇ ਹਨ, ਤਾਂ ਪੰਥ ਦੀ ਏਕਤਾ ਅਤੇ ਇਕਸਾਰਤਾ ਨੂੰ ਢਾਅ ਲੱਗਦੀ ਹੈ, ਤੇ ਬਹੁਤ ਤਰ੍ਹਾਂ ਦੇ ਫੁੱਟ ਪਾਊ ਝਗੜੇ ਉਤਪੰਨ ਹੁੰਦੇ ਹਨ।

ਨਾਮ ਜਪਣਾ, ਕਿਰਤ ਕਰਨਾ, ਵੰਡ ਛਕਣਾ ਸਿੱਖੀ ਦੇ ਮੁੱਢਲੇ ਅਤੇ ਸੁਨਹਿਰੀ ਅਸੂਲ ਹਨ। ਗ੍ਰਹਿਸਤ-ਧਾਰਨ ਕਰਨਾ ਸਭ ਤੋਂ ਵੱਡਾ ਧਰਮ ਹੈ। ਪ੍ਰਮਾਤਮਾ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ, ਕੁਦਰਤੀ ਦੁੱਖ ਸੁੱਖ ਸਮੇਂ ਅਡੋਲ ਰਹਿਣਾ, ਸਿੱਖਿਆ ਬੱਚੇ ਤੋਂ ਵੀ ਲੈ ਲੈਣੀ ਪਰ ਅੰਧ ਵਿਸ਼ਵਾਸ਼ੀ ਹੋਕੇ ਕਿਸੇ ਬੁੱਢੇ ਮਗਰ ਭੀ ਨਹੀਂ ਲੱਗਣਾ, ਕਿਸੇ ਵੀ ਸਮੱਸਿਆ ਨੂੰ ਵਿਚਾਰਾਂ ਕਰਕੇ ਹੱਲ ਕਰਨਾ, ਗੁਰਬਾਣੀ ਨੂੰ ਪੜ੍ਹਨਾ, ਸਮਝਣਾ, ਵਿਚਾਰਨਾ ਅਤੇ ਉਸ ਤੇ ਅਮਲ ਕਰਨ ਦੀ ਕੋਸ਼ਿਸ਼ ਕਰਨੀ, ਸਮਾਜਿਕ ਬੁਰਾਈਆਂ ਨੂੰ ਤਿਆਗਣਾ, ਜੀਵਨ ਨੂੰ ਮੰਜ਼ਿਲ ਨਹੀਂ ਮਾਰਗ ਸਮਝਣਾ, ਮਾਰਗ-ਪਾਂਧੀਆਂ ਨਾਲ ਸੋਹਣਾ ਵਿਹਾਰ, ਮਿਲਵਰਤਣ ਅਤੇ ਸਹਾਇਤਾ ਲੈਣ/ਦੇਣ ਦਾ ਨਾਮ ਹੀ ਸਿੱਖੀ ਹੈ।

ਸਿੱਖੀ ਸਾਡੀ ਜਾਂ ਤੁਹਾਡੀ ਨਹੀਂ। ਇਹ ਤਾਂ ਜਿਸਨੇ ਸਾਜੀ, ਜਾਂ ਨਿਭਾਈ, ਉਸਦੀ ਹੈ। ਹਾਂ ਇਸ ਨੂੰ ਖੋਰਾ ਲਾਉਣ ਵਾਲਾ, ਇਸਦੇ ਸੁਨਹਿਰੀ ਸਿਧਾਂਤਾਂ ਨੂੰ ਮਲੀਆ-ਮੇਟ ਕਰਨ ਵਾਲਾ, ਇਸ ਨੂੰ ਰੋਜ਼ੀ-ਰੋਟੀ ਦਾ ਵਸੀਲਾ ਸਮਝਣ ਵਾਲਾ, ਆਮ ਜੰਤਾ ਨੂੰ ਸਜ਼ਾਂ ਦੇ ਰਿਹਾ ਬਿਪਰ ਤਬਕਾ ਹੈ। ਪਹਿਲਾਂ ਤਾਂ ਉਹ ਧਰਮ ਦੇ ਨਾਂ ਤੇ, ਭੇਖ ਅਤੇ ਪਖੰਡ ਕਰਕੇ ਲੁੱਟਣ ਦਾ ਸਾਧਨ ਬਣਾਉਂਦਾ ਹੈ ਤੇ ਇਸ ਤੋਂ ਵੱਡਾ ਅਨਰਥ ਇਹ ਕਿ ਸਿੱਖੀ ਵੱਲੋਂ ਦੂਰ ਕਰਕੇ ਪੁੱਠੇ ਰਸਤੇ ਤੋਰ ਦਿੰਦਾ ਹੈ। ਇਹ ਇਸ ਤਰ੍ਹਾਂ ਹੈ ਕਿ ਕੋਈ ਅੰਨ੍ਹੇਂ ਨੂੰ ਖੂਹ ਵਿੱਚ ਡਿੱਗਣ ਤੋਂ ਬਚਾਉਣ ਦੇ ਥਾਂ, ਜਾਣ ਬੁੱਝਕੇ ਵਿੱਚ ਧੱਕਾ ਦੇ ਰਿਹਾ ਹੋਵੇ। ਕਿਸੇ ਨੂੰ ਸਰੀਰਕ

ਤੌਰ ਤੇ ਖਤਮ ਕਰਨ ਵਾਲੇ ਨੂੰ ਦੁਨੀਆਂ ਭਰ ਦੀਆਂ ਅਦਾਲਤਾਂ ਸਜ਼ਾ ਦਿੰਦੀਆਂ ਹਨ, ਪਰ ਜਿਹੜੇ ਕਿਸੇ ਨੂੰ ਆਤਮਿਕ ਤੌਰ ਤੇ ਮਾਰ ਦਿੰਦੇ ਹਨ, ਉਨ੍ਹਾਂ ਨੂੰ ਸਜ਼ਾ ਤਾਂ ਕੀ ਮਿਲਣੀ ਹੈ, ਸਗੋਂ ਧਰਮੀਂ, ਆਗੂ, ਸਤਿਕਾਰਯੋਗ, ਜਾਂ ਪਰਉਪਕਾਰੀ ਕਰਕੇ ਜਾਣੇ ਜਾਂਦੇ ਹਨ। ਹਨੇਰ ਸਾਈਂ ਦਾ।

ਮੱਧ ਦੀਆਂ ਅਰਦਾਸਾਂ ਕਰਨ ਵਾਲੇ ਇਹ ਲੁੱਟਦੇ ਭੀ ਮੱਧ ਵਰਗ ਨੂੰ ਹੀ ਹਨ, ਕਿਉਂਕਿ ਉਪਰਲਾ (ਵਿਦਵਾਨੀ) ਤਬਕਾ ਇਨ੍ਹਾਂ ਦੀਆਂ ਚਾਲਾਂ ਵਿੱਚ ਨਹੀਂ ਫਸਦਾ, ਤੇ ਥੱਲੇ ਵਾਲੇ (ਗਰੀਬਾਂ) ਕੋਲ ਇਨ੍ਹਾਂ ਨੂੰ ਦੇਣ ਲਈ ਕੁੱਝ ਨਹੀਂ ਹੁੰਦਾ। ਇਹ ਵਿਦਵਾਨਾਂ ਨਾਲ ਵਿਚਾਰ ਗੋਸ਼ਟੀ ਨਹੀਂ ਕਰ ਸਕਦੇ, ਅਤੇ ਗਰੀਬਾਂ ਦੀ ਅਤਿਆਤਮਿਕ ਤੌਰ ਤੇ ਕੋਈ ਮੱਦਦ ਕਰਨੀ ਨਹੀਂ ਚਾਹੁੰਦੇ। ਕਈ ਸੱਜਣ ਇਹ ਭੀ ਕਹਿੰਦੇ ਹਨ, ਕਿ "ਜੀ ਇਹ ਵੀ ਪਰਚਾਰ ਤਾਂ ਸਿੱਖੀ ਦਾ ਹੀ ਕਰਦੇ ਹਨ।" ਇਸਨੂੰ ਅਸੀਂ ਇਸ ਤਰ੍ਹਾਂ ਸਮਝ ਸਕਦੇ ਹਾਂ ਕਿ ਕੜਾਹ ਪ੍ਰਸ਼ਾਦ ਤਾਂ ਕੜਾਹ ਪ੍ਰਸ਼ਾਦ ਹੀ ਹੈ, ਪਰ ਵਿਦਵਾਨ ਕੜਾਹ ਪ੍ਰਸ਼ਾਦ ਨੂੰ ਪਰਵਾਨ ਕਰਾਕੇ ਗੁਰੂ ਦੀ ਮਿਹਰ, ਗੁਰੂ ਦੀ ਬਖ਼ਸ਼ਿਸ਼, ਗੁਰੂ ਦੀ ਕ੍ਰਿਪਾ ਸਮਝਕੇ ਛਕਦੇ ਹਨ। ਪਰ ਜਦੋਂ ਉਸੇ ਕੜਾਹ ਪ੍ਰਸ਼ਾਦ ਨੂੰ ਸੀਤ-ਪ੍ਰਸ਼ਾਦ (ਜੂਠ) ਵਿੱਚ ਤਬਦੀਲ ਕੀਤਾ ਜਾਂਦਾ ਹੈ, ਤਾਂ ਅੱਖਾਂ ਮੀਟੀ ਭਾਵੇਂ ਕੋਈ ਖਾ ਲਵੇ, ਪਰ ਦੇਖ ਕੇ ਮੱਖੀ ਨਿਗਲਣੀ ਬਹੁਤ ਕਠਨ ਹੈ।

ਸਾਡੇ ਗੁਰੂ ਜੀ ਕਰਾਮਾਤ ਨੂੰ ਕਹਿਰ ਕਹਿੰਦੇ ਹਨ, ਜਾਂ ਵੱਧ ਤੋਂ ਵੱਧ ਨਾਟਕ ਚੇਟਕ ਸਮਝਦੇ ਹਨ। ਚਲੀਹੇ ਕੱਟਣੇ, ਗਰਮ ਜਾਂ ਠੰਢੇ ਤਪ ਸਾਧਣੇ, ਮੋਨ ਧਾਰਨ ਕਰਨਾ, ਇੱਛਾ-ਪੂਰਤੀ ਲਈ (ਪਾਠ) ਮੰਤ੍ਰ ਜਾਪ, ਅੰਨ ਦਾ ਤਿਆਗ, ਸਮਾਧੀਆਂ ਲਾਉਣੀਆਂ, ਸੂਰਗ ਦਾ ਲਾਲਚ, ਨਰਕਾਂ ਦਾ ਭੈ, ਵਰ ਜਾਂ ਸਰਾਪ ਮੰਨਣਾ, ਸ਼੍ਰੀਰਕ ਪਵਿੱਤ੍ਰਤਾ, ਪ੍ਰਤੱਖ ਦਰਸ਼ਨ, ਬਿਬਾਨ ਚੜ੍ਹਕੇ ਸੱਚ-ਖੰਡ ਪਿਆਨੇ, ਗ੍ਰਹਿਸਤ ਧਾਰਨ ਨਾ ਕਰਨਾ, ਹਵਨਾਂ ਵਾਕੁਰ ਸਪੈਸ਼ਲ ਸਮੱਗਰੀਆਂ ਦੀ ਮੰਗ, ਕਿਸੇ ਖਾਸ ਜਗ੍ਹਾਂ ਵੱਸਣ ਕਰਕੇ ਮੁਕਤੀ ਲੋਚਣੀ, ਕੁਝ ਖਾਸ ਰੰਗਾਂ ਦਾ ਤਿਆਗ, ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਮਨ ਮਰਜ਼ੀ ਨਾਲ ਪੰਨੇ ਦੇ ਅੱਗੇ ਪਿੱਛੇ ਜਾਂ ਵਿਚਕਾਰੋਂ ਸ਼ਬਦ ਨੂੰ ਵਧੀਆਂ ਜਾਂ ਕਰੜਾ ਮੰਨ ਕੇ ਚੁਣਨਾ ਜਾਂ ਪੜ੍ਹਨਾਂ, ਗੁਰੂਆਂ, ਸਿੱਖਾਂ ਜਾਂ ਮਾਤਾਵਾਂ ਨੂੰ ਪਿਛਲੇ ਜਨਮਾਂ ਦੇ ਅਵਤਾਰੀ ਸਿੱਧ ਕਰਨਾ, ਗ੍ਰਹਿਸਤੀ ਜੀਵਨ ਨੂੰ ਤਿਲਾਂਜਲੀ ਦੇਣਾ, ਗੁਰਬਾਣੀ ਨੂੰ ਸਿਰਫ਼ ਤੇ ਸਿਰਫ਼ ਪੜ੍ਹਨਾ ਪਰ ਵਿਚਾਰਨਾ ਨਹੀਂ, ਆਰਤੀਆਂ ਉਤਾਰਨੀਆਂ, ਦੇਹਧਾਰੀ ਦਰਸ਼ਨਾਂ ਦੇ ਫਲ ਮਿਲਣੇ, ਸੱਚਖੰਡ ਦਰਸ਼ਨ, ਸਿਰਫ਼ ਅੰਮ੍ਰਿਤ-ਪਾਨ ਕਰਨ ਦੇ ਸੰਸਕਾਰ ਸਮੇਂ ਹੀ ਆਤਮ ਗਿਆਨ ਹੋ ਜਾਣਾ, ਮੰਗ ਕੇ ਖਾਣਾ ਅਤੇ ਸ੍ਰੀ ਗੁਰਮੁਖ ਪ੍ਰਕਾਸ਼ ਦੀਆਂ ਹੋਰ ਬਹੁਤ ਸਾਰੀਆਂ ਊਣਤਾਈਆਂ ਇਹ ਮੰਗ ਕਰਦੀਆਂ ਹਨ ਕਿ ਸਾਨੂੰ ਹੋਰ ਜਿੱਥੇ ਕਿਤੇ ਭਾਵੇਂ ਫਿੱਟ ਕਰ ਦਿਉ, ਪਰ ਗੁਰੂ ਦੇ ਸਿੱਖਾਂ

ਨੇ ਸਾਨੂੰ ਕਿਸੇ ਨੂੰ ਭੀ ਨੇੜੇ ਨਹੀਂ ਢੁੱਕਣ ਦੇਣਾ।

ਸਿੱਖ ਧਰਮ ਵਿੱਚ ਆ ਚੁੱਕੀਆਂ ਕੁਰੀਤੀਆਂ ਅਤੇ ਮਹੰਤਾਂ, ਸਾਧਾਂ, ਪੁਜਾਰੀਆਂ ਰਾਹੀਂ ਫੈਲਾਏ ਜਾ ਰਹੇ ਬਿਪਰਵਾਦ ਨੂੰ ਠੱਲ ਪਾਉਣ ਲਈ, ਸਿੰਘ ਸਭਾ ਲਹਿਰ ਅਤੇ ਚੀਫ ਖਾਲਸਾ ਦੀਵਾਨ ਦੇ ਸਾਂਝੇ ਯਤਨਾ ਸਦਕਾ ਵੀਹਵੀਂ ਸਦੀ ਦੇ ਸ਼ੁਰੂ ਵਿੱਚ 'ਸਿੱਖ ਰਹਿਤ ਮਰਿਯਾਦਾ' ਬਨਾਉਣ ਦੇ ਉਪਰਾਲੇ ਸ਼ੁਰੂ ਹੋਏ। ਯਾਦ ਰਹੇ ਪੰਥਕ ਸਿੱਖ ਰਹਿਤ ਮਰਿਯਾਦਾ ਪੂਰੇ 13 ਸਾਲਾਂ ਦੀ ਮਿਹਨਤ ਬਾਅਦ ਸੰਨ 1945 ਈ: ਨੂੰ ਨੇਪਰੇ ਚਾੜ੍ਹੀ ਗਈ ਸੀ। ਇਸੇ ਹੀ ਸਮੇਂ 1933 ਈ: ਤੋਂ ਲੈ ਕੇ 1935 ਈ: ਤੱਕ ਗਿਆਨੀ ਗੁਰਬਚਨ ਸਿੰਘ ਨੇ ਸ੍ਰੀ ਗੁਰਮੁਖ ਪ੍ਰਕਾਸ਼ ਗ੍ਰੰਥ ਵੀ ਮੁਕੰਮਲ ਕਰ ਲਿਆ ਸੀ। ਗਿਆਨੀ ਗੁਰਬਚਨ ਸਿੰਘ 1921 ਈ: ਤੋਂ ਲੈ ਕੇ 1930 ਈ: ਤੱਕ ਸੰਤ ਸੁੰਦਰ ਸਿੰਘ ਹੋਰਾਂ ਦੇ ਨਾਲ ਰਹਿ ਚੁੱਕੇ ਸਨ ਅਤੇ 1930 ਈ: ਵਿੱਚ ਸੰਤ ਸੁੰਦਰ ਸਿੰਘ ਦੇ ਅਕਾਲ ਚਲਾਣੇ ਮਗਰੋਂ ਉਨ੍ਹਾਂ ਦੀ ਗੱਦੀ ਤੇ ਬਿਰਾਜਮਾਨ ਹੋਏ। ਬੇਸ਼ੱਕ ਮਾਇਆ ਦੇ ਲਿਸ਼ਕਾਰਿਆਂ ਵਿੱਚ ਉਲਝੇ ਡੇਰੇਦਾਰ, ਪਖੰਡੀ ਸਾਧ, ਇੱਥੋਂ ਤੱਕ ਕਿ ਅਕਾਲ ਤਖਤ ਦੇ ਜਥੇਦਾਰ ਵੀ ਸ੍ਰੀ ਗੁਰਮੁਖ ਪ੍ਰਕਾਸ਼ ਦੀ ਸਲਾਹੁਣਾ ਭੂਮਿਕਾ ਵਿੱਚ ਕਰਦੇ ਹਨ, ਪਰ ਸਮਝਦਾਰ ਸਿੱਖ ਵਿਦਵਾਨ ਕਦੇ ਵੀ ਇਸ ਤਰ੍ਹਾਂ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਨਹੀਂ ਹੁੰਦੇ, ਸਗੋਂ ਇਨ੍ਹਾਂ ਦਾ ਖੰਡਨ ਕਰਨ ਲਈ ਯਥਾ-ਸ਼ਕਤ ਯੋਗਦਾਨ ਪਾਉਂਦੇ ਰਹਿੰਦੇ ਹਨ। ਡੇਰੇ ਦਾ ਮੁਖੀ ਵੱਡੇ ਸੰਤਾਂ ਦੀ ਬਰਸੀ ਇਸ ਲਈ ਹੀ ਮਨਾਉਣੀ ਚਾਲੂ ਕਰਦਾ ਹੈ, ਕਿ ਅਗਾਂਹ ਉਸ ਨੇ ਭੀ ਆਪਦੀ ਬਰਸੀ ਮਨਾਉਣ ਦੀ ਪਿਰਤ ਪਾਉਣੀ ਹੁੰਦੀ ਹੈ।

ਗਿਆਨੀ ਗੁਰਬਚਨ ਸਿੰਘ, ਭਾਈ ਬੁੱਧ ਸਿੰਘ ਜੀ ਰਚਿਤ 'ਖਾਲਸਾ ਸ਼ਤਕ' ਪੰ: 521, ਅਤੇ ਸੰਤ ਨਿਹਾਲ ਸਿੰਘ ਕੇਸਰੀ ਦੀ ਰਚਨਾ ਪੰ: 475, ਆਪਣੇ ਨਾਮ ਥੱਲੇ ਲਿਖ ਕੇ, ਲਿਖਤ ਚੋਰੀ ਕਰਨ ਦੇ ਜੁਰਮ ਤੋਂ ਬਰੀ ਨਹੀਂ ਹੋ ਸਕਦੇ। ਇਥੇ ਇਹ ਬਿਲਕੁਲ ਨਾ ਸਮਝਿਆ ਜਾਵੇ, ਕਿ ਐਵੇਂ ਕਿਸੇ ਨੂੰ ਨੀਵਾਂ ਦਿਖਾਉਣ ਲਈ ਜਾਂ ਸਿਰਫ਼ ਕਿੰਤੂ-ਪ੍ਰੰਤੂ ਕਰਨ ਲਈ ਹੀ ਲਿਖਿਆ ਗਿਆ ਹੈ। ਇਹ ਤਾਂ ਤੱਤ ਗਿਆਨ ਵਿੱਚ ਗਰੜ-ਗਿਆਨ ਰਲਾਉਣ ਦੀਆਂ ਚਾਲਾਂ ਨੂੰ ਠੱਲ ਪਾਉਣ ਦਾ ਨਿਮਾਣਾ ਜਿਹਾ ਯਤਨ ਹੈ। ਇਹ ਪੜ੍ਹਕੇ ਜਿਸ ਨੂੰ ਵੀ ਔਖਿਆਈ ਮਹਿਸੂਸ ਹੋ ਰਹੀ ਹੈ ਜਾਂ ਕੋਈ ਗੁਰਮੁਖ ਪਿਆਰਾ ਇਹ ਜਾਣਨਾ ਚਾਹੇ ਕਿ ਇਹ ਵਾਕਿਆ ਹੀ ਸੱਚ ਹੈ ਤਾਂ ਨਾਲ ਲਗਾਈ ਜਾ ਰਹੀ ਸੂਚੀ ਵਿੱਚ ਪੰ: ਨੰ: ਦਿੱਤੇ ਗਏ ਹਨ, ਆਪ ਦੇਖਣ/ਪੜ੍ਹਨ ਦੀ ਖੇਚਲ ਕਰ ਸਕਦੇ ਹਨ। ਇਸ ਸੂਚੀ ਤੋਂ ਬਿਨਾ ਹੋਰ ਭੀ ਬਹੁਤ ਕਮੀਆਂ ਹਨ, ਜਿਵੇਂ ਕਿ ਗੁਰਬਾਣੀ ਲਿਖਣ ਵਿੱਚ ਅਸ਼ੁੱਧਤਾ (ਪੰ: 130, 148, 598, 599), ਇਤਿਹਾਸ ਖੋਜਣ ਤੋਂ ਬਿਨਾ ਹੀ ਘਟਨਾਵਾਂ ਬਿਆਨ ਕਰੀ ਜਾਣਾ। **ਜਿਵੇਂ**

**ਕਿ ਗੁਰੂ ਨਾਨਕ ਆਗਮਨ ਕੱਤੇ ਦੀ ਪੁੰਨਿਆਂ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਸਾਥੀ ਬਾਲਾ ਵਰਗੀਆਂ ਗਲਤ ਗੱਲਾਂ ਦਾ ਪ੍ਰਚਾਰ ਆਦਿ।**

ਸੰਪਰਦਾਈ ਗਿਆਨੀਆਂ ਨੂੰ ਨਿਮਰਤਾ ਸਹਿਤ ਹਿਦਾਇਤ ਕੀਤੀ ਜਾਂਦੀ ਹੈ, ਕਿ ਸਨਾਤਨੀ ਪ੍ਰਭਾਵ ਅਤੇ ਕੰਨ ਰਸੀ ਵਾਲੀਆਂ ਫੋਕੀਆਂ ਕਹਾਣੀਆਂ ਨੂੰ ਛੱਡ ਕੇ, ਤੱਤ ਗਿਆਨ ਦਾ ਪ੍ਰਚਾਰ ਕਰਨਾ, ਅਤੇ ਤੱਤ ਖਾਲਸਾ ਨੂੰ ਇਹ ਸੂਚਨਾ ਦੇ ਤੌਰ ਤੇ ਦੱਸ ਰਹੇ ਹਾਂ, ਕਿ ਅਸਲੀਅਤ ਵਿੱਚ ਕਿੰਨਾ ਕੁੱਝ ਨਕਲੀ ਰਲਾਇਆ ਗਿਆ ਸੀ/ਹੈ, ਤੇ ਉਹ ਭੀ ਸਿੱਖੀ ਦੇ ਮਹਾਂਰਥੀਆਂ ਵੱਲੋਂ। ਪ੍ਰਮਾਤਮਾ ਮਿਹਰ ਕਰੇ ਜੋ ਸਾਨੂੰ ਸਿੱਖੀ ਦੇ ਉੱਚੇ ਅਤੇ ਨਿਆਰੇ ਅਸੂਲਾਂ ਦੀ ਸੋਝੀ ਹੋਵੇ, ਗੁਰੂ ਗ੍ਰੰਥ ਸਾਹਿਬ ਉੱਪਰ ਸ਼ਰਧਾ ਅਤੇ ਵਿਸ਼ਵਾਸ ਹੋਵੇ, ਖਾਲਸਾ ਪੰਥ ਦੀ ਏਕਤਾ ਤੇ ਮਜ਼ਬੂਤੀ ਲਈ ਯਤਨਸ਼ੀਲ ਰਹਿੰਦੇ ਹੋਏ ਜੀਵਨ ਸਫ਼ਲਾ ਕਰੀਏ।

ਗਿਆਨੀ ਗੁਰਬਚਨ ਸਿੰਘ ਦਾ ਲਿਖਿਆ ਸ੍ਰੀ ਗੁਰਮੁਖ ਪ੍ਰਕਾਸ਼ ਪੜ੍ਹਕੇ ਆਮ ਸਿੱਖ ਬ੍ਰਾਹਮਣਵਾਦ ਦੇ ਉਸ ਗਹਿਰੇ ਸਮੁੰਦਰ ਵਿੱਚ ਗਰਕ ਹੋ ਜਾਵੇਗਾ, ਜਿੱਥੋਂ ਸਾਨੂੰ ਗੁਰੂ ਜੀ ਨੇ ਕੱਢਿਆ ਸੀ। ਸਿੱਖੀ ਤਾਂ ਇੱਕ ਜੀਵਨ-ਜਾਂਚ ਹੈ। ਇਸ ਵਿੱਚ ਲਗਾਈਆਂ ਅਣਹੋਣੀਆਂ ਪਾਬੰਦੀਆਂ, ਨਾ ਨਿਭਣਯੋਗ-ਹੱਠ ਕਰਕੇ ਕੀਤੀਆਂ ਰਸਮਾਂ, ਮਨੁੱਖਤਾ ਅਤੇ ਸਿੱਖੀ ਤੋਂ ਦੂਰ ਕਰਨ ਵਾਲੀਆਂ ਹਨ। ਕਿਸੇ ਨੂੰ ਮਾਰਨ ਲਈ ਜ਼ਹਿਰ ਨੂੰ ਖੰਡ ਦੀ ਪਰਤ ਵਿੱਚ ਜਾਂ ਖੁਰਾਕ ਵਿੱਚ ਰਲਾਉਣਾ ਹੁੰਦਾ ਹੈ। ਇਸੇ ਕਰਕੇ ਹੀ ਸ੍ਰੀ ਗੁਰਮੁਖ ਪ੍ਰਕਾਸ਼ ਵਿਚ ਕੁੱਝ ਗੱਲਾਂ ਬਾਬਤ ਗੁਰਬਾਣੀ ਅਤੇ ਵਾਰਾਂ ਭਾਈ ਗੁਰਦਾਸ ਜੀ ਵਿੱਚੋਂ ਭੀ ਹਵਾਲੇ ਦਿੱਤੇ ਗਏ ਹਨ, ਜੋ ਆਮ ਇਨਸਾਨ ਦਾ ਮਨ ਟੁੰਬਦੇ ਹਨ। ਇਸਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਦੇ ਕਹਿਣ ਮੁਤਾਬਿਕ 'ਸਾਰ ਸਮੱਗਰੀ' ਵਿੱਚ ਰਲਿਆ ਉਹ 'ਦੂਸ਼ਿਤ ਮਾਦਾ' 'ਜਗ੍ਹਾ ਜਗ੍ਹਾ' ਅਤੇ 'ਵਾਰ ਵਾਰ' ਲਿਖਿਆ ਗਿਆ ਹੈ, ਜੋ ਸਧਾਰਨ ਸਿੱਖ ਕਰ ਹੀ ਨਹੀਂ ਸਕਦਾ, ਅਤੇ ਸਿੱਖੀ ਵਿਚਾਰਧਾਰਾ ਦੀ ਵਿਰੋਧਤਾ ਹੁੰਦੀ ਹੈ, ਜਿਸ ਨਾਲ ਫੋਕੀਆਂ ਰੀਤਾਂ, ਡਰ, ਵਹਿਮ, ਭਵਿੱਖਬਾਣੀਆਂ, ਜ਼ਾਤ-ਪਾਤ, ਸੁੱਚ-ਜੂਠ, ਪਵਿੱਤਰ-ਅਪਵਿੱਤਰ ਵਰਗੀਆਂ ਮਾਰੂ ਰੁਚੀਆਂ ਦਿਲ ਵਿੱਚ ਸਮਾਧੀਆਂ ਲਾਕੇ ਬੈਠ ਜਾਣਗੀਆਂ।

ਜਿਨ੍ਹਾਂ ਨੇ ਸਿੱਖੀ ਪ੍ਰਚਾਰ ਦਾ ਬੁਰਕਾ ਸਿਰਫ ਰੋਜ਼ੀ-ਰੋਟੀ ਦੀ ਖ਼ਾਤਿਰ ਜਾਂ ਲੁੱਟਣ ਦੀ ਸਕੀਮ ਅਧੀਨ ਪਾਇਆ ਹੈ, ਜਾਂ ਜਿਹੜੇ ਸਿਰਫ਼ ਪੂਜਾ-ਦਕਸ਼ਣਾ (ਦੇਕੇ) ਨਾਲ ਸੁਰਗਾਂ ਦੀ ਲਾਲਸਾ ਕਰਦੇ ਹਨ, ਉਨ੍ਹਾਂ ਨੂੰ ਤਾਂ ਬੇਸ਼ੱਕ ਸ੍ਰੀ ਗੁਰਮੁਖ ਪ੍ਰਕਾਸ਼ ਠੀਕ ਲੱਗਦਾ ਹੋਵੇ, ਪਰ ਜਿਹੜੇ ਗੁਰਮੁਖ ਆਪ ਗੁਰਬਾਣੀ ਪੜ੍ਹ ਕੇ ਨਾਮ, ਦਾਨ, ਇਸ਼ਨਾਨ ਦੀ ਰਮਜ਼ ਸਮਝਦੇ ਹੋਏ, ਮੀਰੀ-ਪੀਰੀ, ਦੇਗ਼-ਤੇਗ਼, ਸੰਤ-ਸਿਪਾਹੀ, ਭਗਤੀ-ਸ਼ਕਤੀ, ਰਾਜ-ਜੋਗ

ਵਾਲੀ ਅਵਸਥਾ ਮਾਣਦੇ ਹੋਏ, ਜੀਵਨ-ਮੁਕਤ ਹੋਣਾ ਲੋਚਦੇ ਹਨ ਉਹ 'ਸ੍ਰੀ ਗੁਰਮੁਖ ਪ੍ਰਕਾਸ਼' ਵਾਲੀ 'ਦੂਸ਼ਿਤ ਸਮੱਗਰੀ' ਨਾਲ ਕਤਈ ਸਹਿਮਤ ਨਹੀਂ ਹੋਣਗੇ।

******

**ਸ੍ਰੀ ਗੁਰਮੁਖ ਪ੍ਰਕਾਸ਼ ਦੇ ਕੁੱਝ ਪੰ: ਨੰ: ਜਿੱਥੇ 'ਦੂਸ਼ਿਤ ਸਮੱਗਰੀ' ਦੇਖੀ ਜਾ ਸਕਦੀ ਹੈ।**

ਗੁਰਦੁਆਰੇ ਦਾ ਨਿਸ਼ਾਨ ਸਾਹਿਬ ਸੁਨਹਿਰੀ ਖੰਡੇ ਦਾ :- 10

ਗੁਰੂ ਨਾਨਕ ਦੇਵ ਜੀ ਦਾ ਜਨਮ ਕੱਤੇ ਦੀ ਪੂਰਨਮਾਸ਼ੀ ਨੂੰ :- 16, 244

ਗੁਰੂ ਨਾਨਕ ਦੇਵ ਜੀ ਦੇ ਸਾਥੀ ਮਰਦਾਨਾ ਅਤੇ ਬਾਲਾ :-18, 528

ਚਰਨਾਂ ਨਾਲ ਮੱਕਾ ਫੇਰਨਾ :- 18

ਅੰਤ ਸਮੇਂ ਗੁਰੂ ਨਾਨਕ ਦੇਵ ਜੀ ਦੀ ਦੇਹ ਨਹੀਂ ਮਿਲੀ :- 19

ਬਾਲੇ ਨੇ ਜਨਮ ਸਾਖੀ ਲਿਖੀ :- 22

ਮਾਤਾ ਗੰਗਾ ਜੀ ਨੇ ਬਾਬੇ ਬੁੱਢਾ ਜੀ ਪਾਸੋਂ ਪੁੱਤਰ ਪ੍ਰਾਪਤੀ ਦਾ ਵਰ ਲਿਆ: 31, 36

ਸਵਾ ਲੱਖ ਜਪੁ ਜੀ :- 49, 123, 152, 153, 227, 422, 449, 599, 601, 603, 620, 621

ਛੱਤੀ ਲੱਖ ਮੂਲਮੰਤ੍ਰ :- 48, 123, 128, 129, 449, 601, 619, 620, 624

ਗੁਰੂ ਹਰਿ ਕ੍ਰਿਸ਼ਨ ਜੀ ਅਤੇ ਰਾਮ ਰਾਇ ਜੀ ਦੀ ਪਰਖ ਸਮੇਂ ਮੰਜੇ ਦੇ ਪਾਵੇ ਵਿੱਚ ਸੂਈ ਖੁੱਭਣੀ :- 54

ਔਰੰਗੇ ਨੂੰ ਸਤਿਗੁਰਾਂ ਦੇ ਦਰਸ਼ਨਾਂ ਦੀ ਜਗ੍ਹਾ ਧਰਤੀ ਵਿਚ ਤੇੜ ਦਿਸਣੀ :- 59

ਮੱਖਣ ਸ਼ਾਹ ਲੁਬਾਣੇ ਦਾ ਜਹਾਜ਼ :- 62

ਬਿਆਸ ਵਿੱਚੋਂ 13 ਦਿਨਾਂ ਬਾਅਦ ਗੁਰਬਾਣੀ ਦੇ ਪੰਨੇ ਸੁੱਕੇ ਨਿਕਲਣੇ :- 63

ਦੇਗਚੇ ਵਿਚੋਂ ਸੂਰ ਨਿਕਲਣੇ :- 69

ਤੇਗ ਦਾ ਵਾਰ ਚੱਲਣ ਤੋਂ ਪਹਿਲਾਂ ਸਿਰ ਧੜ ਨਾਲੋਂ ਜੁਦਾ ਹੋਣਾ :- 70

ਦਸਮੇਸ਼ ਜੀ ਨੇ ਪਾਣੀ ਭਰਦੀਆਂ ਨਾਰਾਂ ਦੀਆਂ ਗਾਗਰਾਂ ਤੋੜਨੀਆਂ :- 73

ਛੱਤੀ ਅੱਖਰਾ ਜਾਪ (ਮਹਾਂ-ਮੰਤਰ) :- 76, 267, 326

ਭੇਟ ਕੀਤੇ ਅੰਬਾਂ ਨੂੰ ਫਿਰ ਬ੍ਰਿਛਾਂ ਨਾਲ ਜੋੜ ਦੇਣਾ :- 77

ਸ਼ਿਕਾਰ ਕੀਤੇ ਜੀਵਾਂ ਨੂੰ ਫਿਰ ਜ਼ਿੰਦਾ ਕਰਨਾ :- 77

ਕੀਰਤੀਆ ਦੇ ਪਿਤਾ ਨੂੰ ਰਿੱਛ ਜੂਨ ਤੋਂ ਛੁਡਾਉਣਾ :- 77

ਅੰਮ੍ਰਿਤ/ਪਤਾਸ਼ਿਆਂ ਵਾਲਾ ਚਿੜਾ ਚਿੜੀ ਯੁੱਧ :- 78

'ਕੈ' ਦੀ ਜਗ੍ਹਾ 'ਕੇ' ਕਹਿਣ ਤੇ ਤਮਾਚਾ :- 80, 457
ਜੋਗਾ ਸਿੰਘ ਦੀ ਰਾਖੀ :- 81
ਗੋਡੇ ਅਤੇ ਪੈਰ ਜੋੜ ਕੇ ਮੂਤੇ ਅਤੇ ਥੁੱਕੇ ਤਾਂ ਡਰ ਮਿਟੇ :- 81
285 ਛੇਕਾਂ ਵਾਲਾ ਗੰਗਾਸਾਗਰ :- 87, 542
ਗੁਰੂ ਨੇ ਸਿੱਖਾਂ ਨੂੰ ਕੇਸਾਂ ਤੋਂ ਫੜ੍ਹਕੇ ਨਰਕਾਂ ਵਿਚੋਂ ਕੱਢਣਾ :- 91
ਬਿਦੇਹੀ ਟਕਸਾਲੀਏ, ਕਾਣਾ ਦਿਓ ਕੱਢਣਾ, ਗੈਰ ਅੰਮ੍ਰਿਤਧਾਰੀ ਦੇ ਹੱਥੋਂ ਪ੍ਰਸ਼ਾਦਾ ਨਾ ਛਕਣਾ :- 93
ਨੌਹਰ ਪਿੰਡ ਮਰੇ ਕਬੂਤਰ ਜ਼ਿੰਦਾ ਕਰਨੇ :- 93
ਸੁਹੇਵਾ ਪਿੰਡ ਵਿੱਚ ਜੰਡ ਨੂੰ ਪਿੱਪਲ ਖਾਏ ਤਾਂ ਖਾਲਸਾ ਰਾਜ ਹੋਵੇ :- 93
ਜਲ ਵਿੱਚ ਖੜ੍ਹਕੇ ਤਪ ਕਰਨਾ :- 101
ਮਾਤਾ ਸਾਹਿਬ ਦੇਵਾਂ ਪਿਛਲੇ ਜਨਮ ਵਿੱਚ ਰਾਜੇ ਸਤਸੰਧ ਦੀ ਧੀ ਸੀ :- 101
ਦਸਮੇਸ਼ ਜੀ ਦਾ ਘੋੜੇ ਸਮੇਤ ਸੱਚਖੰਡ ਪਿਆਨਾ :- 103
25 ਬਿਬੇਕੀ ਸਿੱਖ ਪਖੰਡਵਾਦ :- 107
ਧੂਫ, ਕੁੰਭ, ਜਲ, ਦੀਵਾ, ਘਿਉ ਜ਼ਰੂਰੀ :- 108, 381
ਪੰਜ ਪਿਆਰੇ ਪੰਜ ਭਗਤਾਂ ਦੇ ਅਵਤਾਰ ਸਨ :- 112
ਮੰਗਤੇ ਨੂੰ ਦਾਨ ਤੇ ਪੰਛੀਆਂ ਨੂੰ ਪਾਣੀ :- 125
ਸ਼ਰਾਬ ਦੇ ਨਾਲ ਨਾਲ ਮਾਸ ਦਾ ਬੰਧਨ :- 123, 476
ਤੀਰਥ ਭਰਮਣ :- 126
ਗੋਇੰਦਵਾਲ ਜਪੁਜੀ ਪਾਠ ਕਰਕੇ ਚੁਰਾਸੀ ਕੱਟਣੀ :- 127, 346, 541, 619
ਇਕ ਲੱਤ ਭਾਰ ਹੋਕੇ ਸੁਖਮਨੀ ਪੜ੍ਹਨਾ :- 129, 449
ਗੁਰੂ ਗ੍ਰੰਥ ਸਾਹਿਬ ਵਿੱਚੋਂ ਵਾਕ ਆਪਣੀ ਇੱਛਾ ਅਨੁਸਾਰ ਲੈਣਾ :- 130, 148, 236, 598, 599, 615
ਜੰਮਦੇ ਸਾਰ ਕੱਛ ਤੇ ਕੜਾ ਪਾਉਣਾ :- 131
ਦੋ ਸਾਲ ਦਾ ਗਾਤਰੇ ਕ੍ਰਿਪਾਨ, ਦਿਨ ਰਾਤ ਵਾਹਿਗੁਰੂ ਜਾਪ :- 132
ਸੱਤਵੇਂ ਸਾਲ ਲਗ ਕੰਨਾ ਵਿਚਾਰ ਕੇ ਪਾਠ ਕਰਨਾ :- 135
ਬਾਲ ਲੀਲਾ ਸਮਾਪਤੰ :- 138
ਚਾਲੀ ਦਿਨ ਗੁਰ ਮੰਤ੍ਰ, ਚਾਲੀ ਦਿਨ ਮੂਲ ਮੰਤ੍ਰ :- 143, 441
ਦਵਾਈ ਨਹੀਂ ਵਰਤਣੀ :- 145, 256

ਭੂਤ ਭਵਿਖ ਦੇ ਜਾਨਣਹਾਰੇ :- 147
ਭਾਂਡਿਆਂ ਦੀ ਜੂਠ ਪੀਣਾ :- 150
ਮੱਛੀਆਂ ਦੀ ਰੀਸ ਕਰਕੇ ਪਾਣੀ ਵਿੱਚ ਤਪ ਕਰਨਾ :- 151, 247
ਸਤਿਗੁਰਾਂ ਦੇ ਪਰਤੱਖ ਦਰਸ਼ਨ :- 155, 601
ਸੱਚ ਖੰਡ ਦਰਸ਼ਨ :- 166, 379, 573, 590
ਬਿਬਾਨ ਚੜ੍ਹਕੇ ਸੱਚ ਖੰਡ ਪਿਆਨਾ :- 173, 399, 579
ਅੰਮ੍ਰਿਤ ਛਕਣ ਸਮੇਂ ਹੀ ਆਤਮ-ਗਿਆਨੀ ਹੋ ਜਾਣਾ :- 177
ਗੁਰੂ ਗ੍ਰੰਥ ਸਾਹਿਬ ਦੇ ਭੋਗ-ਉਪ੍ਰੰਤ ਫਿਰ ਜਪੁਜੀ ਜ਼ਰੂਰੀ :- 180, 282, 383
ਦਸਮੇਸ਼ ਜੀ ਵਾਂਗ ਹੀ ਬਾਮ੍ਹਣ ਦੇ ਠਾਕੁਰ ਰੋੜ੍ਹਨੇ :- 181
ਪੱਚੀ ਦਿਨ ਮੋਨ ਧਾਰਨ ਕਰਨਾ :- 181, 253, 277, 356, 403, 441
**ਸੰਤ ਸੁੰਦਰ ਸਿੰਘ ਲਈ ਨਾਮ ਦੇਣਾ; ਮੁਰਾਰੇ, ਸ੍ਰੀ ਸੰਤ, ਦੀਨ ਦਿਆਨ, ਗੁਸਾਈਂ, ਸੁਆਮੀ, ਅੰਤਰਜਾਮੀ, ਹਰਿ ਸੰਤ, ਸੰਤ ਅਗਾਧ ਅਪਾਰ, ਸੰਤ ਸਿਰਤਾਜ, ਅਕਾਲ-ਰੂਪ, ਪ੍ਰਭੂ, ਨਾਥ, ਸਾਈਂ, ਹਰਿਜੀ, ਮਰਿਯਾਦਾ ਪ੍ਰਸ਼ੋਤਮ, ਸੁਆਮੀ :- 346, 355, 378, 398, 435, 436, 442, 411, 433, 453, 459, 496, 501, 519, 520, 540, 583, 593**
ਮੂਲਮੰਤ੍ਰ ਦਾ ਸੰਪਟ ਲਾਕੇ ਪਾਠ ਕਰਨਾ :- 204, 362,ਠ 363, 460, 584, 604, 612
ਚਾਲੀ ਸਿੰਘਾਂ ਨੇ ਚਾਲੀ ਦਿਨ ਸਵਾ-ਸਵਾ ਲੱਖ ਮੂਲਮੰਤ੍ਰ ਕੀਤਾ :- 205
ਰਹਿਰਾਸ ਪੰਜ ਗ੍ਰੰਥੀ ਅਨੁਸਾਰ ਪੜ੍ਹਨੀ ਹੈ :- 210
ਜੱਥੇ ਦੇ ਸ਼ਬਦ ਗਾਇਨ ਸਮੇਂ ਰੁੱਖਾਂ ਤੋਂ ਰਸ ਚੋਣਾ ਤੇ ਪੰਛੀਆਂ ਨੇ ਰੁਕਣਾ :- 24
ਸੁੰਦਰ ਸਿੰਘ ਨੂੰ 1914 ਈ: ਵਿਚ ਕਨਖਲ ਵਿਖੇ 243 ਸਾਲ ਦੇ ਸੰਤ ਨਾਲ ਮਿਲਾਪ:- 231
ਅੰਮ੍ਰਿਤ ਦੇਣ ਸਮੇਂ ਦਸਮੇਸ਼ ਜੀ ਨੇ ਸੀਸ ਕੱਟ ਕੇ ਹੱਥ ਵਿੱਚ ਫੜ੍ਹੇ :- 232
ਪਠਾਣਾਂ ਨੂੰ ਸ਼ਹੀਦ ਦਿੱਸਣੇ ਤੇ ਪਾਗਲ ਹੋਕੇ ਕੱਪੜੇ ਫਾੜਨੇ :- 250
ਦਰਿਆ ਦੀ ਛੱਲ ਦਾ ਪਾਣੀ ਨੀਵੇਂ ਥਾਂ ਗਿਆ ਨਹੀ਼ ਉੱਚੇ ਥਾਂ ਚੜ੍ਹ ਗਿਆ :- 251
ਗੁਰੂ ਅਮਰਦਾਸ ਜੀ ਨੇ ਕਿੱਲੀ ਫੜ੍ਹ ਕੇ ਤਪ ਕਰਨਾ :- 260
ਸੁਖਮਨੀ ਸੁਣ ਕੇ ਸੱਪ ਨੇ ਮਰ ਜਾਣਾ :- 264
ਬੀਬੀ ਜੀ ਦੀ ਇਹ ਵਡਿਆਈ ਸੀ ਕਿ ਸ਼ਾਦੀ ਨਹੀ਼ ਕੀਤੀ :- 269
ਅਖੰਡ ਪਾਠ ਸਮੇਂ ਸਪੈਸ਼ਲ ਸਮੱਗਰੀ :- 271

ਕਿਰਤ ਨਾ ਕਰਨ ਨੂੰ ਸਲਾਹੁਣਾ :- 275
101 ਅਖੰਡਪਾਠ ਕਰਨੇ :- 275, 436, 440, 463, 465, 621, 636
ਪਾਠ ਸੁਨਣ ਮਗਰੋਂ ਬ੍ਰਿਕਤੀਆਂ ਨੇ ਤਨ ਦੇ ਬਸਤ੍ਰ ਲਾਹੁਣੇ, ਕੁਟੀਆ ਪਾਉਣੀਆਂ, ਬਨਵਾਸ ਲੈਣਾ :- 282, 286
ਗੁਰੂ ਦੇ ਖੂਹ ਤੋਂ ਮਾਸ਼ਕੀ ਪਾਣੀ ਨਾ ਭਰਨ ਦੇਣਾ ਅਤੇ ਬੋਕਾ ਪਾਣੀ :- 314, 328
ਹਰਾ, ਲਾਲ, ਭਗਵਾਂ, ਸੂਹਾ ਰੰਗ ਤਿਆਗਣਾ :- 321, 475
ਗੁਰੂ ਕੇ ਲੰਗਰ ਵਿੱਚ ਸਾਧੂਆਂ ਦੀ ਪੰਗਤ ਅਲੱਗ ਲਾਉਣੀ :- 345
ਅਰਦਾਸ ਮਗਰੋਂ ਆਰਤੀ :- 352
ਛੇ ਮਹੀਨੇ ਦੀਆਂ ਸਮਾਧੀਆਂ ਲਾਉਣੀਆਂ :- 355
ਸਤਿਗੁਰ ਕੀ ਕਾਸ਼ੀ ਵਸਣ ਦਾ ਫਲ :- 370
ਸਿੱਖ ਨੇ ਅੰਬ ਰਾਹ ਵਿਚ ਚੂਪ ਲੈਣਾ ਤੇ ਗੁਠਲੀ ਲੈ ਜਾਣਾ :- 380
ਸੁਖਮਨੀ ਪੜ੍ਹਨ ਨਾਲ ਸਭ ਸੁਖ ਮਿਲਣੇ :- 402
ਪੱਚੀ ਗੁਰੂ ਗ੍ਰੰਥ ਸਾਹਿਬ ਇਕੱਠੇ ਪ੍ਰਕਾਸ਼ ਕਰਨੇ :- 413, 414, 416 (ਮਹਾਤਮ ਪੰ: 419)
ਸੱਤ ਅਖੰਡ ਪਾਠ ਕਰਾਉਣੇ :- 418
ਪੰਦਰਾਂ ਅਖੰਡ ਪਾਠ ਕਰਾਉਣੇ :- 444
ਮੱਧ ਦੀ ਅਰਦਾਸ/ਕਥਾ :- 421
ਸੁਚੈ ਦੇ ਅਰਥ ਸੁੱਚ ਦੀ ਜਗ੍ਹਾ ਸੋਚਣਾ ਕਰਨੇ :- 423
ਮੁਕਤੀ-ਲਾੜੀ ਵਿਆਹੁਣਾ :- 428
ਸੰਤ-ਦਰਸ ਫਲ :- 430, 436, 523
ਮਹੋਛੇ ਕਰਕੇ ਵਿਹਲੜ ਸਾਧਾਂ ਨੂੰ ਖੁਆਉਣਾ :- 434
ਮ੍ਰਿਤਕ ਰਸਮ ਦਸਵੇਂ ਮੁਕਾਵੇ :- 444
ਮਾਲਾ ਮੰਤ੍ਰ :- 457
ਮਨੀ ਸਿੰਘ ਨੂੰ ਸੰਪਰਦਾਇ ਚਲਾਉਣ ਨੂੰ ਕਿਹਾ :- 458
ਬੇਨਤੀ ਚੌਪਈ ਤੀਰ ਸਤੱਦ੍ਰਵ ਤੱਕ ਵੀਚਾਰੇ :- 471
ਅੰਮ੍ਰਿਤ ਛਕਾਉਣ ਸਮੇਂ ਮੂਲਮੰਤ੍ਰ ਪਉੜੀ ਸਮੇਤ ਪੜ੍ਹਾਉਣਾ :- 471
ਸ਼ਰੀਰਕ ਪਵਿਤ੍ਰਤਾ :- 504
ਸ਼ੰਤਾਂ ਦੇ ਇਸ਼ਨਾਨ ਜਲ ਨਾਲ ਰਾਜੀ ਹੋਣਾ, ਰਾਜੇ ਨੇ :- 523

ਅਕਾਲ ਕੁਟੀਆ, ਗੁਰੂਆਂ ਨੂੰ ਅਵਤਾਰੀ ਸਿੱਧ ਕਰਨਾ :- 543
ਛੱਬੀ ਅਖੰਡ ਪਾਠ ਪ੍ਰਕਾਸ਼ ਕਰਨਾ :- 554
ਹੰਸ ਸਮਾਨ ਬ੍ਰਿਤੀ ਪਾਣੀ ਛੱਡ ਦੁੱਧ ਛਕਣਾ :- 555
ਸਪਤਾਹਿਕ ਪਾਠ :- 561, 601
ਹਰ ਪੂਰਨਮਾਸ਼ੀ ਨੂੰ ਅਖੰਡ ਪਾਠ :- 570
ਗੁਰ-ਸ਼ਬਦ ਦੀ ਵਿਆਖਿਆ ਤੋਂ ਪਹਿਲਾਂ ਕੱਚੀ ਬਾਣੀ ਵਾਲਾ ਮੰਗਲਾਚਰਨ ਜ਼ਰੂਰੀ :- 574
ਹਰ ਰੋਜ਼ ਮੂਲਮੰਤ੍ਰ ਦੀ 33 ਮਾਲਾ, ਜਾਂ ਪੰਜ ਸੁਖਮਨੀ, ਜਾਂ 25 ਜਪੁਜੀ, ਜਾਂ ਪੰਜ ਗ੍ਰੰਥੀ, ਜਾਂ 25 ਹਜ਼ਾਰ ਵਾਹਿਗੁਰੂ ਮੰਤ੍ਰ ਜਪਣਾ ਕਰੋ :- 577, 615
ਕਛਹਿਰੇ ਉਪਰ ਵਸਤੂ ਨਹੀਂ ਪਾਉਣਾ :- 577
ਹੱਥ ਵਿੱਚ ਤੀਰ ਰੱਖਣਾ :- 577
ਪਾਠੀ ਦੀ ਅਪਵਿਤ੍ਰਤਾ ਕਰਕੇ ਰੋਗ ਨਾ ਹਟਣਾ ਤੇ ਉਸ ਰੋਗ ਨੂੰ ਆਪਣੇ ਉੱਪਰ ਲੈ ਲੈਣਾ :- 580
ਮੂਲਮੰਤ੍ਰ ਸਲੋਕ ਸਮੇਤ :- 596
ਅਖੰਡ ਪਾਠ ਤੇ ਆਸਾ ਦੀ ਵਾਰ ਇਕੱਠੇ ਚੱਲਣੇ :- 597
ਗਰਮੀ ਸਮੇਂ ਰੇਤ ਦੇ ਟਿੱਬੇ ਤੇ, ਠੰਢ ਸਮੇਂ ਪਾਣੀ ਵਿੱਚ ਤਪ ਕਰਨ ਨੂੰ ਦੁੱਖ-ਸੁੱਖ ਸਮਤਾ ਸਿੱਧ ਕਰਨਾ :- 601
ਸਿੱਖ-ਪੰਥ ਤੋਂ ਵੱਖਰੀ ਮਰਿਯਾਦਾ ਥਾਪਣੀ :- 604
ਫਰੀਦਕੋਟੀ ਟੀਕਾ :- 617
ਗੁਰੂ ਨਹੀਂ ਸਗੋਂ ਸਿੰਘ ਰਖਵਾਲੇ :- 623
ਸਵਾ ਲੱਖ ਵਾਹਿਗੁਰੂ :- 624
ਜਥੇ ਦੇ ਸਿੰਘਾਂ ਨੂੰ ਸੁੱਖੇ ਦੀ ਮਨਾਹੀ ਨਹੀਂ :- 631
ਇਹ ਤੇਜ ਸੁਭਾਉ ਤੇ ਲੜਾਕੇ ਵੀ ਹੋ ਸਕਦੇ ਹਨ :- 634
ਗਜ਼ਾ ਕਰਨਾ/ਮੰਗ ਖਾਣਾ :- 634
ਇਹ ਸੰਪਰਦਾਈ ਰੀਤ ਹੈ ਤੇ ਸੰਪਰਦਾਈ ਅਰਥ ਕਰਨੇ ਹਨ :- 640, 641

# ਧਰਮ ਤੇ ਰਾਜਨੀਤੀ - ਇੱਕ ਸਾਜਿਸ਼ੀ ਗੱਠਜੋੜ

ਜਦੋਂ ਦੀ ਸੁਰਤ ਸੰਭਾਲੀ ਹੈ ਉਦੋਂ ਤੋਂ ਹੀ ਸਿੱਖਾਂ ਦਾ 'ਧਰਮ ਤੇ ਰਾਜਨੀਤੀ' ਇਕੱਠਾ ਹੈ, ਸੁਣਦਾ ਆ ਰਿਹਾ ਸੀ। ਸਮਾਂ ਬੀਤਣ ਨਾਲ ਸਾਹਿਤ ਇਤਿਹਾਸ ਅਤੇ ਗੁਰਬਾਣੀ ਦਾ ਸਮਰੱਥਾ ਮੁਤਾਬਕ ਅਧਿਐਨ ਕੀਤਾ। ਹੌਲੀ-ਹੌਲੀ ਪਰਤਾਂ ਖੁੱਲ੍ਹਣੀਆਂ ਸ਼ੁਰੂ ਹੋਈਆਂ ਕਿ ਗੁਰਬਾਣੀ ਮੁਤਾਬਕ ਧਰਮ ਕੀ ਹੈ ਤੇ ਰਾਜਨੀਤੀ ਕੀ ਹੈ। ਇਹ ਭੀ ਪ੍ਰਚਾਰਿਆ ਗਿਆ ਕਿ ਸਿੱਖਾਂ ਦਾ, ਧਰਮ ਤੇ ਰਾਜਨੀਤੀ ਦਾ ਸੁਮੇਲ, ਛੇਵੇਂ ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ ਤੋਂ ਆਰੰਭ ਹੋਇਆ। ਜਦੋਂ ਪਵਿੱਤਰ ਗੁਰਬਾਣੀ ਤੋਂ ਸਵਾਲ ਕਰੀਏ, ਤਾਂ ਜੁਆਬ ਮਿਲਦਾ ਹੈ ਕਿ ਧਰਮ ਤੇ ਰਾਜਨੀਤੀ, ਭਗਤੀ ਤੇ ਸ਼ਕਤੀ, ਰਾਜ ਤੇ ਜੋਗ, ਮੀਰੀ ਤੇ ਪੀਰੀ, ਆਦਿ ਗੁਰੂ, ਗੁਰੂ ਨਾਨਕ ਸਾਹਿਬ ਜੀ ਤੋਂ ਆਰੰਭ ਹੋਈਆਂ ਸਨ। ਜੋ ਉਪਦੇਸ਼ ਜਾਂ ਅਸੂਲ ਗੁਰੂ ਨਾਨਕ ਸਾਹਿਬ ਜੀ ਨੇ ਉਚਾਰਣ ਕੀਤੇ, ਉਹਨਾਂ ਦੇ ਉੱਤਰਅਧਿਕਾਰੀ, ਗੁਰੂ ਸਾਹਿਬਾਨਾਂ ਨੇ ਉਹਨਾਂ ਨੂੰ ਹੀ ਅੱਗੇ ਪ੍ਰਚਾਰਿਆ, ਵਿਸਥਾਰਿਆ। ਗੁਰੂ ਗ੍ਰੰਥ ਸਾਹਿਬ ਵਿੱਚੋਂ ਰਾਜ ਜੋਗ ਦੇ ਸੁਮੇਲ ਦੇ ਦਰਸ਼ਨ ਕਰੋ:-

ਗੁਰੂ ਨਾਨਕ ਜੀ ਬਾਰੇ -

**ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ।।** (1389)

**ਗੁਰੂ ਅੰਗਦ ਜੀ ਬਾਰੇ - ਰਾਜੁ ਜੋਗੁ ਲਹਣਾ ਕਰੈ।।** (1392)

ਗੁਰੂ ਰਾਮਦਾਸ ਜੀ ਬਾਰੇ -

**ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ।।**<br>**ਗੁਰ ਰਾਮਦਾਸ ਸਚੁ ਸਲੁ ਭਣਿ ਤੂ ਅਟਲ ਰਾਜਿ ਅਭਗੁ ਦਲਿ।।** (1406)

ਗੁਰੂ ਅਰਜਨ ਜੀ ਬਾਰੇ -

**ਗੁਰ ਅਰਜੁਨ ਕਲਚਰੈ ਤੈ ਰਾਜ ਜੋਗ ਰਸੁ ਜਾਨਿਆਉ।।** (1407)

ਹਰ ਇੱਕ ਸਿੱਖ ਸਦਾ ਚੇਤੇ ਵਿੱਚ ਰੱਖੇ ਕਿ ਦਸ ਪਾਤਸ਼ਾਹੀਆਂ (ਦਸ ਗੁਰੂ) ਇੱਕ ਜੋਤ, ਇੱਕ ਗਿਆਨ, ਇੱਕੋ ਸਰੂਪ ਦੇ ਮਾਲਕ ਸਨ। ਛੇਵੇਂ ਸਤਿਗੁਰਾਂ ਕੋਈ ਕੰਮ ਅਜਿਹਾ ਨਹੀਂ ਕੀਤਾ, ਜੋ ਗੁਰੂ ਨਾਨਕ ਸਾਹਿਬ ਦੀ ਸੁੱਚੀ ਵਿਚਾਰਧਾਰਾ ਨੂੰ ਵੱਖਰੀ ਕਰਦਾ ਹੋਵੇ। ਫਿਰ ਭਗਤੀ ਤੇ ਸ਼ਕਤੀ ਛੇਵੇਂ ਸਤਿਗੁਰੂ ਹੀ ਜਾਰੀ ਨਹੀਂ ਕੀਤੀ, ਇਹ ਤਾਂ ਗੁਰੂ ਨਾਨਕ ਸਾਹਿਬ ਜੀ ਤੋਂ ਹੀ ਪਰਵਾਹਿਤ ਹੋ ਰਹੀ ਸੀ। ਕਿਸੇ ਕਵੀ ਦੀ ਕੱਚੀ ਰਚਨਾ ਦਾ ਸਹਾਰਾ

ਲੈ ਕੇ (ਗੁਰ ਬਿਲਾਸ ਪਾ: ਛੇਵੀਂ) ਪਹਿਲਾਂ ਛੇਵੇਂ ਸਤਿਗੁਰੂ ਨੂੰ ਜਨਮ ਵਕਤ ਬਾਬਾ ਬੁੱਢਾ ਜੀ ਦੇ 'ਵਰ' ਨਾਲ ਜਨਮੇ ਲਿਖਿਆ। ਫਿਰ ਵਿਸ਼ਨੂੰ ਦੇ ਅਵਤਾਰ ਬਣਾ ਧਰਿਆ। ਜਿਨ੍ਹਾਂ ਬ੍ਰਹਮਾ ਵਿਸ਼ਨੂੰ ਸ਼ਿਵ ਨੂੰ ਗੁਰਬਾਣੀ ਨਗਾਰੇ ਦੀ ਚੋਟ ਨਾਲ ਨਕਾਰ ਰਹੀ ਹੈ, ਉਹੀ ਵਿਸ਼ਨੂੰ ਛੇਵੇਂ ਪਾਤਸ਼ਾਹ ਵਿੱਚ ਦਾਖਲ ਕਰ ਦਿੱਤਾ ਗਿਆ। ਪੜ੍ਹੋ ਗੁਰਬਾਣੀ ਫੁਰਮਾਣ:-

**ਕੋਟਿ ਬਿਸਨ ਕੀਨੇ ਅਵਤਾਰ।। ਕੋਟਿ ਬ੍ਰਹਮੰਡ ਜਾ ਕੇ ਧਰਮਸਾਲ।।**
**ਕੋਟਿ ਮਹੇਸ ਉਪਾਏ ਖਪਾਏ।। ਕੋਟਿ ਬ੍ਰਹਮੇ ਜਗੁ ਸਾਜਣ ਲਾਏ।।** (1156)

ਜੰਗਾਂ ਯੁੱਧਾਂ ਵਿੱਚ ਇੱਕ ਤਲਵਾਰ, ਇੱਕ ਢਾਲ ਤੇ ਆਮ ਵਰਤੀਂਦੀ ਹੈ, ਆਹ ਦੋ ਤਲਵਾਰਾਂ ਵਾਲਾ ਅਜੀਬ ਭਾਣਾ ਵਰਤਾ ਦਿੱਤਾ। ਵਿਸ਼ਨੂੰ ਨੇ ਆਖਿਆ ਸੀ ਪਈ ਇੱਕ ਮੇਰੀ ਤਲਵਾਰ ਲੜਾਈ ਵਿੱਚ ਨਹੀਂ ਵਰਤਣੀ, ਜੋ ਭਗਤੀ ਵਾਲੀ ਹੈ। ਹੈ ਨਾ ਅਜੀਬ ਕਹਾਣੀ? ਕਦੀ ਤਲਵਾਰ ਭੀ ਭਗਤੀ ਅਤੇ ਸ਼ਕਤੀ ਦੀ ਅੱਡੋ ਅੱਡ ਹੋਇਆ ਕਰਦੀ ਹੈ? ਤਲਵਾਰ ਕਿਸੇ ਤਰ੍ਹਾਂ ਦੀ ਹੋਵੇ, ਵਾਰ ਕਰਨ ਤੇ ਉਹਨੇ ਸਰੀਰ ਵਿੱਚ ਧਸ ਹੀ ਜਾਣਾ ਹੈ। ਫਿਰ ਹੋਰ ਕਹਾਣੀ ਘੜ ਲਈ ਕਿ ਅਕਾਲ ਤਖਤ ਦੇ ਸਾਹਮਣੇ ਦੋ ਨਿਸ਼ਾਨ ਸਾਹਿਬ ਲੱਗੇ, ਭਗਤੀ ਤੇ ਸ਼ਕਤੀ ਦੇ ਪ੍ਰਤੀਕ ਹਨ। ਅੱਖਾਂ ਖੋਹਲ ਕੇ ਵੇਖਣ ਤੇ ਉਥੇ ਹੀ ਲਿਖਿਆ ਪੜ੍ਹ ਲਈਦਾ ਹੈ, ਕਿ ਇੱਥੇ ਪਹਿਲਾਂ ਲੱਗਾ ਹੋਇਆ ਨਿਸ਼ਾਨ ਪੁਰਾਣਾ ਹੋ ਕੇ ਡਿੱਗ ਪਿਆ ਸੀ। ਸੰਨ 1843 ਵਿੱਚ ਮ: ਸ਼ੇਰ ਸਿੰਘ ਨੂੰ ਭਰਮ ਪਾ ਦਿੱਤਾ ਗਿਆ ਕਿ ਨਿਸ਼ਾਨ ਡਿੱਗਣਾ, ਸਿੱਖ ਰਾਜ ਲਈ 'ਅਸ਼ੁੱਭ' ਹੈ। ਉਸ ਨੇ ਸਿੱਖ ਰਾਜ ਦੀਆਂ 'ਜੜ੍ਹਾਂ' ਪੱਕੀਆਂ ਕਰਨ ਦੇ ਵਿਚਾਰ ਨਾਲ ਦੋ ਮਜ਼ਬੂਤ ਨਿਸ਼ਾਨ ਗਡਵਾ ਦਿੱਤੇ। ਬਈ ਅੱਗੋਂ ਨਾ ਕਦੀ ਨਿਸ਼ਾਨ ਡਿੱਗਣ ਤੇ ਨਾ ਸਿੱਖ ਰਾਜ ਡੋਲੇ। ਅਫਸੋਸ ਕਿ ਨਿਸ਼ਾਨ ਦੋਵੇਂ ਖਲੋਤੇ ਹੋਏ ਹਨ, ਰਾਜ ਦਾ ਤਦੋਂ (1849) ਹੀ ਭੋਗ ਪੈ ਗਿਆ ਸੀ। ਇੱਥੇ ਕੇਵਲ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿੱਚ, ਭਗਤੀ ਤੇ ਸ਼ਕਤੀ ਮੀਰੀ ਤੇ ਪੀਰੀ ਦਾ ਖੂਬ ਸ਼ੋਰ ਪਾਇਆ ਜਾਂਦਾ ਹੈ। ਬਾਕੀ ਧਰਮ ਅਸਥਾਨਾਂ ਵਿੱਚ ਜ਼ਰਾ ਘੱਟ ਹੈ। ਭਗਤੀ ਤੇ ਸ਼ਕਤੀ ਜੇ ਇਕੱਠੀ ਸਵੀਕਾਰ ਕਰਨੀ ਹੀ ਹੋਵੇ ਤਾਂ ਇਹ ਸਿੱਖਾਂ ਦੇ ਆਦਿ ਗੁਰੂ, ਗੁਰੂ ਨਾਨਕ ਸਾਹਿਬ ਤੋਂ ਸਵੀਕਾਰ ਕਰਨਾ ਹੀ ਗੁਰਮਤ ਹੈ।

ਆਪਣੇ ਜ਼ਮਾਨੇ ਦੇ ਰਾਜ ਜੋਗ ਦੇ ਧਾਰਨੀ, ਯਿਸ਼ੂ ਮਸੀਹ ਭੀ ਸਨ। ਉਹਨਾਂ ਸਮੇਂ ਦੀ ਜ਼ਾਲਮ ਹਕੂਮਤ ਅਤੇ ਪਾਖੰਡੀ ਧਾਰਮਕ ਆਗੂਆਂ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ। ਇਸੇ ਕਾਰਨ ਉਹਨਾਂ ਨੂੰ ਸ਼ਹੀਦ ਕੀਤਾ ਗਿਆ। ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ, ਮੁਸਲਮਾਨਾਂ ਦੇ ਧਾਰਮਕ ਮੁਖੀ ਭੀ ਸਨ, ਅਤੇ ਰਾਜਸੀ ਮੁਖੀ ਭੀ ਸਨ। ਕਈ ਜੰਗਾਂ ਵਿੱਚ ਉਹਨਾਂ ਮੋਹਰੀ ਹੋ ਕੇ ਕਿਰਪਾਨ ਵਾਹੀ। ਗੁਰੂ ਨਾਨਕ ਸਾਹਿਬ ਜੀ ਬਾਰੇ, ਭਾਵੇਂ ਇਤਿਹਾਸ ਖਾਮੋਸ਼ ਹੈ, ਪਰ ਉਹਨਾਂ ਦੀ ਨਿਧੜਕ ਸ਼ਖ਼ਸੀਅਤ ਤੋਂ ਸਹਿਜੇ ਹੀ ਵਿਸ਼ਵਾਸ

ਕੀਤਾ ਜਾ ਸਕਦਾ ਹੈ, ਕਿ ਸਤਿਗੁਰੂ ਜੀ ਕਿਰਪਾਨ ਜ਼ਰੂਰ ਹੀ ਰੱਖਦੇ ਸਨ ਅਤੇ ਤਦੋਂ ਸਮੇਂ ਦੀ ਪ੍ਰਥਮ ਲੋੜ ਸੀ, ਹਥਿਆਰਬੰਦ ਹੋਣਾ। ਪਹਿਲੇ ਪੰਜਾਂ ਸਤਿਗੁਰੂਆਂ ਬਾਬਤ ਗੁਰਬਾਣੀ ਵਿੱਚ ਰਾਜ ਜੋਗ ਸਪੱਸ਼ਟ ਲਿਖਤਾਂ ਆ ਚੁੱਕੀਆ ਹਨ। ਫਿਰ ਕੇਵਲ ਛੇਵੇਂ ਸਤਿਗੁਰਾਂ ਨਾਲ ਹੀ ਘਟਨਾਵਾਂ ਜੋੜਨ ਦਾ ਕੁਚੇਸ਼ਟਾ ਭਰਿਆ ਮਕਸਦ ਸਪੱਸ਼ਟ ਨਜ਼ਰ ਆ ਜਾਂਦਾ ਹੈ। ਗੁਰੂ ਹਰਿ ਗੋਬਿੰਦ ਸਾਹਿਬ ਨੂੰ ਗੁਰੂ ਨਾਨਕ ਵਿਚਾਰਧਾਰਾ ਤੋਂ, ਅਛੋਪਲੇ ਜਿਹੇ ਢੰਗ ਨਾਲ, ਅਲੱਗ ਕਰਨਾ ਤੇ ਵਿਸ਼ਨੂੰ ਨਾਲ ਚਿਪਕਾ ਦੇਣਾ ਕਿਉਂਕਿ ਗੋਬਿੰਦ ਨਾਮ ਵਿਸ਼ਨੂੰ ਦਾ ਹੈ, ਇੱਧਰ ਭੀ ਹਰਿਗੋਬਿੰਦ ਹੈ। ਇਸੇ ਤਰ੍ਹਾਂ ਦੀ ਦਸਮ ਪਾਤਿਸ਼ਾਹ ਨੂੰ ਗੁਰੂ ਨਾਨਕ ਲੜੀ ਤੋਂ ਵੱਖ ਕਰ ਦਿੱਤਾ ਗਿਆ ਹੈ। ਜਿੱਥੇ ਹਿਮਾਲਾ ਪਰਬਤ ਦੀ ਚੋਟੀ ਤੇ ਵਿਸ਼ਨੂੰ ਨਿਵਾਸ ਕਰਦਾ ਕਲਪਿਆ ਗਿਆ ਹੈ, ਉਥੇ ਹੀ ਦਸਮ ਪਾਤਿਸ਼ਾਹ ਹਜ਼ੂਰ ਨੂੰ ਪਿਛਲੇ ਜਨਮ ਵਿੱਚ ਤਪੱਸਿਆ ਕਰਦਿਆਂ ਦਸਮ ਗ੍ਰੰਥ ਵਿੱਚ ਲਿਖ ਮਾਰਿਆ। ਨਾਮ ਵੀ ਗੋਬਿੰਦ, ਵਿਸ਼ਨੂੰ ਤੇ ਗੁਰੂ ਗੋਬਿੰਦ ਸਿੰਘ। ਬਸ ਵਿਸ਼ਨੂੰ ਨਾਲ ਭਾਵੇਂ ਪਿਛਲੇ ਜਨਮ ਵਿੱਚ ਹੀ ਸਹੀ, ਪਰ ਨੱਥੀ ਜ਼ਰੂਰ ਕਰ ਦਿੱਤਾ ਗਿਆ।

ਰਹੀ ਗੱਲ ਭਗਤੀ ਤੇ ਸ਼ਕਤੀ ਦੀ, ਸਾਰੇ ਹੀ ਗੁਰੂ ਸਾਹਿਬਾਨ ਭਗਤੀ ਤੇ ਸ਼ਕਤੀ ਦੇ ਮਾਲਕ ਸਨ। ਵਿਸ਼ੇਸ਼ ਹਾਲਾਤ ਕਾਰਨ ਸਰੀਰਕ ਬਲ ਦਾ ਪ੍ਰਯੋਗ ਕਰਨ ਦੀ ਭਾਵੇਂ ਕੁਝ ਸਮਾਂ ਜ਼ਰੂਰਤ ਨਹੀਂ ਪਈ। ਭਗਤੀ ਤੇ ਸ਼ਕਤੀ ਗਈ ਕਿਤੇ ਨਹੀਂ। ਕੀ ਗੁਰੂ ਨਾਨਕ ਸਾਹਿਬ ਜੀ ਦੀ ਦਲੇਰੀ ਤੋਂ ਇਨਕਾਰ ਕੀਤਾ ਜਾ ਸਕਦਾ ਹੈ? ਉਹ ਹਰ ਖਤਰਨਾਕ ਵਿਅਕਤੀ ਕੋਲ ਗਏ। ਨਿਡਰਤਾ ਨਾਲ ਆਪਣੇ ਵਿਚਾਰ ਰੱਖੇ। ਬਾਬਰ ਨੂੰ ਲਲਕਾਰਿਆ। 'ਪਾਪ ਕੀ ਜੰਞ' ਆਖ ਲਾਹਣਤਾਂ ਪਾਈਆਂ। 'ਖ਼ੂਨ ਦੇ ਸੋਹਿਲੇ' ਗਾਏ। ਦੂਸਰੇ ਪਾਤਿਸ਼ਾਹ ਗੁਰੂ ਅੰਗਦ ਸਾਹਿਬ ਜੀ ਨੇ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਵਾਪਸ ਮੁੜ ਰਹੇ ਹਿਮਾਯੂੰ ਨੂੰ, ਵਕਤ ਸਿਰ ਖਰੀਆਂ ਕਹਿ ਸੁਣਾਈਆਂ। ਗੁਰੂ ਅਮਰਦਾਸ ਸਾਹਿਬ, ਅਕਬਰ ਨਾਲ ਨਿਡਰਤਾ ਨਾਲ ਪੇਸ਼ ਆਏ। ਗੁਰੂ ਰਾਮਦਾਸ ਜੀ ਨੂੰ ਦੋ ਵਾਰ ਅਕਬਰ ਦੇ ਦਰਬਾਰ ਵਿੱਚ, ਸਿੱਖ ਸਿਧਾਤਾਂ ਨੂੰ ਬੇ-ਖ਼ੌਫ ਪੇਸ਼ ਕਰਦਿਆਂ ਵੇਖਿਆ ਜਾ ਸਕਦਾ ਹੈ। ਪੰਜਵੇਂ ਸਤਿਗੁਰੂ ਜੀ ਤਾਂ ਅਸੂਲਾਂ ਤੇ ਪਹਿਰਾ ਦਿੰਦਿਆਂ, ਸ਼ਹੀਦੀ ਤੱਕ ਪਾ ਗਏ। ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਸਾਹਮਣੇ ਮੱਥੇ ਚਾਰ ਜੰਗ ਲੜਨੇ ਪਏ ਤਾਂ ਜਾਲਮ ਹਾਕਮਾਂ ਦੀ ਨੀਂਦ ਉੱਡ ਗਈ। ਨੌਵੇਂ ਸਤਿਗੁਰੂ ਜੀ ਨੇ ਮਜ਼ਲੂਮ ਦਾ ਪੱਖ ਪੂਰਿਆ, ਔਰੰਗਜ਼ੇਬ ਦੀ ਕੱਟੜਤਾ ਅੱਗੇ ਨਾ ਝੁਕੇ। ਅੰਤ ਤਿੰਨ ਸਿੱਖਾਂ ਸਮੇਤ, ਚਾਂਦਨੀ ਚੌਂਕ, ਦਿੱਲੀ ਵਿਖੇ ਸ਼ਹੀਦੀ ਪਾ ਗਏ। ਦਸਮ ਪਾਤਸ਼ਾਹ ਜੀ ਦਾ ਸਾਰਾ ਜੀਵਨ ਸੰਘਰਸ਼ ਅਤੇ ਦਲੇਰੀ ਦੀ ਅਨੋਖੀ ਮਿਸਾਲ ਹੈ। ਦਸੇ ਪਾਤਸ਼ਾਹੀਆਂ ਭਗਤੀ ਅਤੇ ਸ਼ਕਤੀ ਨੂੰ ਕਿਵੇਂ ਪ੍ਰਯੋਗ ਵਿੱਚ ਲਿਆਉਣਾ ਹੈ, ਮਨੁੱਖਤਾ ਦੇ

ਭਲੇ ਹਿੱਤ, ਕਿਸ ਵਕਤ ਕਿਹੜੀ ਰਣਨੀਤੀ ਅਖਤਿਅਰ ਕੀਤੀ ਜਾਵੇ, ਚੰਗੀ ਤਰ੍ਹਾਂ ਜਾਣਦੇ ਸਨ। ਸਤਿਗੁਰੂ ਸਾਹਿਬਾਨ ਜੀ ਦੇ ਗਗਨ ਚੁੰਭੀ ਸੋਚ ਮੰਡਲ ਅਤੇ ਬੇਓੜਕ ਸਰੀਰਕ ਸਮਰੱਥਾ ਨੂੰ ਬਾਰ ਬਾਰ ਨਮਸਕਾਰ ਹੈ। ਉਹ ਤਾਂ ਇੱਕ ਨਿਮਾਣੇ ਸੇਵਕ ਭੀ ਸਨ ਤੇ ਤਖਤ ਦੇ ਸ਼ਹਿਨਸ਼ਾਹ ਭੀ। ਉਹ ਇੱਕ ਸਾਧਾਰਣ ਸਿਪਾਹੀ ਵੀ ਸਨ ਅਤੇ ਆਪਣੀਆਂ ਸਿੱਖ ਫੌਜਾਂ ਦੇ ਕਮਾਂਡਰ ਇਨ ਚੀਫ਼ (ਜਰਨੈਲ) ਭੀ ਸਨ। ਉਹਨਾਂ ਕੋਲ ਹਰ ਕਾਰਜ ਨੂੰ ਨੇਪਰੇ ਚਾੜ੍ਹ ਦੇਣ ਦੀ ਸਮਰੱਥਾ ਲਾਜੁਆਬ ਸੀ।

ਹੁਣ ਵੇਖਣਾ ਇਹ ਹੈ ਕਿ ਕੀ ਸਾਰੇ ਸਿੱਖਾਂ ਕੋਲ ਇਹ ਸੂਝ ਸਮਰੱਥਾ ਹੈ? ਕੀ ਅੱਜ ਦਾ ਸਿੱਖ, ਭਗਤੀ ਤੇ ਸ਼ਕਤੀ ਦਾ ਸੰਤੁਲਨ ਬਰਕਰਾਰ ਰੱਖਣ ਦੇ ਯੋਗ ਹੈ? ਕੀ ਅੱਜ ਦੇ ਸਿੱਖ ਕੋਲ ਭਗਤੀ (ਧਾਰਮਕ ਜੀਵਨ) ਦੇ ਗੁਣ ਮੌਜੂਦ ਹਨ? ਕੀ ਸਿੱਖ ਸ਼ਕਤੀ ਵਿਹੂਣਾ ਹੋਇਆ ਕੇਵਲ ਹੰਝੂ ਕੇਰ ਰਿਹਾ ਹੈ, ਚੀਕਾਂ ਮਾਰ ਰਿਹਾ ਹੈ ਕਿ ਸੱਚਮੁੱਚ ਉਸ ਨੂੰ ਸ਼ਕਤੀ ਵਿਹੂਣਾ ਹੋਣ ਦਾ ਉਦਰੇਵਾਂ ਹੈ? ਇਹ ਵਿਚਾਰ ਕਰਨੀ ਨਿਹਾਇਤ ਜ਼ਰੂਰੀ ਹੈ ਕਿ ਭਗਤੀ (ਧਰਮ) ਅਤੇ ਸ਼ਕਤੀ (ਰਾਜ) ਦੀ ਮੁੜ ਪ੍ਰਾਪਤੀ ਵਾਸਤੇ ਸਿੱਖ ਆਗੂ ਸੁਹਿਰਦ ਸੂਝਵਾਨ ਤੇ ਦਲੇਰੀ ਰੱਖਦੇ ਹਨ? ਜਿਨ੍ਹਾਂ ਦੇ ਹਿਰਦੇ ਵਿੱਚ ਧਰਮ ਹੀ ਨਾ ਹੋਵੇ, ਉਹਨਾਂ ਤੋਂ ਕਿਸੇ ਨੇਕ ਕੰਮ ਦੀ ਆਸ ਕੀਤੀ ਜਾ ਸਕਦੀ ਹੈ? ਆਓ ਇਹਨਾਂ ਨੁਕਤਿਆਂ ਨੂੰ ਇੱਕ-ਇੱਕ ਕਰਕੇ ਵਿਚਾਰੀਏ:-

ਹਿੰਦੂ ਸਮਾਜ ਵਿੱਚ ਰਾਮ ਚੰਦਰ (ਦਸ਼ਰਥ ਪੁੱਤਰ) ਦਾ ਬੜਾ ਮਾਣ ਕੀਤਾ ਜਾਂਦਾ ਹੈ। ਉਹ ਆਪਣੇ ਇਲਾਕੇ ਅਯੁੱਧਿਆ ਦਾ ਰਾਜ ਮੁਖੀ ਭੀ ਸੀ। ਬਾਲੀ ਤੇ ਰਾਵਣ ਨਾਲ ਜੰਗ ਲੜਦਾ ਹੈ, ਹਥਿਆਰਾਂ ਦੀ ਖੂਬ ਵਰਤੋਂ ਕਰਦਾ ਹੈ। ਵਿਸ਼ਨੂੰ (ਅਖੌਤੀ) ਦਾ ਅਵਤਾਰ ਹੋਣ ਕਰਕੇ ਧਰਮ ਮੁਖੀ ਭੀ ਸੀ। ਦੁਆਪੁਰ ਦੇ ਇੱਕ ਰਾਜੇ ਕ੍ਰਿਸ਼ਨ ਜੀ ਨੂੰ, ਵਿਸ਼ਨੂੰ ਦਾ ਅਵਤਾਰ ਹੋਣ ਦਾ ਮਾਣ ਪ੍ਰਾਪਤ ਹੈ। ਦੂਜੇ ਬੰਨੇ ਉਹੀ ਕ੍ਰਿਸ਼ਨ ਜੰਗਾਂ ਯੁੱਧਾਂ ਵਿੱਚ ਮੋਹਰੀ ਹੋ ਕੇ ਲੜਦਾ ਹੈ, ਧਰਮ ਮੁਖੀ ਹੈ। ਹਜਰਤ ਮੁਹੰਮਦ ਸਾਹਿਬ ਮੁਸਲਮਾਨਾਂ ਦੇ ਧਰਮ ਮੁਖੀ ਸਨ, ਜਦੋਂ ਜੰਗ ਲੜਨੀ ਹੁੰਦੀ ਤਦੋਂ ਖੁਦ ਜੰਗੀ ਜਰਨੈਲ ਭੀ ਹੁੰਦੇ, ਮੋਹਰੀ ਹੋ ਕੇ ਦੁਸ਼ਮਣ ਦੇ ਆਹੂ ਲਾਹੁੰਦੇ। ਉਹਨਾਂ ਸਭਨਾਂ ਨੇ ਆਪਣੇ ਜ਼ਿੰਮੇ ਲੱਗੀ ਸੇਵਾ ਬਾ-ਖੂਬੀ ਨਿਭਾਈ। ਸਤਿਗੁਰੂ ਸਾਹਿਬਾਨ ਭਗਤੀ ਤੇ ਸ਼ਕਤੀ ਦਾ ਤਰਾਜੂ ਸਾਵਾਂ ਰੱਖਣ ਦੇ ਸਮਰੱਥ ਹਨ। ਬਾਅਦ ਵਿੱਚ ਮਿਸਲਾਂ ਦੇ ਸਮੇਂ ਭੀ ਸਿੱਖ ਮੁਖੀਆਂ ਨੇ ਯੋਗ ਢੰਗ ਨਾਲ, ਆਪਣੇ ਫਰਜ਼ਾਂ ਨੂੰ ਨਿਭਾਇਆ। ਪਰ ਅੱਜ ਕਿੱਥੇ ਹੈ ਸਿੱਖਾਂ ਦੀ ਭਗਤੀ ਤੇ ਸ਼ਕਤੀ? ਜ਼ਮੀਨ ਦੇ ਇੱਕ ਇੰਚ ਟੁੱਕੜੇ ਤੇ ਸਿੱਖਾਂ ਦਾ ਕਬਜ਼ਾ ਨਹੀਂ ਹੈ, ਜਿਸ ਨੂੰ ਇਹ ਆਪਣਾ ਕਹਿ ਸਕਣ। ਫਿਰ ਕਿਸ ਰਾਜ ਜਾਂ ਸ਼ਕਤੀ ਦੀ ਗੱਲ ਕੀਤੀ ਜਾ ਰਹੀ ਹੈ? ਇਉਂ ਕਹਿ ਲਈਏ ਕਿ ਗੁਰਦਵਾਰਾ

ਕਮੇਟੀ ਦਾ ਕੋਈ ਅਹੁਦੇਦਾਰ ਬਣ ਜਾਣਾ, ਗੋਲਕ ਤੇ ਕਬਜ਼ਾ ਜਮਾ ਲੈਣਾ... ਕਿਤੇ ਇਹੀ ਤਾਂ ਨਹੀਂ ਹੈ ਸਿੱਖਾਂ ਦੀ ਭਗਤੀ ਤੇ ਸ਼ਕਤੀ? ਸਵੇਰ ਸ਼ਾਮ (ਮਸ਼ੀਨੀ ਢੰਗ) ਕੁਝ ਬਾਣੀ ਦਾ ਪਾਠ ਕਰ ਲੈਣਾ। ਗੁਰਦਵਾਰਿਆਂ ਵਿੱਚ ਬਿਨਾਂ ਸੰਗਤ ਤੋਂ ਸਪੀਕਰਾਂ ਦੀ ਉੱਚੀ ਅਵਾਜ਼ ਨਾਲ ਘਰੋਂ ਘਰੀਂ ਬਾਣੀ ਪੁੱਜਦੀ ਕਰ ਦੇਣੀ। ਕੁਝ ਸਹਿਜ ਪਾਠ, ਅਖੰਡ ਪਾਠ, ਸੰਪਟ ਪਾਠ, ਪਾਠਾਂ ਦੀਆਂ ਲੜੀਆਂ, ਕੀਰਤਨ ਦਰਬਾਰ, ਖਾਲਸਾ ਮਾਰਚ, ਨਗਰ ਕੀਰਤਨ, ਲੰਗਰ ਅਰਦਾਸ... ਕਿਤੇ ਇਹੀ ਤਾਂ ਨਹੀਂ ਹੈ ਸਿੱਖ ਸਮਾਜ ਦਾ ਮੰਨਿਆ ਜਾ ਰਿਹਾ ਧਰਮ? ਗੁਰਬਾਣੀ ਦੇ ਗੋਹਜ ਭਾਵ, ਲੂੰ ਕੰਡੇ ਖੜ੍ਹੇ ਕਰ ਦੇਣ ਵਾਲਾ ਸੂਰਮਗਤੀ ਦੀ ਗਾਥਾ ਵਾਲਾ ਇਤਿਹਾਸ, ਕਿਤੇ ਪੜ੍ਹਿਆ ਪੜ੍ਹਾਇਆ ਜਾ ਰਿਹਾ ਹੈ ਕਿ ਨਹੀਂ? ਸਕੂਲਾਂ, ਕਾਲਜਾਂ, ਗੁਰਦਵਾਰਿਆਂ, ਘਰਾਂ ਵਿੱਚੋਂ 'ਸਮੇਂ ਦਾ ਹਾਣੀ' ਖਜ਼ਾਨਾ ਨਹੀਂ ਮਿਲਦਾ। ਨਸ਼ੇ ਪਤਿਤਪੁਣਾ, ਕਰਮਕਾਂਡ ਸਿਖਰਾਂ ਛੋਹ ਰਹੇ ਹਨ। ਲੀਡਰ ਲੋਕ ਭਗਤੀ ਤੇ ਸ਼ਕਤੀ ਦੀਆਂ ਫੜ੍ਹਾਂ ਮਾਰ ਰਹੇ ਹਨ। ਉਸ ਦਰਦਨਾਕ ਅਵਸਥਾ ਨੂੰ ਵੇਖ/ਮਹਿਸੂਸ ਕਰਕੇ ਹੰਝੂਆਂ ਦੀ ਧਾਰਾ ਵਹਿ ਟੁਰਦੀ ਹੈ। ਮਨ ਕੁਰਲਾਉਂਦਾ ਹੈ, ਆਤਮਾ ਵਿਲਕਦੀ ਹੈ, ਜਦੋਂ ਬਦੇਸ਼ਾਂ ਵਿਚਲੇ 'ਖਾਲਿਸਤਾਨੀ' ਗੁਰੂ ਗ੍ਰੰਥ ਸਾਹਿਬ ਨੂੰ ਸਿਰ ਤੇ ਚੁੱਕ ਕੇ, (ਸੁਖ ਆਸਣ ਸਮੇਂ) ਢੋਲਕੀਆਂ ਛੈਣਿਆਂ ਨਾਲ ਸ਼ਬਦ ਭੀ ਪੜ੍ਹਦੇ ਹਨ ਤੇ 'ਸੁਖ ਆਸਣ ਸਥਾਨ' ਅੱਗੇ ਖਲੋ ਕੇ, ਆਪਣੇ ਡੇਢ ਸੌ ਸਾਲ ਪਹਿਲਾਂ ਖੁੱਸ ਗਏ ਰਾਜ ਨੂੰ ਵਾਜਾਂ ਮਾਰਦੇ ਹਨ। ਬਿਲਕੁਲ ਉਸ ਯਤੀਮ ਤੇ ਅਨਭੋਲ ਬੱਚੇ ਵਾਂਗ, ਜਿਸਦਾ ਦੁਨੀਆਂ ਵਿੱਚ ਕੋਈ ਸਹਾਰਾ ਨਹੀਂ। ਬਾਹਰ ਦੁਸ਼ਮਣਾਂ ਦੀਆਂ ਵਾਹਰਾਂ ਹਨ। ਘਰ ਵਿੱਚ ਖਾਣ ਲਈ ਗੁਜਾਰੇ ਲਾਇਕ ਕੁੱਝ ਨਹੀਂ ਹੈ। ਨਾ ਇਹ ਸਮਝ ਹੈ ਕਿ ਅੱਗੋਂ ਕੀ ਕੀਤਾ ਜਾਣਾ ਚਾਹੀਦੈ? ਇਹ ਦੁਖਦਾਈ ਅਵਸਥਾ ਹੈ ਸਾਡੇ 'ਖਾਲਿਸਤਾਨ ਜ਼ਿੰਦਾਬਾਅਦ' ਦੇ ਅੰਦਰ ਵੜਕੇ ਜੈਕਾਰੇ ਲਾਉਣ ਵਾਲਿਆਂ ਦੀ। ਜਦੋਂ ਭਵਿੱਖ ਬਾਰੇ ਅਨਿਸ਼ਚਤਾ ਹੋਵੇ, ਰੂਪ ਰੇਖਾ ਉਲੀਕਣ ਦੀ ਯੋਗਤਾ ਨਾ ਹੋਵੇ, ਧਰਮ ਬਾਰੇ ਡੂੰਘਾ ਗਿਆਨ ਨਾ ਹੋਵੇ। ਸੰਸਾਰ ਸਾਹਿਤ ਵਿੱਚੋਂ ਇਨਕਲਾਬੀ ਲਹਿਰਾਂ ਤੋਂ ਰਾਜਸੀ ਦਾਉ ਪੇਚ ਨਾ ਪੜ੍ਹੇ ਅਪਣਾਏ ਹੋਣ। ਫਿਰ ਅਜਿਹੀ ਅਵਸਥਾ ਵਿੱਚ ਇਨਸਾਨ, ਮਮਿਆ ਸਕਦਾ ਹੈ, ਡਡਿਆ ਸਕਦਾ ਹੈ ਹੰਝੂ ਕੇਰ ਸਕਦਾ ਹੈ, ਤੇ ਸਮਾਂ ਪਾ ਕੇ ਗੁਲਾਮੀ ਨਾਲ ਸਮਝੌਤਾ ਕਰ ਲੈਂਦਾ ਹੈ।

ਧਰਮ ਦੇ ਅਸੂਲ ਮਨੁੱਖਤਾ ਦੇ ਭਲੇ ਵਾਸਤੇ ਹੋਇਆ ਕਰਦੇ ਹਨ। ਆਮ ਵੇਖਣ ਵਿੱਚ ਇਹੀ ਆਇਆ ਹੈ ਕਿ ਧਰਮ ਨੂੰ ਮਨੁੱਖਤਾ ਦਾ ਘਾਣ ਕਰਨ ਵਾਸਤੇ ਭੀ ਬਹੁਤ ਵਾਰੀ ਵਰਤਿਆ ਗਿਆ ਹੈ। ਹਿੰਦੂਆਂ ਦੇ ਅਖੌਤੀ ਧਾਰਮਕ ਗ੍ਰੰਥ, ਮਨੁੱਖਤਾ ਉੱਤੇ ਢਾਹੇ ਗਏ ਕਹਿਰ, ਕੀਤੇ ਗਏ ਜ਼ੁਲਮਾਂ ਦਾ ਮੂੰਹ ਬੋਲਦਾ ਪੱਕਾ ਸਬੂਤ ਹਨ। ਜੋ ਭਵਿੱਖ ਵਿੱਚ ਭੀ ਇਸੇ

ਤਰ੍ਹਾਂ ਕੀਤੇ ਗਏ ਅਣਮਨੁੱਖੀ ਜੁਲਮਾਂ ਨੂੰ 'ਧਰਮ ਦਾ ਜ਼ਰੂਰੀ ਅੰਗ' ਗਰਦਾਨਦੇ ਰਹਿਣਗੇ। ਮੁਸਲਮਾਨ ਹਾਕਮਾਂ ਨੇ ਗੁਰੂ ਅਰਜਨ ਸਾਹਿਬ ਜੀ ਨੂੰ ਸ਼ਹੀਦ ਕੀਤਾ, ਤਾਂ ਕੁਰਆਨ ਨੂੰ ਢਾਲ ਵਜੋਂ ਵਰਤਿਆ ਗਿਆ। ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਤਿੰਨ ਸਿੱਖਾਂ ਨੂੰ ਬੇਅੰਤ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਉਸ ਵਕਤ ਧਰਮ ਪੁਸਤਕ ਕੁਰਆਨ ਵਿੱਚੋਂ ਹਵਾਲਾ ਦੇ ਕੇ ਸਜ਼ਾ ਤਜ਼ਵੀਜ ਕੀਤੀ ਗਈ। ਛੋਟੇ ਸਾਹਿਬਜਾਦਿਆਂ ਨੂੰ ਸ਼ਹੀਦ ਕਰਨ ਵਕਤ, ਕੁਰਆਨ ਤੇ ਕਾਜ਼ੀ ਸ਼ਾਮਲ ਸਨ। ਇਸ ਤੋਂ ਬਾਅਦ ਵੀ ਜਦੋਂ ਜਦੋਂ ਸਿੱਖਾਂ ਨੂੰ ਘੋਰ ਤਸੀਹੇ ਦਿੱਤੇ ਗਏ, ਕਤਲ ਕੀਤਾ ਗਿਆ, ਤਾਂ ਹਮੇਸ਼ਾਂ ਧਰਮ ਦੀ ਚਾਦਰ ਉੱਪਰ ਤਾਣ ਲਈ ਗਈ। ਆਮ ਮੁਸਲਮਾਨ ਨੂੰ, ਜੰਗ ਵਿੱਚ ਸ਼ਾਮਲ ਹੋ ਕੇ ਵਿਰੋਧੀਆਂ ਨੂੰ ਖ਼ਤਮ ਕਰਨ ਵਾਸਤੇ ਜਦੋਂ ਭੀ ਉਕਸਾਇਆ ਗਿਆ ਤਾਂ 'ਜਹਾਦ ਦਾ' (ਧਰਮਯੁੱਧ) ਨਾਹਰਾ ਬੁਲੰਦ ਕੀਤਾ ਗਿਆ।

ਅਣਗਿਣਤ ਪਾਪ ਕਰਮਾਂ ਵਿੱਚ ਡੁੱਬੇ ਰਾਜਸੀ ਲੋਕ, ਆਪਣੇ ਗਿਰਦ, ਗੁਲਾਮ ਜਹਿਨੀਅਤ ਵਾਲੇ ਧਰਮ ਦੇ ਚੋਲੇ ਪਾਈ ਬੈਠੇ, ਵਿਕਣ ਲਈ ਤਿਆਰ ਅਖੌਤੀ (ਅਸਲ ਵਿੱਚ ਧਰਮ ਦੇ ਦੁਸ਼ਮਣ) ਧਾਰਮਕ ਟੁੱਕੜ ਬੋਚਾਂ ਨੂੰ, ਪਾਲ ਲੈਂਦੇ ਹਨ। ਇਹ 'ਧਰਮੀ' ਰਾਜਸੀ ਗੁੰਡਿਆਂ ਦੀ ਪ੍ਰਸ਼ੰਸਾ ਦੇ ਸੰਘ ਪਾੜ ਕੇ ਬੇਸੁਰੇ ਗੀਤ ਗਾਉਂਦੇ ਹਨ। ਇਹਨਾਂ ਨੂੰ ਨਿਹਕਲੰਕ ਦੱਸਦੇ ਹਨ, ਪਿਛਲੇ ਕੀਤੇ ਜਾਪ, ਦਾਨ ਪੁੰਨ ਦੀ ਬਦੌਲਤ ਰਾਜ ਸੁਖ ਭੋਗਣ ਦਾ, ਰਾਗ ਅਲਾਪਦੇ ਹਨ। ਇਹਨਾਂ ਤੋਂ ਮੋਟੀਆਂ ਰਕਮਾਂ ਪ੍ਰਾਪਤ ਕਰਕੇ, ਕੀਤੇ ਗਏ ਪਾਪਾਂ ਦੀ ਨਵਿਰਤੀ ਲਈ 'ਮੰਤਰ' ਪੜ੍ਹਦੇ ਹਨ, ਪਾਠ ਜਾਪ ਕਰਦੇ ਹਨ। ਨੇਤਾ ਜੀ ਇਹਨਾਂ ਦੇ ਜਾਹਰਾ ਤੌਰ ਤੇ ਚਰਨ ਛੂੰਹਦਾ ਹੈ। ਇਹ 'ਕਮੀਣੇ ਧਰਮੀ' ਅੰਦਰਖਾਤੇ, ਨੇਤਾ ਜੀ ਦੇ ਚਰਨਾਂ ਤੇ ਸਿਰ ਰੱਖ ਦਿੰਦੇ ਹਨ। ਇਸੇ ਲਈ ਰਾਜ ਦਰਬਾਰਾਂ ਵਿੱਚ ਸ਼ਾਹੀ ਕਾਜੀ, ਸ਼ਾਹੀ ਇਮਾਮ, ਰਾਜ ਪ੍ਰੋਹਿਤ, ਰਾਜ ਗੁਰੂ ਤੇ ਰਾਜ ਕਵੀ ਆਦਿ ਦੀਆਂ ਉਪਾਧੀਆਂ ਨਾਲ ਨਵਾਜਿਆ ਜਾਂਦਾ ਹੈ। ਭਾਰਤ ਦੇ ਇੱਕ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਨੇ ਧਰਮੀ ਹੋਣ ਦਾ ਖੇਖਣ ਕਰਦਿਆਂ ਰਾਸ਼ਟਰਪਤੀ ਭਵਨ ਵਿੱਚ ਗਿਆਰਾਂ ਬ੍ਰਾਹਮਣਾਂ ਨੂੰ ਸੱਦ ਕੇ, ਤਿਨ੍ਹਾਂ ਦੇ ਪੈਰ ਧੋ ਕੇ ਖੁਦ 'ਚਰਨ-ਅੰਮ੍ਰਿਤ' ਪੀਤਾ। ਅਕਲ ਦੇ ਅੰਨ੍ਹੇ ਲੋਕਾਂ ਨੇ ਰਾਸ਼ਟਰਪਤੀ ਨੂੰ ਵੱਡਾ ਧਰਮੀ ਪੁਰਖ ਮੰਨ ਲਿਆ। ਅਖਬਾਰਾਂ ਨੇ ਸੋਹਿਲੇ ਗਾਏ। ਵਾਹ ਰਾਜਨੀਤੀ ਤੇਰੇ ਰੂਪ ਹਜ਼ਾਰ। ਅਣਗਿਣਤ ਬੱਜਰ ਪਾਪ ਕਰਨ ਵਾਲੇ, ਪਾਖੰਡੀ ਰਾਜਨੀਤਿਕ ਵਿਅਕਤੀ, ਕਰਮ ਚੰਦ ਗਾਂਧੀ ਨੂੰ 'ਧਰਮੀ ਪੁਰਖ' ਪੇਸ਼ ਕਰਨ ਵਾਸਤੇ ਅਣਗਿਣਤ ਪਾਪੜ ਵੇਲੇ। ਲੱਖਾਂ ਰੁਪੈ ਖਰਚਣੇ ਪਏ, ਲੰਗੋਟੀ ਧਾਰਨੀ ਪਈ, ਪੂਜਾ ਅਰਚਣਾ, ਤੀਰਥ ਯਾਤਰਾ ਆਦਿ ਕਰਨੀ ਪਈ, ਫਿਰ ਕਿਤੇ ਉਸਨੂੰ 'ਮਹਾਤਮਾ' ਬਣਾਇਆ ਜਾ ਸਕਿਆ। ਪਰ ਦਿਲੀ

ਵਿਚ ਉਹ ਹਮੇਸਾ ਬਿਰਲਾ ਸੇਠ ਦੇ ਘਰ ਠਹਿਰਦਾ ਸੀ।

ਗਰੀਬਾਂ ਦਾ ਖੂਨ ਨਿਚੋੜ ਕੇ, ਉਹਨਾਂ ਦਾ ਹੱਕ ਖੋਹ ਕੇ, ਗੁਲਛਰਰੇ ਉਡਾਉਣ ਵਾਲੇ ਰਾਜਸੀ ਲੋਕ, ਧਰਮ ਅਸਥਾਨਾਂ ਨੂੰ ਮਾਇਆ ਦੇ ਖੁੱਲੇ ਗੱਫੇ 'ਦਾਨ' ਕਰਦੇ ਹਨ। ਬਦਲੇ ਵਿੱਚ ਧਾਰਮਕ ਲੋਕ, ਇਹਨਾਂ ਦੀ ਲੋਕ ਪਰਲੋਕ ਵਿੱਚ ਜੈ ਜੈ ਕਾਰ ਹੋਣ ਦੀ ਲੁਭਾਵਣੀ ਅਰਦਾਸ ਕਰਦੇ ਹਨ। ਰਾਜਸੀ ਗੱਦੀਆਂ ਪ੍ਰਾਪਤ ਕਰਨ ਵਾਸਤੇ, ਭਾਵੇਂ ਮੰਦਰ ਮਸਜਿਦ ਦੇ ਪੁਰਾਣੇ ਮੁਰਦੇ ਪੁੱਟਣੇ ਪੈਣ, ਭਾਵੇਂ ਕਲਪਿਤ ਅਰਜਣ ਦਾ ਮਖੌਟਾ ਪਹਿਨ ਕੇ ਰਥ ਯਾਤਰਾ ਕਰਨੀ ਪਵੇ। ਬੇਸ਼ੱਕ ਦਰਬਾਰ ਸਾਹਿਬ ਤੇ ਟੈਂਕਾਂ ਤੋਪਾਂ ਤੇ ਫੌਜਾਂ ਨਾਲ ਮਾਰੂ ਹੱਲਾ ਬੋਲਣਾ ਪਵੇ। ਭਾਵੇਂ 'ਖਾਲਸਾ ਮਾਰਚ' ਕੱਢਣੇ ਪੈਣ ਜਾਂ ਫਿਰ 'ਪਵਿੱਤਰ ਸ੍ਰੋਵਰ ਦੀ ਕਾਰ ਸੇਵਾ' ਕਰਨੀ ਪਵੇ। ਅੱਜ ਸਿੱਖਾਂ ਦੀ ਦਸ਼ਾ ਏਨੀ ਨਿੱਘਰ ਗਈ ਹੈ ਕੋਈ ਵਿਅਕਤੀ ਗੁਰਦੁਆਰੇ ਆ ਕੇ ਸੌ ਰੁਪੈ ਰੱਖ ਦੇਵੇ ਤਾਂ ਝੱਟ ਪੱਟ ਉਸਨੂੰ 'ਸਿਰੋਪਾਉ' ਬਖਸ਼ ਦਿੱਤਾ ਜਾਂਦਾ ਹੈ। ਕਿਸੇ ਨੇ ਸਹਿਜ ਪਾਠ, ਕਿਸੇ ਅਖੰਡ ਪਾਠ ਕਰਵਾਇਆ ਲਉ ਜੀ ਸਿਰੋਪਾ। ਜੋੜੇ ਸਾਂਭਣ, ਲੰਗਰ, ਕੀਰਤਨ, ਕਥਾ ਵਾਲਿਆਂ ਨੂੰ.... ਸਿਰੋਪੇ ਥੋਕ ਵਿੱਚ ਵੰਡੇ ਜਾ ਰਹੇ ਹਨ। ਹੁਣ ਤੇ ਪੰਥ ਦੋਖੀਆਂ ਨੂੰ ਭੀ ਸਿਰੋਪੇ ਕਿਰਪਾਨਾਂ ਘਰੀ ਜਾ ਕੇ ਦਿੱਤੇ ਜਾ ਰਹੇ ਹਨ, ਉਹ ਭੀ ਵੱਡੇ ਜਥੇਦਾਰਾਂ ਵੱਲੋਂ। ਸਤਿਗੁਰੂ ਸੁਮੱਤ ਬਖਸ਼ ਦੇਣ। ਪਾਵਨ ਫੁਰਮਾਨ ਹੈ:-

**ਜੀਅ ਬਧਹੁ ਸੁ ਧਰਮ ਕਰਿ ਥਾਪਹੁ ਅਧਰਮ ਕਹਹੁ ਕਤ ਭਾਈ।।**
**ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ।** (1102)

ਕਵੀਆਂ ਸਾਹਿਤਕਾਰਾਂ ਨੂੰ ਸਨਮਾਨ ਅਤੇ ਸਹੂਲਤਾਂ ਦੇਣ ਦਾ ਮਕਸਦ ਅਸਲ ਵਿੱਚ ਇਹੀ ਹੈ, ਕਿ ਇਹ ਲੇਖਕ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਚੁੱਪ ਚਾਪ ਅੰਮ੍ਰਿਤ ਦਾ ਘੁੱਟ ਸਮਝਕੇ ਪੀ ਲੈਣਗੇ। ਹਰ ਚੀਜ਼ ਨੂੰ ਸਨਮਾਨ ਵਾਲੇ ਰੰਗੀਨ ਚਸ਼ਮੇ (ਐਨਕ) ਵਿੱਚੋਂ ਦੀ ਵੇਖਣਗੇ। ਅਖਬਾਰਾਂ ਟੀ.ਵੀ. ਚੈਨਲਾਂ ਦੀ ਆਪਣੀ ਕੀਮਤ ਹੈ। ਕਿਸੇ ਦੀ ਘੱਟ ਕਿਸੇ ਦੀ ਵੱਧ। ਜੇ, ਐਮ.ਐਲ.ਏ. ਤੇ ਐਮ.ਪੀ. ਲੋੜ ਵਕਤ ਵੱਡੀ ਕੀਮਤ ਤਾਰ ਕੇ ਖਰੀਦੇ ਜਾ ਸਕਦੇ ਹਨ ਤਾਂ ਗੁਰਦੁਆਰਾ ਕਮੇਟੀਆਂ ਦੇ ਮੈਂਬਰ (ਸਮੇਤ ਐਸ.ਜੀ.ਪੀ.ਸੀ.) ਵਿਕਣ ਤੋਂ ਕਿਵੇਂ ਇਨਕਾਰ ਕਰ ਸਕਦੇ ਹਨ? ਉਹ ਤਾਂ ਵਿਚਾਰੇ ਬਹੁਤੇ ਹੀ ਸ਼ੁਸੀਲ ਹਨ, 'ਧਾਰਮਕ ਵਿਅਕਤੀ' ਜੁ ਹੋਇ।

ਖਰੀਦ ਵੇਚ ਦਾ ਇਹ ਧੰਦਾ ਇਤਨੇ ਸਹਿਜ ਨਾਲ ਚੱਲ ਰਿਹਾ ਹੈ, ਆਮ ਵਿਅਕਤੀ ਸ਼ੱਕ ਤੱਕ ਨਹੀਂ ਕਰ ਸਕਦਾ। ਇੱਕ ਬਹੁਤ ਵੱਡੇ ਵਿਅਕਤੀ ਨੂੰ... ਸੰਤ ਜੀ ਨੇ ਮੁਲਾਕਾਤ ਲਈ ਸੱਦਿਆ। 'ਡੂੰਘੀਆਂ ਪੰਥਕ ਵਿਚਾਰਾਂ ਬੰਦ ਕਮਰੇ ਵਿੱਚ ਹੋਈਆਂ।' ਤੁਸੀਂ ਹਰ ਸੰਗਰਾਂਦ ਵਾਲੇ ਦਿਨ ਦੋ ਘੰਟੇ ਸਾਡੇ ਡੇਰੇ ਆਇਆ ਕਰੋ, ਸੰਤ ਜੀ ਨੇ ਕਿਹਾ।

'ਪਰ ਮੇਰੀ ਜ਼ਿੰਦਗੀ ਬਹੁਤ ਰੁਝੇਵਿਆਂ ਭਰੀ ਹੈ, ਮੇਰੇ ਲਈ ਆਉਣਾ ਮੁਸ਼ਕਲ ਹੈ,' ਵੱਡੇ ਬੰਦੇ ਨੇ ਜੁਆਬ ਦਿੱਤਾ। ਤੁਹਾਡੇ ਦੋ ਘੰਟੇ ਕਿੰਨੇ ਕੁ ਕੀਮਤੀ ਹਨ? ਦੋ ਘੰਟਿਆਂ ਦੇ ਵੀਹ ਹਜ਼ਾਰ ਰੁਪੈ। ਠੀਕ ਹੈ ਮੈਨੂੰ ਪਰਵਾਨ ਹੈ, ਤੁਸੀਂ ਸੰਗਰਾਂਦ ਵਾਲੇ ਦਿਨ ਗੁਰਬਾਣੀ ਸੁਣੋ ਜੀਵਨ ਸਫਲਾ ਕਰੋ...। ਸੌਦਾ ਤੈਹ ਹੋ ਗਿਆ, ਤੇ ਸੰਤ ਜੀ ਦੇ ਗਾਹਕਾਂ ਵਿੱਚ ਢੇਰ ਸਾਰਾ ਵਾਧਾ ਹੋ ਗਿਆ ਕਿਉਂਕਿ ਇੱਕ ਚੋਟੀ ਦਾ ਵੱਡਾ ਵਿਅਕਤੀ ਬਾਬਾ ਜੀ ਨੂੰ ਨਮਸਕਾਰ ਕਰਨ ਆਉਂਦਾ ਹੈ, ਲੋਕਾਂ ਦੀਆਂ ਵਹੀਰਾਂ ਕਿਉਂ ਨਾ ਆਉਣ? ਦੋਵੇਂ ਫਾਇਦੇ ਵਿੱਚ, ਯਾਰੀ ਪੱਕੀ।

ਇੱਕ ਹੋਰ ਸਰਦਾਰ ਜੀ ਦੇ ਚਾਰ ਇੱਟਾਂ ਦੇ ਭੱਠੇ ਹਨ, ਦਸ ਕੁ ਟਰੱਕ ਭੀ ਇੱਟਾਂ ਪੁਚਾਣ ਲਈ ਰੱਖੇ ਹਨ। ਬੜੇ ਪੱਕੇ ਗੁਰਸਿੱਖ ਹਨ, ਕਿਸੇ ਸਾਧ ਅੱਗੇ ਨਹੀਂ ਝੁਕਦੇ।... ਬਾਬਾ ਜੀ ਨੇ ਮਿਲਣ ਦੀ ਇੱਛਾ ਪ੍ਰਗਟ ਕੀਤੀ। ਕਈ ਵਾਰ ਫੋਨ ਕਰਨ ਤੋਂ ਬਾਅਦ ਸਰਦਾਰ ਜੀ ਆ ਗਏ, ਕੰਮ ਪੁੱਛਿਆ। ਸੰਤ ਜੀ ਬੋਲੇ 'ਗੁਰਮੁਖ ਪਿਆਰੇ ਜੀਓ, ਅਸੀਂ ਗੁਰਦਵਾਰੇ ਦੀ ਨਵੀਂ ਇਮਾਰਤ ਤਿਆਰ ਕਰ ਰਹੇ ਹਾਂ, ਦੋ ਟਰੱਕ ਇੱਟਾਂ ਦੀ ਸੇਵਾ ਕਰੋ।' 'ਦੋ ਟਰੱਕ ਤਾਂ ਕੀ ਮੈਂ ਗਿਣਤੀ ਦੀਆਂ ਦੋ ਇੱਟਾਂ ਭੀ ਕਿਸੇ ਸਾਧ ਨੂੰ ਨਹੀਂ ਦਿਆਂਗਾ'। ਮੈਂ ਜਾਣਦਾ ਹਾਂ ਤੁਹਾਡੇ ਸੁਭਾਅ ਨੂੰ। ਦੋ ਟਰੱਕ ਇੱਟਾਂ ਦੀ ਕੀਮਤ ਕਿੰਨੀ ਬਣਦੀ ਹੈ? ਇਹੀ ਕੋਈ ਪੰਦਰਾਂ ਕੁ ਹਜ਼ਾਰ? ਮੈਂ ਤੁਹਾਨੂੰ ਦੋ ਟਰੱਕ ਇੱਟਾਂ ਦਾ ਤੀਹ ਹਜ਼ਾਰ ਰੁਪਿਆ ਦਿਆਂਗਾ, ਤੇ ਨਾਲ ਤੁਹਾਡੀ ਸੇਵਾ ਦੀ ਪਰਸੰਸਾ ਕਰਾਂਗਾ। ਭਰੇ ਦੀਵਾਨ ਵਿੱਚ ਸਰੋਪਾ ਦੇ ਕੇ ਐਲਾਨ ਕਰਾਂਗਾ ਸ੍ਰ. ਜੀ ਨੇ ਗੁਰੂ ਘਰ ਵਾਸਤੇ ਦੋ ਟਰੱਕ ਸੇਵਾ ਕਰਾਈ ਹੈ, ਬੋਲੇ ਸੋ ਨਿਹਾਲ....। ਸਾਧ ਸੰਗਤ ਤੁਸੀਂ ਭੀ ਖੁੱਲੇ ਦਿਲ ਸੇਵਾ ਕਰੋ। ਸੇਵਾਦਾਰਾਂ ਦਾ ਤਾਂਤਾ ਸ਼ੁਰੂ ਹੋ ਗਿਆ, ਇੱਕ ਦੀ ਪ੍ਰਸੰਸਾ ਦੂਜੇ ਦੀ ਆਮਦਨੀ

**ਤੁਮ ਪਵਿਤ ਪਾਵਨ ਪੁਰਖ ਪ੍ਰਭ ਸੁਆਮੀ, ਹਮ ਕਿਉਂ ਕਰਿ ਮਿਲਹਿ ਜੂਠਾਰੀ।।**
**ਹਮਰੈ ਜੀਇ ਹੋਰੁ ਮੁਖਿ ਹੋਰ ਹੋਤ ਹੈ, ਹਮ ਕਰਮਹੀਣ ਕੂੜਿਆਰੀ।।**
**ਹਮਰੀ ਮੁਦ੍ਰ ਨਾਮੁ ਹਰਿ ਸੁਆਮੀ, ਰਿਦ ਅੰਤਰਿ ਦੁਸਟੁ ਦੁਸਟਾਰੀ।।** (528)

ਲੰਮੇਂ ਸਮੇਂ ਤੋਂ ਭੋਲੀ ਜਿਹੀ ਸਾਧ ਸੰਗਤ ਨੂੰ ਅਨੇਕ ਢੰਗ ਤਰੀਕੇ ਵਰਤ ਕੇ ਖੂਬ ਲੁੱਟਿਆ ਹੈ। ਗੁਰਮਤ ਦਾ ਗਿਆਨ ਤਾਂ ਉੱਕਾ ਹੀ ਨਹੀਂ ਦਿੱਤਾ ਗਿਆ। ਜ਼ਰਾ ਸੋਚੋ! ਅਗਰ ਦਾਨ ਪੁੰਨ ਨਾਲ ਸਮਾਜ ਦਾ ਕੁਝ ਸੰਵਰਨਾ ਹੰਦਾ, ਤਾਂ ਸਦੀਆਂ ਤੋਂ ਦਾਨ ਪੁੰਨ ਹੁੰਦਾ ਆ ਰਿਹਾ ਹੈ। ਹੁਣ ਤੱਕ ਤਾਂ ਸਭ ਪ੍ਰਕਾਰ ਦੀਆਂ ਬੁਰਾਈਆਂ ਵਿਕਾਰ ਖ਼ਤਮ ਹੋ ਜਾਣੇ ਚਾਹੀਦੇ ਸੀ। ਹਾਂ ਪੁਜਾਰੀਆਂ ਦਾ ਬਹੁਤ ਕੁਝ ਬਣ ਸੰਵਰ ਗਿਆ ਹੈ। ਡੱਕਾ ਦੂਹਰਾ ਕਰਨ ਤੋਂ ਬਿਨਾਂ, ਜ਼ਿੰਦਗੀ ਦੀਆਂ ਸਭ ਸਹੂਲਤਾਂ ਭੋਗ ਰਹੇ ਹਨ। ਆਮ ਇਨਸਾਨ ਨੂੰ ਸਖ਼ਤ

ਮਿਹਨਤ ਤੋਂ ਬਾਅਦ ਮਸੀਂ ਰੱਜਵੀਂ ਰੋਟੀ ਨਸੀਬ ਹੁੰਦੀ ਹੈ। ਵਿਹਲੜ ਪੁਜਾਰੀ ਟੋਲੇ, ਦੁੱਧ ਮਲਾਈਆਂ, ਗਿਰੀਆਂ ਬਦਾਮ ਛਕ ਰਹੇ ਹਨ। ਇਹ ਪੁਜਾਰੀ ਤੇ ਧਰਮ ਅਸਥਾਨ ਰਾਜਸੀ ਗੁੰਡਿਆਂ ਦੇ ਕਬਜ਼ੇ ਵਿੱਚ ਹਨ। ਇਹ ਇੱਕ ਬਹੁਤ ਵਿਸ਼ਾਲ ਤਾਣਾ ਬਾਣਾ ਹੈ, ਕਿਸ ਨੇ ਕਿੱਥੇ 'ਸ਼ਿਕਾਰ' ਦੀ ਉਡੀਕ ਵਿੱਚ ਫੰਦਾ ਲਾ ਕੇ ਬੈਠਣਾ ਹੈ, ਪਹਿਲਾਂ ਹੀ ਨਿਸ਼ਚਿਤ ਹੋਇਆ ਹੁੰਦਾ ਹੈ। ਪਰਸਿੱਧ ਕਵੀ ਇਕਬਾਲ ਦਾ ਇਰਸ਼ਾਦ ਹੈ:-

**ਹਵਸ ਕੇ ਬੰਦੇ ਵਫਾ ਕੋ ਬੇਚ ਦੇਤੇ ਹੈਂ।**
**ਖੁਦਾ ਕੇ ਘਰ ਕੀ ਕਿਆ ਕਹੀਏ, ਯਿਹ ਖੁਦਾ ਕੋ ਬੇਚ ਦੇਤੇ ਹੈਂ।**

ਗੁਰੂ ਨਾਨਕ ਸਾਹਿਬ ਜੀ ਨੇ ਸੈਂਕੜੇ ਸਾਲਾਂ ਦਾ ਪਲਾਨ ਤਿਆਰ ਕਰਕੇ, ਆਪਣਾ ਕੰਮ ਸ਼ੁਰੂ ਕੀਤਾ ਸੀ। ਲੰਮੀ ਘਾਲਣਾ ਤੋਂ ਬਾਅਦ ਕਿਤੇ ਸਮਾਜ ਦਾ ਮੂੰਹ ਮੱਥਾ ਸੰਵਰਿਆ ਸੀ। ਸਤਿਗੁਰੂ ਜੀ ਦੇ ਇੱਕ ਇਸ਼ਾਰੇ ਤੇ ਸਭ ਕੁਝ ਵਾਰ ਦੇਣ ਵਾਲਿਆਂ ਦਾ ਕਾਫਲਾ ਮੰਜ਼ਲ ਵੱਲ ਚੱਲ ਪਿਆ ਸੀ। ਸਿਰਾਂ ਦੀ ਬਾਜ਼ੀ ਲਾ ਕੇ ਜ਼ੁਲਮ ਦਾ ਖਾਤਮਾ ਕੀਤਾ ਸੀ। ਅੱਜ ਦੁੱਧ ਪੀਣੇ ਮਜਨੂੰ, ਏ.ਸੀ. ਦੀਆਂ ਹਵਾਵਾਂ ਵਿੱਚ ਸਵਰਗ ਦੇ ਮਿੱਠੇ ਸੁਪਨੇ ਲੈਣ ਵਾਲੇ, ਗੁਰਮਤ ਦੀ ਹਰ ਪ੍ਰੀਖਿਆ ਵਿੱਚੋਂ ਫੇਲ ਲੋਕੀਂ, ਹੱਥੀਂ ਠੂਠੇ ਫੜੀਂ, ਦੀਨ ਈਮਾਨ ਵੇਚ ਕੇ ਕੁਰਸੀਆਂ ਲਈ ਲਾਲ੍ਹਾਂ ਸੁੱਟਦੇ, ਸਾਫ਼ ਨਜ਼ਰ ਆ ਰਹੇ ਹਨ। ਪੁਰਾਤਨ ਸਮਿਆਂ ਵਿੱਚ 'ਮੈਂ ਪਹਿਲਾਂ ਸੀਸ ਵਾਰ ਦਿਆਂ' ਦੀ ਪਵਿੱਤਰ ਸੋਚ ਸੀ। ਅੱਜ 'ਮੈਂ ਪਹਿਲਾਂ ਕੁਰਸੀ ਤੇ ਬੈਠਾਂ', ਇਹੀ ਨਿੱਘਰਿਆ ਹੋਇਆ ਰਾਗ ਸੁਣਾਈ ਦੇ ਰਿਹਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਧਰਤੀ ਦੇ ਟੁੱਕੜੇ ਤੇ ਰਾਜ ਨਹੀਂ ਕੀਤਾ, ਪਰ ਕਰੋੜਾਂ ਲੋਕਾਂ ਦੇ ਦਿਲਾਂ ਤੇ ਸਦੀਵੀਂ ਰਾਜ ਕੀਤਾ ਹੈ। ਅੱਜ ਸਿੱਖ ਲੀਡਰ ਧਰਤੀ ਦੇ ਟੁੱਕੜੇ ਤੇ ਰਾਜ ਕਰਨ ਲਈ ਤਰਲੋਮੱਛੀ ਦਿੱਸਦੇ ਹਨ। ਗੁਰੂ ਨਾਨਕ ਸਾਹਿਬ ਵੱਲੋਂ ਬਖਸ਼ੇ ਉੱਤਮ ਗੁਣਾਂ ਤੋਂ ਖਾਲੀ ਸੱਖਣੇ। ਅਗਰ ਧਰਮ ਬਚ ਗਿਆ, ਹਿਰਦੇ ਵਿੱਚ ਟਿਕ ਗਿਆ, ਤਾਂ ਰਾਜ ਦੀ ਆਸ ਕੀਤੀ ਜਾ ਸਕਦੀ ਹੈ। ਧਰਮ ਹੀ ਨਾ ਰਿਹਾ ਤੇ ਰਾਜ ਕੈਸਾ ਤੇ ਕਿਵੇਂ ਆਵੇਗਾ? ਧਰਮ ਵਿਹੂਣਾ? ਧਰਮ ਤੇ ਰਾਜਨੀਤੀ ਇਕੱਠੀ ਦੀ ਡੌਂਡੀ ਪਿੱਟਣ ਵਾਲੇ, ਧਰਮ ਨੂੰ ਬਦਨਾਮ ਕਰ ਰਹੇ ਹਨ, ਰਾਜ ਇਹਨਾਂ ਕੋਲ ਆਉਣਾ ਕੋਈ ਨਹੀਂ। ਕੇਵਲ ਧਰਮ ਨੂੰ ਕੁਚੇਸ਼ਟਾ ਭਰੇ ਢੰਗ ਨਾਲ ਵਰਤਤਿਆ ਜਾ ਰਿਹਾ ਹੈ। ਪਾਵਨ ਬਾਣੀ ਦਾ ਬੋਧ ਹੋਣਾ ਤਾਂ ਦੂਰ ਦੀ ਗੱਲ, ਇੱਥੇ ਤਾਂ ਸਿੱਖਾਂ ਦੇ ਮੁਖੀਆਂ ਨੇ ਸਿੱਖ ਹੋਣ ਦੀ ਪਹਿਲੀ ਸ਼ਰਤ - ਖੰਡੇ ਦੀ ਪਾਹੁਲ ਭੀ ਪੂਰੀ ਨਹੀਂ ਕੀਤੀ। ਜਿਨ੍ਹਾਂ ਅਣਸਰਦੇ ਨੂੰ ਗਲ ਕਿਰਪਾਨ ਲਟਕਾਈ ਹੈ, ਉਹ ਭੀ ਪਾਖੰਡੀ ਗੁਰੂਆਂ, ਡੇਰਿਆਂ ਤੇ ਨੱਕ ਰਗੜਦੇ ਵੇਖੇ ਜਾ ਸਕਦੇ ਹਨ। ਤਿਲਕ, ਮੁਕਟ, ਹਵਨ, ਗਲ ਲਾਲ ਚੁੰਨੀਆਂ ਪਾਈ, ਬੇਸ਼ਰਮੀ ਨਾਲ ਘੁੰਮ ਰਹੇ ਹਨ। ਵਾਹਿਗੁਰੂ ਜੀ ਕਾ ਖਾਲਸਾ, 'ਰਾਮ ਜੀ ਕੀ ਫਤੇ', ਬੁਲਾ ਕੇ ਗੁਰੂ

ਗੋਬਿੰਦ ਸਿੰਘ ਜੀ ਦਾ ਅਪਮਾਨ ਕਰ ਰਹੇ ਹਨ। ਹੈ ਕੋਈ ਰੋਕਣ ਵਾਲਾ? ਗੁਰਵਾਕ ਹਨ:-

**ਕਾਦੀ ਕੂੜੁ ਬੋਲਿ ਮਲੁ ਖਾਇ।। ਬ੍ਰਾਹਮਣ ਨਾਵੈ ਜੀਆ ਘਾਇ।।**
**ਜੋਗੀ ਜੁਗਤਿ ਨਾ ਜਾਣੈ ਅੰਧੁ।। ਤੀਨੇ ਉਜਾੜੇ ਕਾ ਬੰਧੁ।।** (662)

ਅਸਲ ਗੱਲ ਤਾਂ ਇਹ ਸੀ ਕਿ ਰਾਜਨੀਤੀ ਅਤੇ ਧਰਮ, ਦੋਵੇਂ ਹੀ ਲੋਕਾਈ ਦੇ ਭਲੇ ਹਿੱਤ ਹੋਣੇ ਚਾਹੀਦੇ ਹਨ। ਹਾਲਾਤ ਦੀ ਮਜ਼ਬੂਰੀ ਕਾਰਨ ਸਵੀਕਾਰ ਕਰ ਲੈਂਦੇ ਹਾਂ ਕਿ ਰਾਜਸੀ ਲੋਕਾਂ ਤੋਂ ਹੱਕ ਸੱਚ ਦੀ ਉਮੀਦ ਨਹੀਂ ਰੱਖੀ ਜਾ ਸਕਦੀ। ਇਹਨਾਂ ਰਾਜਸੀ ਗੁੰਡਿਆਂ ਨੂੰ ਧਰਮ ਅਸਥਾਨਾਂ ਦੀ ਦੁਰਵਰਤੋਂ ਕਰਨੋਂ ਤਾਂ ਰੋਕਿਆ ਜਾ ਸਕਦਾ ਹੈ। ਪਰ ਜਦੋਂ ਚੋਰ ਤੇ ਕੁੱਤੀ ਅੰਦਰ ਖਾਤੇ ਇੱਕ ਹੋਣ ਤਾਂ ਘਰ ਸੁਰੱਖਿਅਤ ਕਿਵੇਂ ਰਹਿ ਸਕਦਾ ਹੈ? ਅਖੌਤੀ ਧਰਮ ਮੁਖੀ ਲੋਕ ਭੀ ਤਾਂ ਵਿਚਾਰੇ ਇਸੇ ਸਮਾਜ ਵਿੱਚ ਜੰਮੇ ਪਲੇ, ਤੇ ਪਰਵਾਨ ਚੜ੍ਹੇ ਹਨ। ਫਿਰ ਸਮਾਜ ਵਿੱਚ ਵਰਤ ਰਹੇ ਵਰਤਾਰੇ ਤੋਂ, ਉਹ ਕਿਵੇਂ ਅਭਿੱਜ ਰਹਿ ਸਕਦੇ ਹਨ?

ਫਰਜ਼ ਕਰੋ ਇੱਕ ਸਿੱਖ ਡਾਕਟਰ ਹੈ, ਉਹ ਵਕਾਲਤ ਨਹੀਂ ਕਰ ਸਕਦਾ, ਭਵਨ ਨਿਰਮਾਣ ਜਾਂ ਹੋਰ ਅਜਿਹੇ ਕੰਮ ਨਹੀਂ ਕਰ ਸਕਦਾ, ਜਿਸਦੀ ਉਸਨੇ ਸਿੱਖਿਆ ਨਾ ਲਈ ਹੋਵੇ। ਕਰੇਗਾ ਤਾਂ ਗਲਤ ਕਰੇਗਾ। ਵਕੀਲ ਕਿਸੇ ਮਰੀਜ਼ ਦਾ ਇਲਾਜ ਨਹੀਂ ਕਰ ਸਕਦਾ, ਕਿਉਂਕਿ ਉਸ ਦੀ ਸਿੱਖਿਆ ਅਲੱਗ ਕਿਸਮ ਦੀ ਹੈ। ਅਣਗਿਣਤ ਕਿੱਤਿਆਂ ਵਿੱਚ ਮਾਹਰ ਸਿੱਖ ਮਿਲਣਗੇ, ਪਰ ਸਿੱਖਿਆ ਕਾਰਨ ਕੰਮ ਅੱਡੋ ਅੱਡ ਹੋਣਗੇ। ਇਸੇ ਤਰ੍ਹਾਂ ਸਾਡੇ ਪੁਰਾਣੇ ਸਮੇਂ ਦੇ ਬਜ਼ੁਰਗਾਂ ਨੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਗੁਰੂ ਘਰਾਂ ਦੀ ਸੇਵਾ ਸੰਭਾਲ ਵਾਸਤੇ ਬਣਾਈ ਸੀ। ਧਰਮ ਪ੍ਰਚਾਰ ਲਈ ਨੌਜਵਾਨ ਤਿਆਰ ਕਰਨੇ, ਸਿੱਖ ਸਾਹਿਤ ਛਾਪ ਕੇ ਵੰਡਣਾ, ਦੇਸ਼ ਵਿਦੇਸ਼ ਦੇ ਸਿੱਖਾਂ ਦੀਆਂ ਮੁਸ਼ਕਲਾਂ ਦੂਰ ਕਰਨ ਵਿੱਚ ਸਹਾਇਤਾ ਕਰਨੀ। ਅਖਬਾਰ ਰਸਾਲੇ ਚਾਲੂ ਕਰਨੇ, ਸਿੱਖਾਂ ਨੂੰ ਇੱਕ ਕੇਂਦਰ, ਇੱਕੋ ਵਿਚਾਰਧਾਰਾ ਵਿੱਚ ਪਰੋ ਕੇ ਰੱਖਣਾ ਆਦਿ। ਸ਼੍ਰੋਮਣੀ ਅਕਾਲੀ ਦਲ ਦੀ ਜ਼ਿੰਮੇਵਾਰੀ ਸੀ, ਕਿ ਸਿੱਖਾਂ ਦੇ ਰਾਜਸੀ ਹੱਕਾਂ ਵਾਸਤੇ ਜਤਨਸ਼ੀਲ ਰਹਿਣਾ। ਜੇ ਕਦੀ ਮੌਕਾ ਮਿਲੇ ਤਾਂ ਪੰਜਾਬ ਵਿੱਚ ਅਕਾਲੀ ਸਰਕਾਰ ਬਣਾਉਣੀ। ਹੈ ਤਾਂ ਦੋਵੇਂ ਧਿਰਾਂ ਸਿੱਖ ਸਨ, ਪਰ ਕਾਰਜ ਖੇਤਰ ਦੀ ਵੰਡ ਕੀਤੀ ਗਈ ਸੀ। ਸਮੇਂ ਨੇ ਕਰਵਟ ਬਦਲੀ ਕਿ ਦੋਵੇਂ ਘਿਉ ਖਿਚੜੀ ਹੋ ਗਏ। ਗੁਰੂ ਘਰਾਂ ਵਿੱਚ ਸ਼ਰਧਾ ਨਾਲ ਅਰਪਣ ਕੀਤਾ ਪੈਸਾ, ਰਾਜਸੀ ਕੰਮਾਂ ਤੇ ਫੂਕਿਆ ਜਾਣ ਲੱਗਾ। ਸ਼੍ਰੋ: ਕਮੇਟੀ ਮੈਂਬਰ ਐਮ.ਐਲ.ਏ. ਤੇ ਐਮ.ਪੀ. ਬਣਨ ਲੱਗੇ। ਖੁਦ ਗੁਰਚਰਨ ਸਿੰਘ ਟੌਹੜਾ, ਆਖਰੀ ਸੁਆਸਾਂ ਨਾਲ, 'ਧਰਮ ਤੇ ਰਾਜਨੀਤੀ ਇਕੱਠੀ ਨਿਭੇ' ਤੇ ਪੂਰਾ ਉਤਰਿਆ। ਜੋ ਦੁਰਦਸ਼ਾ ਧਰਮ ਤੇ ਉੱਤਮ ਅਸੂਲਾਂ ਦੀ, ਬੇਈਮਾਨ ਰਾਜਸੀ ਲੋਕਾਂ ਨੇ ਕੀਤੀ ਹੈ, ਉਸ ਤੋਂ ਹੁਣ ਕੋਈ ਅਣਜਾਣ ਨਹੀਂ ਹੈ। ਇਹਨਾਂ ਖੁਦਗਰਜ਼ ਲੋਕਾਂ ਨੇ, ਜਿੱਥੇ ਰਾਜਨੀਤੀ ਨੂੰ ਇੱਕ ਜੂਆ ਬਣਾ

ਧਰਿਆ ਹੈ ਤਾਂ ਧਰਮ ਨੂੰ ਘੋੜਾ। ਇੱਕ ਮਹਾਨ ਫਿਲਾਸਫਰ ਖਲੀਲ ਜ਼ਿਬਰਾਨ ਦੇ ਬਚਨ ਸੁਣੋ – **'ਮੈਂ ਦੁਨੀਆਂ ਵੇਖੀ, ਜੰਗਲਾਂ ਤੋਂ ਸ਼ਹਿਰਾਂ ਵੱਲ, ਝੁੱਗੀਆਂ ਤੋਂ ਮਹਿਲਾਂ ਵੱਲ, ਵਧਦਿਆਂ ਵੇਖਿਆ। ਮੈਂ ਰਾਜ ਭਵਨਾਂ ਕਾਲਜਾਂ, ਮੰਦਰਾਂ ਬਲੀਬੇਦੀਆਂ (ਕਤਲਗਾਹਾਂ) ਤੇ ਗਿਆ। ਮੈਂ ਵੇਖਿਆ ਮਜ਼ਦੂਰ ਅਮੀਰ ਦਾ ਗੁਲਾਮ ਹੈ। ਅਮੀਰ ਸਿਪਾਹੀ ਦਾ ਗੁਲਾਮ ਹੈ। ਸਿਪਾਹੀ ਜਰਨੈਲ ਦਾ ਗੁਲਾਮ, ਜਰਨੈਲ ਰਾਜੇ ਦਾ ਗੁਲਾਮ। ਰਾਜਾ ਪਾਦਰੀ ਦਾ ਗੁਲਾਮ ਹੈ। ਪਾਦਰੀ ਇੱਕ ਮੂਰਤੀ ਦਾ ਗੁਲਾਮ ਹੈ। ਜੋ ਮਿੱਟੀ ਦੀ ਬਣੀ ਹੋਈ ਹੈ, ਜਿਸ ਨੂੰ ਸ਼ੈਤਾਨ ਨੇ ਖ਼ੂਨ ਵਿੱਚ ਗੁੰਨ ਕੇ, ਮੁਰਦਾ ਖੋਪੜੀਆਂ ਦੇ ਢੇਰ ਉੱਤੇ, ਟਿਕਾਇਆ ਹੋਇਆ ਹੈ। ਬੁਰਾਈ ਤੇ ਪਾਪ ਦਾ ਬਦਬੂਦਾਰ ਗੰਦਾ ਬੀਜ, ਕੌਮਾਂ ਅੱਗੇ ਤੋਂ ਅੱਗੇ ਔਲਾਦ ਦੇ ਨਾਮ, ਵਸੀਅਤ ਕਰ ਦਿੰਦੀਆਂ ਹਨ। ਕੋਈ ਆਦਮੀ ਖਾਨਦਾਨੀ ਪਤਵੰਤਾ ਨਹੀਂ ਹੁੰਦਾ, ਬੇਅੰਤ ਲੋਕ ਹਨ, ਜੋ ਕਾਤਿਲਾਂ ਦੇ ਉੱਤਰ ਅਧਿਕਾਰੀ ਹਨ। ਜੋ ਵਿਅਕਤੀ ਅੱਜ ਜੰਜ਼ੀਰਾਂ ਵਿੱਚ ਜਕੜਿਆ ਹੋਇਆ ਹੈ, ਜ਼ਰੂਰੀ ਨਹੀਂ ਉਹ ਅਪਰਾਧੀ ਹੋਵੇ। ਕਈ ਵਾਰੀ ਇਹ ਜੰਜ਼ੀਰਾਂ ਸੋਨੇ ਦੇ ਹਾਰਾਂ ਨਾਲੋਂ ਬਹੁਤ ਕੀਮਤੀ ਹੋਇਆ ਕਰਦੀਆਂ ਹਨ। 'ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਹੈ ਧਰਮੀ ਲਿਬਾਸ ਵਾਲਾ, ਅੰਦਰੋਂ ਭੀ ਧਰਮੀ ਹੋਵੇ। ਧਰਮ ਦੀਆਂ ਟਾਹਰਾਂ ਮਾਰਨ ਵਾਲਾ ਧਰਮ ਅਸਥਾਨਾਂ ਤੋਂ ਦੂਰ ਰਹੇ, ਜਾਂ ਫਿਰ ਨੇਕ ਰਾਹ ਤੇ ਚੱਲ ਪਵੇ।'**

**ਸਚਾ ਧਰਮੁ ਪੁੰਨੁ ਭਲਾ ਕਰਾਏ।। ਦੀਨ ਕੈ ਤੋੋਸੈ ਦੁਨੀ ਨ ਜਾਏ।।**
**ਦੀਨੁ ਛਡਾਏ ਦੁਨੀ ਜੋ ਲਾਏ।। ਦੁਹੀ ਸਰਾਈ ਖੁਨਾਮੀ ਕਹਾਏ।।**(743)

ਅੱਜ ਸਿੱਖਾਂ ਕੋਲ ਧਰਮ ਦੇ ਨਾਮ ਹੇਠ ਬਹੁਤ ਸਾਰੇ ਕਰਮਕਾਂਡ ਹਨ, ਰਸਮਾਂ ਰੀਤਾਂ ਹਨ। ਵਹਿਮ ਭਰਮ ਹਨ, ਜ਼ਿੰਦਗੀ ਸੱਚੇ ਧਰਮ ਵੱਲੋਂ ਸੱਖਣੀ ਪ੍ਰਤੀਤ ਹੋ ਰਹੀ ਹੈ। ਪੈਸੇ ਦੀ ਅੰਨ੍ਹੀ ਦੌੜ ਨੇ ਧਰਮ ਅਸਥਾਨਾਂ ਅਤੇ ਧਰਮ ਗ੍ਰੰਥ ਨੂੰ ਕਮਾਈ ਦੇ ਸਾਧਨ ਵਜੋਂ ਵਰਤਣਾ ਸ਼ੁਰੂ ਕਰ ਲਿਆ ਹੈ। ਗੁਰਬਾਣੀ ਵੱਲੋਂ ਪ੍ਰਚਾਰਿਆ ਸੱਚ ਮਾਨੋਂ ਖੰਭ ਲਾ ਕੇ ਉੱਡ ਗਿਆ ਹੈ। ਦੂਜੇ ਪਾਸੇ ਦੋ ਚਾਰ ਪ੍ਰਾਣੀ ਉੱਠਦੇ ਹਨ, ਅਨੇਕ ਹਰਬੇ ਵਰਤਦੇ ਹਨ, ਤੇ ਨਵੀਂ ਰਾਜਸੀ ਪਾਰਟੀ ਨੂੰ ਜਨਮ ਦੇ ਦਿੰਦੇ ਹਨ। ਪੰਥ ਦੇ ਨਾਮ ਤੇ, ਪੰਥ ਦੀ ਪਿੱਠ ਵਿੱਚ ਛੁਰਾ ਖੋਭਣ ਵਾਲੇ ਵੋਟ ਤੇ ਨੋਟ ਦੀ ਮੰਗ ਕਰਦੇ ਕਦੀ ਨਹੀਂ ਸ਼ਰਮਾਉਂਦੇ। ਐ ਸਤਿਗੁਰੂ ਜੀਓ! ਤੁਸੀਂ ਸਮਰੱਥ ਸੀਗੇ, ਧਰਮ ਤੇ ਰਾਜਨੀਤੀ ਨੂੰ ਤੁਸੀਂ ਮਨੁੱਖਤਾ ਦੇ ਕਲਿਆਣ ਹਿੱਤ ਬਾਖੂਬੀ ਵਰਤਿਆ ਨਿਭਾਇਆ। ਆਪਣੇ ਸਿੱਖਾਂ ਨੂੰ ਆਦੇਸ਼ ਦਿਓ! ਇਹ ਆਪਣਾ ਧਰਮ ਤੇ ਆਪਣੀ ਰਾਜਨੀਤੀ ਅਲੱਗ ਅਲੱਗ ਕਰ ਲੈਣ। ਵਰਨਾ ਨਾ ਧਰਮ ਪੱਲੇ ਰਹਿਣਾ ਹੈ, ਤੇ ਨਾ ਹੀ ਰਾਜ ਮਿਲਣਾ ਹੈ।

ਦੁਬਧਾ ਮੇ ਦੋਨੋਂ ਗਏ, ਨਾ ਮਾਇਆ ਮਿਲੀ, ਨਾ ਰਾਮ।

**ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨ ਗਲਿ ਤਾਗ॥**
**ਤਿਨ ਘਰਿ ਬ੍ਰਾਹਮਣ ਪੂਰਹਿ ਨਾਦ॥ ਓਨਾ ਭਿ ਆਵਹਿ ਓਹੀ ਸਾਦ॥...**
**ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥ (ਵਾਰ ਆਸਾ)**

# ਕਲਰੁ ਖੇਤੁ ਲੈ ਕੂੜੁ ਜਮਾਇਆ .....

ਹਰ ਸਿੱਖ ਦਾ ਅਤੇ ਹਰ ਇੱਕ ਸਿੱਖ ਸੰਸਥਾ ਦਾ, ਇਹ ਧਾਰਮਕ ਫਰਜ਼ ਬਣਦਾ ਹੈ ਕਿ ਸਤਿਗੁਰੂ ਜੀ ਦੇ ਉਪਦੇਸ਼ਾਂ ਨੂੰ ਗੁਰਬਾਣੀ ਵਿੱਚੋਂ ਪੜ੍ਹੇ, ਸਮਝੇ, ਵਿਚਾਰੇ, ਫਿਰ ਕਿਤੇ ਸੰਗਤਾਂ ਤੱਕ ਪ੍ਰਚਾਣ ਦੀ ਕੋਸ਼ਿਸ਼ ਕਰੇ। ਬਿਹਤਰ ਇਹ ਹੈ ਕਿ ਸ਼੍ਰੋਮਣੀ ਕਮੇਟੀ ਅਜਿਹੇ ਮਾਹਿਰ ਸਿੱਖ ਵਿਦਵਾਨਾਂ ਦਾ, ਇੱਕ ਬੋਰਡ ਬਣਾਵੇ। ਸਿੱਖ ਧਰਮ ਨਾਲ ਸੰਬੰਧਤ ਹਰੇਕ ਕਿਤਾਬ ਉਹਨਾਂ ਵੱਲੋਂ ਪਾਸ ਕੀਤੀ ਹੋਈ ਹੀ ਪ੍ਰਮਾਣੀਕ ਮੰਨੀ ਜਾਵੇ। ਬਦ ਕਿਸਮਤੀ ਨਾਲ ਅਜਿਹਾ ਨਹੀਂ ਕੀਤਾ ਗਿਆ। ਹਰ ਵਿਅਕਤੀ ਆਪਣੀ ਮਨਮਰਜ਼ੀ ਨਾਲ ਗੁਰਬਾਣੀ ਦੇ ਅਰਥ ਕਰ ਰਿਹਾ ਹੈ। ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰ ਰਿਹਾ ਹੈ। ਕੋਈ ਪੁੱਛਣ ਵਾਲਾ ਨਹੀਂ ਹੈ। ਸਗੋਂ ਸਾਡੇ ਜਥੇਦਾਰ ਤੇ ਲੀਡਰ ਲੋਕ ਉਹਨਾਂ ਡੇਰਿਆਂ ਟਕਸਾਲਾਂ ਵਿੱਚ ਜਾ ਕੇ ਤਿਨ੍ਹਾਂ ਦੀ ਪ੍ਰਸੰਸਾ ਦੇ ਪੁਲ ਬੰਨ੍ਹ ਆਉਂਦੇ ਹਨ। ਪਿਛਲੇ ਲੰਮੇ ਸਮੇਂ ਤੋਂ ਦਮਦਮੀ ਟਕਸਾਲ ਬਾਰੇ ਪੇਤਲੀ ਜਿਹੀ ਜਾਣਕਾਰੀ ਸੀ। ਸੰਨ 1983-84 ਵਿੱਚ ਬਾਬਾ ਜਰਨੈਲ ਸਿੰਘ ਦੀ ਚੜ੍ਹਤ ਸਮੇਂ ਉਹਨਾਂ ਨਾਲ ਮੁਲਾਕਾਤਾਂ ਦਾ ਅਵਸਰ ਭੀ ਮਿਲਿਆ। 84 ਦਾ ਘੱਲੂਕਾਰਾ ਵਾਪਰਨ ਤੋਂ ਬਾਅਦ ਟਕਸਾਲ ਫਿਰ ਚਰਚਾ ਵਿੱਚ ਰਹੀ। ਇਹਨਾਂ ਦੇ ਪ੍ਰਚਾਰਕਾਂ ਨੂੰ ਸਟੇਜਾਂ ਤੇ ਬੋਲਦਿਆਂ ਕਥਾ ਕਰਦਿਆਂ ਭੀ ਸੁਣਿਆ। ਇਹ ਲੋਕ ਕੇਵਲ ਅੰਨ੍ਹੀ ਸ਼ਰਧਾ ਦੀਆਂ ਗੱਲਾਂ ਹੀ ਕਰਦੇ ਦਿਸੇ, ਗਿਆਨ ਤਰਕ ਤੋਂ ਖਾਲੀ। ਜੇ ਕੋਈ ਵਿਚਾਰ ਕਰਨੀ ਚਾਹੇ ਤਾਂ ਮਰਨ ਮਾਰਨ ਤੇ ਉਤਰ ਪੈਣਾ, ਇਹਨਾਂ ਦਾ ਸੁਭਾ ਹੈ। ਮੇਰੇ ਸਨਮੁੱਖ ਗਿਆਨੀ ਗੁਰਬਚਨ ਸਿੰਘ ਦੀ ਲਿਖੀ ਪੁਸਤਕ "ਗੁਰਬਾਣੀ ਪਾਠ ਦਰਸ਼ਨ" ਪਈ ਹੈ। ਇਹ ਭਾਈ ਕਿਰਪਾਲ ਸਿੰਘ ਜਵਾਹਰ ਸਿੰਘ, ਮਾਈ ਸੇਵਾ ਅੰਮ੍ਰਿਤਸਰ ਵੱਲੋਂ 1969 ਵਿੱਚ ਛਪੀ ਸੀ। ਇਸੇ ਪੁਸਤਕ ਵਿੱਚੋਂ ਗੁਰਮਤ ਤੋਂ ਉਲਟ ਸਮੱਗਰੀ ਪਾਠਕਾਂ ਦੇ ਸਾਹਮਣੇ ਰੱਖ ਰਿਹਾ ਹਾਂ। ਬਈ ਕਿਵੇਂ ਇਹ ਲੋਕ ਸੰਤਗਿਰੀ ਦਾ ਲੇਬਲ ਲਾ ਕੇ, ਭੋਲੀਆਂ ਸਿੱਖ ਸੰਗਤਾਂ ਨੂੰ ਕੁਰਾਹੇ ਪਾ ਰਹੇ ਹਨ। ਗੁਰਬਾਣੀ ਦੇ ਗਲਤ ਅਰਥ ਕਰ ਰਹੇ ਹਨ। ਕਰਾਮਾਤੀ ਬੇ-ਸਿਰ ਪੈਰ ਦੀਆਂ ਕਹਾਣੀਆਂ ਗੁਰੂ ਘਰ ਵਿੱਚ ਘੁਸੇੜੀਆਂ ਜਾ ਰਹੀਆਂ ਹਨ। ਅਜਿਹੀਆ ਪੁਸਤਕਾਂ ਪੜ੍ਹ ਕੇ, ਇਨਸਾਨ ਦਾ ਜੀਵਨ ਕਿਹੋ ਜਿਹਾ ਹੋਵੇਗਾ? ਨਿਆਰੇ ਖਾਲਸੇ ਨੂੰ ਇਹ ਕਿਸ ਬ੍ਰਾਹਮਣੀ ਦਲਦਲ ਵਿੱਚ ਸੁੱਟ ਰਹੇ ਹਨ, ਕਦੀ ਕਿਸੇ ਨੇ ਸੋਚਿਆ ਤੱਕ ਨਹੀਂ। ਸਿੱਖਾਂ ਵਿੱਚ ਮਾਰੂ ਹੱਦ ਤੱਕ ਕਰਮਕਾਂਡਾਂ ਨੂੰ ਦਾਖਲ ਕਰਨ ਵਾਲੇ ਇਹੀ ਲੋਕ

ਹਨ। ਬੋਦੀ ਵਾਲੇ, ਧੋਤੀ ਵਾਲੇ, ਬ੍ਰਾਹਮਣਾਂ ਦਾ ਰੂਪ ਬਦਲ ਗਿਆ, ਕੇਸਾਂ ਜੂੜੇ ਵਾਲੇ ਬ੍ਰਾਹਮਣ, ਕਛਹਿਰੇ ਵਾਲੇ, ਚੋਲਿਆਂ ਵਾਲੇ ਬ੍ਰਾਹਮਣ, ਤੁਹਾਨੂੰ ਥੋਕ ਵਿੱਚ ਮਿਲ ਜਾਣਗੇ, ਕਿੱਥੋਂ ? ਟਕਸਾਲ ਵਿੱਚੋਂ। ਆਉ ਇਹਨਾਂ ਦੀ ਪੁਸਤੱਕ ਵਿੱਚੋਂ ਗੁਰਮਤ ਤੋਂ ਉਲਟ ਕੂੜ ਸਮੱਗਰੀ ਦੇ ਖੁੱਲੇ ਦਰਸ਼ਨ ਦੀਦਾਰੇ ਕਰੀਏ–

1. ਗਿਆਨੀ ਗੁਰਬਚਨ ਸਿੰਘ ਨੇ ਆਪਣੇ ਨਾਮ ਨਾਲ ਜੋ ਕੁਝ ਲਿਖਿਆ ਹੋਇਆ ਹੈ ਪੜ੍ਹੋ– **ਕਰਤਾ–"ਸ੍ਰੀਮਾਨ, ਪੰਥ ਰਤਨ, ਵਿੱਦਿਯਾ ਮਾਰਤੰਡ, ਸੰਤ, ਗਿਆਨੀ, ਗੁਰਬਚਨ ਸਿੰਘ, ਜੀ, ਖਾਲਸਾ**"। ਹੈ ਨਾ ਨਿਰਮਾਣਤਾ ਦੀ ਸਿਖਰ, ਅੱਠ ਵਿਸ਼ੇਸ਼ਣ ਆਪਣੇ ਨਾਮ ਨਾਲ ਖੁਦ ਹੀ ਲਾ ਲਏ।
   ਵਿੱਦਿਆ ਮਾਰਤੰਡ ਦਾ ਅਰਥ ਹੈ ਗਿਆਨ ਦਾ ਸੂਰਜ। ਸੂਰਜ ਨਾਲੋਂ ਵੱਧ ਚਾਨਣ ਕਿਸੇ ਦਾ ਨਹੀਂ, ਤੇ ਇਹਨਾਂ ਨਾਲੋਂ ਵੱਧ ਗਿਆਨ ਕਿਸੇ ਦਾ ਨਹੀਂ, ਹੈ ਨਾ ? (ਪੰਨਾ–1)
2. ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਪਿਤਾ, ਮਹਿਤਾ ਕਾਲੂ ਦਾ ਭੀ ਆਪਣੀ ਲਿਖਤ ਗੁਰਬਾਣੀ ਵਿੱਚ ਜ਼ਿਕਰ ਨਹੀਂ ਕੀਤਾ। ਉਹ ਸਰਬ ਸ੍ਰਿਸ਼ਟੀ ਦਾ ਕਰਤਾ, ਸਾਂਝਾ ਪਿਤਾ ਅਕਾਲ ਪੁਰਖ ਨੂੰ ਮੰਨਦੇ ਸਨ। ਰਾਮ ਚੰਦਰ ਦੇ ਪੁੱਤਰ ਕੁਸ਼ੂ ਨਾਲ ਉਹਨਾਂ ਕਦੀ ਆਪਣੀ ਸਾਂਝ ਨਹੀਂ ਦਰਸਾਈ, ਪਰ ਟਕਸਾਲੀਏ **ਗੁਰੂ ਨਾਨਕ ਨੂੰ ਕੁਸ਼ੂ ਦੀ ਔਲਾਦ ਗਰਦਾਨ ਰਹੇ ਹਨ।** ਪੰਨਾ–1
3. ਸਾਰੀਆਂ ਲਿਖਤਾਂ ਵਿੱਚ (ਬਾਲੇ ਤੋਂ ਸਿਵਾਏ) ਗੁਰੂ ਨਾਨਕ ਦਾ ਜਨਮ ਵਿਸਾਖ ਦਾ ਹੀ ਲਿਖਿਆ ਹੈ (ਸਮੇਤ ਭਾਈ ਮਨੀ ਸਿੰਘ ਦੀ ਜਨਮ ਸਾਖੀ ਦੇ, ਕੀ ਭਾਈ ਮਨੀ ਸਿੰਘ ਵੀ ਗਲਤ ਹਨ ?) ਪਰ ਟਕਸਾਲੀਏ ਕੱਤਕ ਦੀ ਪੂਰਨਮਾਸੀ ਲਈ ਬਜਿੱਦ ਹਨ, ਕਿਉਂ ? 9
4. ਗੁਰੂ ਅੰਗਦ ਸਾਹਿਬ ਜੀ ਨੂੰ ਰਾਮਚੰਦਰ ਦੇ ਭਰਾ, ਲਛਮਣ ਦੇ ਬੇਟੇ, ਤੱਖ ਦੇ ਖਾਨਦਾਨ ਨਾਲ ਜੋੜ ਦਿੱਤਾ ਗਿਆ, ਕਿਉਂ ? 10
5. ਗੁਰੂ ਅਮਰਦਾਸ ਜੀ ਰਾਮ ਦੇ ਭਰਾ, ਭਰਥ ਦੇ ਪੁੱਤਰ ਭੱਲਣ ਦੀ ਬੰਸ ਵਿੱਚੋਂ ਪੈਦਾ ਹੋਏ ਲਿਖ ਮਾਰਿਆ, ਕਿਉਂ ? 11
6. ਗੁਰੂ ਰਾਮਦਾਸ ਜੀ ਲਊ ਦੇ ਪੁੱਤਰ, ਕਾਲ ਰਾਏ ਦੀ ਬੰਸ ਵਿੱਚੋਂ ਸਨ, ਕਿਵੇਂ ਪਤਾ ਲੱਗਾ ? ਸਬੂਤ ? ਅੱਗੋਂ ਸਾਰੇ ਗੁਰ ਵਿਅਕਤੀਆਂ ਨੂੰ ਇਸੇ ਸੋਢੀ ਬੰਸ ਨਾਲ ਨੱਥੀ ਕਰ ਦਿੱਤਾ। 12
7. ਗੁਰੂ ਹਰਿ ਰਾਇ ਜੀ ਦੇ ਅੱਠ ਵਿਆਹ ਹੋਏ ਲਿਖ ਮਾਰਿਆ, ਕਿਉਂ ? 15
8. ਗੁਰੂ ਤੇਗ ਬਹਾਦਰ ਜੀ ਨੇ ਗੁਰਗੱਦੀ ਦਿੱਲੀ ਤੋਂ ਭੇਜੀ – ਕਿਵੇਂ ? (ਇਤਿਹਾਸ ਤੋਂ

ਸੱਖਣੇ) 18

9. ਖਾਲਸਾ ਪੰਥ ਦਸਮ ਪਾਤਸ਼ਾਹ ਨੇ ਚਲਾਇਆ ? (ਪਹਿਲੇ ਨੌਂ ਗੁਰ ਵਿਅਕਤੀ ਫਿਰ ਕੀ ਕਰਦੇ ਰਹੇ ?) ਨਾਨਕ ਨਿਰਮਲ ਪੰਥ ਚਲਾਇਆ ? ਦਾ ਕੀ ਜੁਆਬ ਹੈ ? 19

10. ਭਾਈ ਦਇਆ ਸਿੰਘ (ਪਿਆਰਾ) ਲਊ ਦੇ ਅਵਤਾਰ ਸਨ ? 19

11. ਭਾਈ ਧਰਮ ਸਿੰਘ (ਪਿਆਰਾ) ਧੰਨਾ ਜੀ ਦੇ ਅਵਤਾਰ ਸਨ ? 19

12. ਭਾਈ ਹਿੰਮਤ ਸਿੰਘ (ਪਿਆਰਾ) ਚਤੁਰਭੁਜੀ ਦੇ ਅਵਤਾਰ ਸਨ ? (ਕਲਪਤ ਚਤੁਰਭੁਜੀ) 19

13. ਭਾਈ ਮੋਹਕਮ ਸਿੰਘ (ਪਿਆਰਾ) ਨਾਮਦੇਵ ਜੀ ਦੇ ਅਵਤਾਰ ਸਨ ? 19

14. ਭਾਈ ਸਾਹਿਬ ਸਿੰਘ (ਪਿਆਰਾ) ਸੈਣ ਜੀ ਦੇ ਅਵਤਾਰ ਸਨ ? 19

15. ਮਾਈ ਸੇਵਾਂ "ਪਤੀ ਬ੍ਰਤਾ ਸ਼ਕਤੀ" ਦੀ ਵਰਤੋਂ ਕਰਕੇ, ਹਰ ਰੋਜ਼ ਕਾਬੁਲ ਤੋਂ ਗੋਇੰਦਵਾਲ ਸੇਵਾ ਕਰਨ ਆਇਆ ਕਰਦੀ ਸੀ ? (ਓਹ ਓਥੋਂ ਹੀ ਸ਼ਕਤੀ ਨਾਲ ਸੇਵਾ ਕਿਉਂ ਨਹੀਂ ਕਰਦੀ ਸੀ ?) 21

16. ਇੱਕ ਬੀਬੀ ਦਾ ਪਤੀ ਮਰ ਗਿਆ, ਉਸ ਪਤੀਬ੍ਰਤਾ ਸ਼ਕਤੀ ਵਰਤ ਕੇ ਸੂਰਜ ਚੜ੍ਹਨੋਂ ਰੋਕੀ ਰੱਖਿਆ ਜਦੋਂ ਭਗਵਾਨ ਨੇ ਪਤੀ ਜੀਵਤ ਕੀਤਾ ਤਾਂ ਹੀ ਸੂਰਜ ਚੜ੍ਹਨ ਦਿੱਤਾ ? 22

17. ਸਤਿਗੁਰੂ ਜੀ ਨੇ ਲਾਲ ਰੰਗ ਦੇ ਕੱਪੜੇ ਪਾਉਣ ਤੋਂ ਮਨਾਹੀ ਕੀਤੀ ਹੈ। ਇਹ ਟਕਸਾਲੀ ਕਹਿੰਦੇ ਹਨ।

ਪਰ ਗੁਰ ਫੁਰਮਾਨ ਤਾਂ ਇਹ ਹੈ –

**ਨਾ ਮੈਲਾ ਨਾ ਧੁੰਦਲਾ ਨਾ ਭਗਵਾ ਨਾ ਕਚੁ॥**

**ਨਾਨਕ ਲਾਲੋ ਲਾਲ ਹੈ ਸਚੈ ਰਤਾ ਸਚੁ॥** (1089) 23

18. ਮੂਲ ਮੰਤਰ (ਮੰਗਲ) ਨਾਨਕ ਹੋਸੀ ਭੀ ਸਚੁ ਤੱਕ ਹੈ, (ਗਲਤ, ਇਹ ਗੁਰ ਪ੍ਰਸਾਦਿ ਤੱਕ ਹੈ, ਆਦਿ ਸਚ ਸਲੋਕ ਹੈ) 24

19. ਜਦੋਂ ਬੱਚਾ ਗਰਭ ਵਿੱਚ ਹੋਵੇ ਤਾਂ ਇਹ ਵਿਸ਼ੇਸ਼ ਸ਼ਬਦ ਪੜ੍ਹਨ ਨਾਲ ਰੱਖਿਆ ਹੁੰਦੀ ਹੈ ? (ਮਨਮਤ) 25

20. ਮਰਾਜ ਪਿੰਡ (ਜਿਲ੍ਹਾ ਬਠਿੰਡਾ) ਵਿਖੇ ਭਾਈ ਜੈਦ ਇਸ ਕਰਕੇ ਬਹੁਤਾ ਬਲਵਾਨ ਸੀ, ਕਿਉਂਕਿ ਮਾਤਾ ਨੇ ਸ਼ੇਰ ਦਾ ਅਕਸ ਪਾਣੀ ਵਿੱਚ ਵੇਖਿਆ। ਸਵੇਰੇ ਸੁੱਤੀ ਉੱਠਣ ਵਕਤ ਸੂਰਜ ਮੱਥੇ ਲੱਗਾ ? (ਵਾਹ! ਕਿੱਡਾ ਝੂਠ ਫਿਰ ਤਾਂ ਜਾਨਵਰ ਹੀ ਜੰਮਣਾ ਚਾਹੀਦਾ ਸੀ)। 25

21. ਜੈਦ ਨਾਮੇ ਸਿੱਖ ਤੇ ਕਾਲੇ ਖਾਂ ਨੇ ਵਾਰ ਕੀਤਾ, ਤਾਂ ਛੇਵੇਂ ਪਾਤਸ਼ਾਹ ਨੇ ਕਰਾਮਾਤੀ

ਸ਼ਕਤੀ ਨਾਲ ਵਾਰ ਰੋਕ ਲਿਆ ? (ਕਰਾਮਾਤ ਨਾਲ ਗੁਰੂ ਜੀ ਨੇ ਦੁਸ਼ਮਣਾਂ ਨੂੰ ਮਾਰਿਆ ਕਿਉਂ ਨਹੀਂ?) 25

22. ਬਾਬਾ ਸੁੰਦਰ ਸਿੰਘ ਦੇ ਪਿਤਾ ਖਜਾਨ ਸਿੰਘ ਪੁੱਤਰ ਦੀ ਪ੍ਰਾਪਤੀ ਵਾਸਤੇ ਹਰ ਰੋਜ਼ ਇੱਕ ਪੈਰ ਤੇ ਖਲੋ ਕੇ ਸੁਖਮਨੀ ਸਾਹਿਬ ਦਾ ਪਾਠ ਕਰਿਆ ਕਰਦੇ ਸਨ ਤਾਂ ਸੁੰਦਰ ਸਿੰਘ ਦਾ ਜਨਮ ਹੋਇਆ (ਪਾਖੰਡ ਕਰਮ ਨਾਲ?) 26

23. ਖਜਾਨ ਸਿੰਘ ਦੀ ਪਤਨੀ ਸੁੰਦਰ ਸਿੰਘ ਦੀ ਮਾਤਾ, ਪੰਝੀ ਪਾਠ ਜਪੁਜੀ ਦੇ ਰੋਜ਼ਾਨਾ ਕਰਿਆ ਕਰਦੀ ਸੀ ? (ਮਨਮਤ) 26

24. ਸੁੰਦਰ ਸਿੰਘ ਦੇ ਜਨਮ ਵਕਤ ਚਾਲੀ ਪਉੜੀਆਂ ਅਨੰਦ ਸਾਹਿਬ ਦੀ ਕੀਰਤਨ ਕੀਤਾ, ਇਹ ਹੁਕਮ ਤੀਜੇ ਪਾਤਸ਼ਾਹ ਦਾ ਹੈ ? (ਸਬੂਤ ਦੇ ਸਕੋਗੇ ? ਟਕਸਾਲੀਆਂ ਦੀ ਮਨਮਤ ਹੈ) 27

25. ਸੁੰਦਰ ਸਿੰਘ ਦੇ ਜਨਮ ਵਕਤ, ਘਰ ਵਿੱਚ ਪਾਠ ਰਖਾਇਆ, ਬੱਚੇ ਨੂੰ ਮੱਥਾ ਟਿਕਾਇਆ, ਨਾਮ ਰੱਖਿਆ, ਫਿਰ ਮਾਂ ਦਾ ਦੁੱਧ ਪਿਆਇਆ ਗਿਆ ? (ਵੇਖੀ ਚਲੋ, ਬਿਨਾਂ ਸਿਰ ਪੈਰ ਦੇ ਉਪਦੇਸ਼) 27

26. ਸੁੰਦਰ ਸਿੰਘ ਨੂੰ ਜੰਮਣਸਾਰ ਸੰਪੂਰਣ ਸਹਿਜ ਪਾਠ ਸੁਣਾਕੇ, ਚਾਲੀ ਦਿਨਾਂ ਵਿੱਚ ਭੋਗ ਪਾਇਆ ? (ਅਣਹੋਣੀ ਗਲ) 27

27. ਅਖਾੜੇ ਪਿੰਡ ਇੱਕ ਪ੍ਰਵਾਰ ਦੇ ਬੱਚੇ ਮਰ ਜਾਂਦੇ ਸਨ, ਇੱਕ ਸਿੱਖ ਨੇ ਕਿਰਪਾਨ ਦਾ ਅੰਮ੍ਰਿਤ ਛਕਾਇਆ ਬੱਚੇ ਨੂੰ ਜਨਮ ਦੇ ਕੇ ਮਾਤਾ ਮਰ ਗਈ ਬੱਚਾ ਨਹੀਂ ਮਰਿਆ ? (ਵਾਰੇ ਵਾਰੇ ਜਾਈਏ ਅਕਲ ਦੇ) 28

28. ਬੱਚੇ ਦੇ ਜਨਮ ਵਕਤ ਦਾਈ ਸਿੱਖਣੀ ਹੀ ਹੋਣੀ ਚਾਹੀਦੀ ਹੈ ? (ਟਕਸਾਲੀਏ ਹੁਣ ਕੀ ਕਰਦੇ ਹਨ ? ਕੀ ਹਸਪਤਾਲਾਂ ਵਿੱਚ ਨਹੀਂ ਜਾਂਦੇ ?) 28

29. ਨਾਰਦ ਮੁਨੀ ਨੇ 75 ਹਜ਼ਾਰ ਸਾਲ ਵਿੱਦਿਆ ਪੜ੍ਹੀ ? (ਵੱਡਾ ਗਪੌੜਾ) 30

30. ਵੇਦ ਵਿਆਸ ਗਿਆਰਾਂ ਹਜ਼ਾਰ ਸਾਲ ਤਪ ਕਰਦਾ ਰਿਹਾ ? (ਗਪੌੜਾ) 32

31. ਸਤੇ ਬਲਵੰਡ ਨੂੰ ਅਤੇ ਭੱਟਾਂ ਨੂੰ ਕਾਂਸ਼ੀ ਦੇ ਬ੍ਰਾਹਮਣਾਂ ਵੱਲੋਂ ਸਰਾਪ ਮਿਲਿਆ ਹੋਇਆ ਸੀ ? (ਘੋਰ ਪਾਪ ਲਿਖ ਮਾਰਿਆ) 33

32. ਆਸਾ ਕੀ ਵਾਰ ਬਾਣੀ 84 ਦੇ ਗੇੜ ਵਿੱਚੋਂ ਕੱਢਦੀ ਹੈ ? (ਤੇ ਹੋਰ ਬਾਣੀ ਕੀ ਕਰਦੀ ਹੈ ?) 34

33. ਸੁਖਮਨੀ ਸਾਹਿਬ ਦੇ 24 ਹਜ਼ਾਰ ਅੱਖਰ ਹਨ, ਚੌਵੀ ਘੰਟਿਆਂ ਦੇ 24 ਹਜ਼ਾਰ ਸੁਆਸ ਹਨ, ਚੌਵੀ ਅਸਟਪਦੀਆਂ ਹਨ, ਇਸ ਤਰ੍ਹਾਂ ਪਾਠ ਕਰਨ ਨਾਲ ਚੌਵੀ

ਹਜਾਰ ਸੁਆਸ ਸਫਲ ਹੁੰਦੇ ਹਨ ? (ਕੀ ਸਾਰੀ ਗੁਰਬਾਣੀ ਇੱਕਸਾਰ ਨਹੀਂ ਹੈ) 34

34. ਧਰੂ ਭਗਤ ਨੇ 36000 ਸਾਲ ਤੱਕ ਅਟੱਲ ਰਾਜ ਕੀਤਾ ? (ਪੌਰਾਣਕ ਕਥਾਵਾਂ ਦੇ ਗੱਪਾਂ ਦਾ ਇੱਥੇ ਕੀ ਕੰਮ?) 36

35. ਫਰੀਦ ਜੀ ਦੇ ਮੁਸੱਲੇ ਹੇਠਾਂ ਸ਼ੱਕਰ, ਖੰਡ, ਮਿਸ਼ਰੀ ਦੇ ਢੇਰ ਲੱਗੇ ਵੇਖੇ ? 36

36. ਬਾਬਾ ਫਰੀਦ ਜੀ, ਬਾਰਾਂ ਸਾਲ ਤੱਕ ਜੰਗਲਾਂ ਵਿੱਚ ਤਪ ਕਰਦੇ ਰਹੇ, ਪੱਤੇ ਖਾਂਦੇ ਰਹੇ। (?) 36

37. ਫਰੀਦ ਦੇ ਜੂੰਆਂ ਪੈ ਗਈਆਂ, ਮਾਤਾ ਨੇ ਕੱਢੀਆ, ਪੱਤੇ ਖਾਣੋਂ ਰੋਕਿਆ ? (ਵੱਡਾ ਅਪ੍ਰਾਧ) 36

38. ਫਰੀਦ ਨੇ ਤੇਰ੍ਹਾਂ ਸਾਲ ਖੂਹ ਵਿੱਚ ਲਟਕ ਕੇ ਤਪ ਕੀਤਾ।(ਫਰੀਦਾ ਜੰਗਲ ਜੰਗਲ ਕਿਆ ਭਵਹਿ ਵਣ ਕੰਡਾ ਮੋੜਹਿ॥ ਇਸ ਦਾ ਕੀ ਕਰੋਗੇ ?) 36

39. ਫਰੀਦ ਨੇ ਬਾਰਾਂ ਸਾਲ ਤੱਕ ਕਾਠ (ਲਕੜੀ) ਦੀ ਰੋਟੀ ਢਿੱਡ ਨਾਲ ਬੰਨ੍ਹ ਕੇ ਰੱਖੀ ?36

40. ਇੱਕ ਪੰਡਤ ਸਰਾਪ ਕਾਰਨ ਕਾਂਸ਼ੀ ਵਿੱਚ ਕੁੱਤਾ ਬਣਿਆ ਹੋਇਆ ਸੀ, ਗੁਰੂ ਨਾਨਕ ਸਾਹਿਬ ਜੀ ਨੇ ਉਸਦਾ ਸਰਾਪ ਕੱਟਿਆ? 39

41. ਧਰਮਰਾਜ ਖੁਦ ਯੁਧਿੱਸ਼ਟਰ ਦਾ ਇਮਤਿਹਾਨ ਲੈਣ ਆਇਆ? (ਕਲਪਣਾ) 40

42. ਗੁਰੂ ਗੋਬਿੰਦ ਸਿੰਘ ਜੀ ਕੋਲ ਇੱਕ ਗੋਹਜ ਕਥਾ ਵਾਲੀ ਗੁਪਤ ਪੋਥੀ ਹੋਇਆ ਕਰਦੀ ਸੀ ? (ਕੋਈ ਪੋਥੀ ਨਹੀ ਸੀ) 41

43. 1699 ਦੀ ਵਿਸਾਖੀ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਤੇਰਾਂ ਮਹੀਨੇ ਤੱਕ ਇਕਾਂਤ ਵਾਸ ਵਿੱਚ ਰਹੇ ਉੱਥੇ ਕੋਈ ਸਰੀਰ ਨਹੀਂ ਜਾ ਸਕਦਾ ਸੀ ? (ਟਕਸਾਲੀਆਂ ਨੂੰ ਕੀਹਨੇ ਦੱਸਿਆ ? ਨਿਰੀ ਕਲਪਣਾ) 42

44. ਭਾਈ ਦਇਆ ਸਿੰਘ ਦਾ ਸੀਸ ਕੱਟ ਕੇ ਦਸਮ ਪਾਤਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਅੱਗੇ ਭੇਂਟ ਕੀਤਾ ? 43

45. ਭਾਈ ਧਰਮ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ, ਸਾਹਿਬ ਸਿੰਘ ਦੇ ਸਿਰ ਕੱਟ ਕੇ ਗੁਰੂ ਗ੍ਰੰਥ ਜੀ ਅੱਗੇ ਭੇਂਟ ਕੀਤੇ, ਗੋਹਜ ਪੋਥੀ ਵਿੱਚ ਲਿਖਿਆ ਹੈ (ਨਾ ਗੋਹਜ ਪੋਥੀ ਹੈ ਨਾ ਕੋਈ ਸਬੂਤ ਹੈ) 45

46. ਭਾਈ ਹਿੰਮਤ ਸਿੰਘ ਨੂੰ ਪਿਛਲੇ ਜਨਮ ਦਾ ਸ਼ਰਾਪ ਮਿਲਿਆ ਹੋਇਆ ਸੀ, ਰੱਬ ਨੇ ਕਿਹਾ ਸੀ, ਤੈਨੂੰ ਦਸਮੇ ਜਾਮੇ ਵਿੱਚ ਆ ਕੇ ਸਿਰ ਲੈ ਕੇ ਮੁਆਫ ਕਰਾਂਗੇ (ਭਾਈ ਹਿੰਮਤ ਸਿੰਘ ਦਾ ਘੋਰ ਅਪਮਾਨ) 45

47. ਇਹਨਾਂ ਪੰਜਾਂ ਦੇ ਸਿਰ ਕੱਟ ਕੇ ਉੱਪਰ ਅੰਮ੍ਰਿਤ ਛਿੜਕਿਆ, ਜਿਉਂਦੇ ਕੀਤੇ

"ਨਵੇਂ ਸਿਰ ਉੱਗ ਪਏ" (ਵਾਹ ਵਾਹ) 45

48. ਗੁਰੂ ਜੀ ਨੇ ਚਿੜੀ ਚਿੜੇ ਨੂੰ ਅੰਮ੍ਰਿਤ ਪਾ ਕੇ ਦੇ ਦਿੱਤਾ, ਉਹ ਪੀ ਕੇ ਲੜਦਿਆਂ ਥਾਂਏ ਮਰ ਗਏ (?) 46

49. ਗੁਰਬਖਸ਼ ਸਿੰਘ ਨਾਮੀ ਸਿੱਖ ਦੌੜ ਕੇ ਮਾਤਾ ਜੀ ਨੂੰ ਸੱਦ ਲਿਆਇਆ, ਉਹਨਾਂ ਆਕੇ ਪਤਾਸੇ ਪਾਏ, ਤਾਂ ਅੰਮ੍ਰਿਤ ਸ਼ਾਂਤੀ ਦਾਇਕ ਬਣਿਆ ? (ਮਤਲਬ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਗਲਤੀ ਹੋ ਗਈ ਸੀ ? ਮਾਤਾ ਜੀ ਨੇ ਦਰੁਸਤ ਕੀਤੀ?) 46

50. ਪੰਜਾਂ ਪਿਆਰਿਆਂ ਕਿਹਾ– ਅੰਮ੍ਰਿਤ ਵੱਟੇ ਕੀ ਦਿਓਗੇ ? ਸਤਿਗੁਰੂ ਨੇ ਕਿਹਾ ਸਰਬੰਸ ਵਾਰ ਦਿਆਂਗਾ (ਕੀ ਇਹ ਸਰਾਪ ਨਹੀਂ ਹੈ ? ਜੇ ਪਿਆਰੇ ਇਹ ਮੰਗਾਂ ਨਾ ਰੱਖਦੇ ਫਿਰ ਸਤਿਗੁਰੂ ਨੇ ਸਰਬੰਸ ਨਹੀਂ ਵਾਰਨਾ ਸੀ?) 47

51. ਪੰਜਾਂ ਪਿਆਰਿਆਂ ਕਿਹਾ ਜਿਵੇਂ ਰਾਮ ਚੰਦਰ ਨੇ ਬਾਂਦਰਾਂ ਨੂੰ ਵਡਿਆਈ ਦਿੱਤੀ ਸੀ, ਉਸੇ ਤਰ੍ਹਾਂ ਸਾਨੂੰ ਮਾਣ ਦੇ ਰਹੇ ਹੋ ? (ਬਾਂਦਰਾਂ ਵਰਗੀ ਵਡਿਆਈ ਧਿੱਕਾਰ ਹੈ, ਸਮੁੱਚੇ ਸਿੱਖ ਪੰਥ ਦੀ ਬੇਇਜ਼ਤੀ ਕੀਤੀ ਹੈ) 47

52. ਅੰਮ੍ਰਿਤ ਬਣਾਉਣ ਲਈ ਜਲ ਦਰਿਆ ਜਾਂ ਖੂਹ ਦਾ ਹੀ ਵਰਤਣਾ, ਨਲਕੇ ਦਾ ਨਹੀਂ। ਕਿਉਂ ? 49

53. ਅੰਮ੍ਰਿਤ ਤਿਆਰ ਕਰਨ ਵੇਲੇ ਪੰਜ ਪਿਆਰੇ ਬਾਣੀ ਪੜ੍ਹਨ, ਅਭਿਲਾਖੀ ਸਿੰਘ ਵਾਹਿਗੁਰੂ ਮੰਤਰ ਦਾ ਜਾਪ ਕਰਦੇ ਰਹਿਣ (ਬਾਣੀ ਕਿਉਂ ਨਾ ਸੁਣਨ ?) 52

54. ਪੰਜ ਪਿਆਰਿਆਂ ਦੀਆਂ ਦੱਸ ਅੱਖਾਂ, ਦੱਸ ਗੁਰੂਆਂ ਦਾ ਪ੍ਰਤੀਕ ਹਨ, ਦੱਸ ਹੱਥ ਭੀ ਦੱਸ ਗੁਰੂਆਂ ਦਾ ਪ੍ਰਤੀਕ ਮੰਨੀਦੇ ਹਨ। (ਤਿਕੜਮਬਾਜੀ) 52

55. ਚੌਪਈ– ਤੀਰ ਸਤ ਦ੍ਰਵ ਗ੍ਰੰਥ ਸੁਧਾਰਾ ਤੱਕ ਪੜ੍ਹਨੀ ਜ਼ਰੂਰੀ ਹੈ ? (ਮਨ ਘੜਤ) 52

56. ਅੰਮ੍ਰਿਤ ਅਭਿਲਾਖੀਆਂ ਵਿੱਚੋਂ ਜੇ ਪਹਿਲਾਂ ਕਿਸੇ ਦਾ ਅਨੰਦ ਕਾਰਜ ਨਾ ਹੋਇਆ ਹੋਵੇ ਤਾਂ ਦੁਬਾਰਾ ਲਾਵਾਂ ਪੜ੍ਹ ਕੇ ਅਨੰਦ ਕਾਰਜ ਕਰਨਾ (ਜੇ ਜੋੜੀ ਦੇ ਘਰ ਬੱਚੇ ਪੈਦਾ ਹੋ ਗਏ ਹੋਣ ਤਾਂ ਕੀ ਕੀਤਾ ਜਾਵੇ ? ਜੇ ਪਹਿਲਾਂ ਵਿਆਹ ਗਲਤ ਹੈ, ਫਿਰ ਤਾਂ ਬੱਚੇ ਭੀ ਜੰਮਣੇ ਗਲਤ ਹਨ। ਸਿੱਖਾਂ ਨੂੰ ਪਾਖੰਡੀ ਬਣਾਇਆ ਜਾ ਰਿਹਾ ਹੈ) 54

57. ਮੂਲ ਮੰਤਰ ਨਾਨਕ ਹੋਸੀ ਭੀ ਸਚੁ ਤੱਕ ਪੜ੍ਹਨਾ, ਵਰਨਾ ਫਲ ਨਹੀਂ ਮਿਲੇਗਾ? 56

58. ਕਲਕੱਤੇ ਵਿੱਚ ਇੱਕ ਸਾਧ ਨੇ ਕੱਚੀ ਤੰਦ ਨਾਲ ਸਿੱਖ ਨੂੰ ਮਾਰਨਾ ਚਾਹਿਆ। ਸਿੱਖ ਨੇ ਮੂਲ ਮੰਤਰ ਪੜ੍ਹਿਆ ਤੇ ਸਾਧ ਦੀ ਹੀ ਮੌਤ ਹੋ ਗਈ ? (ਸਿੱਖਾਂ ਦੇ ਦੁਸ਼ਮਣਾਂ ਨੂੰ ਮੂਲ ਮੰਤਰ ਪੜ੍ਹ ਕੇ ਕਿਉਂ ਨਹੀਂ ਮਾਰਦੇ?) 56

59. ਮਰਦਾਨੇ ਨੂੰ ਪਾਣੀ ਵਿੱਚ ਡੁੱਬਦੇ ਨੂੰ ਬਚਾਉਣ ਹਿੱਤ ਵਾਹਿਗੁਰੂ ਮੰਤਰ ਦਿੱਤਾ, ਮੰਤਰ ਪੜ੍ਹ ਕੇ ਮਰਦਾਨਾ ਪਾਣੀ ਤੇ ਟੁਰਨ ਲੱਗ ਪਿਆ (ਵਾਹਿਗੁਰੂ ਮੰਤਰ ਗੁਰੂ ਨਾਨਕ ਨੇ ਨਹੀਂ ਬਣਾਇਆ, ਕੀ ਟਕਸਾਲੀਏ ਹੁਣ ਪਾਣੀ ਤੇ ਟੁਰ ਸਕਣਗੇ?) 57

60. ਅੰਗ੍ਰੇਜ਼ਾਂ ਨੇ ਲੱਖਾਂ ਰੁਪੈ ਖਰਚ ਕਰਕੇ ਗੁਰਬਾਣੀ ਵਿੱਚ ਮਿਲਾਵਟ ਕਰਵਾਈ, ਤਾਂ ਹੀ ਤਾਕਤ ਘਟ ਗਈ ? 57

61. ਵਾਹਿਗੁਰੂ ਮੰਤਰ ਚਾਰ ਜੁਗਾਂ ਦੇ ਚਾਰ ਦੇਵਤਿਆਂ ਦੇ ਨਾਮ ਤੋਂ ਲਿਆ ਹੈ ? (ਗੁਰਬਾਣੀ ਜੁਗਾਂ ਦੇਵਤਿਆਂ ਨੂੰ ਨਹੀਂ ਮੰਨਦੀ) 57

62. ਅਨੰਦ ਸਾਹਿਬ ਚਾਲੀ ਪਉੜੀਆਂ ਤਿੰਨ ਵਾਰੀ ਪੜ੍ਹਨ ਤੇ ਬਿਗੜੇ ਕਾਰਜ ਰਾਸ ਆ ਜਾਂਦੇ ਹਨ ? (ਤੁਸੀਂ ਪੰਥ ਦੀ ਬਿਗੜੀ ਸਵਾਰ ਲਓ।) 59

63. ਗੁਰੂ ਅੰਗਦ ਸਾਹਿਬ ਪੁਰੀ ਵਿੱਚ ਗਏ, ਉੱਥੇ ਉਹਨਾਂ ਨੂੰ ਕਾਲੇ ਮੂੰਹ ਵਾਲੇ ਲੋਕ ਮਿਲੇ, ਗਰਦਨਾਂ ਵਿੱਚ ਕਿੱਲ ਠੁਕੇ ਹੋਏ ਲੋਕ ਮਿਲੇ, ਸੂਰਾਂ ਦੇ ਮੂੰਹ ਵਾਲੇ ਲੋਕ ਵੇਖੇ, ਪਿਛਾਂਹ ਨੂੰ ਮੂੰਹਾਂ ਵਾਲੇ ਵੇਖੇ, ਲੜਕੀਆਂ ਆਦਮੀਆਂ ਦਾ ਮਾਸ ਵੱਢ-ਵੱਢ ਖਾਂਦੀਆਂ ਵੇਖੀਆਂ ? 60

64. ਹੰਕਾਰ ਕਾਰਨ ਸੁੰਨ ਸਮਾਧੀ ਵਾਲੇ ਲੋਕ ਸੱਚ ਖੰਡ ਵਿੱਚੋਂ ਕੱਢ ਦਿੱਤੇ ਜਾਂਦੇ ਹਨ, ਸੱਚ ਖੰਡ ਵਿੱਚ ਸੋਦਰੁ ਦਾ ਪਾਠ ਹੁੰਦਾ ਹੈ ? 61

65. ਇੱਕ ਆਜੜੀ ਟੁਰਦਾ ਫਿਰਦਾ ਸੋਹਿਲੇ ਦਾ ਪਾਠ ਕਰਦਾ ਸੀ, ਇਸੇ ਕਾਰਨ ਗੁਰੂ ਨਾਨਕ ਸਾਹਿਬ ਜੀ ਦੇ ਪੈਰਾਂ ਤੇ ਝਰੀਟਾਂ ਆ ਗਈਆਂ, ਖ਼ੂਨ ਵਗ ਪਿਆ, ਇਸ ਤਰ੍ਹਾਂ ਟੁਰਦੇ ਫਿਰਦੇ ਪਾਠ ਨਹੀਂ ਕਰਨਾ ਚਾਹੀਦਾ। (ਗੁਰਬਾਣੀ ਫੁਰਮਾਨ ਤਾਂ ਇਹ ਹੈ - ਊਠਤ ਬੈਠਤ ਸੋਵਤ ਧਿਆਈਐ। ਮਾਰਗਿ ਚਲਤ ਹਰੇ ਹਰਿ ਗਾਈਐ॥) (386) 62

66. ਜੇ ਕਛਹਿਰਾ ਪਾਉਣ ਵਿੱਚ ਗਲਤੀ ਹੋ ਜਾਵੇ ਤਾਂ ਪੰਜ ਸਿੰਘਾਂ ਤੋਂ ਅਰਦਾਸ ਕਰਾਵੇ, ਪੰਜ ਜਪੁਜੀ ਦੇ ਪਾਠ ਕਰੇ (?) 62

67. ਸੌਣ ਵਕਤ ਸੋਹਿਲੇ ਦਾ ਪਾਠ ਕਰੋ, ਦੁਆਲੇ ਲੋਹੇ ਦਾ ਕਿਲ੍ਹਾ ਬਣ ਜਾਂਦਾ ਹੈ? 61

68. ਰਾਮ ਚੰਦਰ ਨੇ ਖੁਸ਼ ਹੋ ਕੇ ਹਨੂੰਮਾਨ ਨੂੰ ਕਛਹਿਰਾ ਦਿੱਤਾ, ਉਸ ਤੋਂ ਸਿੱਖਾਂ ਨੂੰ ਮਿਲਿਆ ? (ਗੁਰੂ ਦੀ ਤੌਹੀਨ) ਸਾਨੂੰ ਬਾਂਦਰ ਬਣਾਉਣ ਤੇ ਤੁਲੇ ਹੋਏ ਨੇ ਟਕਸਾਲੀਏ। 62

69. ਦਸਮ ਪਾਤਸ਼ਾਹ ਸ਼ਿਕਾਰ ਲਈ ਗਏ, ਸ਼ਿਕਾਰ ਨਾ ਮਿਲਿਆ, ਕਕਾਰਾਂ ਦੀ ਪੜਤਾਲ ਕੀਤੀ ਗਈ। ਇੱਕ ਸਿੱਖ ਦੇ ਕੇਸਾਂ ਵਿੱਚ ਕੰਘਾ ਨਹੀਂ ਸੀ, ਇਸੇ

ਲਈ ਸ਼ਿਕਾਰ ਨਾ ਮਿਲਿਆ (ਸ਼ਿਕਾਰ ਨਾਲ ਕੰਘੇ ਦਾ ਕੀ ਸਬੰਧ) 64
70. ਕਿਰਪਾਨ ਦੀ ਧੂਪ ਦੀਪ ਆਦਿ ਨਾਲ ਪੂਜਾ ਕਰਨੀ ਚਾਹੀਦੀ ਹੈ ?66
71. ਇੱਕ ਰਿਸ਼ੀ ਨੇ ਜਾਨ ਬਚਾਉਣ ਖਾਤਰ ਮੰਤਰ ਪੜ੍ਹਿਆ, ਦੁਆਲੇ ਲੋਹੇ ਦੀ ਕੰਧ ਉਸਰ ਗਈ (ਮੰਤਰ ਕੀ ਹੈ ?) 70
72. ਫਿਰ ਇਸੇ ਰਿਸ਼ੀ ਨੇ ਤੰਬਾਕੂ ਪੀ ਲਿਆ, ਸਾਰੇ ਜਪ ਅਤੇ ਸ਼ਕਤੀਆਂ ਖਤਮ ਹੋ ਗਈਆਂ, ਕਿਲ੍ਹਾ ਨਾ ਬਣਿਆ, ਇੱਕ ਲੜਕੀ ਨੇ ਇਸਦੀ ਇੱਜ਼ਤ ਲੁੱਟੀ (ਤ੍ਰੈ ਕਾਲ ਇਹ ਗੱਲਾਂ ਸੰਭਵ ਨਹੀਂ ਹਨ) 70
73. ਤੰਬਾਕੂ ਦੀ ਪੈਦਾਇਸ਼ ਕਾਮਧੇਨ ਗਊ ਦੇ ਪੈਰਾਂ ਵਿੱਚ ਲਗੇ ਤੀਰਾਂ ਕਾਰਨ ਵਗੇ, ਖ਼ੂਨ ਤੋਂ ਹੋਈ ਹੈ ? 71
74. ਗੋ ਮੇਧ ਜੱਗ ਸਮੇਂ ਗਊ ਜਿੰਦਾ ਨਾ ਹੋਈ, ਉਸੇ ਕੁੰਡ ਵਿੱਚੋਂ ਤੰਬਾਕੂ ਪੈਦਾ ਹੋ ਗਿਆ ? 71
75. ਕਲਜੁਗ ਵੱਛੀ ਬਣਕੇ ਗਾਰੇ ਵਿੱਚ ਖੁੱਭ ਗਿਆ। ਸ਼ਿਵ ਪਾਰਵਤੀ ਨੇ ਕੰਨਾਂ ਤੋਂ ਅਤੇ ਪੂਛ ਤੋਂ ਫੜ ਕੇ ਖਿੱਚਿਆ, ਤਾਂ ਕੰਨ ਤੇ ਪੂਛ ਪੁੱਟੇ ਗਏ। ਪੂਛ ਧਰਤੀ ਵਿੱਚ ਦੱਬ ਕੇ ਉੱਪਰ ਕੰਨ ਲਾ ਦਿੱਤੇ ਅਤੇ ਕਿਹਾ ਹੁਣ ਇਸ ਤੋਂ ਤੰਬਾਕੂ ਬਣੇਗਾ ? (ਇਸ ਤਰ੍ਹਾਂ ਕਦੀ ਨਹੀਂ ਹੋ ਸਕਦਾ) 71
76. ਮਾਸ ਖਾਣ ਬਾਰੇ ਦੁਬਧਾ ਵਾਲੇ ਵਿਚਾਰ। ਅਧੂਰੀਆਂ ਪੰਕਤੀਆਂ ਗਲਤ ਅਰਥ ਕੀਤੇ ਗਏ ਹਨ, ਸ਼ਬਦਾਂ ਦੇ ਪੰਨੇ ਨੰ: ਭੀ ਨਹੀਂ ਦਿੱਤੇ, ਕਿਤੇ ਮਾਸ ਖਾ ਲਉ ਕਿਤੇ ਨਾ ਖਾਉ, ਸਿਧਾਂਤਾਂ ਤੋਂ ਸੱਖਣੇ ਵਿਚਾਰ) 74
77. ਨੀਲਾ ਪੀਲਾ ਕਾਲਾ ਚਿੱਟਾ, ਖਾਲਸੇ ਦੇ ਇਹੀ ਰੰਗ ਹਨ, ਹੋਰ ਰੰਗ ਨਹੀਂ ਪਾਉਣੇ (ਕੀ ਕਾਰਨ ? ਸਪਸ਼ਟ ਕਰੋ) 79
78. ਨਾਰਦ ਰਿਸ਼ੀ ਨੇ ਅਨਲ ਪੰਛੀ ਦੇ ਖੰਭ ਦਸਵੇਂ ਪਾਤਸ਼ਾਹ ਨੂੰ ਭੇਂਟ ਕੀਤੇ, ਤਾਂ ਹੀ ਐਨੀਆਂ ਸ਼ਕਤੀਆਂ ਸਨ ? (ਇਸ ਦਾ ਮਤਲਬ ਗੁਰੂ ਜੀ ਕੋਲ ਕੋਈ ਸ਼ਕਤੀ ਨਹੀਂ ਸੀ ? ਗੁਰੂ ਦੀ ਤੌਹੀਨ) 83
79. ਪਖਾਨੇ ਜਾ ਕੇ ਪੰਜ ਵਾਰੀ ਮਿੱਟੀ ਨਾਲ ਹੱਥ ਮਾਂਜਣੇ, ਭਾਂਡੇ ਦੋ ਵਾਰੀ ਮਿੱਟੀ ਨਾਲ ਮਾਂਜਣੇ? (ਸਾਬਣ ਨਾਲ ਕਿਉਂ ਨਹੀਂ) 83
80. ਭਾਈ ਦਿਆਲ ਦਾਸ ਦਾ ਲੰਗਰ ਦਸਮ ਪਾਤਸ਼ਾਹ ਜੀ ਨੇ ਨਾ ਛਕਿਆ, ਕਿਉਂਕਿ ਉਹ ਬੇ-ਅੰਮ੍ਰਿਤੀਆ ਸੀ। ਉਹ ਗੱਡਿਆਂ ਤੇ ਲੱਦ ਕੇ ਮਗਰ ਫਿਰਦਾ ਰਿਹਾ। ਹਫਤੇ ਪਿਛੋ ਅੰਮ੍ਰਿਤ ਛਕਣਾ ਮੰਨ ਗਿਆ। ਦਸਮ ਪਾਤਸ਼ਾਹ ਨੇ

ਅਰਦਾਸ ਕਰਕੇ ਕੀੜਿਆਂ ਵਾਲਾ ਲੰਗਰ ਸੱਜਰਾ ਬਣਾ ਦਿੱਤਾ। ਸਾਰਿਆਂ ਛਕਿਆ ? 86

81. ਦਸਵੇਂ ਪਾਤਸ਼ਾਹ ਜੀ ਨੇ ਸੋਢੀ ਕੌਲ ਸਿੰਘ ਦੇ ਪਿਛਲੇ ਜਨਮਾਂ ਵਾਲੇ ਸਾਰੇ ਪਾਪ ਸਰਾਪ ਮਿਟਾ ਦਿੱਤੇ (?) 87

82. ਦਾਨ ਸਿੰਘ ਦੇ ਪੁੱਛਣ ਤੇ ਦਸਮੇਂ ਪਾਤਸ਼ਾਹ ਦੱਸਿਆ ਕਿ ਕੇਸ ਇਸ ਵਾਸਤੇ ਰੱਖੀਦੇ ਹਨ, ਕੇਸਾਂ ਤੋਂ ਫੜ ਕੇ ਨਰਕਾਂ ਵਿੱਚ ਪਏ ਸਿੱਖ ਨੂੰ ਬਾਹਰ ਕੱਢ ਲਵਾਂਗੇ.... ? (ਸਿੱਖਾਂ ਦੀ ਬੇਇੱਜ਼ਤੀ) 87

83. ਜਿਸ ਬੰਦੇ ਨੇ ਇੱਕ ਵਾਰੀ ਅੰਮ੍ਰਿਤ ਛੱਕ ਲਿਆ ਭਾਵੇਂ ਜਿੰਨੀਆਂ ਮਰਜ਼ੀ ਗਲਤੀਆਂ ਕਰੀ ਜਾਵੇ, ਉਹ ਦਸ ਹਜ਼ਾਰ ਸਾਲ ਤੱਕ ਨਰਕਾਂ ਵਿੱਚ ਨਹੀਂ ਪਵੇਗਾ ? (ਚੋਰ ਕੀ ਹਾਮਾ ਭਰੇ ਨਾ ਕੋਇ॥ ਚੋਰ ਕੀਆ ਚੰਗਾ ਕਿਉ ਹੋਇ॥ (662) ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣ॥ (789) – ਕਦੀ ਇਹਨਾਂ ਗੁਰੂ ਹੁਕਮਾਂ ਦੀ ਵਿਚਾਰ ਕੀਤੀ ਹੈ ? 88

84. ਅੰਮ੍ਰਿਤ ਦੀ ਸ਼ਕਤੀ ਕਰਕੇ ਚਿੜੀਆਂ ਨੇ ਬਾਜ ਮਾਰ ਦਿੱਤਾ ? 88

85. ਭਾਈ ਦਇਆ ਸਿੰਘ ਦੇ ਸੀਸ ਦੇਣ ਕਰਕੇ ਸਿੰਘਾਂ ਵਿੱਚ ਦਇਆ ਆਈ ? (ਫਿਰ ਗੁਰਬਾਣੀ ਕੀ ਹੈ?) 89

86. ਧਰਮ ਸਿੰਘ ਦੇ ਸੀਸ ਦੇਣ ਕਾਰਨ ਸਿੰਘਾਂ ਵਿੱਚ ਧਰਮ ਆਇਆ ਹੈ ? (ਗੁਰਬਾਣੀ ਕਰਕੇ ਨਹੀਂ ?) 90

87. ਹਿੰਮਤ ਸਿੰਘ ਦੇ ਸੀਸ ਵਾਰਨ ਕਰਕੇ ਸਿੰਘਾਂ ਵਿੱਚ ਹਿੰਮਤ ਆਈ ਹੈ ? (ਪਹਿਲਾਂ ਹਿੰਮਤ ਨਹੀਂ ਸੀ?) (ਛੇਵੇਂ ਗੁਰੂ ਵੇਲੇ ਕੀ ਸੀ ?) 90

88. ਮੋਹਕਮ ਸਿੰਘ ਦੇ ਸੀਸ ਦੇਣ ਕਰਕੇ ਸਿੰਘਾਂ ਵਿੱਚ ਟਿਕਾਓ ਅਇਆ ਹੈ ? (ਪਹਿਲਾਂ ਬੇਚੈਨੀ ਸੀ?) 90

89. ਸਾਹਿਬ ਸਿੰਘ ਦੇ ਸੀਸ ਦੇਣ ਕਰਕੇ ਸਿੰਘਾਂ ਵਿੱਚ ਸਾਹਿਬ ਪੁਣਾ ਆਇਆ ? (ਪਹਿਲਾਂ ਮੰਗਤੇ ਸਨ) 91

90. ਬਾਣੀ ਘੱਟ ਪੜ੍ਹਨ ਕਰਕੇ, ਅੰਮ੍ਰਿਤ ਵਿੱਚੋਂ ਸ਼ਕਤੀ ਘੱਟ ਜਾਂਦੀ ਹੈ, ਚੌਪਈ ਤੇ ਅਨੰਦ ਵੱਡਾ ਪੜ੍ਹੋ (ਮਨਮਤ) 93

91. ਬੀਬੀਆਂ ਨੂੰ ਅੰਮ੍ਰਿਤ ਤਿਆਰ ਕਰਨ ਸਮੇਂ ਵਿੱਚ ਸ਼ਾਮਲ ਨਹੀਂ ਕਰਨਾ ? (ਘੋਰ ਵਿਤਕਰਾ) ਸੋ ਕਿਉਂ ਮੰਦਾ ਆਖੀਐ....॥ 94

92. ਸਤਿਗੁਰੂ ਨੇ 84 ਲੱਖ ਜੂਨ੍ਹਾਂ ਕੱਟਣ ਵਾਸਤੇ ਅੰਮ੍ਰਿਤ ਤਿਆਰ ਕਰਕੇ ਛਕਾਇਆ ?

(ਗੁਰਬਾਣੀ ਕਾਹਦੇ ਲਈ ਹੈ ?) 94

93. ਦਕਸ਼ ਰਿਸ਼ੀ ਨੇ ਸੱਤ ਧੀਆਂ, ਬਿਨਾਂ ਨੱਕ, ਕੰਨ ਛੇਦੇ, ਬਿਨਾਂ ਗਹਿਣੇ ਪਾਏ ਵਿਆਹੀਆਂ, ਉਸਨੂੰ ਬਹੁਤ ਪੁੰਨ ਲਗਿਆ। ਫਿਰ ਉਸ ਦੇ ਘਰ ਦਸ ਹਜ਼ਾਰ ਧੀਆਂ ਜੰਮੀਆਂ, ਗਲਤ ਸਿੱਖਿਆ ਕਾਰਣ ਲੜਕੀਆਂ ਦੇ ਨੱਕ ਕੰਨ ਛੇਦੇ, ਗਹਿਣੇ ਪਾਏ, ਵਿਆਹੀਆਂ, ਵੱਡਾ ਪਾਪੀ ਬਣਿਆ ? 95

94. ਵਿਆਹ ਵਿੱਚ ਬੀਬੀਆਂ ਨੇ ਗਿੱਧਾ ਨਹੀਂ ਪਾਉਣਾ ? (ਕਿਉਂ ਨਹੀਂ ਗਿੱਧਾ ਪਾਉਣਾ) 96

95. ਹਰੀ ਸੈਨ ਰਾਜੇ ਦੀ ਪਤਨੀ ਗੁਰੂ ਦਰਬਾਰ ਵਿੱਚ ਘੁੰਡ ਕੱਢ ਕੇ ਆਈ। ਸਤਿਗੁਰੂ ਜੀ ਨੇ ਪੁੱਛਿਆ, ਕਿਹੜੀ ਕਮਲੀ ਹੈ ? ਤੇ ਉਹ ਤਦੋਂ ਹੀ ਪਾਗਲ ਹੋ ਗਈ। (ਗੁਰੂ ਜੀ ਗਲਤੀ ਕਾਰਨ ਕਿਸੇ ਨੂੰ ਪਾਗਲ ਨਹੀਂ ਬਣਾਉਂਦੇ) 107

96. ਕਮਲੀ ਹੋਈ ਰਾਣੀ ਜੰਗਲ ਵਿੱਚ ਨੰਗੀ ਘੁੰਮਣ ਲੱਗੀ, ਗੁਰੂ ਅਮਰਦਾਸ ਜੀ ਨੇ ਸਚਨ ਸੱਚ ਨੂੰ ਆਪਣੀ ਖੜਾਂਵ ਦਿੱਤੀ। ਮੱਥੇ ਵਿੱਚ ਖੜਾਂਵ ਮਾਰਨ ਨਾਲ ਪਾਲਗਪਣ ਖਤਮ ਹੋ ਗਿਆ। (ਕੀ ਬਿਮਾਰਾਂ ਦੇ ਹੁਣ ਭੀ ਜੁੱਤੀਆਂ ਮਾਰੀਏ ?) 107

97. ਦਸਵੇਂ ਪਾਤਸ਼ਾਹ ਨੇ ਸਿੱਖਾਂ ਨੂੰ ਭੂਤਾਂ ਪ੍ਰੇਤਾਂ ਦੇ ਝੁੰਡ ਵਿਖਾਏ। ਭੂਤਾਂ ਦੱਸਿਆ ਕਿ ਹੁਣ ਸਾਡੀ ਗਿਣਤੀ ਘਟ ਗਈ ਹੈ। ਜਦੋਂ ਤੋਂ ਚੌਥੇ ਪਾਤਸ਼ਾਹ ਨੇ ਲਾਵਾਂ ਉਚਾਰਨ ਕੀਤੀਆ ਹਨ ਜੋ ਪੜ੍ਹਦਾ ਹੈ ਮੁਕਤ ਹੋ ਜਾਂਦਾ ਹੈ। 109

98. ਜਹਾਂਗੀਰ ਦੀ ਲੜਕੀ ਇੱਕ ਸਿੱਖ, ਸੰਤ ਰਾਮ ਨਾਲ ਵਿਆਹ ਕਰਾਉਣਾ ਚਾਹੁੰਦੀ ਸੀ, ਸਿੱਖ ਨੌਕਰੀ ਛੱਡ ਕੇ ਦੌੜ ਗਿਆ। ਉਸ ਸਿੱਖ ਨੂੰ ਫੜਕੇ ਸਿਰ ਕੱਟਕੇ ਲੜਕੀ ਅੱਗੇ ਰੱਖਿਆ, ਲੜਕੀ ਛੂਹਣ ਲੱਗੀ ਤਾਂ ਕੱਟਿਆ ਸਿਰ ਸਵਾ ਗਿੱਠ ਉੱਚਾ ਉੱਠ ਗਿਆ ? (ਅਣਵਿਗਿਆਨਿਕ ਅਣਇਤਿਹਾਸਕ, ਵਿਚਾਰ) 116

99. ਇੱਕ ਪਤੀ ਬ੍ਰਤ ਧਰਮ ਵਿੱਚ ਪੱਕੀ ਬੀਬੀ ਨੇ ਬਾਰਾਂ ਦਿਨਾਂ ਤੱਕ ਸੂਰਜ ਨਾ ਚੜ੍ਹਨ ਦਿੱਤਾ, ਦੇਵਤਿਆਂ ਨੇ ਉਸਦਾ ਮਰਿਆ ਪਤੀ ਜਿਉਂਦਾ ਕੀਤਾ, ਫਿਰ ਉਸਨੇ ਸੂਰਜ ਚੜ੍ਹਨ ਦਿੱਤਾ (ਸਾਰੀ ਦੁਨੀਆਂ ਭੀ ਸੂਰਜ ਨੂੰ ਚੜ੍ਹਨੋਂ ਰੋਕ ਨਹੀਂ ਸਕਦੀ) 118

100. ਬੀਬੀ ਰਜਨੀ ਨੇ ਪਤੀ ਬ੍ਰਤ ਧਰਮ ਦੀ ਤਾਕਤ ਨਾਲ ਕੋਹੜੀ ਪਤੀ ਨੂੰ ਤੰਦਰੁਸਤ ਕੀਤਾ ਉਹ ਪੱਟੀ ਦਾ ਰਾਜਾ ਬਣਿਆ (ਨਾਂ ਪਤੀਬ੍ਰਤ ਹੋਣਾ ਕੋਈ ਸ਼ਕਤੀ ਹੈ, ਨਾ ਕੋਹੜੀ ਠੀਕ ਹੋਇਆ, ਨਾ ਪੱਟੀ ਵਿੱਚ ਕੋਈ ਅਜਿਹਾ ਰਾਜਾ ਹੋਇਆ) 118

101. ਵਿਸ਼ਨੂੰ ਨੇ ਸਤੀ ਦਾ ਸਤ ਭੰਗ ਕੀਤਾ, ਜਲੰਧਰ ਦੈਂਤ ਦੀ ਤਾਕਤ ਘਟ ਗਈ, ਫਿਰ ਵਿਸ਼ਨੂੰ ਨੇ ਉਸਨੂੰ ਮਾਰਿਆ ਪਹਿਲਾਂ ਕਿਸੇ ਤੋਂ ਹਾਰਦਾ ਨਹੀਂ ਸੀ।

(ਝੂਠੀਆਂ ਪੌਰਾਣਕ ਕਥਾਵਾਂ ਦਾ ਗੁਰਮਤ ਵਿੱਚ ਕੋਈ ਥਾਂ ਨਹੀਂ) 118
102. ਅਫਲਾਤੂਨ ਮੂਰਤੀਆਂ ਵਿੱਚ ਲੁਕ ਗਿਆ, ਉਸਨੂੰ ਮੌਤ ਭੀ ਲੱਭ ਨਾ ਸਕੀ (ਮੌਤ ਤੋਂ ਕੋਈ ਨਹੀਂ ਬਚਿਆ) 135
103. ਪਾਣਨੀ ਰਿਸ਼ੀ ਹੰਕਾਰ ਕਾਰਨ ਪ੍ਰੇਤ ਬਣ ਗਿਆ ਸੀ, ਗੁਰੂ ਨਾਨਕ ਜੀ ਨੇ ਕਾਂਸ਼ੀ ਵਿਖੇ ਉਸਦਾ ਉਦਾਰ ਕੀਤਾ ? 137
104. ਨੌਵੇਂ ਗੁਰਾਂ ਦਿੱਲੀ ਕੈਦ ਵਕਤ ਗੰਨਾ ਚੂਸ ਕੇ ਛਿਲਕਾ ਸੁੱਟਿਆ, ਪ੍ਰੇਤ ਨੇ ਚੂਸਿਆ, ਮੁਕਤ ਹੋ ਗਿਆ। ਸਰਕਾਰ ਦੇ ਬਾਗੀਆਂ ਤੱਕ ਗੰਨੇ ਕਿਸ ਨੇ ਪਹੁੰਚਾਏ ? 137
105. ਭਾਈ ਹੀਰਾ ਸਿੰਘ ਬਾਣੀ ਪੜ੍ਹਦਾ ਮਰਿਆ ਸੀ, ਅਕਾਸ਼ ਵਿੱਚੋਂ ਰਥ ਆਏ, ਸਵਾਰ ਹੋ ਕੇ ਗਿਆ ? (ਅਕਾਸ਼ ਵਿੱਚੋਂ ਕਦੀ ਕਿਸੇ ਵਾਸਤੇ ਰਥ ਨਹੀਂ ਆਏ) 137
106. ਜੇ ਬੱਜਰ ਕੁਰਹਿਤੀਆ ਸਿੱਖ ਮਰ ਜਾਵੇ ਤਾਂ ਮਰੇ ਪਏ ਨੂੰ ਅੰਮ੍ਰਿਤ ਛਕਾਓ, ਦੂਜਿਆਂ ਲਈ ਅਰਦਾਸ ਹੀ ਕਾਫੀ ਹੈ ? (ਨਵਾਂ ਪਾਖੰਡ ਸ਼ੁਰੂ) 139
107. ਮਰੇ ਪ੍ਰਾਣੀ ਨਾਲ ਵਾਧੂ ਕਛਹਿਰਾ, ਕੰਘਾ, ਆਦਿ ਨਾਲ ਬੰਨਣਾ ਚਾਹੀਦਾ ਹੈ ? (ਪਾਖੰਡ ਕਿਰਿਆ ਸ਼ੁਰੂ) 140
108. ਜਿੱਥੇ ਬੰਦਾ ਮਰੇ ਉਸ ਥਾਂ ਦਸ ਦਿਨਾਂ ਤੱਕ ਜੈਤਸਰੀ ਦੀ ਵਾਰ ਦਾ ਪਾਠ ਹੋਵੇ ? (ਪਾਖੰਡ) 142
109. ਉਸੇ ਥਾਂ ਹਰ ਰੋਜ਼ ਸਹਸਕ੍ਰਿਤੀ ਦੇ ਛੇ ਛੇ ਸਲੋਕਾਂ ਦੀ ਕਥਾ ਹੋਣੀ ਚਾਹੀਦੀ ਹੈ ? (ਪਾਖੰਡ) 142
110. ਰੋਣ ਕਾਰਨ ਮਰਨ ਵਾਲਾ ਹੰਝੂਆਂ ਵਿੱਚ ਡੁੱਬ ਜਾਂਦਾ ਹੈ, ਪਾਰ ਨਹੀਂ ਜਾ ਸਕਦਾ ? 143
111. ਇੱਕ ਮਾਈ ਪੁੱਤਰ ਮਰੇ ਤੋਂ ਬਹੁਤ ਰੋਈ, ਮਰੇ ਪੁੱਤ ਨੇ ਵਾਪਸ ਆ ਕੇ ਦੱਸਿਆ ਕਿ ਤੇਰੇ ਰੋਣ ਕਰਕੇ ਰਾਹ ਵਿੱਚ ਹਨੇਰਾ ਹੋਇਆ ਹੈ 143
112. ਅਸਥੀਆਂ ਕੀਰਤਪੁਰ ਜਾਂ ਗੋਇੰਦਵਾਲ ਪਾਵੋ ? (ਪਾਖੰਡ) "ਜੇ ਮਿਰਤਕ ਕਉ ਵਿਸਟਾ ਮਹਿ ਰੁਲਾਈ॥ ਤਉ ਮਿਰਤਕ ਕਾ ਕਿਆ ਘਟਿ ਜਾਈ॥" (1160) ਕੀ ਗੁਰਬਾਣੀ ਝੂਠ ਹੈ ? 143
113. ਭਾਂਡੇ ਬਿਸਤਰੇ ਅਦਿ ਮਰੇ ਪ੍ਰਾਣੀ ਨਮਿਤ ਗ੍ਰੰਥੀ ਨੂੰ ਦਿੱਤੇ ਜਾਣ (ਗਰੁੜ ਪੁਰਾਣ ਵਾਲਾ ਬ੍ਰਾਹਮਣੀ ਪਾਖੰਡ) 145
114. ਪਾਠਾਂ ਦੀਆਂ ਕਿਸਮਾਂ – ਸਾਧਾਰਨ ਪਾਠ, ਮਿਰਤਕ ਪਾਠ, ਖੁਸ਼ੀ ਦਾ ਅਖੰਡ ਪਾਠ, ਸੰਪਟ ਪਾਠ, ਅਖੰਡ ਸੰਪਟ ਪਾਠ, ਸਧਾਰਨ ਸੰਪਟ ਪਾਠ, ਸਪਤਾਹਿਕ ਪਾਠ (ਨਿਰਾ ਪਾਖੰਡ ਪ੍ਰਚਾਰ) ਦਸਮ ਗ੍ਰੰਥ ਪਾਠ, ਦਸਮ ਗ੍ਰੰਥ ਅਖੰਡ ਪਾਠ

ਆਦਿ। 150
115. ਪਾਠੀ ਸਿੰਘ ਕੱਚਾ ਪਿਆਜ ਜਾਂ ਲੱਸਣ ਨਾ ਖਾਣ, ਜੇ ਖਾ ਲੈਣ ਤਾਂ ਚਾਰ ਪਹਿਰ ਹਜੂਰੀ ਵਿੱਚ ਨਾ ਜਾਣ ਸਿੱਖਾਂ ਨੂੰ ਪਾਖੰਡੀ ਬਣਾ ਦਿੱਤਾ। 151
116. ਪਾਠੀ ਟਕਸਾਲੀ ਹੋਣ, ਕੇਸੀ ਇਸ਼ਨਾਨ ਕਰਕੇ ਹਜੂਰੀ ਵਿੱਚ ਜਾਣ ? (ਪਾਖੰਡ) 151
117. ਜਿੰਨੀ ਵਾਰੀ ਪਾਠੀ ਪਖਾਨੇ ਜਾਣ ਉਤਨੀ ਵਾਰੀ ਇਸ਼ਨਾਨ ਕਰਨ ? (ਪਾਖੰਡ) ਜੋ ਗੰਦ ਹਰ ਵਕਤ ਅੰਦਰ ਹੈ ਉਸਦਾ ਕੀ ਕਰੋਗੇ ? 151
118. ਕੜਾਹ ਪ੍ਰਸ਼ਾਦਿ ਮਰਿਆਦਾ ਨਾਲ ਨਾ ਬਣਾਇਆ ਜਾਵੇ ਤਾਂ ਪਾਠ ਦਾ ਫਲ ਨਹੀਂ ਮਿਲਦਾ। (ਪਾਖੰਡ) 152
119. ਜੋਤ ਲਈ ਦੇਸੀ ਘਿਓ ਵਰਤਿਆ ਜਾਵੇ, ਧੂਫ ਹਰ ਵਕਤ ਧੁਖਦੀ ਰਹੇ ? (ਪਾਖੰਡ) 152
120. ਧੂਫ ਸਮੱਗਰੀ...... (ਕਈ ਹਜਾਰ ਰੁਪੈ ਦੀ ਫਜੂਲ ਖਰਚੀ) ਲਿਖਣੀ ਸੰਭਵ ਨਹੀਂ ਹੈ ? (ਅੰਨੀ ਲੁੱਟ) 152
121. ਅਖੰਡ ਪਾਠ ਨਾਲ ਜਪੁਜੀ ਰੱਖਣਾ ਜ਼ਰੂਰੀ (ਪਾਖੰਡ) 153
122. ਜਿੰਨੇ ਆਖੰਡ ਪਾਠ ਰੱਖੇ ਉਨੇ ਹੀ ਜਪੁਜੀ ਨਾਲ ਰੱਖੇ ? (ਪਾਖੰਡ) 153
123. ਅਖੰਡ ਪਾਠ ਅਤੇ ਹੋਰ ਸਾਰੇ ਪਾਠਾਂ ਨਾਲ ਨਿਤਨੇਮ ਤੇ ਕੀਰਤਨ ਜ਼ਰੂਰੀ ਹੋਵੇ ? (ਪਾਖੰਡ) 153
124. ਭੋਗ ਪਾ ਕੇ ਆਰਤੀ ਜ਼ਰੂਰ ਕਰਨੀ ? (ਪਾਖੰਡ) 153
125. ਮੱਧ ਦੀ ਅਰਦਾਸ ਜ਼ਰੂਰ ਕਰਨੀ ? (ਪਾਖੰਡ) 153
126. ਪਾਠ ਨਾਲ ਜੋਤ, ਧੂਫ, ਨਾਰੀਅਲ, ਫੁੱਲ ਜ਼ਰੂਰ ਰੱਖਣੇ ? (ਪਾਖੰਡ) 154
127. ਦੇਗ ਠੰਢੀ ਕਰਕੇ ਭੋਗ ਲਾਉਣਾ ਗਰਮ ਨੂੰ ਨਹੀਂ ? (ਪਾਖੰਡ) ਕਿਤੇ ਕਿਰਪਾਨ ਦਾ ਮੂੰਹ ਨਾ ਮੱਚ ਜਾਵੇ ? 154
128. ਗੁਰੂ ਅਰਜਨ ਜੀ ਨੇ ਗੋਇੰਦਵਾਲ ਤੋਂ ਪੋਥੀਆਂ ਲਿਆਉਣ ਵਕਤ ਜ਼ਮੀਨ ਤੇ ਬੈਠ ਕੇ ਕੀਰਤਨ ਕੀਤਾ ? (ਝੂਠ) 155
129. ਗੁਰੂ ਅਰਜਨ ਜੀ ਗੋਇੰਦਵਾਲ ਪੋਥੀਆਂ ਲੈਣ ਨੰਗੇ ਪੈਰੀਂ ਆਏ ਤੇ ਵਾਪਸ ਨੰਗੇ ਪੈਰੀਂ ਗਏ ? 155
130. ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਪਜਾਮਾ ਪਾ ਕੇ ਨਹੀਂ ਜਾਣਾ, (ਪਾਖੰਡ ਰੀਤੀ ਬਿਨਾਂ ਦਲੀਲ ਚਾਲੂ ਕੀਤੀ ਗਈ ਹੈ) ਕੀ ਔਰਤਾਂ ਵੀ ਆਪਣੇ ਪਰਮ ਪਿਤਾ ਜੀ ਦੀ ਹਜੂਰੀ ਵਿੱਚ ਉਪਰੋਕਤ ਅਨੁਸਾਰ ਹੀ ਜਾਣ ? 160

131. ਗੁਰੂ ਹਰਿਗੋਬਿੰਦ ਜੀ ਨੇ ਪੰਜੇ ਵਾਲਾ ਸੁੱਕਾ ਪਿੱਪਲ ਚੰਦਨ ਛਿੜਕ ਕੇ ਹਰਾ ਕਰ ਦਿੱਤਾ ? 161

132. ਕੜਾਹ ਪ੍ਰਸ਼ਾਦਿ ਦੀ ਰੀਤ ਤਦੋਂ ਚੱਲੀ, ਜਦੋਂ ਗੁਰੂ ਨਾਨਕ ਸਾਹਿਬ ਕੋਲ ਸਿੱਧ ਜੋਗੀ ਬਿਰਧ ਰੂਪ ਧਾਰਨ ਕਰਕੇ ਆਏ, ਤੇ ਕੁਝ ਖਾਣ ਨੂੰ ਮੰਗਿਆ। ਸਤਿਗੁਰੂ ਜੀ ਨੇ ਤਦੋਂ ਕੜਾਹ ਬਣਾ ਕੇ ਛਕਾਇਆ ? (ਕੋਈ ਸਬੂਤ ਨਹੀਂ) 161

133. ਸਭ ਤੋਂ ਉੱਪਰ ਰੱਬ ਦਾ ਨਾਮ, ਦੂਜੇ ਥਾਂ ਗੁਰਬਾਣੀ, ਤੀਜੇ ਥਾਂ ਕੜਾਹ ਪ੍ਰਸ਼ਾਦਿ ਮੰਨਣਾ ? (ਮਨ ਘੜੰਤ ਗੱਲਾਂ) 161

134. ਇਨ੍ਹਾਂ ਵਿਸ਼ੇਸ਼ ਬਾਣੀਆਂ ਦਾ ਤਿੰਨ ਵਾਰੀ ਪਾਠ ਕਰਨ ਤੇ ਕਾਰਜ ਸਫਲ ਹੋਣਗੇ ? (ਵਹਿਮ) 163

135. ਕਾਬਲ ਦੇ ਇਲਾਕਿਆਂ ਵਿੱਚ ਕੜਾਹ ਪ੍ਰਸ਼ਾਦਿ ਨੂੰ ਪੰਜਾ ਲੱਗਦਾ ਹੈ, ਜੇ ਨਾ ਲੱਗੇ ਤਾਂ ਕਾਰਜ ਸਿੱਧ ਨਹੀਂ ਹੁੰਦੇ (ਮਨਮਤ) 164

136. ਇੱਕ ਸਿੱਖ ਕਾਬੁਲ ਤੋਂ ਦਰਬਾਰ ਸਾਹਿਬ ਅੰਮ੍ਰਿਤਸਰ ਆਇਆ ਦੇਗ ਅਰਪਣ ਕੀਤੀ, ਪੰਜਾ ਨਾ ਲੱਗਿਆ, ਇੱਥੇ ਕਿਰਪਾਨ ਭੇਂਟ ਕੀਤੀ ਗਈ। ਉਸ ਦੇ ਮਨ ਅੰਦਰ ਸੰਸਾ ਜਾਗੀ, ਤਾਂ ਹਰਿਮੰਦਰ ਵਿੱਚੋਂ ਗੁਪਤ ਆਵਾਜ ਆਈ "ਸਿੱਖਾ ਸੰਸਾ ਨਾ ਕਰ, ਇੱਥੇ ਇਹੀ ਮਰਿਆਦਾ ਹੈ" ? (ਪੰਜਾ ਲੱਗਣਾ ਸੰਭਵ ਹੀ ਨਹੀਂ,) 164

137. ਦੇਗ ਪ੍ਰਵਾਨ ਹੋਵੇ ਨਹੀਂ ਕਹਿਣਾ ਭੋਗ ਲੱਗੇ ਕਹਿਣਾ ਹੈ, ਲਾਵਹੁ ਭੋਗ ਹਰਿ ਰਾਇ..... (ਪਾਖੰਡ) 164

138. ਭੋਗ ਲੱਗੇ ਅਤੇ ਪ੍ਰਵਾਨ ਹੋਵੇ ਲਿਖ ਕੇ ਇੱਕ ਵਾਰੀ ਪਰਚੀਆਂ ਅੰਮ੍ਰਿਤ ਸਰੋਵਰ ਵਿੱਚ ਪਾਈਆ ਸਨ, ਭੋਗ ਵਾਲੀ ਪਰਚੀ ਤਰ ਗਈ, ਦੂਜੀ ਡੁੱਬ ਗਈ, ਤਦੋਂ ਤੇ ਭੋਗ ਬੋਲੀਦਾ ਹੈ ? 165

139. ਇੱਕ ਸਿੱਖ ਨੇ ਕੋਹੜ ਦੂਰ ਹੋਣ ਦੀ ਸੁੱਖ ਸੁੱਖੀ, ਭਾਈ ਜੀ ਨੇ ਲੋਭ ਕਰਕੇ ਕੜਾਹ ਬਹੁਤ ਖਾ ਲਿਆ ਇਸੇ ਭਾਈ ਜੀ ਨੂੰ ਹੀ ਕੋਹੜ ਹੋ ਗਿਆ। (ਅਨੇਕ ਤਰ੍ਹਾਂ ਦੀਆਂ ਅਰਦਾਸਾਂ ਦੀ ਭੇਟਾਂ ਗੁਰੂ ਘਰਾਂ ਵਿੱਚ ਆਉਂਦੀ ਹੈ, ਟਕਸਾਲੀਆਂ ਨੂੰ ਕੋਹੜ ਸਭ ਤੋਂ ਪਹਿਲਾਂ ਹੋਣਾ ਚਾਹੀਦਾ ਸੀ) 166

140. ਹੁਕਮਨਾਮਾ-ਸਵੇਰੇ ਖੱਬੇ ਪੰਨੇ ਤੋਂ, ਦੁਪਿਹਰ ਮੱਧ ਤੋਂ, ਸ਼ਾਮ ਨੂੰ ਹੇਠਾਂ ਤੋਂ ਲਵੋ ? (ਭਰਮ) 168

141. ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਸਤ ਸ਼੍ਰੀ ਅਕਾਲ ਦਾ ਜੈਕਾਰਾ ਪੰਜਵੇਂ

ਸਤਿਗੁਰਾਂ ਚਾਲੂ ਕੀਤਾ ? (ਇਤਿਹਾਸ ਤੋਂ ਸੱਖਣੇ) 168
142. ਮਹਾਰਾਜ ਦੇ ਰੁਮਾਲੇ ਗਰਮੀ ਵਿੱਚ ਪਤਲੇ ਰੇਸ਼ਮੀ ਹੋਣ, ਸਰਦੀ ਵਿੱਚ ਗਰਮ ਰੁਮਾਲੇ ਹੋਣ ? (ਪਾਖੰਡ) 172
143. ਗਰਮੀਆਂ ਵਿੱਚ ਮਹਾਰਾਜ ਨੂੰ ਦਿਨ ਰਾਤ ਪੱਖਾ ਝੱਲਣਾ, ਜਗ੍ਹਾ ਠੰਢੀ ਰੱਖਣੀ ? (ਪਾਖੰਡ) 174
144. ਅਰਦਾਸ ਤੋਂ ਬਾਅਦ ਵਾਲੇ ਤਿੰਨ ਦੋਹਰੇ “ਆਗਿਆ ਭਈ......” ਗੁਰੂ ਗੋਬਿੰਦ ਸਿੰਘ ਦੇ ਲਿਖੇ ਹੋਏ ਹਨ ? (ਇਤਿਹਾਸ ਤੋਂ ਕੋਰੇ ਅਣਜਾਣ) ? 175
145. ਠੀਕ ਤਰ੍ਹਾਂ ਮੱਥਾ ਟੇਕਣ ਨਾਲ ਪੁੱਠੇ ਲੇਖ ਸਿੱਧੇ ਹੋ ਜਾਂਦੇ ਹਨ ? (ਪਾਖੰਡ) 176
146. ਸਹਿਜ ਪਾਠ ਮਗਰੋਂ ਜਪੁਜੀ ਪੰਜ ਪਉੜੀਆਂ, ਅਖੰਡ ਪਾਠ ਮਗਰੋਂ ਸਾਰਾ ਜਪੁਜੀ ਪੜ੍ਹੋ (ਪਾਖੰਡ) 177
147. ਸੁਖਮਨੀ ਪੜ੍ਹਨ ਨਾਲ ਜਹਾਂਗੀਰ ਦੀ ਜਲੋਧਰ ਦੀ ਬਿਮਾਰੀ ਹਟ ਗਈ ਸੀ ? (ਕਲਪਣਾ) 178
148. ਪੰਜਵੇਂ ਪਾਤਸ਼ਾਹ ਨੇ ਆਪਣੀ ਸ਼ਹੀਦੀ ਵਕਤ ਸਿੱਖਾਂ ਦੀਆਂ ਕੁਰਬਾਨੀਆਂ ਦੀ ਭਵਿੱਖਬਾਣੀ ਕੀਤੀ ਸੀ ? (ਕਲਪਣਾ) 178
149. ਈਸਾ ਤੋਂ ਬਿਨਾਂ ਈਸਾਈਆਂ ਵਿੱਚ ਹੋਰ ਕੋਈ ਕੁਰਬਾਨੀ ਵਾਲਾ ਨਹੀਂ ਹੋਇਆ ? (ਇਤਿਹਾਸ ਤੋਂ ਸਖਣੇ) 178
150. ਸ਼ਹੀਦੀ ਵਕਤ ਪੰਜਵੇਂ ਗੁਰੂ ਕੋਲ ਮਦਦ ਵਾਸਤੇ ਸਾਰੇ ਦੇਵਤੇ ਆਏ, ਚੌਰਾਸੀ ਸਿੱਧ ਜੋਗੀ ਜਤੀ ਆਏ, ਉਹਨਾਂ ਨੇ ਆ ਕੇ ਸਾਰੇ ਸਿਪਾਹੀ ਬੇਹੋਸ਼ ਕਰ ਦਿੱਤੇ ? 179
151. ਬਚਨ ਸੁਣ ਕੇ ਸਾਈਂ ਮੀਆਂ ਮੀਰ ਬੇਹੋਸ਼ ਹੋ ਗਿਆ ? 179
152. ਗੁਰੂ ਹਰਗੋਬਿੰਦ ਸਾਹਿਬ ਜੀ ਨੇ ਪਿਤਾ ਗੁਰੂ ਨਮਿਤ ਪਾਠ ਕਰਵਾ ਕੇ ਬਾਬਾ ਬੁੱਢਾ ਜੀ ਨੂੰ ਪਾਠ ਭੇਟਾ ਵਿੱਚ ਇੱਕ ਹਾਥੀ, ਪੰਜ ਘੋੜੇ, ਪੰਜ ਸੌ ਮੋਹਰ, ਬੇਅੰਤ ਪੁਸ਼ਾਕੇ ਆਦਿ ਦਿੱਤੇ (ਪਿਤਾ ਮਰਨ ਦੀ ਇੰਨੀ ਖੁਸ਼ੀ ਮਨਾਈ) ਇਹ ਆਪ ਲਾਲਚੀ ਚਾਹੁੰਦੇ ਹਨ ਸਾਨੂੰ ਏਨੀਆਂ ਭੇਟਾਵਾ ਮਿਲਣ। 180
153. ਗੁਰੂ ਅਰਜਨ ਦੇਵ ਨਮਿਤ ਯੱਗ ਕੀਤਾ ਗਿਆ, ਤੇਰਾਂ ਦਿਨ ਪਾਠ ਹੋਇਆਂ ? (ਗੁਰਮਤਿ ਵਿਰੋਧੀ) 180
154. ਗੁਰੂ ਹਰਗੋਬਿੰਦ ਸਾਹਿਬ ਜੀ ਨੇ ਗੁਰੂ ਗ੍ਰੰਥ ਵਿੱਚ ਨੌ ਧੁਨੀਆਂ ਚੜ੍ਹਾਈਆਂ (ਇਹ ਧੁਨੀਆਂ ਖੁਦ ਪੰਚਮ ਗੁਰੂ ਨੇ ਚੜ੍ਹਾਈਆਂ ਸਨ।) 180

155. ਮਰੇ ਪ੍ਰਾਣੀ ਨਮਿਤ ਪਾਠ ਕੀਤਿਆਂ ਉਹ ਸੱਚ ਖੰਡ ਜਾਂਦਾ ਹੈ, ਉਸਨੂੰ ਸੁਖ ਮਿਲਦਾ ਹੈ ? (ਪਾਖੰਡ) 182

156. ਮਰੇ ਪ੍ਰਾਣੀ ਨਮਿਤ ਭੇਟਾ, ਕੱਪੜੇ, ਬਿਸਤਰਾ, ਬਰਤਨ ਜੋੜਾ ਆਦਿ ਦੇਵੇ, ਲੰਗਰ ਚਲਾਵੇ ? (ਗਰੁੜ ਪੁਰਾਣ ਵਿੱਚ ਲਿਖੀ ਬ੍ਰਾਹਮਣੀ ਲੁੱਟ ਦੀ ਹਮਾਇਤ, ਗੁਰਬਾਣੀ ਤੋਂ ਉਲਟ) 183

157. ਗੁਰੂ ਤੇਗ ਬਹਾਦਰ ਸਾਹਿਬ ਨੇ ਪੁੱਤਰ ਪ੍ਰਾਪਤੀ ਲਈ ਤ੍ਰਿਬੇਣੀ ਪ੍ਰਯਾਗ ਵਿਖੇ ਅਖੰਡ ਪਾਠ ਕਰਵਾਇਆ ਤਾਂ ਪੁੱਤਰ ਜਨਮਿਆ (ਮਤਲਬ ਕਿ ਨੌਵੇਂ ਗੁਰੂ ਨੂੰ ਰੱਬ ਤੇ ਭਰੋਸਾ ਨਹੀਂ ਸੀ, ਉਹਨਾਂ ਕੋਲ ਖੁਦ ਕੋਈ ਸਮਰੱਥਾ ਨਹੀਂ ਸੀ, ਬ੍ਰਾਹਮਣਾ ਤੋਂ ਪੁੱਤਰ ਲਿਆ ?) 184

158. ਦੂਜੀ ਵਾਰੀ ਦਸਮ ਪਾਤਸ਼ਾਹ ਨੇ ਤਲਵੰਡੀ ਸਾਬੋ ਅਖੰਡ ਪਾਠ ਕਰਵਾਇਆ ? (ਕਲਪਣਾ) 185

159. ਗੁਰਬਾਣੀ ਦਾ ਅੱਖਰ ਲਗਾਂ, ਕੰਨਾ, ਬਿੰਦੀ, ਗੁਰੂ ਜੀ ਦੇ ਅੰਗ ਹਨ, ਜਦੋਂ ਕੋਈ ਅਸ਼ੁੱਧ ਪਾਠ ਕਰਦਾ ਹੈ ਤਾਂ ਸਤਿਗੁਰੂ ਜੀ ਨੂੰ ਤਕਲੀਫ ਹੁੰਦੀ ਹੈ (ਜਦੋਂ ਪੋਥੀਆਂ ਗੁਟਕੇ ਸਰੂਪ ਕਮਜ਼ੋਰ ਹੋ ਜਾਂਦੇ ਹਨ, ਅਗਨ ਭੇਟ ਹੁੰਦੇ ਹਨ ਤਦੋਂ ਕੀ ਆਖੀਏ ਕੀ ਹੁੰਦਾ ਹੈ ?) 185

160. ਆਪਣੇ ਅਸਲੀ ਗੁਰੂ ਹੋਣ ਦਾ ਸਬੂਤ ਦੇਣ ਵਾਸਤੇ ਦਸਮ ਪਾਤਸ਼ਾਹ ਨੇ ਕੰਠ ਤੋਂ ਬਾਣੀ ਉਚਾਰਨ ਕੀਤੀ। ਕਿਤੇ ਸਿੱਖ ਸ਼ੱਕ ਨਾ ਕਰ ਲੈਣ। (ਜੇ ਸ਼ੱਕ ਹੋ ਗਿਆ ਮੁਕਤ ਨਹੀਂ ਹੋ ਸਕਣਗੇ, ਸਤਿਗੁਰੂ ਜੀ ਦਾ ਅਪਮਾਨ) 186

161. ਇੱਕ ਦੋਹਿਰਾ ਗੁਰੂ ਗ੍ਰੰਥ ਸਾਹਿਬ ਵਿੱਚ ਦਸਵੇਂ ਪਾਤਸ਼ਾਹ ਦਾ ਹੈ? "ਬਲ ਹੋਆ ਬੰਧਨ ਛੁਟੇ" 186

162. ਰਾਜਾ ਜੈ ਸਿੰਘ ਦੀ ਸੰਸਾ ਨਵਿਰਤੀ ਲਈ, ਦਮਦਮੇ ਵਿਖੇ ਦਸਮ ਪਾਤਸ਼ਾਹ ਨੇ ਅਖੰਡ ਪਾਠ ਕਰਵਾਇਆ, ਗੁਰੂ ਜੀ ਨੇ ਸਾਰਾ ਪਾਠ ਖੜ੍ਹੇ ਹੋ ਕੇ ਸੁਣਿਆ। (ਟਕਸਾਲੀਏ ਖੜ੍ਹੇ ਹੋ ਕੇ ਪਾਠ ਕਿਉਂ ਨਹੀਂ ਸੁਣਦੇ ?) 187

163. ਪਾਠ ਸੁਣਦੇ ਹੋਏ ਦਸਮ ਗੁਰੂ ਖਲੋ ਕੇ ਹੀ ਉਪਰ ਪਾਣੀ ਪੁਆ ਲੈਂਦੇ ਸਨ। (ਗੁਰੂ ਜੀ ਨੂੰ ਪਾਗਲ ਨਾ ਬਣਾਓ) 187

164. ਹਜੂਰ ਸਾਹਿਬ ਨਾਂਦੇੜ ਵਿਖੇ ਦਸਮ ਗੁਰੂ ਜੀ ਨੇ ਸਾਰਾ ਅਖੰਡ ਪਾਠ ਇੱਕੋ ਚੌਂਕੜੇ ਸੁਣਿਆ ? ਇਸ਼ਨਾਨ ਲਈ ਉਥੇ ਹੀ ਉਪਰ ਪਾਣੀ ਪਵਾ ਲਿਆ ਕਰਦੇ ਸਨ? (ਗੁਰੂ ਜੀ ਦੀ ਤੌਹੀਨ) 189

165. ਅਖੰਡ ਪਾਠ ਦੇ ਭੋਗ ਮਗਰੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ ਆਸਣ ਕਰ ਦਿੱਤਾ ਜਾਵੇ ? (ਪਾਖੰਡ) 194

166. ਸੰਪਟ ਪਾਠ, ਸੰਪਟ ਹਰ ਸ਼ਬਦ ਤੇ ਲਾਵੋ, ਅਤੀ ਕਾਰਜ ਹੋਵੇ ਤਾਂ ਤੁਕ ਤੁਕ ਤੇ ਸੰਪਟ ਲਾਵੋ, ਜਿੱਥੇ ਡੰਡੀਆਂ ਆ ਜਾਣ ਉਥੇ ਹੀ ਸੰਪਟ ਲਾਵੋ, ਮੂਲ ਮੰਤਰ ਤੇ ਗੁਰ ਮੰਤਰ ਸਭ ਤੇ ਸੰਪਟ ਲਾਵੋ ? (ਪਾਖੰਡ) 194

167. ਸੰਪਟ ਵਾਲਾ ਸਹਿਜ ਪਾਠ ਚਾਲੀ ਦਿਨਾ ਵਿੱਚ ਪੂਰਾ ਕਰੋ, ਜੋ ਚਾਹੋ ਕਾਰਜ ਸਿੱਧ ਹੋਣਗੇ ? (ਪਾਖੰਡ) 195

168. ਸੰਪਟ ਅਖੰਡ ਪਾਠ ਮਗਰੋਂ ਅਖੰਡ ਪਾਠ ਕਰਨਾ, ਫਿਰ ਸਹਿਜ ਪਾਠ ਜ਼ਰੂਰ ਕਰਨਾ ? (ਪਾਖੰਡ ਤੇ ਲੁੱਟ) 196

169. ਸਪਤਾਹਕ ਪਾਠ ਵਿੱਚ ਪਾਠ ਇੱਕੋ ਬੈਠਕ ਵਿੱਚ 102 ਪਤਰੇ ਪੜ੍ਹੇ ਤਾਂ ਫਲ ਮਿਲੇਗਾ ? (ਪਾਖੰਡ) 197

170. ਪਾਠੀ ਸਿੰਘ ਕਿਸੇ ਨਾਲ ਗੱਲ ਨਾ ਕਰੇ ਮੌਨ ਰੱਖੇ, ਸਿੰਘਣੀ ਨਾਲ "ਸਾਂਝ" ਨਾ ਕਰੇ, ਜੇ ਸੁਪਨ ਦੋਸ਼ ਹੋ ਜਾਵੇ, ਜੰਗਲ ਪਾਣੀ ਜਾਵੇ ਤਾਂ ਕੇਸੀ ਇਸਨਾਨ ਕਰੇ ? (ਪਾਖੰਡ) 197

171. ਜਿਸ ਵਿਅਕਤੀ ਨਮਿਤ ਪਾਠ ਕਰਨਾ ਹੋਵੇ, ਉਹੀ ਅੰਦਰ ਜਾਵੇ, ਹੋਰ ਕੋਈ ਨਾ ਜਾਵੇ, ਬੱਚੇ ਬੀਬੀ ਬਿਲਕੁਲ ਨਾ ਆਉਣ ? (ਬੀਬੀਆਂ ਦਾ ਵਾਰ ਵਾਰ ਨਿਰਾਦਰ) 198

172. ਦਸਮ ਗ੍ਰੰਥ ਪਾਠ ਦੀ ਮਰਿਆਦਾ ਅਖੰਡ ਪਾਠ ਵਾਲੀ ਹੈ, ਜਪੁਜੀ ਦੀ ਥਾਂਵੇ ਜਾਪੁ ਸਾਹਿਬ ਨਾਲ ਰੱਖਿਆ ਜਾਵੇ ? ਧੂਫ ਸਮੱਗਰੀ ਸਭ ਉਹੀ ਹੈ ? (ਗੁਰੂ ਗ੍ਰੰਥ ਦੀ ਤੌਹੀਨ ਵੱਡਾ ਪਾਪ ਕੀਤਾ ਹੈ) 201

173. ਜਪੁਜੀ ਦਾ ਵੱਡਾ ਮਹਾਤਮ ਹੈ, ਇਹ ਵੇਈ ਪ੍ਰਵੇਸ਼ ਵਕਤ ਸਚਖੰਡ ਵਿਖੇ ਉਚਾਰਨ ਕੀਤਾ ਸੀ ? 201

174. ਜਪੁਜੀ ਦੇਵਤੇ ਵੀ ਪੜ੍ਹਦੇ ਹਨ, ਇਸ ਦੇ ਪੜਨ ਨਾਲ ਸਾਰੇ ਕੰਮ ਰਾਸ ਆ ਜਾਂਦੇ ਹਨ ? 202

175. ਇੱਕ ਜਪੁਜੀ ਪੜ੍ਹਨ ਤੇ ਗੁਪਾਲਾ ਜੀ ਨੂੰ ਸਵਾ ਲੱਖੀ ਘੋੜਾ ਕਾਠੀ ਸਮੇਤ ਮਿਲ ਗਿਆ ਸੀ, ਵੱਧ ਪੜ੍ਹਨ ਨਾਲ ਵੱਧ ਫਲ ਕਿਉਂ ਨਾ ਮਿਲੂ, ਇਸੇ ਲਈ ਅਖੰਡ ਪਾਠ ਦੇ ਨਾਲ ਰਖੀਦਾ ਹੈ, ਫਲ ਬਹੁਤ ਹੈ ? (ਪਾਖੰਡ) 202

176. ਕੁੰਭ ਰੱਖਣ ਦਾ ਮਹਾਤਮ ਜੇਕਰ ਜੋਤਾਂ ਤੋਂ ਅੱਗ ਲੱਗ ਜਾਵੇ, ਤਾਂ ਪਾਣੀ ਪਾ ਕੇ ਬੁਝਾ ਲੈਣੀ ? (ਪਾਖੰਡ) 203

177. ਕੁੰਭ ਵਾਲਾ ਜਲ ਛਕਣ ਨਾਲ ਰੋਗ ਦੂਰ ਹੁੰਦੇ ਹਨ ? (ਗਿ:) ਗੁਰਬਚਨ ਸਿੰਘ ਤੇ ਕਰਤਾਰ ਸਿੰਘ ਨੇ ਕਿਉਂ ਨਾਂ ਛਕਿਆ ? 203

178. ਅੰਮ੍ਰਿਤਸਰ ਵਿਖੇ ਸ੍ਰੋਵਰ ਦਾ ਜਲ ਅੰਮ੍ਰਿਤ ਬਣ ਗਿਆ ਹੈ, ਇਸੇ ਤਰ੍ਹਾਂ ਕੁੰਭ ਦਾ ਜਲ ਅੰਮ੍ਰਿਤ ਬਣ ਜਾਂਦਾ ਹੈ। (ਸਿੱਖਾਂ ਨੂੰ ਗੁਮਰਾਹ ਕੀਤਾ ਗਿਆ ਹੈ, ਘੜਾ ਕੈਨੀ, ਸਰੋਵਰ ਵਾਲਾ ਪਾਣੀ ਅੰਮ੍ਰਿਤ ਨਹੀਂ ਬਣਦਾ। 203

179. ਨਾਰੀਅਲ ਸੀਸ ਭੇਟ ਕਰਨ ਬਰਾਬਰ ਹੈ ? ਫਿਰ ਲੋੜ ਪੈਣ ਤੇ ਨਾਰੀਅਲ ਹੀ ਭੇਟ ਕਰੀਏ ? 204

180. ਦੁਰਬਾਸਾ ਰਿਸ਼ੀ ਨੇ ਰੁੱਖਾਂ ਨੂੰ ਬੰਦੇ ਲਾ ਦਿੱਤੇ, ਨਾ ਖਾਣ ਨਾ ਪੀਣ ? ਰੱਬ ਨੇ ਰੋਕਿਆ। (ਜਰ੍ਹਾ ਸੋਚੋ ਕਦੀ ਰੁਖਾਂ ਨੂੰ ਬੰਦੇ ਲੱਗ ਸਕਦੇ ਹਨ ਫਲਾਂ ਵਾਂਗ ? ਇਹ ਮੂਰਖਤਾ ਦੀ ਇੰਤਹਾ ਨਹੀਂ ਤਾਂ ਹੋਰ ਕੀ ਹੈ ?) 204

181. ਜੇ ਪਾਠ ਵਿਧੀ ਪੂਰਵਕ ਹੋਇਆ ਹੋਵੇ ਤਾਂ ਨਾਰੀਅਲ ਦੀ ਗਿਰੀ ਸੜ੍ਹ ਕੇ ਸੁਆਹ ਹੋ ਜਾਂਦੀ ਹੈ ? 204

182. ਰਾਗ ਮਾਲਾ ਤੋਂ ਬਿਨਾਂ ਬੀੜ ਲਿਖਣ ਵਾਲੇ ਦੀ ਜੀਭ ਵਿੱਚ ਅੱਠ ਦਿਨਾ ਅੰਦਰ ਕੀੜੇ ਪੈ ਗਏ, ਫਿਰ ਰਾਗ ਮਾਲਾ ਲਿਖੀ ਤੁਰੰਤ ਰਾਜੀ ਹੋ ਗਿਆ (ਆਖੰਡ ਕੀਰਤਨੀ ਜੱਥੇ ਵਾਲਿਆਂ ਦਾ ਕਦੇ ਵਾਲ ਵਿੰਗਾ ਨਹੀਂ ਹੋਇਆ) 212

183. "ਥਿਰੁ ਘਰਿ ਬੈਸਹੁ" ਸ਼ਬਦ ਦਾ ਛਿਲਾ ਕੱਢਿਆਂ ਕਾਰਜ ਰਾਸ ਆ ਜਾਂਦੇ ਹਨ ? (ਪਾਖੰਡ) 214

184. ਰਾਗ ਮਾਲਾ ਬਾਰੇ ਭਾਈ ਕਾਹਨ ਸਿੰਘ ਨਾਭਾ ਨੇ ਗਲਤ ਲਿਖਿਆ ਹੈ ? 216

185. ਤੇਜਾ ਸਿੰਘ ਭਸੌੜ ਵਾਲਾ ਜਦੋਂ ਮਰਿਆ ਤਾਂ ਗੁਪਤ ਥਾਂ ਕੀੜੇ ਪੈ ਗਏ ਸਨ, ਅੱਖਾਂ ਵਿੱਚ ਸੁੰਡੀਆਂ ਪੈ ਗਈਆਂ, ਸਾਰੇ ਸਰੀਰ ਵਿੱਚੋਂ ਬਦਬੂ ਆਵੇ, ਕਿਉਂਕਿ ਰਾਗ ਮਾਲਾ ਦਾ ਵਿਰੋਧੀ ਸੀ ? (ਝੂਠ ਦੀ ਸਿਖਰ ਸੀਮਾ) ਤੇ ਗਿ: ਗੁਰਬਚਨ ਸਿੰਘ 13 ਸਾਲ ਬਿਮਾਰ ਰਹਿਕੇ ਕਿਉਂ ਮਰਿਆ ਸੀ ? 216

186. ਸੰਨਿਆਸੀ, ਨਿਰਮਲੇ ਸਾਧ ਸੰਤ ਮਹੰਤ ਡੇਰੇਦਾਰ ਪਹਿਲਾਂ ਪੂਰੀ ਰਹਿਰਾਸ ਪੜ੍ਹਦੇ ਸਨ, ਇਹ ਗੜ੍ਹ ਗੱਜ ਅਕਾਲੀਆਂ ਨੇ ਘਟਾ ਦਿੱਤੀ ? (ਮਨਮਰਜ਼ੀ ਦੀ ਹੈਂਕੜਬਾਜ਼ੀ ਤੇ ਧੱਕਾ) 222

187. ਘੱਟ ਬਾਣੀ ਪੜ੍ਹਨ ਕਰਕੇ ਪੁੰਨ ਦੀ ਥਾਂਵੇ ਪਾਪ ਦੇ ਭਾਗੀਦਾਰ ਬਣਦੇ ਹਾਂ ? 222

188. ਸੋਹਿਲੇ ਤੋਂ ਪਹਿਲਾਂ ਚਾਰ ਸ਼ਬਦ ਪੜ੍ਹੋ, ਅਰਦਾਸ ਕਰੋ, ਚਾਰੇ ਪਾਸੇ ਲੋਹੇ ਦਾ ਕਿਲ੍ਹਾ ਬਣ ਜਾਂਦਾ ਹੈ, ਸਵੇਰੇ ਇਸ਼ਨਾਨ ਕਰਕੇ ਜਪੁਜੀ ਪੜ੍ਹਿਆਂ ਕਿਲ੍ਹਾ ਹਟ ਜਾਂਦਾ ਹੈ ? 226

189. ਜਪੁਜੀ ਸਾਹਿਬ ਸਿੱਖਾਂ ਦਾ ਮਾਲਾ ਮੰਤਰ ਹੈ (ਗੁਰਬਾਣੀ ਮਾਲਾ ਤੇ ਮੰਤਰਾਂ ਦਾ ਖੰਡਨ ਕਰਦੀ ਹੈ ਇਹ ਜੀਵਨ ਜਾਚ ਹੈ) 230

190. ਸਤਿਗੁਰੂ ਜੀ ਨੇ ਵੇਦਾਂ ਅਤੇ ਬ੍ਰਾਹਮਣਾਂ ਦੇ ਅਵਤਾਰ ਭੱਟਾਂ ਨੂੰ ਉਪਦੇਸ਼ ਕੀਤਾ, ਵਾਹਿਗੁਰੂ ਉਚਾਰਨ ਕੀਤਾ। (ਕਪੋਲ ਕਲਪਣਾ) 234

191. ਕਰਤਾ ਪੁਰਖ ਜੀ ਨੇ ਵ, ਹ, ਗ, ਰ ਦਾ ਨੌਂ-ਨੌਂ ਜੁੱਗ ਜਾਪ ਕੀਤਾ, ਤਾ ਵਾਹਿਗੁਰੂ ਮੰਤਰ ਤਿਆਰ ਹੋਇਆ। (ਤੌਬਾ ਤੌਬਾ) 235

192. ਕਾਮਰੂਪ ਦੀਆਂ ਇਸਤਰੀਆਂ ਨੇ ਮਰਦਾਨੇ ਨੂੰ ਭੇਡੂ ਬਣਾਇਆ ਸੀ ? (ਮਰਦਾਨਾ ਜੀ ਦੀ ਤੌਹੀਨ) 238

193. ਮੂਲ ਮੰਤਰ ਘਟਾਉਣ ਕਰਕੇ ਸਿੱਖਾਂ ਦੀ ਤਾਕਤ ਘਟ ਗਈ ਹੈ (ਟਕਸਾਲੀਏ ਆਪਣੀ ਤਾਕਤ ਕਿਉਂ ਨਹੀਂ ਵਧਾ ਲੈਂਦੇ) 241

194. "ਗੁਰਬਾਣੀ ਪਾਠ ਦਰਸ਼ਨ" ਕਿਤਾਬ ਵਿੱਚ ਲਿਖਿਆ ਹੈ ਕਿ ਟਕਸਾਲ ਭਾਈ ਮਨੀ ਸਿੰਘ ਤੋਂ ਚੱਲੀ ਹੈ। (ਪੰਨਾ 253), ਪਰ ਹੁਣ ਬਾਬਾ ਦੀਪ ਸਿੰਘ ਤੋਂ ਟਕਸਾਲ ਚੱਲਣ ਦਾ ਪੈਂਤੜਾ ਬਦਲ ਲਿਆ ਹੈ। ਜਦੋਂ ਕਿ ਇਹ ਦੋਵੇਂ ਗੱਲਾਂ ਕੋਰਾ ਝੂਠ ਹਨ। ਕਿਸੇ ਇਤਿਹਾਸਕ ਗ੍ਰੰਥ ਤੋਂ ਇਸਦੀ ਪੁਸ਼ਟੀ ਨਹੀਂ ਹੁੰਦੀ ਕਿ ਟਕਸਾਲ ਦਮਦਮੇ ਤੋਂ ਗੁਰੂ ਗੋਬਿੰਦ ਸਿੰਘ ਨੇ ਚਲਾਈ। ਉਹਨਾਂ ਧੜੇਬੰਦੀਆਂ, ਸੰਪਰਦਾਵਾਂ ਖਤਮ ਕਰਕੇ ਖਾਲਸਾ ਬਣਾਇਆ ਸੀ। ਕਿਸੇ ਨੂੰ ਵੱਧ ਅਧਿਕਾਰ ਨਹੀਂ ਦਿੱਤੇ। ਇਹ ਸਿੱਖਾਂ ਨਾਲ ਸ਼ਰੇਆਮ ਧੋਖਾ ਹੈ।

195. ਕਰਤਾਰਪੁਰੀ ਹੱਥ ਲਿਖਤ ਬੀੜ ਤੇ ਭੀ ਗਿ: ਗੁਰਬਚਨ ਸਿੰਘ ਤੇ ਉਸ ਦੇ ਪੈਰੋਕਾਰ, ਮਾਰੂ ਵਾਰ ਕਰਨੋਂ ਬਾਜ ਨਹੀਂ ਆਏ। ਇਹ ਸਭ ਨਿਵਾਣਾ ਪਾਰ ਕਰਕੇ ਇਸੇ ਕਿਤਾਬ ਦੇ ਪੰਨਾ 260 ਤੇ ਲਿਖਦੇ ਹਨ- "ਕਰਤਾਰਪੁਰੀ ਬੀੜ ਵਿੱਚ ਤਕਰੀਬਨ 1500 ਤੋਂ ਵੱਧ ਗਲਤੀਆਂ ਹਨ, ਇੰਨਾ ਵੱਡਾ ਕੁਫਰ ? ਪਾਪ ਕਰਮ ?" ਗੁਰੂ ਗ੍ਰੰਥ ਸਾਹਿਬ ਜੀ ਸਿੱਖ ਧਰਮ ਦੀ ਆਧਾਰ ਸ਼ਿਲਾ ਹਨ। ਟਕਸਾਲ ਵਾਲਿਆਂ ਸਿੱਖੀ ਸਿਧਾਂਤਾਂ ਅਸੂਲਾਂ ਉੱਤੇ ਤਾਂ ਕੋਝੇ ਵਾਰ ਕੀਤੇ ਹੀ ਸਨ, ਇਹਨਾਂ ਦਸ ਗੁਰੂ ਸਾਹਿਬਾਨ ਨੂੰ ਭੀ ਅਪਮਾਨਿਤ ਕੀਤਾ ਹੈ। ਸਿੱਖਾਂ ਦੇ ਸਿਰਮੌਰ

ਯੋਧੇ ਅਤੇ ਪਰਉਪਕਾਰੀਆਂ ਨੂੰ ਭੀ ਇਹਨਾਂ ਮਿੱਟੀ ਵਿੱਚ ਮਿਲਾ ਦਿੱਤਾ ਹੈ। ਪਾਖੰਡ ਤੇ ਕੋਰਾ ਝੂਠ ਲਿਖਣ ਲੱਗਿਆ ਇਹਨਾਂ ਕਦੀ ਸ਼ਰਮ ਨਾ ਕੀਤੀ। ਬਿਨਾ ਸਬੂਤ ਤੋਂ ਬੇਸਿਰ ਪੈਰ ਦੀਆਂ ਕਹਾਣੀਆ ਘੜਨੀਆਂ ਇਹਨਾਂ ਦਾ ਸ਼ੁਗਲ ਹੈ। ਪਾਪ ਕਰਮ ਦੀ ਸਿਖਰ ਤਦੇ ਸਾਕਾਰ ਸਾਹਮਣੇ ਮੂਰਤੀਮਾਨ ਹੁੰਦੀ ਹੈ, ਜਦੋਂ ਇਹ ਕਰਤਾਰਪੁਰੀ ਬੀੜ ਤੇ ਭੀ ਦੁਸ਼ਮਣਾ ਨਾਲੋਂ ਭਿਆਨਕ ਵਾਰ ਕਰਦੇ ਹਨ। ਜੇ ਕਰਤਾਰਪੁਰੀ ਬੀੜ ਵਿੱਚ, ਅਤੇ ਦਮਦਮੀ ਬੀੜ ਵਿੱਚ, ਛਾਪੇ ਦੀਆਂ ਗਲਤੀਆਂ ਕਾਰਨ ਪਾਠ ਭੇਦ ਹਨ, ਤਾਂ ਇਸਨੂੰ ਸਿੱਖ ਵਿਦਵਾਨਾ ਦੀਆਂ ਮੀਟਿੰਗਾਂ ਵਿੱਚ ਵਿਚਾਰਿਆ ਜਾਣਾ ਚਾਹੀਦਾ ਸੀ। ਆਪਸੀ ਸਹਿਮਤੀ ਨਾਲ ਅਸ਼ੁੱਧ ਪਾਠ ਸ਼ੁੱਧ ਕੀਤੇ ਜਾ ਸਕਦੇ ਸਨ। ਪਰ ਇਹ ਲੋਕ ਸੁਧਾਰ ਨਹੀਂ ਚਾਹੁੰਦੇ ਸਿੱਖਾਂ ਦੀ ਨਿਉਂ (ਆਧਾਰ ਸ਼ਿਲਾ) ਗੁਰਬਾਣੀ ਨੂੰ ਹੀ ਕੱਖੋਂ ਹੌਲੀ ਕਰਨ ਲਈ ਤੱਤਪਰ ਨਜ਼ਰ ਆਉਂਦੇ ਹਨ। ਦਰਬਾਰ ਸਾਹਿਬ ਦੇ ਗ੍ਰੰਥੀ ਤੇ "ਜੱਥੇਦਾਰ" ਭੀ ਇਸੇ "ਵਿੱਦਿਆ ਦੀ ਯੂਨੀਵਰਸਿਟੀ" ਵਿੱਚੋਂ ਪੜ੍ਹ ਕੇ ਆਏ ਹਨ। ਵਾਹ ਮੇਰੀ ਸਿੱਖ ਕੌਮ! ਤੈਨੂੰ ਕੋਈ ਗੈਬੀ ਸ਼ਕਤੀ ਭਾਂਵੇ ਬਚਾ ਲਵੇ ਵਰਨਾ ਬਚਣ ਦਾ ਰਾਹ ਕੋਈ ਨਹੀਂ ਰਿਹਾ। "ਕਰਤਾਰਪੁਰੀ ਬੀੜ ਵਿੱਚ ਤਕਰੀਬਨ ਪੰਦਰਾਂ ਸੌ ਤੋਂ ਵੱਧ ਗਲਤੀਆਂ ਹਨ"। ਇੱਡਾ ਵੱਡਾ ਪਾਪ ?

ਇਹ ਲੋਕ ਬਾਕੀ ਜੱਥੇਬੰਦੀਆਂ ਬਾਰੇ ਜ਼ਹਿਰੀਲਾ ਪਰਚਾਰ ਕਰਦਿਆ ਸਭ ਹੱਦਾਂ ਬੰਨੇ ਪਾਰ ਕਰ ਜਾਂਦੇ ਹਨ। ਜਦੋਂ ਗੁਰਬਾਣੀ ਉਚਾਰਣ ਦਾ ਮਸਲਾ ਆਉਂਦਾ ਹੈ ਤਾਂ ਇਹ ਸੰਘ ਪਾੜ ਪਾੜ ਕੇ ਆਖਣਗੇ ਬਈ ਗੁਰਬਾਣੀ ਵਿੱਚ ਬਿੰਦੀ, ਕੰਨਾ ਲਾਉਣਾ ਘੋਰ ਪਾਪ ਹੈ। ਦੂਜੇ ਬੰਨੇ ਸਿਤਮ ਜ਼ਰੀਫੀ ਵੇਖੋ ਇਸੇ ਕਿਤਾਬ ਦੇ 650 ਪੰਨਿਆਂ ਤੇ ਗੁਰਬਾਣੀ ਉਚਾਰਣ ਦੇ ਢੰਗ ਤਰੀਕੇ ਲਿਖੇ ਪਏ ਹਨ। ਗਿ: ਗੁਰਚਰਨ ਸਿੰਘ ਖੁਦ ਲਿਖ ਰਿਹਾ ਹੈ; ਇਥੇ ਬਿੰਦੀ ਲਾਓ ਇਥੇ ਅੱਧਕ ਲਾਓ, ਪੈਰ ਵਿੱਚ ਅੱਧਾ ਹਾਹਾ ਲਾਓ, ਵਿਸ਼ਰਾਮ ਲਾਓ...... ? ਹੈਨਾ ਦੋਗਲੀ ਨੀਤੀ ?

ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਹੋਰ ਇਹ ਕੀ ਕਰਨਗੇ ਮਹਿਤੇ ਚੌਂਕ ਵਿਖੇ ਇਹਨਾਂ ਦਸਮ ਗ੍ਰੰਥ ਅਤੇ ਗੁਰੂ ਗ੍ਰੰਥ ਸਾਹਿਬ ਬਰਾਬਰ ਪ੍ਰਕਾਸ਼ ਕੀਤੇ ਹੋਏ ਹਨ। "ਬਾਬਾ ਜਰਨੈਲ ਸਿੰਘ ਜੀਵਤ ਹੈ" ਦਾ ਕੁਫਰ ਇਕੀ ਸਾਲ ਤੋਂ ਬੜੀ ਢੀਠਤਾਈ ਨਾਲ ਬੋਲਿਆ ਗਿਆ। ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ, ਹਜ਼ਾਰਾਂ ਦੇ ਇੱਕਠਾਂ ਸਾਹਮਣੇ, ਹੈ ਕੋਈ ਰੋਕਣ ਵਾਲਾ। ਬ੍ਰਾਹਮਣਵਾਦ ਨੂੰ ਬਾਹਰੋਂ ਕਿਤੋਂ ਆਉਣ ਦੀ ਲੋੜ ਨਹੀਂ ਘਰ ਦੇ ਅੰਦਰ, ਬਹੁਤੇ ਗੁਰਦਵਾਰਿਆਂ ਵਿੱਚ, ਅਜਿਹੇ ਬ੍ਰਾਹਮਣ (ਸਿੱਖੀ ਵੇਸ ਧਾਰਨ ਕਰਕੇ) ਹੀ ਤਾਂ

ਕਾਬਜ ਹਨ। ਸਿੱਖੀ ਦੀਆ ਜੜ੍ਹਾਂ ਵਿੱਚ ਤੇਲ ਦੇ ਰਹੇ ਹਨ। ਸਤਿਗੁਰੂ ਹੀ ਬਚਾ ਲੈਣ ਤਾਂ ਬਚਾ ਲੈਣ ਵਰਨਾਂ ਇਹਨਾਂ ਗੁਰਮਤ ਨੂੰ ਖਾਰੇ ਸਮੁੰਦਰ ਵਿੱਚ ਡੋਬਣ ਦਾ ਪੂਰਾ ਪ੍ਰਬੰਧ ਕੀਤਾ ਹੋਇਆ ਹੈ। ਉਪਰ ਵਰਣਿਤ 200 ਤੋਂ ਵੱਧ ਨੁਕਤੇ ਪੰਨਾਵਾਰ ਇਹਨਾਂ ਦੀ ਪੁਸਤਕ "ਗੁਰਬਾਣੀ ਪਾਠ ਦਰਸ਼ਨ" ਵਿੱਚੋਂ ਗਿ: ਗੁਰਬਚਨ ਸਿੰਘ ਦੇ ਲਿਖੇ ਪੇਸ਼ ਕੀਤੇ ਹਨ। ਟਕਸਾਲ ਵਾਲੇ ਇਹਨਾਂ ਕਿਤਾਬਾਂ ਨੂੰ ਛਾਪ ਕੇ ਵੇਚਦੇ ਆ ਰਹੇ ਹਨ। ਇਹ "ਪੂਰਨ ਬ੍ਰਹਮ ਗਿਆਨੀ, ਖਾਲਸਾ, ਸੰਤ, ਪੰਥ ਰਤਨ, ਵਿੱਦਿਆ ਮਾਰਤੰਡ ਦੇ "ਪਵਿੱਤਰ" ਵਿਚਾਰ ਹਨ।" ਵਾਹ ਮੇਰੀ ਕੌਮ ਦੇ ਮਲਾਹੋ ਇਹਨਾਂ ਦੀਆਂ ਮਨਮਾਨੀਆਂ ਨੂੰ ਕਦੀ ਰੋਕੋਗੇ ? ਬ੍ਰਾਹਮਣੀ ਦਲਦਲ ਵਿੱਚੋਂ ਕੌਮ ਨੂੰ ਕਦੀ ਕੱਢੋਗੇ ?

ਭਿੰਡਰਾਂ ਟਕਸਾਲ ਵਾਲੇ ਵੀਹ ਸਾਲ ਤੋਂ ਕਾਰਜਕਾਰੀ ਜੱਥੇਦਾਰ ਬਾਬਾ ਠਾਕੁਰ ਸਿੰਘ, ਕਿਵੇਂ ਗੁਰਬਾਣੀ ਦਾ ਅਪਮਾਨ ਕਰਦਾ ਰਿਹਾ ਹੈ, ਅੱਖੀਂ ਵੇਖਿਆ ਵਾਕਿਆ ਸੁਣੋ। ਭਾਈ ਠਾਕੁਰ ਸਿੰਘ ਜਦੋਂ ਕਿਤੇ ਜਾਂਦਾ ਹੈ ਤਾਂ ਇੱਕ "ਗੜਵਈ" ਲੋਟਾ ਪਾਣੀ ਤੇ ਤੌਲੀਆ ਲੈ ਕੇ ਨਾਲ ਚਲਦਾ ਹੈ। ਬਾਬੇ ਨੇ ਜੁੱਤੀ ਪਾਈ ਹੁੰਦੀ ਹੈ ਤੇ ਗੜਵਈ ਨੰਗੇ ਪੈਰੀ ਚੱਲਦਾ ਹੈ। ਇੱਕ ਨੌਜਵਾਨ ਹੱਥ ਵਿੱਚ ਗੁਟਕਾ ਲੈ ਕੇ ਨੰਗੇ ਪੈਰੀਂ ਚਲਦਾ ਹੋਇਆ, ਗੁਟਕੇ ਵਿੱਚੋਂ ਗੁਰਬਾਣੀ ਪੜ੍ਹਦਾ ਹੋਇਆ ਬਾਬੇ ਦੇ ਪਿੱਛੇ-ਪਿੱਛੇ ਟੁਰਿਆ ਫਿਰਦਾ ਹੈ। ਬਾਬਾ ਪਸ਼ੂਆਂ ਵਿੱਚ ਜਾਵੇ, ਖੇਤਾਂ ਵਿੱਚ ਜਾਵੇ, ਸੈਰ ਕਰਨ ਜਾਵੇ, ਇਹ ਗੁਟਕਾ ਪੜ੍ਹਦਾ ਨੌਜਵਾਨ ਨਾਲ ਨਾਲ ਰਹਿੰਦਾ ਹੈ। ਬਾਬਾ ਕਿਸੇ ਨਾਲ ਗੱਲਾਂ ਕਰੇ, ਕੋਈ ਕੰਮ ਕਰੇ, ਤਾਂ ਭੀ ਪਾਠੀ ਪਾਠ ਕਰਦਾ ਰਹਿੰਦਾ ਹੈ। ਹੁਣ ਜ਼ਰਾ ਸੋਚੋ ਇੱਕ ਬੰਦਾ ਬਾਣੀ ਸਤਿਕਾਰ ਸਹਿਤ ਸੁਣ ਹੀ ਨਹੀਂ ਰਿਹਾ, ਕਈ ਰੁਝੇਵਿਆਂ ਵਿੱਚ ਹੈ, ਉਸਦੇ ਪਿੱਛੇ ਪਿੱਛੇ ਗੁਟਕਾ ਲੈ ਕੇ ਪਾਠ ਕਰਦੇ ਰਹਿਣਾ ਕਿੱਥੋਂ ਦੀ ਗੁਰਮੁਖਤਾਈ ਹੈ ? ਸਗੋਂ ਪਾਵਨ ਗੁਰਬਾਣੀ ਦਾ ਇਸ ਤਰ੍ਹਾਂ ਵੱਡਾ ਅਪਮਾਨ ਹੈ। ਪਰ ਇਹ ਲੋਕ ਲੰਮੇ ਸਮੇਂ ਤੋਂ ਹੀ ਗੁਰਬਾਣੀ ਦਾ ਅਪਮਾਨ ਕਰਨ ਦੇ ਆਦੀ ਹੋ ਚੁੱਕੇ ਹਨ, ਸਿੱਖੋ ਜਾਗੋ ਤੇ ਸੋਚੋ।

1. ਇਥੇ ਸਤਿਗੁਰੂ ਜੀ ਦੇ ਬਚਨ ਲਿਖ ਦੇਣਾ ਹੀ ਬਿਹਤਰ ਹੋਵੇਗਾ, ਜੋ ਅਜਿਹੇ ਲੋਕਾਂ ਲਈ ਵੱਡੀ ਵੰਗਾਰ ਹਨ -

**ਪਾਖੰਡ ਪਾਖੰਡ ਕਰਿ ਕਰਿ ਭਰਮੇ ਲੋਭੁ ਪਾਖੰਡੁ ਜਗਿ ਬੁਰਿਆਰੇ॥**
**ਹਲਤਿ ਪਲਤਿ ਦੁਖਦਾਈ ਹੋਵਹਿ, ਜਮਕਾਲ ਖੜਾ ਸਿਰਿ ਮਾਰੇ॥.....**
**ਕਲਰੁ ਖੇਤੁ ਲੈ ਕੂੜੁ ਜਮਾਇਆ ਸਭ ਕੂੜੈ ਕੇ ਖਲਵਾਰੇ॥**
**ਸਾਕਤ ਨਰ ਸਭਿ ਭੂਖ ਭੁਖਾਨੇ, ਦਰਿ ਠਾਢੇ ਜਮ ਜੰਦਾਰੇ॥** (981)

2. **ਇਹ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ॥**
**ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ॥**
**ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ॥**
**ਮਨਮੁਖ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ॥**
**ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥**
**ਸਾਚੌ ਸਾਹਿਬੁ ਮਨਿ ਵਸੈ ਹਉਮੈ ਬਿਖੁ ਮਾਰੀ॥** (419)

**ਆਖਰੀ ਵਿਚਾਰ :–** ਟਕਸਾਲ ਦੇ ਮੁੱਖ ਬੁਲਾਰੇ "ਖੰਡੇਧਾਰ" ਮੈਗਜੀਨ ਦੇ ਸੰਪਾਦਕ ਗਿ: ਮੋਹਕਮ ਸਿੰਘ ਨੇ 3-12-03 ਨੂੰ ਮੋਹਾਲੀ ਦੇ ਫੇਜ਼ ਛੇ ਦੇ ਗੁਰਦਵਾਰੇ ਵਿੱਚ, ਪੰਤਾਲੀ ਕੁ ਸਿੰਘਾਂ ਦੀ ਹਾਜਰੀ ਵਿੱਚ ਵਿਸ਼ਵਾਸ਼ ਦਿਵਾਇਆ ਕਿ ਟਕਸਾਲ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦਸਮ ਗ੍ਰੰਥ ਦਾ ਪ੍ਰਕਾਸ਼ ਨਹੀਂ ਕੀਤਾ ਜਾਂਦਾ। ਮਿਤੀ 3-3-04 ਨੂੰ ਸ੍ਰ: ਸੁਖਦੇਵ ਸਿੰਘ ਮੋਹਾਲੀ ਤੋਂ ਜੱਥੇ ਸਮੇਤ ਮਹਿਤੇ ਪੁੱਜਿਆ। ਉਥੇ ਦੋ ਸਰੂਪ ਵੇਖੇ, ਹੁਕਮਨਾਮਾ ਲੈਣ ਦੀ ਆਗਿਆ ਲਈ। ਜਦੋਂ ਵਾਕ ਲਈ ਰੁਮਾਲ ਚੁੱਕਿਆ ਤਾਂ ਸਿਰ ਚਕਰਾ ਗਿਆ, ਹੱਥਾਂ ਤੇ ਤੋਤੇ ਉੱਡ ਗਏ, ਹੈਂ ਐਡਾ ਵੱਡਾ ਅਨਰਥ ? ਗੁਰੂ ਗ੍ਰੰਥ ਸਾਹਿਬ ਦੇ ਬ੍ਰਾਬਰ ਅਸ਼ਲੀਲ ਕਥਾਵਾਂ ਨਾਲ ਭਰਪੂਰ ਗ੍ਰੰਥ ? ਉੱਤੋਂ ਗਿਆਨੀ ਮੋਹਕਮ ਸਿੰਘ ਦਾ 45 ਸਿੰਘਾਂ ਸਾਹਮਣੇ ਪੂਰੇ ਵਿਸ਼ਵਾਸ਼ ਨਾਲ ਬੋਲਿਆ ਗਿਆ ਕੋਰਾ ਝੂਠ ? ਅਜਿਹੇ ਲੋਕਾਂ ਤੋਂ ਕਦੀ ਚੰਗਿਆਈ ਦੀ ਤਵੱਜੋਂ ਕੀਤੀ ਜਾ ਸਕਦੀ ਹੈ ? ਵਾਹਿਗੁਰੂ ਕਿਰਪਾ ਕਰੋ ਪਾਖੰਡੀਆਂ ਨੂੰ ਸੁਮੱਤ ਬਖਸ਼ੋ।

**ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ॥ ਅਪਨਾ ਕਹਿਆ ਆਪਿ ਨ ਕਮਾਵੈ॥** (887)
**ਹਰਿ ਜੀਉ, ਅੰਤਰਿਜਾਮੀ ਜਾਨ॥**
**ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ ਭਵਾਨ॥** (1202)

ਇਹ ਹੈ ਆਪੇ ਬਣੇ ਵੱਡੇ ਤੇ ਅਸਲੀ ਸਿੱਖਾਂ ਦਾ ਕੂੜ ਪ੍ਰਚਾਰ। ਬੇਖੌਫ ਹੋ ਕੇ ਕਿਤਾਬਾਂ ਛਾਪ ਕੇ ਨਿਰਮਲ ਬੁੱਧ ਸਿੱਖਾਂ ਨੂੰ ਭ੍ਰਿਸ਼ਟ ਕੀਤਾ ਜਾ ਰਿਹਾ ਹੈ। ਕੀ ਗੁਰਬਾਣੀ ਇਹੀ ਕੂੜ ਕੁਸੱਤ ਸਿਖਾਉਂਦੀ ਹੈ ?

– ਮਹਿਤਾ ਚੌਕ ਟਕਸਾਲ ਵਿਚ 40 ਦਿਨ ਹਵਨ ਹੋਇਆ। 23.8.05 ਦੀਆਂ ਅਖ਼ਬਾਰਾਂ ਵੇਖ ਸਕਦੇ ਹੋ।

– ਬਾਬਾ ਜਰਨੈਲ ਸਿੰਘ ਨੂੰ ਕਾਂਗਰਸੀ ਦਸਣ ਵਾਲੀ ਕਿਤਾਬ ਹਰਨਾਮ ਸਿੰਘ ਧੁੰਮਾ ਨੇ ਰਲੀਜ ਕੀਤੀ। ਲੇਖਕ ਸ੍ਰ. ਬੂਟਾ ਸਿੰਘ

– 21 ਸਾਲ ਤਕ ਬਾਬਾ ਜਰਨੈਲ ਸਿੰਘ ਜੀਵਤ ਹੈ ਦਾ ਕੁਫਰ, ਠਾਕੁਰ ਸਿੰਘ ਅਤੇ

ਬਾਕੀ ਟਕਸਾਲ ਵਾਲਿਆਂ ਨੇ ਬੋਲਿਆ। ਗੁਰੂ ਕੀ ਹਜੂਰੀ ਵਿਚ। ਇਸ ਬੋਲੇ ਗਏ ਝੂਠ ਲਈ ਰੱਬ ਕੋਲੋਂ, ਸਤਿਗੁਰੂ ਕੋਲੋਂ ਇਹਨਾਂ ਮੁਆਫੀ ਨਹੀਂ ਮੰਗੀ। ਪੰਥ ਕੋਲੋਂ ਮੁਆਫੀ ਨਹੀਂ ਮੰਗੀ। ਅਖੌਤੀ ਜਥੇਦਾਰ ਅਜਿਹੇ ਝੂਠੇ ਲੋਕਾਂ ਨੂੰ ਖੱਬੇ ਸੱਜੇ ਲਈ ਫਿਰਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਇਹਨਾਂ ਨੇ ਅਸਲੀਲ ਕਹਾਣੀਆਂ ਵਾਲਾ ਬਚਿੱਤਰ ਨਾਟਕ ਟਿਕਾਇਆ ਅਤੇ ਉਸਦਾ ਅਖੰਡ ਪਾਠ ਕੀਤਾ। ਇਹ ਲੋਕ ਨਿਰਮਲ ਪੰਥ ਨੂੰ ਮਿੱਟੀ ਵਿਚ ਮਿਲਾਉਣ ਲਈ ਪੂਰੀ ਵਾਹ ਲਾ ਰਹੇ ਹਨ। ਇਹਨਾਂ ਦੀਆਂ ਛਾਪੀਆਂ ਕਿਤਾਬਾਂ ਕੋਈ ਪੜ੍ਹ ਕੇ ਵੇਖੇ ਤਾਂ ਸਹੀ....।

# ਗੁਰੂ ਗ੍ਰੰਥ ਸਾਹਿਬ - ਸਮਾਜ ਨਵ ਸਿਰਜਣਾ ਦਾ ਆਧਾਰ

ਮੁੱਢਲੇ ਰੂਪ ਵਿੱਚ ਮਨੁੱਖ ਸਮਾਜਕ ਪ੍ਰਾਣੀ ਹੈ, ਇਸ ਨੂੰ ਦੂਸਰਿਆਂ ਦੇ ਸਾਥ ਦੀ ਲੋੜ ਹੈ। ਇਕੱਲ ਵਿੱਚ ਜ਼ਿੰਦਗੀ ਨੀਰਸ ਅਤੇ ਅਕੇਵੇਂ ਭਰੀ ਹੋ ਜਾਂਦੀ ਹੈ ਪਰ ਜ਼ਿੰਦਗੀ ਬਤੀਤ ਕਿਵੇਂ ਕੀਤੀ ਜਾਵੇ ? ਰਿਸ਼ਤੇ ਨਾਤੇ ਕਿਵੇਂ ਨਿਭਾਏ ਜਾਣ ? ਮਨੁੱਖ ਨੂੰ ਇਹ ਕਿਵੇਂ ਪਤਾ ਲੱਗੇ ਕਿ ਜੋ ਮੈਂ ਕਰ ਰਿਹਾ ਹਾਂ ਇਹ ਸਹੀ ਹੈ ਕਿ ਗਲਤ, ਮੇਰੇ ਜੀਵਨ ਢੰਗ ਨਾਲ ਮੈਨੂੰ ਖੁਦ ਨੂੰ ਕੀ ਲਾਭ ਹੈ ? ਪਰਵਾਰ ਨੂੰ ਕੀ ਫਾਇਦਾ ਹੈ, ਜਾਂ ਫਿਰ ਮੈਂ ਸਮਾਜ ਨੂੰ ਕੀ ਦੇ ਰਿਹਾ ਹਾਂ? ਉੱਪਰ ਵਰਣਿਤ ਸਵਾਲਾਂ ਨੂੰ ਹਰ ਇਨਸਾਨ ਖੁਦ ਹੱਲ ਨਹੀਂ ਕਰ ਸਕਦਾ। ਮਨੁੱਖੀ ਮਨ ਦੀ ਬਹੁਤੀ ਘਾੜਤ, ਪ੍ਰਵਾਰ ਵਿਚ, ਅਧਿਆਪਕ ਵੱਲੋਂ ਅਤੇ ਸਮਾਜ ਵੱਲੋਂ ਸਹਿਜ ਕਿਰਿਆ ਨਾਲ ਘੜੀ ਜਾਂਦੀ ਹੈ। ਸੰਪੂਰਣ ਸਮਾਜ ਦੀ ਜੀਵਨ ਸ਼ੈਲੀ ਨੂੰ ਜੇ ਕੋਈ ਸਭ ਤੋਂ ਜ਼ਿਆਦਾ ਪਰਭਾਵਤ ਕਰਨ ਦੇ ਸਮਰੱਥ ਹੈ, ਤਾਂ ਉਹ ਹੈ "ਧਰਮ"। ਧਰਮ ਦੀ ਸਿੱਖਿਆ ਮਾਤਾ ਪਿਤਾ ਵਲੋਂ, ਵਿਦਿਅਕ ਅਦਾਰਿਆਂ ਵਿਚੋਂ, ਧਰਮ ਸੰਸਥਾਵਾਂ ਅਤੇ ਸਮਾਜ ਦੇ ਤਜ਼ਰਬੇਕਾਰ ਵਿਅਕਤੀਆਂ ਰਾਹੀਂ ਅਚੇਤ ਜਾਂ ਚੇਤਨ ਰੂਪ ਵਿੱਚ ਪ੍ਰਾਪਤ ਕੀਤੀ ਜਾ ਰਹੀ ਹੁੰਦੀ ਹੈ। ਜਿਨ੍ਹਾਂ ਧਾਰਮਕ ਮੁਖੀਆਂ ਨੇ ਸਮਾਜ ਕਲਿਆਣ ਹਿੱਤ ਪਰਉਪਕਾਰ ਕੀਤੇ, ਦੁੱਖ ਤਸੀਹੇ ਝੱਲੇ, ਬੇਖੌਫ਼ ਹੋ ਕੇ ਜਬਰ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ, ਉਹਨਾਂ ਦੇ ਉਪਦੇਸ਼ ਤੇ ਜੀਵਨ, ਲੋਕਾਂ ਲਈ ਦੰਦ ਕਥਾਵਾਂ ਬਣ ਜਾਇਆ ਕਰਦੇ ਹਨ। ਧਰਮ ਅਤੇ ਪ੍ਰਮਾਤਮਾ ਇਨਸਾਨੀ ਭਾਈਚਾਰੇ ਲਈ, ਰੂਹ ਦੀ ਸੰਤੁਸ਼ਟੀ ਦੇ ਨਾਲ-ਨਾਲ ਆਤਮ ਅਡੋਲਤਾ ਬਖ਼ਸ਼ਦੇ ਹਨ। ਧਾਰਮਕ ਮਹਾਂਪੁਰਸ਼ ਜਨ ਸਮੂੰਹ ਲਈ ਚਾਨਣ ਦਾ ਮਿਨਾਰ ਜਾਂ ਜ਼ਿੰਦਗੀ ਦਾ ਮਾਡਲ ਬਣ ਕੇ ਸਦਾ ਪ੍ਰੇਰਨਾ ਦਿੰਦੇ ਰਹਿੰਦੇ ਹਨ।

ਜੇ ਧਰਮ ਇਨਸਾਨੀਅਤ ਨੂੰ ਜੀਵਨ ਜਾਚ, ਮਨੁੱਖੀ ਭਾਈਚਾਰਾ, ਹੌਂਸਲਾ, ਦ੍ਰਿੜਤਾ, ਪਰਉਪਕਾਰ ਆਦਿਕ ਦੀ ਨੇਕ ਸਿੱਖਿਆ ਨਹੀਂ ਦਿੰਦਾ ਤਾਂ ਉਹ ਧਰਮ ਕਦਾਚਿਤ ਨਹੀਂ ਹੋ ਸਕਦਾ, ਹੋਰ ਜੋ ਮਰਜ਼ੀ ਪਿਆ ਹੋਵੇ। ਇਸ ਭਾਰਤੀ ਖਿੱਤੇ ਦੇ ਲੋਕ ਕੁਝ ਅਜਿਹੀਆਂ ਰਸਮਾਂ ਰੀਤਾਂ, ਵਹਿਮਾਂ ਭਰਮਾਂ ਅਤੇ ਪੂਜਾ ਅਰਚਣਾ ਨੂੰ ਹੀ ਧਰਮ ਸਮਝ ਲੈਣ ਦੇ ਭੁਲੇਖੇ ਦਾ ਸ਼ਿਕਾਰ ਹੋ ਚੁੱਕੇ ਸਨ। ਕਾਲਪਨਿਕ ਦੇਵੀ ਦੇਵਤਿਆਂ ਵੱਲੋਂ ਧਰਤੀ ਤੇ ਆ ਕੇ ਹਰ ਤਰ੍ਹਾਂ ਦੇ ਕਸ਼ਟ ਹਰ ਲੈਣ ਦਾ ਭਰਮ ਧੁਰ ਅੰਤਿਸ਼ ਕਰਣ ਵਿੱਚ ਧਸਿਆ ਹੋਇਆ ਸੀ। ਜਿਸ ਕਾਰਨ ਸਮੁੱਚਾ ਤਾਣਾ ਬਾਣਾ ਚਰਮਰਾ ਚੁੱਕਿਆ ਸੀ। ਇਥੋਂ ਦੇ ਪੜ੍ਹੇ ਲਿਖੇ ਕੇਵਲ "ਪੁਜਾਰੀ" ਬਣ ਚੁੱਕੇ ਸਨ, ਦੂਜਿਆਂ ਦੀ ਕਿਰਤ ਤੇ ਪਲਣ ਵਾਲੇ,

ਹਰ ਤਰੀਕੇ ਭੋਲੇ ਲੋਕਾਂ ਨੂੰ ਲੁੱਟ ਕੇ ਖਾਣ ਵਾਲੇ ਇਹ ਸਨ ਪੁਜਾਰੀ ਪੁਰੋਹਿਤ। ਦੂਜੇ ਜੋਗੀ ਅਤੇ ਹੋਰ ਸਨਿਆਸੀ ਸਾਧੂ ਤਿਆਗੀ ਬੈਰਾਗੀ ਭੀ ਇਸੇ ਰਾਹ ਚਲ ਰਹੇ ਸਨ। ਇਹ ਘਰ ਪ੍ਰਵਾਰ ਰੱਬ ਆਸਰੇ ਛੱਡ ਕੇ, ਜੰਗਲਾਂ ਪਹਾੜਾਂ ਗੁਫਾਵਾਂ ਵਿੱਚ ਜਾ ਬੈਠੇ। ਇਹ ਸੰਸਾਰ ਮਾਇਆ ਹੈ ਦੁੱਖਾਂ ਦਾ ਘਰ ਹੇ, ਪ੍ਰਲੋਕ ਸੰਵਾਰਨ ਦੀ ਕੂੜੀ ਆਸ ਨਾਲ, ਜ਼ਿੰਮੇਵਾਰੀ ਤੋਂ ਭੱਜ ਉੱਠੇ ਸਨ। ਤੀਸਰੇ ਸੀ ਖੱਤਰੀ ਲੋਕ ਜਿਨ੍ਹਾਂ ਆਪਣੇ ਜ਼ਿੰਮੇ ਲੱਗੇ “ਧਰਮ” ਨੂੰ ਨਿਭਾਉਂਦਿਆਂ ਹਥਿਆਰਬੰਦ ਹੋ ਕੇ ਦੇਸ਼ ਦੀ ਰਾਖੀ ਕਰਨੀ ਸੀ, ਇਹ ਵੀ ਫਰਜ਼ਾਂ ਤੋਂ ਮੂੰਹ ਮੋੜ ਬੈਠੇ। ਸਮੇਂ ਦੇ ਬਾਦਸ਼ਾਹ ਜ਼ਾਲਮ ਬਣ ਚੁੱਕੇ ਸਨ, ਤੇ ਉਹਨਾਂ ਦੇ ਅਹਿਲਕਾਰ ਰੱਤ ਪੀਣੇ ਦਰਿੰਦੇ। ਇਨਸਾਫ ਦੀ ਕੁਰਸੀ ਤੇ ਬਿਰਾਜਮਾਨ ਕਾਜ਼ੀ (ਜੱਜ) ਰਿਸ਼ਵਤਖੋਰ ਹੋ ਚੁੱਕੇ ਸਨ। ਇਹ ਸਾਰੇ ਆਪੋ ਆਪਣੀ ਥਾਵੇਂ ਸਮਾਜ ਨੂੰ ਉਜਾੜ ਰਹੇ ਤੇ ਕੁਰਾਹੇ ਪਾ ਰਹੇ ਸਨ ਪਾਵਨ ਬਚਨ ਹਨ :-

**ਕਾਦੀ ਕੂੜੁ ਬੋਲਿ ਮਲੁ ਖਾਇ॥ ਬਾਹਮਣ ਨਾਵੈ ਜੀਆਂ ਘਾਇ॥**
**ਜੋਗੀ ਜੁਗਤਿ ਨ ਜਾਣੈ ਅੰਧ॥ ਤੀਨੇ ਓਜਾੜੇ ਕਾ ਬੰਧੁ॥** (662)

ਅਤੇ

**ਖਤ੍ਰੀਆ ਤਾ ਧਰਮ ਛੋਡਿਆ ਮਲੇਛ ਭਾਖਿਆ ਗਹੀ॥**
**ਸ੍ਰਿਸਟਿ ਸਭ ਇੱਕ ਵਰਣ ਹੋਈ ਧਰਮ ਕੀ ਗਤਿ ਰਹੀ॥** (662)

ਮਨੁੱਖੀ ਭਾਈਚਾਰੇ ਨੂੰ ਇੱਕ ਬੱਝਵੇਂ, ਸੁਲਝੇ ਹੋਏ ਤਰੀਕੇ ਨਾਲ ਜਿਊਣ ਵਾਸਤੇ ਸਤਿਗੁਰੂ ਸਾਹਿਬਾਨ ਨੇ ਜੋ ਮਾਰਗ ਦਰਸ਼ਨ ਗੁਰਬਾਣੀ ਰਾਹੀਂ ਸਾਨੂੰ ਸੁਝਾਇਆ ਹੈ, ਉਸ ਬਾਰੇ ਗੁਰਬਾਣੀ ਦੇ ਚਾਨਣ ਵਿੱਚੋਂ ਕੁਝ ਵਿਚਾਰ ਇਸ ਤਰ੍ਹਾਂ ਹਨ :-

1. **ੴ –** ਸਭ ਤੋਂ ਪਹਿਲਾਂ ਸਤਿਗੁਰੂ ਜੀ ਨੇ ਰੱਬੀ ਸੰਕਲਪ ਤੇ ਉਸਦਾ ਸਰੂਪ ਸਪੱਸ਼ਟ ਕੀਤਾ। ਕਿ ਐ ਮੇਰੇ ਬੱਚਿਓ! ਪ੍ਰਮਾਤਮਾ ਲਾ ਸ਼ਰੀਕ ਇੱਕ ਵਾਹਿਦ ਹਸਤੀ ਹੈ। ਉਸਦੇ ਮੁਕਾਬਲੇ ਹੋਰ ਕੋਈ ਨਾ ਹੈ ਨਾ ਹੋ ਸਕੇਗਾ। ਬੱਸ ਇੱਕ ਉਸੇ ਨੂੰ ਮੰਨੋ ਧਿਆਓ ਤੇ ਉਸ ਦੇ ਮਹਾਨ ਗੁਣਾਂ ਨੂੰ ਧਾਰਨ ਕਰੋ। ਪਸ਼ੂਆਂ ਪੰਛੀਆਂ ਦੀ ਪੂਜਾ ਬੰਦ ਕਰ ਦਿਓ। ਰੁੱਖਾਂ, ਬਿਰਖਾਂ ਨੂੰ ਪੂਜਣਾ ਮੂਰਖਤਾ ਹੈ, ਪੱਥਰਾਂ ਮੂਰਤੀਆਂ ਨੂੰ ਰੱਬ ਆਖਣਾ ਤੇ ਮੰਨਣਾ ਕੁਫ਼ਰ ਹੈ। ਰੱਬੀ ਸ਼ਕਤੀਆਂ ਸਾਡੀ ਸੇਵਾ ਵਿੱਚ ਹਾਜ਼ਰ ਹੋ ਕੇ ਸੁਖ ਦੇ ਰਹੀਆ ਹਨ, ਫਿਰ ਇਹਨਾਂ ਦੀ ਪੂਜਾ ਕਿਉਂ ਕਰਨੀ ਹੋਈ ? ਮਨੁੱਖ ਭੀ ਸਾਰੇ ਪੰਜ ਤੱਤਾਂ ਦੇ ਬਣੇ ਹੋਏ ਹਨ, ਇਹਨਾਂ ਵਿੱਚੋਂ ਕੋਈ ਪੂਜਣ ਜੋਗੀ ਵਸਤੂ ਨਹੀਂ ਹੈ। ਇੱਕੋ ਪ੍ਰਮਾਤਮਾ ਦੇ ਸਾਰੇ ਪੈਦਾ ਕੀਤੇ ਹੋਏ ਹਨ, ਇਸ ਲਈ ਕੋਈ ਵਿਸ਼ੇਸ਼ ਤੌਰ ਤੇ ਪੂਜਣ ਯੋਗ ਨਹੀਂ ਹੈ।

**ਨ ਦੇਵ ਦਾਨਵਾ ਨਰਾ॥ ਨ ਸਿਧ ਸਾਧਿਕਾਂ ਧਰਾ॥**

**ਅਸਤਿ ਏਕ ਦਿਗਰਿ ਕੁਈ॥ ਏਕ ਤੁਈ ਏਕ ਤੁਈ॥**
**ਨ ਸੂਰ ਸਸਿ ਮੰਡਲੋ॥ ਨ ਸਪਤ ਦੀਪ ਨਹ ਜਲੋ॥**
**ਅੰਨ ਪਾਉਣ ਥਿਰੁ ਨ ਕੁਈ॥ ਏਕ ਤੁਈ ਏਕ ਤੁਈ॥** (144)

2. **ਮਨੁੱਖਾ ਜੀਵਨ–** ਇਨਸਾਨ ਦੀ ਸਦਾ ਇਹ ਜਾਨਣ ਦੀ ਇੱਛਾ ਰਹੀ ਹੈ ਕਿ ਮੇਰਾ ਜਨਮ ਕਿਸ ਕਾਰਣ ਹੋਇਆ, ਇਸ ਜੀਵਨ ਦਾ ਮਨੋਰਥ ਕੀ ਹੈ। ਆਪਣੀ ਅਲਪ ਬੁੱਧੀ ਕਾਰਨ ਅਣਗਿਣਤ ਲੋਕਾਂ ਇਸ ਅਮੁੱਲੇ ਜੀਵਨ ਤੋਂ ਉਚਿਤ ਲਾਭ ਨਹੀਂ ਲਿਆ। ਖਾਣ ਪੀਣ ਪਹਿਨਣ ਤੱਕ ਸੀਮਤ ਹੋਕੇ, ਉਮਰ ਬਿਤਾ ਦਿੱਤੀ। ਜਦੋਂ ਤੱਕ ਕੁਝ ਸਮਝ ਪੈਂਦੀ ਹੈ, ਤਦੋਂ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਲੰਘਿਆ ਵੇਲਾ ਕਦੀ ਵਾਪਸ ਹੱਥ ਨਹੀਂ ਆਉਂਦਾ। ਜਿਵੇਂ ਸਮਝਦਾਰ ਮਾਤਾ ਪਿਤਾ ਬੱਚਿਆਂ ਦੀ ਜ਼ਿੰਦਗੀ ਸੰਵਾਰਨ ਵਾਸਤੇ ਖਾਣ ਪਹਿਨਣ ਤੋਂ ਬਾਅਦ ਉਹਨਾਂ ਦੀ ਚੰਗੀ ਵਿੱਦਿਆ ਦਾ ਪ੍ਰਬੰਧ ਕਰਦੇ ਹਨ ਤਾਂ ਕਿ ਬੱਚੇ ਵੱਡੇ ਹੋ ਕੇ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ, ਆਪਣੇ ਲਈ ਤੇ ਪ੍ਰਵਾਰ ਦੀਆਂ ਲੋੜਾਂ ਲਈ ਕੋਈ ਚੰਗਾ ਕਾਰੋਬਾਰ ਕਰ ਸਕਣ। ਪਰ ਸਤਿਗੁਰੂ ਜੀ ਕੇਵਲ ਜ਼ਿੰਦਗੀ ਦਾ ਇੱਕ ਪੱਖ ਨਹੀਂ ਸੰਵਾਰਦੇ। ਸਗੋਂ ਉਹ ਤਾਂ ਸੰਪੂਰਣ ਮਨੁੱਖਾ ਜੀਵਨ ਦੀ ਸੁੰਦਰ ਘਾੜਤ ਘੜਕੇ, ਇੱਕ ਨਮੂਨੇ ਦਾ ਇਨਸਾਨ– "ਗੁਰਮੁੱਖ" ਬਣਾਉਣਾ ਚਾਹੁੰਦੇ ਹਨ। ਇਸੇ ਕਾਰਨ ਗੁਰੂ ਗ੍ਰੰਥ ਸਾਹਿਬ ਨੇ ਮਨੁੱਖ ਨੂੰ ਬਾਰ ਬਾਰ ਤਾੜਨਾ ਕੀਤੀ ਹੈ ਕਿ ਐ ਇਨਸਾਨ! ਇਹ ਜੀਵਨ ਕਿਤੇ ਮਸੀਂ ਨਸੀਬ ਹੁੰਦਾ ਹੈ, ਇਸ ਤੋਂ ਬਹੁਤਾ ਫਾਇਦਾ ਲਵੀਂ। ਅਪਣਾ ਭੀ ਸੰਵਾਰੀਂ ਤੇ ਸਮਾਜ ਦਾ ਭੀ ਕੁਝ ਸੰਵਾਰੀਂ। ਇਸ ਸਰੀਰ ਨੂੰ ਘੋੜੇ ਦੀ ਨਿਆਈ ਵਰਤੀਂ ਤੇ ਮਨ ਨੂੰ ਸਵਾਰ ਬਣਾਈ। ਸੇਵਾ ਤੇ ਲਾਈਂ ਪਰਉਪਕਾਰ ਕਰੀਂ, ਜੇ ਪਰਉਪਕਾਰ ਤਹਿਤ ਇਹ ਸਰੀਰ ਲੇਖੇ ਲੱਗ ਜਾਵੇ ਤਾਂ ਵੱਡੇ ਭਾਗ ਜਾਣੀਂ। ਸਮਝ ਲਵੀਂ ਧਰਤੀ ਤੇ ਆਉਣਾ ਸਫ਼ਲ ਹੋ ਗਿਆ ਹੈ। ਗੁਰਵਾਕ ਹਨ :–

**ਦੇਹ ਘੋੜੀ ਜੀ ਜਿਤੁ ਹਰਿ ਪਾਇਆ ਰਾਮ॥**
**ਮਿਲਿ ਸਤਿਗੁਰ ਜੀ ਮੰਗਲ ਗਾਇਆ ਰਾਮ॥** (576)
**ਸਾਧੋ ਗੋਬਿੰਦ ਕੇ ਗੁਨ ਗਾਵਉ॥**
**ਮਾਨਸ ਜਨਮ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥** (219)

3. **ਮਾਤਾ ਪਿਤਾ ਦੇ ਫਰਜ਼ –** ਮਾਤਾ ਪਿਤਾ ਅਪਣੀ ਔਲਾਦ ਨੂੰ ਜਿੱਥੇ ਸੰਸਾਰੀ ਵਿੱਦਿਆ ਦੇਣ ਲਈ ਵਿਸ਼ੇਸ਼ ਜਤਨ ਕਰਦੇ ਹਨ, ਉਥੇ ਧਰਮ ਵਿੱਦਿਆ ਦੇਣ ਵੱਲੋਂ ਅਵੇਸਲੇ ਹੋ ਜਾਂਦੇ ਹਨ। ਧਰਮ ਦਾ ਪਿਆਰ ਸਤਿਕਾਰ ਹੀ ਹੈ, ਜੋ ਬੱਚਿਆਂ ਨੂੰ ਇੱਕ ਖਾਸ ਬੰਧਨ ਵਿੱਚ ਬੰਨ੍ਹ ਕੇ ਰੱਖ ਸਕਦਾ ਹੈ। ਜਿਥੇ ਦੁਨੀਆ ਦੀ ਵਿੱਦਿਆ ਚਤੁਰਾਈਆਂ

ਸਿਖਾਉਂਦੀ ਹੈ ਤਾਂ ਧਰਮ ਵਿੱਦਿਆ ਸਿਆਣਪ ਸਿਖਾਉਂਦੀ ਹੇ। ਸੰਸਾਰੀ ਪੜ੍ਹਾਈ ਲੁੱਟ ਖੋਹ, ਦੂਜੇ ਦਾ ਹੱਕ ਮਾਰਨਾ ਧੋਖਾ ਫਰੇਬ ਸਿਖਾਉਂਦੀ ਹੈ, ਤਾਂ ਨਿਰੰਕਾਰੀ ਗਿਆਨ, ਦੂਜਿਆਂ ਨੂੰ ਭੀ ਅਪਣੇ ਜਿਹੇ ਇਨਸਾਨ ਮੰਨਣਾ ਸਿਖਾਉਂਦਾ ਹੈ। ਹੱਕ ਸੱਚ ਨੇਕੀ ਪਰਉਪਕਾਰ ਦਇਆ ਖਿਮਾ ਅਤੇ ਸੰਜਮ ਵਰਗੇ ਉੱਤਮ ਗੁਣ, ਧਰਮ ਦੁਆਰਾ ਹੀ ਮਨੁੱਖ ਅੰਦਰ ਸੰਚਾਰਤ ਹੁੰਦੇ ਹਨ। ਜੋ ਅੱਜ ਆਲੇ-ਦੁਆਲੇ "ਧਰਮ ਵਰਤਦਾ" ਅਸੀਂ ਪੜ੍ਹ ਸੁਣ ਵੇਖ ਰਹੇ ਹਾਂ, ਗੁਰਦਵਾਰਿਆਂ ਵਿੱਚ, ਪਾਠ, ਕੀਰਤਨ ਹੁੰਦੇ, ਸੁਣ, ਵੇਖ ਰਹੇ ਹਾਂ, **ਇਹ ਧਰਮ ਨਹੀਂ ਹੈ**। ਇਹ ਤਾਂ ਕੇਵਲ **"ਰੋਟੀਆਂ ਕਾਰਣ ਪੂਰਹਿ ਤਾਲ"** ਵਾਲੀ ਹਾਲਤ ਹੈ। ਜੇ ਇਹੀ ਧਰਮ ਹੋਵੇ ਤਾ ਫਿਰ ਬੁਰਾਈ ਕਦੇ ਦੀ ਖ਼ਤਮ ਹੋ ਚੁੱਕੀ ਹੋਣੀ ਸੀ। ਜਿਵੇਂ ਪਾਣੀ ਨੂੰ ਬੰਨ੍ਹ ਮਾਰ ਕੇ ਦਰਿਆ ਵਿੱਚ ਅਜਾਈਂ ਜਾ ਰਿਹਾ ਬਰਬਾਦੀ ਕਰ ਰਿਹਾ ਪਾਣੀ, ਨਹਿਰਾਂ ਰਾਹੀਂ ਖੇਤਾਂ ਨੂੰ ਹਰੇ ਭਰੇ ਕਰਦਾ ਹੈ। ਇਸੇ ਪਾਣੀ ਤੇ ਡੈਮ ਉਸਾਰ ਦੇ ਬਿਜਲੀ ਤਿਆਰ ਕਰ ਲਈ ਜਾਂਦੀ ਹੈ। ਇਸੇ ਤਰ੍ਹਾਂ ਨੌਜਵਾਨਾ ਨੂੰ ਆਪ ਮੁਹਾਰੇ ਹੋ ਕੇ ਕੁਰਾਹੇ ਪੈਣ ਤੋਂ ਰੋਕਿਆ ਜਾਵੇ। ਉਹਨਾਂ ਨੂੰ ਚੰਗੀ ਸਿੱਖਿਆ ਦੇ ਕੇ ਸਮਾਜ ਉਸਾਰੀ ਦੇ ਕੰਮਾਂ ਵਿੱਚ ਲਾਇਆ ਜਾਵੇ। ਇੱਕ ਸਮਝਦਾਰ ਰਿੰਗ ਮਾਸਟਰ ਖੂੰਖਾਰ ਜਾਨਵਰਾਂ ਤੋਂ ਭੀ ਕੰਮ ਲੈ ਲੈਂਦਾ ਹੈ। ਕੀ ਅਸੀਂ ਸਿਆਣਪ ਨਾਲ ਬੱਚਿਆਂ ਨੂੰ ਧਰਮ ਵਿੱਦਿਆ ਦੇ ਕੇ ਨੇਕੀ ਦੇ ਰਾਹ ਨਹੀਂ ਤੋਰ ਸਕਦੇ ? ਕੀ ਮਾਤਾ ਪਿਤਾ ਨੇ ਕਦੀ ਇਸ ਪਾਸੇ ਧਿਆਨ ਦਿੱਤਾ ਹੈ ? ਕੀ ਪ੍ਰਬੰਧਕਾਂ ਨੇ ਕੋਈ ਅਜਿਹੀ ਹੀ ਪਲਾਨਿੰਗ ਬਣਾਈ ਹੈ?

**ਮੇਰੇ ਰਾਮ, ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ॥**
**ਧੰਨੁ ਧੰਨੁ ਗੁਰੂ ਗੁਰੂ ਸਤਿਗੁਰੁ ਪਾਧਾ,**
**ਜਿਨਿ ਹਰਿ ਉਪਦੇਸ਼ ਦੇ ਕੀਏ ਸਿਆਣੇ॥** (168)
**ਪੂਤਾ, ਮਾਤਾ ਕੀ ਆਸੀਸ॥**
**ਨਿਮੁਖ ਨ ਬਿਸਰਉ ਤੁਮ ਕਉ ਹਰਿ ਹਰਿ ਸਦਾ ਭਜਹੁ ਜਗਦੀਸ਼॥** (496)

4. **ਪਤੀ ਪਤਨੀ ਦਾ ਰਿਸ਼ਤਾ –** ਇੱਕ ਪਾਸੇ ਹਾਕਮ ਧਿਰ (ਰਾਜੇ ਰਈਸ) ਸੁੰਦਰ ਜਵਾਨ ਲੜਕੀਆਂ ਨੂੰ ਆਪਣੇ ਹਰਮਾਂ (ਜਨਾਨਖਾਨਾ) ਵਿੱਚ ਨਰਕ ਵਰਗੀ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਰਹੇ ਸਨ। ਦੂਜੇ ਬੰਨੇ ਨਸਮਝ ਲੋਕ ਘਰ ਪ੍ਰਵਾਰ ਛੱਡ ਕੇ ਜੰਗਲਾਂ ਗੁਫਾਵਾਂ ਵਿੱਚ ਬ੍ਰਹਮਚਾਰੀ-ਜਤੀ ਸਤੀ ਹੋਣ ਦਾ ਖੇਖਣ ਕਰ ਰਹੇ ਸਨ। ਦੋਵੇਂ ਧਿਰਾਂ ਵੱਲੋਂ ਜ਼ੁਲਮ ਜਬਰ ਕੀਤਾ ਜਾ ਰਿਹਾ ਸੀ, ਬੇਬਸ ਔਰਤ ਤੇ ਜੇ ਪਤੀ ਭਰਾ ਪੁੱਤਰ ਜਾਂ ਪਿਤਾ ਛੱਡ ਕੇ "ਭਗਤੀ" ਵਿੱਚ ਲੀਨ ਹੋ ਗਿਆ, ਤਾਂ ਭੀ ਦੁੱਖਾਂ ਦਾ ਪਹਾੜ। ਜੇ ਉਧਾਲੀ ਗਈ, ਜੋਰ ਜਬਰੀ ਦੀ ਸ਼ਿਕਾਰ ਹੋ ਗਈ, ਤਾਂ ਭੀ ਜ਼ਿੰਦਗੀ ਤਬਾਹ। ਇਸ

ਦਰਦਨਾਕ ਪੱਖ ਵੱਲ ਸਤਿਗੁਰੂ ਸਾਹਿਬ ਜੀ ਨੇ ਵਿਸ਼ੇਸ਼ ਧਿਆਨ ਦਿੱਤਾ। ਉਹਨਾਂ ਪਤੀ ਪਤਨੀ ਦੇ ਜੀਵਨ ਸਾਥ ਨੂੰ ਮਾਣ ਦਿੱਤਾ। ਗ੍ਰਿਸਤ ਧਰਮ ਵਿੱਚ ਰਹਿੰਦਿਆਂ, ਨੇਕ ਕਮਾਈ ਕਰਦਿਆਂ, ਸਭ ਜਿੰਮੇਵਾਰੀਆਂ ਨਿਭਾਉਂਦਿਆਂ ਹੀ ਧਰਮੀ ਬਣਨ ਦਾ ਉਪਦੇਸ਼ ਕੀਤਾ। ਭਗਤੀ ਤਪੱਸਿਆ ਜਾਂ ਮੋਕਸ਼ ਜੰਗਲਾਂ ਗੁਫਾਵਾਂ ਤੀਰਥਾਂ ਤੇ ਭਟਕਣ ਨਾਲ ਪ੍ਰਾਪਤ ਨਹੀਂ ਹੋਵੇਗੀ। ਸਗੋਂ ਬੱਚਿਆਂ ਦੀਆਂ ਲੋੜਾਂ ਪੂਰੀਆਂ ਕਰੋ ਨੇਕ ਇਨਸਾਨ ਬਣਾਓ। ਬਸ ਆਪਣੇ ਆਪ ਨੂੰ ਬੁਰਾਈਆਂ ਵਿਕਾਰਾਂ ਤੋਂ ਬਚਾ ਕੇ ਰੱਖੋ। ਇਹੀ ਸੱਚਾ ਧਰਮ ਹੈ :-

**ਸਤੁ ਸੰਤੋਖੁ ਸਦਾ ਸਚੁ ਪਲੈ ਸਚ ਬੋਲੈ ਪਿਰ ਭਾਏ॥**
**ਨਾਨਕ ਵਿਛੁੜਿ ਨਾ ਦੁਖ ਪਾਏ ਗੁਰਮਤਿ ਅੰਕਿ ਸਮਾਏ॥** (764)
**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੇ ਜੁਗਤਿ॥**
**ਹਸੰਦਿਆ ਖੇਲੰਦਿਆਂ ਪੈਨੰਦਿਆ ਖਾਵੰਦਿਆਂ ਵਿੱਚੇ ਹੋਵੈ ਮੁਕਤਿ॥** (522)

**5. ਸਮਾਜ ਪ੍ਰਤੀ ਵਚਨ ਬੱਧਤਾ –** ਸਤਿਗੁਰੂ ਜੀ ਮਹਾਨ ਉਪਕਾਰ ਕਰਦਿਆਂ ਹਰ ਇਨਸਾਨ ਨੂੰ ਆਪੋ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਨਾਲ ਨਿਭਾਉਣ ਦੀ ਤਾਕੀਦ ਕਰਦੇ ਹਨ। ਉਦੋਂ ਤੋਂ ਲੈ ਕੇ ਅੱਜ ਤੱਕ ਸਾਰੇ ਬੰਨੇ ਹਫੜਾ ਦਫੜੀ, ਬੇਈਮਾਨੀ, ਰਿਸ਼ਵਤਖੋਰੀ ਦਾ ਬਾਜ਼ਾਰ ਗਰਮ ਨਜ਼ਰ ਆ ਰਿਹਾ ਹੈ। ਹੇਠਲੇ ਛੋਟੇ ਮੁਲਾਜ਼ਮ ਤੋਂ ਲੈ ਕੇ ਉੱਪਰ ਸਿਰੇ ਤੱਕ ਹਰ ਕੋਈ ਰਿਸ਼ਵਤਖੋਰੀ ਵਿੱਚ ਗਰਕਿਆ ਨਜ਼ਰ ਆਵੇਗਾ। ਆਪਣੇ ਹੀ ਭੈਣ ਭਰਾਵਾਂ ਦਾ ਖ਼ੂਨ ਬੜੀ ਬੇਰਹਿਮੀ ਨਾਲ, ਡੀਕਾਂ ਲਾ ਕੇ ਪੀਤਾ ਜਾ ਰਿਹਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਭਾਈ ਲਾਲੋ ਜੀ, ਇੱਕ ਗਰੀਬੜੇ ਸਿੱਖ ਨੂੰ ਛਾਤੀ ਨਾਲ ਲਾਇਆ ਸੀ। ਮਲਕ ਭਾਗੋ ਦੇ ਸੁਆਦਲੇ ਪਦਾਰਥਾਂ ਵਿੱਚੋਂ ਸਤਿਗੁਰੂ ਜੀ ਨੂੰ ਗ੍ਰੀਬਾਂ ਦੇ ਹਉਕੇ, ਹੰਝੂ ਤੇ ਉਹਨਾਂ ਦਾ ਖ਼ੂਨ ਨਜ਼ਰ ਆਇਆ ਸੀ। ਵੱਡੇ ਇਕੱਠ ਵਿੱਚ ਬੇਇਮਾਨੀ ਵਾਲੇ ਖੀਰ ਪੂੜਿਆਂ ਦਾ ਭਿਆਨਕ ਪਿਛੋਕੜ, ਸਭ ਦੇ ਸਾਹਮਣੇ ਬੇਪਰਦ ਕੀਤਾ ਸੀ। ਸਤਿਗੁਰੂ ਜੀ ਨੇ ਗਰਜ਼ਵੀਂ ਆਵਾਜ਼ ਵਿੱਚ ਸਾਰਿਆਂ ਨੂੰ ਸਾਵਧਾਨ ਕੀਤਾ ਸੀ........

**"ਹਕੁ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ॥**
**ਗੁਰੂ ਪੀਰੁ ਹਾਮਾ ਤਾਂ ਭਰੇ ਜਾ ਮੁਰਦਾਰ ਨਾ ਖਾਇ॥**
**ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥**
**ਮਾਰਣ ਖਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥**
**ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥ "** (141)

**6. ਕੰਮ ਪ੍ਰਤੀ ਵਫਾਦਾਰੀ –** ਪੁਰਾਤਨ ਸਮਿਆਂ ਤੋਂ ਚੱਲ ਕੇ ਅੱਜ ਤਾਈਂ ਸਮਾਜ ਜਾਂ ਰਾਜ ਵਿੱਚ ਚੁਣੇ ਹੋਏ ਵਿਸ਼ੇਸ਼ ਵਿਅਕਤੀਆਂ ਨੂੰ ਜ਼ਿੰਮੇਵਾਰੀ ਵਾਲੇ ਬਹੁਤ ਹੀ

ਮਹੱਤਵਪੂਰਨ ਅਹੁਦਿਆਂ ਤੇ ਲਾਉਣ ਵਕਤ ਕੁਝ ਇੱਕ ਪ੍ਰਣ ਕਰਵਾਏ ਜਾਂਦੇ ਸਨ। ਸਮੇਂ ਦੇ ਫੇਰ ਨਾਲ ਪ੍ਰਣ ਭੁਲਾ ਦਿੱਤੇ ਗਏ, ਕੁਝ ਰਸਮਾਂ ਰੀਤਾਂ ਰਹਿ ਗਈਆਂ। ਅੱਜ ਭੀ ਵੱਡੇ ਅਹੁਦੇ ਹਾਸਲ ਕਰਨ ਵਕਤ ਰਸਮੀ ਤੌਰ ਤੇ ਦੇਸ਼ ਤੇ ਸੰਵਿਧਾਨ ਪ੍ਰਤੀ ਵਫਾਦਾਰੀ ਦੀ ਕਸਮ ਚੁਕਾਈ ਜਾਂਦੀ ਹੈ, ਪ੍ਰਣ ਕਰਵਾਇਆ ਜਾਂਦਾ ਹੈ। ਕਈ ਵਾਰੀ ਹੱਥ ਵਿੱਚ ਪਾਣੀ ਪਾ ਕੇ ਵੱਡੇ ਇਕੱਠ ਸਾਹਵੇਂ, ਕੁੱਝ ਮੰਤਰ ਪੜ੍ਹ ਕੇ, ਰਸਮ ਪੂਰਤੀ ਕੀਤੀ ਜਾਂਦੀ ਸੀ। ਸਤਿਗੁਰੂ ਜੀ ਇਹਨਾਂ ਰਸਮਾਂ ਰੀਤਾਂ ਦੀ ਥਾਵੇਂ, ਪ੍ਰਮਾਤਮਾ ਦਾ ਨਿਰਮਲ ਭਉ ਦੇ ਕੇ, ਅਪਣੇ ਜ਼ਿੰਮੇ ਲੱਗੀ ਸੇਵਾ ਨੂੰ ਨੇਕ ਨੀਤੀ ਨਾਲ ਨਿਭਾਉਣ ਦੀ ਹਦਾਇਤ ਕਰਦੇ ਹਨ – ਧਰਮੀ ਮਨੁੱਖ ਅੰਧ ਵਿਸ਼ਵਾਸ਼ੀ ਨਾ ਹੋਵੇ, ਗਿਆਨ ਨਾਲ ਭਰਪੂਰ ਹੋਵੇ। ਪਤੀ ਪਤਨੀ ਇੱਕ ਦੂਜੇ ਪ੍ਰਤੀ ਵਫਾਦਾਰ ਰਹਿਣ। ਇਹੀ ਉਹਨਾਂ ਦਾ ਜਤੀ ਹੋਣਾ ਪ੍ਰਵਾਨ ਹੈ। ਬ੍ਰਾਹਮਣ ਸੰਤੋਖੀ ਹੋਵੇ ਲੋਕਾਂ ਦੇ ਘਰ ਲੁੱਟਣ ਵਾਲਾ ਨਾ ਹੋਵੇ। ਗ੍ਰਿਸਤੀ ਮਨੁੱਖ ਅਪਣੀ ਕਿਰਤ ਕਮਾਈ ਵਿੱਚੋਂ ਦਸਵੰਧ ਰੂਪ ਵਿੱਚ, ਲੋੜਵੰਦਾਂ ਦੀ ਲੋੜ ਪੂਰੀ ਕਰੇ। ਦੇਸ਼ ਦਾ ਰਾਜਾ (ਅਤੇ ਉਸਦੇ ਕਰਿੰਦੇ ਅਫਸਰ ਜੱਜ) ਸਹੀ ਮਾਹਿਨਿਆਂ ਵਿੱਚ ਪਰਜਾ ਨੂੰ ਇਨਸਾਫ ਦੇਣ। ਉਹਨਾਂ ਦੇ ਦੁੱਖ ਦੂਰ ਕਰਨ ਤੇ ਲੋਕਾਂ ਨੂੰ ਅਪਣੀ ਔਲਾਦ ਵਾਂਗ ਸਮਝਣ। ਪੜ੍ਹਿਆ ਮਨੁੱਖ, ਰੁੱਖਾ ਗਿਆਨ ਨਾ ਚੁੱਕੀ ਫਿਰੇ, ਨਿਰੀ ਹੰਕਾਰ ਦੀ ਪੰਡ ਹੀ ਨਾ ਬਣ ਜਾਵੇ। ਵਿੱਦਿਆ ਨੂੰ ਹੱਕ ਸੱਚ ਦਾ ਪਹਿਰੇਦਾਰ ਬਣਾਵੇ, ਸਮਾਜ ਨੂੰ ਚੰਗੀ ਮੱਤ ਦੇਵੇ। ਇਸ ਤਰ੍ਹਾਂ ਤੁਹਾਡਾ ਪ੍ਰਣ ਪੂਰਾ ਹੋਇਆ ਮੰਨਿਆ ਜਾਵੇਗਾ ਤੇ ਸਮਾਜ ਦਾ ਮੂੰਹ ਮੁਹਾਂਦਰਾ ਸੰਵਰ ਜਾਵੇਗਾ। ਵਾਕ ਇਉਂ ਹਨ –

**ਨਾਨਕ ਚੁਲੀਆਂ ਸੁਚੀਆਂ, ਜੇ ਭਰਿ ਜਾਣੈ ਕੋਇ॥**
**ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ॥**
**ਬ੍ਰਾਹਮਣ ਚੁਲੀ ਸੰਤੋਖ ਕੀ, ਗਿਰਹੀ ਕਾ ਸਤੁ ਦਾਨੁ॥**
**ਰਾਜੇ ਚੁਲੀ ਨਿਆਵ ਕੀ, ਪੜਿਆ ਸਚੁ ਧਿਆਨੁ॥**
**ਪਾਣੀ ਚਿਤੁ ਨ ਧੋਪਈ, ਮੁਖਿ ਪੀਤੈ ਤਿਖ ਜਾਇ॥**
**ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭ ਖਾਇ॥** (1240)

ਸਤਿਗੁਰੂ ਜੀ ਨੇ ਉਜਾੜ ਥਾਂ ਵਿੱਚ ਕਰਤਾਰਪੁਰ "ਵਸਾਇਆ"। ਖਡੂਰ ਤੇ ਗੋਇੰਦਵਾਲ ਉੱਜੜ ਚੁੱਕੇ ਥਾਵਾਂ ਤੇ ਮੁੜ "ਵਸਾਏ"। ਅੰਮ੍ਰਿਤਸਰ ਘਣੀ ਆਬਾਦੀ ਵਾਲਾ ਵਪਾਰ ਦਾ ਕੇਂਦਰ, ਧਰਮ ਦਾ ਕੇਂਦਰ, ਸਿੱਖਾਂ ਦੀ ਰਾਜਨੀਤੀ ਦਾ ਧੁਰਾ, ਸਤਿਗੁਰੂ ਜੀ ਨੇ "ਵਸਾਇਆ"। ਅੱਗੇ ਤਰਨ ਤਾਰਨ, ਹਰਿਗੋਬਿੰਦਪੁਰ, ਕਰਤਾਰਪੁਰ (ਜਲੰਧਰ),

ਕੀਰਤਪੁਰ, ਅਨੰਦਪੁਰ, ਸਤਿਗੁਰੂ ਜੀ ਨੇ "ਵਸਾਏ"। ਨਿੱਤ ਉੱਜੜ ਰਿਹਾ ਹਿੰਦੋਸਤਾਨ ਸਤਿਗੁਰੂ ਜੀ ਨੇ ਮੁੜ ਵਸਾਇਆ। ਸਤਿਗੁਰੂ ਜੀ ਦੀ ਪਾਵਨ ਬਾਣੀ ਵਿੱਚੋਂ ਇੱਕ ਨਵਾਂ ਇਨਕਲਾਬ ਉੱਠਿਆ। ਸਤਿਗੁਰੂ ਜੀ ਦੇ ਉਪਦੇਸ਼ ਵਿੱਚੋਂ ਇੱਕ ਨਵੇਂ ਮਨੁੱਖ ਦੀ ਘਾੜ੍ਹਤ ਘੜ੍ਹੀ ਗਈ। ਪਾਵਨ ਬਾਣੀ ਵਿੱਚੋਂ ਨਵੀਂ ਸਭਿਅਤਾ ਅੰਗੜਾਈਆਂ ਲੈਣ ਲੱਗੀ। ਹਜ਼ਾਰ ਸਾਲ ਤੋਂ ਨਮੋਸ਼ੀ, ਕਾਇਰਤਾ, ਬਰਬਾਦੀ, ਲੁੱਟ ਕਤਲੋ ਗਾਰਤ ਤੋਂ ਬਾਅਦ, ਇਸ ਧਰਤੀ ਤੇ ਨਵਾਂ ਸੂਰਜ ਚੜ੍ਹਿਆ। ਅਗਿਆਨਤਾ ਦੀ ਲੰਮੀ ਕਾਲੀ ਬੋਲੀ ਰਾਤ ਵਿੱਚੋਂ, ਨਵੀਂ ਸਵੇਰ ਉੱਗ ਪਈ। ਜਾਤ-ਪਾਤ ਦੇ ਸੰਗਲ ਟੁੱਟ ਗਏ, ਵਹਿਮਾਂ ਭਰਮਾਂ ਨੂੰ ਭਾਜੜਾਂ ਪੈ ਗਈਆਂ। ਸੀਸ ਵਾਰਨ ਵਾਲੇ ਸੂਰਮੇ, ਸਾਹਵੇਂ ਮੱਥੇ, ਹਿੱਕਾਂ ਡਾਹ ਕੇ ਜੰਗ ਦੇ ਜੌਹਰ ਵਿਖਾਣ ਲੱਗੇ। ਪੰਜਾਬੀ ਬੋਲੀ ਨੂੰ ਪਹਿਲੀ ਵਾਰ ਗੁਰਬਾਣੀ ਰਾਹੀਂ ਵਡੇਰਾ ਮਾਣ ਮਿਲਿਆ। ਨਵੀਂ ਸ਼ਕਲੋ ਸੂਰਤ ਵਾਲੇ, ਵੱਖਰੇ ਸੁਭਾਅ ਵਾਲੇ, ਮਨੁੱਖ ਭੀ ਗੁਰਬਾਣੀ ਦੇ ਚਾਨਣ ਵਿੱਚੋਂ ਪ੍ਰਗਟ ਹੋਏ। ਪੁਰਾਤਨ ਸਮਿਆਂ ਵਿੱਚ ਜੇ ਗੁਰਬਾਣੀ ਪੜ੍ਹਨ ਵਿਚਾਰਨ ਵਾਲਿਆਂ ਨੇ, ਬਹਾਦਰੀ ਅਤੇ ਪਰਉਪਕਾਰ ਦੇ ਲਾਸਾਨੀ ਕੀਰਤੀਮਾਨ ਸਥਾਪਤ ਕੀਤੇ ਸਨ, ਤਾਂ ਭਵਿੱਖ ਵਿੱਚ ਅਸੀਂ ਨਿਰਾਸਤਾ ਕਿਉਂ ਵਿਖਾਈਏ। **ਕਮਰਕਸੇ ਕਰਕੇ ਜ਼ੋਰਦਾਰ ਹੰਭਲਾ ਮਾਰਨ ਦੀ ਲੋੜ ਹੈ, ਘਰ ਘਰ ਗੁਰਬਾਣੀ ਦਾ ਚਾਨਣ ਪੁਚਾਉਣ ਦੀ ਜ਼ਰੂਰਤ ਹੈ, ਫਿਰ ਇੱਕ ਨਵੀਂ ਸਵੇਰ ਦਾ ਆਗਮਨ ਹੋਵੇਗਾ।**

ਸਤਿਗੁਰੂ ਜੀ ਹਰ ਇੱਕ ਬੋਲੀ ਨੂੰ ਹਰ ਇੱਕ ਸੂਬੇ ਨੂੰ ਹਰੇਕ ਦੇਸ਼ ਨੂੰ ਹਰੇਕ ਧਰਮ ਨੂੰ ਅਤੇ ਸਾਰੇ ਧਰਮੀ ਲੋਕਾਂ ਨੂੰ ਪਿਆਰ ਕਰਦੇ ਹਨ। ਇਸ ਗੱਲ ਦੇ ਗੁਰਬਾਣੀ ਵਿੱਚ ਸਬੂਤ ਮੌਜੂਦ ਹਨ। ਜਦੋਂ ਬਹੁਤ ਸਾਰੀਆਂ ਬੋਲੀਆਂ, ਖਿੱਤਿਆਂ, ਭਗਤਾਂ ਨੂੰ ਇਸ ਵਿੱਚ ਸਨਮਾਨ ਪ੍ਰਾਪਤ ਹੈ। ਪਰ ਹਾਂ! ਸਤਿਗੁਰੂ ਜੀ ਨੂੰ ਵਿਖਾਵਾ ਤੇ ਪਾਖੰਡ ਉੱਕਾ ਪਸੰਦ ਨਹੀਂ ਹੈ। ਅਸੀਂ ਸਾਰੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਧਰਮ ਬਾਰੇ, ਸਮਾਜ ਬਾਰੇ, ਰਾਜਨੀਤੀ ਬਾਰੇ, ਫਰਜ਼ਾਂ ਦੀ ਪਛਾਣ ਬਾਰੇ, ਮਨੁੱਖੀ ਭਾਈਚਾਰੇ ਬਾਰੇ, ਭਾਸ਼ਾਵਾਂ ਬਾਰੇ, ਕਵਿਤਾ ਬਾਰੇ, ਰਾਗਾਂ ਬਾਰੇ, ਅਨੇਕ ਪਰਕਾਰ ਦੀ ਅਗਵਾਈ ਲੈ ਸਕਦੇ ਹਾਂ। ਇਸ ਜੀਵਨ ਦੌਰਾਨ ਇੱਕ ਵਾਰੀ, ਅਰਥਾਂ ਸਮੇਤ ਪਾਵਨ ਗੁਰਬਾਣੀ ਦਾ ਪਾਠ ਖੁਦ ਕਰਕੇ ਵੇਖੀਏ, ਅਨੰਦ ਹੀ ਵੱਖਰਾ ਹੋਵੇਗਾ। **ਬਹੁਤ ਕਰਾ ਲਏ ਮੁੱਲ ਦੇ ਪਾਠ, ਹੁਣ ਖੁਦ ਸਤਿਗੁਰੂ ਜੀ ਦੇ ਦਰਸ਼ਨ ਕਰਕੇ, ਜਨਮ ਸਫਲਾ ਕਰੀਏ।**

**ਪੋਥੀ ਪਰਮੇਸ਼ਰ ਕਾ ਥਾਨੁ॥**
**ਸਾਧ ਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨ॥** (1226)

**ਸਾਚੀ ਬਾਣੀ ਮੀਠੀ ਅੰਮ੍ਰਿਤਧਾਰ॥ ਜਿਨਿ ਪੀਤੀ ਤਿਸ ਮੋਖ ਦੁਆਰ॥**(1275)
**"ਪੰਜਾਬ ਜੀਵਦਾ ਗੁਰਾਂ ਦੇ ਨਾਮ ਤੇ" (ਪੂਰਨ ਸਿੰਘ)**

* (ਇਹ ਖੋਜ ਪੱਤਰ 29-8-04 ਨੂੰ ਸੈਕਟਰ 46, ਚੰਡੀਗੜ੍ਹ, ਖਾਲਸਾ ਪੰਚਾਇਤ ਵੱਲੋਂ ਕਰਵਾਏ ਗਏ ਸੈਮੀਨਾਰ ਵਿੱਚ ਪੜ੍ਹਿਆ ਗਿਆ)

# ਧਰਮ ਦਾ ਵਿਸ਼ੇਸ਼ ਅੰਗ - ਕੇਸ

ਬਹੁਤ ਵਾਰੀ ਇਹ ਸਵਾਲ ਉਠਾਇਆ ਜਾਂਦਾ ਹੈ, ਕੇਸਾਂ ਦਾ ਧਰਮ ਨਾਲ ਸਬੰਧ ਕਿਵੇਂ ਹੈ ? ਕੀ ਪ੍ਰਮਾਤਮਾ ਨੂੰ ਪਾ ਲੈਣ ਵਾਸਤੇ ਕੇਸਾਧਾਰੀ ਹੋਣਾ ਜ਼ਰੂਰੀ ਹੈ ? ਜਿਨ੍ਹਾਂ ਅਣਗਿਣਤ ਲੋਕਾਂ ਨੇ ਕੇਸ ਨਹੀਂ ਰੱਖੇ ਹੋਏ (ਗੈਰ ਸਿੱਖ ਭੀ) ਕੀ ਉਹ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਕਰ ਸਕਣਗੇ ? ਆਦਿ। ਪ੍ਰਾਮਤਮਾ ਨਾਲ ਪਿਆਰ ਸਾਂਝ ਪਾਉਣ ਵਾਸਤੇ ਕੇਸਾਂ ਦਾ ਸਿੱਧਾ ਕੋਈ ਸਰੋਕਾਰ ਨਹੀਂ ਹੈ। ਪਰ ਹਰ ਇੱਕ ਪ੍ਰਮੇਸ਼ਰ ਨੂੰ ਪਿਆਰ ਕਰਨ ਵਾਲਾ ਮਨੁੱਖ ਉਸਦੀ ਕਿਰਤ ਨੂੰ ਭੀ ਪਿਆਰ ਕਰਦਾ ਹੈ। ਵਾਹਿਗੁਰੂ ਜੀ ਨੇ ਮਨੁੱਖ ਨੂੰ ਲੰਮੇ ਕੇਸ ਤੇ ਰੋਹਬਦਾਰ ਸੁੰਦਰ ਦਾਹੜਾ ਮੁੱਛਾਂ ਦੀ ਬਖਸ਼ਿਸ਼ ਕੀਤੀ ਹੈ। ਔਰਤਾਂ ਨੂੰ ਯੋਗ ਜਾਣਕੇ ਕੇਵਲ ਸਿਰ ਤੇ ਲੰਮੇ ਕੇਸ ਦਿੱਤੇ ਹਨ, ਦਾਹੜੀ ਮੁੱਛਾਂ ਨਹੀਂ। ਜਦੋਂ ਕੋਈ ਇਨਸਾਨ ਉਚਿਤ ਤਰੀਕੇ ਕੇਸਾਂ ਦੀ ਸੰਭਾਲ ਕਰਦਾ ਹੈ, ਦਸਤਾਰ, ਦੁਪੱਟਾ ਸੀਸ ਤੇ ਸਜਾਉਂਦਾ ਹੈ ਤਾਂ ਉਸਦੀ ਸੁੰਦਰਤਾ ਵਿੱਚ ਕਈ ਗੁਣਾ ਵਾਧਾ ਹੋ ਰਿਹਾ ਹੁੰਦਾ ਹੈ। ਜੇ ਕੋਈ ਕੇਸਾਂ ਦੀ ਬੇਅਦਬੀ ਕਰ ਰਿਹਾ ਹੈ ਤਾਂ ਮਾਨੋ ਉਸਨੂੰ ਪ੍ਰਮਾਤਮਾ ਦੇ ਕੀਤੇ ਤੇ ਵਿਸ਼ਵਾਸ਼ ਨਹੀਂ ਹੈ। ਕੇਸ ਦੇ ਕੇ, ਪੈਦਾ ਕਰਕੇ ਕੀ ਰੱਬ ਜੀ ਤੋਂ ਗਲਤੀ ਹੋ ਗਈ ਹੈ ? ਸਤਿਗੁਰੂ ਸਾਹਿਬਾਨ ਨੇ ਕੇਸਾਂ ਦੀ ਸੰਭਾਲ ਕਰਨੀ ਆਖ ਕੇ ਸਿੱਖ ਨੂੰ ਕੋਈ ਸਜ਼ਾ ਨਹੀਂ ਦਿੱਤੀ, ਸਗੋਂ ਕੁਦਰਤੀ ਤਰੀਕੇ ਪ੍ਰਭੂ ਦੀ ਰਜ਼ਾ ਵਿੱਚ ਰਾਜੀ ਰਹਿਣਾ ਸਿਖਾਇਆ ਹੈ। ਸਤਿਗੁਰੂ ਜੀ ਨੂੰ ਪਤਾ ਸੀ, ਕਿ ਪ੍ਰਮਾਤਮਾ ਕੋਈ ਕੰਮ ਗਲਤ ਨਹੀਂ ਕਰਦਾ। ਸ੍ਰਿਸ਼ਟੀ ਦੇ ਕਿਸੇ ਜੀਵ ਨੂੰ ਮਰਦ ਵਰਗੀ ਦਾਹੜੀ ਮੁੱਛਾਂ ਤੇ ਕੇਸ ਨਹੀਂ ਦਿੱਤੇ। ਔਰਤ ਮਰਦ ਦੀ ਸਿੱਧੀ ਪਛਾਣ ਵਾਸਤੇ, ਤੀਵੀਂ ਨੂੰ ਦਾਹੜੀ ਨਹੀਂ ਦਿੱਤੀ ਕੇਵਲ ਸਿਰ ਦੇ ਕੇਸ ਬਖਸ਼ੇ ਹਨ।

ਕੇਸਾਂ ਦੀ ਸੰਭਾਲ ਕਰਨ ਵਾਲੇ ਮਨੁੱਖ ਪ੍ਰਮਾਤਮਾ ਦੀ ਪ੍ਰਾਪਤੀ ਦਾ ਦਾਅਵਾ ਤਾਂ ਨਹੀਂ ਕਰ ਸਕਦੇ, ਪਰ ਪਿਆਰੇ ਦੀ ਦਿੱਤੀ ਦਾਤ ਨੂੰ ਪਿਆਰ ਕਰਨ ਦੀ ਗੱਲ ਤਾਂ ਕਹਿ ਹੀ ਸਕਦੇ ਹਨ। ਸਾਰੇ ਭਗਤ ਸਾਹਿਬਾਨ ਗੁਰੂ ਸਾਹਿਬਾਨ (ਗੁਰਬਾਣੀ ਦੇ ਰਚੇਤਾ) ਤੇ ਹੋਰ ਗੁਰੂ ਕੇ ਸਿੱਖ, ਕੇਸਾਧਾਰੀ ਸਨ। ਆਪਣੇ ਪਿਆਰੇ ਦੀ ਖੁਸ਼ੀ ਲੈਣ ਵਾਸਤੇ ਅਸੀਂ ਉਹ ਖਾਂਦੇ ਹਾਂ, ਜੋ ਪਿਆਰੇ ਨੂੰ ਭਾਵੇ। ਉਹ ਪਹਿਰਾਵਾ ਪਹਿਨਦੇ ਹਾਂ, ਜੋ ਪਿਆਰੇ ਨੂੰ ਚੰਗਾ ਲੱਗੇ। ਉਹ ਕੰਮ ਕਰਦੇ ਹਾਂ ਜਿਸ ਵਿੱਚ ਪਿਆਰੇ ਦੀ ਖੁਸ਼ੀ ਹੋਵੇ। ਉਹ ਮਿੱਠੇ ਬਚਨ ਬੋਲਦੇ ਹਾਂ, ਜਿਨ੍ਹਾਂ ਦੁਆਰਾ ਪਿਆਰੇ ਦਾ ਮਨ ਮੋਹ ਲਈਏ। ਪਿਆਰ ਵਿੱਚ ਭਿੱਜਕੇ ਸਾਡਾ ਪ੍ਰੇਮੀ ਸਾਨੂੰ ਕੋਈ ਤੋਹਫਾ ਦੇ ਦੇਵੇ, ਭਾਵੇਂ ਉਹ ਵੱਡੀ ਕੀਮਤ ਦਾ ਨਾ ਹੀ ਹੋਵੇ। ਪਰ ਤੋਹਫੇ ਨੂੰ ਸਦਾ

ਸਤਿਕਾਰ ਨਾਲ ਸੰਭਾਲ ਕੇ ਰੱਖਦੇ ਹਾਂ। ਤੋਹਫੇ ਦੀ ਬੇਅਦਬੀ ਪ੍ਰੇਮੀ ਦਾ ਤ੍ਰਿਸਕਾਰ ਮੰਨੀ ਜਾਂਦੀ ਹੈ। ਬੱਸ ਇਸੇ ਤਰ੍ਹਾਂ ਅਕਾਲ ਪੁਰਖ ਜੀ ਵੱਲੋਂ ਦਿੱਤਾ ਗਿਆ ਇਹ ਅਮੁੱਲਾ ਤੋਹਫਾ, ਅਤੇ ਸਤਿਗੁਰੂ ਜੀ ਵੱਲੋਂ ਇਸ ਦੀ ਸੰਭਾਲ ਕਰਨ ਦਾ ਦਿੱਤਾ ਗਿਆ ਹੁਕਮ, ਸਾਡੇ ਲਈ ਸਿਰ ਮੱਥੇ ਪਰਵਾਨ ਹੋਵੇ। ਸਤਿਗੁਰੂ ਜੀ ਨੇ ਕੇਸਾਂ ਦੀ ਸੰਭਾਲ ਕਰਨ ਦਾ ਆਦੇਸ਼ ਦਿੱਤਾ ਹੈ, ਫਿਰ ਅਸੀਂ ਆਪਣੇ ਪਿਆਰੇ ਦੇ ਹੁਕਮ ਦੀ ਉਲੰਘਣਾ ਕਿਵੇਂ ਕਰ ਸਕਦੇ ਹਾਂ ?

ਜੋ ਲੋਕੀਂ ਸਿੱਖ ਪੰਥ ਨਾਲ ਸਬੰਧਿਤ ਨਹੀਂ ਹਨ, ਜਿਨ੍ਹਾਂ ਨੂੰ ਉਹਨਾਂ ਦੇ ਧਰਮ ਮੁਖੀਆਂ ਨੇ ਕੇਸ ਰੱਖਣ ਦੀ ਸਖਤ ਹਦਾਇਤ ਨਹੀਂ ਕੀਤੀ, ਉਹ ਭੀ ਆਪੋ ਆਪਣੇ ਤਰੀਕੇ ਕੇਸਾਂ ਦਾਹੜੀ ਵਿੱਚ ਕੁਝ ਤਬਦੀਲੀ ਜ਼ਰੂਰ ਕਰਦੇ ਹਨ। ਜ਼ਰਾ ਇੱਕ ਇੱਕ ਕਰਕੇ ਗੈਰ ਸਿੱਖਾਂ ਦੇ ਕੇਸਾਂ ਬਾਰੇ ਵਤੀਰੇ ਨੂੰ ਵੇਖੀਏ –

ਸਾਡੇ ਗੁਆਂਢੀ ਹਿੰਦੂ ਭਰਾ ਕਿਸੇ ਨੂੰ ਆਪਣੇ ਧਰਮ ਵਿੱਚ ਪ੍ਰਵੇਸ਼ ਕਰਾਉਣ ਲੱਗਿਆ ਜਿੱਥੇ ਜੰਜੂ ਆਦਿ ਪਾਉਂਦੇ ਹਨ, ਉੱਥੇ ਕੇਸ ਕੱਟ ਦਿੰਦੇ ਹਨ। ਸਿਰ ਦੇ ਵਿਚਕਾਰ ਕੁੱਝ ਵਾਲ ਰੱਖਦੇ ਹਨ, ਜਿਸਨੂੰ ਸਿਖਾ ਜਾਂ ਬੋਦੀ ਕਿਹਾ ਜਾਂਦਾ ਹੈ। ਹਿੰਦੂਆਂ ਵਿੱਚ ਹੀ ਕੁੱਝ ਅਰਸੇ ਤੋਂ ਬਾਅਦ, ਨਵ ਜਨਮੇ ਬੱਚੇ ਕੇ ਕੇਸ ਕੱਟਕੇ ਕਿਸੇ ਮੰਦਰ ਵਿੱਚ ਭੇਟ ਕੀਤੇ ਜਾਂਦੇ ਹਨ। ਜਦੋਂ ਹਿੰਦੂ ਪ੍ਰਵਾਰ ਵਿੱਚੋਂ ਕੋਈ ਮੈਂਬਰ ਚਲਾਣਾ (ਮਰਨਾ) ਕਰ ਜਾਵੇ ਤਾਂ ਉਸਦੇ ਨੇੜਲੇ ਰਿਸ਼ਤੇਦਾਰ ਅਫਸੋਸ ਵਿੱਚ ਪੂਰੀ ਤਰ੍ਹਾਂ ਰਗੜਵੇਂ ਢੰਗ ਦਾਹੜੀ ਕੇਸ ਕਟਵਾ ਦਿੰਦੇ ਹਨ। ਪੁਰਾਤਨ ਸਮਿਆਂ ਵਿੱਚ ਵੱਡੀ ਗਲਤੀ ਕਰਨ ਤੇ ਬੇਸ਼ਰਮੀ ਦੀ ਸਿਖਰ ਤੇ ਪੁਚਾਉਣ ਵਾਲੀ ਸਜ਼ਾ ਦਿੱਤੀ ਜਾਂਦੀ ਸੀ, ਦਾਹੜੀ ਕੇਸ ਕੱਟ ਦੇਣੇ। ਵੈਸੇ ਹਿੰਦੂਆਂ ਦੇ ਪੁਰਾਤਨ ਬਜ਼ੁਰਗ ਅਵਤਾਰ ਸਾਰੇ ਹੀ ਕੇਸਾਧਾਰੀ ਹੋਇਆ ਕਰਦੇ ਸਨ। ਇਸਤਰੀਆਂ ਦਾ ਤਾਂ ਕੇਸ ਕੱਟਣ ਦਾ ਸਵਾਲ ਹੀ ਨਹੀਂ ਸੀ। **ਹਾਂ ਕੇਵਲ ਉਸ ਅਭਾਗਣ ਤੀਵੀਂ ਦੇ ਕੇਸ ਕੱਟ ਦਿੱਤੇ ਜਾਂਦੇ ਸਨ ਜੋ ਵਿਧਵਾ ਹੋ ਜਾਵੇ।**

ਦੂਜੇ ਸਾਡੇ ਗੁਆਂਢੀ ਭਰਾ ਮੁਸਲਮਾਨ ਹਨ। ਇਹਨਾਂ ਵਿੱਚ ਔਰਤਾਂ ਕੇਸ ਨਹੀਂ ਕਟਵਾਉਂਦੀਆਂ। ਮਰਦ ਸਿਰ ਦੇ ਕੇਸ ਕਟਵਾ ਦਿੰਦੇ ਹਨ। ਪਰ ਮੁੱਛਾਂ ਅਤੇ ਦਾਹੜੀ ਦੀ ਇੱਕ ਵਿਸ਼ੇਸ਼ ਬਣਤਰ ਬਣਾਉਂਦੇ ਹਨ, ਜਿਸ ਨੂੰ **"ਸ਼ਰਈ ਮੁੱਛਾਂ"** ਕਿਹਾ ਜਾਂਦਾ ਹੈ। ਭਾਵ ਮੁਸਲਮਾਨਾਂ ਦੀ ਰਹਿਤ ਰਹਿਣੀ ਦੇ ਢੰਗ ਦੀਆਂ ਮੁੱਛਾਂ। ਇਹ ਨਿਅਮ ਖਾਸ ਕਰਕੇ ਧਾਰਮਕ ਮੁਖੀਆਂ 'ਤੇ ਲਾਗੂ ਹੁੰਦਾ ਹੈ। ਇਸੇ ਤਰ੍ਹਾਂ ਸਾਡੇ ਜੈਨ ਧਰਮ ਨੂੰ ਮੰਨਣ ਵਾਲੇ ਭਰਾ, ਜਦੋਂ ਕਿਸੇ ਨੂੰ ਆਪਣੇ ਧਰਮ ਵਿੱਚ ਦਾਖ਼ਲ ਕਰਦੇ ਹਨ, ਤਾਂ ਮਿੱਥੇ ਹੋਏ ਦਿਨ 'ਤੇ ਖਾਸ ਸਮਾਗਮ ਰਚਾਕੇ, ਦਾਖ਼ਲ ਹੋਣ ਵਾਲੇ ਵਿਅਕਤੀ (ਜਿੰਨੇ ਹੋਣ) ਦੇ ਦਾਹੜੀ ਕੇਸ ਸੁਆਹ ਪਾ ਕੇ ਖੁਰਦਰੇ ਕਰ ਲੈਂਦੇ ਹਨ। ਉਪ੍ਰੰਤ ਇੱਕ ਇੱਕ ਕਰਕੇ ਸਾਰੇ ਵਾਲ ਜੜੋਂ ਉਖਾੜ ਦਿੰਦੇ

ਹਨ। ਜੈਨੀ ਸਾਧੂਆਂ ਤੇ ਇਹ ਅਸੂਲ ਸਾਰੀ ਉਮਰ ਲਾਗੂ ਰਹਿੰਦਾ ਹੈ ਜੋ ਭੀ ਵਾਲ ਉੱਗ ਪੈਣ ਇਸੇ ਤਰ੍ਹਾਂ ਜੜ੍ਹੋਂ ਉਖਾੜ ਦਿੱਤੇ ਜਾਂਦੇ ਹਨ। ਇਸਾਈਆਂ ਵਿੱਚ ਭਾਵੇਂ ਕੇਸਾਂ ਬਾਰੇ ਪੱਕੀ ਰਵਾਇਤ ਤਾਂ ਕੋਈ ਨਹੀਂ ਹੈ, ਪਰ ਇਹ ਪਰਤੱਖ ਹੈ ਕਿ ਇਹਨਾਂ ਦੇ ਧਰਮ ਗੁਰੂ ਯਿਸੂ ਜੀ, ਦਾਹੜੀ ਕੇਸਾਂ ਦੀ ਸੰਭਾਲ ਕਰਦੇ ਸਨ। ਪੁਰਤਾਨ ਸਮਿਆਂ ਦੇ ਸਾਰੇ ਇਸਾਈ ਧਰਮ ਮੁਖੀ ਭੀ ਕੇਸਾਂ ਦੀ ਸੰਭਾਲ ਕਰਦੇ ਰਹੇ ਹਨ। ਜੋਗੀ ਲੋਕ ਦਾਹੜੀ ਕੇਸ ਨਹੀਂ ਕਟਵਾਉਂਦੇ ਸਗੋਂ ਕੇਸਾਂ ਵਿੱਚ ਸੁਆਹ ਪਾ ਕੇ ਜਟਾਂ ਬਣਾਕੇ, ਸਿਰ ਉੱਪਰ ਜੂੜਾ ਕਰਕੇ ਰੱਖਦੇ ਹਨ। ਇਹ ਲੋਕ ਕਿਉਂਕਿ ਪ੍ਰਵਾਰਿਕ ਜ਼ਿੰਦਗੀ ਦਾ ਤਿਆਗ ਕਰ ਦਿੰਦੇ ਸਨ। ਇਸ ਲਈ ਔਰਤਾਂ ਵਾਸਤੇ ਇਹਨਾਂ ਦਾ ਕੋਈ ਲਿਖਤੀ ਅਸੂਲ ਨਹੀਂ ਹੈ। ਹੋਰ ਵੇਖੋ! ਬਹੁ ਗਿਣਤੀ ਵਾਲੇ ਲੇਖਕ, ਫਿਲਾਸਫ਼ਰ, ਵਿਗਿਆਨੀ, ਭਜਨ ਬੰਦਗੀ ਕਰਨ ਵਾਲੇ, ਪਰਉਪਕਾਰੀ ਲੋਕ ਦਾਹੜੀ ਕੇਸ ਨਹੀਂ ਕਟਵਾਉਂਦੇ। ਉਹਨਾਂ ਅੰਦਰੋ ਚੰਚਲ ਬਿਰਤੀ ਸ਼ਾਂਤ ਹੋ ਚੁੱਕੀ ਹੁੰਦੀ ਹੈ, ਤੇ ਰੱਬੀ ਰਜ਼ਾ ਵਿੱਚ ਰਹਿੰਦੇ ਹੋਏ ਕੇਸਾਂ ਦੀ ਸੰਭਾਲ ਕਰਦੇ ਹਨ।

ਹੁਣ ਦੁਬਾਰਾ ਸਿੱਖ ਮਤ ਵਿੱਚ ਕੇਸਾਂ ਦੇ ਅਦਬ ਸਤਿਕਾਰ ਵੱਲ ਪਰਤ ਆਉਂਦੇ ਹਾਂ। ਜਦੋਂ ਸਿੱਖ ਖੰਡੇ ਦੀ ਪਾਹੁਲ ਛੱਕਦਾ ਹੈ ਤਾਂ ਪਹਿਲਾ ਪ੍ਰਮੁੱਖ "ਕਕਾਰ ਕੇਸ" ਦੱਸਿਆ ਜਾਂਦਾ ਹੈ, ਭਾਵ ਉਸ ਦਿਨ ਤੋਂ ਬਾਅਦ ਦਾਹੜੀ ਕੇਸਾਂ ਦੀ ਸੰਭਾਲ ਕਰਨੀ ਹੈ। ਜਦੋਂ ਪਾਹੁਲ ਲੈਣ ਵਾਲਿਆਂ ਨੂੰ ਮਰਿਆਦਾ ਦੱਸੀ ਜਾਂਦੀ ਹੈ ਤਾਂ ਤਾੜਨਾ ਕੀਤੀ ਜਾਂਦੀ ਹੈ ਕਿ ਇਹਨਾਂ ਚਾਰ ਵੱਡੀਆਂ ਭੁੱਲਾਂ ਵਿੱਚੋਂ ਕੋਈ ਇੱਕ ਭੁੱਲ ਭੀ ਜੇ ਹੋ ਜਾਵੇ ਤਾਂ ਸਿੱਖੀ ਮੰਡਲ ਵਿੱਚੋਂ ਖਾਰਜ ਮੰਨਿਆ ਜਾਵੇਗਾ। ਉਹ ਹਨ-"ਕੇਸ ਕਟਾਉਣੇ, ਪਰ-ਤਨ ਗਾਮੀ, ਕੁੱਠਾ ਮਾਸ ਤੇ ਤੰਬਾਕੂ ਦੀ ਵਰਤੋਂ।" ਇਥੇ ਭੀ ਪਹਿਲੀ ਥਾਵੇਂ ਵੱਡੀ ਗਲਤੀ (ਬੱਜਰ ਕੁਰਹਿਤ) ਕੇਸਾਂ ਦੀ ਬੇ-ਅਦਬੀ ਕਿਹਾ ਗਿਆ ਹੈ। ਅੱਗੋਂ ਅਰਦਾਸ ਵਿੱਚ ਕੇਸਾਂ ਦਾ ਦੋ ਵਾਰੀ ਜ਼ਿਕਰ ਕਰਨਾ ਇਸ ਗੱਲ ਦਾ ਪੱਕਾ ਸਬੂਤ ਹੈ ਕਿ ਕੇਸ ਬਹੁਤ ਮਹੱਤਵਪੂਰਨ ਹਨ। ".....ਧਰਮ ਨਹੀ ਹਾਰਿਆ, ਸਿੱਖੀ ਕੇਸਾਂ ਸੁਆਸਾਂ ਸੰਗ ਨਿਬਾਹੀ......।" ਅੱਗੇ ਪੜ੍ਹੋ - "ਸਿੱਖਾਂ ਨੂੰ ਸਿੱਖੀ ਦਾਨ ਕੇਸ ਦਾਨ.....।" ਕੀ ਅਜੇ ਭੀ ਕੋਈ ਸ਼ੱਕ ਸੁਭਾ ਬਾਕੀ ਹੈ ?

ਜਦੋਂ ਅਸੀਂ ਸਾਡਾ ਸ਼ਾਨਾ ਮੱਤਾ ਇਤਿਹਾਸ ਪੜ੍ਹਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਸਿੱਖਾਂ ਅੱਗੇ ਸ਼ਰਤ ਹੋਇਆ ਕਰਦੀ ਸੀ, "ਕੇਸ ਕਟਵਾ ਦਿਓ, ਜਾਨ ਬਖ਼ਸ ਦਿੱਤੀ ਜਾਵੇਗੀ।" ਭਾਵੇਂ ਭਾਈ ਤਾਰੂ ਸਿੰਘ ਨੇ ਖੋਪਰੀ ਉਤਰਵਾ ਲਈ, ਭਾਈ ਮਨੀ ਸਿੰਘ ਜੀ ਨੇ ਬੰਦ ਬੰਦ ਕਟਵਾ ਲਏ, ਮਾਵਾਂ ਬੱਚਿਆਂ ਦੇ ਟੁਕੜੇ ਕਰਵਾ ਕੇ ਝੋਲੀਆਂ ਵਿੱਚ ਪਵਾ ਲਏ। ਹੋਰ ਅਸਿਹ ਤੇ ਅਕਿਹ ਤਸੀਹੇ ਦੇ ਕੇ ਜਾਲਮ ਹਕੂਮਤਾਂ ਵੱਲੋਂ ਸਿੱਖਾਂ ਨੂੰ ਮਾਰਿਆ ਗਿਆ। ਪਰ ਸਿੱਖਾਂ ਨੇ ਕੇਸ ਕਟਵਾਕੇ ਜਾਨ ਬਚਾ ਲੈਣੀ ਪ੍ਰਵਾਨ ਨਾ ਕੀਤੀ।

ਆਪਣੀ ਜਾਨ ਤੋਂ ਵੱਧ ਕੇਸ ਪਿਆਰੇ ਸਨ। ਭਾਵੇਂ ਕੇਸ ਕਟਾਉਣ ਤੋਂ ਬਾਅਦ ਫਿਰ ਉੱਗ ਪੈਂਦੇ ਹਨ, ਜਾਨ ਚਲੀ ਜਾਵੇ ਵਾਪਸ ਨਹੀਂ ਆਉਂਦੀ। ਪਰ ਸਿੱਖਾਂ ਇਸ ਤਰ੍ਹਾਂ ਬੇਇਜਤੀ ਵਾਲਾ ਸਮਝੌਤਾ ਕਦੀ ਨਾ ਕੀਤਾ। ਉਹਨਾਂ ਜਾਨ ਤੋਂ ਵੱਧ ਕੇਸਾਂ ਨੂੰ ਸਤਿਕਾਰ ਦਿੱਤਾ।

ਹੋਰ ਮੰਗਾਂ ਮਨਾਉਣ ਦੇ ਨਾਲ ਸਿੱਖਾਂ ਨੇ ਦੁਨੀਆਂ ਦੀਆਂ ਸਰਕਾਰਾਂ ਤੋਂ ਆਪਣੀਆਂ ਧਾਰਮਕ ਮੰਗਾਂ ਭੀ ਮਨਵਾ ਲਈਆਂ ਹਨ। ਅਮ੍ਰੀਕਾ, ਕੈਨੇਡਾ, ਇੰਗਲੈਂਡ ਆਦਿ ਦੇਸ਼ਾਂ ਵਿੱਚ, ਸਰਕਾਰਾਂ ਵੱਲੋਂ ਸਿੱਖਾਂ ਤੇ ਕੋਈ ਪਾਬੰਦੀ ਨਹੀਂ ਹੈ। ਦਾੜ੍ਹੀ ਕੇਸ ਜਿਵੇਂ ਚਾਹੁਣ ਰੱਖ ਸਕਦੇ ਹਨ, ਕਿਰਪਾਨ, ਕੜਾ, ਦਸਤਾਰ ਸਜਾ ਸਕਦੇ ਹਨ। ਪੁਲਿਸ ਅਤੇ ਫੌਜ ਵਿੱਚ ਭੀ ਸਾਬਤ ਸੂਰਤ ਸਿੱਖਾਂ ਨੂੰ ਭਰਤੀ ਹੋਣ ਦੀ ਕਾਨੂੰਨੀ ਪ੍ਰਵਾਨਗੀ ਮਿਲੀ ਹੋਈ ਹੈ। ਬਸ ਕਮਜ਼ੋਰੀ ਹੈ ਤਾਂ ਸਾਡੀ ਆਪਣੀ ਹੈ। ਫੈਕਟਰੀਆਂ ਵਿੱਚ, ਸਕੂਲਾਂ ਕਾਲਜਾਂ ਅੰਦਰ ਤੇ ਆਮ ਜਨ-ਜੀਵਨ ਵਿੱਚ ਸਿੱਖੀ ਚਿੰਨ੍ਹਾਂ ਕਕਾਰਾਂ ਤੇ ਕੋਈ ਪਾਬੰਦੀ ਨਹੀਂ ਹੈ। ਜੇ ਰੋਕ ਹੈ ਤਾਂ ਸਾਡੇ ਆਪਣੇ ਕਮਜ਼ੋਰ ਮਨ ਦੀ, ਇਹਨਾਂ ਸਰਕਾਰਾਂ ਵੱਲੋਂ ਕੋਈ ਰੋਕ ਨਹੀਂ ਹੈ। ਬੀਬੀਆਂ ਨੇ ਜਿਥੇ ਆਪਣੇ ਕੇਸਾਂ ਦੀ ਸੰਭਾਲ ਕਰਨੀ ਹੈ, ਉਥੇ ਨਾਲ ਹੀ ਕੁੱਝ ਸਮਾਂ ਬੱਚਿਆਂ ਦੇ ਕੇਸਾਂ ਦੀ ਸੰਭਾਲ ਵਾਸਤੇ ਭੀ ਕੱਢਣਾ ਹੈ। **"ਆਪੇ ਵੱਡੇ ਹੋ ਕੇ ਕੇਸ ਰੱਖ ਲੈਣਗੇ"** ਆਖਕੇ ਕੰਮ ਨਹੀਂ ਸਰਨਾ। ਜੇ ਪੈਸਾ ਆ ਗਿਆ, ਘਰ ਵਿੱਚ ਸਿੱਖੀ ਨਾ ਰਹੀ, ਖੁਸ਼ੀ ਨਾ ਰਹੀ ਫਿਰ ਪੈਸਾ ਕੀ ਕੰਮ , ਬੱਚਿਆਂ ਨੂੰ ਨੇਕ ਇਨਸਾਨ ਬਣਾਉਣ ਵਾਸਤੇ ਅਤੀ ਜ਼ਰੂਰੀ ਹੈ ਕਿ ਉਹਨਾਂ ਨੂੰ ਗੁਰਬਾਣੀ, ਇਤਿਹਾਸ ਤੇ ਸਿੱਖ ਮਰਿਆਦਾ ਦੀ ਪੂਰੀ ਜਾਣਕਾਰੀ ਦਿੱਤੀ ਜਾਵੇ। ਉਹਨਾਂ ਵਾਸਤੇ ਸਮਾਂ ਕੱਢਿਆ ਜਾਵੇ, ਕੇਸਾਧਾਰੀ ਬਣਨ ਲਈ ਅਗਵਾਈ ਦਿੱਤੀ ਜਾਵੇ। ਆਪਣੇ ਘਰਾਂ/ਗੁਰਦਵਾਰਿਆਂ ਵਿੱਚ ਬੱਚਿਆਂ ਦੀ ਸਮਝ ਅਤੇ ਮਾਨਸਿਕ ਪੱਧਰ ਮੁਤਾਬਕ ਲਿਟਰੇਚਰ ਰੱਖਿਆ ਜਾਵੇ। ਬੱਚਿਆਂ ਨੂੰ ਗੁਰਬਾਣੀ ਅਤੇ ਪੰਜਾਬੀ ਪੜ੍ਹਾਉਣ ਵਾਸਤੇ ਉੱਚ ਵਿਦਿਅਕ ਯੋਗਤਾ ਵਾਲੇ ਅਧਿਆਪਕ ਨਿਯੁਕਤ ਕੀਤੇ ਜਾਣ। ਘਰਾਂ ਦੇ ਮਾਹੌਲ ਨੂੰ ਗੁਰਮਤਿ ਵਾਲਾ ਬਣਾਇਆ ਜਾਵੇ। ਗੁਰਦਵਾਰਿਆਂ ਦੀਆਂ ਆਲੀਸ਼ਾਨ ਇਮਾਰਤਾਂ ਬਣਾਉਣ ਤੇ ਪੈਸਾ ਨਾ ਖਰਚਿਆ ਜਾਵੇ ਸਗੋਂ ਬੱਚਿਆਂ ਤੱਕ ਸਿੱਖੀ ਦਾ ਸੰਚਾਰ ਕਰਨ ਦੇ ਵੱਡੇ ਉਪਰਾਲੇ ਕੀਤੇ ਜਾਣ। ਵਰਨਾ ਆਉਣ ਵਾਲੇ ਵੀਹ ਤੀਹ ਸਾਲਾਂ ਤੱਕ ਗੁਰਦਵਾਰੇ ਖਾਲੀ ਹੋਇਆ ਕਰਨਗੇ। ਗੁਰਦਵਾਰਿਆਂ ਦੇ ਨਾਲ ਬੱਚਿਆਂ, ਨੌਜਵਾਨਾਂ, ਲੜਕੀਆਂ ਦੀ ਦਿਲਚਸਪੀ ਅਤੇ ਉਮਰ ਮੁਤਾਬਕ ਆਧੁਨਿਕ ਜ਼ਮਾਨੇ ਵਾਲੇ ਕਾਰਜ ਉਲੀਕੇ ਜਾਣ। ਸ਼ਰਧਾ ਸਤਿਕਾਰ ਸਹਿਤ ਗੁਰੂ ਘਰ ਦਿੱਤਾ ਗਿਆ ਧਨ, ਕੌਮੀ ਉਸਾਰੀ ਲਈ ਸਿਆਣਪ ਅਤੇ ਦੂਰਅੰਦੇਸ਼ੀ ਨਾਲ ਵਰਤਿਆ ਜਾਵੇ। ਇਸੇ ਵਿੱਚ ਪੰਥ ਦੀ ਚੜ੍ਹਦੀ ਕਲਾ ਹੋਵੇਗੀ, ਅਤੇ ਗੁਰੂ ਕੀਆਂ ਖੁਸ਼ੀਆਂ ਦੇ ਪਾਤਰ ਬਣ ਸਕਾਂਗੇ। ਇਸ ਸਰਦਾਰੀ ਚਿੰਨ੍ਹ

ਕੇਸਾਂ ਬਾਰੇ ਪੁਰਾਤਨ ਵਿਦਵਾਨਾਂ ਦੇ ਵਿਚਾਰ ਪੜ੍ਹੋ –

**ਇਨਹੀ ਸੇ ਪੰਡਿਤ ਉਪਜਾਊਂ॥ ਕਥਾ ਕਰਨ ਕੀ ਰੀਤ ਸਿਖਾਊਂ॥**
**ਇਨਹੀ ਸੇ ਰਾਜੇ ਉਪਜਾਊਂ॥ ਰਾਜ ਕਰਨ ਕੀ ਕਲਾ ਸਿਖਾਊਂ॥**
**ਇਨਹੀ ਕੋ "ਸਿਰਦਾਰ" ਬਨਾਉਂ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ॥**

(ਗਿ: ਗਿਆਨ ਸਿੰਘ)

**ਯਿਹ ਵੋਹ ਜਾ ਹੈ ਜਹਾਂ ਚਾਲੀਸ ਤਨ ਸ਼ਹੀਦ ਹੂਏ।**
**ਖਿਤਾਬੇ ਸਰਵਰੀ ਸਿੰਘੋਂ ਨੇ ਸਰ ਕਟਾ ਕੇ ਲੀਏ।**
**ਦਿਲਾਈ ਪੰਥ ਕੋ ਸਰਬਾਜੀਓਂ ਸੇ "ਸਿਰਦਾਰੀ",**
ਬਰਾਇ ਕੌਮ ਯਿਹ ਰੁਤਬੇ ਲਹੂ ਬਹਾਕੇ ਲੀਏ। (ਕਵੀ ਅੱਲਾ ਯਾਰਖਾਂ ਯੋਗੀ)

ਰਹਿਤ ਬਾਰੇ ਗੁਰਬਾਣੀ ਉਪਦੇਸ –

**ਗਿਆਨੁ ਧਿਆਨੁ ਸਭੁ ਗੁਰ ਤੇ ਹੋਈ॥ ਸਾਚੀ ਰਹਤ ਸਾਚਾ ਮਨਿ ਸੋਈ॥**
**ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥ ਨਾਵਹੁ ਭੂਲੇ ਥਾਉ ਨ ਕੋਈ॥** (831)

# ਟੁਕੜਿਆਂ ਵਿੱਚ ਵੰਡਿਆ "ਪੰਥ"

ਸਤਿਗੁਰੂ ਨਾਨਕ ਸਾਹਿਬ ਜੀ ਲੰਮੇ ਧਰਮ ਪ੍ਰਚਾਰ ਦੌਰਿਆਂ ਤੇ ਗਏ, ਜੱਗ ਜਾਹਰ ਹੈ। ਇਲਾਕੇ ਦੀ ਲੋੜ ਨੂੰ ਮੁੱਖ ਰੱਖਕੇ, ਸੰਗਤ ਵਿੱਚੋਂ ਕੋਈ, ਚੋਣਵਾਂ ਸੂਝਵਾਨ ਵਿਅਕਤੀ ਲੈ ਕੇ, "ਧਰਮਸਾਲ" ਅਸਥਾਪਨ ਕਰਨ ਲਈ ਆਖਦੇ ਤੇ ਮੁਖੀ ਸਿੱਖ ਨੂੰ ਧਾਰਮਕ ਜ਼ਿੰਮੇਵਾਰੀਆਂ, ਅਤੇ ਸਮਾਜ ਸੁਧਾਰ ਦੇ ਕੰਮ ਸੰਭਾਲ ਕੇ, ਅੱਗੇ ਚਲੇ ਜਾਂਦੇ। ਉਹਨਾਂ ਥਾਪੇ ਗਏ ਵਿਅਕਤੀਆਂ ਦੀ ਕੋਈ ਪੱਕੀ ਸੂਚੀ ਪ੍ਰਾਪਤ ਨਹੀਂ ਹੈ। ਪਰ ਗੁਰੂ ਨਾਨਕ ਸਾਹਿਬ ਜੀ ਦੀ ਚੋਣ ਵਿਧੀ ਤੋਂ ਇਹ ਗੱਲ ਭਲੀ ਭਾਂਤ ਸਮਝ ਆਉਂਦੀ ਹੈ, ਕਿ ਥਾਪੇ ਗਏ ਮੋਹਰੀ ਸਿੱਖ, ਵਕਤੀ ਮੁਖੀ ਹੁੰਦੇ ਸਨ, ਖਾਨਦਾਨੀ ਨਹੀਂ। ਕਿਉਂਕਿ ਗੁਰੂ ਸਾਹਿਬਾਨ ਜੀ ਨੇ ਖੁਦ ਭੀ, ਗੁਰਗੱਦੀ ਦੀ ਸੇਵਾ ਦੇਣ ਲੱਗਿਆ, ਗੁਣਾਂ ਨੂੰ ਪ੍ਰਮੁੱਖਤਾ ਦਿੱਤੀ ਹੈ, ਨਾ ਕਿ ਸੰਸਾਰਿਕ ਰਿਸ਼ਤੇ ਨੂੰ। ਸਮੇਂ ਸਮੇਂ ਲੋੜ ਅਨੁਸਾਰ, ਸਤਿਗੁਰੂ ਜੀ ਇਸ ਪ੍ਰਬੰਧ ਵਿੱਚ ਸੁਧਾਰ ਭੀ ਕਰਦੇ ਰਹਿੰਦੇ ਸਨ। ਗੁਰੂ ਨਾਨਕ ਸਾਹਿਬ ਜੀ ਵੱਲੋਂ ਥਾਪੇ ਧਰਮਸਾਲੀਏ, ਪ੍ਰਬੰਧ ਨੂੰ ਹੋਰ ਚੰਗੇਰਾ ਬਣਾਉਣ ਵਾਸਤੇ, ਤੀਸਰੇ ਨਾਨਕ ਜੀ ਨੇ ਬਾਈ ਮੰਜੀਆਂ (ਪ੍ਰਚਾਰ ਕੇਂਦਰ) ਤੇ ਬਵੰਜਾ ਪੀਹੜੇ (ਉਪ ਪ੍ਰਚਾਰ ਕੇਂਦਰ) ਦੇਸ਼ ਤੇ ਬਦੇਸ਼ ਵਿੱਚ ਸਥਾਪਤ ਕੀਤੇ। ਚੌਥੇ ਨਾਨਕ ਸਾਹਿਬ ਜੀ ਨੇ ਹੋਰ ਸੁਧਾਰ ਕਰਦਿਆਂ ਇਹਨਾਂ ਨੂੰ ਮਸੰਦ ਨਾਮ ਦਿੱਤਾ, ਤੇ ਧਰਮ ਕਾਰਜਾਂ ਲਈ ਆ ਰਹੀ ਮਾਇਆ, ਅੰਨ ਦਾਣੇ ਦਾ ਪੂਰਾ ਲਿਖਤੀ ਹਿਸਾਬ ਰੱਖਣ ਲਈ ਆਗਿਆ ਕੀਤੀ। ਇਹ ਪ੍ਰਬੰਧ ਬਹੁਤ ਲੰਮੇ ਸਮੇਂ ਤੱਕ ਚਲਦਾ ਰਿਹਾ। ਪਰ ਸਮਾਂ ਬੀਤਣ ਨਾਲ, ਇਸ ਵਿੱਚ ਵਿਗਾੜ ਪੈਦਾ ਹੁੰਦੇ ਗਏ। ਦਸਵੇਂ ਨਾਨਕ ਤੱਕ ਪੁੱਜਦਿਆਂ ਇਹਨਾਂ ਦੀਆਂ ਮੰਦ ਕਰਤੂਤਾਂ ਦੀ ਸਾਰੇ ਪਾਸੇ ਚਰਚਾ ਹੋਣ ਲੱਗੀ। ਸਤਿਗੁਰੂ ਜੀ ਨੇ ਇਹਨਾਂ ਮਸੰਦਾਂ ਬਾਰੇ ਆਪਣੇ ਵਿਸ਼ਵਾਸ਼ ਯੋਗ ਸਿੱਖਾਂ ਰਾਹੀਂ, ਹਰ ਤਰ੍ਹਾਂ ਦੀ ਪੜਤਾਲ ਕਰਵਾਈ। ਜਿਸ ਵਿੱਚ ਸੱਚਮੁੱਚ ਹੀ ਇਹ ਤਬਕਾ ਵੱਡਾ ਦੋਸ਼ੀ ਪਾਇਆ ਗਿਆ। ਜਦੋਂ ਸਤਿਗੁਰੂ ਜੀ ਨੇ ਇਹਨਾਂ ਨੂੰ ਸੁਧਰਨ ਲਈ ਚਿਤਾਵਨੀ ਦਿੱਤੀ ਤਾਂ, ਇਹ ਲੋਕ ਖਿਮਾ ਮੰਗ ਕੇ ਨੇਕ ਰਾਹ ਤੇ ਚੱਲਣ ਦੀ ਥਾਵੇਂ, ਗੁਰੂ ਨਾਨਕ ਸਾਹਿਬ ਦੀ ਗੱਦੀ ਨੂੰ ਹੀ ਵੰਗਾਰਨ ਲੱਗ ਪਏ। ਇਹਨਾਂ ਦਾ ਹੰਕਾਰ ਤੇ ਮਨਮੁੱਖਤਾ, ਸਿਰ ਚੜ੍ਹ ਬੋਲ ਪਈ। ਆਖਣ ਲੱਗੇ– "ਸਤਿਗੁਰੂ ਜੀ! ਸਿੱਖੀ ਦਾ ਪ੍ਰਚਾਰ ਅਸੀਂ ਕਰਦੇ ਹਾਂ, ਤੁਹਾਡੀ ਤਾਕਤ ਵਧਾਉਣ ਲਈ ਨਵੀਂ ਸੰਗਤ ਜੋੜਦੇ ਹਾਂ। ਅਨੇਕ ਮੁਸਕਲਾਂ ਝੱਲਕੇ, ਦਸਵੰਧ ਦੀ ਮਾਇਆ ਤੁਹਾਡੇ ਤੱਕ ਪੁੱਜਦੀ ਕਰਦੇ ਹਾਂ। ਆਹ ਰੌਣਕਾਂ, ਲੰਗਰ ਦੀ ਸੋਭਾ, ਹਥਿਆਰ,ਘੋੜੇ,ਹਾਥੀ, ਸਭ ਅਸੀਂ ਹੀ ਤਾਂ ਭਿਜਵਾ ਰਹੇ ਹਾਂ। ਦੂਜੇ

ਸਪੱਸ਼ਟ ਸ਼ਬਦਾਂ ਵਿੱਚ ਸੁਣ ਲਓ! ਤੁਸੀਂ ਗੁਰੂ ਉਤਨੀ ਦੇਰ ਹੋ, ਜਦੋਂ ਤੱਕ ਅਸੀਂ ਤੁਹਾਡੇ ਨਾਲ ਹਾਂ। ਅਸੀਂ ਕਿਸੇ ਹੋਰ ਨੂੰ ਭੀ ਗੁਰੂ ਬਣਾ ਸਕਦੇ ਹਾਂ......।" ਸਤਿਗੁਰੂ ਜੀ ਨੇ ਡੂੰਘੀ ਸੋਚ ਵਿਚਾਰ ਤੋਂ ਬਾਅਦ, ਸਾਰਾ ਮਸੰਦ ਪ੍ਰਬੰਧਕੀ ਢਾਂਚਾ, ਰੱਦ ਕਰ ਦਿੱਤਾ। ਇਹਨਾਂ ਦੇ ਸਾਰੇ ਅਧਿਕਾਰ ਵਾਪਸ ਲੈ ਲਏ। ਸਿੱਖਾਂ ਨੂੰ ਸਿੱਧਾ ਗੁਰੂ ਨਾਲ ਸਬੰਧ ਰੱਖਣ ਦਾ ਮਾਣ ਦੇ ਦਿੱਤਾ। "ਗੁਰੂ ਕੇ ਖਾਲਸੇ" ਬਣਾ ਦਿੱਤਾ ਗਿਆ, ਸਾਰੇ ਵਿਚੋਲੇ ਖ਼ਤਮ ਕਰ ਦਿੱਤੇ ਗਏ।

**ਦਸਮ ਪਾਤਿਸ਼ਾਹ ਜੀ ਤੋਂ ਬਾਅਦ ਸਿੰਘਾਂ ਤੇ ਅਤਿਅੰਤ ਸਖ਼ਤੀ ਦਾ ਸਮਾਂ ਆ ਗਿਆ। ਉਜਾੜੇ ਸ਼ਹੀਦੀਆਂ, ਘੱਲੂਘਾਰੇ ਵਾਪਰਦੇ ਰਹੇ। ਬਚੇ ਹੋਏ ਸਿੱਖ, ਜੰਗਲੀ ਵਾਸ ਕਰਨ ਲਈ ਮਜ਼ਬੂਰ ਹੋ ਗਏ। ਇਸ ਬਿਖੜੇ ਦੌਰ ਵਿੱਚ ਫਿਰ "ਸੰਤ ਮਹੰਤ ਲਾਣਾ" ਗੁਰਦਵਾਰਿਆਂ ਤੇ ਕਾਬਜ ਹੋ ਗਿਆ। ਹਰ ਤਰ੍ਹਾਂ ਦੀਆਂ ਬ੍ਰਾਹਮਣੀ ਰੀਤਾਂ, ਗੁਰਦਵਾਰਿਆਂ ਵਿੱਚ ਪ੍ਰਚਲਤ ਕਰ ਦਿੱਤੀਆਂ ਗਈਆਂ। ਰਣਜੀਤ ਸਿੰਘ ਦੇ ਰਾਜ ਵਿੱਚ, ਸਾਰੇ ਸਿੱਖ ਸਰਦਾਰ, ਬ੍ਰਾਹਮਣ ਨੂੰ (ਪਰਤੱਖ ਜਾਂ ਪ੍ਰੋਖ) ਅਪਣਾ ਗੁਰੂ ਸਵੀਕਾਰ ਕਰ ਚੁੱਕੇ ਸਨ। ਖੁਦ ਰਣਜੀਤ ਸਿੰਘ (ਮਹਾਰਾਜਾ) ਅਪਣੀ ਅਕਲ ਤੇ ਸਿੱਖ ਰਾਜ ਦੀ ਅਸੀਮ ਤਾਕਤ ਬ੍ਰਾਹਮਣਾਂ ਦੇ ਪੇਟੇ ਪਾ ਚੁੱਕਿਆ ਸੀ। ਬਹੁਤ ਹੀ ਖਤਰਨਾਕ, ਸਿੱਖੀ ਦੀਆਂ ਜੜ੍ਹਾਂ ਵੱਢਣ ਵਾਲੀਆਂ ਰੀਤਾਂ ਰਸਮਾਂ, ਇਸੇ ਸਮੇਂ ਸ਼ੁਰੂ ਹੋਈਆਂ ਹਨ।** ਭਾਵੇਂ ਕਿ ਲੰਮੀ ਸੋਚ ਮੁਤਾਬਕ ਬ੍ਰਾਹਮਣ ਨੇ ਕਿਤਾਬਾਂ ਪਹਿਲਾਂ ਹੀ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ, ਪਰ ਅਮਲੀਜਾਮਾ ਰਣਜੀਤ ਸਿੰਘ ਦੇ ਰਾਜ ਵਕਤ ਤੇ ਮਗਰੋਂ ਹੀ ਪੁਆਇਆ ਜਾਂਦਾ ਰਿਹਾ ਹੈ। ਇਹਨਾਂ ਖਾਨਦਾਨੀ ਮਸੰਦਾਂ ਨੂੰ, ਗੁਰਦਵਾਰਿਆਂ ਵਿੱਚੋਂ ਬੇਦਖਲ ਵਰਨ ਵਾਸਤੇ, ਸਿੰਘਾਂ ਨੂੰ ਬਹੁਤ ਲੰਮੀ ਲੜਾਈ ਲੜਨੀ ਪਈ। ਭਿਆਨਕ ਟਕਰਾਉ ਤੋਂ ਬਾਅਦ ਭਾਵੇਂ "ਸਾਹਮਣੇ ਮੱਥੇ" ਸਿੱਖ ਜਿੱਤ ਗਏ, ਪਰ ਇਹ ਅਧੂਰਾ ਸੱਚ ਹੈ। ਸੰਨ 1925 ਦਾ ਗੁਰਦਵਾਰਾ ਐਕਟ ਪ੍ਰਬੰਧ ਸਿੱਖਾਂ ਦੇ ਹਵਾਲੇ ਕਰਦਾ ਹੈ। ਪਰ ਸਾਰੇ ਸਿੱਖ ਪੰਥ ਦੇ ਮਨ ਮਸਤਕ ਅੰਦਰ ਜੋ ਬ੍ਰਾਹਮਣੀ ਰੀਤਾਂ ਰਸਮਾਂ ਡੂੰਘੀਆਂ ਧਸ ਚੁੱਕੀਆਂ ਸਨ, ਉਹ ਤਾਂ ਐਕਟ ਬਣਨ ਨਾਲ ਨਹੀਂ ਨਿਕਲਣ ਲੱਗੀਆਂ ਸਾਰੀ ਸਿੱਖ ਕੌਮ ਗੁਰਬਾਣੀ ਨੂੰ ਭੁਲਾ ਚੁੱਕੀ ਸੀ। ਸਤਿਗੁਰੂ ਜੀ ਦੇ ਉਪਦੇਸ਼ ਨੂੰ ਵਿਸਾਰ ਚੁੱਕੀ ਸੀ। ਸ਼ਬਦ ਤੋਂ ਅਗਵਾਈ ਪ੍ਰਾਪਤ ਕਰਨ ਦੀ ਥਾਵੇਂ, ਸਾਧਾਂ, ਬ੍ਰਾਹਮਣਾਂ, ਜੋਗੀਆਂ, ਸੰਨਿਆਸੀਆਂ, ਪੀਰਾਂ ਫਕੀਰਾਂ ਦੇ ਪੈਰਾਂ ਤੇ ਡਿੱਗ ਚੁੱਕੀ ਸੀ। ਮਾਨੋ ਸਮੁੱਚੀ ਸਿੱਖ ਵਸੋਂ ਬ੍ਰਾਹਮਣੀ ਖਾਰੇ ਸਾਗਰ ਵਿੱਚ ਠੇਲ ਦਿੱਤੀ ਗਈ ਸੀ। ਦੇਹਧਾਰੀ ਗੁਰੂਆਂ ਦੀਆਂ ਧਾੜਾਂ ਪੈਦਾ ਹੋ ਚੁੱਕੀਆਂ ਸਨ। ਗੁਰਦਵਾਰੇ ਤਾਂ ਭਾਵੇਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿੱਚ ਆ ਚੁੱਕੇ ਸਨ, ਪਰ ਸਾਧਾਂ ਸੰਤਾਂ ਪ੍ਰਤੀ ਅੰਨ੍ਹੀ ਸ਼ਰਧਾ ਤਾਂ ਲੋਕ ਮਨਾਂ ਵਿੱਚੋਂ ਖਤਮ ਨਹੀਂ ਸੀ ਹੋਈ। ਇਸ ਕਮਜ਼ੋਰੀ

ਨੂੰ ਭਾਂਪਦਿਆਂ, ਸਾਧਾਂ ਸੰਤਾਂ ਨੇ ਆਪਣੀ ਨਿੱਜੀ ਮਾਲਕੀ ਵਾਲੇ ਡੇਰੇ, ਟਕਸਾਲਾਂ, ਠਾਠ, ਧਾਮ, ਟਿਕਾਣੇ ਅਧਿਕ ਬਣਾਉਣੇ ਸ਼ੁਰੂ ਕਰ ਦਿੱਤੇ, ਜਿਹੜੇ ਅੱਜ ਤੱਕ ਨਿਰੰਤਰ ਵਧਦੇ ਚਲੇ ਆ ਰਹੇ ਹਨ।

ਸਤਿਗੁਰੂ ਸਹਿਬਾਨ ਜਾਂ ਪ੍ਰਮੁੱਖ ਸਿੱਖਾਂ ਨਾਲ ਸਬੰਧਤ ਇਤਿਹਾਸਕ ਗੁਰਦਵਾਰੇ ਤਾਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕੋਲ ਚਲੇ ਗਏ। ਅਣਗਿਣਤ ਡੇਰੇਦਾਰਾਂ ਨੂੰ ਭਵਿੱਖ ਦੀ ਚਿੰਤਾ ਵੱਢ ਵੱਢ ਖਾਣ ਲੱਗੀ। ਅਜਿਹੇ ਚਾਲਬਾਜ਼ ਲੋਕਾਂ ਨੇ, ਅੱਗੋਂ ਵਾਸਤੇ ਜ਼ਮੀਨ ਮਕਾਨ ਸਾਂਝੇ ਸੰਗਤ ਦੇ, ਨਾ ਰਹਿਣ ਦੇਣ ਦਾ ਇਰਾਦਾ ਧਾਰ ਲਿਆ। ਲਿਖਤੀ ਰਿਕਾਰਡ ਵਿੱਚੋਂ ਇਹਨਾਂ ਦਾ ਨਾਮ ਬਦਲ ਦਿੱਤਾ ਗਿਆ। ਡੇਰਾ, ਠਾਠ, ਟਕਸਾਲ, ਧਾਮ ਜਾਂ ਅਜਿਹਾ ਹੀ ਕੁਝ ਹੋਰ ਨਾਮ ਰੱਖ ਲਿਆ। ਕੁੱਝ ਇੱਕ ਨੇ ਸਾਹਮਣੇ ਮਹੱਤਵ ਪੂਰਨ ਸਥਾਨ ਤੋਂ, ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਚੁੱਕ ਦਿੱਤਾ, ਪਿਛਲੇ ਕਮਰੇ ਜਾਂ ਭੋਰੇ ਆਦਿ ਵਿੱਚ ਲੁਕਾ ਦਿੱਤਾ ਗਿਆ। ਕਈ ਡੇਰੇਦਾਰਾਂ ਨੇ ਸਿੱਖੀ ਸਰੂਪ ਪਹਿਲਾਂ ਹੀ ਤਿਆਗਿਆ ਹੋਇਆ ਸੀ। ਕਈਆ ਨੇ ਬਾਅਦ ਵਿੱਚ ਤਿਆਗ ਦਿੱਤਾ। ਮਰਿਆਦਾ ਵਿੱਚ ਇੱਕਸਾਰਤਾ ਤਾਂ ਪਹਿਲਾਂ ਹੀ ਨਹੀਂ ਸੀ। ਪੰਥ ਵੱਲੋਂ ਤਿਆਰ ਕੀਤੀ, ਮਰਿਆਦਾ ਮੰਨਣ ਤੋਂ ਭੀ ਇਹ ਲੋਕ ਨਾਬਰ ਹੋ ਗਏ। ਆਪਣੀ ਦੁਕਾਨਦਾਰੀ (ਡੇਰੇ) ਨੂੰ ਪੱਕੇ ਪੈਰੀਂ ਕਰਨ ਵਾਸਤੇ, ਅਜਿਹੀ ਸੋਚ ਵਾਲੇ ਲੋਕਾਂ ਨੇ, ਕੁਝ ਇਤਿਹਾਸਕ ਤੌਰ ਤੇ ਨਾਮਣੇ ਵਾਲੇ ਗੁਰਸਿੱਖਾਂ ਦਾ ਨਾਮ ਭੀ ਅਪਣੀ ਜਥੇਬੰਦੀ ਲਈ ਵਰਤਣਾ ਜ਼ਰੂਰੀ ਸਮਝਿਆ। ਇਹਨਾਂ ਵਿੱਚੋਂ ਕੁਝ ਕੁ ਨਾਮ ਇਹ ਹਨ- ਭਾਈ ਬਿਧੀ ਚੰਦ ਦਾ ਨਾਮ-ਇੱਕ ਨਿਹੰਗ ਜਥੇਬੰਦੀ, ਪਿੰਡ ਸੁਰ ਸਿੰਘ, ਜ਼ਿਲ੍ਹਾ ਅੰਮ੍ਰਿਤਸਰ। ਭਾਈ ਘਨੱਈਆ ਜੀ ਦਾ ਨਾਮ-ਸੇਵਾ ਪੰਥੀ ਜਥੇਬੰਦੀ, ਜਿਨ੍ਹਾਂ ਦੀ ਪ੍ਰਮੁੱਖ ਬ੍ਰਾਂਚ ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ ਵਿਖੇ ਹੈ। ਦਮਦਮੀ ਟਕਸਾਲ ਵਾਲੇ-ਪਹਿਲਾਂ (1970 ਤੱਕ) ਇਹ ਲੋਕ ਆਪਣੀ ਜਥੇਬੰਦੀ ਭਾਈ ਮਨੀ ਸਿੰਘ ਜੀ ਤੋਂ ਚੱਲੀ ਲਿਖਦੇ ਪ੍ਰਚਾਰਦੇ ਰਹੇ। ਸੰਨ ਸੱਤਰ ਤੋਂ ਬਾਅਦ ਬਾਬਾ ਦੀਪ ਸਿੰਘ ਨੂੰ ਅਪਣਾ ਮੁਖੀ ਗਰਦਾਨਣ ਲੱਗ ਪਏ। ਇੱਕ ਹੋਰ ਜਥੇਬੰਦੀ (ਡੇਰਾ) "ਨਾਨਕਸਰੀਏ" ਹੋਣ ਦਾ ਦਮ ਭਰਨ ਲੱਗੇ। ਫਿਰ ਤਾਂ ਇੱਕ ਬਿਮਾਰੀ ਇੱਕ ਵਬਾ ਬਣ ਕੇ ਉਭਰੀ, ਜੋ ਵਧਦੀ ਹੀ ਚਲੀ ਗਈ। ਸੋਢੀ ਤੇ ਬੇਦੀ ਉੱਠ ਖਲੋਤੇ-ਅਖੇ ਅਸੀਂ ਸਤਿਗੁਰੂ ਜੀ ਦੇ ਖਾਨਦਾਨ ਵਿੱਚੋਂ ਹਾਂ, ਸਾਡਾ ਇਸੇ ਕਾਰਣ ਵਿਸ਼ੇਸ਼ ਸਨਮਾਨ ਹੋਣਾ ਚਾਹੀਦਾ ਹੈ। ਕੀ ਇਹ ਨਹੀਂ ਜਾਣਦੇ ਪਈ ਪਿਰਥੀ ਚੰਦ, ਧੀਰਮਲ, ਰਾਮ ਰਾਏ, ਸਿਰੀ ਚੰਦ ਆਦਿਕ ਸਾਰੇ ਹੀ ਸੋਢੀ ਬੇਦੀ ਸਨ। ਪਰ ਸਤਿਗੁਰੂ ਜੀ ਨੇ ਖ਼ੂਨ ਦੇ ਰਿਸ਼ਤੇ ਨੂੰ ਕੋਈ ਮਹੱਤਵ ਨਹੀਂ ਦਿੱਤਾ, ਗੁਣਾਂ ਨੂੰ ਪ੍ਰਮੁੱਖਤਾ ਦਿੱਤੀ ਹੈ। ਇਸ ਤੋਂ ਮਗਰੋਂ ਤਾਂ ਮਾਨੋ ਇਹ ਮੁਕਾਬਲਾ ਹੀ ਚਲ ਪਿਆ। ਸਾਰੇ ਭਗਤਾਂ ਦੇ ਨਾਮ ਤੇ ਆਪੋ

ਆਪਣੇ, ਅਲੱਗ ਗੁਰਦਵਾਰੇ ਉੱਸਰ ਗਏ। ਭਾਈ ਮਰਦਾਨਾ ਜੀ ਦੇ ਖਾਨਦਾਨ ਦਾ ਹੋਕਾ ਦੇ ਰਿਹਾ ਲਾਣਾ, ਦਾਹੜੀ ਕੇਸ ਕਟਵਾ ਕੇ, ਤੰਬਾਕੂ ਦੀ ਵਰਤੋਂ ਕਰਕੇ, ਇਸਲਾਮ ਧਰਮ ਦੇ ਅਸੂਲਾਂ ਨੂੰ ਦਿਲੋਂ ਮਨੋ ਸਵੀਕਾਰਦਿਆਂ, ਅਜੇ ਭੀ ਗੁਰੂ ਨਾਨਕ ਸਾਹਿਬ ਜੀ ਦੇ ਖਾਸ ਨਿਕਟਵਰਤੀ ਸਿੱਖ ਹੋਣ ਦਾ ਐਲਾਨ ਕਰਦਾ ਆ ਰਿਹਾ ਹੈ। ਸਾਈਂ ਮੀਆਂ ਮੀਰ ਦੇ ਖਾਨਦਾਨ ਨਾਲ ਸਬੰਧਤ, ਲੋਕ ਭੀ ਸਿੱਖਾਂ ਤੋਂ ਵਿਸ਼ੇਸ਼ ਸਨਮਾਨ ਪ੍ਰਾਪਤ ਕਰਨ ਵਾਸਤੇ ਤਰਲੋ ਮੱਛੀ ਹੋਏ ਫਿਰਦੇ ਹਨ। ਚੰਨ ਪੀਰ ਕਾਦਰੀ ਇੱਕ ਮਾਲਾ ਵਿਖਾਕੇ, ਪ੍ਰਚਾਰਿਆ ਜਾ ਰਿਹਾ ਹੈ ਕਿ ਇਹ "ਸੁਗਾਤ" ਸਾਈਂ ਮੀਆਂ ਮੀਰ ਜੀ ਨੂੰ, ਖੁਦ ਪੰਜਵੇਂ ਨਾਨਕ ਜੀ ਨੇ ਬਖਸ਼ਿਸ਼ ਕੀਤੀ ਸੀ। ਲੱਗਦੇ ਹੱਥ ਇੱਕ ਕੀਮਤੀ ਹਾਰ, ਮਾਤਾ ਗੰਗਾ ਜੀ ਨੇ ਭੀ ਪੀਰ ਜੀ ਨੂੰ ਨਜ਼ਰ" ਕੀਤਾ ਸੀ। ਗੁਰਬਾਣੀ ਵਿੱਚ ਮਾਲਾ ਦਾ ਸਖ਼ਤ ਨਿਖੇਧ ਹੈ, ਮਾਤਾਵਾਂ ਸਾਦਾ ਜੀਵਨ ਬਤੀਤ ਕਰਦੀਆਂ ਸਨ। ਪਰ ਇਹ ਸਾਰਾ ਕੁਝ "ਇਤਿਹਾਸਕ" ਬਣਾ ਦਿੱਤਾ ਗਿਆ ਹੈ।

ਫਿਰ ਰਾਏ ਕੱਲੇ ਦਾ ਖਾਨਦਾਨ ਕਿਉਂ ਕਿਸੇ ਤੋਂ ਪਿੱਛੇ ਰਹੇ ? ਘੜੀ ਗਈ ਕਹਾਣੀ ਬੜੀ ਨਾਯਾਬ ਚੀਜ਼ ਹੈ; ਅਖੇ ਦਸਵੇਂ ਨਾਨਕ ਨੇ ਰਾਏਕੋਟ ਦੇ ਜੰਗਲ ਵਿੱਚ, ਮੱਝਾਂ ਚਾਰਨ ਵਾਲੇ ਪਾਲੀ ਤੋਂ, ਪੀਣ ਲਈ ਦੁੱਧ ਮੰਗਿਆ। ਉਸਨੇ ਮਜਾਕ ਕਰਦਿਆਂ, ਆਖਿਆ-"ਮਹਾਰਾਜ! ਤੁਸੀਂ ਤਾਂ ਵੈਸੇ ਜਾਣੀ ਜਾਣ ਹੋ, ਪਰ ਇਹਨਾਂ ਮੱਝਾਂ ਵਿੱਚ ਇੱਕੋ ਇੱਕ ਝੋਟੀ (ਅਉਸਰ-ਫੰਡਰ) ਹੈ। ਬੜੀ ਖੱਟਰ ਹੈ ਨੇੜੇ ਨਹੀਂ ਕਿਸੇ ਨੂੰ ਫਟਕਣ ਦਿੰਦੀ। ਚੋ ਸਕਦੇ ਹੋ ਤਾਂ ਦੁੱਧ ਚੋ ਲਓ।" ਇਹ ਝੋਟੀ ਅੱਜ ਤੱਕ ਗਰਭਵਤੀ ਨਹੀਂ ਹੋਈ ਸੀ। ਕਿਸੇ ਬੱਚੇ ਨੂੰ ਜਨਮ ਦੇਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਸਤਿਗੁਰੂ ਜੀ ਨੇ "ਸੈਂਕੜੇ ਸੁਰਾਖ਼ਾਂ ਵਾਲਾ ਲੋਟਾ ਲਿਆ, ਫੰਡਰ ਮੱਝ ਨੂੰ ਪਲੋਸ ਕੇ, ਹੇਠਾਂ ਬੈਠ ਗਏ। ਫੰਡਰ ਮੱਝ ਨੇ ਦੁੱਧ ਦੀਆਂ ਲਹਿਰਾਂ ਲਾ ਦਿੱਤੀਆਂ। ਛੇਕਾਂ ਵਾਲਾ ਲੋਟਾ, ਨੱਕਾਨੱਕ ਭਰ ਗਿਆ। ਸਤਿਗੁਰੂ ਜੀ ਨੇ ਖੁਦ ਦੁੱਧ ਪੀਤਾ ਤੇ ਸਾਰਿਆਂ ਨੂੰ ਪ੍ਰਸ਼ਾਦ ਰੂਪ ਪਿਲਾਇਆ। ਛੇਕਾਂ ਵਿੱਚੋਂ ਦੁੱਧ ਡੁਲ੍ਹਿਆ ਹੀ ਨਹੀਂ।" ਇਸ "ਕਰਾਮਾਤੀ ਲੋਟੇ" ਦੀ ਬਦੌਲਤ, ਰਾਏ ਕੱਲੇ ਦੇ ਪੜਪੋਤਰੇ ਨੇ, ਕਰੋੜਾਂ ਰੁਪੈ ਕਮਾ ਲਏ ਹਨ, ਤੇ ਅਜੇ ਭੀ ਇਹ "ਲੋਟਾ-ਲੁੱਟ" ਨਿਰਬਿਘਨ ਜਾਰੀ ਹੈ। ਇਸ ਸ਼ਰਮਨਾਕ ਝੂਠ ਨੂੰ ਵਧਾਉਣ ਫੈਲਾਉਣ ਵਿੱਚ "ਕਹਿੰਦੇ ਕਹਾਉਂਦੇ ਨਾਮੀ ਰਾਗੀ, ਢਾਡੀ ਤੇ ਪ੍ਰਚਾਰਕ ਤਾਂ ਸ਼ਾਮਿਲ ਹੈਨ ਹੀ, ਸਗੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਭੀ, 400 ਸਾਲਾਂ ਗੁਰੂ ਗ੍ਰੰਥ ਸਾਹਿਬ (ਅਸਲ ਵਿੱਚ ਪੋਥੀ) ਦੇ ਪਹਿਲੇ ਪ੍ਰਕਾਸ਼ ਨੂੰ "ਧੂਮ ਧਾਮ ਨਾਲ ਮਨਾਉਂਦਿਆਂ" ਗੁਰਦਵਾਰਿਆਂ ਵਿੱਚ ਸੰਗਤਾਂ ਨੂੰ ਵਿਸ਼ੇਸ਼ ਸ਼ਾਨ ਨਾਲ, "ਲੋਟਾ ਸਾਹਿਬ" ਦੇ "ਦਰਸ਼ਨ ਦੀਦਾਰੇ" ਕਰਵਾ ਰਹੀ ਸੀ।

ਗੁਰੂ ਨਾਨਕ ਸਾਹਿਬ ਜੀ ਨੇ ਟੁਕੜਿਆਂ ਵਿੱਚ ਵੰਡੀ ਮਨੁੱਖਤਾ, ਨਫ਼ਰਤ ਦੀ ਅੱਗ ਵਿੱਚ ਸੜ ਰਹੀ ਲੋਕਾਈ ਨੂੰ, "ੴ" ਦੇ ਲੜ ਲਾ ਕੇ, ਇੱਕੋ ਅਕਾਲ ਪੁਰਖ ਦੇ ਪੈਦਾ ਕੀਤੇ ਹੋਣ ਦਾ ਅਹਿਸਾਸ ਕਰਾਇਆ। ਖੱਤਰੀ ਬ੍ਰਾਹਮਣ ਸੂਦ ਵੈਸ਼ ਦਾ ਭਿੰਨ ਭੇਦ ਮਿਟਾ ਕੇ, ਇਨਸਾਨ ਹੋਣ ਦਾ ਹੋਕਾ ਦਿੱਤਾ। ਨਿੱਕੀਆਂ ਵੱਡੀਆਂ ਜਥੇਬੰਦੀਆਂ ਵਿੱਚ ਵੰਡੇ, ਜੋਗੀ ਬ੍ਰਾਹਮਣ ਈਰਖਾ ਦੀ ਤਪਸ਼ ਵਿੱਚ ਭੀ ਸੜ ਰਹੇ ਸਨ, ਅਤੇ ਸਦੀਆਂ ਤੋਂ ਗੁਲਾਮੀ ਦਾ ਦੁੱਖ ਭੀ ਸਹਿ ਰਹੇ ਸਨ। ਇਹਨਾਂ ਭਵਿੱਖ ਮੁਖੀ ਲਾਸਾਨੀ ਕਾਰਜਾਂ ਨੂੰ, ਗੁਰੂ ਜੀ ਨੇ ਖੁਦ ਸਮਝਿਆ, ਤੇ ਸਭ ਨੂੰ ਸਮਝਾਇਆ। ਹਰ ਪੱਖੋਂ ਟੁੱਟ ਚੁੱਕੇ ਕਮਜ਼ੋਰ ਲੋਕ ਸਤਿਗੁਰੂ ਜੀ ਦੀ ਸ਼ਰਣ ਵਿੱਚ ਇਕੱਠੇ ਹੋਣ ਲੱਗੇ। ਜਿਉਂ ਜਿਉਂ ਸਿਆਣਪ ਵਾਲੀ ਅਗਵਾਈ ਵਿੱਚ ਲੋਕ ਜੁੜਦੇ ਗਏ, ਤਿਵੇਂ ਤਿਵੇਂ ਬਹੁਪੱਖੀ ਫਤਿਹਯਾਬੀ ਵੱਲ ਵਧਦੇ ਗਏ। ਗਿਣਤੀ ਵਿੱਚ ਸਭ ਤੋਂ ਘੱਟ ਹੋਣ ਦੇ ਬਾਵਜੂਦ ਸਿੱਖ ਧਰਮ ਸਭ ਲੋਕਾਂ ਨੂੰ ਮਾਤ ਪਾ ਗਿਆ। ਸਿੱਖੀ ਜੀਵਨ ਇੱਕ ਮਾਡਲ ਰੂਪ ਵਿੱਚ ਸਤਕਾਰਿਆ ਜਾਣ ਲੱਗਿਆ। ਹੋਰ ਅੱਗੇ ਵਧਦਿਆਂ ਹਰ, ਫਿਰਕੇ ਤਬਕੇ ਦੇ ਲੋਕ, ਅਤਿ ਦੀ ਸਖ਼ਤੀ ਦੇ ਬਾਵਜੂਦ, ਆਪਣੇ ਪੁੱਤਰਾਂ ਨੂੰ ਬੇਖੌਫ ਹੋ ਕੇ, ਸਿੰਘ ਸਜਾ ਰਹੇ ਸਨ। ਇਸ ਬਹਾਦਰੀ ਅਤੇ ਨੇਕੀ ਦੀ ਬਦੌਲਤ (ਸਤਿਗੁਰੂ ਜੀ ਦੀ ਦਿੱਤੀ ਸੋਝੀ) ਸਿੱਖ, ਜ਼ਾਲਮ ਹਕੂਮਤ ਦੀਆਂ ਜੜਾਂ ਪੁੱਟਣ ਵਿੱਚ ਕਾਮਯਾਬ ਹੋਏ। ਬਦੇਸ਼ੀ ਲੁਟੇਰਿਆਂ ਨੂੰ ਭੱਜਣ ਵਾਸਤੇ ਮਜ਼ਬੂਰ ਕਰ ਦਿੱਤਾ। ਸ਼ਾਨਾਮੱਤੇ ਸਿੱਖ ਰਾਜ ਦੇ ਝੰਡੇ ਝੁਲਾ ਦਿੱਤੇ, ਡੰਕੇ ਵੱਜ ਗਏ। ਸਿੱਖ ਸਮਾਜ, ਚੋਰਾਂ ਡਾਕੂਆਂ ਲੁਟੇਰਿਆਂ ਦੇ ਬਦਨਾਮ ਗਰੋਹ ਤੋਂ ਬਦਲਕੇ, ਪਰਉਪਕਾਰੀ, ਬਹਾਦਰਾਂ, ਜਾਂਬਾਜ਼ ਰਾਖਿਆਂ ਦੇ ਰੂਪ ਵਿੱਚ ਸਵੀਕਾਰਿਆ ਗਿਆ। ਸੰਸਾਰ ਭਰ ਵਿੱਚ, ਗੁਰੂ ਕਿਰਪਾ ਸਦਕਾ, ਸਿੱਖਾਂ ਦੀ ਕੀਰਤੀ ਫੈਲ ਗਈ। ਸਿੱਖਾਂ ਨਾਲ ਦੋਸਤੀ ਪਾਉਣੀ, ਮਾਣ ਦਾ ਪ੍ਰਤੀਕ ਬਣ ਗਈ।

ਸਮੇਂ ਨੇ ਕਰਵਟ ਬਦਲੀ, ਰਾਜਨੀਤਕ ਆਗੂ ਐਸ਼ਪ੍ਰਸਤ ਹੋ ਗਏ। ਧਾਰਮਕ ਆਗੂ ਭਟਕ ਗਏ, ਧਰਮ ਤੋਂ ਦੂਰ ਹੋ ਗਏ। **ਡੇਰੇਦਾਰੀ ਦਾ ਫਨੀਅਰ ਨਾਗ, ਸਾਰੇ ਸਿੱਖ ਪੰਥ ਨੂੰ ਆਪਣੀ ਜੋਰਦਾਰ ਜਕੜ ਵਿੱਚ ਨਪੀੜਦਾ ਚਲਾ ਗਿਆ। ਜਿਸ ਬੁਜ਼ਦਿਲ ਬਿਰਤੀ ਵਾਲੇ ਸਾਧਾਂ ਸੰਤਾਂ ਨੂੰ, ਸਤਿਗੁਰੂ ਜੀ ਨੇ ਦੁਰਕਾਰਿਆ ਫਿਟਕਾਰਿਆ ਸੀ, ਉਹੀ ਖਾਸੀਅਤਾਂ ਅਤੇ ਖੁਦਗਰਜ਼ੀ ਲੈ ਕੇ, ਭਾਂਤ ਸੁਭਾਂਤੇ ਡੇਰੇਦਾਰ, ਮੁੜ ਤੋਂ ਬਰਸਾਤ ਦੇ ਡੱਡੂਆਂ ਵਾਂਗ "ਟਰੈਂ ਟਰੈਂ" ਕਰਦੇ ਸੁਣਾਈ ਦੇਣ ਲੱਗੇ। ਜਦੋਂ ਇਹਨਾਂ ਵੇਖਿਆ ਕਿ "ਹਿੰਗ ਲੱਗੇ ਨਾ ਫਟਕੜੀ, ਪੂਜਾ ਪੈਸਾ ਵਾਧੂ।" ਤਾਂ ਇਹਨਾਂ ਲੋਕਾਂ ਨੇ ਰੰਗ ਬਰੰਗੇ ਨਾਮ ਰਖਕੇ, ਜੀਵਨ ਵਾਲੇ, ਸਿਰ ਕੱਢਵੇਂ ਗੁਰ ਸਿੱਖਾਂ ਦੇ ਨਾਮ ਦੀ ਵਰਤੋਂ ਕਰਕੇ, ਆਪਣੇ ਡੇਰੇ ਸਥਾਪਤ ਕਰ ਲਏ। ਗੁਰੂ ਸਾਹਿਬ ਜੀ ਨੇ "ਵਣ ਵਣ ਦੀ ਲਕੜੀ" ਨੂੰ ਇੱਕੋ ਪ੍ਰੇਮ ਸੂਤਰ ਵਿੱਚ ਪਰੋਇਆ ਸੀ। ਇਹਨਾਂ ਡੇਰੇਦਾਰਾਂ ਮੁੜ**

**ਸਮੁੱਚੇ ਪੰਥ ਨੂੰ ਖੇਰੂੰ ਖੇਰੂੰ ਕਰ ਦਿੱਤਾ ਹੈ।** ਬਿਨਾਂ ਕਿਸੇ ਇਤਿਹਾਸਕ ਸਬੂਤ ਤੋਂ ਭਾਈ ਮਰਦਾਨਾ ਜੀ ਦੇ ਖਾਨਦਾਨ ਵਾਲੇ, ਮਰਦਾਨਾ ਜੀ ਵਾਲਾ ਰੁਤਬਾ ਪ੍ਰਾਪਤ ਕਰਨ ਲਈ ਕਾਹਲੇ ਹਨ। ਸਾਈਂ ਮੀਆਂ ਮੀਰ ਦਾ ਖਾਨਦਾਨ ਇਹਨਾਂ ਤੋਂ ਅੱਗੇ ਨਿਕਲਣਾ ਚਾਹੁੰਦਾ ਹੈ, ਅਖੇ "ਸਾਡੇ ਕੋਲ ਪੰਜਵੇਂ ਨਾਨਕ ਦੀ ਮਾਲਾ ਜੂ ਹੈ।" ਗੁਰੂ ਨਾਨਕ ਸਾਹਿਬ ਜੀ ਦੀ "ਸਤਾਹਰਵੀਂ ਕੁਲ" ਵਿੱਚੋਂ ਉਨੇ ਵਾਲੇ ਡੇਰੇਦਾਰ, ਸਰਬਜੋਤ ਸਿੰਘ (ਬੇਦੀ) ਆਪਣੇ ਆਪ ਨੂੰ ਸਤਿਗੁਰੂ ਜੀ ਦਾ ਅਸਲੀ ਬਿੰਦੀ ਪੁੱਤਰ ਦਸ ਰਿਹਾ ਹੈ। ਜਦੋਂ ਕਿ ਗੁਰੂ ਨਾਨਕ ਸਾਹਿਬ ਜੀ ਨੇ ਬਿੰਦੀ ਪੁੱਤਰਾਂ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ। ਪਿੰਡ ਸੁਰ ਸਿੰਘ, ਜ਼ਿਲ੍ਹਾ ਅੰਮ੍ਰਿਤਸਰ ਵਿਖੇ, ਬਾਬਾ ਦਇਆ ਸਿੰਘ ਦਾ ਪ੍ਰਵਾਰ ਕਰੋੜਾਂ ਨਹੀਂ ਅਰਬਾਂ ਪਤੀ ਬਣ ਚੁੱਕਿਆ ਹੈ। ਕਿਉਂਕਿ ਉਹ ਛੇਵੇਂ ਨਾਨਕ ਦੇ ਬਹਾਦਰ ਸਿੱਖ ਭਾਈ ਬਿਧੀ ਚੰਦ ਦੇ ਨਾਮ ਨੂੰ ਆਪਣੇ ਡੇਰੇ ਨਾਲ ਨੱਥੀ ਕਰ ਚੁੱਕੇ ਹਨ। ਇਸੇ ਬਾਬਾ ਦਇਆ ਸਿੰਘ ਨੇ ਸੰਨ 2000 ਵਿੱਚ ਆਪਣੇ ਬਦੇਸ਼ਾਂ ਵਿੱਚ ਡੇਰੇ ਦੇ ਪੈਸੇ ਨਾਲ ਗੁਲਛਰਰੇ ਉਡਾ ਰਹੇ ਲਾਡਲੇ ਸਪੁੱਤਰ ਦਾ "ਸਾਦਾ ਜਿਹਾ ਵਿਆਹ" ਕੀਤਾ ਸੀ। "ਸਤਿਗੁਰੂ ਦੀ ਭੈ ਭਾਵਨੀ ਵਿੱਚ ਰਹਿੰਦਿਆਂ ਗੁਰੂ ਕੀ ਗੋਲਕ ਵਿੱਚੋਂ, ਤਿਲ ਫੁਲ ਲੈ ਕੇ, ਪੁੱਤਰ ਦੇ ਵਿਆਹ ਤੇ ਸਿਰਫ ਚੌਦਾਂ ਕਰੋੜ ਰੁਪਿਆ ਖਰਚ ਕੀਤਾ ਸੀ।" ਧੰਨ ਸਿੱਖੀ......। ਧੰਨ ਸੰਤਗੀਰੀ।

ਭਾਈ ਘਨੱਈਆ ਜੀ ਨੇ ਆਪਣੇ ਜੀਵਨ ਕਾਲ ਵਿੱਚ ਕੋਈ ਸੰਸਥਾ ਜਾਂ ਡੇਰੇਦਾਰੀ ਨਹੀਂ ਚਲਾਈ। ਨਾ ਹੀ ਗੁਰੂ ਘਰ ਵਿੱਚ ਠੇਕੇਦਾਰੀ ਨੂੰ ਕੋਈ ਮਾਨਤਾ ਹੈ। ਪਰ ਅੱਜ ਉਹਨਾਂ ਦੇ ਨਾਮ ਤੇ ਖੂਬ ਡੇਰੇ ਚੱਲ ਰਹੇ ਹਨ। ਪੰਥ ਨਾਲੋਂ ਵਖਰੇਵਾਂ (ਪਾੜਾ) ਪਾਉਣ ਦਾ ਟੁਕੜਿਆਂ ਵਿੱਚ ਵੰਡਣ ਦੀ "ਸੇਵਾ" ਕਮਾ ਰਹੇ ਹਨ। ਭਿੰਡਰਾਂ ਟਕਸਾਲ (ਮਹਿਤੇ ਚੌਂਕ) ਵਾਲੇ ਅਪਣੀ ਡੇਰੇਦਾਰੀ ਨੂੰ, ਦਸਮੇਂ ਨਾਨਕ ਗੁਰੂ ਗੋਬਿੰਦ ਸਿੰਘ ਜੀ ਨਾਲ ਧਿਙਾਣੇ ਦੇ ਜ਼ੋਰ ਨੱਥੀ ਕਰ ਰਹੇ ਹਨ। ਅਖੇ ਸਾਡੀ "ਦਮਦਮੀ ਟਕਸਾਲ" ਦਮਦਮਾ ਵਿਖੇ ਸ਼ੁਰੂ ਹੋਈ। ਸੰਨ 1970 ਤੱਕ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ, ਸੰਘ ਪਾੜ ਪਾੜ ਕੇ ਬੋਲਦੇ ਰਹੇ, ਕਿ ਗੁਰੂ ਦਸਮ ਪਾਤਿਸ਼ਾਹ ਤੋਂ ਬਾਅਦ ਗੱਦੀ ਮਿਲੀ ਭਾਈ ਮਨੀ ਸਿੰਘ ਜੀ ਨੂੰ। ਧਿਆਨ ਰਹੇ ਇਹੀ ਕੂੜ ਪ੍ਰਚਾਰ ਸੱਤੋਵਾਲੀ ਗਲੀ (ਅੰਮ੍ਰਿਤਸਰ) ਵਾਲੇ, ਅਮੀਰ ਭੰਡਾਰ ਵਾਲੇ ਬਾਬੇ, ਮੱਖਣ ਸਿੰਘ ਭੀ ਬੋਲ ਰਹੇ ਹਨ। ਇਹੀ ਧੋਖਾ ਭਿੰਡਰਾਂ ਪਿੰਡ ਵਿੱਚ ਰਹਿ ਰਹੇ ਗਿ: ਮੋਹਣ ਸਿੰਘ ਭੀ (ਟਕਸਾਲੀਏ) ਕਰ ਰਹੇ ਹਨ। ਸੰਨ ਸੱਤਰ ਤੋਂ ਬਾਅਦ ਜਥਾ ਮਹਿਤਾ ਚੌਕ ਵਾਲਿਆਂ (ਟਕਸਾਲੀਏ) ਅਚਨਚੇਤੀ ਧੋਬੀ ਪਟਕਾ ਮਾਰਦਿਆਂ, ਝੂਠ ਬੋਲਣ ਦੇ ਸਾਰੇ ਰਿਕਾਰਡ ਤੋੜ ਦਿੱਤੇ। ਹਿੱਕ ਦੇ ਤਾਣ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ, ਬੇਖੌਫ ਹੋ ਕੇ ਕੁਫਰ ਤੋਲਣਾ ਸ਼ੁਰੂ ਕੀਤਾ।" ਸਾਡੀ ਮਹਾਨ ਜਥੇਬੰਦੀ ਸੀਸ ਤਲੀ ਤੇ ਰੱਖ, ਲੜਨ ਵਾਲੇ ਲਾਸਾਨੀ ਯੋਧੇ, ਸ਼ਹੀਦ ਬਾਬਾ ਦੀਪ ਸਿੰਘ ਤੋਂ ਚੱਲੀ ਹੈ।" ਭਾਈ ਮਨੀ ਸਿੰਘ ਜੀ

ਦੀ ਸ਼ਹੀਦੀ ਪਸੰਦ ਨਾ ਆਈ ? ਬਾਹਵਾਂ ਉਲਾਰ ਉਲਾਰ ਕੇ, ਹਜ਼ਾਰਾਂ ਦੇ ਇਕੱਠਾਂ ਵਿੱਚ, ਪੈਂਤੀ ਸਾਲ ਤੋਂ ਅਖੌਤੀ ਬ੍ਰਹਮ ਗਿਆਨੀ ਝੂਠ ਬੋਲਦੇ ਆ ਰਹੇ ਹਨ। ਜੋ ਅਜੇ ਭੀ ਨਿਰ ਬਿਘਨ ਜਾਰੀ ਹੈ। ਤਵਾਰੀਖੀ ਕਿਤਾਬਾਂ, ਜਿਵੇਂ ਪ੍ਰਾਚੀਨ ਪੰਥ ਪ੍ਰਕਾਸ਼, ਸੂਰਜ ਪ੍ਰਕਾਸ਼, ਸ੍ਰੀ ਗੁਰਸੋਭਾ, ਗਿ; ਗਿਆਨ ਸਿੰਘ, ਮਹਾਨ ਕੋਸ਼ ਭਾਈ ਕਾਹਨ ਸਿੰਘ ਨਾਭਾ, ਆਦਿ ਕਿਸੇ ਭੀ ਕਿਤਾਬ ਵਿੱਚ ਇਹਨਾਂ ਦੀ ਟਕਸਾਲ ਦਾ ਨਾਮੋ ਨਿਸ਼ਾਨ ਨਹੀਂ ਹੈ। ਫਿਰ ਭੀ ਆਪਣੇ ਆਪ ਨੂੰ ਦਸਮੇ ਸਤਿਗੁਰੂ ਦੇ ਵਾਰਿਸ ਗਰਦਾਨ ਰਹੇ ਹਨ। ਅਜਿਹੇ ਲੋਕਾਂ, ਡੇਰਿਆਂ ਕਾਰਨ, ਪੰਥ ਖੱਖੜੀਆਂ ਕਰੇਲੇ ਹੋਇਆ ਹੈ। ਦੇਹਧਾਰੀ ਗੁਰੂਆਂ, ਸਾਧਾਂ ਦੀ ਮਾਨਤਾ ਪ੍ਰਫੁਲੱਤ ਹੋਈ ਹੈ। ਅਜਿਹੇ ਝੂਠੇ ਡੇਰੇਦਾਰਾਂ ਤੋਂ ਸਾਵਧਾਨ! ਬਚੋ!! ਗੁਰਵਾਕ ਹਨ –

**ਸਤੀ ਪਹਰੀ ਸਤ ਭਲਾ ਬਹੀਐ ਪੜਿਆ ਪਾਸਿ॥**
**ਉਥੈ ਪਾਪ ਪੁੰਨ ਬੀਚਾਰੀਐ ਕੂੜੇ ਘਟੇ ਰਾਸਿ॥** (146)

ਇਹਨਾਂ ਟੁਕੜਿਆਂ ਵਿੱਚੋਂ ਲੱਭਣ ਦੀ ਖੇਚਲ ਕਰੋ ਜੀ ਕਿ "ਖਾਲਸਾ ਪੰਥ" ਕਿੱਥੇ ਹੈ ? ਜਾਂ ਇਹ ਸਾਰੇ ਹੀ "ਪੰਥ" ਹਨ ?

ਇਹਨਾਂ ਤੋਂ ਇਲਾਵਾ ਪੰਜਾਬ ਦੇ ਹਰ ਜ਼ਿਲ੍ਹੇ-ਸ਼ਹਿਰ ਵਿਚੋਂ ਔਸਤਨ 2000 "ਸੇਵਕ" ਜਥੇਬੰਦੀਆਂ ਤੇ ਅਕਾਲੀ ਦਲ ਹਨ। ਗੁਰਦਵਾਰਾ ਕਮੇਟੀਆਂ ਹੋਰ ਅਣਗਿਣਤ। ਜਿਸ 'ਖਾਲਸਾ ਪੰਥ ਜਾਂ ਗੁਰੂ ਪੰਥ' ਦਾ ਉਚਾ ਢੋਲ ਵਜਾਇਆ ਜਾ ਰਿਹਾ ਹੈ, ਕਿਥੇ ਹੈ ਉਹ ਅਸਲੀ ਪੰਥ ? ਇਹ ਤਾਂ ਸਾਰੇ ਇੱਕ ਦੂਜੇ ਦੇ ਦੁਸ਼ਮਣ ਬਣੇ ਨਜ਼ਰ ਆਉਂਦੇ ਹਨ। ਫਿਰ ਵਿੱਚੇ ਸ਼ਰਾਬੀ, ਵਿਭਚਾਰੀ, ਗੋਲਕ ਚੋਰ, ਰਿਸ਼ਵਤਖੋਰ, ਪੰਥ ਨੂੰ ਅੰਦਰੋਂ ਬਾਹਰੋਂ, ਵੇਚ ਵੱਟ ਕੇ ਡਕਾਰ ਜਾਣ ਵਾਲੇ ਭੀ "ਅਸਲੀ ਪੰਥ ਹੀ ਹਨ"? ਹਰ ਇਕ ਦੀ "ਢਾਈ ਪਾ ਖਿਚੜੀ" ਵੱਖੋ ਵੱਖਰੇ ਚੁਲ੍ਹੇ ਤੇ ਰਿੱਝ ਰਹੀ ਹੈ। ਗੁਰੂ ਪਿਆਰ ਵਾਲੇ ਗੁਰਸਿੱਖੋ! ਹੋਸ਼ ਕਰੋ!! ਪੰਥ ਦੀ ਚੜ੍ਹਦੀ ਕਲਾ ਦਾ ਕੋਈ ਪ੍ਰੋਗਰਾਮ ਉਲਕੋ!!! ਵਰਨਾ ਸਾਡਾ ਬੇੜਾ ਤਾਂ ਗਰਕਿਆ ਹੀ ਹੋਇਆ ਹੈ। ਗੁਰਵਾਕ ਹਨ –

**ਰੇ ਮੂੜੇ! ਅਨਕਾਹੇ ਕਤ ਜਾਈ ?**
**ਸੰਗਿ ਮਨੋਹਰ ਅੰਮ੍ਰਿਤ ਹੈ ਰੇ ਭੂਲਿ ਭੂਲਿ ਬਿਖੁ ਖਾਈ॥** (1212)

# ਸੇਵਾ ਵੱਡੀ ਕਿ ਗੁਰੂ ਗਿਆਨ ?

ਭਾਰਤੀ ਸਭਿਅਤਾ ਵਿੱਚ "ਧਾਰਮਕ ਮੁਖੀਆਂ" ਨੇ ਜੋ ਉਪਦੇਸ਼ ਸਦੀਆਂ ਤੱਕ ਆਪਣੇ ਲੋਕਾਂ ਨੂੰ ਦਿੱਤਾ, ਉਸੇ ਮੁਤਾਬਕ ਲੋਕਾਂ ਦੀ ਮਾਨਸਿਕ ਘਾੜਤ ਘੜੀਂਦੀ ਚਲੀ ਗਈ। ਕਿਉਂਕਿ ਵਿੱਦਿਆ ਪ੍ਰਾਪਤ ਕਰਨ ਦਾ ਹੋਰ ਕੋਈ ਜ਼ਰੀਆ ਹੀ ਨਹੀਂ ਸੀ। ਬਸ ਧਰਮ ਆਸ਼ਰਮਾਂ ਵਿੱਚ, ਆਪਣੇ ਬੱਚਿਆਂ ਨੂੰ ਭੇਜ ਦਿਉ, ਉਥੇ ਜਿਵੇਂ "ਮਹਾਤਮਾ ਜੀ" ਦਾ ਮਨ ਕਰੇ, ਉਸ ਤਰ੍ਹਾਂ ਦੀ ਸਿੱਖਿਆ ਆਪਣੇ ਚੇਲਿਆਂ ਨੂੰ ਦੇਵੇ। ਵਿਰਲੇ ਨੂੰ ਛੱਡਕੇ ਵਿੱਦਿਆ ਤਾਂ ਵਿਚਾਰੇ ਰਿਸ਼ੀ ਮੁਨੀ ਜੀ (ਅੱਜ ਕੱਲ੍ਹ ਸੰਤ ਜੀ) ਨੇ ਖੁਦ ਨਹੀਂ ਪੜ੍ਹੀ, ਭਲਾ ਚੇਲਿਆਂ ਨੂੰ ਕੀ ਪੜ੍ਹਾਏਗਾ ? ਹਾਂ ਡੇਰੇ ਦੀ ਸਫਾਈ, ਸਾਧਾਂ ਦੇ ਚੋਲੇ ਲੰਗੋਟੇ (ਜਾਂ ਕਛਹਿਰੇ) ਧੋਣੇ, ਸੰਤਾਂ ਦੀਆਂ ਮਾਲਸ਼ਾਂ ਕਰਨੀਆਂ, ਜਾਂ ਫਿਰ ਨੇੜੇ ਦੀ ਆਬਾਦੀ ਵਿੱਚੋਂ ਅੰਨ ਦਾਣਾ ਮੰਗ ਲਿਆਉਣਾ। ਖੁਦ ਖਾਣਾ ਤੇ ਇਹਨਾਂ ਵੇਹਲੜ ਪੁਜਾਰੀਆਂ ਨੂੰ ਖਵਾਉਣਾ। ਜਿੰਨੇ ਕੁ "ਤੀਸ ਮਾਰਖਾਂ" ਖੁਦ ਸਾਧ ਹੁੰਦੇ ਸਨ ਉਤਨੇ ਕੁ "ਖੱਬੀਖਾਨ" ਆਪਣੇ ਸੇਵਕਾਂ ਨੂੰ ਬਣਾ ਦਿਆ ਕਰਦੇ ਸਨ। ਧਾਰਮਕ ਸ਼ਰਧਾ ਅਧੀਨ ਜਾਂ ਆਪਣੇ "ਲਾਡਲਿਆਂ ਦੀ ਵਿੱਦਿਆ ਦੀ ਫੀਸ ਦੇ ਤੌਰ ਤੇ", ਅੰਨ ਬਸਤਰ ਛਿਮਾਹੀ ਮਗਰੋਂ ਲੋਕੀਂ ਪੁਚਾਉਂਦੇ ਰਹਿੰਦੇ ਸਨ। ਇਉਂ ਕਹਿ ਲਈਏ ਕਿ ਭਾਰਤੀ ਸੱਭਿਅਤਾ ਅਤੇ ਭਾਰਤੀ ਧਰਮਾਂ ਦਾ ਚਲਣ ਸਦੀਆਂ ਤੱਕ ਇਸ ਸੰਚੇ ਵਿੱਚ ਢਲਦਾ, ਤੇ ਪਰਪੱਕ ਹੁੰਦਾ ਚਲਾ ਗਿਆ। ਲੰਮਾਂ ਸਮਾਂ ਬੀਤਣ ਦੇ ਨਾਲ ਹਰ ਪੀਹੜੀ ਨੂੰ ਅੱਗੇ ਤੋਂ ਅੱਗੇ ਇਹੀ "ਗਿਆਨ" ਮਿਲਦਾ ਗਿਆ ਕਿ, "ਗ੍ਰਿਸਤੀ ਨੀਵੇਂ ਹਨ, ਤੇ ਤਿਆਗੀ ਉੱਚੇ ਹਨ"। ਇਹਨਾਂ ਜਿੰਮੇਵਾਰੀਆਂ ਤੋਂ ਭੱਜੇ ਲੋਕਾਂ ਦੀਆਂ ਧਾੜਾਂ ਵਧਦੀਆਂ ਗਈਆਂ। ਧਰਮੀ ਹੋਣ ਦਾ ਢੌਂਗ ਕਰਕੇ ਇਹ ਪਾਖੰਡੀ ਲੋਕ ਗ੍ਰਿਸਤੀਆਂ ਨੂੰ ਜੋਕਾਂ ਬਣਕੇ ਚਿੰਬੜਦੇ ਗਏ। ਸੱਭਿਅਤਾ ਹੋਰ ਕਮਜ਼ੋਰ ਹੁੰਦੀ ਚਲੀ ਗਈ, ਦੇਸ਼ ਤੇ ਮੁਸੀਬਤਾਂ ਦੇ ਪਹਾੜ ਡਿੱਗਦੇ ਗਏ।

ਪ੍ਰਚੱਲਤ ਧਾਰਮਕ ਵਰਤਾਰੇ ਵਿੱਚ ਸਤਿਗੁਰੂ ਨਾਨਕ ਸਾਹਿਬ ਜੀ ਨੇ ਕ੍ਰਾਂਤੀਕਾਰੀ ਨਵੀਨਤਾ ਲਿਆਂਦੀ। ਜਿਥੇ ਪਹਿਲਾਂ ਕਿਰਤੀ ਦੁਰਕਾਰਿਆ ਜਾਂਦਾ ਸੀ, ਹੁਣ ਸਵਿਕਾਰਿਆ ਜਾਣ ਲੱਗਾ। ਜੇ ਪਹਿਲਾਂ "ਤਿਆਗੀ ਸਾਧ" ਧਰਮੀ ਹੋਣ ਦਾ ਖੁਦ ਢੰਡੋਰਾ ਪਿੱਟ ਰਹੇ ਸਨ, ਤੇ ਗ੍ਰਿਸਤੀਆਂ ਨੂੰ ਅਧਰਮੀ ਜਾਂ ਪਾਪੀ ਹੋਣਾ ਗਰਦਾਨ ਰਹੇ ਸਨ। ਤਾਂ ਸਤਿਗੁਰੂ ਜੀ ਨੇ ਵਿਹਲੜਾਂ ਨੂੰ ਫਿਟਕਾਰ ਪਾਈ ਤੇ ਹੱਥੀਂ ਕਿਰਤ ਕਰਨ ਵਾਲਿਆਂ ਦਾ ਮਾਣ ਵਧਾਇਆ। ਗੁਰੂ ਨਾਨਕ ਸਾਹਿਬ ਜੀ ਨੇ ਖੁਦ ਖੇਤੀ ਵਾਹੀ, ਨੌਕਰੀ, ਦੁਕਾਨਦਾਰੀ ਆਦਿ ਸਾਰੇ ਕੰਮ

ਬਿਨਾਂ ਸੰਕੋਚ ਕੀਤੇ। ਹਰ ਮਨੁੱਖ ਮਾਤਰ ਨੂੰ ਆਪਣੇ ਜਿੰਮੇ ਲੱਗੀ, ਇਮਾਨਦਾਰੀ ਨਾਲ "ਸੇਵਾ" ਸਮਝਕੇ ਕਰਨ ਦੀ ਹਦਾਇਤ ਕੀਤੀ। ਨਵੇਂ ਵਸਾਏ ਸਿੱਖਿਆ ਕੇਂਦਰ ਕਰਤਾਰਪੁਰ ਵਿਖੇ ਇਸ ਤਰੀਕੇ ਦੀ ਅਮਲੀ ਜੀਵਨ ਜਾਚ ਦਾ ਮਾਡਲ ਸਤਿਗੁਰੂ ਖੁਦ ਸਨ। ਬਹੁਤੇ ਲੋਕੀਂ ਪੁਰਾਤਨ ਬ੍ਰਾਹਮਣੀ ਸੋਚ ਵਿੱਚ ਢਲੇ ਹੋਣ ਕਾਰਨ ਗੁਰੂ ਨਾਨਕ ਸਾਹਿਬ ਜੀ ਨੂੰ ਭੀ ਇੱਕ ਡੇਰੇਦਾਰ ਸਾਧ ਹੀ ਸਮਝਦੇ ਸਨ। ਜਦੋਂ ਨਿੱਤ ਦੀ ਕਿਰਿਆ (ਟਾਈਮ ਟੇਬਲ) ਵੇਖਦੇ ਤਾਂ ਉਹਨਾਂ ਨੂੰ ਕੁਝ ਵਖਰੇਵਾਂ ਨਜ਼ਰ ਪੈਂਦਾ। ਸਵੇਰ ਤੋਂ ਲੈ ਕੇ ਸ਼ਾਮ ਤੱਕ, ਹਰ ਕੰਮ ਸਤਿਗੁਰੂ ਜੀ ਦੀ ਨਿਗਰਾਨੀ ਅਤੇ ਇੱਛਾ ਮੁਤਾਬਕ ਹੁੰਦਾ। ਸਾਰਿਆਂ ਨੂੰ ਸਰੀਰਕ ਸਮਰੱਥਾ ਅਤੇ ਮੁਹਾਰਤ ਮੁਤਾਬਕ ਕੰਮ (ਸੇਵਾ) ਦਿੱਤੇ ਜਾਂਦੇ। ਬਿਨਾਂ ਵਿਤਕਰੇ ਤੋਂ ਰਲਕੇ ਲੰਗਰ ਬਣਾਉਂਦੇ ਤੇ ਵੰਡ ਕੇ ਛਕਦੇ। ਸਤਿਗੁਰੂ ਜੀ ਦੀ ਨਜ਼ਰ ਵਿੱਚ ਝਾੜੂ ਦੀ ਸੇਵਾ ਤੋਂ ਲੈ ਕੇ ਧਰਮ ਉਪਦੇਸ਼ ਕਰਨ ਤੱਕ, ਹਰ ਕੰਮ ਬ੍ਰਾਬਰ ਦੀ "ਸੇਵਾ" ਸੀ। ਗੁਰੂ ਘਰ ਵਿੱਚ ਹਰ ਪ੍ਰਕਾਰ ਦੀ ਕਿਰਤ ਨੂੰ ਸਤਿਕਾਰ ਦਿੱਤਾ ਗਿਆ, ਤੇ ਕਿਰਤੀ ਮਨੁੱਖ ਨੀਵਾਂ ਨਾ ਰਹਿਕੇ, ਬ੍ਰਾਬਰ ਦਾ ਇਨਸਾਨ ਸਮਝਿਆ ਜਾਣ ਲੱਗਾ।

ਸਮਾਂ ਆਪਣੀ ਚਾਲੇ ਚਲਦਾ ਗਿਆ। ਆਮ ਲੋਕਾਂ ਵਿੱਚ ਸਿਰੇ ਦੀ ਅਣਪੜ੍ਹਤਾ ਅਤੇ ਅਗਿਆਨਤਾ ਸੀ। ਡੂੰਘੇ ਗਿਆਨ ਸਾਗਰ (ਗੁਰਬਾਣੀ) ਵਿੱਚ ਉਤਰਨਾ ਹਾਰੀਸਾਰੀ ਦੇ ਵਸ ਵਿੱਚ ਨਹੀਂ ਸੀ। ਗੁਰੂ ਦੀ ਨਜ਼ਰ ਵਿੱਚ ਪ੍ਰਵਾਣ ਹੋਣ ਦਾ ਸਾਦਾ ਜਿਹਾ ਤਰੀਕਾ ਸੀ, ਹੱਥੀਂ ਕਿਰਤ ਵੱਧ ਤੋਂ ਵੱਧ ਸੇਵਾ ਕਰਨੀ। ਸਮਾਂ ਬੀਤਣ ਨਾਲ "ਗਿਆਨ" ਵਾਲਾ ਪੱਖ ਕਮਜ਼ੋਰ ਪੈਂਦਾ ਗਿਆ, "ਸੇਵਾ" ਭਾਰੂ ਹੁੰਦੀ ਚਲੀ ਗਈ। ਭਾਵੇਂ ਇਹ ਭੀ ਸੌ ਪ੍ਰਤੀਸ਼ਤ ਠੀਕ ਹੈ ਕਿ ਗਿਆਨਵਾਨ ਮਨੁੱਖ ਅਕਲ ਦੀ ਵਰਤੋਂ ਰਾਹੀਂ ਸਗੋਂ ਹੋਰ ਚੰਗੇਰੀ "ਸੇਵਾ" ਕਰ ਸਕਦਾ ਹੈ। ਸੇਵਾ ਦਾ ਅਸਲ ਮੰਤਵ ਹੀ ਗਿਆਨ ਰਾਹੀਂ ਸਮਝ ਆਉਂਦਾ ਹੈ। ਭਾਈ ਲਹਿਣਾ ਜੀ ਕਰਤਾਰਪੁਰ ਵਿਖੇ ਗੁਰੂ ਨਾਨਕ ਸਾਹਿਬ ਜੀ ਦੀ ਸ਼ਰਨ ਵਿੱਚ ਆਣ ਢੁੱਕੇ। ਜਿਵੇਂ ਦੀ ਸੇਵਾ ਸੌਂਪੀ ਗਈ ਉਹ ਪੂਰੀ ਸਿਦਕ ਦਿਲੀ ਨਾਲ ਕਰਦੇ ਗਏ। ਜਿੱਥੇ ਕਿਤੇ ਮਨ ਵਿੱਚ ਕੋਈ ਸਵਾਲ ਉਤਪਨ ਹੁੰਦਾ ਸੀ, ਭਾਈ ਲਹਿਣਾ ਜੀ ਸਤਿਗੁਰੂ ਤੋਂ ਪੁੱਛ ਲੈਂਦੇ। ਇਹ ਭੀ ਪੂਰੀ ਤਰ੍ਹਾਂ ਸੰਭਵ ਹੈ ਕਿ ਗੁਰੂ ਨਾਨਕ ਸਾਹਿਬ ਕਿਸੇ ਪੁੱਛ ਦੇ ਉੱਤਰ ਵਿੱਚ ਆਖ ਦਿੰਦੇ ਹੋਣ; ਭਾਈ ਜੀ ਜੋ ਸਵਾਲ ਤੁਸੀਂ ਕੀਤਾ ਹੈ, ਮੈਂ ਆਪਣੀ ਲਿਖੀ ਬਾਣੀ ਵਿੱਚ ਇਸਦਾ ਵਿਸਥਾਰ ਸਹਿਤ ਜੁਆਬ ਦੇ ਚੁੱਕਿਆ ਹਾਂ। ਬਾਣੀ ਨੂੰ ਧਿਆਨ ਨਾਲ ਪੜ੍ਹੋ, ਵਿਚਾਰੋ, ਆਪਣੇ ਆਪ ਜੁਆਬ ਮਿਲ ਜਾਵੇਗਾ। ਜਿਵੇਂ ਜਿਵੇਂ ਸਮਾਂ ਬੀਤਦਾ ਗਿਆ ਭਾਈ ਲਿਹਣਾ ਜੀ ਹੱਥੀਂ ਸੇਵਾ ਭੀ ਕਰਦੇ ਰਹਿੰਦੇ, ਅਤੇ ਨਾਲ ਹੀ ਗੁਰੂ ਗਿਆਨ (ਗੁਰਬਾਣੀ) ਦਾ ਇਕਾਗਰ ਚਿੱਤ ਹੋ ਕੇ ਅਧਿਐਨ ਭੀ ਕਰਦੇ। ਇਸ ਤਰ੍ਹਾਂ ਉਹਨਾਂ ਦਾ ਮਾਨਸਿਕ ਮੰਡਲ

ਵਿਸ਼ਾਲ ਹੁੰਦਾ ਚਲਾ ਗਿਆ। ਇਸ ਸਰਵਪੱਖੀ ਘਾਲ ਤੋਂ ਖੁਸ਼ ਹੋ ਕੇ ਗੁਰੂ ਨਾਨਕ ਸਾਹਿਬ ਜੀ ਨੇ ਉਹਨਾਂ ਨੂੰ ਨਿਰਮਲ ਪੰਥ ਦੀ ਵਾਗ ਡੋਰ ਸੌਂਪ ਦਿੱਤੀ। ਅੱਜ ਤੱਕ ਦੀਆਂ ਪ੍ਰਾਪਤ ਲਿਖਤਾਂ ਵਿੱਚ, ਭਾਈ ਲਹਿਣਾ ਜੀ ਦੀ ਕੀਤੀ "ਸੇਵਾ" ਦਾ ਉਘੜਵਾਂ ਸਥਾਨ ਹੈ। ਉਹਨਾਂ ਦਾ "ਗਿਆਨ" ਕਿੰਨਾ ਕੁ ਸੀ ? ਸਭ ਲਿਖਤਾਂ ਚੁੱਪ ਹਨ। ਭਾਈ ਲਹਿਣਾ ਜੀ ਨੇ "ਚਿੱਕੜ ਭਰੇ ਘਾਹ ਦੀ ਪੰਡ ਚੁੱਕੀ। ਸੰਗਤ ਵਿੱਚੋਂ ਮਰੀ ਚੂਹੀ ਚੁੱਕ ਕੇ ਬਾਹਰ ਸੁੱਟੀ। ਰਾਤ ਸਮੇਂ ਡਿੱਗੀ ਕੰਧ ਉਸਾਰਨੀ। ਰਾਤ ਨੂੰ ਹੀ ਕਪੜੇ ਧੋ ਲਿਆਉਣੇ। ਗੰਦੇ ਨਾਲੇ ਵਿੱਚੋਂ ਲੋਟਾ ਕੱਢ ਲਿਆਉਣਾ। ਜੰਡ ਤੇ ਚੜ੍ਹਕੇ "ਜਲੇਬੀਆਂ" ਲਾਹ ਲੈਣੀਆਂ। ਜਾਂ ਮੁਰਦਾ ਖਾਣ ਲਈ ਤਿਆਰ ਹੋ ਪੈਣਾ.....।" ਸੱਤ ਸਾਲ ਤੋਂ ਵੱਧ ਸਮਾਂ ਗੁਰੂ ਨਾਨਕ ਸਾਹਿਬ ਜੀ ਦੀ ਹਜ਼ੂਰੀ ਵਿੱਚ ਰਹਿ ਕੇ, ਭਾਈ ਲਹਿਣਾ ਜੀ ਨੇ ਕੇਵਲ "ਸੇਵਾ" ਕੀਤੀ ? ਗੁਰੂ ਨਾਨਕ ਵਿਚਾਰਧਾਰਾ, ਭਗਤ ਬਾਣੀ, ਗੁਰੂ ਨਾਨਕ ਜੀ ਦੀਆਂ ਲੰਮੀਆਂ ਯਾਤਰਾਵਾਂ ਦਾ ਤਜਰਬਾ, ਗੁਰਮਤ ਸੰਗੀਤ ਕਲਾ, ਵਿਚਾਰ ਚਰਚਾ......ਕਿਵੇਂ ਤੇ ਕਦੋਂ ਸਿੱਖੀ ? ਇਸਦਾ ਕੋਈ ਲਿਖਤੀ ਜ਼ਿਕਰ ਨਹੀਂ ਮਿਲਦਾ। ਕੀ ਇਹ ਮੰਨ ਲਈਏ ਕਿ ਗੁਰੂ ਅੰਗਦ ਸਾਹਿਬ ਜੀ ਨੇ ਗੁਰਬਾਣੀ ਦਾ ਮੁਤਾਲਿਆ ਕੀਤਾ ਹੀ ਨਹੀਂ ? ਅਗਰ ਗੁਰੂ ਅੰਗਦ ਸਾਹਿਬ ਗੁਰੂ ਨਾਨਕ ਜੀ ਦੇ ਉਪਦੇਸ਼ ਨੂੰ, ਨਾ ਸਮਝਦੇ, ਤਦ ਉਹਨਾਂ ਦੇ ਵਿਚਾਰ ਗੁਰੂ ਨਾਨਕ ਸਾਹਿਬ ਜੀ ਨਾਲੋਂ ਵਖਰੇਵੇਂ ਵਾਲੇ ਹੋਣੇ ਸੁਭਾਵਕ ਸਨ। ਸਗੋਂ ਦੂਜੇ ਨਾਨਕ ਦੀ ਬਾਣੀ ਇੰਨ ਬਿੰਨ ਪਹਿਲੇ ਨਾਨਕ ਦੀ ਬਾਣੀ ਦੀ ਵਿਆਖਿਆ ਹੀ ਕਰ ਰਹੀ ਹੈ। ਜੇਕਰ ਗੁਰੂ ਅੰਗਦ ਹੀ ਨਾਨਕ ਰੂਪ ਸਨ ਤਾਂ ਸਰੀਰ ਕਰਕੇ ਨਹੀਂ, ਸਗੋਂ ਗਿਆਨ ਕਰਕੇ। ਕਿਉਂਕਿ ਮਹਲਾ (ਸਰੀਰ) ਤਾਂ ਦੂਜਾ ਸੀ ਪਰ ਗਿਆਨ (ਜੋਤ) ਉਹੀ ਸੀ।

ਪ੍ਰਚੱਲਤ ਇਤਿਹਾਸ ਮੁਤਾਬਕ ਬਾਬਾ ਅਮਰਦਾਸ ਜੀ ਸੱਠ ਬਾਹਠ ਸਾਲ ਦੀ ਉਮਰ ਵਿੱਚ ਗੁਰੂ ਅੰਗਦ ਸਾਹਿਬ ਜੀ ਦੀ ਹਜ਼ੂਰੀ ਵਿੱਚ ਆਏ। ਲੰਮਾ ਸਮਾਂ ਨਿਰਬਿਘਨ ਅਥੱਕ ਸੇਵਾ ਕੀਤੀ। "ਪਾਣੀ ਢੋਣਾ, ਗੁਰੂ ਅੰਗਦ ਸਾਹਿਬ ਜੀ ਦਾ ਹਰ ਰੋਜ਼ ਇਸ਼ਨਾਨ ਕਰਾਉਣਾ, ਝਾੜੂ ਦੇਣਾ, ਲੰਗਰ ਤਿਆਰ ਕਰਨਾ, ਜੂਠੇ ਬਰਤਣ ਮਾਂਜਣੇ, ਪੱਖਾ ਝੱਲਣਾ.....।" ਇਹਨਾਂ ਬਾਰਾਂ ਤੇਰਾਂ ਸਾਲਾਂ ਦੌਰਾਨ ਬਾਬਾ ਅਮਰਦਾਸ ਨੇ ਸਿਖਰਲੀ ਹੱਦ ਤੱਕ "ਸੇਵਾ" ਕੀਤੀ। ਠੋਹਕਰਾਂ ਖਾਧੀਆਂ, ਤਾਹਨੇ ਸਹੇ, ਸਿਰ ਵਿੱਚ ਮੋਟੀਆਂ ਜੂੰਆਂ ਪੈ ਗਈਆਂ। ਕੇਸ ਉੱਖੜ ਗਏ ਤਾਲੂਏ ਤੇ ਜਖ਼ਮ ਹੋ ਗਏ। ਗੁਰੂ ਅੰਗਦ ਸਾਹਿਬ ਜੀ (ਸਤਿਗੁਰੂ ਮੁਆਫ ਕਰਨਾ, ਭਾਈ ਸੰਤੋਖ ਸਿੰਘ ਵਲੋਂ ਲਿਖਿਆ ਸੂਰਜ ਪ੍ਰਕਾਸ਼ ਗ੍ਰੰਥ ਜਿਸਦੀ ਸਾਰੇ ਗੁਰਦਵਾਰਿਆਂ ਵਿਚ ਹਰਰੋਜ ਕਥਾ ਕੀਤੀ ਜਾ ਰਹੀ ਹੈ। ਪ੍ਰਿੰ: ਸਤਿਬੀਰ ਸਿੰਘ ਵਲੋਂ ਲਿਖੀ ਪਸਤਕ ਕੁਦਰਤੀ ਨੂਰ ਵਿਚ ਭੀ ਸਤਿਗੁਰੂ ਜੀ ਦੀ ਤੌਹੀਨ ਕੀਤੀ ਗਈ ਹੈ। ਪ੍ਰਚਲਤ ਕਹਾਣੀਆਂ

ਦਾ ਜ਼ਿਕਰ ਕਰ ਰਿਹਾ ਹਾਂ) ਨੂੰ ਕੋਹੜ ਲੱਗਿਆ ਹੋਇਆ ਸੀ। ਪੀੜ ਨਾਲ ਤੜਫਦੇ ਵੇਖ ਕੇ, ਬਾਬਾ ਅਮਰਦਾਸ, ਦੂਜੇ ਨਾਨਕ ਦੇ ਪੀਕ ਭਰੇ ਜਖਮਾਂ ਨੂੰ ਮੂੰਹ ਨਾਲ ਚੂਸਦੇ, ਮੈਲਾ ਖੂਨ ਬਾਹਰ ਕੱਢਦੇ। ਮਹਲੇ ਦੂਜੇ ਦੇ ਬਸਤਰ ਗੰਦੇ ਖੂਨ ਨਾਲ ਲਿੱਬੜ ਜਾਂਦੇ ਸਨ। ਬਾਬਾ ਅਮਰੂ (ਅਮਰਦਾਸ) ਫਿਰ ਮੂੰਹ ਨਾਲ ਚੱਟ ਚੂਸ ਕੇ, ਮੈਲਾ ਸਾਫ ਕਰਦੇ। ਇਹਨਾਂ "ਸੇਵਾਵਾਂ" ਤੋਂ ਤਰੁੱਠ ਕੇ, ਬਾਬਾ ਅਮਰ ਦਾਸ ਜੀ ਨੂੰ ਗੁਰਗੱਦੀ ਪ੍ਰਾਪਤ ਹੋਈ ਸੀ। ਪਾਠਕ ਜਨੋ! ਜਰਾ ਗਹਿਰਾਈ ਨਾਲ ਸੋਚੋ!! ਇਹਨਾਂ ਸਾਰੀਆਂ ਪ੍ਰਚੱਲਤ ਕੀਤੀਆਂ ਕਥਾ ਕਹਾਣੀਆਂ ਵਿੱਚ, ਸਤਿਕਾਰਯੋਗ ਉਚ ਸ਼ਖ਼ਸੀਅਤ ਬਾਬਾ ਅਮਰਦਾਸ (ਨਾਲ ਹੀ ਗੁਰੂ ਅੰਗਦ ਸਾਹਿਬ) ਦੀ, ਨੀਚਤਾ ਦੀਆਂ ਸਭ ਹੱਦਾਂ ਪਾਰ ਕਰਕੇ ਤੌਹੀਨ ਕੀਤੀ ਗਈ ਹੈ। ਬਾਬਾ ਜੀ ਨੂੰ ਉਜੱਡ, ਮੂੜ੍ਹ, ਗੰਦਾ ਗਲੀਚ, ਜੂੰਆਂ ਨਾਲ ਭਰਿਆ, ਕੋਹੜ ਵਾਲੀ ਗੰਦੀ ਪੀਕ ਚੂਸਦਿਆਂ ਵਿਖਾਇਆ ਗਿਆ ਹੈ। ਕੀ ਗੁਰੂ ਘਰ ਵਿੱਚ ਇਸ ਤਰ੍ਹਾਂ ਦੀ "ਸੇਵਾ" ਸਿਖਾਈ ਜਾਂਦੀ ਸੀ ? ਦੂਸਰੇ ਨਾਨਕ ਨੇ ਕਦੀ ਨਾ ਆਖਿਆ, "ਪੁਰਖਾ! ਤੇਰੇ ਵਿੱਚੋਂ ਤਾਂ ਬਦਬੋ ਆਉਂਦੀ ਹੈ। ਕਿਰਮ (ਜੂੰਆਂ) ਪੈ ਗਏ ਹਨ, ਜਖਮਾਂ ਨਾਲ ਤੇਰਾ ਸਰੀਰ ਭਰ ਗਿਆ ਹੈ। ਜਾਹ ਪਹਿਲਾਂ ਇਲਾਜ ਕਰਵਾ, ਸਾਫ ਸੁਥਰਾ ਹੋ ਕੇ ਆਵੀਂ, ਫਿਰ ਸੇਵਾ ਕਰੀਂ.....।" ਗੁਰੂ ਅੰਗਦ ਕਿਉਂ ਆਖਣ, ਪਹਿਲਾਂ ਉਹਨਾਂ ਤੋਂ ਭੀ ਤਾਂ ਸਾਖੀਕਾਰਾਂ ਨੇ ਇਸੇ ਤਰ੍ਹਾਂ ਦੀ "ਸੇਵਾ" ਕਰਵਾਈ ਸੀ। ਗੁਰਗੱਦੀ ਤਾਂ ਭਾਵੇਂ ਮਿਲ ਗਈ ਪਰ ਗੁਰੂ ਨਾਨਕ ਦੇ "ਹੋਣਹਾਰ ਸਪੁੱਤਰ ਸ੍ਰੀ ਚੰਦ ਦੇ ਸਰਾਪ ਕਾਰਨ ਕੋਹੜ ਭੀ ਤੋਹਫੇ ਵਿੱਚ ਮਿਲਿਆ।" ਇਸ ਕੋਹੜ ਦਾ ਸਰਾਪ ਗੁਰੂ ਰਾਮਦਾਸ ਸਾਹਿਬ ਜੀ ਨੇ, ਸ੍ਰੀ ਚੰਦ ਦੇ ਪੈਰੀਂ ਡਿੱਗ ਕੇ, ਦਾਹੜੀ ਨਾਲ ਚਰਨ ਪੂੰਝ ਕੇ, ਹਜ਼ਾਰ ਤਰਲੇ ਕਰਕੇ, ਕਿਤੇ ਮਸੀਂ ਮੁਆਫ ਕਰਵਾਇਆ ਸੀ।" (ਇਹੀ ਕੂੜ ਕੁਫਰ ਸਾਡੇ ਅਖੌਤੀ ਇਤਿਹਾਸ ਵਿਚ ਭਰਿਆ ਪਿਆ ਹੈ)

ਤੀਸਰੇ ਨਾਨਕ ਦੀ ਪਾਵਨ ਬਾਣੀ ਸਤਾਰਾਂ ਰਾਗਾਂ ਵਿੱਚ ਉਚਾਰਣ ਕੀਤੀ ਹੋਈ ਗੁਰੂ ਗ੍ਰੰਥ ਸਾਹਿਬ ਵਿੱਚ ਸੁਭਾਇਮਾਨ ਹੈ। ਉਹਨਾਂ ਨੇ ਇਹ ਰਾਗ ਵਿੱਦਿਆ ਕਿਥੋਂ ਸਿੱਖ ਲਈ ? ਆਪਣੀ ਲੰਘ ਚੁੱਕੀ ਉਮਰ ਦੌਰਾਨ, ਬਾਬਾ ਅਮਰਦਾਸ ਜੀ ਨੇ ਕਦੀ ਕਵਿਤਾ ਦੀ ਇੱਕ ਪੰਕਤੀ ਤੱਕ ਨਹੀਂ ਲਿਖੀ ਸੀ। ਆਹ ਇਤਨੀ ਸਾਰੀ ਬਾਣੀ ਲਿਖਣ ਦੀ ਸੋਝੀ ਉਹਨਾਂ ਨੂੰ ਕਿੱਥੋਂ ਪ੍ਰਾਪਤ ਹੋਈ ? ਅਨੰਦ ਸਾਹਿਬ ਵਰਗੀ "ਸ਼ਾਹਕਾਰ" ਬਾਣੀ ਕਿਵੇਂ ਅਚਨਚੇਤੀ ਲਿਖ ਦਿੱਤੀ ? ਅਣਗਿਣਤ ਬੁਰਾਈਆਂ ਦੇ ਵਿਰੁੱਧ ਕਿਵੇਂ ਜ਼ੋਰਦਾਰ ਆਵਾਜ ਬੁਲੰਦ ਕਰਦੇ ਰਹੇ ? ਗੁਰੂ ਨਾਨਕ ਵਿਚਾਰਧਾਰਾ ਤੋਂ ਰਾਈ ਮਾਤਰ ਫਰਕ ਨਹੀਂ ਲੱਭੇਗਾ, ਇਕਸਾਰਤਾ ਕਿਵੇਂ ਬਣ ਆਈ ? ਕਿਉਂਕਿ ਸਾਰੇ ਪ੍ਰਚੱਲਤ ਇਤਿਹਾਸ ਵਿੱਚੋਂ, ਲੱਖ ਕੋਸ਼ਿਸ਼ ਕਰਨ ਦੇ ਬਾਵਜੂਦ ਬਾਬਾ ਅਮਰਦਾਸ ਨੂੰ, ਪਾਵਨ ਗੁਰਬਾਣੀ ਪੜ੍ਹਦਾ ਕਿਤੇ

ਲਿਖਿਆ ਨਹੀਂ ਮਿਲੇਗਾ। ਗੁਰੂ ਅੰਗਦ ਸਾਹਿਬ ਜੀ ਤੋਂ "ਸਿੱਖੀ ਦੀ ਸਿੱਖਿਆ" ਲੈਂਦੇ ਨਜ਼ਰ ਨਹੀਂ ਆਵੇਗਾ। ਕੀ ਗੁਰਬਾਣੀ ਪੜ੍ਹਨੀ ਵਿਚਾਰਨੀ, ਉਸ ਮੁਤਾਬਕ ਜੀਵਨ ਚਲਨ ਬਣਾਉਣਾ, "ਸੇਵਾ" ਵਿੱਚ ਸ਼ਾਮਲ ਨਹੀਂ ਹੈ ? ਗੁਰਬਾਣੀ ਵਿੱਚੋਂ "ਸੇਵਾ" ਦੀ ਜਾਚ ਸਿੱਖਕੇ ਹਰ ਪ੍ਰਾਣੀ ਮਾਤਰ ਦੀ, ਸਮਰੱਥਾ ਅਤੇ ਲੋੜ ਮੁਤਾਬਕ ਸਹਾਇਤਾ ਕਰਨੀ "ਸੇਵਾ" ਨਹੀਂ ਹੈ ? ਕੇਵਲ ਟੋਕਰੀ ਢੋਅ ਕੇ, ਸਿਰਫ ਪਾਣੀ ਪਿਲਾ ਕੇ, ਜਾਂ ਝਾੜੂ ਦੇਕੇ, ਜੋੜੇ ਸਾਫ ਕਰਕੇ "ਗੁਰਮਤ" ਦੀ ਸਮਝ ਆ ਸਕਦੀ ਹੈ ? ਜੀ ਨਹੀਂ।

ਚੌਥੇ ਨਾਨਕ ਬਾਰੇ ਭੀ ਲਗਪਗ ਇਸੇ ਤਰ੍ਹਾਂ ਦਾ "ਇਤਿਹਾਸ" ਪੜ੍ਹਨ ਨੂੰ ਮਿਲਦਾ ਹੈ। ਬਾਲਕ ਜੇਠਾ ਜੀ ਛੋਟੀ ਉਮਰੇ ਯਤੀਮ ਹੋ ਗਏ ਮੰਨ ਸਕਦੇ ਹਾਂ। ਗਰੀਬੀ ਕਾਰਨ ਨਾਨੀ ਜੀ ਨਾਲ ਰਲਕੇ ਮਿਹਨਤ ਮਜ਼ਦੂਰੀ ਕਰਦੇ ਹੋਣ, ਵਾਜਬ ਹੈ। ਮਨ ਤਦੋਂ ਕੁਰਲਾ ਉਠਦਾ ਹੈ ਜਦੋਂ ਸਤਿਗੁਰੂ ਅਮਰਦਾਸ ਜੀ ਦੀ ਉੱਤਮ ਨਿਗਰਾਨੀ ਵਿੱਚ ਰਹਿਕੇ ਭੀ, ਕੇਵਲ "ਟੋਕਰੀ ਢੋਂਦੇ" ਹੀ ਦਿਸਦੇ ਹਨ। ਲੰਗਰ ਝਾੜੂ, ਲੱਕੜਾਂ ਥੜ੍ਹੇ,....ਆਦਿ ਦੀ "ਸੇਵਾ" ਵਿੱਚ ਤੀਹ ਸਾਲ ਤੋਂ ਵੱਧ ਬਿਤਾ ਦਿੱਤੇ। ਗੁਰਬਾਣੀ ਕਦੋਂ ਸਿੱਖੀ, ਗੁਰੂ ਨਾਨਕ ਧਾਰਾ ਨੂੰ ਕਦੋਂ ਸਮਝਿਆ, ਤੀਹ ਰਾਗਾਂ ਦੀ ਕਠਨ ਸਿਖਲਾਈ ਕਿੱਥੋਂ ਪ੍ਰਾਪਤ ਕੀਤੀ ? ਕੋਈ ਨਹੀਂ ਦੱਸਦਾ, ਕਿਉਂ ? ਗੁਰੂ ਅਮਰਦਾਸ ਜੀ ਦੇ ਲਾਇਕ ਗੁਰਸਿੱਖ, ਹੋਣਹਾਰ ਬੇਟੀ ਭਾਨੀ ਜੀ ਦੇ ਪਤੀ, ਸਤਿਗੁਰੂ ਜੀ ਦੇ ਦਾਮਾਦ, ਰੂਪ ਵਿੱਚ (ਸੰਨ 1554 ਤੋਂ 1574 ਤੱਕ) ਵੀਹ ਸਾਲ ਵਿਚਰੇ। ਤਿੰਨ ਪੁੱਤਰਾਂ ਦੇ ਪਿਤਾ ਬਣ ਗਏ। ਲਾਹੌਰ ਵਿਖੇ ਅਕਬਰ ਨਾਲ ਵਿਚਾਰ ਚਰਚਾ ਭੀ ਕਰ ਆਏ। ਦਿੱਤੀਆਂ ਸੇਧਾਂ ਮੁਤਾਬਕ ਅੰਮ੍ਰਿਤਸਰ (ਤਦੋਂ ਚੱਕ ਰਾਮਦਾਸ) ਨਗਰ ਬਸਾਉਂਦੇ ਰਹੇ। ਬਾਬਾ ਸ੍ਰੀ ਚੰਦ ਦੇ ਚਰਨ ਝਾੜਦੇ ਰਹੇ। ਬਸ ਲਗਾਤਾਰ "ਸੇਵਾ" ਕਰਦੇ ਰਹੇ। ਗਿਆਨ ਹਾਸਲ ਕਦੋਂ ਕੀਤਾ, ਕੋਈ ਜ਼ਿਕਰ ਨਹੀਂ ਮਿਲੇਗਾ। ਹਾਂ ਜਾਦੂਈ ਢੰਗ ਨਾਲ ਜਦੋਂ ਤੀਸਰੇ ਨਾਨਕ ਨੇ, "ਗੁਰੂ ਨਾਨਕ ਜੋਤ" ਜੇਠਾ ਜੀ ਵਿੱਚ ਟਿਕਾ ਦਿੱਤੀ ਤਾਂ ਉਸੇ ਵਕਤ ਉਹ, ਅੱਖ ਦੇ ਫੋਰ ਵਿੱਚ "ਨਾਨਕ ਰੂਪ ਹੋ ਗਏ।" ਸੋਧ ਕੇ ਇਤਿਹਾਸ ਲਿਖਿਆ ਜਾਣਾ ਚਾਹੀਦਾ ਹੈ।

ਉਪਰ ਵਰਣਿਤ ਘਟਨਾਵਾਂ ਵਾਂਗ ਹੀ ਪੰਜਵੇਂ ਨਾਨਕ ਜੀ ਦਾ ਜੀਵਨ ਇਤਿਹਾਸ ਪੜਨ ਨੂੰ ਮਿਲਦਾ ਹੈ। ਪਿਤਾ ਗੁਰੂ ਜੀ ਦੀ ਆਗਿਆ ਮੰਨ ਕੇ ਲਹੌਰ ਚਲੇ ਗਏ। ਵਿਆਕੁਲਤਾ ਦੀਆਂ ਚਿੱਠੀਆਂ (?) ਮੇਰਾ ਮਨੁ ਲੋਚੈ....) ਲਿਖਦੇ ਰਹੇ। ਪਿਰਥੀ ਚੰਦ ਦੀਆਂ ਜਿਆਦਤੀਆਂ ਸ਼ਾਂਤ ਚਿੱਤ ਬਰਦਾਸ਼ਤ ਕਰਦੇ ਰਹੇ। ਬਸ ਗੁਰਗੱਦੀ ਦੇ ਹੱਕਦਾਰ ਬਣ ਗਏ। ਨਾਨਾ ਗੁਰੂ ਅਮਰਦਾਸ ਜੀ ਤੋਂ ਗੁਰਮਤ ਕਿਉਂ ਨਾ ਪੜ੍ਹੀ ? ਪਿਤਾ ਗੁਰੂ ਰਾਮਦਾਸ ਤੋਂ ਗੁਰਮਤ ਗਿਆਨ ਕਿਉਂ ਪ੍ਰਾਪਤ ਨਾ ਕੀਤਾ ? ਸਾਰੀਆਂ ਪੁਸਤਕਾਂ ਖਾਮੋਸ਼

ਹਨ, ਕਿਉਂ ? ਪੱਕੇ ਸਬੂਤ ਹੋਣ ਕਾਰਨ ਭਾਵੇਂ "ਇਤਿਹਾਸਕਾਰਾਂ" ਨੂੰ ਇਹ ਲਿਖਣ ਲਈ ਤਾਂ ਮਜ਼ਬੂਰ ਹੋਣਾ ਪਿਆ ਹੈ ਕਿ ਗੁਰੂ ਅਰਜਨ ਸਾਹਿਬ ਨੇ ਗੁਰਬਾਣੀ ਦੀ ਸੰਪਾਦਨਾ ਕਰਕੇ, ਪੋਥੀ ਸਾਹਿਬ ਤਿਆਰ ਕੀਤੀ। ਬਾਣੀ ਲਿਖਣ ਬਾਰੇ ਸੈਂਕੜੇ ਸ਼ੰਕੇ ਖੜ੍ਹੇ ਕਰ ਦਿੱਤੇ। ਕਦੀ "ਕਮਲੇ ਮੋਹਣ" ਦੇ ਲਿਆ ਪੈਰੀਂ ਪਾਇਆ। ਅਖੇ ਉਹਦੇ ਕੋਲ ਗੁਰਬਾਣੀ ਦੀਆਂ ਪੋਥੀਆਂ ਲੈਣ ਗਏ ਸਨ। ਪੰਜਾਹ ਕਿਲੋ ਮੀਟਰ ਨੰਗੇ ਪੈਰੀ਼, ਪੰਜਵੇ ਨਾਨਕ ਨੂੰ ਟੋਰ ਕੇ ਗੋਇੰਦਵਾਲ ਵਿਖੇ ਉਸ ਚੁਬਾਰੇ ਲਾਗੇ ਜ਼ਮੀਨ ਤੇ ਬੈਠ ਕੇ ਸ਼ਬਦ ਗਾਇਆ–"ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥" ਇਸਦਾ ਮਤਲਬ ਇਹ ਹੋਇਆ ਕਿ ਪੰਜਵੇਂ ਨਾਨਕ ਕੋਲ ਗੁਰਬਾਣੀ ਦਾ ਖਜ਼ਾਨਾ ਨਹੀਂ ਸੀ। ਉਹਨਾਂ ਤੋਂ ਪਹਿਲੇ ਗੁਰਵਿਅਕਤੀਆਂ ਨੇ ਅਜਿਹੀ ਕੋਈ ਗਲਤੀ ਕੀਤੀ ਕਿ ਗੁਰਬਾਣੀ ਮੋਹਣ ਵਰਗੇ ਗਲਤ ਬੰਦਿਆਂ ਦੇ ਕਬਜ਼ੇ ਵਿੱਚ ਚਲੀ ਗਈ। ਜਿਸ ਕਾਰਨ ਪੰਜਵੇਂ ਨਾਨਕ ਨੂੰ "ਕਮਲੇ ਸਾਧ" (ਮੋਹਣ) ਦੇ ਤਰਲੇ ਕਰਨੇ ਪਏ। ਫਿਰ ਪੰਜਵੇਂ ਸਤਿਗੁਰਾਂ "ਬਾਣੀ ਇਕੱਤਰ ਕੀਤੀ" ਬਾਰ ਬਾਰ ਲਿਖਿਆ ਜਾ ਰਿਹਾ ਹੈ। ਪਹਿਲੋਂ ਬਾਣੀ ਕਿੱਥੇ ਖਿਲਰੀ ਪਈ ਸੀ ? ਸਾਰੇ ਗੁਰ ਵਿਅਕਤੀਆਂ ਨੂੰ "ਸਿੱਧੜ" ਜਿਹੇ ਸੇਵਾਦਾਰ ਬਣਾਕੇ ਤਾ ਖੂਬ ਪੇਸ਼ ਕੀਤਾ ਜਾ ਰਿਹਾ ਹੈ। ਗਿਆਨਵਾਨ, ਦੂਰਅੰਦੇਸ਼, ਸਮੇਂ ਦੀ ਚਾਲ ਨੂੰ ਪਛਾਨਣ ਵਾਲੇ, ਇੱਕ ਨਵੇਂ ਧਰਮ, ਨਵੀਂ ਕੌਮ, ਨਵੀਂ ਸਭਿਅਤਾ ਦੀ ਉਸਾਰੀ ਕਰਨ ਵਾਲੇ, ਹਰਗਿਜ਼ ਪੇਸ਼ ਨਹੀਂ ਕੀਤਾ ਗਿਆ।

ਛੇਵੇਂ ਨਾਨਕ ਦੀ ਸਿੱਖਿਆ ਬਾਰੇ ਕੋਈ ਵਿਸਥਾਰ ਨਹੀਂ ਮਿਲਦਾ। ਸੱਤਵੇਂ ਅੱਠਵੇਂ ਨਾਨਕ ਬਾਰੇ ਇਤਿਹਾਸ ਖਾਮੋਸ਼ ਹੈ। ਨੌਵੇਂ ਨਾਨਕ ਨਾਲ ਖੂਬ ਧ੍ਰੋਹ ਕਮਾਇਆ ਗਿਆ ਹੈ। ਅਖੇ ਜੀ "ਬਾਬਾ ਤੇਗਾ" ਛੱਬੀ ਸਾਲ ਤੋਂ ਭੋਰੇ ਵਿੱਚ ਵੜ ਕੇ ਤਪੱਸਿਆ ਕਰ ਰਿਹਾ ਹੈ।" ਭਲਾ ਹੋਵੇ ਨੇਕ ਗੁਰਸਿੱਖ ਭਾਈ ਮੱਖਣ ਸ਼ਾਹ ਜੀ ਦਾ, ਜਿਸਨੇ "ਯੁਕਤੀ" ਵਰਤ ਕੇ ਗੁਰੂ ਦੀ ਪਛਾਣ ਕਰ ਲਈ। ਜੇ ਕਿਤੇ ਉਹ ਗੁਰੂ ਲੱਭਕੇ ਨਾਂ ਲਿਆਉਂਦਾ ਸਿੱਖੀ ਦਾ ਤਾਂ ਸਮਝੋ ਭੋਗ ਹੀ ਪੈ ਗਿਆ ਸੀ। ਗੁਰੂ ਹਰਿਕ੍ਰਿਸ਼ਨ ਜੀ ਭੀ ਗਲਤੀ ਕਰ ਗਏ, ਜਦੋਂ ਉਹਨਾਂ, ਸਿੱਖਾਂ ਨੂੰ ਸਪੱਸ਼ਟ ਨਾ ਦੱਸਿਆ ਕਿ ਅੱਗੋਂ ਗੁਰੂ ਕੌਣ ਹੈ। ਜਦੋਂ ਕਿ ਅਸਲੀਅਤ ਇਹ ਹੈ ਕਿ ਬਾਬਾ ਤੇਗ ਬਹਾਦਰ 21–3–1664 ਨੂੰ ਖੁਦ ਦਿੱਲੀ ਵਿੱਚ ਅੱਠਵੇਂ ਨਾਨਕ ਨੂੰ ਮਿਲੇ ਸਨ। ਉਥੇ ਹੀ ਸਾਰੀਆਂ ਸੰਗਤਾਂ ਦੇ ਸਾਹਮਣੇ ਗੁਰਗੱਦੀ ਦਾ ਫੈਸਲਾ ਸੁਣਾ ਦਿੱਤਾ ਗਿਆ ਸੀ।

ਬਾਲਕ ਗੋਬਿੰਦ ਰਾਏ ਦੀ ਸਿੱਖਿਆ ਦੀ ਕੋਈ ਟੋਹ ਨਹੀਂ ਮਿਲਦੀ। ਗੁਰਬਾਣੀ, ਅਰਬੀ, ਫਾਰਸੀ, ਸੰਸਕ੍ਰਿਤ, ਘੋੜ ਸਵਾਰੀ, ਤੀਰ ਅੰਦਾਜ਼ੀ, ਨੇਜ਼ਾ ਬੰਦੂਕ ਤੇਗ ਤਲਵਾਰ ਕਦੋਂ ਸਿੱਖੇ, ਕੋਈ ਜ਼ਿਕਰ ਨਹੀਂ। ਸਭ ਕੁਝ ਸਿੱਖਣ ਵਕਤ, ਜੋ ਕੁਝ ਉਹ ਕਰਦੇ ਦਰਸਾਏ

ਗਏ ਹਨ, ਉਹ ਹੈ ਨੌਜਵਾਨ ਲੜਕੀਆਂ ਦੇ ਘੜੇ ਭੰਨਣ ਦਾ ਸ਼ੁਗਲ। ਮਾਤਾ ਗੁਜਰੀ ਜੀ ਕੋਲ ਇਸ "ਸ਼ਰਾਰਤ" ਦੀ ਸ਼ਕਾਇਤ ਹੋਣ ਤੇ ਮਾਤਾ ਜੀ ਨੇ ਆਪਣੇ "ਕਾਕੇ" ਨੂੰ ਸਮਝਾਉਣ ਦੀ ਥਾਂਵੇ, ਬੇਬਸ ਕੁੜੀਆਂ ਨੂੰ ਲੋਹੇ ਦੀਆਂ ਗਾਗਰਾਂ ਖ੍ਰੀਦ ਦਿੱਤੀਆਂ। ਅਖੇ ਇਹਨਾਂ ਤੇ ਗੁਲੇਲਾਂ ਮਾਰ ਨਹੀਂ ਕਰ ਸਕਣਗੀਆਂ। "ਕੁਰਾਹੇ" ਪਏ ਬਾਲਕ ਗੋਬਿੰਦ ਰਾਏ ਨੇ ਤੀਰ ਕਮਾਨ ਲੈ ਕੇ ਗਾਗਰਾਂ ਵਿੰਨਣੀਆਂ ਸ਼ੁਰੂ ਕਰ ਦਿੱਤੀਆਂ। ਫਿਰ ਉਹਨਾਂ ਬੀਬੀਆਂ ਨੇ ਕੀ ਕੀਤਾ ? "ਇਤਿਹਾਸ" ਮੋਨਧਾਰੀ ਹੈ। ਸ਼ਰਮ ਦੀਆਂ ਮਾਰੀਆਂ ਸ਼ਾਇਦ ਬਾਹਰ ਹੀ ਨਿਕਲਣੋਂ ਹਟ ਗਈਆਂ ਹੋਣ। ਹਾਂ ਮਾਤਾ ਗੁਜਰੀ ਜੀ ਨੇ ਖੂਹ ਦਾ ਪਾਣੀ ਖਾਰਾ ਹੋਣ ਦਾ "ਸਰਾਪ" ਦੇ ਦਿੱਤਾ ਸੀ। ਲੜਕੀਆਂ ਪਾਣੀ ਲੈਣ ਆਉਣੋ ਹੀ ਹਟ ਗਈਆਂ। ਪਰ ਗੋਬਿੰਦ ਰਾਏ ਨਾ ਹਟੇ.....। ਅਚਨਚੇਤੀ ਗੋਬਿੰਦ ਰਾਏ ਜੀ ਨੂੰ ਗੱਦੀ ਸੰਭਾਲ ਕੇ ਨੌਵੇਂ ਨਾਨਕ "ਸ਼ਹੀਦੀ ਦੇਣ ਲਈ" (?) ਦਿੱਲੀ ਨੂੰ ਚਲੇ ਗਏ। ਇਸ ਸਾਰੇ ਅਖੌਤੀ ਪ੍ਰਚਲਤ "ਇਤਿਹਾਸ" ਵਿੱਚ ਕੇਵਲ "ਸੇਵਾ" ਜਾਂ "ਸ਼ਰਾਰਤਾਂ" ਦਾ ਬੜਾ ਜ਼ਿਕਰ ਹੈ। ਗੁਰਗੱਦੀ ਤੇ ਬਿਰਾਜਮਾਨ ਗੁਰਵਿਅਕਤੀ ਅਪਣੇ ਉੱਤਰ ਅਧਿਕਾਰੀ ਦੀ ਤਿਆਰੀ ਵਾਸਤੇ ਕੋਈ ਉਚੇਚੇ ਜਤਨ ਨਹੀਂ ਕਰਦੇ ਸਨ ? ਕੇਵਲ ਬਰਤਣ ਸਾਫ ਕਰਨ ਨਾਲ, ਝਾੜੂ ਪੋਚਾ ਦੇਣ ਨਾਲ, ਲੰਗਰ ਪਕਾਉਣ ਨਾਲ..... ਇਤਨੀ ਆਤਮਕ ਉੱਚਤਾ ਹੋ ਸਕਦੀ ਹੈ ਕਿ ਸੇਵਾ ਤੋਂ ਤਰੁੱਠ ਕੇ ਗੁਰੂ ਨਾਨਕ ਪਾਤਿਸ਼ਾਹ ਦੀ ਰੱਬੀ ਬਖਸ਼ਿਸ਼ (ਗੁਰਗੱਦੀ) ਸਿੱਖ ਪੰਥ ਦੀ ਵਾਗ ਡੋਰ ਸੌਂਪੀ ਜਾ ਸਕੇ ? ਇੱਕ ਸਾਧਾਰਣ ਵਿਅਕਤੀ ਹਲ ਵਾਹ ਲਵੇ, ਮੱਝਾਂ ਸਾਂਭ ਲਵੇ, ਲੰਗਰ ਬਣਾ ਕੇ ਛਕਾ ਲਵੇ, ਜੰਗ ਯੁੱਧ ਵਿੱਚ ਤੇਗ ਵਾਹ ਸਕੇ......। ਪਰ ਇਹਨਾਂ ਕੰਮਾਂ ਕਰਕੇ ਉਹ ਇੰਨਾ ਮਹਾਨ ਹੋ ਸਕਦਾ ਹੈ, ਸਰਬ ਪੱਖੀ ਪ੍ਰਿਤਬਾ ਦਾ ਮਾਲਕ ਹੋ ਸਕਦਾ ਹੈ ? ਵੱਡੇ ਵੱਡੇ ਧਾਰਮਕ ਅਸਥਾਨਾਂ ਦੇ ਮੁਖੀਆਂ ਨਾਲ ਵਿਚਾਰ ਚਰਚਾ ਕਰਨੀ, ਆਪਣੇ ਧਰਮ ਦੇ ਅਸੂਲਾਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਦੂਜਿਆਂ ਨੂੰ ਸਮਝਾਉਣਾ ਕੀ ਛੋਟੀ ਜਿਹੀ ਗੱਲ ਹੈ ? ਸਮਾਜ ਦੇ ਤਰ੍ਹਾਂ ਤਰ੍ਹਾਂ ਦੇ ਸੁਭਾਅ ਵਾਲੇ ਲੋਕਾਂ ਨੂੰ ਸੰਤੁਸ਼ਟ ਕਰਕੇ, ਆਪਣੇ ਨਾਲ ਸਹਿਮਤ ਕਰ ਲੈਣਾ ਕੀ ਮਾਮੂਲੀ ਜਿਹੀ ਗੱਲ ਹੈ ? ਰਾਜੇ ਰਜਵਾੜਿਆਂ ਸਨਮੁੱਖ ਨਵਾਬਾਂ ਚੌਧਰੀਆਂ ਸਾਹਮਣੇ, ਬੇਬਾਕੀ ਨਾਲ ਵਿਚਾਰ ਚਰਚਾ ਕਰਨੀ, ਆਪਣੇ ਧਰਮ ਬਾਰੇ ਦੱਸਣਾ, ਸਮਾਜ ਤੇ ਹੋ ਰਹੇ ਜ਼ੁਲਮ ਨੂੰ ਹਾਕਮ ਸਨਮੁੱਖ ਰੱਖਣਾ......ਕੀ ਇਹ ਮਾਮੂਲੀ ਗੱਲਾਂ ਹਨ ? ਅਜਿਹੇ ਉੱਚੇ ਦਿਮਾਗ, ਸੁੱਚੇ ਜੀਵਨ ਵਾਲੇ ਵਿਅਕਤੀ ਕੇਵਲ "ਸੇਵਾ" ਦੀ ਬਦੌਲਤ ਤਿਆਰ ਕੀਤੇ ਜਾ ਸਕਦੇ ਹਨ ? ਨਵੇਂ ਨਵੇਕਲੇ ਅਗਾਂਹ ਵਧੂ, ਸੂਰਮੇ ਪਰਉਪਕਾਰੀ (ਸੰਤ ਸਿਪਾਹੀ ਜਾਂ ਗੁਰਮੁਖ) ਸ਼ਾਂਤੀ ਦੇ ਪੁੰਜ, ਚਰਖੜੀਆਂ ਤੇ ਚੜ੍ਹਨ ਵਾਲੇ, ਕਾਬਲ ਕੰਧਾਰ ਦੇ ਤਖ਼ਤਾਂ ਤਾਜਾਂ ਨੂੰ ਕਾਂਬਾ ਛੇੜ ਦੇਣ ਵਾਲੇ, ਇਨਸਾਨੀਅਤ ਦੇ "ਮਾਡਲ" ਸਿਰਫ ਕੁਝ ਕੁ ਸੇਵਾ ਕਰਕੇ

ਪ੍ਰਵਾਨ ਚੜ੍ਹ ਸਕਦੇ ਹਨ ? ਜੀ ਨਹੀਂ! ਇਸ ਵੱਡੀ ਪਲਾਨਿੰਗ (ਰੂਪ ਰੇਖਾ) ਲਈ ਹਜ਼ਾਰਾਂ ਮਨੁੱਖਾਂ ਨੂੰ ਬਹੁਪੱਖੀ ਸਿਖਲਾਈ ਦਿੱਤੀ ਗਈ। ਸਮੇਂ ਸਮੇਂ ਤੇ ਅਣਗਿਣਤ ਇਮਤਿਆਨ ਲਏ ਜਾਂਦੇ ਰਹੇ। ਸਾਰੇ ਵਿਸ਼ਿਆਂ ਵਿੱਚੋਂ ਸ਼੍ਰੋਮਣੀ ਦਰਜਾ ਹਾਸਲ ਕਰਨ ਵਾਲਾ (ਟਾਪ ਜਾਂ ਗੋਲਡ ਮੈਡਲਿਸਟ) ਗੁਰਮੁਖ ਜਨ ਗੁਰੂ ਨਾਨਕ ਦੀ ਗੱਦੀ ਦਾ ਵਾਰਿਸ ਥਾਪਿਆ ਗਿਆ। ਕੁੱਝ "ਘੱਟ ਨੰਬਰ ਲੈਣ ਵਾਲਿਆਂ ਨੂੰ ਦੇਸ਼ ਵਿਦੇਸ਼ ਵਿੱਚ, ਧਰਮ ਪ੍ਰਚਾਰਕਾਂ ਦੀ ਜ਼ਿੰਮੇਵਾਰੀ ਬਖ਼ਸ਼ੀ ਜਾਂਦੀ ਸੀ। ਗੁਰੂ ਨਾਨਕ ਪਰਉਪਕਾਰੀ ਜੀ ਨੇ ਜੋ ਮਨੁੱਖਤਾ ਲਈ ਲਾਸਾਨੀ ਕਾਰਜ ਕੀਤੇ ਕੀ ਉਹ "ਸੇਵਾ" ਨਹੀਂ ਸੀ ? ਹੱਥੀਂ ਸੇਵਾ ਕਰਨੀ ਜ਼ਿੰਦਗੀ ਦਾ ਇੱਕ ਪਹਿਲੂ ਹੈ, ਸਭ ਕੁੱਝ ਹੀ ਨਹੀਂ ਹੈ। ਸਦੀਆਂ ਤੋਂ ਵਿੱਦਿਆ ਵੱਲੋਂ ਸੱਖਣੇ, ਗਿਆਨਵਾਨ ਬਣਾਉਣਾ ਕੀ "ਸੇਵਾ" ਨਹੀਂ ਹੈ ? ਪਸ਼ੂਆਂ ਵਰਗਾ ਗੁਲਾਮੀ ਵਾਲਾ, ਗੈਰਤਹੀਣ ਜੀਵਨ ਬਤੀਤ ਕਰਨ ਵਾਲੇ, ਅਤੀ ਪਛੜੇ ਸਮਾਜ ਨੂੰ, ਧਰਮੀ ਪੁਰਸ਼ ਪਰਉਪਕਾਰੀ, ਸੂਰਮੇ, ਅਣਖ ਸਵੈਮਾਣ ਬਦਲੇ ਹੱਸ ਹੱਸ ਜਾਨਾਂ ਕੁਰਬਾਨ ਕਰਨ ਵਾਲੇ, ਸੰਚੇ ਵਿੱਚ ਤਬਦੀਲ ਕਰ ਦੇਣਾ ਕੀ "ਮਹਾਨ ਸੇਵਾ" ਨਹੀਂ ਹੈ ?

ਲੰਮਾ ਸਮਾਂ ਅਣਪੜ੍ਹ ਤੇ ਡਰਪੋਕ ਕਿਸਮ ਦੀ ਬਿਰਤੀ ਵਾਲੇ ਸਾਧਾਂ ਸੰਤਾਂ ਦਾ ਧਰਮ ਅਸਥਾਨਾਂ ਤੇ ਗਲਬਾ ਰਿਹਾ। ਉਹਨਾਂ ਜਿੱਥੇ ਹਿੰਦੂ ਪੌਰਾਣਕ ਕਥਾਵਾਂ ਦਾ ਕੂੜ੍ਹ ਕਬਾੜ ਵੱਡੇ ਪੱਧਰ ਤੇ ਗੁਰਮਤ ਵਿੱਚ ਦਾਖਲ ਕੀਤਾ, ਉਥੇ "ਸੇਵਾ" ਦਾ ਸੰਕਲਪ ਹੀ ਘੱਟੇ ਰੋਲ ਦਿੱਤਾ। ਕੁੱਝ ਮਾਇਆ ਜਾਂ ਅੰਨ ਬਸਤਰ ਗੁਰਦਵਾਰੇ ਅਰਪਣ ਕਰਨੇ, ਜਾਂ ਲੰਗਰ ਆਦਿ ਦੀ ਤਿਆਰੀ ਵਿੱਚ ਯੋਗਦਾਨ ਪਉਣਾ ਹੀ "ਸੇਵਾ" ਐਲਾਨੀ ਗਈ। ਜੇ ਕਿਸੇ ਦੋ ਕਦਮ ਅਗਾਂਹ ਪੁੱਟੇ ਤਾਂ ਸੰਤ ਬਾਬੇ ਦੀਆਂ ਲੱਤਾਂ ਬਾਹਵਾਂ ਘੁੱਟਣੀਆਂ, ਇਸ਼ਨਾਨ ਕਰਾਉਣਾ ਜਾਂ ਮਾਲਸ਼ਾਂ ਕਰਨੀਆਂ, ਤੱਕ ਪੁੱਜ ਗਏ। ਬਾਬਾ ਜੀ ਦੇ ਬਸਤਰ ਧੋ ਦੇਣੇ, ਮੰਜਾ ਬਿਸਤਰਾ ਸੈੱਟ ਕਰ ਦੇਣਾ, ਵਧੀਆ ਪਕਵਾਨ ਛਕਾ ਦੇਣੇ, ਵਾਲੀ "ਸੇਵਾ" ਪ੍ਰਮੁੱਖਤਾ ਧਾਰਨ ਕਰਦੀ ਗਈ। ਗੁਰਬਾਣੀ ਪੜ੍ਹਨੀ ਵਿਚਾਰਨੀ, ਗੁਣਾਂ ਭਰਪੂਰ ਜੀਵਨ ਬਣਾਉਣਾ ਸੇਵਾ ਵਾਲੇ ਖਾਨੇ ਵਿੱਚੋਂ ਅਲੋਪ ਹੁੰਦਾ ਚਲਾ ਗਿਆ। ਇਸਦਾ ਨਤੀਜਾ ਇਹ ਨਿਕਲਿਆ ਕਿ ਅੱਜ ਦਾ ਸਿੱਖ ਮਾਈ ਭਾਈ ਲੰਗਰ ਵਿੱਚ ਪਸੀਨੋ ਪਸੀਨੀ ਹੋਇਆ ਮਿਲ ਜਾਵੇਗਾ। ਸਾਈਕਲ ਸਕੂਟਰ ਸਾਂਭਣੇ ਜੋੜੇ ਪਾਲਿਸ਼ ਕਰਨੇ, ਪਾਣੀ ਪਿਲਾਣਾ, ਝਾੜੂ ਫੇਰਨਾ ਆਦਿ ਦੀ "ਪਵਿੱਤਰ ਸੇਵਾ" ਕਰਦਾ ਤਾਂ ਥੋਕ ਵਿੱਚ ਮਿਲ ਜਾਵੇਗਾ। ਗੁਰਬਾਣੀ ਨੂੰ ਸਮਝਣ ਸਮਝਾਉਣ ਵਾਲਾ, ਸਿੱਖ ਸਿੱਧਾਂਤਾਂ ਦੀ ਸਹੀ ਤਰਜਮਾਨੀ ਕਰਨ ਵਾਲਾ ਕੋਈ ਵਿਰਲਾ ਜਨ ਲੱਭੇਗਾ। ਇਸੇ ਲਈ ਗਿਆਨਵਾਨ ਬਹਾਦਰਾਂ ਦੀ ਸਿੱਖ ਕੌਮ, ਅੱਜ ਮੂੜ੍ਹਤਾ ਵਿੱਚ ਗਰਕ ਹੋਈ, ਕਾਇਰਤਾ ਵਿੱਚ ਡੁੱਬੀ, ਸੰਸਾਰ ਸਾਹਮਣੇ ਤਰਸ ਦੀ ਪਾਤਰ ਬਣੀ ਵੇਖੀ ਜਾ ਸਕਦੀ ਹੈ। ਜੋ ਸਿੱਖ ਪੰਥ

ਗਿਆਨ ਤੇ ਬਹਾਦਰੀ ਦੇ ਨਵੇਂ ਕੀਰਤੀਮਾਨ ਸਥਾਪਤ ਕਰਦਾ ਰਿਹਾ ਸੀ, ਅੱਜ ਉਹੀ "ਦੂਲਾ ਪੰਥ" ਮੜ੍ਹੀਆਂ ਕਬਰਾਂ ਦਾ ਪੁਜਾਰੀ, ਜਾਂ ਅੱਖਾਂ ਮੀਟੀ ਭੇਡਾਂ ਵਾਂਗ ਸਿਰ ਸੁੱਟੀ ਸਾਧਾਂ ਦੇ ਡੇਰਿਆ ਵੱਲ ਵਹੀਰਾਂ ਬੰਨ੍ਹੀ ਜਾ ਰਿਹਾ ਹੈ। ਧਾਗੇ ਤਵੀਤ ਜਾਦੂ ਮੰਤਰ, ਭੂਤ ਪ੍ਰੇਤ ਨਰਕ ਸੁਰਗ, ਤੀਰਥ ਵਰਤ, ਸ਼੍ਰਾਧ, ਮੱਸਿਆ ਪੁੰਨਿਆ, ਪਸ਼ੂਆਂ ਪੰਛੀਆਂ ਰੁੱਖਾਂ ਤੋਂ ਲੈ ਕੇ, ਬੰਦਿਆਂ ਤੱਕ ਸਭ ਦੀ ਪੂਜਾ ਕਰਦੇ "ਮੂੜ ਸਿੱਖ" ਆਮ ਵੇਖੇ ਜਾ ਸਕਦੇ ਹਨ। ਅਜਿਹੀ ਸੁਰਤੀ ਬਿਰਤੀ ਵਾਲੇ "ਸੇਵਕ" ਨੂੰ ਕਿਸੇ ਖੂਹ ਵਿੱਚ ਧੱਕਾ ਦੇ ਦਿਉ, ਉਹ ਕੋਈ ਉੱਜਰ ਨਹੀਂ ਕਰੇਗਾ। ਕਿਉਂਕਿ ਉਸਦੇ ਅੰਦਰੋਂ ਵਿਵੇਕਸ਼ੀਲਤਾ ਖ਼ਤਮ ਹੋ ਗਈ ਹੈ। ਅਣਖ ਗੈਰਤ ਮਰ ਚੁੱਕੀ ਹੈ, ਇਨਸਾਨੀਅਤ (ਗੁਰਸਿੱਖੀ) ਨੇੜੇ ਤੇੜੇ ਭੀ ਨਹੀਂ ਹੈ, ਇਸ ਲਈ ਉਸ ਨੂੰ ਜਿਸ ਖੁਰਲੀ ਤੇ ਬੰਨ ਕੇ ਪੱਠੇ ਪਾ ਦਿਉ, ਉਥੇ ਹੀ ਸੁਸ਼ੀਲ ਬਣਿਆ ਖਲੋਤਾ ਰਹੇਗਾ।

ਸਮਾਂ ਬੀਤਣ ਨਾਲ ਗਿਆਨ ਤੋਂ ਖਾਲੀ "ਸੇਵਾਦਾਰ" ਸ਼ੂਦਰ (ਨੀਚ) ਬਣ ਗਿਆ। ਵਿਹਲੜ ਬੰਦਾ ਸੇਵਾ ਕਰਵਾਉਣ ਵਾਲਾ, ਚਾਲਾਕ ਪੁਜਾਰੀ (ਸਾਧ ਸੰਤ) ਉੱਚਾ ਬਣ ਬੈਠਾ। ਨਾ ਸਮਝ ਸੇਵਕਾਂ ਦੀ ਕਿਰਤ ਕਮਾਈ, ਚਾਲਾਕ ਪੁਜਾਰੀਆਂ ਦੇ ਢਿੱਡੀ ਪੈਂਦੀ ਚਲੀ ਗਈ। ਨਾ ਸਮਝ ਸੇਵਕਾਂ ਦੇ ਬੱਚੇ ਭੁੱਖੇ ਵਿਲਕਣ ਲੱਗੇ ਤੇ ਸ਼ਾਤਰ ਸਾਧ ਲਾਣੇ ਦੀਆਂ ਸੱਤੇ ਖੈਰਾਂ। ਕਿਰਤੀਆ ਦੀ ਸਾਰੀ ਕਮਾਈ ਲੁੱਟ ਕੇ, ਬਾਬਿਆਂ ਨੇ ਉਸਨੂੰ ਅਗਲੇ ਜਨਮ ਦੇ ਸੁੱਖਾਂ ਦਾ ਪਰਵਾਨਾ ਦੇ ਦਿੱਤਾ। ਖੁਦ ਸੰਤ ਜੀ, ਇਸੇ ਜਨਮ ਵਿੱਚ ਬਿਨਾਂ ਡੱਕਾ ਦੋਹਰਾ ਕੀਤੇ, ਸਵਰਗਾਂ ਵਰਗਾ ਸੁੱਖ ਇਸੇ ਧਰਤੀ ਤੇ ਮਾਨਣ ਲੱਗੇ। ਜੇ ਸੇਵਾ ਬਹੁਤ ਚੰਗੀ ਹੈ ਤੇ ਸਾਧ ਸੰਤ ਤਾਂ ਸਰੀਰ ਨੂੰ ਤੱਤੀ ਹਵਾ ਨਹੀਂ ਲਗਣ ਦੇ ਰਹੇ। ਇਹ ਸਰੀਰਕ ਸੇਵਾ ਉਹਨਾਂ ਵਿਹਲੜਾ ਵਾਸਤੇ ਜ਼ਰੂਰੀ ਨਹੀਂ ਸੀ ? ਸੇਵਾ ਬਾਰੇ ਸਤਿਗੁਰੂ ਜੀ ਨੇ ਬਹੁਤ ਕੁੱਝ ਲਿਖਿਆ ਹੈ। ਕੁਝ ਪਰਮਾਣ ਹਾਜ਼ਰ ਹਨ –

**ਸੇਵ ਕੀਤੀ ਸੰਤੋਖਈ ਜਿਨੀ ਸਚੋ ਸਚੁ ਧਿਆਇਆ॥**
**ਓਨੀ ਦੁਨੀਆਂ ਤੋੜੇ ਬੰਧਨਾ ਅੰਨ ਪਾਣੀ ਥੋੜਾ ਖਾਇਆ॥**
**ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥ ...**(467)

ਸਤਿਗੁਰੂ ਜੀ ਸਮਝਾ ਰਹੇ ਹਨ; ਸੇਵਕ ਸੰਤੋਖੀ ਜੀਵਨ ਧਾਰਨ ਕਰੇ ਤੇ ਸੱਚ ਦੇ ਮਾਰਗ ਤੇ ਚੱਲੇ। ਸੇਵਕ ਦੁਨੀਆਂ ਦੇ ਗਲਤ ਬੰਧਨਾਂ ਰੁਕਾਵਟਾਂ ਨੂੰ ਤੋੜ ਦੇਵੇ, ਸੋਚਣੀ ਆਜਾਦ ਕਰ ਲਵੇ, ਸਰੀਰਕ ਸੁਆਦਾਂ ਪਿੱਛੇ ਹੀ ਨਾ ਪਿਆ ਰਹੇ। ਜ਼ਿੰਦਗੀ ਨੂੰ ਮੰਦੇ ਰਾਹ ਚੱਲ ਕੇ ਬਰਬਾਦ ਨਾ ਕਰ ਲਵੇ, ਇੱਕ ਕਦਮ ਭੀ ਗਲਤ ਪਾਸੇ ਨਾ ਟੁਰੇ। ਸੇਵਕ ਉਹ ਹੈ ਜੋ ਸੁਕ੍ਰਿਤ, ਨੇਕ ਕਮਾਈ ਕਰਦਿਆਂ ਆਪਣੇ ਪ੍ਰਵਾਰ ਦੀ ਸੰਭਾਲ ਕਰਦਾ ਹੈ। ਇਸ ਨੇਕੀ

ਵਾਲੇ ਰਾਹ ਤੇ ਚਲਣ ਵਾਲਾ ਪੂਰੀ ਤਰ੍ਹਾਂ ਧਰਮੀ ਇਨਸਾਨ ਮੰਨਿਆ ਜਾਵੇਗਾ।

ਹੋਰ ਫੁਰਮਾਨ ਹੈ :-

**ਸੋਈ ਸੇਵਕ ਜੋ ਸਤਿਗੁਰ ਸੇਵੇ ਚਲੈ ਸਤਿਗੁਰ ਭਾਏ॥**
**ਸਚਾ ਸਬਦ ਸਿਫਤ ਹੈ ਸਚੀ ਸਚਾ ਮੰਨਿ ਵਸਾਏ॥** (753)

ਅਸਲੀ ਸੇਵਕ ਉਹ ਹੈ ਜੋ ਸਤਿਗੁਰੂ ਦੇ ਉਪਦੇਸ਼ ਨੂੰ ਸਦਾ ਚੇਤੇ ਰੱਖਦਾ ਹੈ। ਇਸੇ ਲਈ ਉਹ ਸਤਿਗੁਰੂ ਜੀ ਦੀ ਦੱਸੀ ਬਿਧੀ ਮੁਤਾਬਕ ਜ਼ਿੰਦਗੀ ਜਿਉਂਦਾ ਹੈ। ਗੁਰੂ ਦਾ ਉਪਦੇਸ਼ ਸੱਚਾ ਹੈ ਉਹ ਸਿੱਖ ਨੂੰ ਕੁਰਾਹੇ ਨਹੀਂ ਪਾਉਂਦਾ, ਇਹੀ ਸਤਿਗੁਰੂ ਦੀ ਸੱਚੀ ਵਡਿਆਈ ਹੈ। ਫਿਰ ਸੱਚਾ ਅਕਾਲ ਪੁਰਖ ਸਦਾ ਵਾਸਤੇ ਸੇਵਕ ਸਿੱਖ ਦੇ ਹਿਰਦੇ ਵਿੱਚ ਬਸ ਜਾਂਦਾ ਹੈ। ਸੇਵਕ ਥਿੜਕਦਾ ਨਹੀਂ ਹੈ, ਜ਼ਿੰਦਗੀ ਸਫਲੀ ਕਰ ਲੈਂਦਾ ਹੈ।

ਹੋਰ–

**ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ॥**
**ਸਤਿਗੁਰੁ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਬਿਕਾਰੁ॥** (65)

ਹੇ ਭਾਈ ਉਹ ਮਨੁੱਖ ਸੱਚੇ ਹਨ ਵਿਕਾਰਾਂ ਦੀ ਮੈਲ ਤੋਂ ਰਹਿਤ ਹਨ, ਜਿਨ੍ਹਾਂ ਨੂੰ ਸਤਿਗੁਰੂ ਨਾਲ ਦਿਲੀ ਪਿਆਰ ਹੈ। ਕਿਉਂਕਿ ਉਹ ਸਤਿਗੁਰੂ ਦਾ ਹੁਕਮ ਮੰਨਕੇ ਜ਼ਿੰਦਗੀ ਬਤੀਤ ਕਰਦੇ ਹਨ। ਵਿਕਾਰਾਂ ਵਾਲਾ ਜ਼ਹਿਰ ਭਰਿਆ ਜੀਵਨ ਤਿਆਗ ਦਿੰਦੇ ਹਨ। ਹੋਰ ਵੇਖੋ –

**ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥**
**ਸਬਦਿ ਮਰਹਿ ਫਿਰਿ ਨਾ ਮਰਹਿ ਤਾ ਸੇਵਾ ਪਵੈ ਸਭ ਥਾਇ॥** (649)

ਸਤਿਗੁਰੂ ਵੱਲੋਂ ਬਖਸ਼ੀ ਜੀਵਨ ਸੇਧ ਬਹੁਤ ਔਖੀ ਹੈ, ਆਪਣੀ ਮੱਤ, ਆਪਣਾ ਆਪਾ ਪੂਰੀ ਤਰ੍ਹਾਂ ਛੱਡਣਾ ਪੈਂਦਾ ਹੈ। ਗੁਰੂ ਦੇ ਹੁਕਮ ਨੂੰ ਮੰਨ ਕੇ ਵਿਕਾਰਾਂ ਵੱਲੋਂ ਮਨ ਨੂੰ ਮਾਰ ਲੈਣ, ਫਿਰ ਉਹਨਾਂ ਦੀ ਆਤਮਕ ਮੌਤ ਨਹੀਂ ਹੋਵੇਗੀ। ਅਜਿਹੇ ਗੁਰਸਿੱਖਾਂ ਦੀ ਸੇਵਾ ਫਿਰ ਪਰਵਾਨ ਹੋਈ ਮੰਨੀ ਜਾਵੇਗੀ। ਭਾਈ ਗੁਰਦਾਸ ਜੀ ਦਾ ਵਾਕ –

**ਜਗ ਭੋਗ ਨਈਵੇਦ ਲਖ, ਗੁਰਮੁਖਿ ਮੁਖਿ ਇਕੁ ਦਾਣਾ ਪਾਇਆ॥**
**ਗੁਰ ਭਾਈ ਸੰਤੁਸਟ ਕਰਿ, ਗੁਰਮੁਖਿ ਸੁਖ ਫਲੁ ਪਿਰਮ ਰਖਾਇਆ॥** (7-13)

ਭਾਈ ਸਾਹਿਬ ਜੀ ਦੱਸ ਰਹੇ ਹਨ; ਕਿ ਲੋਕੀ ਜੱਗ ਕਰਦੇ ਹਨ, ਦੇਵਤਿਆਂ ਨਮਿਤ, ਮੂਰਤੀਆਂ ਨੂੰ, ਪੁਜਾਰੀਆਂ ਨੂੰ, ਭੋਗ ਲਵਾਉਂਦੇ ਹਨ। ਅਜਿਹੇ ਲੱਖਾਂ ਭਰਮ ਰੂਪ ਕੰਮ ਕਰਦੇ ਹਨ। ਮਨੁੱਖਤਾ ਲਈ ਆਪਾ ਵਾਰਨ ਵਾਲੇ, ਪਰਉਪਕਾਰੀ ਗੁਰਸਿੱਖ ਨੂੰ, ਇੱਕ ਦਾਣਾ (ਭਾਵ ਥੋੜਾ ਜਿੰਨਾ) ਛਕਾਇਆ, ਹੋਰ ਸਭ ਕਰਮਾਂ ਤੋਂ ਉੱਤਮ ਹੈ। ਆਪਣੇ ਆਲੇ

ਦੁਆਲੇ ਰਹਿ ਰਹੇ ਗੁਰਸਿੱਖਾਂ ਦੀ ਹਰ ਤਰ੍ਹਾਂ ਸਹਾਇਤਾ ਕੀਤੀ ਜਾਵੇ। ਲੋੜਵੰਦਾਂ ਦੀ ਕੀਤੀ ਗਈ ਨਿਸ਼ਕਾਮ ਸੇਵਾ, ਪ੍ਰਭੂ ਪ੍ਰਮਾਤਮਾ ਦੀ ਹੀ ਸੇਵਾ ਹੈ। ਇਹੀ ਸੇਵਾ ਹੈ ਜੋ ਪਰਮ ਸੁਖ ਦਿੰਦੀ ਹੈ।

ਅਨੇਕਾਂ ਡੇਰਿਆ ਤੇ ਗਿਆਨ ਰਹਿਤ ਸ਼ਰਧਾਲੂ ਮਹੀਨਿਆਂ ਬੱਧੀ, ਸਾਲਾਂ ਬੱਧੀ, ਕਈ ਵਾਰੀ ਉਮਰ ਭਰ "ਕਾਰ ਸੇਵਾ" ਤੇ ਜੀਵਨ ਵਿਅਰਥ ਗਵਾਉਂਦੇ ਵੇਖੇ ਜਾ ਸਕਦੇ ਹਨ। ਜ਼ਮੀਨਾ, ਕੋਠੀਆਂ, ਬਾਗ, ਸਾਧਾਂ ਦੀ ਨਿੱਜੀ ਮਾਲਕੀ ਹੁੰਦੇ ਹਨ। "ਲਕੀਰ ਦੇ ਫਕੀਰ ਸ਼ਰਧਾਲੂ, ਦਿਨ ਰਾਤ ਮਿੱਟੀ ਨਾਲ ਮਿੱਟੀ ਹੋਕੇ "ਸੇਵਾ ਕਰਦਿਆਂ ਜਨਮ ਸਫਲਾ" ਕਰ ਰਹੇ ਹੁੰਦੇ ਹਨ। ਸਿਰ ਸ਼ਰਮ ਨਾਲ ਝੁਕ ਜਾਂਦਾ ਹੈ ਜਦੋਂ ਸ਼ਰਧਾਵਾਨ ਬੀਬੀਆਂ "ਪੁੱਤਰ ਦੀ ਦਾਤ" ਪ੍ਰਾਪਤ ਕਰਨ ਵਾਸਤੇ ਆਪਣੀਆਂ ਭੋਲੀਆਂ ਨੂੰਹਾਂ, ਧੀਆਂ ਨੂੰ ਡੇਰੇਦਾਰਾਂ ਦੀ "ਸੇਵਾ" ਵਿੱਚ ਜਾ ਹਾਜ਼ਰ ਕਰਦੀਆਂ ਹਨ। ਦਿਨ ਰਾਤ ਲੰਮਾ ਸਮਾਂ ਡੇਰੇਦਾਰ ਸਾਧ (ਅਸਲ ਵਿੱਚ ਸਾਨ੍ਹ) ਦੀ "ਪਵਿੱਤਰ ਸੇਵਾ ਕਰਦਿਆਂ, ਪੁੱਤਰ ਦੀ ਪ੍ਰਾਪਤੀ ਕਰ, ਖੁਸ਼ੀ ਨਾਲ ਝੋਲੀ ਭਰ ਲੈਂਦੀਆਂ ਹਨ।" ਅਜਿਹੀ "ਸੇਵਾ" ਵਿੱਚ ਗਰਕ ਹੋਏ, ਵੱਡੇ ਵੱਡੇ ਧਰਮੀ ਮੁਖੌਟਿਆਂ ਵਾਲੇ, ਸਰਕਾਰੇ ਦਰਬਾਰੇ ਅਸਰ ਰਸੂਖ ਰੱਖਣ ਵਾਲੇ, ਵੱਡੇ ਧਨ ਕੁਬੇਰ ਮੱਠਾਧਾਰੀ ਡੇਰੇਦਾਰ" ਅੰਨ੍ਹੇ ਸ਼ਰਧਾਲੂਆਂ ਦੀ ਹਰ ਪ੍ਰਕਾਰ, ਬੇਦਰਦੀ ਨਾਲ ਲੁੱਟ ਕਰਦੇ ਹਨ। ਸਤਿਗੁਰੂ ਜੀ ਤਾਂ ਗੁਰ ਉਪਦੇਸ਼ ਮੁਤਾਬਕ ਜ਼ਿੰਦਗੀ ਬਤੀਤ ਕਰਨ ਨੂੰ ਹੀ ਸਰਬੋਤਮ ਐਲਾਨਦੇ ਹਨ। ਸ਼ਬਦ ਪੜ੍ਹੋ –

**ਕੋਟਿ ਮਜਨ ਜਾਕੈ ਸੁਣਿ ਨਾਮ॥ ਕੋਟਿ ਪੂਜਾ ਜਾਕੈ ਹੈ ਧਿਆਨ॥**
**ਕੋਟਿ ਪੁੰਨੁ ਸੁਣਿ ਹਰਿ ਕੀ ਬਾਣੀ॥ ਕੋਟਿ ਫਲਾ ਗੁਰ ਤੇ ਬਿਧਿ ਜਾਣੀ॥**
**ਮਨੁ ਅਪੁਨੇ ਮਹਿ ਫਿਰਿ ਫਿਰਿ ਚੇਤ॥ ਬਿਨਸਿ ਜਾਹਿ ਮਾਇਆ ਕੇ ਹੇਤ॥** (238)

ਪਾਤਿਸ਼ਾਹ ਸਮਝਾ ਰਹੇ ਹਨ – ਕਰੋੜਾਂ ਤੀਰਥਾਂ ਦਾ ਪੁੰਨ ਸਤਿਗੁਰੂ ਦੇ ਗਿਆਨ ਵਿੱਚ ਹੈ। ਕਰੋੜਾਂ ਪ੍ਰਕਾਰ ਦੀ ਪੂਜਾ ਅਰਚਣਾ ਗੁਰ ਉਪਦੇਸ਼ ਨੂੰ ਧਿਆਨ ਨਾਲ ਸੁਣਨ ਵਿੱਚ ਹੈ। ਕਰੋੜਾਂ ਹੀ ਪੁੰਨ ਦਾਨ ਨਾਲੋਂ ਜ਼ਿਆਦਾ ਮਹਾਤਮ ਹਰੀ ਜਸ (ਗੁਰਉਪਦੇਸ਼) ਸੁਣ ਲੈਣ ਵਿੱਚ ਹੀ ਹੈ। ਕਰੋੜਾਂ ਹੀ ਫਲਾਂ ਦੀ ਪ੍ਰਾਪਤੀ ਸਤਿਗੁਰੂ ਜੀ ਤੋਂ, ਜੀਵਨ ਜਿਉਣ ਦੀ ਜਾਚ ਸਿੱਖ ਲੈਣ ਵਿੱਚ ਹੈ। ਹੇ ਮਨੁੱਖ ਮੁੜ ਮੁੜ ਆਪਣੇ ਅੰਦਰ ਝਾਤੀ ਮਾਰ, ਕਿ ਤੂੰ ਕੀ ਕਰ ਰਿਹਾ ਹੈਂ। ਜਦੋਂ ਤੈਨੂੰ ਆਪਣੇ ਕੀਤੇ ਗਲਤ ਕੰਮਾਂ ਦੀ ਸਮਝ ਆ ਜਾਵੇਗੀ, ਫਿਰ ਤੂੰ ਸੱਚਾ ਰਾਹ ਅਖਤਿਆਰ ਕਰ ਲਵੇਂਗਾ। ਅਗਿਆਨਤਾ ਵਿੱਚ "ਧਰਮ ਕਰਮ" ਜਾਣਕੇ ਜੋ ਕੁੱਝ ਤੂੰ ਕਰਦਾ ਆ ਰਿਹਾ ਹੈਂ ਇਹ ਸਹੀ ਨਹੀਂ ਹੈ। ਮੁੜ ਮੁੜ ਗਲਤੀ ਨਾ ਕਰ, ਗੁਰੂ ਦੀ ਬਾਣੀ, ਪੜ੍ਹ ਵਿਚਾਰ ਕੇ ਗਿਆਨਵਾਨ ਬਣ। ਜਿਸ ਨੂੰ ਤੂੰ ਸੇਵਾ ਮੰਨੀ ਬੈਠਾ ਹੈ, ਇਹ

ਅਸਲੀ ਸੇਵਾ ਨਹੀਂ ਹੈ। ਵੱਡੇ ਵੱਡੇ ਸਈਆਦ (ਸ਼ਿਕਾਰੀ) ਥਾਂ ਥਾਂ ਜਾਲ ਲਾਈ, ਚੋਗ ਖਿਲਾਰ ਕੇ ਭੋਲੇ ਜੀਵ ਵਾਂਗ ਤੇਰੀ ਉਡੀਕ ਕਰ ਰਹੇ ਹਨ। ਤੈਨੂੰ ਪਤਾ ਭੀ ਨਹੀਂ ਲਗਦਾ ਕਿ ਤੂੰ ਸਾਰੇ ਪਾਸਿਆਂ ਤੋਂ ਜਕੜਿਆ ਜਾ ਚੁੱਕਾ ਹੈ।

ਆਖਰੀ ਨਿਚੋੜ –

**ਗੁਰਸਿੱਖਾਂ ਅੰਦਰ ਸਤਿਗੁਰੁ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥**
**ਵਿਣੁ ਸਤਿਗੁਰ ਕੇ ਹੁਕਮੈ ਜਿ ਗੁਰਸਿਖਾਂ ਪਾਸਹੁ ਕੰਮੁ ਕਰਾਇਆ ਲੋੜੇ,**
**ਤਿਸੁ ਗੁਰਸਿਖੁ ਫਿਰਿ ਨੇੜਿ ਨ ਆਵੈ॥**
**ਜਿ ਠਗੀ ਆਵੈ, ਠਗੀ ਉਠਿ ਜਾਇ, ਤਿਸੁ ਨੇੜੇ ਗੁਰਸਿਖੁ ਮੂਲਿ ਨ ਆਵੈ॥** (317)

ਸਤਿਗੁਰੂ ਜੀ ਸਿਰੇ ਦੀ ਵਿਚਾਰ ਬਖਸ਼ਦਿਆਂ ਸੋਝੀ ਦੇ ਰਹੇ ਹਨ, ਕਿ ਭਾਈ ਸਤਿਗੁਰੂ ਦੀ ਇੱਛਾ ਤੋਂ ਬਿਨਾਂ, ਜੇ ਕੋਈ ਚਾਲਾਕ ਆਦਮੀ ਸ਼ਰਧਾਵਾਨ ਸਿੱਖਾਂ ਤੋਂ ਵਗਾਰ ਕਰਾਵੇ, ਆਪਣੇ ਨਿੱਜੀ ਫਾਇਦੇ ਵਾਲੇ ਕੰਮ ਕਰਾਵੇ, ਉਸ ਆਦਮੀ ਤੋਂ ਸੁਚੇਤ ਰਹੋ, ਬਚੋ। ਅਜਿਹੇ ਠੱਗ ਲੋਕ ਤਰ੍ਹਾਂ ਤਰ੍ਹਾਂ ਦੇ ਧਾਰਮਕ ਭੇਖ ਬਣਾਕੇ ਭੋਲੇ ਸਿੱਖਾਂ ਨੂੰ ਬੇਰਹਿਮੀ ਨਾਲ ਲੁੱਟ ਰਹੇ ਹਨ, ਇਹਨਾਂ ਦੇ ਨੇੜੇ ਨਾ ਜਾਇਓ। ਜੋ ਪਰਉਪਕਾਰ ਦੀ ਭਾਵਨਾ ਨਾਲ ਮਨੁੱਖਤਾ ਦੀ ਸੇਵਾ ਖੁਦ ਕਰਦਾ ਹੈ, ਤੇ ਪਿਆਰ ਨਾਲ ਦੂਜਿਆਂ ਨੂੰ ਸੇਵਾ ਲਈ ਪ੍ਰੇਰਦਾ ਹੈ, ਉਹ ਨੇਕ ਇਨਸਾਨ ਹੈ। ਉਸਤੇ ਸਤਿਗੁਰੂ ਖੁਸ਼ੀ ਪ੍ਰਗਟ ਕਰਦਾ ਹੈ। ਜੋ ਸਿੱਖਾਂ ਨੂੰ ਪਿਆਰ ਕਰੇਗਾ, ਸਤਿਗੁਰੂ ਉਸੇ ਨੂੰ ਪਿਆਰ ਕਰੇਗਾ, ਇਹ ਆਖਰੀ ਫ਼ੈਸਲਾ ਹੈ।

ਸੇਵਾ ਬਾਰੇ ਇਕ ਹੋਰ ਸ਼ਬਦ ਲਿਖ ਕੇ ਸਮਾਪਤ ਕਰਦੇ ਹਾਂ। ਪੜ੍ਹੋ –

**ਸਾ ਸੇਵਾ ਕੀਤੀ ਸਫਲ ਹੈ, ਜਿਤੁ ਸਤਿਗੁਰ ਕਾ ਮਨੁ ਮੰਨੇ॥**
**ਜਾ ਸਤਿਗੁਰ ਕਾ ਮਨ ਮੰਨਿਆ, ਤਾ ਪਾਪ ਕਸੰਮਲ ਭੰਨੇ॥**
**ਉਪਦੇਸੁ ਜਿ ਦਿਤਾ ਸਤਿਗੁਰੂ, ਸੋ ਸੁਣਿਆ ਸਿਖੀ ਕੰਨੇ॥**
**ਜਿਨ ਸਤਿਗੁਰ ਕਾ ਭਾਣਾ ਮੰਨਿਆ, ਤਿਨ ਚੜੀ ਚਵਗਣਿ ਵੰਨੇ॥**
**ਇਹ ਚਾਲ ਨਿਰਾਲੀ ਗੁਰਮੁਖੀ, ਗੁਰ ਦੀਖਿਆ ਸੁਣਿ ਮਨੁ ਮੰਨੇ॥** (314)

# ਬਾਬਾ ਬੰਦਾ ਸਿੰਘ ਬਹਾਦਰ - ਬੰਦਈ, ਕਿ ਤੱਤ ਖਾਲਸਾ?

ਖਾਲਸਾ ਰਾਜ ਦੇ ਪਹਿਲੇ ਬਾਦਸ਼ਾਹ ਸੂਰਬੀਰ, ਸਿੱਖ ਫੌਜਾਂ ਦੇ ਮਹਾਨ ਜਰਨੈਲ, ਬਾਬਾ ਬੰਦਾ ਸਿੰਘ ਜੀ ਬਹਾਦਰ ਨੇ, ਸੀਮਤ ਜਿਹੇ ਸਮੇਂ ਵਿੱਚ, ਮਾਮੂਲੀ ਸਾਧਨਾ ਨਾਲ, ਬਿਖੜੇ ਹਾਲਾਤ ਵਿੱਚ, ਭਾਰਤ ਦੀ ਸ਼ਕਤੀਸ਼ਾਲੀ ਜਾਲਮ ਮੁਗਲ ਹਕੂਮਤ ਦੀਆਂ ਜੜਾਂ ਹਿਲਾ ਕੇ ਰੱਖ ਦਿੱਤੀਆਂ ਸਨ। ਇਹ ਸੰਸਾਰ ਦੀ ਗੌਰਵ ਵਾਲੀ, ਜਾਂਬਾਜ ਲੋਕਾਂ ਦੀ, ਵਚਿੱਤਰ ਗਾਥਾ ਹੈ। ਇੱਕ ਮਾਮੂਲੀ ਜਿਹੇ ਗੁਮਨਾਮ ਸਾਧੂ ਨੇ, ਦਸਮ ਪਿਤਾ ਹਜੂਰ ਦਾ ਥਾਪੜਾ ਲੈ ਕੇ, ਅੰਮ੍ਰਿਤ ਛਕਕੇ, ਜੋ ਬਹਾਦਰੀ ਦੇ ਮਾਣਮੱਤੇ ਕਾਰਨਾਮੇ ਕਰ ਵਿਖਾਏ, ਉਹ ਸੰਸਾਰ ਵਿੱਚ ਵਿਰਲੇ ਮਨੁੱਖਾਂ ਦੇ ਹਿੱਸੇ ਹੀ ਆਉਂਦੇ ਹਨ। **ਡਾਕਟਰ ਗੋਕਲ ਚੰਦ ਨਾਰੰਗ ਲਿਖਦਾ ਹੈ – "ਜਿਸ ਸੰਪੂਰਣ ਮਨੁੱਖ ਦੀ ਰੂਪ ਰੇਖਾ, ਗੁਰੂ ਨਾਨਕ ਸਾਹਿਬ ਨੇ ਤਿਆਰ ਕੀਤੀ। ਜਿਸਦੀ ਘਾੜਤ ਗੁਰੂ ਗੋਬਿੰਦ ਸਿੰਘ ਜੀ ਨੇ ਘੜੀ। ਉਹ ਸੰਪੂਰਣ ਮਨੁੱਖ ਬੰਦਾ ਸਿੰਘ ਹੀ ਸੀ। ਇਹ ਜ਼ਿੰਦਗੀ ਦਾ ਨਾਟਕ, ਭਾਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਲਿਖਿਆ, ਪਰ ਇਸਨੂੰ ਸੰਸਾਰ ਮੰਚ ਤੇ, ਸਫ਼ਲਤਾ ਸਹਿਤ, ਬੰਦਾ ਸਿੰਘ ਨੇ ਖੇਡਿਆ।"** ਬਾਬਾ ਜੀ ਅੰਤਮ ਸਮੇਂ ਤੱਕ, ਗੁਰੂ ਹੁਕਮਾਂ ਤੇ, ਪੂਰੀ ਸਿਦਕ ਦਿਲੀ ਨਾਲ, ਪਹਿਰਾ ਦਿੰਦੇ ਰਹੇ। ਜੋ ਸੇਵਾ ਉਹਨਾਂ ਨੂੰ ਸਤਿਗੁਰੂ ਜੀ ਨੇ ਸੌਂਪੀ ਸੀ, ਉਸਨੂੰ ਲੱਖ ਮੁਸੀਬਤਾਂ ਝੱਲਕੇ, ਸੀਸ ਤਲੀ ਤੇ ਰੱਖਕੇ ਲੜਦਿਆਂ, ਅਖੀਰ ਬੰਦ ਬੰਦ ਕਟਵਾ ਕੇ, ਸੂਰਬੀਰਤਾ ਦੀਆਂ ਅਨੇਕ ਮੰਜਿਲਾਂ ਉਤਾਂਹ ਚੜ੍ਹ ਗਏ।

ਬਾਬਾ ਜੀ ਬਾਰੇ ਬਹੁਤ ਲੇਖਕਾਂ ਨੇ ਕਲਮ ਚਲਾਈ ਹੈ। ਗੈਰ ਸਿੱਖਾਂ ਦੇ ਤਾਂ, ਪੱਖਪਾਤ ਦੀ ਐਨਕ ਲੱਗੀ ਹੋਈ ਸੀ ਹੀ, ਪਰ ਸਿੱਖ ਇਤਿਹਾਸਕਾਰਾਂ ਨੇ ਭੀ, ਦੇਸੀ ਬਦੇਸ਼ੀ ਗੈਰਸਿੱਖਾਂ ਦੇ ਗਲਤ ਪਰਭਾਵ ਨੂੰ ਹੀ ਕਬੂਲਿਆ। ਇਸੇ ਲਈ ਅਣਗਿਣਤ ਇਲਜ਼ਾਮ ਬਾਬਾ ਜੀ ਤੇ ਥੋਪ ਦਿੱਤੇ ਗਏ। ਜਿਸ ਸਤਿਕਾਰ ਦੇ, ਬਾਬਾ ਜੀ ਹੱਕਦਾਰ ਸਨ, ਸਾਡੇ ਇਤਿਹਾਸਕਾਰ ਉਹਨਾਂ ਨੂੰ, ਬਣਦਾ ਯੋਗ ਸਤਿਕਾਰ ਨਾਂ ਦੇ ਸਕੇ। ਬਾਬਾ ਬੰਦਾ ਸਿੰਘ ਜੀ ਬਾਰੇ, ਜਿੰਨੀਆਂ ਕਿਤਾਬਾਂ ਮਿਲ ਸਕਦੀਆਂ ਸਨ, ਲੇਖਕ ਨੇ ਉਹਨਾਂ ਸਾਰੀਆਂ ਨੂੰ ਗੁਰੂ ਸਿਧਾਂਤਾਂ ਦੇ ਪਰਿਪੇਖ ਵਿੱਚ ਰੱਖਕੇ, ਵਿਚਾਰਨ ਦਾ ਜਤਨ ਕੀਤਾ ਹੈ। ਜੋ ਕੁਝ ਬਾਬਾ ਜੀ ਬਾਰੇ, ਸਮਝ ਵਿੱਚ ਆ ਸਕਿਆ ਹੈ, ਉਹ ਨਿਵੇਕਲੇ ਨਜ਼ਰੀਏ ਤੋਂ, ਪਾਠਕਾਂ ਨਾਲ ਸਾਂਝਾ ਕਰਨ ਦਾ ਇਹ ਇੱਕ ਜਤਨ ਹੈ।

ਬਾਬਾ ਜੀ ਦੇ ਮੁਢਲੇ ਜੀਵਨ ਬਾਰੇ, ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਾਪ

ਬਾਰੇ, ਉਨੀ ਇੱਕੀ ਦੇ ਫਰਕ ਨਾਲ, ਲੱਗਭੱਗ ਸਾਰੇ ਲੇਖਕ ਇੱਕੋ ਜਿਹਾ ਲਿਖਦੇ ਹਨ। ਉਸ ਦੀਆਂ ਸ਼ਾਨਦਾਰ ਜਿੱਤਾਂ, ਯੁੱਧ ਦੇ ਅਨੋਖੇ ਦਾਅ ਪੇਚ, ਘੱਟ ਗਿਣਤੀ ਸਿੱਖਾਂ ਨਾਲ, ਥੋੜੇ ਸਾਧਨਾ ਨਾਲ, ਵੱਡੀ ਤੋਂ ਵੱਡੀ ਰਾਜਸੀ ਸ਼ਕਤੀ ਨੂੰ, ਜ਼ਰਜਰੀ ਕਰਨ ਦੇ ਸਮਰੱਥ ਹੋਣਾ। ਅੱਠ ਸਾਲ ਤੱਕ ਪੰਜਾਬ ਵਿੱਚ ਲਗਾਤਾਰ, ਜਿੱਤ ਦੇ ਝੰਡੇ ਝੁਲਾਉਂਦੇ ਜਾਣਾ, ਮਨੁੱਖਤਾ ਦੇ ਦੋਖੀਆਂ ਨੂੰ ਚੁਣਕੇ ਕਰਾਰੀਆਂ ਸਜਾਵਾਂ ਦੇਣੀਆਂ, ਆਦਿ ਬਾਰੇ ਭੀ ਇਤਿਹਾਸਕਾਰਾਂ ਵਿੱਚ ਕੋਈ ਗੰਭੀਰ ਮੱਤਭੇਦ ਨਹੀਂ ਹਨ।

ਬਾਬਾ ਜੀ ਦੀ ਸੁੱਚੀ ਸ਼ਖ਼ਸੀਅਤ ਨੂੰ ਦਾਗਦਾਰ ਕਰਨ ਵਾਸਤੇ, ਜੋ ਕਮੀਨੇ ਇਲਜਾਮ ਲਾਏ ਗਏ ਹਨ, ਉਹਨਾਂ ਵਿੱਚ ਜ਼ਿਆਦਾ ਉਹੀ ਹਨ, ਜਿਨ੍ਹਾਂ ਦਾ ਪ੍ਰਚਾਰ ਸਮੇਂ ਦੀ ਮੁਗਲ ਹਕੂਮਤ ਵੱਲੋਂ ਜ਼ੋਰ ਸ਼ੋਰ ਨਾਲ ਕਰ ਦਿੱਤਾ ਗਿਆ। ਜਦੋਂ ਕਿ ਬੰਦਾ ਸਿੰਘ ਦੀ ਇੱਕ ਭੀ ਲਿਖਤ ਅਜਿਹੀ ਨਹੀਂ ਮਿਲਦੀ ਜਿਸ ਤੋਂ ਕਿਸੇ ਦੋਸ਼ ਦੀ ਪੁਸ਼ਟੀ ਹੁੰਦੀ ਹੋਵੇ। ਦਰ ਅਸਲ ਬਾਬਾ ਜੀ ਦੀਆਂ ਜਿੱਤਾਂ ਤੋਂ, ਸਰਕਾਰ ਬੁਰੀ ਤਰ੍ਹਾ ਬੌਖਲਾ ਗਈ ਸੀ। ਬਾਦਸ਼ਾਹ ਬਹਾਦਰ ਸ਼ਾਹ, ਖੁਦ ਬੰਦਾ ਸਿੰਘ ਵਿਰੁੱਧ ਫੌਜਾਂ ਦੀ ਨਿਗਰਾਨੀ ਕਰਦਾ ਰਿਹਾ। ਇਥੋਂ ਦੇ ਵਿਗੜੇ ਹਾਲਾਤ ਵੇਖਕੇ, ਸਿੱਖਾਂ ਦੀ ਚੜ੍ਹਤ ਮਹਿਸੂਸ ਕਰਕੇ, ਉਸਨੂੰ ਡੋਬੂ ਪੈ ਰਹੇ ਸਨ। ਇਸੇ ਸਮੇਂ ਲਹੌਰ ਵਿੱਚ, ਸੀਆ ਤੇ ਸੁੰਨੀ ਮੁਸਲਮਾਨਾ ਦੇ ਫਸਾਦ ਭੜਕ ਪਏ। ਬਹਾਦਰ ਸ਼ਾਹ ਇੰਨਾ ਬੇਚੈਨ ਹੋਇਆ, ਕਿ ਉਸਨੇ ਹਾਸੋਹੀਣੇ ਹੁਕਮ ਦੇਣੇ ਸ਼ੁਰੂ ਕਰ ਦਿੱਤੇ। ਜਿਵੇਂ – "ਸਾਰੇ ਸ਼ਹਿਰ ਲਹੌਰ ਦੇ ਕੁੱਤੇ ਮਾਰ ਦਿਓ। ਸਾਰੇ ਕਿਤੋਂ ਮੰਗਤਿਆਂ ਤੇ ਫਕੀਰਾਂ ਨੂੰ ਫੜਕੇ ਜੇਲ੍ਹਾਂ ਵਿੱਚ ਬੰਦ ਕਰ ਦਿਓ, ਜਾਂ ਕਤਲ ਕਰ ਦਿਓ।" ਇਸ ਪਾਗਲਪਣ ਦੀ ਹਾਲਤ ਵਿੱਚ ਹੀ ਉਹ 27 ਨਵੰਬਰ 1712 ਨੂੰ ਲਹੌਰ ਵਿਖੇ ਮਰ ਗਿਆ।

ਤਖ਼ਤ ਪ੍ਰਾਪਤੀ ਵਾਸਤੇ, ਬਹਾਦਰ ਸ਼ਾਹ ਦੇ ਚਾਰੇ ਪੁਤਰਾਂ ਵਿੱਚ, ਖ਼ੂਬ ਤਲਵਾਰ ਚੱਲੀ। ਅੰਤ ਤਿੰਨ ਭਰਾਵਾਂ ਨੂੰ ਕਤਲ ਕਰਕੇ ਜਹਾਂਦਾਰਖਾਨ ਤਖ਼ਤ ਤੇ ਬੈਠਾ। ਪਰ ਬਹੁਤ ਛੇਤੀ ਇਸਨੂੰ ਮਾਰਕੇ, ਫਰੁੱਖਸੀਅਰ ਬਾਦਸ਼ਾਹ ਬਣ ਬੈਠਾ, ਜੋ 1719 ਤੱਕ ਜੀਵਤ ਰਿਹਾ। ਫਰੁਖਸੀਅਰ ਨੇ, ਸਿੱਖਾਂ ਨੂੰ ਖ਼ਤਮ ਕਰਨ ਵਾਸਤੇ, ਸਾਰੀ ਸਰਕਾਰੀ ਸ਼ਕਤੀ ਝੋਕ ਦਿੱਤੀ। ਦਿੱਲੀ ਤੋਂ ਲੈ ਕੇ ਮੁਲਤਾਨ ਤੱਕ ਦੀਆਂ ਸਾਰੀਆਂ ਫੌਜਾਂ ਨੂੰ, ਬਾਬਾ ਬੰਦਾ ਸਿੰਘ ਨੂੰ, ਜਿਉਂਦਾ ਜਾਂ ਮੁਰਦਾ ਫੜ ਲਿਆਉਣ ਦੇ ਹੁਕਮ ਚਾੜ੍ਹ ਦਿੱਤੇ। ਇਹਨਾਂ ਸਾਰੀਆਂ ਸੰਯੁਕਤ ਸੈਨਾਵਾਂ ਦੀ, ਕੁਲ ਗਿਣਤੀ ਇੱਕ ਲੱਖ ਤੋਂ ਕੁਝ ਜ਼ਿਆਦਾ ਹੀ ਸੀ। ਅੱਠ ਮਹੀਨੇ ਦੇ ਲੰਮੇ ਸਮੇਂ ਤੱਕ, ਇਹ ਫੌਜ ਗੁਰਦਾਸ ਨੰਗਲ ਦੀ ਗੜੀ ਦੁਆਲੇ, ਜਿਥੋਂ ਬਾਬਾ ਜੀ ਸਖ਼ਤ ਮੁਕਾਬਲਾ ਕਰ ਰਹੇ ਸਨ, ਘੇਰਾ ਪਾਈ ਬੈਠੀਆਂ ਰਹੀਆਂ। ਇਹਨਾਂ ਭੂਤਰੇ ਸਿਪਾਹੀਆਂ ਨੇ ਆਲੇ ਦੁਆਲੇ ਪਿੰਡਾਂ ਨੂੰ ਪੰਜਾਹ ਪੰਜਾਹ ਮੀਲ ਤੱਕ ਉਜਾੜ ਦਿੱਤਾ। ਬੇਸ਼ੁਮਾਰ ਲੁੱਟ ਮਾਰ ਕੀਤੀ

ਗਈ, ਫਸਲਾਂ ਘੋੜਿਆਂ ਖੱਚਰਾਂ ਨੂੰ ਖਵਾ ਦਿੱਤੀਆਂ। ਬਹੂ ਬੇਟੀਆਂ ਦੀਆਂ ਇੱਜਤਾਂ ਰੁਲਦੀਆਂ ਰਹੀਆਂ। ਫਿਰ ਭੀ ਇਨੇ ਵੱਡੇ ਲਾਉ ਲਸ਼ਕਰ ਵਾਸਤੇ, ਸਾਰੀਆਂ ਸਹੂਲਤਾਂ ਪ੍ਰਦਾਨ ਕਰਵਾਣੀਆਂ, ਸੌਖਾ ਕੰਮ ਨਹੀਂ ਸੀ। ਇਸ ਸਮੇਂ ਵਿਚਕਾਰ, ਆਲੇ ਦੁਆਲੇ ਗੰਦਗੀ ਫੈਲ ਗਈ। ਬਿਮਾਰੀ ਨਾਲ ਲੱਗੇ ਫੌਜੀ ਧੜਾ ਧੜ ਮਰਨ। ਫੌਜੀ ਜਰਨੈਲ ਹਾਲਾਤ ਦੀ ਗੰਭੀਰਤਾ ਨੂੰ ਵੇਖਕੇ, ਦਿਲ ਛੱਡ ਬੈਠੇ। ਇੱਧਰ ਬਾਬਾ ਬੰਦਾ ਸਿੰਘ ਸੀ ਕਿ ਕੁਝ ਭੀ ਨਾਂ ਹੁੰਦਿਆਂ, ਸੀਸ ਤਲੀ ਤੇ ਰੱਖ ਕੇ, ਬੇਖੌਫ ਲੜ ਰਿਹਾ ਸੀ। ਅਬਦੁਸਮੱਦ ਖਾਂ ਨੇ, ਸਾਰੀਆਂ ਰਿਪੋਟਾਂ ਫਰੁੱਖਸ਼ੀਅਰ ਨੂੰ ਦਿੱਲੀ ਭੇਜੀਆਂ। ਬਾਦਸ਼ਾਹ ਖ਼ਤ ਪੜ੍ਹਕੇ ਬਹੁਤ ਚਿੰਤਾਤੁਰ ਹੋਇਆ। ਉਸਨੇ ਮਹਿਸੂਸ ਕਰ ਲਿਆ ਕਿ ਇਸ ਤਰ੍ਹਾਂ ਸਿੱਧੀ ਟੱਕਰ ਵਿੱਚ, ਅਸੀਂ ਸਿੱਖਾਂ ਤੇ ਪੂਰੀ ਜਿੱਤ ਹਾਸਲ ਨਹੀਂ ਕਰ ਸਕਾਂਗੇ।

ਮਾਤਾ ਸੁੰਦਰੀ ਜੀ ਦਿੱਲੀ ਵਿੱਚ ਰਹਿ ਰਹੇ ਸਨ। ਮੈਕਾਲਫ਼ ਅਤੇ ਖਜਾਨ ਸਿੰਘ ਲਿਖਦੇ ਹਨ, ਕਿ ਫਰੁੱਖਸੀਅਰ ਨੇ ਮਾਤਾ ਜੀ ਤੱਕ ਪਹੁੰਚ ਕੀਤੀ, ਤੇ ਕਿਹਾ, "ਬੰਦਾ ਸਿੰਘ ਨੇ ਗੁਰੂ ਘਰ ਦਾ ਨੁਕਸਾਨ ਕਰਨ ਵਾਲੇ, ਸਾਰੇ ਲੋਕਾਂ ਨੂੰ ਸਜਾ ਦੇ ਦਿੱਤੀ ਹੈ। ਉਹ ਹੁਣ ਹੋਰ ਹਮਲੇ ਕਰਨੇ ਬੰਦ ਕਰ ਦੇਵੇ।" ਉਸ ਵਕਤ ਮਾਤਾ ਜੀ ਨੂੰ, ਹਕੂਮਤ ਵੱਲੋਂ ਗੁਜਾਰਾ ਭੱਤਾ ਮਿਲ ਰਿਹਾ ਸੀ। ਜਾਂ ਇਉਂ ਕਹੋ ਮਾਤਾ ਜੀ ਸਖਤ ਸਰਕਾਰੀ ਨਿਗਰਾਨੀ ਵਿੱਚ ਸਨ। ਬਾਹਰ ਦੀ ਸਾਰੀ ਠੀਕ ਖਬਰ ਉਹਨਾਂ ਤੱਕ ਨਹੀਂ ਪਹੁੰਚਦੀ ਸੀ। ਕਿਉਂਕਿ ਰਹਿੰਦੀ ਸਾਰੀ ਉਮਰ ਮਾਤਾ ਜੀ ਨੂੰ ਦਿੱਲੀ ਤੋਂ ਕਿਧਰੇ ਬਾਹਰ ਨਹੀਂ ਜਾਣ ਦਿੱਤਾ ਗਿਆ। ਕੁਝ ਕੁ ਸਿੱਖਾਂ ਨੂੰ ਭੀ ਬਾਦਸ਼ਾਹ ਨੇ ਨਾਲ ਸਹਿਮਤ ਕਰ ਲਿਆ। ਇਹਨਾਂ ਸਾਰਿਆਂ ਦੇ ਜੋਰ ਪਾਉਣ ਤੇ ਮਾਤਾ ਜੀ ਨੇ ਬਾਬਾ ਬੰਦਾ ਸਿੰਘ ਵੱਲ, ਜੰਗ ਬੰਦੀ ਦੀ ਚਿੱਠੀ ਲਿਖ ਦਿੱਤੀ। ਪਰ ਹਾਲਾਤ ਦੀ ਨਜਾਕਤ ਨੂੰ ਸਮਝਦਿਆਂ, ਬਾਬਾ ਜੀ ਨੇ ਜੰਗਬੰਦੀ ਤੋਂ ਨਾਂਹ ਕਰ ਦਿੱਤੀ। ਕਿਉਂਕਿ ਉਹ ਇਸ ਨੂੰ ਇੱਕ ਸਰਕਾਰੀ ਸਾਜਿਸ਼ ਸਮਝਦੇ ਸਨ। ਮਾਤਾ ਸੁੰਦਰੀ ਜੀ ਨੇ, ਪਤਾ ਲੱਗਣ ਤੇ ਮੁੜ ਇੱਕ ਪੱਤਰ (ਹਕੂਮਤ ਦੇ ਦਬਾਓ ਕਾਰਨ) ਲਿਖ ਕੇ ਸਿੱਖਾਂ ਨੂੰ ਬੰਦਾ ਸਿੰਘ ਨਾਲੋਂ ਸਬੰਧ ਤੋੜ ਲੈਣ ਲਈ ਕਿਹਾ। ਇਹ ਭੀ ਸੰਭਵ ਹੈ ਕਿ ਇਹ ਖਤ ਸਾਰੇ ਜਾਹਲੀ ਹੀ ਹੋਣ, ਮਾਤਾ ਜੀ ਦਾ ਨਾਮ ਵਰਤਕੇ ਸਰਕਾਰ ਨੇ ਲਿਖੇ ਹੋਣ। ਕੁਝ ਵੀ ਹੋਵੇ, ਫਰੁੱਖਸੀਅਰ ਮਾਤਾ ਜੀ ਰਾਹੀਂ ਸਿੱਖਾਂ ਵਿੱਚ ਪਾੜ ਪਾਉਣ ਵਿੱਚ ਕਾਮਯਾਬ ਹੋ ਗਿਆ। ਸਰਕਾਰ ਪੱਖੀ ਸਿੱਖਾਂ ਨੇ, ਬੰਦਾ ਸਿੰਘ ਤੇ ਹੇਠ ਲਿਖੇ ਇਲਜ਼ਾਮ ਲਾਏ, ਤੇ ਮਾਤਾ ਜੀ ਨੇ ਹੁਕਮਨਾਮਾ ਜਾਰੀ ਕਰ ਦਿੱਤਾ। ਇਲਜਾਮ ਇਹ ਸਨ –

ੳ:1. ਬੰਦਾ ਸਿੰਘ ਨੇ, ਗੁਰੂ ਗੋਬਿੰਦ ਸਿੰਘ ਜੀ ਦੇ ਫੁਰਮਾਨਾ ਵਿਰੁੱਧ, ਅਪਣਾ ਮਤ ਚਲਾਇਆ ਹੈ।

2. ਉਸਨੇ ਵਿਆਹ ਕਰਵਾਕੇ ਗੁਰੂ ਜੀ ਦੇ ਜਤੀ ਸਤੀ ਰਹਿਣ ਦੇ ਹੁਕਮ ਦੀ ਉਲੰਘਣਾ ਕੀਤੀ ਹੈ।

3. ਉਸਨੇ ਖੰਡੇ ਦੀ ਪਾਹੁਲ ਦੀ ਥਾਵੇਂ ਚਰਨ ਪਾਹੁਲ ਸ਼ੁਰੂ ਕਰ ਦਿੱਤੀ ਹੈ।

4. ਉਸਨੇ ਵਾਹਿਗੁਰੂ ਜੀ ਕੀ ਫਤਿਹ ਦੀ ਥਾਂ, ਫਤਿਹ ਦਰਸ਼ਨ ਆਖਣਾ ਸ਼ੁਰੂ ਕਰਵਾ ਦਿੱਤਾ ਹੈ।

5. ਉਸਨੇ ਗੁਰੂ ਕੇ ਸਿੱਖਾਂ ਨੂੰ, ਬੰਦਈ ਸਿੱਖ ਕਹਿਣਾ ਸ਼ੁਰੂ ਕਰ ਦਿੱਤਾ ਹੈ।

6. ਉਸਨੇ ਸ਼ਾਹੀ ਲਿਬਾਸ, ਅਤੇ ਠਾਠ ਨਾਲ ਰਹਿਣਾ ਸ਼ੁਰੂ ਕਰ ਦਿੱਤਾ ਹੈ।

7. ਉਹ ਹੰਕਾਰੀ ਹੋ ਗਿਆ ਹੈ, ਤੇ ਸਿੱਖਾਂ ਨੂੰ ਘਟੀਆ ਸਮਝਦਾ ਹੈ।

ਇਹਨਾਂ ਉਪਰ ਵਰਣਿਤ ਦੋਸ਼ਾਂ ਨੂੰ ਡਾ: ਗੰਡਾ ਸਿੰਘ ਨੇ ਪ੍ਰਵਾਨ ਨਹੀਂ ਕੀਤਾ। ਇਹ ਕੇਵਲ ਸਰਕਾਰੀ ਪ੍ਰਾਪੇਗੰਡਾ ਸੀ। ਇਸ ਹੁਕਮਨਾਮੇ ਦੀ ਆੜ ਹੇਠ ਔਖੇ ਵੇਲੇ ਬੰਦਾ ਸਿੰਘ ਨਾਲੋਂ ਤੋੜ ਵਿਛੋੜਾ ਕਰਨ ਵਾਲੇ ਸਿੱਖਾਂ, ਤੇ ਫਰੁੱਖ਼ਸੀਅਰ ਬਹੁਤ ਪ੍ਰਸੰਨ ਹੋਇਆ। ਉਹਨਾਂ ਨੂੰ ਤੋਹਫੇ ਤੇ ਜਾਗੀਰਾਂ ਦਿੱਤੀਆਂ, ਦਰਬਾਰ ਸਾਹਿਬ ਅੰਮ੍ਰਿਤਸਰ ਦਾ ਕਬਜ਼ਾ ਦੇ ਦਿੱਤਾ, ਪੰਜ ਸੌ ਸਿੱਖ ਸਰਕਾਰੀ ਫੌਜ ਵਿੱਚ ਨੌਕਰ ਰੱਖ ਲਿਆ। ਸਾਲ ਦਾ 5000 ਰੁਪਿਆ "ਲੰਗਰ" ਲਈ, ਸਰਕਾਰ ਨੇ ਹੋਰ ਦੇਣਾ ਪ੍ਰਵਾਨ ਕੀਤਾ। ਦੌਲਤ ਰਾਏ, ਖਜ਼ਾਨ ਸਿੰਘ ਤੇ ਡਾਕਟਰ ਗੰਡਾ ਸਿੰਘ ਮੁਤਾਬਕ ਮਿਲਵਰਤਣੀਏ ਸਿੱਖਾਂ ਨਾਲ ਸਰਕਾਰ ਨੇ ਇਹ ਸ਼ਰਤਾਂ ਤੈਹ ਕੀਤੀਆਂ –

ਅ : 1. ਖਾਲਸਾ, ਸਰਕਾਰ ਦੇ ਇਲਾਕਿਆਂ ਅਤੇ ਕੰਮਾਂ ਵਿੱਚ ਦਖ਼ਲ ਨਹੀਂ ਦੇਵੇਗਾ।

2. ਤੱਤ ਖਾਲਸਾ, ਬੰਦਾ ਸਿੰਘ ਦੀ ਕੋਈ ਸਹਾਇਤਾ ਨਹੀਂ ਕਰੇਗਾ।

3. ਲੋੜ ਪੈਣ ਤੇ ਤੱਤ ਖਾਲਸਾ, ਸਰਕਾਰ ਦੀ ਫੌਜੀ ਸਹਾਇਤਾ ਕਰੇਗਾ।

4. ਪੰਜਾਬ ਦੇ ਹਿੰਦੂਆਂ ਤੇ ਸਰਕਾਰ ਵੱਲੋਂ ਕੋਈ ਜ਼ੁਲਮ ਤੇ ਅਨਿਆ ਨਹੀਂ ਕੀਤਾ ਜਾਵੇਗਾ।

ਹੁਣ ਪਾਠਕ ਜਨ ਉੱਪਰ ਦਿੱਤੀਆਂ ਸ਼ਰਤਾਂ ਨੂੰ ਗੌਰ ਨਾਲ ਪੜ੍ਹਨ। ਸਪੱਸ਼ਟ ਹੋ ਜਾਵੇਗਾ ਕਿ ਬੰਦਾ ਸਿੰਘ ਤੇ ਲਗਾਏ ਦੋਸ਼, ਬੇਬੁਨਿਆਦ ਅਤੇ ਗਲਤ ਸਨ। ਸਗੋਂ ਜਿਸਨੂੰ ਤੱਤ ਖਾਲਸਾ ਪ੍ਰਚਾਰਿਆ ਗਿਆ ਹੈ, ਗਦਾਰੀ ਉਸਨੇ ਕੀਤੀ ਹੈ। ਸਰਕਾਰੀ ਸਰਪ੍ਰਸਤੀ ਵਿੱਚ ਉਹੀ ਗਿਆ ਹੈ। ਜਗੀਰਾਂ ਤੇ ਇਨਾਮ ਉਸਨੇ ਲਏ ਹਨ। ਬੰਦਾ ਸਿੰਘ ਤਾਂ ਬੱਬਰ ਸ਼ੇਰਾਂ ਵਾਂਗ ਮੈਦਾਨ ਵਿੱਚ ਭਬਕਾਂ ਮਾਰ ਰਿਹਾ ਸੀ। ਹੁਣ ਇੱਕ ਇੱਕ ਇਲਜਾਮ ਦਾ ਨੰਬਰਵਾਰ ਜੁਆਬ–

ੳ: 1. ਦਸਮ ਪਾਤਸ਼ਾਹ ਜਾਂ ਕਿਸੇ ਗੁਰਵਿਅਕਤੀ ਨੇ, ਕਿਸੇ ਸਿੱਖ ਨੂੰ ਵਿਆਹ ਕਰਵਾਣ

ਤੋਂ ਕਦੇ ਨਹੀਂ ਰੋਕਿਆ। ਸਿੱਖੀ ਗ੍ਰਿਸਤ ਪ੍ਰਧਾਨ ਧਰਮ ਹੈ। ਖੁਦ ਗੁਰੂ ਵਿਅਕਤੀ ਸ਼ਾਦੀ ਸ਼ੁਦਾ ਸਨ।

2. ਬੰਦਾ ਸਿੰਘ ਨੇ ਗੁਰੂ ਹੁਕਮਾਂ ਤੋਂ ਵਿਰੁੱਧ ਕੋਈ ਨਵਾਂ ਧਰਮ ਨਹੀਂ ਚਲਾਇਆ। ਇਸ ਦੀ ਪੁਸ਼ਟੀ ਲਈ ਉਸ ਵੱਲੋਂ ਤਿਆਰ ਮੋਹਰਾਂ ਤੇ ਸਿੱਕੇ ਵੇਖੇ ਜਾ ਸਕਦੇ ਹਨ।

3. ਉਸਨੇ ਚਰਨ ਪਾਹੁਲ ਕਦੀ ਭੀ ਨਹੀਂ ਚਾਲੂ ਕੀਤੀ। ਫਤਿਹ ਦਰਸ਼ਨ ਕਹਿਣ ਦਾ ਕੋਈ ਸਬੂਤ ਨਹੀਂ ਹੈ।

4. ਉਸਨੇ ਕਦੀ ਭੀ ਕਿਸੇ ਸਿੱਖ ਨੂੰ ਬੰਦਈ ਸਿੱਖ ਨਹੀਂ ਕਿਹਾ। ਇਸਦਾ ਕੋਈ ਸਬੂਤ ਨਹੀਂ ਹੈ।

5. ਸ਼ਾਹੀ ਲਿਬਾਸ ਜਾਂ ਠਾਠ ਤੋਂ ਸਤਿਗੁਰੂ ਜੀ ਨੇ ਕਦੀ ਕਿਸੇ ਸਿੱਖ ਨੂੰ ਨਹੀਂ ਰੋਕਿਆ।

6. ਉਸਨੇ ਹੰਕਾਰ ਵਿੱਚ ਕਦੀ ਕਿਸੇ ਸਿੱਖ ਨੂੰ, ਮੰਦਾ ਬਚਨ ਨਹੀਂ ਬੋਲਿਆ। ਇਹ ਤੁਹਮਤਾਂ ਬਿਨਾਂ ਸਬੂਤਾਂ ਤੋਂ ਹੀ ਲਾਈਆਂ ਗਈਆਂ ਹਨ। ਹੁਣ ਅਗਲਾ ਹਿੱਸਾ ਤੱਤ ਖਾਲਸੇ ਵਾਲਾ ਵਿਚਾਰੀਏ –

ਅ : 1. ਖਾਲਸਾ ਬਾਦਸ਼ਾਹ ਦੇ ਇਲਾਕਿਆਂ, ਤੇ ਕੰਮ ਵਿੱਚ ਕਿਉਂ ਦਖਲ ਨਹੀਂ ਦੇਵੇਗਾ ? ਜਦੋਂ ਕਿ ਹਾਕਮ ਬਦੇਸ਼ੀ ਸਨ। ਜ਼ਾਲਮ ਸਨ, ਕੀ ਮਿਸਲਾਂ ਵਕਤ ਹਕੂਮਤ ਤੋਂ ਦੇਸ਼ ਖੋਹ ਕੇ, ਸਿੱਖ ਰਾਜ ਕਾਇਮ ਨਹੀਂ ਕੀਤਾ ?

2. ਤੱਤ ਖਾਲਸੇ ਦੀ ਨੇਕ ਨਾਮੀ ਵਲ ਧਿਆਨ ਮਾਰੋ। ਘੋਰ ਮੁਸੀਬਤਾਂ ਵਿੱਚ ਘਿਰੇ, ਅੱਠ ਮਹੀਨਿਆਂ ਤੋਂ ਲੜ ਰਹੇ ਸਿੱਖ ਭਰਾਵਾਂ ਦੀ, ਤੱਤ ਖਾਲਸਾ ਮਦਦ ਨਹੀਂ ਕਰੇਗਾ। ਐਡਾ ਹਨੇਰ ?

3. ਸਗੋਂ ਲੋੜ ਪੈਣ ਤੇ ਅਖੌਤੀ ਤੱਤ ਖਾਲਸਾ ਸਰਕਾਰ ਦੀ ਮਦਦ ਕਰੇਗਾ। ਭਰਾਵਾਂ ਨੂੰ ਮਰਵਾਣ ਲਈ ?

4. ਬਦਲੇ ਵਿੱਚ 5000 ਸਾਲਾਨਾ, ਦਰਬਾਰ ਸਾਹਿਬ ਦਾ ਕਬਜਾ, 500 ਆਦਮੀ ਫੌਜ ਵਿੱਚ ਭਰਤੀ ਕਰਨ ਦਾ ਇਨਾਮ ਮਿਲਿਆ, ਇਸ ਤੱਤ ਖਾਲਸੇ ਨੂੰ।

ਇਸ ਆਪਸੀ ਫੁੱਟ ਨਾਲ, ਖਾਲਸਾ ਪੰਥ ਦਾ, ਅਤੇ ਸਮੁੱਚੇ ਦੇਸ਼ ਦਾ ਬਹੁਤ ਨੁਕਸਾਨ ਹੋਇਆ। ਬਾਬਾ ਜੀ ਕੋਲ ਸਿੱਖਾਂ ਦੀ ਗਿਣਤੀ ਬਹੁਤ ਘਟ ਗਈ। ਅਸਲਾ ਬਾਰੂਦ ਮੁੱਕਣ ਨੇੜੇ ਪੁੱਜ ਗਿਆ, ਪਰ ਹਿੰਮਤ ਨਹੀਂ ਹਾਰੀ, ਕੋਈ ਗੈਰਤਹੀਣ ਸਮਝੌਤਾ ਨਾਂ ਕੀਤਾ।

ਬਾਹਰ ਰਹਿ ਗਏ ਸਿੱਖਾਂ (ਗੁਰਦਾਸ ਨੰਗਲ ਦੀ ਗੜ੍ਹੀ ਤੋਂ) ਨੇ, ਫਰੁੱਖਸੀਅਤ ਨੂੰ, ਵਿਸ਼ਵਾਸ ਦੁਆਵਿਆ ਕਿ ਅਸੀਂ, ਬੰਦਾ ਸਿੰਘ ਦੀ ਸਹਾਇਤਾ ਤਾਂ ਕੀ ਕਰਨੀ ਸੀ, ਸਗੋਂ ਵਸ ਲੱਗੇ, ਗੜ੍ਹੀ ਵਿੱਚ ਘਿਰੇ ਸਿਖਾਂ ਨੂੰ, ਹੌਸਲਾਹੀਣ ਕਰਨ ਦਾ ਪੂਰਾ ਜਤਨ ਕਰਾਂਗੇ। ਇਸੇ ਤਰ੍ਹਾਂ ਕੀਤਾ ਗਿਆ, ਮਿੱਥੇ ਪ੍ਰੋਗਰਾਮ ਮੁਤਾਬਕ, ਬਾਬਾ ਬਿਨੋਦ ਸਿੰਘ, ਬਾਬਾ ਕਾਹਨ ਸਿੰਘ ਨੇ, ਬਾਬਾ ਬੰਦਾ ਸਿੰਘ ਵਿਰੁੱਧ ਅਪਮਾਨ ਜਨਕ ਸ਼ਬਦ ਵਰਤਣੇ ਸ਼ੁਰੂ ਕਰ ਦਿੱਤੇ। ਬੰਦਾ ਸਿੰਘ ਜੀ ਨੇ ਬਹੁਤ ਸਮਝਾਇਆ, ਪਰ ਉਹ ਬਾਜ ਨਾ ਆਏ। ਨੌਬਤ ਇੰਨੀ ਵਧ ਗਈ ਕਿ ਉਹਨਾਂ ਬੰਦਾ ਸਿੰਘ ਨੂੰ ਮਾਰਨ ਵਾਸਤੇ, ਤਲਵਾਰਾਂ ਧੂਹ ਲਈਆਂ। ਅਖੀਰ ਸਰਕਾਰੀ ਸ਼ਹਿ ਉਤੇ, ਪੰਜ ਸੌ ਸਾਥੀਆਂ ਦਾ ਲਸ਼ਕਰ ਲੈ ਕੇ, ਬਾਬਾ ਬੋਨੋਦ ਸਿੰਘ, ਬਾਹਰ ਨਿਕਲ ਗਏ। ਸਰਕਾਰੀ ਫੌਜ ਵੱਲੋਂ ਗਿਣੀ ਮਿੱਥੀ ਸਾਜਿਸ਼ ਤਹਿਤ, ਉਹਨਾਂ ਨੂੰ ਸਹੀ ਸਲਾਮਤ ਲੰਘ ਜਾਣ ਦਿੱਤਾ ਗਿਆ।

ਸਿੱਖਾਂ ਵਿੱਚ ਪਾੜ ਪੈ ਜਾਣ ਤੋਂ, ਫਰੁੱਖਸੀਅਤ ਅਤੀ ਪ੍ਰਸੰਨ ਹੋਇਆ। ਉਸਨੇ ਲਾਹੌਰ ਦੇ ਸੂਬੇਦਾਰ ਅਬਦੁਲ ਸਮੁੱਦਖ਼ਾਨ ਨੂੰ, ਨਵੇਂ ਸਿਰਿਉਂ ਜੋਰਦਾਰ ਹਮਲਾ ਕਰਨ ਦਾ ਹੁਕਮ ਕੀਤਾ। ਨਾਲ ਹੀ ਉਸ ਦੀ ਸਹਾਇਤਾ ਵਾਸਤੇ, ਕਸ਼ਮੀਰ ਦਾ ਸੂਬੇਦਾਰ ਜਬਰਦਸਤ ਖਾਨ, ਵੱਡੀ ਫੌਜ ਸਮੇਤ ਪੁੱਜ ਗਿਆ। ਡਾ: ਗੰਡਾ ਸਿੰਘ ਮੁਤਾਬਕ ਪੰਜਾਬ ਦੇ ਜਾਗੀਰਦਾਰਾਂ ਅਤੇ ਫੌਜਦਾਰਾਂ ਨੂੰ ਭੀ, ਆਪਣੀਆਂ ਰਾਖਵੀਆਂ ਫੌਜਾਂ, ਬੰਦਾ ਸਿੰਘ ਵਿਰੁੱਧ ਚਾੜ੍ਹਨ ਵਾਸਤੇ ਲਿਖ ਭੇਜਿਆ। ਇਸ ਤਰ੍ਹਾਂ ਗੁਜਰਾਤ ਦਾ ਸੂਬੇਦਾਰ ਮਿਰਜ਼ਾ ਅਹਿਮਦਖਾਨ, ਅਮੀਨਾਬਾਅਦ ਦਾ ਫੌਜਦਾਰ ਇਰਾਦਤ ਖਾਨ, ਔਰੰਗਬਾਅਦ ਤੇ ਪਸਰੂਰ ਦੇ ਨੂਰ ਮਹੁੰਮਦਖਾਨ, ਪੱਟੀ ਤੇ ਕਲਾਨੌਰ ਆਦਿ ਦੇ। ਕਟੋਚ ਦੇ ਰਾਜਾ ਭੀਮ ਸਿੰਘ, ਜਸਰੌਤਾ ਦੇ ਰਾਜਾ ਹੰਸਦੇਵ ਨੇ ਭੀ, ਆਪਣੀਆਂ ਸਸਤਰਬੱਧ ਸੈਨਾਵਾਂ ਨੂੰ, ਲਾਹੋਰੀ ਸੈਨਾ ਦੇ ਨਾਲ ਮਿਲਾ ਲਿਆ। ਸਾਂਝੀ ਹਿੰਦੂ ਮੁਸਲਮਾਨਾਂ ਦੀ ਮਿਲਵੀਂ ਫੌਜ ਨੇ, ਦੁਬਾਰਾ ਬੰਦਾ ਸਿੰਘ ਤੇ ਜ਼ੋਰਦਾਰ ਹਮਲੇ ਕੀਤੇ।

ਬੰਦਾ ਸਿੰਘ ਬਹਾਦਰ ਨਾਲ, ਕੋਟ ਮਿਰਜਾਜਾਨ ਵਿਖੇ ਹੋਈ ਜਬਰਦਸਤ ਲੜਾਈ ਦਾ ਹਾਲ, ਮੌਕੇ ਦਾ ਗਵਾਹ, ਸੀਅਰਉਲ ਮੁਖਤਾਰੀਨ ਦਾ ਕਰਤਾ ਲਿਖਦਾ ਹੈ – "ਬੰਦਾ ਮੈਦਾਨ ਵਿੱਚ ਸਭ ਨੂੰ ਹੈਰਾਨ ਕਰਦਿਆਂ ਡਟਿਆ ਖਲੋਤਾ ਸੀ। ਉਹ ਪਹਿਲੀ ਮੁੱਠ ਭੇੜ ਵਿੱਚ ਇੰਨੀ ਬਹਾਦਰੀ ਨਾਲ ਲੜਿਆ ਕਿ ਸ਼ਾਹੀ ਫੌਜਾਂ ਹਾਰ ਖਾਕੇ ਦੌੜਨ ਹੀ ਵਾਲੀਆਂ ਸਨ ਕਿ ਬੰਦੇ ਨੂੰ ਪਿੱਛੇ ਹਟਣਾ ਪੈ ਗਿਆ।" ਬਾਬਾ ਜੀ ਮੋਰਚਾ ਦਰ ਮੋਰਚਾ ਪਿੱਛੇ ਹਟਦੇ ਹੋਏ, ਗੁਰਦਾਸ ਨੰਗਲ ਦੀ ਗੜ੍ਹੀ ਵਿੱਚ ਪੁੱਜ ਗਏ। ਸਮਕਾਲੀ ਲੇਖਕ ਖਾਫ਼ੀ ਖਾਨ ਲਿਖਦਾ ਹੈ ਕਿ –"ਕਾਫਰ (ਸਿੱਖ) ਇੰਨੇ ਭਿਆਨਕ ਢੰਗ ਨਾਲ ਲੜੇ, ਕਿ ਇਸਲਾਮੀ ਸੈਨਾ ਨੂੰ ਬਿਲਕੁਲ ਹਾਰ ਦੇ ਨੇੜੇ ਪੁਚਾ ਦਿੱਤਾ। ਬਾਰ ਬਾਰ ਉਹਨਾਂ ਇਸ ਸਿਰੇ ਦੀ ਦਲੇਰੀ ਦਾ

ਵਿਖਾਵਾ ਕੀਤਾ।" ਸਾਹਮਣੇ ਮੱਥੇ ਲੜਨ ਦੀ ਥਾਵੇਂ, (ਬੁਰੀ ਤਰ੍ਹਾਂ ਮਾਰ ਖਾਣ ਤੋਂ ਬਾਅਦ) ਸ਼ਾਹੀ ਫੌਜਾਂ ਨੇ ਨਾਕੇਬੰਦੀ ਦਾ ਸਹਾਰਾ ਲਿਆ। ਰਸਦ ਪਾਣੀ, ਘਾਹ ਪੱਠਾ, ਆਉਣ ਦੀਆਂ ਸਾਰੀਆਂ ਲਾਈਨਾ ਕੱਟ ਦਿੱਤੀਆਂ। ਅੰਦਰੋਂ ਸਭ ਕੁਝ ਖ਼ਤਮ ਹੁੰਦਾ ਗਿਆ। ਇਥੋਂ ਤੱਕ ਦਰਦਨਾਕ ਸਥਿਤੀ ਹੋ ਗਈ ਕਿ ਉਹਨਾਂ ਆਪਣੇ ਘੋੜੇ ਭੀ ਮਾਰ ਕੇ ਖਾ ਲਏ। ਅੱਗੋਂ ਮਾਸ ਪਕਾਉਣ ਲਈ ਲੱਕੜੀ ਭੀ ਨਹੀਂ ਸੀ। ਕੱਚਾ ਮਾਸ ਖਾਕੇ ਬਹੁਤੇ ਸਿੱਖ ਬਿਮਾਰ ਹੋ ਗਏ। ਇਸ ਅਤਿਅੰਤ ਮੁਸੀਬਤ ਵਿੱਚ ਭੀ ਅੱਠ ਮਹੀਨੇ ਤੱਕ ਪੂਰੇ ਹੌਸਲੇ ਨਾਲ ਮੁਕਾਬਲਾ ਕਰਦੇ ਰਹੇ। ਅੰਤ ਸਾਰੀ ਸਥਿਤੀ ਤੇ ਗੰਭੀਰਤਾ ਨਾਲ ਸੋਚ ਵਿਚਾਰ ਤੋਂ ਬਾਅਦ, ਭੁੱਖ ਨਾਲ ਮਰਨ ਜਾਂ ਹਥਿਆਰ ਸੁੱਟ ਕੇ ਈਨ ਮੰਨ ਲੈਣ ਦੀ ਥਾਂ, ਜੰਗ ਵਿੱਚ ਜੂਝ ਕੇ ਸ਼ਹੀਦ ਹੋਣਾ ਪ੍ਰਵਾਨ ਕਰ ਲਿਆ। ਸਿੱਖ ਸਿਪਾਹੀ ਭੁੱਖ ਅਤੇ ਬਿਮਾਰੀ ਕਾਰਨ, ਹੱਦ ਦਰਜੇ ਦੇ ਕਮਜ਼ੋਰ ਹੋ ਚੁੱਕੇ ਸਨ। ਇਸ ਹਾਲ ਵਿੱਚ ਭੀ ਬਾਬਾ ਜੀ ਦਾ ਹੁਕਮ ਪਾ ਕੇ ਦੁਸ਼ਮਣ ਫੌਜ ਤੇ ਬਾਜਾਂ ਵਾਂਗ ਝਪਟ ਪਏ। ਕਈ ਕਈ ਨੂੰ ਮਾਰ ਕੇ ਮਰਦੇ ਗਏ। ਬਿਮਾਰੀ ਤੇ ਸਰੀਰਕ ਕਮਜੋਰੀ ਕਾਰਨ ਛੇਤੀ ਹੰਭ ਗਏ, ਸਰੀਰ ਨਿਢਾਲ ਹੋ ਗਏ, ਤੇ ਜ਼ਮੀਨ ਤੇ ਡਿਗਦੇ ਗਏ। ਹੁਣ ਬਾਬਾ ਬੰਦਾ ਸਿੰਘ ਲੜਨ ਵਾਲਾ ਇਕੱਲਾ ਰਹਿ ਗਿਆ। ਦੋ ਮੀਲ ਦਾ ਅਰਧ ਗੋਲਾਕਾਰ ਚੱਕਰ ਬਣਾਕੇ, ਭਾਰੀ ਗਿਣਤੀ ਵਿੱਚ ਸ਼ਾਹੀ ਫੌਜ ਉਸ ਨਾਲ ਲੜ ਰਹੀ ਸੀ। ਉਹ ਧਾਈ ਕਰਕੇ ਜੈਕਾਰੇ ਗੁਜਾਉਂਦਾ ਜਿੱਧਰ ਪੈਂਦਾ ਦੁਸ਼ਮਣਾ ਵਿੱਚ ਭਾਜੜਾਂ ਪਾ ਦਿੰਦਾ। ਬੰਦਾ ਸਿੰਘ ਬਿਜਲੀ ਦੀ ਤੇਜੀ ਨਾਲ, ਮੈਦਾਨ ਵਿੱਚ ਸ਼ਸਤਰ ਚਲਾ ਰਿਹਾ ਸੀ। ਉਸਨੂੰ ਜਿਉਂਦੇ ਪਕੜਨ ਵਾਸਤੇ, ਨਾਮੀ ਸੂਰਬੀਰ ਅੱਗੇ ਵਧਦੇ, ਤੇ ਉਹ ਸਾਰਿਆਂ ਨੂੰ ਪਲਾਂ ਵਿੱਚ ਹੀ, ਜ਼ਮੀਨ ਤੇ ਢੇਰੀ ਕਰ ਦਿੰਦਾ। ਆਪਣੀ ਦਿਨ ਭਰ ਦੀ ਅਸਾਵੀਂ, ਤੇ ਲਾਮਿਸਾਲ ਸੂਰਮਗਤੀ ਨਾਲ ਲੜਦਿਆਂ, ਬਾਬਾ ਜੀ ਨੇ ਸ਼ਾਹੀ ਫੌਜ ਦੇ 59 ਲੜਾਕੇ ਯੋਧਿਆਂ ਨੂੰ ਅਗਲੇ ਜਹਾਨ ਪੁਚਾ ਦਿੱਤਾ। ਜਦੋਂ ਉਹ ਥੱਕ ਕੇ ਚੂਰ ਹੋ ਗਿਆ, ਹਥਿਆਰ ਇੱਕ ਇੱਕ ਕਰਕੇ ਜਵਾਬ ਦਿੰਦੇ ਗਏ, ਘੇਰਾ ਹੋਰ ਭੀੜਾ ਕਰ ਲਿਆ ਗਿਆ। ਇਸ ਹਾਲਤ ਵਿੱਚ ਬਹੁਤ ਸਾਰੇ ਲਸਕਰ ਨੇ ਝਪਟਾ ਮਾਰ ਕੇ ਬਾਬਾ ਜੀ ਤੇ ਹੱਲਾ ਬੋਲ ਦਿੱਤਾ, ਤੇ ਫੜਕੇ, ਬੇੜੀਆਂ ਵਿੱਚ ਜਕੜਕੇ, ਪਿੰਜਰੇ ਵਿੱਚ ਬੰਦ ਕਰ ਲਿਆ। ਬਾਬਾ ਜੀ ਨੇ ਹਥਿਆਰ ਨਹੀਂ ਸੁੱਟੇ, ਜਾਨ ਬਖਸ਼ੀ ਲਈ ਕੋਈ ਫਰਿਆਦ ਨਹੀਂ ਕੀਤੀ। **ਮੌਕੇ ਦਾ ਗਵਾਹ, ਕਮਰ ਖਾਨ ਲਿਖਦਾ ਹੈ – "ਇਹ ਸਭ ਖੁਦਾ ਦੀ ਰਹਿਮਤ ਹੀ ਸੀ, ਸਿਆਣਪ ਜਾਂ ਬਹਾਦਰੀ ਨਹੀਂ। ਸਭ ਜਾਣਦੇ ਹਨ ਕਿ ਮਰਹੂਮ ਬਾਦਸ਼ਾਹ ਬਹਾਦਰ ਸਾਹ, ਆਪਣੇ ਚਾਰੇ ਸਪੁੱਤਰਾਂ ਤੇ ਅਣਗਿਣਤ ਫੌਜੀ ਜਰਨੈਲਾਂ ਨੂੰ ਨਾਲ ਲੈ ਕੇ, ਇਸ ਬਗਾਵਤ ਨੂੰ ਦਬਾਉਣ ਦਾ ਜਤਨ ਕਰਦਾ ਰਿਹਾ। ਪਰ ਸਫਲ ਨਾ ਹੋ ਸਕਿਆ। ਹੁਣ ਇਹਨਾਂ ਕਾਫ਼ਰਾਂ (ਸਿੱਖਾਂ) ਨੂੰ ਭੁੱਖ ਅਤੇ**

**ਬਿਮਾਰੀ ਦੇ ਕਾਰਨ ਗ੍ਰਿਫਤਾਰ ਕੀਤਾ ਜਾ ਸਕਿਆ ਹੈ। ”**

ਗੁਰਦਾਸ ਨੰਗਲ ਦੀ ਜੰਗ ਵਿੱਚੋਂ ਜਿਉਂਦੇ, ਬਹੁਤ ਥੋੜੇ ਸਿੱਖ ਫੜੇ ਜਾ ਸਕੇ। ਸ਼ਾਹੀ ਫੌਜ ਨੇ ਅਪਣੀ ਜਿੱਤ ਨੂੰ ਵੱਡੀ ਸਿੱਧ ਕਰਨ ਲਈ, ਦੂਰੋਂ ਨੇੜਿਓਂ ਹੋਰ ਬੇਦੋਸ਼ੇ ਸਿੱਖ ਫੜ ਲਿਆਂਦੇ। ਇਹਨਾਂ ਦੀ ਕੁਲ ਗਿਣਤੀ 740 ਕਰ ਲਈ ਗਈ। ਤਿੰਨ ਹਜ਼ਾਰ ਸਿੱਖਾਂ ਦੇ ਸਿਰ ਕੱਟ ਕੇ ਨੇਜਿਆਂ ਤੇ ਟੰਗ ਲਏ ਗਏ। ਇਹਨਾਂ ਦੀ ਹੋਣੀ ਤੋਂ ਲਗਭੱਗ ਹਰ ਪਾਠਕ ਜਾਣੂੰ ਹੈ। ਸੌ ਸੌ ਕਰਕੇ ਹਰ ਰੋਜ ਦਿੱਲੀ ਵਿੱਚ ਸ਼ਹੀਦ ਕੀਤੇ ਗਏ। ਕਿਸੇ ਇੱਕ ਨੇ ਭੀ, ਜਾਨ ਬਖਸ਼ੇ ਜਾਣ ਦਾ ਵਾਸਤਾ ਨਹੀਂ ਪਾਇਆ। ਸਾਰਿਆਂ ਹੀ ਬਹਾਦਰਾਂ ਵਾਲੀ ਮੌਤ ਕਬੂਲ ਕੀਤੀ। ਬਾਬਾ ਬੰਦਾ ਸਿੰਘ ਜੀ ਨੂੰ ਸਭ ਤੋਂ ਮਗਰੋਂ 19 ਜੂਨ 1716 ਨੂੰ ਅਸਹਿ ਤੇ ਅਕਹਿ ਤਸੀਹੇ ਦੇ ਕੇ, ਬੰਦ ਬੰਦ ਕੱਟ ਕੇ, ਸ਼ਹੀਦ ਕੀਤਾ ਗਿਆ। ਉਸ ਗੁਰੂ ਦੇ ਵਰੋਸਾਏ ਗੁਰ ਸਿੱਖ, ਖਾਲਸਾ ਕੌਮ ਦੇ ਪਹਿਲੇ ਜਰਨੈਲ, ਬੇਤਾਜ ਬਾਦਸ਼ਾਹ, ਅਦੁੱਤੀ ਸੂਰਬੀਰ ਨੇ, ਲਾਲਚ ਵਸ ਜਾਂ ਤਸੀਹਿਆਂ ਤੋਂ ਡਰ ਕੇ ਈਨ ਨਹੀਂ ਮੰਨੀ। ਜਾਨ ਬਖਸ਼ੀ ਲਈ ਤਰਲੇ ਨਹੀਂ ਕੱਢੇ। ਗੁਰੂ ਕਾ ਸਿਦਕੀ ਸਿੱਖ ਰਹਿੰਦਿਆਂ ਬਹਾਦਰੀ ਦੇ ਨਵੇਂ ਕੀਰਤੀਮਾਨ ਸਥਾਪਤ ਕਰਦਿਆਂ, ਜਾਨ ਦੀ ਬਾਜ਼ੀ ਲਾ ਗਿਆ। ਸਦਾ ਵਾਸਤੇ ਸ੍ਰੋਮਣੀ ਸ਼ਹੀਦਾਂ ਵਿੱਚ ਅਪਣਾ ਨਾਮ ਦਰਜ ਕਰਵਾ ਲਿਆ।

ਗੁਰਦਾਸ ਨੰਗਲ ਦੀ ਗੜ੍ਹੀ ਤੇ ਕਬਜਾ ਹੋ ਜਾਣ ਤੇ, ਫੌਜ ਦੇ ਜੋ ਸਿੱਖਾਂ ਦਾ ਸਾਮਾਨ ਤੇ ਸਸ਼ਤਰ ਹੱਥ ਆਏ, ਉਸਨੂੰ ਪੜ੍ਹ ਸੁਣਕੇ ਤਾਂ ਦੰਗ ਰਹਿ ਜਾਈਦਾ ਹੈ। ਮਾਮੂਲੀ ਹਥਿਆਰਾਂ ਨਾਲ, ਨਾਮਾਤਰ ਸਾਧਨਾ ਦੁਆਰਾ, ਅੱਠ ਮਹੀਨੇ ਤੱਕ ਏਸ਼ੀਆ ਦੀ ਸਭ ਤੋਂ ਸ਼ਕਤੀਸ਼ਾਲੀ ਹਕੂਮਤੀ ਤਾਕਤ ਨਾਲ ਲੋਹਾ ਲੈਂਦੇ ਰਹੇ। ਗੜ੍ਹੀ ਵਿੱਚ ਜੋ ਸਾਮਾਨ ਮਿਲਿਆ ਉਸਦਾ ਵੇਰਵਾ ਇਉਂ ਹੈ –

| | | | |
|---|---|---|---|
| ਤਲਵਾਰਾਂ | 1000, | ਕਮਾਨਾ ਦੇ ਭੱਥੇ | 173 |
| ਢਾਲਾਂ | 278, | ਤੋੜੇਦਾਰ ਬੰਦੂਕਾਂ | 180 |
| ਜਮਧਰ ਖੰਜਰ | 114, | ਕਰਦਾਂ (ਛੋਟੀਆਂ ਕਿਰਪਾਨਾਂ) | 217 |
| ਸੋਨੇ ਦੀਆਂ ਮੋਹਰਾਂ | 23, | ਨਗਦ ਰੁਪੈ 600 ਤੋਂ ਕੁੱਝ ਵਧ,<br>ਕੁਝ ਸੋਨੇ ਦੇ ਗਹਿਣੇ। | |

ਵੇਰਵਾ–ਇਰਵਨ ਵਿਲੀਅਮ, ਲੈਟਰ ਮੁਗਨਜ, ਪੰਨਾ–351

**ਪਾਠਕ ਜਨ ਇਹ ਗੱਲ ਵਿਸ਼ੇਸ਼ ਤੌਰ ਤੇ ਨੋਟ ਕਰਨ ਕਿ ਅਖੌਤੀ ਤੱਤ ਖਾਲਸਾ ਵਿੱਚੋਂ, ਕੋਈ ਇੱਕ ਵਿਅਕਤੀ ਭੀ, ਇਸ ਭਿਆਨਕ ਸਮੇਂ ਕਿਧਰੇ ਨਜਰ ਨਹੀਂ ਆਉਂਦਾ। ਇਤਿਹਾਸ ਦੀ ਸਿਤਮ ਜਰੀਫੀ ਵੇਖੋ, ਜਿਨਾਂ ਹੱਸ ਹੱਸ ਕੇ ਜਾਨਾਂ ਵਾਰ ਦਿੱਤੀਆਂ, ਉਹ ਬੰਦਈ ਖਾਲਸੇ ਬਣਾ ਧਰੇ। ਜੰਗ ਵਿੱਚ ਦਗਾ ਦੇ ਕੇ ਘਰਾਂ**

**ਵਿੱਚ ਲੁਕਣ ਵਾਲੇ, ਸਰਕਾਰ ਤੋਂ ਇਨਾਮ ਤੇ ਜਗੀਰਾਂ ਪ੍ਰਾਪਤ ਕਰਨ ਵਾਲੇ, ਇੱਜਤ ਅਣਖ ਵੇਚਣ ਵਾਲੇ, ਤੱਤ ਖਾਲਸਾ ਹੋਣ ਦਾ ਢੰਡੋਰਾ ਪਿੱਟਣ ਲੱਗ ਪਏ। ਸ਼੍ਰੋਮਣੀ ਇਤਿਹਾਸਕਾਰ ਡਾ: ਗੰਡਾ ਸਿੰਘ ਤਾਂ, ਬਾਬਾ ਜੀ ਬਾਰੇ ਇਉਂ ਲਿਖਦਾ ਹੈ – "ਬੰਦਾ ਸਿੰਘ ਬਹਾਦਰ, ਅਠਾਹਰਵੀਂ ਸਦੀ ਵਿੱਚ ਪੈਦਾ ਹੋਏ ਭਾਰਤੀ ਯੋਧਿਆਂ ਵਿੱਚੋਂ, ਸਭ ਤੋਂ ਲਾਮਿਸਾਲ ਹੈ। ਭਾਵੇਂ ਉਸਦੀ ਸ਼ਹਾਦਤ ਨੂੰ ਸਦੀਆਂ ਬੀਤ ਗਈਆਂ ਹਨ, ਪਰ ਅਜੇ ਭੀ ਆਪਣੇ ਧਰਮ ਭਰਾਵਾਂ ਲਈ ਚਾਨਣ ਮੁਨਾਰਾ ਹੈ, ਅਗਵਾਈ ਤੇ ਸੂਰਬੀਰਤਾ ਦਾ ਸੋਮਾ ਹੈ।"**

ਹੁਣ ਕੁਝ ਵਿਚਾਰਾਂ ਗੰਗਾ ਰਾਮ ਬ੍ਰਾਹਮਣ (ਪ੍ਰਸਿਧ ਗੰਗੂ) ਦੇ ਲੜਕੇ ਰਾਜ ਕੌਲ ਵੱਲੋਂ ਬੰਦਾ ਸਿੰਘ ਤੋਂ ਹਥਿਆਰ ਸੁਟਵਾਉਣ ਬਾਰੇ। ਪੰਡਿਤ ਜਵਾਹਰ ਲਾਲ ਨਹਿਰੂ ਦਾ ਵਡਿੱਕਾ ਰਾਜ ਕੌਲ, ਹੋਰ ਕੋਈ ਨਹੀਂ, ਗੁਰੂ ਗੋਬਿੰਦ ਸਿੰਘ ਜੀ ਦੇ ਘਰ, ਵੀਹ ਸਾਲ ਤੱਕ ਰੋਟੀਆਂ ਪਕਾਉਣ ਵਾਲੇ ਰਸੋਈਏ ਦੇ ਗੰਗੂ ਦਾ ਪੁੱਤਰ ਸੀ। ਜਿਸਨੇ ਬਾਅਦ ਵਿੱਚ ਵਿਸਾਹ ਘਾਤ ਕਰਕੇ, ਮਾਤਾ ਗੂਜਰੀ ਜੀ, ਅਤੇ ਛੋਟੇ ਸਾਹਿਬਜਾਦਿਆਂ ਨੂੰ ਵਜ਼ੀਰ ਖਾਨ ਕੋਲ ਗ੍ਰਿਫਤਾਰ ਕਰਵਾਇਆ ਸੀ। ਪਰ ਵਜੀਰ ਖਾਨ ਨੇ ਗੰਗੂ ਤੋਂ ਮਾਤਾ ਜੀ ਵਾਲਾ ਧਨ ਭੀ ਖੋਹ ਲਿਆ ਤੇ ਇਕਰਾਰ ਮੁਤਾਬਕ ਇਨਾਮ ਭੀ ਨਾ ਦਿੱਤਾ। ਇਸੇ ਗੰਗੂ ਦਾ ਲੜਕਾ ਸੀ ਰਾਜ ਕੌਲ, ਜੋ ਸਿੱਖਾਂ ਦੇ ਕਹਿਰ ਤੋਂ, ਭੈਮਾਨ ਹੋਕੇ, ਕਸ਼ਮੀਰ ਜਾ ਵਸਿਆ ਸੀ। ਪੜ੍ਹਿਆ ਹੋਣ ਕਰਕੇ ਸਰਕਾਰੀ ਨੌਕਰੀ ਤੇ ਲੱਗਾ ਹੋਇਆ ਸੀ। ਜਦੋਂ ਫਰੁੱਖ਼ਸੀਅਤ ਨੂੰ ਇਸ ਪ੍ਰਵਾਰ ਵੱਲੋਂ ਕੀਤੀ ਗਈ ਸਰਕਾਰ ਦੀ ਸੇਵਾ ਦਾ ਪਤਾ ਲੱਗਿਆ, ਤਾਂ ਉਸਨੇ ਕਸ਼ਮੀਰ ਦੇ ਗਵਰਨਰ ਨੂੰ ਆਖ ਕੇ ਗੰਗੂ ਪ੍ਰਵਾਰ (ਰਾਜਕੌਲ) ਲੱਭ ਲਿਆ, ਤੇ ਉਹਨਾਂ ਨੂੰ ਦਿੱਲੀ ਆਪਣੇ ਕੋਲ ਸੱਦ ਲਿਆ। ਦਿੱਲੀ ਵਿੱਚ ਨਹਿਰ ਦੇ ਕਿਨਾਰੇ, ਚੋਖੀ ਜ਼ਮੀਨ ਤੇ ਇੱਕ ਰਿਹਾਇਸ਼ ਲਈ ਕੋਠੀ ਬਖ਼ਸ਼ ਦਿੱਤੀ। ਦਿੱਲੀ ਦਰਬਾਰ ਵਿੱਚ ਭੀ ਰਾਜਕੌਲ ਨੂੰ ਸਰਕਾਰੀ ਨੌਕਰੀ ਦੇ ਦਿੱਤੀ ਗਈ। ਨਹਿਰ ਕਿਨਾਰੇ ਵਸੇ ਹੋਣ ਕਾਰਨ, ਇਹ ਨਹਿਰੂ ਕੌਲ ਅਖਵਾਣ ਲਗ ਪਏ ਰਾਜ ਕੌਲ ਦਾ ਬੇਟਾ ਸੀ ਲਕਸ਼ਮੀ ਨਾਰਾਇਣ, ਉਸਦਾ ਛੋਟਾ ਗੰਗਾਧਰ, ਉਸਦਾ ਮੋਤੀ ਲਾਲ ਤੇ ਅਗੋਂ ਜਵਾਹਰ ਲਾਲ, ਇੰਦਰਾ ਗਾਂਧੀ ਤੇ ਰਾਜੀਵ ਗਾਂਧੀ। ਸਮੇਂ ਦੇ ਫੇਰ ਨਾਲ, ਕੌਲ ਭੀ ਨਾਮ ਨਾਲੋਂ ਹਟਾ ਦਿੱਤਾ ਗਿਆ, ਕੇਵਲ ਨਹਿਰੂ ਰਹਿਣ ਦਿੱਤਾ ਗਿਆ। ਯਾਦ ਰੱਖਣਾ ਚਾਹੀਦਾ ਹੈ ਕਿ ਸਾਰੇ ਭਾਰਤ ਵਿੱਚ, ਨਹਿਰੂ ਉਪਜਾਤੀ ਵਾਲਾ, ਕੋਈ ਇੱਕ ਭੀ ਬ੍ਰਾਹਮਣ ਨਹੀਂ ਹੈ। ਇਸ ਪ੍ਰਵਾਰ ਨੇ ਆਪਣੀ ਉਪ ਜਾਤੀ, ਸਿੱਖਾਂ ਦੇ ਭੈ, ਅਤੇ ਸੰਸਾਰ ਦੀ ਨਮੋਸ਼ੀ ਤੋਂ ਬਚਣ ਲਈ ਬਦਲ ਲਈ ਹੈ। ਇਥੇ ਇਹ ਧਿਆਨ ਰਹੇ, ਬਾਬਾ ਬੰਦਾ ਸਿੰਘ ਨੇ ਇਹਨਾਂ ਦੇ (ਰਾਜਕੌਲ) ਆਖੇ ਲੱਗ ਕੇ ਗ੍ਰਿਫਤਾਰੀ ਨਹੀਂ ਦਿੱਤੀ। ਉਪਰ ਵਰਣਿਤ ਕੁਝ ਤੱਥਾਂ ਨੂੰ

ਤਾਂ ਖੁਦ ਨਹਿਰੂ ਜਵਾਹਰ ਲਾਲ ਨੇ ਸਵੀਕਾਰ ਕੀਤਾ ਹੈ (ਆਉਟੋਬਾਇਓਗ੍ਰਾਫੀ-1949, ਪੰਨਾ-1) ਨਹਿਰੂ ਖਾਨਦਾਨ ਬਾਰੇ ਭਾਰਤ ਦੇ ਰਹਿ ਚੁਕੇ ਰਾਸ਼ਟਰਪਤੀ, ਰਾਧਾਕਿਸ਼ਨ ਦੇ ਇਤਿਹਾਸਕਾਰ ਬੇਟੇ, ਐਸ. ਗੋਪਾਲ ਨੇ ਚੰਗੀ ਜਾਣਕਾਰੀ ਦਿੱਤੀ ਹੈ। ਉਹ ਲਿਖਦਾ ਹੈ - "ਨਹਿਰੂ ਪ੍ਰਵਾਰ ਦੇ ਨਸੀਬ, ਪੁਸ਼ਤ ਦਰ ਪੁਸ਼ਤ, ਮੁਸਲਮਾਨਾਂ ਹਾਕਮਾਂ ਨਾਲ ਬਣੇ ਰਹੇ ਹਨ। ਇਹ ਖਾਨਦਾਨ, ਉਹਨਾਂ ਬਹੁਤ ਸਾਰੇ ਖਾਨਦਾਨਾਂ ਵਿੱਚੋਂ ਇੱਕ ਸੀ, ਜਿਨਾਂ ਰਾਜ ਸੱਤਾ ਰਾਹੀਂ ਹੋਂਦ ਵਿੱਚ ਆਏ, ਹਾਲਾਤ ਅਤੇ ਮੌਕਿਆਂ ਤੋਂ ਲਾਭ ਪ੍ਰਾਪਤ ਕੀਤਾ ਹੈ।" ਲੇਖਕ ਵੀਰਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਲਿਖਣ ਤੋਂ ਪਹਿਲਾਂ, ਸਾਰੇ ਪੱਖਾਂ ਨੂੰ ਵਿਚਾਰ ਲਿਆ ਕਰਨ। ਜਿਥੇ ਗੁਰਦੋਖੀਆਂ ਨੇ ਪੰਥ ਦਾ ਲਿਖਤਾਂ ਰਾਹੀਂ ਬੇਅੰਤ ਨੁਕਸਾਨ ਕੀਤਾ ਹੈ, ਉਥੇ ਅਪਣੇ ਆਖੇ ਜਾਣ ਵਾਲੇ ਲੇਖਕਾਂ ਨੇ ਕੋਈ ਘੱਟ ਨੁਕਸਾਨ ਨਹੀਂ ਕੀਤਾ। ਇਹ ਪੁਰਾਣੇ ਤੇ ਨਵੇਂ ਅਖੌਤੀ ਇਤਿਹਾਸਕਾਰਾਂ ਦੀ ਲਿਸਟ ਬਹੁਤ ਲੰਮੀ ਹੈ। ਅਪਣੇ ਰੌਸ਼ਨ ਇਤਿਹਾਸ ਨੂੰ ਦਾਗਦਾਰ ਨਾਂ ਕਰੀਏ। ਕੌਮੀ ਹੀਰਿਆਂ ਨੂੰ ਘੱਟੇ ਨਾਂ ਰੋਲੀਏ......।

# ਭੋਗ ਰਾਗ ਮਾਲਾ ਕਿ ਮੁੰਦਾਵਣੀ 'ਤੇ ?

ਜਦੋਂ ਤੋਂ ਨਿਰਮਲ ਨਿਆਰਾ ਸਿੱਖ ਪੰਥ, ਸਤਿਗੁਰੂ ਜੀ ਨੇ ਸਾਜਿਆ ਹੈ, ਉਦੋਂ ਤੋਂ ਹੀ ਇਸ ਦੇ ਕਲਿਆਣਕਾਰੀ ਗੁਰਉਪਦੇਸ਼ਾਂ ਨੂੰ ਲੋਟੂ ਪੁਜਾਰੀ ਸ਼੍ਰੇਣੀਆਂ ਵੱਲੋਂ ਕੈਰੀ ਅੱਖ ਨਾਲ ਵੇਖਿਆ ਜਾ ਰਿਹਾ ਹੈ। ਕਿਉਂਕਿ ਗੁਰਮਤ ਵਹਿਮਾਂ, ਭਰਮਾਂ ਵਿੱਚ ਪਾਕੇ ਦੂਜਿਆਂ ਦੇ ਹੱਕਾਂ ਤੇ ਡਾਕਾ ਮਾਰਨ ਵਾਲਿਆਂ ਨੂੰ ਕਿਸੇ ਕੀਮਤ ਤੇ ਪ੍ਰਵਾਨ ਨਹੀਂ ਕਰਦੀ। ਭਾਵੇਂ ਸ਼ਕਤੀਸ਼ਾਲੀ ਰਾਜੇ ਭੀ ਕਿਉਂ ਨਾ ਹੋਣ। ਜੇ ਉਹ ਲੋਕ ਹਿਤੂ ਨਹੀਂ ਹਨ, ਤਾਂ ਸਤਿਗੁਰੂ ਜੀ ਨੇ ਉਹਨਾਂ ਨੂੰ ਭੀ ਸਖ਼ਤ ਫਿਟਕਾਰਾਂ ਪਾਈਆਂ ਹਨ। ਤੀਜੇ ਥਾਂ ਆਉਂਦੀ ਹੈ ਆਮ ਪਬਲਿਕ, ਸਿੱਧੇ ਸਾਦੇ ਲੋਕ। ਇਹਨਾਂ ਦੀ ਪੜ੍ਹਾਈ ਨਾਂਹ ਹੋਣ ਦੇ ਬਰਾਬਰ ਹੁੰਦੀ ਹੈ, ਆਪਣੇ ਪ੍ਰਵਾਰ ਦੀ ਪਾਲਣਾ ਕਰਨੀ, ਕਿਰਤ ਕਰਦਿਆਂ ਬਹੁਤਾ ਵਕਤ ਗੁਜਾਰਨਾ, ਧਰਮ ਕਰਮ ਨੂੰ ਇੱਕ ਰਸਮ ਦੇ ਤੌਰ ਤੇ ਨਿਭਾਉਂਦੇ ਚਲੇ ਜਾਣਾ। ਹਕੂਮਤ ਅਤੇ ਪੁਜਾਰੀ ਆਮ ਹਾਲਤਾਂ ਵਿੱਚ ਇਹਨਾਂ ਨੂੰ ਗਿਆਨਵਾਨ ਬਣਨ ਤੋਂ, ਹਰ ਤਰੀਕਾ ਵਰਤ ਕੇ ਰੋਕਦੇ ਹਨ। ਰਾਜਾ ਤੇ ਪੁਜਾਰੀ ਜਿਵੇਂ ਦਿਲ ਚਾਹੇ, ਇਹਨਾਂ ਦੀ ਉੱਨ (ਜਾਂ ਖੱਲ) ਲਾਹੁੰਦੇ ਰਹਿਣ। ਇਹਨਾਂ ਨੇ ਇਸ ਵਰਤਾਰੇ ਨੂੰ ਕਿਸਮਤ ਦਾ ਲਿਖਿਆ ਮੰਨ ਕੇ ਸਿਰ ਝੁਕਾ ਦੇਣਾ ਹੈ। ਪੁਜਾਰੀ ਟੋਲੇ ਧਰਮ ਸਿਧਾਂਤਾਂ ਦੇ ਮਨਮਰਜੀ ਦੇ ਅਰਥ ਕਰਦੇ ਰਹਿਣ। ਕਿਸੇ ਨੂੰ ਨਰਕ ਵਿੱਚ ਤੇ ਕਿਸੇ ਨੂੰ ਸਵਰਗ ਭੇਜਦੇ ਰਹਿਣ। ਮਰਿਆਂ ਜੰਮਿਆਂ ਤੋਂ ਭਰਮਾਂ ਵਿੱਚ ਪਾ ਕੇ ਲੁੱਟਕੇ ਖਾਂਦੇ ਰਹਿਣ। ਰਾਜਿਆਂ ਅਮੀਰਾਂ ਅਤੇ ਹੋਰ ਸ਼ਕਤੀਵਾਨ ਲੋਕਾਂ ਨੂੰ "ਅਸਲੀ ਧਰਮੀ" ਹੋਣ ਦੇ ਸਰਟੀਫੀਕੇਟ ਜਾਰੀ ਕਰਦੇ ਰਹਿਣ। ਪੱਥਰ ਦੀਆਂ ਮੂਰਤੀਆਂ ਨੂੰ ਰੱਬ ਬਣਾ ਕੇ ਪੂਜਾ ਕਰਵਾ ਲੈਣ ਜਾਂ ਫਿਰ ਖੁਦ ਹੀ ਖੁਦਾ ਹੋਣ ਦਾ ਐਲਾਨ ਕਰ ਦੇਣ, ਸਭ ਪ੍ਰਵਾਨ ਕਰਨਾ ਪਵੇਗਾ। ਜੇ ਕੋਈ ਇਨਸਾਨ ਤਰਕ ਦਲੀਲ ਜਾਂ ਸਿਆਣਪ ਦੀ ਗੱਲ ਕਰੇ, ਇਹਨਾਂ ਲੋਕਾਂ ਵੱਲੋਂ ਕੀਤੀ ਗਈ ਧਰਮ ਦੀ ਵਿਆਖਿਆ ਨੂੰ ਪ੍ਰਵਾਨ ਨਾ ਕਰੇ, ਤਾਂ ਉਸ ਵਿਅਕਤੀ ਨੂੰ ਧਰਮ ਦੋਖੀ ਆਖ ਕੇ ਕੋਈ ਭੀ ਸਜ਼ਾ ਦਿੱਤੀ ਜਾ ਸਕਦੀ ਹੈ। ਸਮੇਤ ਮੌਤ ਦੇ।

ਵਿਚਾਰ ਅਧੀਨ ਮਸਲਾ ਰਾਗ ਮਾਲਾ ਦਾ ਹੈ! ਕੀ ਇਸਦੀ ਕੋਈ ਸਾਰਥਕਤਾ ਹੈ ? ਕੀ ਗੁਰਬਾਣੀ ਨਾਲ ਇਸਦਾ ਕੋਈ ਉਪਦੇਸ਼ ਮਿਲਦਾ ਹੈ ? ਕੀ ਸਤਿਗੁਰੂ ਅਰਜਨ ਸਾਹਿਬ ਜੀ ਨੇ ਇਸ ਨੂੰ ਖੁਦ ਲਿਖਿਆ ਹੈ ? ਸਿੱਖਾਂ ਦਾ ਸੁਭਾ ਹੀ ਬਣ ਗਿਆ ਹੈ ਕਿ ਮਸਲੇ ਨਿਬੇੜਨ, ਸਾਰਥਕ ਫੈਸਲਾ ਕਰਨ ਦੀ ਥਾਂ, ਲਟਕਾਉਣ ਵਿੱਚ ਹੀ ਬਿਹਤਰੀ ਸਮਝਣ ਲੱਗ

ਪਏ। "ਅੱਜ ਦਾ ਦਿਨ ਲੰਘਾਓ ਕੱਲ੍ਹ ਨੂੰ ਵੇਖੀ ਜਾਏਗੀ।" ਦਸਮ ਗ੍ਰੰਥ ਜਿਸ ਦਿਨ ਤੋਂ ਹੋਂਦ ਵਿੱਚ ਆਇਆ ਹੈ, ਉਸੇ ਦਿਨ ਤੋਂ ਵਿਵਾਦਾਂ ਵਿੱਚ ਹੈ। ਗੁਰੂ ਗ੍ਰੰਥ ਸਾਹਿਬ ਦੇ ਨਿਰਮਲ ਉਪਦੇਸ਼ਾਂ ਦਾ ਘਾਣ ਕਰ ਰਿਹਾ ਹੈ। ਦਸਮ ਪਾਤਿਸ਼ਾਹ ਜੀ ਦੀ ਪਵਿੱਤਰ ਸ਼ਖ਼ਸੀਅਤ ਨੂੰ ਮਲੀਨ ਕਰ ਰਿਹਾ ਹੈ। ਫਿਰ ਭੀ ਸਾਡੇ "ਪ੍ਰਭੂਆਂ" ਨੇ ਕਦੀ ਗੰਭੀਰਤਾ ਨਾਲ ਇਸ ਪਾਸੇ ਧਿਆਨ ਨਹੀਂ ਦਿੱਤਾ। ਗੁਰੂ ਨਾਨਕ ਨਿਰੰਕਾਰੀ ਜੀ ਨੇ ਆਪਣੇ ਲੰਮੇ ਪ੍ਰਚਾਰ ਦੌਰਿਆਂ ਵਕਤ, ਸਤਿਕਾਰ ਯੋਗ ਭਗਤਾਂ ਦੀ ਬਾਣੀ ਦੇ ਉਤਾਰੇ ਕਰਕੇ, ਆਪਣੇ ਕੋਲ ਸੰਭਾਲ ਲਏ। ਆਪਣੀ ਬਾਣੀ ਸਮੇਤ ਗੁਰਗੱਦੀ ਦੇਣ ਵਕਤ ਇਹ ਸਾਰਾ ਖਜ਼ਾਨਾ ਗੁਰੂ ਅੰਗਦ ਸਾਹਿਬ ਜੀ ਨੂੰ ਪ੍ਰਾਪਤ ਹੋਇਆ। ਉਹਨਾਂ ਤੋਂ ਗੁਰੂ ਅਮਰਦਾਸ ਜੀ ਨੂੰ ਅੱਗੋਂ ਚੌਥੇ ਪਾਤਿਸ਼ਾਹ ਰਾਹੀਂ, ਪੰਜਵੇਂ ਨਾਨਕ ਜੀ ਨੂੰ ਸਾਰਾ "ਪਿਉ ਦਾਦੇ ਦਾ ਖਜ਼ਾਨਾ" ਮਿਲ ਗਿਆ। ਉਹਨਾਂ ਨੇ ਭਾਈ ਗੁਰਦਾਸ ਜੀ ਨੂੰ ਹੁਕਮ ਦੇ ਕੇ ਪਾਵਨ ਬਾਣੀ ਨੂੰ ਤਰਤੀਬ ਸਿਰ ਲਿਖਵਾਇਆ। ਅਪਣੀ ਬਾਣੀ ਭੀ ਸ਼ਾਮਿਲ ਕਰਨ ਲਈ ਭਾਈ ਜੀ ਦੇ ਹਵਾਲੇ ਕਰ ਦਿੱਤੀ। ਸਾਰਾ ਵੱਡੇਰੀ ਜਿੰਮੇਵਾਰੀ ਵਾਲਾ ਕੰਮ ਸਤਿਗੁਰੂ ਜੀ ਨੇ ਆਪਣੀ ਨਿੱਜੀ ਦੇਖ ਰੇਖ ਵਿੱਚ ਕਰਵਾਇਆ। ਜਿੱਥੇ ਕਿਤੇ ਯੋਗ ਜਾਣਿਆ, ਆਪਣੀਆਂ ਸੰਪਾਦਕੀ ਟਿੱਪਣੀਆਂ ਭੀ ਦਰਜ ਕੀਤੀਆਂ। ਲੰਮੀਆਂ ਬਾਣੀਆਂ ਜਾਂ ਵਾਰਾਂ ਦੇ ਸਿਰਲੇਖ ਤੇ ਧੁਨੀਆਂ ਖੁਦ ਕਲਮਬੰਦ ਕੀਤੀਆਂ। ਕਿਸੇ ਇੱਕ ਪੰਕਤੀ ਤੱਕ ਦਾ ਭੁਲੇਖਾ ਨਹੀਂ ਰਹਿਣ ਦਿੱਤਾ।

ਗੁਰੂ ਇਤਿਹਾਸ ਵਿੱਚ ਤੇ ਸਿੱਖ ਇਤਿਹਾਸ ਵਿੱਚ ਪੰਥ ਦੋਖੀਆਂ ਨੇ ਮਿਲਾਵਟ ਕਰਨ ਦਾ ਕੋਈ ਮੌਕਾ ਨਹੀਂ ਖੁੰਝਣ ਦਿੱਤਾ। ਥਾਂ ਥਾਂ ਸਤਿਗੁਰੂ ਸਾਹਿਬਾਨ ਜੀ ਦੇ ਪਾਕ ਜੀਵਨ ਨੂੰ ਕਲੰਕਤ ਕਰਨ ਦੀਆਂ ਸਾਜਿਸ਼ੀ ਮੰਦ ਚਾਲਾਂ ਚੱਲੀਆ ਗਈਆਂ। ਸਿੱਖ ਸੂਰਮਿਆਂ ਤੇ ਪਰਉਪਕਾਰੀ ਗੁਰਮੁਖਾਂ ਨੂੰ ਭੀ ਸਭ ਹੀਲੇ ਵਰਤ ਕੇ ਬੇਪਤ ਕਰਨ ਦਾ ਕੋਝਾ ਯਤਨ ਕੀਤਾ ਗਿਆ। ਗੁਰਬਾਣੀ ਵਿੱਚ ਮਿਲਾਵਟ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਗਿਆ। ਪਰ ਸਤਿਗੁਰੂ ਜੀ ਦੀ ਦੂਰ ਅੰਦੇਸ਼ ਸੋਚ ਨੇ, ਖਤਰਿਆਂ ਨੂੰ ਅਗਾਊਂ ਭਾਂਪਦਿਆਂ, ਅਜਿਹਾ ਬਾਨਣੂੰ ਬੰਨ੍ਹ ਦਿੱਤਾ ਕਿ ਲੱਖ ਜਤਨ ਕਰਨ ਤੇ ਭੀ, ਕੋਈ ਪਾਵਨ ਗੁਰਬਾਣੀ ਵਿੱਚ ਰਲਾ ਨਾ ਪਾ ਸਕੇ। ਵਿਆਕਰਣਕ ਨਿਯਮ ਅਤੇ ਗਿਣਤੀ ਪ੍ਰਬੰਧ ਇਤਨਾ ਪਾਏਦਾਰ ਹੈ ਕਿ ਇਸ ਨੂੰ ਤੋੜ ਕੇ ਕੋਈ ਸ਼ਬਦ ਪੰਕਤੀ ਪਾਉਣੀ ਅਸੰਭਵ ਬਣਾ ਦਿੱਤੀ ਗਈ। ਹਾਂ ਆਖਰੀ ਪੱਤਰੇ ਪੋਥੀ ਸਾਹਿਬ ਦੇ ਖਾਲੀ ਸਨ, ਉਥੇ ਹੀ ਕੋਈ ਮਿਲਾਵਟ ਕੀਤੀ ਜਾ ਸਕਦੀ ਸੀ। ਇਥੇ ਹੀ ਮਿਲਾਵਟ ਕੀਤੀ ਗਈ। ਆਓ ਰਾਗਮਾਲਾ ਬਾਰੇ ਇੱਕ ਇੱਕ ਨੁਕਤਾ ਲੈ ਕੇ ਵਿਚਾਰ ਕਰੀਏ –

**1. ਜੋ ਰਾਗ ਗੁਰੂ ਗ੍ਰੰਥ ਸਾਹਿਬ ਵਿੱਚ ਮੌਜੂਦ ਹਨ ਪਰ ਰਾਗ ਮਾਲਾ ਵਿੱਚ**

**ਨਹੀਂ ਹਨ –**

1–ਮਾਝ, 2–ਬਿਹਾਗੜਾ, 3–ਵਡਹੰਸ, 4–ਜੈਤਸਰੀ, 5–ਰਾਮਕਲੀ, 6–ਮਾਲੀ ਗਉੜਾ, 7–ਤੁਖਾਰੀ, 8–ਪ੍ਰਭਾਤੀ, ਤੇ 9–ਜੈਜਾਵੰਤੀ

ਜੇ ਰਾਗਮਾਲਾ ਸਤਿਗੁਰੂ ਜੀ ਦੀ ਕਿਰਤ ਹੁੰਦੀ ਤਾਂ ਕੀ ਇਹਨਾਂ ਰਾਗਾਂ ਨੂੰ ਸ਼ਾਮਲ ਨਾ ਕਰਨ ਦੀ "ਭੁੱਲ" ਕਰ ਸਕਦੇ ਸਨ ?

**2. ਸ਼ਬਦ ਬਣਤਰ – ਸ਼ਬਦ ਜੋੜ ਦੀਆਂ ਗਤਲੀਆਂ**

| **ਗੁਰੂ ਗ੍ਰੰਥ ਸਾਹਿਬ** | **ਰਾਗਮਾਲਾ ਵਿਚ** |
|---|---|
| ਬਿਲਾਵਲੁ | ਬਿਲਾਵਲੀ |
| ਲਲਿਤ | ਲਲਤ |
| ਭੈਰਉ | ਭੈਰਵ |
| ਤਿਲੰਗ | ਤੈਲੰਗੀ |
| ਮਾਲੀ ਗਊੜਾ | ਗਊਰਾ |
| ਕਲਿਆਣੁ | ਕਲ੍ਹਾਨਾ |
| ਬੈਰਾੜੀ | ਬੈਰਾਰੀ |
| ਸੂਹੀ | ਸੂਹਉ |
| ਮਲਾਰ | ਮਲਾਰੀ |

3. ਗੁਰੂ ਅਰਜਨ ਸਾਹਿਬ ਜੀ ਨੂੰ ਸਿੱਖਾਂ ਬੇਨਤੀ ਕੀਤੀ–ਜੀ ਕੋਈ ਵਿਊਂਤ ਬਣਾਉ। ਲੋਕ ਨਾਨਕ ਨਾਮ ਵਾਲੀਆਂ ਕਵਿਤਾਵਾਂ ਲਿਖ ਰਹੇ ਹਨ।

**"ਮਿਹਰਵਾਨ ਪੁਤ ਪਿਰਥੀਏ ਦਾ ਕਵੀਸਰੀ ਕਰੇ,**
**ਭੋਗ ਗੁਰੂ ਨਾਨਕ ਜੀ ਦਾ ਪਾਈ।"** (36)

ਕਰਤਾਰਪੁਰੀ ਬੀੜ ਵਿੱਚ, ਮੁੰਦਾਵਣੀ ਤੋਂ ਬਾਅਦ ਭੀ ਕਈ ਕਚੀਆਂ ਰਚਨਾਵਾਂ ਦਰਜ ਹਨ, ਜੋ ਲੰਮੀ ਵਿਚਾਰ ਤੋਂ ਮਗਰੋਂ ਕੱਟ ਦਿੱਤੀਆਂ ਗਈਆਂ। ਜਿਵੇਂ ਪ੍ਰਾਣ ਸੰਗਲੀ, ਹਿਕਾਇਤਾਂ ਅਤੇ ਹੋਰ ਕਈ ਕੁੱਝ। ਪਰ ਅਫਸੋਸ ਕਿ ਐਨ ਆਖਰੀ ਮੌਕੇ ਭਾਈ ਵੀਰ ਸਿੰਘ ਨੇ ਪੈਂਤੜਾ ਬਦਲ ਲਿਆ, ਅਪਣੇ ਅਖਬਾਰ "ਖਾਲਸਾ ਸਮਾਚਾਰ" ਵਿੱਚ ਇਸਦੇ ਹੱਕ ਵਿੱਚ ਲਿਖਣਾ ਸ਼ੁਰੂ ਕਰ ਦਿੱਤਾ। ਉਸ ਵਕਤ ਵੀਰ ਸਿੰਘ ਦਾ ਸਿੱਖ ਹਲਕਿਆਂ ਵਿੱਚ ਵੱਡਾ ਪਰਭਾਵ ਸੀ। ਜਿਸ ਕਾਰਨ ਰਾਗਮਾਲਾ ਦੇ ਵਿਰੁੱਧ ਫੈਸਲਾ ਹੁੰਦਾ ਹੋਇਆ ਭੀ ਵਿਚਕਾਰ ਅਟਕ ਗਿਆ। ਸਿੱਖ ਰਹਿਤ ਮਰਿਆਦਾ ਵਿੱਚ 1945 ਨੂੰ ਇਹ ਲਿਖਣ ਲਈ ਮਜ਼ਬੂਰ ਹੋਣਾ ਪਿਆ ਕਿ "ਰਾਗਮਾਲਾ ਪੜ੍ਹੋ ਚਾਹੇ ਨਾ ਪੜ੍ਹੋ।" ਭੋਗ ਚਲਦੀ ਸਥਾਨਕ ਰੀਤ

ਮੁਤਾਬਕ ਪਾ ਦਿਓ।

4. ਚੀਫ ਖਾਲਸਾ ਦੀਵਾਨ (ਅੰਮ੍ਰਿਤਸਰ) ਵਾਲਿਆਂ "ਇੱਕ ਗੁਪਤ ਪੱਤਰ" ਭਾਈ ਕਾਹਨ ਸਿੰਘ ਨਾਭਾ ਦੇ ਨਾਮ ਹੇਠ ਖਾਲਸਾ ਸਮਾਚਾਰ ਵਿੱਚ ਛਾਪਿਆ। ਜਿਸ ਦਾ ਸਾਰੰਸ਼ ਇਹ ਸੀ ਕਿ "ਕਾਹਨ ਸਿੰਘ ਨੇ ਰਾਗ ਮਾਲਾ ਬਾਰੇ ਅਪਣੀ ਰਾਏ ਬਦਲ ਲਈ ਹੈ।" ਇਸ ਦੇ ਪ੍ਰਤੀਕਰਮ ਵਜੋਂ, ਭਾਈ ਕਾਹਨ ਸਿੰਘ ਤੋਂ ਪੰਥ ਸੇਵਕ ਅਖਬਾਰ ਰਾਹੀਂ ਪੁੱਛਿਆ ਗਿਆ ਕਿ ਕੀ ਤੁਸੀਂ ਵਾਕਿਆ ਹੀ ਰਾਗ ਮਾਲਾ ਬਾਰੇ ਅਪਣੀ ਰਾਏ ਬਦਲ ਲਈ ਹੈ ? ਜਿਵੇਂ ਭੀ ਤੁਹਾਡੇ ਵਿਚਾਰ ਹਨ ਤੁਸੀਂ ਖ਼ੁਦ ਸਥਿਤੀ ਸਪੱਸ਼ਟ ਕਰੋ। ਕਿਉਂਕਿ ਤੁਹਾਡੇ ਨਾਮ ਤੇ ਅਖਬਾਰ ਵਿੱਚ ਇੱਕ ਚਿੱਠੀ ਛਪੀ ਹੈ, ਜਿਸ ਕਾਰਨ ਆਮ ਸਿੱਖ ਦੁਬਧਾ ਗ੍ਰਸਤ ਹੈ। ਭਾਈ ਕਾਹਨ ਸਿੰਘ ਨੇ ਸਪੱਸ਼ਟ ਲਿਖਿਆ – ਸਿੱਖ ਵੀਰਾਂ ਭੈਣਾਂ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਆਮ ਸਿੱਖ ਜਨ ਸਮੂੰਹ ਨੂੰ, ਵਿੱਦਿਆ ਪੜ੍ਹਨ ਦੀ ਅਤੇ ਖੋਜ ਕਰਨ ਦੀ, ਕੋਈ ਦਿਲਚਸਪੀ ਨਹੀਂ ਹੈ। ਮੈਂ ਇੱਕ ਖੋਜੀ ਦੀ ਹੈਸੀਅਤ ਵਿੱਚ, ਉਹਨਾਂ ਭਾਈਆਂ ਨੂੰ ਸਲਾਹ ਦਿੰਦਾ ਹਾਂ ਕਿ ਤੁਸੀਂ ਕਰਤਾਰ ਪੁਰੀ ਬੀੜ ਖੁਦ ਵੇਖੋ ਪੜੋ, ਉਸੇ ਵਿੱਚ "ਰਾਗਮਾਲਾ ਦੇ ਵਿਰੁੱਧ" ਅਕੱਟ ਸਬੂਤ ਮੌਜੂਦ ਹਨ। ਪੜੋ ਤਤਕਰੇ ਦੇ ਅੰਤ ਪੁਰ ਇਹ ਲਿਖਿਆ ਹੋਇਆ ਹੈ – ਸੰਮਤ 1661 ਮਿਤੀ ਭਾਦੋਂ ਵਦੀ ੧, (ਏਕਮ) ਪੋਥੀ ਲਿਖ ਪਹੁੰਚੇ। ਗੁਰੂ ਬਾਬਾ ਜੀ ਦੇ ਸਾਰੇ ਪਤਰੇ 974"। ਧਿਆਨ ਨਾਲ ਵੇਖਣਾ 973 ਨੰ: ਪੱਤਰੇ ਤੇ ਮੁੰਦਾਵਣੀ ਹੈ। ਪੱਤਰਾ 974 ਸਾਰਾ ਖਾਲੀ ਪਿਆ ਹੈ। ਬਾਕੀ ਸਾਰਾ ਕੁਝ ਸਮੇਤ ਰਾਗਮਾਲਾ ਦੇ ਇਹਨਾਂ 974 ਪਤਰਿਆਂ ਤੋਂ ਬਾਹਰ ਹੈ, ਸੋ ਉਹ ਗੁਰੂ ਕ੍ਰਿਤ ਨਹੀਂ ਹੈ। ਇਸੇ ਲਈ ਗੁਰੂ ਬਾਬੇ ਦੀ ਬਾਣੀ ਦਾ ਅੰਗ ਨਹੀਂ ਹੈ। (110)

5. ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਸਾਰੇ ਰਾਗ ਪ੍ਰਵਾਨੇ ਗਏ ਹਨ ਰਾਗਣੀ ਕੋਈ ਨਹੀਂ ਹੈ। ਕੁਝ ਇੱਕ ਇਸਤਰੀ ਲਿੰਗ ਪ੍ਰਤੀਤ ਹੋਣ ਵਾਲੇ ਰਾਗ ਭੀ ਰਾਗਣੀਆਂ ਨਹੀਂ ਹਨ, ਪੂਰੇ ਰਾਗ ਮੰਨੇ ਗਏ ਹਨ। ਮਿਸਾਲ ਲਈ – ਆਸਾਵਰੀ, ਗੂਜਰੀ, ਦੇਵਗੰਧਾਰੀ, ਬੈਰਾੜੀ, ਸੂਹੀ, ਜੈਜਾਵੰਤੀ, ਆਦਿ। ਗੁਰਮਤ ਸੰਗੀਤ ਵਿਦਿਆਲਾ, ਰਕਾਬ ਗੰਜ ਦਿੱਲੀ ਦੇ ਪ੍ਰਿੰਸੀਪਲ, ਸ੍ਰ: ਦਿਆਲ ਸਿੰਘ ਨੇ ਇੱਕ ਬੜਾ ਭਾਵਪੂਰਤ ਲੇਖ ਮਾਸਿਕ ਪੱਤਰ "ਅੰਮ੍ਰਿਤ ਕੀਰਤਨ, ਪ੍ਰੋ: ਤਾਰਾ ਸਿੰਘ ਅੰਕ ਨੰ: 5, 9 ਜਨਵਰੀ 1990 ਨੂੰ ਲਿਖਿਆ ਸੀ। ਜਿਸਦਾ ਸਾਰੰਸ਼ ਇਸ ਤਰ੍ਹਾਂ ਹੈ :–

ਰਾਗਮਾਲਾ ਨਾਮੀ ਬਹੁਤ ਕਵਿਤਾਵਾਂ ਲਿਖੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਕੁਝ ਦੇ ਨਾਮ ਇਹ ਹਨ – (1) ਪੁੰਡਰੀਕ ਵਿਠੁਲ ਦੀ ਰਾਗਮਾਲਾ (1515 ਤੋਂ 1584 ਈ:) ਗੁਰੂ ਗ੍ਰੰਥ ਦੀ ਸੰਪਾਦਨਾ ਤੋਂ ਤੀਹ ਸਾਲ ਪਹਿਲਾਂ ਲਿਖੀ ਗਈ।

(2) ਯਸੋਦ ਨੰਦ ਸੁਕਲ ਦੀ ਰਾਗਮਾਲਾ – ਲਿਖਣ ਦਾ ਸਮਾ – 1758 ਈ:

(3) ਲਛਮਣ ਦਾਸ ਦੀ ਰਾਗਮਾਲਾ (4) ਅਨੰਦ ਦੀ ਰਾਗਮਾਲਾ

(5) ਗੋਬਿੰਦ ਦੀ ਰਾਗਮਾਲਾ, (6) ਚੰਦਰਦਾਸ ਦੀ ਰਾਗਮਾਲਾ ਅਤੇ ਹੋਰ।

ਅਦਭੁਤ ਰਾਮਾਇਣ ਵਿੱਚ ਇੱਕ ਕਥਾ ਹੈ ਕਿ ਨਾਰਦ ਨੂੰ ਆਪਣੇ ਬਾਰੇ ਰਾਗਾਂ ਦਾ ਮਾਹਿਰ ਹੋਣ ਦਾ (ਰਾਗ ਆਚਾਰੀਆ) ਹੰਕਾਰ ਹੋ ਗਿਆ। ਉਸ ਦਾ ਹੰਕਾਰ ਤੋੜਨ ਲਈ ਬਿਸ਼ਨੂੰ ਨਾਰਦ ਨੂੰ ਦੇਵ ਲੋਕ ਲੈ ਗਿਆ। ਨਾਰਦ ਨੇ ਵੇਖਿਆ ਕਿ ਅਨੇਕ ਇਸਤਰੀ ਪੁਰਖ ਅੰਗ ਭੰਗ ਹੋਣ ਕਰਕੇ ਵਿਲਕ ਰਹੇ ਹਨ। ਪੁੱਛਣ ਤੇ ਦੱਸਿਆ ਕਿ ਨਾਰਦ ਨੇ ਸੰਗੀਤ ਤੋਂ ਅਣਜਾਣ ਹੋਣ ਕਰਕੇ ਸੁਰਾਂ ਦਾ ਧਿਆਨ ਨਹੀਂ ਰੱਖਿਆ। ਇਸੇ ਕਾਰਨ ਸਾਡੇ ਅੰਗ ਭੰਗ ਹੋ ਗਏ ਹਨ। ਇਹੀ ਕਹਾਣੀ ਇੰਨ ਬਿੰਨ ਗੁਰੂ ਅਰਜਨ ਸਾਹਿਬ ਜੀ ਨਾਲ ਨੱਥੀ ਕਰ ਦਿੱਤੀ। ਜਦੋਂ ਕਿ ਭੋਗ ਮੁੰਦਾਵਣੀ ਤੇ ਪਾਉਣ ਦੀ ਤਸਦੀਕ ਗੁਰੂ ਗ੍ਰੰਥ ਸਾਹਿਬ ਜੀ ਤੋਂ ਅਤੇ ਇਤਿਹਾਸ ਵਿੱਚੋਂ ਮਿਲ ਰਹੀ ਹੈ।

6. ਪੁਰਾਣੇ ਕਲਾਕਾਰ ਰਾਗ ਰਾਗਣੀਆਂ ਦੇ ਕਲਪਤ ਚਿੱਤਰ ਬਣਾਉਣ ਦਾ ਸ਼ੌਕ ਭੀ ਰੱਖਦੇ ਸਨ। ਰਾਜੇ ਨਵਾਬਾਂ ਦਾ ਮਨੋਰਜੰਨ ਕਰਨ ਲਈ ਕਲਾਕਾਰਾਂ ਨੇ ਰਾਗਾਂ ਨੂੰ ਬਹੁਤ ਹੀ ਦਿਲਕਸ਼ ਸ਼ਬਦ ਚਿੱਤਰਾਂ ਨਾਲ ਸ਼ਿੰਗਾਰਨ ਦਾ ਜਤਨ ਕੀਤਾ ਹੈ। ਉਹਨਾਂ ਸ਼ਬਦ ਚਿੱਤਰਾਂ ਤੋਂ ਪ੍ਰਭਾਵਤ ਹੋ ਕੇ, ਅਗਵਾਈ ਲੈ ਕੇ ਰੇਖਾ ਚਿੱਤਰ (ਤਸਵੀਰ) ਬਣਾਉਣ ਦਾ ਜਤਨ ਕੀਤਾ ਗਿਆ ਹੈ। ਆਉ ਕੇਵਲ ਇੱਕ ਰਾਗਣੀ ਭੈਰਵੀ ਦਾ ਸ਼ਬਦ ਚਿੱਤਰ ਪੜ੍ਹੀਏ। ਇਸ ਨੂੰ ਪੜ੍ਹਕੇ ਹੀ ਕਈ ਕਲਾਕਾਰਾਂ ਨੇ ਅੱਗੇ ਚਿੱਤਰ ਬਣਾਏ। ਜਿਸ ਨੂੰ ਨਾ ਸਮਝ ਲੋਕਾਂ ਨੇ, ਸੱਚ ਰੂਪ ਕਰਕੇ ਮੰਨ ਲਿਆ। ਇਹ ਇੱਕ ਭੂਤਨੀ (ਭੈਰਵੀ) ਦਾ ਰਾਗਚਿੱਤਰ ਹੈ। ਜਿਸ ਵਕਤ ਪਾਰਬਤੀ ਨੇ ਮਨ ਕਰਕੇ ਸ਼ਿਵ ਨੂੰ ਪਤੀ ਰੂਪ ਵਿੱਚ ਪ੍ਰਵਾਨ ਕਰ ਲਿਆ ਤਾਂ ਉਹ ਪਤੀ ਨੂੰ ਰੀਝਾਉਣ ਵਾਸਤੇ, ਹਿਮਾਲਾ ਪਰਬਤ ਮਾਨਸ੍ਰੋਵਰ ਦੇ ਕੰਢੇ ਬੈਠ ਕੇ ਸ਼ਿਵਲਿੰਗ ਦੀ ਪੂਜਾ ਕਰਦੀ ਹੈ। ਪਾਰਬਤੀ ਦੇ ਪਹਿਰਾਵੇ, ਹਾਵਭਾਵ, ਸਰੀਰਕ ਹਰਕਤਾਂ ਅਤੇ ਪ੍ਰਕ੍ਰਿਤੀ ਚਿੱਤਰ ਬਿਆਨ ਕੀਤੇ ਗਏ ਹਨ। ਅੱਖਰਾਂ ਦੁਆਰਾ ਬਿਆਨ ਕੀਤਾ ਗਿਆ ਨਕਸ਼ਾ –

ਰਾਜ ਕੁਆਰ ਭੈਰਵੀ ਰਾਨੀ। ਦੇਖ ਰੂਪ ਭੈਰਵ (ਸ਼ਿਵ) ਲਲਚਾਨੀ।
ਭਈ ਮਗਨ ਸਰ ਸੁਰਤ ਬਿਸਾਰੀ।
ਰਖੇ ਮਨੋਰਥ ਸ਼ਿਵ ਮਚ ਆਈ। ਬਹੁਤ ਭਾਂਤ ਕੀ ਪੂਜਾ ਲਾਈ।
ਲੀਏ ਤਾਲ ਪਰ ਸੁਜਸ ਸੁਨਾਵੈ। ਮਨ ਏਹੋ ਬਸ ਭੈਰਵ ਪੀਯ ਪਾਵੈ।
ਮਾਨ ਸ੍ਰੋਵਰ ਵਿਮਲ ਜੀ, ਪੰਖੀ ਕਰਤ ਕਲੋਲ। ਤਿਹ ਤਟ ਸੋਭਿਤ
ਸ਼ਿਵ ਭਵਨ ਰਾਜਿਤ ਰਸਿਤ ਅਮੋਲ। (148)

7. ਰਾਗਮਾਲਾ ਵਿੱਚ ਛੇ ਰਾਗ ਮੰਨੇ ਗਏ ਹਨ, ਹਰੇਕ ਰਾਗ ਦੀਆਂ ਪੰਜ ਪਤਨੀਆਂ (ਰਾਗਣੀਆਂ) ਮੰਨੀਆਂ ਗਈਆਂ ਹਨ। ਨਾਲ ਹਰੇਕ ਰਾਗ ਤੋਂ ਅੱਠ ਅੱਠ ਪੁੱਤਰ ਭੀ ਲਿਖ ਮਾਰੇ। ਪਰ ਅਫਸੋਸ ਕਿ ਇਹ ਨਹੀਂ ਦੱਸਿਆ ਗਿਆ ਕਿ ਇਹਨਾਂ ਅੱਠਾਂ ਬੱਚਿਆਂ ਦੀਆਂ ਮਾਵਾਂ ਕਿਹੜੀਆਂ ਹਨ ? ਇਸ ਗੱਲ ਦਾ ਕੋਈ ਨਿਯਮ ਅੱਜ ਤੱਕ ਸੰਗੀਤ ਆਚਾਰੀਆਂ ਵਿੱਚ ਪ੍ਰਵਾਨ ਨਹੀਂ ਚੜ੍ਹ ਸਕਿਆ, ਕਿ ਕਿਸੇ ਰਾਗ ਨੂੰ ਰਾਗਣੀ ਕਿਵੇਂ ਤੇ ਕਿਉਂ ਮੰਨਿਆ ਜਾਵੇ ? ਇਸਦਾ ਪੈਮਾਨਾ ਕੀ ਹੈ ? ਅਜਿਹਾ ਸਰਬ ਪ੍ਰਵਾਣਿਤ ਕਿਹੜਾ ਢੰਗ ਹੈ, ਕਿ ਕਿਸ ਰਾਗ ਪੱਧਤੀ ਨੂੰ ਰਾਗ ਆਖਿਆ ਜਾਵੇ ਕਿਸ ਨੂੰ ਰਾਗਣੀ, ਉਸਦਾ ਪੁੱਤਰ, ਧੀ ਜਾਂ ਨੂੰਹ (ਪੁੱਤਰ ਬੱਧੂ) ਆਖਿਆ ਜਾਵੇ ? ਫਿਰ ਸੰਗੀਤ ਮਾਹਿਰ ਵਿਦਵਾਨ, ਗਾਇਨ ਸ਼ੈਲੀ ਵਿੱਚ ਨਵੇਂ ਤੋਂ ਨਵੇਂ ਢੰਗ ਤਰੀਕੇ ਪ੍ਰਚੱਲਤ ਕਰਦੇ ਰਹਿੰਦੇ ਹਨ। ਉਹਨਾਂ ਨੂੰ ਕਿਸ ਖਾਤੇ ਜਾਂ ਸ਼੍ਰੇਣੀ ਵਿੱਚ ਰੱਖਿਆ ਜਾਵੇਗਾ ?

ਇਸ ਪ੍ਰਾਚੀਨ ਪੱਧਤੀ ਨੂੰ ਮੰਨਣ ਵਾਲੇ ਕਿਹੜਾ ਮਤ ਪ੍ਰਵਾਨ ਕਰਦੇ ਹਨ ? ਫਿਰ ਅੱਜ ਕੱਲ੍ਹ ਕਿਸ ਕਿਸ ਦੇਸ਼ ਵਿੱਚ ਉਹਨਾਂ ਦੀ ਇਹ ਪੱਧਤੀ ਪਰਚੱਲਤ ਹੈ ?

8. ਭਾਈ ਸੰਤੋਖ ਦੇ ਵਿਚਾਰ ਮੁੰਦਾਵਣੀ ਬਾਰੇ।

ਭਾਈ ਮਨੀ ਸਿੰਘ ਦੇ ਸੇਵਕ ਭਾਈ ਸੰਤ ਸਿੰਘ ਹੋਏ ਹਨ। ਸੰਤ ਸਿੰਘ ਤੋਂ ਭਾਈ ਸੰਤੋਖ ਸਿੰਘ ਨੇ ਵਿੱਦਿਆ ਪ੍ਰਾਪਤ ਕੀਤੀ। ਸੰਤੋਖ ਸਿੰਘ ਦੀ ਪ੍ਰਸਿੱਧ ਰਚਨਾ ਸੂਰਜ ਪ੍ਰਕਾਸ਼ ਵਿੱਚ ਇਉਂ ਲਿਖਤ ਹੈ –

ਲਿਖੇ ਸਮਸਤ ਸਵਈਏ ਸੋਊ, ਸ੍ਰੀ ਗ੍ਰਿੰਥਕੇ ਮਾਹਿ।
ਅੰਤ ਸਰਬ ਕੇ ਲਿਖ ਮੁੰਦਾਵਣੀ ਮੁਦ੍ਰਤਿ ਮੋਹਰ ਲਗੀ ਜਨ ਵਾਹਿ।
ਭੋਗ ਸਕਲ ਬਾਣੀ ਕਾ ਪਯਉ ਮਹਿਮਾ ਜਿਸਕੀ ਕਹੀ ਨ ਜਾਇ।
ਭਵਜਲ ਭੈਰਵ ਕੋ ਜਹਾਜ ਬਡ, ਪ੍ਰਭੂ ਕਿਰਪਾ ਤੇ ਪਾਰ ਪਰਾਇ।
ਰਾਗ ਮਾਲਾ ਸ੍ਰੀ ਗੁਰੂ ਕ੍ਰਿਤ ਨਹਿ ਹੈ, ਮੁੰਦਾਵਣੀ ਲਗ ਗੁਰਬੈਨ।
ਇਸ ਮਹਿ ਨਹਿ ਸੰਸੈ ਕੁਛ ਕਰੀਅਹੁ, ਜੇ ਸੰਸੈ ਅਵਲੋਕਹੁ ਨੈਨ।
ਮਾਧਵਨਲ ਆਲਮ ਕਵਿ ਕੀ ਨਸਿ, ਤਿਸ ਮਹਿ ਨ੍ਰਿਤਕਾਰੀ ਕਹਿ ਤੈਨ।
ਰਾਗ ਰਾਗਨੀ ਨਾਮ ਗਿਨੇ ਤਹਿ, ਯਾਂਤੇ ਸ੍ਰੀ ਅਰਜਨ ਕ੍ਰਿਤ ਹੈ ਨ। (ਰਾਸ.3. ਅੰਸੂ 48-2127)

9. ਗਿਆਨੀ ਨਰੈਣ ਸਿੰਘ ਮੁਜੰਗ ਵਾਲਿਆਂ ਵੱਲੋਂ, ਜੋ ਗੁਰੂ ਗ੍ਰੰਥ ਸਾਹਿਬ ਦੇ ਟੀਕਿਆਂ ਬਾਰੇ ਭੂਮਿਕਾ ਲਿਖਦਿਆਂ ਪੰਨਾ "ਜ" ਨੰਬਰ 7 ਦੇ ਸਿਰਲੇਖ ਹੇਠ ਲਿਖਿਆ ਹੈ – "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਛਾਪਣਾ; ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਇੱਛਾ ਰੱਖਣ ਵਾਲੇ ਨੂੰ ਕਈ ਕਈ ਮਹੀਨੇ ਲਿਖਾਰੀ ਨਹੀਂ ਮਿਲਦੇ ਸੀ। ਮਿੰਨਤਾਂ ਤਰਲੇ ਅਲੱਗ ਕਰਨੇ

ਪੈਂਦੇ ਸੀ। ਫਿਰ ਭੀ ਇੱਛਾਵਾਨ ਨੂੰ ਦਮਦਮੇ ਵਾਲੀ ਬੀੜ ਦਾ ਉਤਾਰਾ ਚਾਹੀਦਾ ਹੋਵੇ, ਤੇ ਲਿਖਾਰੀ ਕੋਲ ਉਹ ਹੈ ਨਹੀਂ ਤਾਂ ਉਸ ਲਿਖਾਰੀ ਨੇ ਆਪਣੀ ਮਰਜ਼ੀ ਨਾਲ ਕਿਸੇ ਹੋਰ ਬੀੜ ਦਾ ਉਤਾਰਾ ਕਰਕੇ ਦੇ ਦੇਣਾ। ਲਿਖ ਦੇਣਾ ਇਹ ਪਈ ਇਹ ਦਮਦਮੀ ਬੀੜ ਦਾ ਉਤਾਰਾ ਹੈ। ਭੇਟਾ ਵਜੋਂ ਰੁਪੈ 101/- ਤੋਂ 1001/- ਤੱਕ ਭੀ ਲੈ ਲਏ ਜਾਂਦੇ ਸਨ। ਫਿਰ ਭੀ ਇਹ ਬੀੜਾਂ ਆਮ ਸਿੱਖ ਦੀ ਪਹੁੰਚ ਤੋਂ ਬਾਹਰ ਸਨ। ਸੰਨ 1860 ਵਿੱਚ ਲਾਹੌਰ ਵਿਖੇ ਛਾਪਾਖਾਨਾ ਚਾਲੂ ਹੋਣ ਤੇ, ਇਸ ਦੇ ਮਾਲਕ ਲਾਲਾ ਹਰਸੁਖ ਰਾਏ ਜੀ ਦਰਬਾਰ ਸਾਹਿਬ ਆਏ। ਸਮੇਂ ਦੇ ਸਿੱਖ ਪੁਜਾਰੀਆਂ ਅੱਗੇ ਬੇਨਤੀ ਕੀਤੀ, ਕਿ ਦਾਸ ਨੂੰ ਬੀੜਾਂ ਛਾਪਣ ਦੀ ਆਗਿਆ ਦਿੱਤੀ ਜਾਵੇ। ਇਹ ਭੀ ਸਪੱਸ਼ਟ ਦੱਸਿਆ ਜਾਵੇ ਕਿ ਕਿਹੜੀ ਬੀੜ ਛਾਪੀ ਜਾਵੇ ? ਭਾਵ ਕਰਤਾਰ ਪੁਰ ਵਾਲੀ, ਦਮਦਮੇ ਵਾਲੀ ਜਾਂ ਭਾਈ ਬੰਨੋ ਵਾਲੀ ? ਕਈ ਦਿਨਾਂ ਤੱਕ ਪੁਜਾਰੀ ਕਿਸੇ ਸਿੱਟੇ ਤੇ ਨਾ ਪੁੱਜ ਸਕੇ। ਅੰਤ ਅਰਦਾਸ ਕਰਕੇ (ਲਾਟਰੀ ?) ਤਿੰਨਾਂ ਬੀੜਾਂ ਦੇ ਨਾਮ ਲਿਖਕੇ, ਤਿੰਨ ਪਰਚੀਆਂ ਸ੍ਰੋਵਰ ਵਿੱਚ ਪਾਈਆਂ। ਅਖੇ ਜੋ ਪਰਚੀ ਪਹਿਲਾਂ ਉੱਪਰ ਤਰ ਆਵੇਗੀ, ਉਸੇ ਨੂੰ ਛਾਪਣ ਦੀ ਆਗਿਆ ਦੇ ਦਿਆਂਗੇ। ਇੱਕ ਵਾਰੀ ਤਿੰਨੇ ਪਰਚੀਆਂ ਡੁੱਬ ਗਈਆਂ, ਕਰੀਬ ਦੋ ਘੰਟੇ ਮਗਰੋਂ ਇੱਕ ਪਰਚੀ ਉੱਪਰ ਤਰਦੀ ਨਜਰੀਂ ਪਈ, ਝੱਟ ਕੱਢ ਲਿਆਂਦੀ। ਵੇਖਿਆ ਤਾਂ ਉਪਰ ਲਿਖਿਆ ਸੀ “ਦਮਦਮੇ ਵਾਲੀ ਬੀੜ”। ਇਹੀ ਆਗਿਆ ਲਾਲਾ ਹਰਸੁਖ ਰਾਏ ਨੂੰ ਕਰ ਦਿੱਤੀ, ਕਿ ਦਮਦਮੇ ਵਾਲੀ ਬੀੜ ਛਾਪੀ ਜਾਵੇ। ਇਸ ਤਰ੍ਹਾਂ ਬਿਨਾਂ ਸੋਧ ਸੁਧਾਈ ਤੋਂ, ਦਮਦਮੇ ਵਾਲੀ ਬੀੜ ਛਪਣ ਲੱਗੀ। ਲਾਲਾ ਹਰਸੁਖ ਰਾਏ ਖੁਦ ਹੀ “ਛਾਪਕ ਸੋਧਕ” ਬਣਕੇ ਸੇਵਾ ਕਰਨ ਲੱਗੇ।

10. ਸਮਾਂ ਬੀਤਣ ਨਾਲ ਛਾਪੇ ਵਾਲੀਆਂ ਤੇ ਹੱਥ ਲਿਖਤ ਬੀੜਾਂ ਕਈ ਪ੍ਰਕਾਰ ਦੀਆਂ ਸਿੱਖ ਸੰਗਤਾਂ ਵਿੱਚ ਪ੍ਰਚੱਲਤ ਹੋ ਗਈਆਂ। ਭੋਗ ਹਰ ਇੱਕ ਦਾ ਆਪੋ ਆਪਣੀ ਮਰਜ਼ੀ ਦਾ ਹੋਇਆ ਕਰਦਾ ਸੀ। ਕਈ ਥਾਂਵਾਂ ਤੇ ਅਪ੍ਰਵਾਨਿਤ ਰਚਨਾਵਾਂ ਪੜ੍ਹਕੇ “ਵੱਡਾ ਭੋਗ” ਪਾਇਆ ਜਾਂਦਾ ਸੀ। ਜਿਤ ਦਰ ਲੱਖ ਮੁਹੰਮਦਾ, ਮੀਰਾਂ ਬਾਈ ਦਾ ਸ਼ਬਦ, ਸੂਰਦਾਸ ਦਾ ਸਾਰਾ ਸ਼ਬਦ, ਰੁਣਝੁੰਝਨੜਾ ਆਦਿ ਭੀ ਪੜਦੇ ਸਨ।

ਸੰਨ 1920 ਤੋਂ ਪਹਿਲਾਂ ਕਿਉਂਕਿ ਸ਼੍ਰੋ: ਗੁ: ਪ੍ਰ: ਕਮੇਟੀ ਨਹੀਂ ਸੀ, ਇਸ ਲਈ ਸਾਰੇ ਧਾਰਮਕ ਫੈਸਲੇ ਚੀਫ ਖਾਲਸਾ ਦੀਵਾਨ ਦੀ ਸਹਿਮਤੀ ਨਾਲ ਹੀ ਪ੍ਰਵਾਨ ਚੜ੍ਹਦੇ ਸਨ। ਰਾਗਮਾਲਾ ਬਾਰੇ ‘ਪੜ੍ਹਨੀ ਹੈ ਜਾਂ ਨਹੀ ਪੜ੍ਹਨੀ ਹੈ’ ਦੇ ਕਾਰਨ ਬਹੁਤ ਝਗੜੇ ਹੋਏ। ਅਦਾਲਤਾਂ ਵਿੱਚ ਮੁਕੱਦਮੇ ਚੱਲੇ। ਅਦਾਲਤਾਂ ਵੱਲੋਂ ਚੀਫ ਖਾਲਸਾ ਦੀਵਾਨ ਤੋਂ ਰਾਏ ਮੰਗੀ ਜਾਂਦੀ ਸੀ। ਚੀਫ ਖਾਲਸਾ ਦੀਵਾਨ ਦੇ ਮੁਖੀ ਹਮੇਸ਼ਾ ਇਹੀ ਲਿਖਕੇ ਭੇਜਦੇ ਰਹੇ - “ਰਾਗਮਾਲਾ ਗੁਰਬਾਣੀ ਨਹੀਂ ਹੈ।”

11. ਬਾਗਬਾਨ ਪੁਰੇ ਲਾਹੌਰ ਦੀ ਸਿੰਘ ਸਭਾ ਵਿੱਚ ਵੱਡਾ ਝਗੜਾ ਹੋਇਆ। ਗੱਲ ਕਿਨਾਰੇ ਨਾ ਲਗਦੀ ਵੇਖ ਕੇ, ਦੋ ਪਰਚੀਆਂ ਤੇ ਇਹ ਅੱਖਰ ਲਿਖ ਕੇ ਪੀਹੜੇ ਹੇਠ ਰੱਖ ਦਿੱਤੀਆਂ – ਰਾਗਮਾਲਾ ਗੁਰਬਾਣੀ ਹੈ, ਰਾਗਮਾਲਾ ਗੁਰਬਾਣੀ ਨਹੀਂ ਕੱਚੀ ਬਾਣੀ ਹੈ।" ਇੱਕ ਅਣਜਾਣ ਸੇਵਕ ਤੋਂ ਇੱਕ ਪਰਚੀ ਮੰਗਵਾਈ ਗਈ, ਜਿਸ ਤੇ ਲਿਖਿਆ ਸੀ, ਰਾਗਮਾਲਾ ਗੁਰਬਾਣੀ ਨਹੀਂ ਹੈ ਕੱਚੀ ਬਾਣੀ ਹੈ। ਅੱਗੇ ਤੋਂ ਰਾਗਮਾਲਾ ਪੜਨੀ ਬੰਦ ਕਰ ਦਿੱਤੀ ਗਈ। ਸਤੰਬਰ 5-1917 ਦੇ ਪੰਥ ਸੇਵਕ ਅਖਬਾਰ ਵਿੱਚ ਸਾਰੀ ਘਟਨਾ ਛਪੀ। "ਕਿ ਸੱਚੇ ਸਤਿਗੁਰੂ ਜੀ ਨੇ ਕਿਰਪਾ ਕੀਤੀ, ਰਾਗਮਾਲਾ ਦਾ ਫੈਸਲਾ ਆਪ ਕਿਰਪਾ ਕਰਕੇ ਨਬੇੜ ਦਿੱਤਾ, ਸਾਰਿਆਂ ਦੀ ਦੁਬਿਧਾ ਦੂਰ ਕਰ ਦਿੱਤੀ।"

12. ਭਾਈ ਲਾਲ ਸਿੰਘ ਧਰਮ ਪ੍ਰਚਾਰਕ, ਪਹਿਲਾਂ ਲੰਮੇ ਸਮੇਂ ਤੱਕ ਪ੍ਰੋ: ਗੁਰਮੁਖ ਸਿੰਘ ਤੇ ਗਿ: ਦਿੱਤ ਸਿੰਘ ਨਾਲ ਧਰਮਪ੍ਰਚਾਰ ਦੀ ਸੇਵਾ ਕਰਦੇ ਰਹੇ। ਉਹਨਾਂ ਦਾ ਜੋ ਬਿਆਨ ਅਖਬਾਰ ਵਿੱਚ ਛਪਿਆ ਸੀ ਉਹ ਇਸ ਤਰ੍ਹਾਂ ਹੈ – "ਰਾਗਮਾਲਾ ਦਾ ਰੌਲਾ ਇਸ ਵਕਤ ਪੰਥ ਵਿੱਚ ਪੂਰੇ ਜੋਰ ਨਾਲ ਛਿੜਿਆ ਹੋਇਆ ਹੈ। ਜਿਸਨੂੰ ਹਵਾ ਦੇਣ ਦਾ ਜਿੰਮੇਵਾਰ ਭਾਈ ਵੀਰ ਸਿੰਘ ਹੈ। ਮੈਂ ਉਹ ਪੰਥ ਸੇਵਕ ਪ੍ਰਚਾਰਕ ਹਾਂ ਜਿਸਨੇ ਪਿਛਲੇ ਤੀਹ ਸਾਲ ਤੋਂ ਪੂਰੇ ਦੇਸ਼ ਵਿੱਚ ਘੁੰਮ ਕੇ ਸਿੱਖੀ ਦਾ ਪ੍ਰਚਾਰ ਕੀਤਾ ਹੈ। ਭਾਈ ਗੁਰਮੁੱਖ ਸਿੰਘ ਤੇ ਭਾਈ ਦਿੱਤ ਸਿੰਘ ਤੋਂ ਮੈਂ ਗੁਰਮਤ ਸਿੱਖੀ। ਮੈਂ 19 ਸਾਲ ਭਾਈ ਵੀਰ ਸਿੰਘ ਨਾਲ ਭੀ ਕੰਮ ਕੀਤਾ ਹੈ। ਮੈਂ ਸਦਾ ਰਾਗਮਾਲਾ ਦੇ ਵਿਰੁੱਧ ਬੋਲਦਾ ਰਿਹਾ ਹਾਂ, ਇਹ ਐਵੇਂ ਨਹੀਂ ਸਗੋਂ ਭਾਈ ਵੀਰ ਸਿੰਘ ਵਰਗੇ ਵਿਦਵਾਨਾਂ ਤੋਂ ਅਗਵਾਈ ਲੈਕੇ। ਜੋ ਵਿਅਕਤੀ ਗੁਰਬਾਣੀ ਦੇ ਬ੍ਰਾਬਰ ਰਾਗ ਮਾਲਾ ਨੂੰ ਸ਼ਾਮਿਲ ਕਰਦਾ ਹੈ, ਜਾਂ ਪੜ੍ਹਦਾ ਹੈ, ਉਹ ਗੁਰਬਾਣੀ ਦਾ ਅਪਮਾਨ ਕਰਦਾ ਹੈ। ਮੁੰਦਾਵਣੀ ਤੋਂ ਪਿਛੋਂ ਜੋ ਕੁੱਝ ਭੀ ਲਿਖਿਆ ਗਿਆ ਹੈ, ਉਹ ਭਾਈ ਬੰਨੋ ਆਦਿਕ ਲਿਖਾਰੀਆਂ ਨੇ ਰਲਾ ਪਾਇਆ ਹੈ।

(ਪੰਥ ਸੇਵਕ, ਲਾਹੌਰ, 7 ਨਵੰਬਰ 1917) (204)

13. ਰਾਗਮਾਲਾ ਬਾਰੇ ਮਹਾਰਾਜਾ ਪਟਿਆਲਾ ਤੇ ਮਹਾਰਾਜਾ ਨਾਭਾ ਦੇ ਵਿਚਾਰ

ਸਿੱਖ ਪੰਥ ਵਿੱਚ ਰਾਗਮਾਲਾ ਬਾਰੇ ਭਖਵੀਂ ਬਹਿਸ ਹੋ ਰਹੀ ਵੇਖਕੇ ਇਹਨਾਂ ਦੋਵਾਂ ਰਾਜ ਪ੍ਰਮੁੱਖ ਸਿੱਖਾਂ ਨੇ ਆਪਣੇ ਤਰੀਕੇ ਨਿਰਣੇ ਲਏ। ਪਟਿਆਲੇ ਦੇ ਰਾਜੇ ਨੇ ਬਜ਼ੁਰਗ ਇਤਿਹਾਸਕਾਰ ਗਿ: ਗਿਆਨ ਸਿੰਘ ਨੂੰ ਬੁਲਾ ਕੇ ਰਾਏ ਮੰਗੀ। ਗਿ: ਜੀ ਨੇ ਸਪੱਸ਼ਟ ਆਖ ਦਿੱਤਾ ਕਿ ਰਾਗਮਾਲਾ ਗੁਰਬਾਣੀ ਨਹੀਂ ਹੈ। ਮੁਲਾਕਾਤ ਦਾ ਵੇਰਵਾ ਗਿ: ਗਿਆਨ ਸਿੰਘ ਨੇ ਇਉਂ ਲਿਖਿਆ ਹੈ –

ਮੁਝੇ ਬ੍ਰਿਧ ਲੇਖਕ ਇਤਿਹਾਸ। ਦਾਸ ਪੰਥ ਕਾ ਲਖਕੈ ਖਾਸ।

ਸਿੰਘ ਸਿਖ ਸਰਧਾਲੂ ਨੀਕੇ। ਅਨਕ ਪ੍ਰੇਮੀ ਖੇਮੀ ਜੀ ਕੇ।
ਮਿਲੇ ਮੋਹਿ ਪਟਿਆਲੇ ਆਇ। ਦੀਓ ਇਹੋ ਪ੍ਰਸੰਗ ਚਲਾਇ।
ਜੋ ਮੈ ਗੁਰੂ ਖਾਲਸਾ ਮਾਹਿ। ਹੈ ਲਿਖ ਰਖਿਯੋ ਅਖਯੋ ਸੁ ਵਾਹਿ।
ਮਾਨ ਗਏ ਸਭ ਸਹੀ ਯਹੀ ਹੈ। **"ਰਾਗ ਮਾਲਾ ਗੁਰਵਾਕ ਨਹੀ ਹੈ।"**

(ਪੰਥ ਸੇਵਕ - 10/4/1918)

14. ਇਸ ਤੋਂ ਮਗਰੋਂ ਨਾਭਾ ਪਤੀ ਰਾਜਾ ਰਿਪੁਦਮਨ ਸਿੰਘ ਨੇ ਸਰਕਾਰੀ ਤੌਰ ਤੇ ਆਖੰਡ ਪਾਠ ਦਾ ਭੋਗ ਪੁਆਇਆ। ਸਾਰੇ ਫੌਜੀ ਅਤੇ ਸਿਵਲ ਅਫ਼ਸਰ ਹਾਜ਼ਰ ਸਨ। ਛੋਟੇ ਮੁਲਾਜਮ ਭੀ ਬਹੁਤ ਸਾਰੇ ਮੌਜੂਦ ਸਨ। ਆਮ ਲੋਕਾਂ ਦਾ ਭੀ ਬਹੁਤ ਭਾਰੀ ਇਕੱਠ ਸੀ। ਖੁਦ ਮਹਾਰਾਜਾ ਸਾਹਿਬ ਦੀਵਾਨ ਵਿੱਚ ਬਿਰਾਜਮਾਨ ਸਨ। ਸਵੇਰੇ ਸਾਢੇ ਛੇ ਵਜੇ "ਮੁੰਦਾਵਣੀ ਪਰ ਭੋਗ ਪਾਇਆ ਗਿਆ।" (ਪੰਥ ਸੇਵਕ - 3/7/1918)

15. ਭਾਰਤ ਦੀ ਤਤਕਾਲੀਨ ਰਾਜਧਾਨੀ ਕਲਕੱਤੇ ਵਿਖੇ ਸੀ। ਕਾਂਗਰਸ ਪਾਰਟੀ ਦਾ ਇੱਕ ਵੱਡਾ ਸਮਾਗਮ ਹੋਇਆ। ਪਹਿਲਾਂ ਅਖੰਡ ਪਾਠ ਦੇ ਭੋਗ ਪਾਏ ਗਏ, **ਅਕਾਲੀ ਕੌਰ ਸਿੰਘ ਨੇ ਮੁੰਦਾਵਣੀ ਉਪਰ ਭੋਗ ਪਾਇਆ। ਇਸ ਦੀਵਾਨ ਵਿੱਚ ਭਾਈ ਈਸ਼ਰ ਸਿੰਘ ਨੇ ਆਪਣੇ ਉਪਦੇਸ਼ ਵਿੱਚ ਸਭ ਨੂੰ ਦੱਸਿਆ ਕਿ ਰਾਗਮਾਲਾ ਗੁਰਬਾਣੀ ਨਹੀਂ ਹੈ। ਇਹ ਕਿਸੇ ਆਲਮਨਾਮੀ ਕਵੀ ਦੀ ਕਵਿਤਾ ਹੈ। ਕਿਸੇ ਨੇ ਗਲਤੀ ਨਾਲ ਗੁਰੂ ਗ੍ਰੰਥ ਵਿੱਚ ਦਰਜ ਕਰ ਦਿੱਤੀ ਹੈ, ਇਸ ਨੂੰ ਕੱਢ ਦਿੱਤਾ ਜਾਣਾ ਚਾਹੀਦਾ ਹੈ। ਇਹਨਾਂ ਗੱਲਾਂ ਦੀ ਰਿਪੋਰਟ (ਜਮੀਮਾ) ਭਾਈ ਵੀਰ ਸਿੰਘ ਦੇ ਪ੍ਰੈਸ ਵਿੱਚ ਤਿਆਰ ਹੋਇਆ ਅਤੇ ਛਪਿਆ।**

(ਹਰਨਾਮ ਸਿੰਘ ਸਕੱਤਰ, ਖਾਲਸਾ ਦੀਵਾਨ ਕਲਕੱਤਾ, ਪੰਥ ਸੇਵਕ - 13/2/1918)

16. ਫਰਵਰੀ 10-1918 ਨੂੰ ਪੁੱਤਰ ਦੇ ਜਨਮ ਦੀ ਖੁਸ਼ੀ ਵਿੱਚ ਭਾਈ ਜੋਧ ਸਿੰਘ ਜੀ ਨੇ ਆਪਣੇ ਘਰ ਅਖੰਡ ਪਾਠ ਦੇ ਭੋਗ ਪੁਆਏ। ਰਾਗਮਾਲਾ ਨਹੀਂ ਪੜ੍ਹੀ ਗਈ, ਭੋਗ ਮੁੰਦਾਵਣੀ ਤੇ ਪਾਏ ਗਏ। **ਇਸੇ ਪ੍ਰੰਪਰਾ ਨੂੰ ਜਾਰੀ ਰੱਖਦਿਆਂ ਜੈਤੋ ਦੇ ਮੋਰਚੇ ਦੀ ਸਮਾਪਤੀ ਤੇ 6/8/1925 ਨੂੰ ਦਸ ਅਖੰਡਪਾਠਾਂ ਦੇ ਭੋਗ ਪਾਏ ਗਏ। ਪੰਥ ਦੇ ਮੰਨੇ ਪ੍ਰਮੰਨੇ ਵਿਦਵਾਨ ਤੇ ਲੀਡਰ ਮੌਜੂਦ ਸਨ। ਇਹਨਾਂ ਵਿੱਚ ਬਾਬਾ ਅਤਰ ਸਿੰਘ ਮਸਤੂਆਣੇ ਵਾਲੇ ਭੀ ਸਮਾਲ ਸਨ। ਤਦੋਂ ਭੋਗ ਮੁੰਦਾਵਣੀ ਤੇ ਹੀ ਪਾਇਆ ਗਿਆ।** ਇਹੀ ਰਿਪੋਰਟ ਮੁੜ ਗੁਰਦੁਆਰਾ ਗਜਟ 1965 ਦੇ ਪੰਨਾ 119 ਤੇ ਛਪੀ।

17. ਭਾਈ ਜੋਧ ਸਿੰਘ ਦੇ ਲਿਖਤੀ ਬੇਨਤੀ ਕਰਨ ਤੇ, 7/1/1945 ਨੂੰ, ਧਾਰਮਕ

ਸਲਾਹਕਾਰ ਕਮੇਟੀ ਦੀ ਵਿਸ਼ੇਸ਼ ਇਕਤੱਰਤਾ ਬੁਲਾਈ ਗਈ। ਭਾਈ ਜੋਧ ਸਿੰਘ ਨੇ ਆਪਣਾ ਪਿਛਲਾ ਰਾਗਮਾਲਾ ਵਿਰੋਧੀ ਪੈਂਤੜਾ ਬਦਲਕੇ, ਰਾਗਮਾਲਾ ਨੂੰ ਗੁਰਬਾਣੀ ਮੰਨ ਲੈਣ ਤੇ ਜ਼ੋਰ ਦਿੱਤਾ। ਪਰ ਇਸ ਇਕੱਤਰਤਾ ਵਿੱਚ ਹੋਰ ਭੀ ਨਾਮੀ ਸਿੱਖ ਵਿਦਵਾਨ ਪੁੱਜੇ ਹੋਏ ਸਨ। ਇਸ ਲਈ ਭਾਈ ਜੋਧ ਸਿੰਘ ਦੀ ਕੋਈ ਪੇਸ਼ ਨਾ ਗਈ। ਇਸ ਇਕੱਠ ਵਿੱਚ 16 ਮਤੇ ਪਾਸ ਕੀਤੇ ਗਏ। ਇਸ ਵਿੱਚ ਮਤਾ ਨੰ: ਪੰਜ ਰਾਗਮਾਲਾ ਸਿਰਲੇਖ ਹੇਠ ਲਿਖਿਆ ਗਿਆ। ਮਤਾ ਪੰਜ, ਪਰਵਾਨ ਹੋਇਆ ਕਿ ਧਾਰਮਕ ਸਲਾਹਕਾਰ ਕਮੇਟੀ ਦੀ ਰਾਏ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਮੁੰਦਾਵਣੀ ਤੇ ਪਾਇਆ ਜਾਣਾ ਚਾਹੀਦਾ ਹੈ, ਰਾਗਮਾਲਾ ਨਹੀਂ ਪੜ੍ਹਨੀ।"

18. ਇਸ ਤੋਂ ਮਗਰੋਂ ਕੁੱਝ ਲੇਖ ਰਾਗਮਾਲਾ ਬਾਰੇ ਖਾਲਸਾ ਸਮਾਚਾਰ ਵਿੱਚ ਛਪੇ। ਜਿਨ੍ਹਾਂ ਦਾ ਸਾਰ ਇਹ ਸੀ ਕਿ ਰਾਗਮਾਲਾ ਆਲਮ ਕਵੀ ਦੀ ਆਪਣੀ ਲਿਖੀ ਹੋਈ ਨਹੀਂ ਹੈ, ਸਗੋਂ ਉਸ ਨੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਚੋਰੀ ਕੀਤੀ ਹੈ। ਦੁਬਾਰਾ ਫਿਰ ਧਾਰਮਿਕ ਸਲਾਹਕਾਰ ਕਮੇਟੀ ਦਾ ਇਕੱਠ 13/5/1945 ਨੂੰ ਬੁਲਾਇਆ ਗਿਆ। ਭਾਈ ਜੋਧ ਸਿੰਘ ਰਾਗਮਾਲਾ ਦੇ ਹੱਕ ਵਿੱਚ ਬੋਲੇ। ਸਾਰਿਆਂ ਦੇ ਵਿਰੋਧ ਦਾ ਸਾਹਮਣਾ ਨਾ ਸਹਾਰਦੇ ਹੋਏ ਛਿੱਥੇ ਪੈ ਕੇ ਵਾਕ ਆਊਟ ਕਰ ਗਏ।

19. ਇਸ ਮਗਰੋਂ 27/5/45 ਨੂੰ ਫਿਰ ਹੋਈ ਇਕਤੱਰਤਾ ਵਿੱਚ ਧਾਰਮਕ ਸਲਾਹਕਾਰ ਕਮੇਟੀ ਨੇ ਸਿਰ ਤੇ ਆਣ ਢੁੱਕੀਆਂ ਸ਼੍ਰੋ: ਕ: ਚੋਣਾਂ ਤੇ ਅਸੈਂਬਲੀ ਚੋਣਾਂ ਦੇ ਮੱਦੇ ਨਜ਼ਰ, "ਹਾਲਾਤ ਜਿਉਂ ਦੇ ਤਿਉਂ" (ਸਟੇਟਸ ਕੋ) ਰਹਿਣ ਬਾਰੇ ਨਿਰਣਾ ਕਰ ਲਿਆ। ਇਸ ਲਈ ਅਕਾਲ ਤਖਤ ਤੇ ਭੋਗ ਮੁੰਦਾਵਣੀ ਤੇ ਪੈਂਦੇ ਰਹੇ। ਅਕਤੂਬਰ 26-1945 ਨੂੰ ਸ਼੍ਰੋ: ਕਮੇਟੀ ਦਾ ਸਾਲਾਨਾ ਇਕੱਠ ਹੋਇਆ।

(ਵਿਸਥਾਰ ਲਈ ਵੇਖੋ-ਸ਼੍ਰੋ: ਗੁ: ਪ੍ਰ: ਕ: ਦਾ ਪੰਜਾਹ ਸਾਲਾ ਇਤਿਹਾਸ-ਅਸ਼ੋਕ, ਪੰਨਾ 228)

20. ਸਿੱਖ ਰਹਿਤ ਮਰਿਆਦਾ ਤਿਆਰ ਕਰਨ ਵਕਤ, ਬਹੁਤ ਵਿਦਵਾਨ ਗੁਰਸਿੱਖ ਰਾਗਮਾਲਾ ਨੂੰ ਗੁਰਬਾਣੀ ਨਹੀਂ ਮੰਨਦੇ ਸਨ। ਇਸੇ ਕਾਰਨ ਰਹਿਤ ਮਰਿਆਦਾ ਵਿੱਚ ਰਾਗਮਾਲਾ ਬਾਰੇ ਵੱਖਰੀ ਸਥਿਤੀ ਮੌਜੂਦ ਹੈ। ਕਿ "ਭੋਗ ਚਲਦੀ ਸਥਾਨਕ ਰੀਤੀ ਮੁਤਾਬਕ ਪਾਇਆ ਜਾਵੇ"। ਰਾਗਮਾਲਾ ਬਾਰੇ ਹਾਲੀ ਪੰਥ ਵਿੱਚ ਮਤਭੇਦ ਹੈ।"

21. ਭਾਈ ਕਾਹਨ ਸਿੰਘ ਨਾਭਾ ਤੇ ਗਿ: ਸ਼ੇਰ ਸਿੰਘ ਉੱਚ ਕੋਟੀ ਦੇ ਵਿਦਵਾਨ, ਜਦੋਂ ਚਲਾਣਾ ਕਰ ਗਏ ਤਾਂ ਰਾਗਮਾਲਾ ਦੇ ਹੱਕ ਵਿੱਚ, ਚੱਲਣ ਵਾਲਿਆਂ ਨੂੰ ਵੱਡਾ ਹੌਸਲਾ ਮਿਲ ਗਿਆ। ਭਾਈ ਜੋਧ ਸਿੰਘ ਦੀ ਬੇਨਤੀ ਤੇ ਭਾਈ ਮੋਹਨ ਸਿੰਘ ਨਾਗੋਕੇ (ਪ੍ਰਧਾਨ SGPC ਤੇ ਜਥੇਦਾਰ ਅਕਾਲ ਤਖਤ-ਦੋਵੇਂ ਅਹੁਦੇ ਇੱਕੋ ਵਿਅਕਤੀ ਕੋਲ ਸਨ) ਨੇ

13/12/1946 ਨੂੰ ਰਾਗਮਾਲਾ ਬਾਰੇ ਵਿਚਾਰ ਕਰਨ ਲਈ ਵਿਸ਼ੇਸ਼ ਮੀਟਿੰਗ ਸੱਦ ਲਈ। ਉਦੋਂ ਤੱਕ ਰਾਗਮਾਲਾ ਮੰਡਨ ਅਤੇ ਖੰਡਨ ਦੋ ਸਭਾਵਾਂ ਬਣ ਚੁੱਕੀਆਂ ਸਨ। ਖੰਡਨ ਸਭਾ ਦੇ ਪ੍ਰਧਾਨ ਭਾਈ ਕਰਤਾਰ ਸਿੰਘ ਦਾਖਾ ਸਨ। ਤੇ ਮੰਡਨ ਸਭਾ ਦੇ ਪ੍ਰਧਾਨ ਸਨ ਸੰਤ ਨਿਸਚਲ ਸਿੰਘ। ਮੰਡਨ ਸਭਾ ਦੇ ਬੁਲਾਰੇ ਭਾਈ ਜੋਧ ਸਿੰਘ ਸਨ, ਤੇ ਖੰਡਨ ਵਾਲਿਆਂ ਦੇ ਕਰਤਾਰ ਸਿੰਘ ਦਾਖਾ ਬੁਲਾਰੇ ਸਨ। ਇਸ ਗੱਲ ਦੀ ਹੈਰਾਨੀ ਪ੍ਰਧਾਨ SGPC ਮੋਹਣ ਸਿੰਘ ਨਾਗੋਕੇ ਨੇ ਭੀ ਪ੍ਰਗਟ ਕੀਤੀ ਕਿ ਸੱਦਾ ਪੱਤਰ ਭੇਜੇ ਜਾਣ ਦੇ ਬਾਵਜੂਦ, ਧਾਰਮਕ ਸਲਾਹਕਾਰ ਕਮੇਟੀ ਦੇ ਮੈਂਬਰ ਮੀਟਿੰਗ ਵਿੱਚ ਨਹੀਂ ਆਏ।

ਦਾਖਾ (ਕਰਤਾਰ ਸਿੰਘ) – ਜੋਧ ਸਿੰਘ ਜੀ ਤੁਹਾਡਾ ਪੱਖ ਕਿਹੜਾ ਹੈ ਖੰਡਨ ਕਿ ਮੰਡਨ ?

ਜੋਧ ਸਿੰਘ – ਮੈਂ ਇਸ ਵਕਤ ਰਾਗਮਾਲਾ ਦੇ ਹੱਕ ਵਿੱਚ ਹਾਂ।

ਦਾਖਾ – ਪਰ ਤੁਸੀਂ ਤਾਂ ਸਾਰੀ ਉਮਰ ਰਾਗਮਾਲਾ ਦੇ ਵਿਰੋਧੀ ਰਹੇ ਹੋ, ਆਪਣੇ ਘਰ ਤੁਸੀਂ ਮੁੰਦਾਵਣੀ ਤੇ ਭੋਗ ਪਾਏ ਸੀ, ਮੈਂ ਖੁਦ ਉਸ ਵਕਤ ਹਾਜ਼ਰ ਸਾਂ।

ਜੋਧ ਸਿੰਘ – ਹੁਣ ਮੈਂ ਆਪਣੀ ਰਾਏ ਬਦਲ ਲਈ ਹੈ।

ਦਾਖਾ – ਰਾਏ ਬਦਲਣ ਦਾ ਕਾਰਨ ਕੀ ਹੈ, ਅਗੋਂ ਫਿਰ ਕਦੋਂ ਰਾਏ ਬਦਲੋਗੇ ?

ਜੋਧ ਸਿੰਘ – ਕਰਤਾਰਪੁਰ ਵਾਲੀ ਬੀੜ ਵਿੱਚ ਉਸੇ ਕਲਮ ਤੋਂ ਰਾਗਮਾਲਾ ਲਿਖੀ ਹੋਈ ਹੈ ਜਿਸ ਤੋਂ ਬੀੜ ਲਿਖੀ ਹੋਈ ਹੈ। ਭਾਈ ਕਰਤਾਰ ਸਿੰਘ ਦਾਖਾ ਜੀ ਲਗਾਤਾਰ ਕਾਟਵੇਂ ਸੁਆਲ ਕਰਦੇ ਗਏ ਤੇ ਭਾਈ ਜੋਧ ਸਿੰਘ ਥਿੜਕਵੇਂ ਲਹਿਜੇ ਵਿੱਚ ਰਾਗਮਾਲਾ ਦਾ ਪੱਖ ਪੂਰਦੇ ਰਹੇ। ਦਾਖਾ ਜੀ ਵੱਲੋਂ ਸਵਾਲਾਂ ਦੀ ਬੁਛਾੜ ਜਾਰੀ ਰਹੀ ਤੇ ਦੂਜੇ ਬੰਨਿਓ ਸੰਤ ਮਹੰਤ, ਕਦੀ ਕਦੀ ਭਾਈ ਜੋਧ ਸਿੰਘ ਦੀ ਮਦਦ ਕਰਦੇ ਰਹੇ। ਇਸ ਦੇ ਨਾਲ ਹੀ ਡੇਰੇਦਾਰ ਧੂਫ, ਜੋਤ, ਨਾਰੀਅਲ ਆਦਿ ਦਾ ਮਸਲਾ ਭੀ ਵਿੱਚ ਘਸੀਟ ਲਿਆਏ। ਜੋਧ ਸਿੰਘ ਜੀ ਨੂੰ ਪੁੱਛਿਆ ਗਿਆ ਕਿ ਤੁਸੀਂ ਇਹਨਾਂ ਸਾਧਾਂ ਦੀਆਂ ਸਾਰੀਆਂ ਵਿਚਾਰਾਂ ਨਾਲ ਸਹਿਮਤ ਹੋ ? ਆਖਣ ਲਗੇ ਕਿ ਮੈਂ ਸਿਰਫ ਰਾਗਮਾਲਾ ਦੇ ਹੱਕ ਵਿੱਚ ਹਾਂ, ਇਹਨਾਂ ਦੀਆਂ ਹੋਰ ਵਿਚਾਰਾਂ ਨਾਲ ਸਹਿਮਤ ਨਹੀਂ। ਅੱਗੇ ਚੱਲਕੇ ਗਿ: ਗੁਰਦਿੱਤ ਸਿੰਘ ਨੇ ਬੋਲਦਿਆਂ ਕਿਹਾ – ਜੋ ਕੁਝ ਕਰਤਾਰਪੁਰੀ ਬੀੜ ਵਿੱਚ ਮਿਲਾਵਟ ਕਰ ਦਿੱਤੀ ਗਈ ਹੈ, ਉਸ ਬਾਰੇ ਜੋਧ ਸਿੰਘ ਜੀ, ਜਾਣਦੇ ਹੋਏ, ਅਣਜਾਣ ਬਣ ਰਹੇ ਹਨ। ਜੇ ਉਸ ਬੀੜ ਨੂੰ ਅੱਖਰ ਅੱਖਰ ਸਵੀਕਾਰ ਕਰ ਲਈਏ ਤਾਂ “ਕਰਵਤ ਭਲਾ ਨ ਕਰਵਟ ਤੇਰੀ” ਆਸਾ ਰਾਗ ਵਿੱਚ ਕਬੀਰ ਜੀ ਦੇ 36ਵੇਂ ਸ਼ਬਦ ਤੋਂ ਪਹਿਲਾਂ 35ਵਾਂ ਪਦਾ ਪਾਇਆ ਗਿਆ ਹੈ ਉਸ ਵੱਲ ਗੌਰ ਫੁਰਮਾਉ –

ਦੇਖੋ ਲੋਗਾ ਹਰਿ ਕੀ ਸਗਾਈ। ਮਾਂ ਧਰੀ ਪੂਤ ਧੀਆ ਸੰਗ ਜਾਈ।
ਹਮ ਹੈਂ ਬਾਪ ਰਾਮ ਪੂਤ ਹਮਾਰਾ। ਮੈਂ ਬਹਿਨੋਈ ਰਾਮ ਮੇਰਾ ਸਾਲਾ।

ਅਬ ਮੇਰੇ ਰਾਮ ਕਹੇਗੀ ਬਲਈਆ। ਰਾਮ ਮੇਰੋ ਸਸੁਰ ਮੈ ਰਾਮ ਜਵਈਆ।
ਕਹੈ ਕਬੀਰ ਸੁਨੋ ਰੇ ਪੂਤਾ। ਰਾਮ ਜਪਹਿ ਤੇਈ ਨਰ ਕੂਤਾ॥35॥

ਕੀ ਇਸ ਪਦੇ ਨੂੰ ਕਬੀਰ ਦਾ ਸਵੀਕਾਰ ਕਰੋਗੇ, ਕਿਉਂਕਿ ਇਹ ਕਰਤਾਰਪੁਰੀ ਬੀੜ ਵਿੱਚ ਹੈ ?

ਇਸ ਤੋਂ ਬਾਅਦ ਹੋਰ ਸਬੂਤ ਭੀ ਦਿੱਤੇ ਗਏ, ਉਹ ਫੋਟੋਆਂ ਭੀ ਪੇਸ਼ ਕੀਤੀਆਂ ਗਈਆਂ ਜੋ ਰਾਗਮਾਲਾ ਤੋਂ ਬਗੈਰ ਬੀੜਾਂ ਤੋਂ ਲਈਆਂ ਸਨ। ਇਸ ਤੇ ਕਾਫੀ ਹੰਗਾਮਾ ਹੋਇਆ ਤੇ ਭਾਈ ਜੋਧ ਸਿੰਘ ਸਾਥੀਆਂ ਸਮੇਤ ਮੀਟਿੰਗ ਵਿੱਚੋਂ ਰੋਸ ਪ੍ਰਗਟ ਕਰਦੇ, ਬਾਹਰ ਚਲੇ ਗਏ। (ਗਿ: ਗੁਰਦਿਤ ਸਿੰਘ ਜੀ ਨੇ ਬੜੀ ਮਿਹਨਤ ਕਰਕੇ ਲਗਪਗ ਪੰਜਾਹ ਫੋਟੋਆਂ ਆਪਣੀ ਕਿਤਾਬ ਵਿੱਚ ਉਹਨਾਂ ਬੀੜਾਂ ਦੀਆਂ ਦਿੱਤੀਆਂ ਹਨ। ਜਿਨ੍ਹਾਂ ਵਿੱਚ ਰਾਗਮਾਲਾ ਨਹੀਂ ਹੈ। ਸਗੋਂ ਸਾਫ ਲਿਖਿਆ ਭੀ ਮਿਲਦਾ ਹੈ ਕਿ ਭੋਗ ਮੁੰਦਾਵਣੀ ਤੇ ਪਾਉਣਾ।)

22. ਪੁਰਾਣੇ ਸਮਿਆਂ ਵਿੱਚ ਬਹੁਤ ਸਾਰੇ ਪ੍ਰੇਮ ਪ੍ਰਸੰਗ ਲਿਖੇ ਗਏ। ਪਰਯੋਜਨ ਇੱਕੋ ਹੋਇਆ ਕਰਦਾ ਸੀ ਕਿ ਵਾਸਨਾ ਭਰਪੂਰ ਬਣਾ ਕੇ, ਰਾਜਿਆਂ ਨਵਾਬਾਂ ਦਾ ਦਿਲ ਬਹਿਲਾਇਆ ਜਾਵੇ, ਅਤੇ ਵੱਟੇ ਵਿੱਚ ਮਾਨ ਸਨਮਾਨ ਪ੍ਰਾਪਤ ਕੀਤੇ ਜਾਣ। ਅਜਿਹੇ ਕਵੀਆਂ ਦੀ ਲੰਮੀ ਫਰਿਸਤ ਪ੍ਰੋ: ਪਿਆਰਾ ਸਿੰਘ ਪਦਮ ਨੇ, ਦਸਮੇਸ਼ ਜੀ ਦੇ "ਦਰਬਾਰੀ ਕਵੀ ਵਿੱਚ ਦਿੱਤੀ ਹੋਈ ਹੈ। ਕੁੱਝ ਇੱਕ ਨਾਮ ਇਹ ਹਨ – ਨਾਇਕਾ ਭੇਦ–ਸੰਭੂ ਨਾਥ, ਸਿੰਗਾਰ ਮੰਜਾਰੀ–ਚਿੰਤਾਮਣੀ, ਰਸ ਕਲੋਲ–ਤੁਲਸੀ ਦਾਸ, ਸਿੰਗਾਰ ਰਸ ਮਾਧੁਰੀ–ਕ੍ਰਿਸਣ ਭੱਟ, ਸਿੰਗਾਰ ਰਸ ਦਰਪਣ–ਆਜਮ, ਸਿੰਗਾਰ ਬਿਲਾਸ–ਸੋਮ ਨਾਥ ਆਦਿ। ਇਹ ਕਵੀ ਆਲਮ ਵੱਲੋਂ ਲਿਖੀ ਮਾਧਵਾ ਨਲ ਅਤੇ ਕਾਮ ਕੰਦਲਾ ਪਾਤਰ ਪੇਸ਼ ਕਰਕੇ ਕਾਮੁਕਤਾ ਪ੍ਰਭਾਵੀ ਕਵਿਤਾ ਹੈ।

**"ਰਾਗਮਾਲਾ" –** ਇਸ ਪੁਸਤਕ ਦੇ 353 ਛੰਦ ਹਨ। ਜੋ ਹਿੱਸਾ ਗੁਰੂ ਗ੍ਰੰਥ ਸਾਹਿਬ ਵਿੱਚ ਆਇਆ ਹੈ, ਉਹ 63ਵੇਂ ਛੰਦ ਤੋਂ ਲੈ ਕੇ 72 ਛੰਦ ਤੱਕ ਹੈ। (ਮੈਕਾਲਫ)

ਕਾਮ ਕੰਦਲਾ ਮਾਧਵਾਨ ਕਹਾਣੀ ਦਾ ਸੰਖੇਪ ਸਾਰ –

23. ਕਵੀ ਆਲਮ ਨੇ ਇੱਕ ਬ੍ਰਾਹਮਣ ਪਾਤਰ–ਮਾਧਵਾ ਨਲ–ਦਾ ਅਜਿਹਾ ਦਿਲਕਸ਼ ਚਿੱਤਰ ਉਲੀਕਿਆ ਹੈ ਕਿ ਉਹ ਜਦੋਂ ਮਧੁਰ ਸੁਰਾਂ ਵਿੱਚ ਬੰਸਰੀ ਬਜਾਉਂਦਾ ਸੀ ਤਾਂ ਸ਼ਹਿਰ ਦੀਆਂ ਇਸਤਰੀਆਂ ਭਾਂਡੇ ਸੁੱਟ ਕੇ ਬਾਹਰ ਗਲੀਆਂ ਵਿੱਚ ਆ ਕੇ, ਉਸ ਦੁਆਲੇ ਝੁਰਮਟ ਪਾ ਲੈਂਦੀਆਂ ਸਨ। ਸ਼ਕਾਇਤ ਹੋਣ ਤੇ ਮਾਧਵ ਨੂੰ ਰਾਜੇ ਨੇ ਰਾਜ ਵਿੱਚੋਂ ਨਿਕਲ ਜਾਣ ਦਾ ਹੁਕਮ ਸੁਣਾ ਦਿੱਤਾ। ਅੱਗੇ ਜਾਂਦਾ ਹੋਇਆ ਉਹ ਕਾਮਸੈਨ ਨਗਰ ਦੇ ਦਰਵਾਜ਼ੇ ਅੱਗੋਂ ਦੀ ਲੰਘਿਆ। ਅੰਦਰ ਦੇ ਨਿਰਤ ਨਾਟ ਛਣਕਾਟੇ ਨੇ ਉਸ ਨੂੰ ਖਿੱਚ ਪਾਈ।

ਮਾਧਵ ਨੇ ਅੰਦਰ ਜਾਣਾ ਚਾਹਿਆ, ਤੇ ਸੰਤਰੀ ਨੇ ਕਿਹਾ – ਅੰਦਰ ਵੱਡੇ ਗੁਣੀ ਲੋਕ ਬੈਠੇ ਹਨ, ਤੇਰੇ ਵਰਗੇ ਮਾਮੂਲੀ ਮਨੁੱਖ ਦਾ ਉਥੇ ਕੀ ਕੰਮ ? ਤਾਂ ਮਾਧਵ ਨੇ ਕਿਹਾ, ਨਹੀਂ ਅੰਦਰ ਮੂਰਖਾਂ ਦੀ ਸਭਾ ਹੈ, ਇਹਨਾਂ ਨੂੰ ਰਾਗ ਤਾਲ ਦੀ ਕੋਈ ਸੋਝੀ ਨਹੀਂ। ਕਿਉਂਕਿ ਤਬਲਾ ਵਾਦਕ ਦਾ ਅੰਗੂਠਾ ਮੋਮ ਦਾ ਹੈ। ਦਰਬਾਨ ਨੇ ਰਾਜੇ ਨੂੰ ਦੱਸਿਆ, ਗੱਲ ਸੱਚ ਨਿਕਲੀ। ਰਾਜੇ ਨੇ ਮਾਧਵ ਨੂੰ ਅੰਦਰ ਸੱਦ ਕੇ, ਆਪਣੇ ਕੋਲ ਬਿਠਾ ਲਿਆ। ਮਾਧਵ ਨੂੰ ਮਹਾਨ ਸੰਗੀਤਕਾਰ ਜਾਣ ਕੇ ਨਰਤਕੀ ਕਾਮਕੰਦਲਾ ਨੇ ਆਪਣੀ ਸਾਰੀ ਕਲਾ ਦਾਅ ਤੇ ਲਾ ਦਿੱਤੀ। ਉਸਨੇ ਆਪਣੀ ਛਾਤੀ ਤੇ ਸੁਗੰਧੀ ਲਾਈ, ਇੱਕ ਘੜਾ ਸਿਰ ਉੱਤੇ ਰੱਖਿਆ, ਤੇ ਸ਼ਾਨ ਨਾਲ ਨੱਚਣ ਲੱਗੀ। ਇੱਕ ਭੌਰਾ ਸੁਗੰਧਤ ਛਾਤੀ ਤੇ ਆਣ ਬੈਠਾ, ਜੇ ਉਡਾਉਂਦੀ ਹੈ ਤਾਂ ਤਾਲ ਵਿੱਚ ਵਿਘਨ ਪੈਂਦਾ ਹੈ, ਸਿਰ ਤੋਂ ਘੜਾ ਡਿਗਦਾ ਹੈ। (ਆਲਮ ਕਵੀ ਨੇ ਕਲਪਣਾ ਦੇ ਘੋੜੇ ਦੌੜਾਏ) ਕਾਮਕੰਦਲਾ ਨੇ ਆਪਣੇ ਸੁਆਸ ਰੋਕੇ, ਇੱਕ ਖਾਸ ਵਿਧੀ ਵਰਤਕੇ, ਫਰਾਟੇ ਨਾਲ ਆਪਣੀ ਛਾਤੀ ਵਿੱਚੋਂ ਹਵਾ ਕੱਢੀ, ਤੇ ਭੌਰਾ ਉਡਾ ਦਿੱਤਾ। ਮਾਧਵ ਨੂੰ ਅੰਦਰ ਆਉਣ ਵਕਤ ਰਾਜੇ ਨੇ ਜੋ ਕੀਮਤੀ ਹਾਰ ਦਿੱਤਾ ਸੀ। ਉਹ ਨਰਤਕੀ ਦੀ ਕਲਾ ਤੇ ਮੋਹਿਤ ਹੋਕੇ ਉਸ ਦੇ ਗਲ ਵਿੱਚ ਪਾ ਦਿੱਤਾ। ਕਿਉਂਕਿ ਸਭਾ ਵਿੱਚ ਹੋਰ ਕਿਸੇ ਨੂੰ ਕਾਮਕੰਦਲਾ ਦੀ ਇਸ ਨਵੇਕਲੀ ਅਦਾ ਦੀ ਸਮਝ ਨਹੀਂ ਪਈ। ਇਸ ਲਈ ਰਾਜਾ ਮਾਧਵ ਨਾਲ ਗੁੱਸੇ ਹੋ ਗਿਆ। ਮਾਧਵ ਨਾਲ ਕਾਮ ਕੰਦਲਾ ਦਾ ਪਿਆਰ ਹੋਣ ਤੇ ਹੋਰ ਨਾਰਾਜ਼ਗੀ ਵਧ ਗਈ। ਇਸ ਲਈ ਇਥੋਂ ਭੀ ਮਾਧਵ ਨੂੰ ਦੇਸ਼ ਨਿਕਾਲਾ ਮਿਲ ਗਿਆ। ਬ੍ਰਾਹਮਣ ਹੋਣ ਕਰਕੇ ਕੋਈ ਮਾਰ ਨਹੀਂ ਸਕਦਾ ਸੀ। ਉਹ ਵਿਕਰਮਾਜੀਤ ਰਾਜੇ ਦੇ ਰਾਜ ਵਿੱਚ ਜਾਂ ਪਹੁੰਚਿਆ। ਪਤਾ ਕੀਤਾ, ਜਿਸ ਮੰਦਰ ਵਿੱਚ ਰਾਜਾ ਪੂਜਾ ਕਰਨ ਆਉਂਦਾ ਸੀ ਉਥੇ ਕੰਧ ਤੇ ਦੋਹਾ ਲਿਖ ਦਿੱਤਾ। "ਕਹਾ ਕਰੂੰ ਕਤ ਜਾਊਂ ਰਾਮ ਰਾਜ ਨਾ ਆਹਿ। ਤ੍ਰਿਆ ਸੰਤਾਪ ਵਿਜੋਗ ਦੁਖ ਰਾਘੋ ਜਾਨਤ ਨਾਹਿ।" ਰਾਜੇ ਨੇ ਮਾਧਵ ਨੂੰ ਸੱਦਿਆ ਵਿਥਿਆ ਸੁਣੀ। ਆਪਣੇ ਬੰਦੇ ਕਾਮ ਕੰਦਲਾ ਕੋਲ ਭੇਜੇ। ਪਰ ਪਤਾ ਲੱਗਾ ਕਿ ਉਹ ਤਾਂ ਉਦੋਂ ਤੋਂ ਹੀ ਬੇਹੋਸ਼ ਪਈ ਹੈ, ਜਦੋਂ ਤੋਂ ਮਾਧਵ ਵਿਛੜਿਆ ਹੈ। ਰਾਜੇ ਨੇ ਮੂਰਛਿਤ ਕਾਮ ਕੰਦਲਾ ਦੀ ਛਾਤੀ ਤੇ ਪੈਰ ਰੱਖਕੇ ਪਰਖਣਾ ਚਾਹਿਆ ਜੀਵਤ ਹੈ ਕਿ ਮਰ ਗਈ। ਨਰਤਕੀ ਨੇ ਬੇਹੋਸ਼ੀ ਵਿੱਚੋਂ ਹੀ ਕਿਹਾ, "ਰਾਜਾ ਛਾਤੀ ਤੇ ਪੈਰ ਨਾ ਰੱਖ, ਇਥੇ ਇੱਕ ਬ੍ਰਾਹਮਣ ਦਾ ਨਿਵਾਸ ਹੈ, ਉਸਦੀ ਬੇਪਤੀ ਹੋਵੇਗੀ ਤੈਨੂੰ ਪਾਪ ਲੱਗੇਗਾ।" ਇਤਨੇ ਵਿੱਚ ਦੋਵਾਂ ਫੌਜਾਂ ਦਾ ਘੋਰ ਜੁੱਧ ਹੋਇਆ, ਬੇਅੰਤ ਸਿਪਾਹੀ ਮਰੇ। ਜਦੋਂ ਮਾਧਵ ਨੂੰ ਦੱਸਿਆ ਕਿ ਤੇਰੀ ਪ੍ਰੇਮਿਕਾ ਤਾਂ ਬੇਹੋਸ਼ ਪਈ ਹੈ, ਤਾਂ ਉਹ ਭੀ ਗਸ਼ ਖਾ ਕੇ ਡਿੱਗ ਪਿਆ, ਬੇਹੋਸ਼ ਹੋ ਗਿਆ। ਫਿਰ ਪਰੀ ਕਹਾਣੀਆਂ ਵਾਂਗ ਸੁਰਗ ਵਿੱਚੋਂ ਇੱਕ ਦੇਵਤਾ ਅੰਮ੍ਰਿਤ ਲੈ ਕੇ ਆਇਆ। ਸੱਚੇ ਪ੍ਰੇਮੀ ਜਾਣਕੇ ਦੋਵਾਂ ਨੂੰ ਜੀਵਤ

ਕੀਤਾ। ਬਿਕਰਮਾਜੀਤ ਰਾਜਾ ਇਹਨਾਂ ਨੂੰ ਆਪਣੇ ਨਾਲ ਲੈ ਗਿਆ, ਇੱਕ ਸੁੰਦਰ ਮਹਿਲ ਬਣਵਾਕੇ ਦਿੱਤਾ, ਇਹਨਾਂ ਬਾਕੀ ਜ਼ਿੰਦਗੀ ਖੁਸ਼ੀਆਂ ਭਰੀ ਗੁਜਾਰੀ। ਕਵੀ ਆਲਮ ਇਸਦਾ ਅਖੀਰ ਵਿੱਚ ਮਹਾਤਮ ਭੀ ਦਸਦਾ ਹੈ –

ਕਾਮੀ ਰਸਿਕ ਪੁਰਖ ਜੋ ਸੁਨਹੀ। ਤੋਂ ਯਹਿ ਕਥਾ ਰੈਨ ਦਿਨ ਸੁਨਹੀ।

ਇਹ ਕਹਾਣੀ ਦਸਮ ਗ੍ਰੰਥ ਦੇ ਚ੍ਰਿਤਰੋ ਪਾਖਿਆਨ ਵਿੱਚ 91 ਚਿੱਤਰ ਵਿੱਚ ਭੀ ਮਿਲਦੀ ਹੈ। ਉਥੇ ਉਹ ਅਲੱਗ ਰੰਗ ਬਖੇਰਦੀ ਹੈ।

24. ਬਹੁਤ ਸਾਰੀਆਂ ਬੀੜਾਂ ਦੇ ਚਿੱਤਰ ਇਸ ਪੁਸਤਕ ਵਿੱਚ ਗਿ: ਗੁਰਦਿੱਤ ਸਿੰਘ ਜੀ ਨੇ ਮਿਹਨਤ ਨਾਲ ਸ਼ਾਮਲ ਕੀਤੇ ਹਨ। ਕੁੱਝ ਪੁਰਾਤਨ ਬੀੜਾਂ ਵਿੱਚ ਇਹ ਸੂਚਨਾ ਭੀ ਨਾਲ ਹੀ ਦਿੱਤੀ ਹੋਈ ਮਿਲਦੀ ਹੈ –

"ਏਹ ਭੋਗ ਸ੍ਰੀ ਆਦ ਗ੍ਰੰਥ ਜੀ ਹੈ", ਰਾਗ ਮਾਲਾ ਇਸ ਸੂਚਨਾ ਤੋਂ ਬਾਅਦ ਕਿਸੇ ਲਿਖ ਦਿੱਤੀ।

ਚੀਫ ਖਾਲਸਾ ਦੀਵਾਨ ਤੇ ਹੋਰ ਵਿਦਵਾਨ ਗੁਰਸਿੱਖ ਰਾਗਮਾਲਾ ਨੂੰ ਗੁਰਬਾਣੀ ਨਹੀਂ ਮੰਨਦੇ ਸੀ। ਸਿਰਫ ਡੇਰੇਦਾਰ ਸਾਧ ਲਾਣਾ ਤੇ ਉਹਨਾਂ ਦੇ ਚੇਲੇ ਹੀ ਹਿੱਕ ਦੇ ਤਾਣ ਇਸ ਨੂੰ ਗੁਰਬਾਣੀ ਗਰਦਾਨਦੇ ਰਹੇ। ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ – ਏਸ ਵਿੱਚ ਕਿਸੇ ਮਹਲੇ ਦਾ ਨਾਮ ਨਹੀਂ ਹੈ।

**ਨਾਨਕ ਨਾਮ ਮੋਹਰ ਛਾਪ ਨਹੀਂ ਹੈ।**

**ਗੁਰੂ ਗ੍ਰੰਥ ਦੀ ਕਾਵਿਕ ਸ਼ੈਲੀ ਨਾਲ ਇਹ ਮੇਲ ਨਹੀਂ ਖਾਂਦੀ।**

**ਗੁਰੂ ਗ੍ਰੰਥ ਜੀ ਦੇ ਸਾਰੇ ਰਾਗ ਇਸ ਵਿੱਚ ਨਹੀਂ, ਇਸ ਵਿਚਲੇ ਰਾਗ ਗੁਰੂ ਗ੍ਰੰਥ ਵਿੱਚ ਨਹੀਂ ਹਨ।**

**ਈਸ਼ਵਰ ਦੇ ਨਾਮ ਦੀ, ਗੁਰਾਂ ਦੀ ਮਹਿਮਾਂ ਦੀ ਜਾਂ ਸਤਸੰਗ ਦੀ ਇਸ ਵਿੱਚ ਮਹਿਮਾਂ ਨਹੀਂ ਹੈ।**

**ਇਸ ਵਿੱਚ ਕੋਈ ਭੀ ਉਪਦੇਸ਼ ਨਹੀਂ ਹੈ। ਕੇਵਲ ਰਾਗ ਰਾਗਣੀਆਂ ਦੇ ਨਾਮ ਹਨ।**

ਮਾਧਵਨਲ ਨੇ ਪੋਥੀ ਸਾਹਿਬ ਦੀ ਸੰਪਾਦਨਾ ਤੋਂ ਇੱਕੀ ਵਰ੍ਹੇ ਪਹਿਲਾਂ ਰਾਗਮਾਲਾ ਲਿਖੀ ਸੀ, ਇਸਨੂੰ ਅਕਾਲ ਤਖਤ ਵੱਲੋਂ ਅੱਜ ਤੱਕ ਭੀ ਪ੍ਰਵਾਨ ਨਹੀਂ ਕੀਤਾ ਗਿਆ। ਸਿੱਖ ਰਹਿਤ ਮਰਿਆਦਾ ਵਿੱਚ ਅਜੇ ਭੀ ਮੱਤਭੇਦ ਚੱਲਿਆ ਆ ਰਿਹਾ ਹੈ। ਸੋ ਇਸ ਨੂੰ ਤੁਰੰਤ ਹੀ ਗੁਰੂ ਗ੍ਰੰਥ ਸਾਹਿਬ ਨਾਲੋਂ ਵੱਖ ਕਰ ਦੇਣਾ ਚਾਹੀਦਾ ਹੈ। (283)

(ਇਹ ਪੇਪਰ 25/7/04 ਨੂੰ ਖਾਲਸਾ ਪੰਚਾਇਤ ਦੇ ਕਨਵੀਨਰ ਸ੍ਰ: ਰਾਜਿੰਦਰ

ਸਿੰਘ ਵੱਲੋਂ, ਚੰਡੀਗੜ੍ਹ ਵਿੱਚ ਬੁਲਾਈ ਗਈ ਵਿਚਾਰ ਗੋਸ਼ਟੀ ਲਈ ਤਿਆਰ ਕੀਤਾ ਗਿਆ ਸੀ। ਅਣਸੁਖਾਵੇਂ ਕਾਰਨਾਂ ਕਰਕੇ ਇਹ ਵਿਚਾਰ ਗੋਸ਼ਟੀ ਮੁਲਤਵੀ ਕਰਨੀ ਪਈ। ਗਿਆਨੀ ਗੁਰਦਿੱਤ ਸਿੰਘ ਵੱਲੋਂ "ਮੁੰਦਾਵਣੀ" ਨਾਮ ਦੀ ਲਿਖੀ ਪੁਸਤਕ ਬਾਰੇ ਇਹ ਗੋਸ਼ਟੀ ਹੋਣੀ ਸੀ।

**ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ॥ ਸਤਿਗੁਰ ਭੇਟੇ ਮੋਖ ਦੁਆਰ॥**
**ਤਤੁ ਨ ਚੀਨੈ ਮਨਮੁਖੁ ਜਲਿ ਜਾਇ॥ ਦੁਰਮਤਿ ਵਿਛੁੜਿ ਚੋਟਾਂ ਖਾਇ॥**
**ਮਾਨੈ ਹੁਕਮੁ ਸਭੇ ਗੁਣ ਗਿਆਨੁ॥ ਨਾਨਕ ਦਰਗਹ ਪਾਵੈ ਮਾਨੁ॥**(944)

# ਆਪਣੀ ਮਾਂ ਬੋਲੀ

ਪਸ਼ੂ ਜਗਤ ਵਿੱਚ ਅਤੇ ਮਨੁੱਖੀ ਜੀਵਨ ਵਿੱਚ ਬਹੁਤ ਕੁਝ ਸਾਂਝਾ ਹੈ, ਖਾਣ, ਪੀਣ, ਸੌਣ, ਪੇਟ ਪੂਰਤੀ, ਬੱਚੇ ਪੈਦਾ ਕਰਨੇ ਆਦਿ। ਬੱਸ, ਜਿਸ ਗੁਣ ਨੇ ਮਨੁੱਖ ਦਾ ਦਰਜਾ ਉੱਚਾ ਕੀਤਾ ਉਹ ਹੈ ਬੋਲੀ। ਬੋਲੀ ਰਾਹੀਂ ਮਨੁੱਖ ਸਹਿਜ ਢੰਗ ਨਾਲ ਵਿਚਾਰਾਂ ਦਾ ਵਟਾਂਦਰਾ ਕਰਦਾ ਹੈ। ਇਸ ਤਰ੍ਹਾਂ ਇੱਕ ਦੂਜੇ ਦੇ ਗਿਆਨ ਭੰਡਾਰ ਤੋਂ ਫਾਇਦਾ ਉਠਾਇਆ ਜਾਂਦਾ ਹੈ। ਜਦੋਂ ਮਨੁੱਖ ਨੇ ਅੱਖਰਾਂ ਰਾਹੀਂ ਆਪਣੇ ਵਿਚਾਰਾਂ ਨੂੰ ਲਿਖਣਾਂ ਸਿੱਖ ਲਿਆ, ਤਾਂ ਚੰਗੀਆਂ ਲਿਖਤਾਂ ਤੋਂ ਹੋਰ ਲੋਕੀ ਵੀ ਪੜ੍ਹ ਸੁਣ ਕੇ ਲਾਹਾ ਲੈਣ ਲੱਗੇ। ਸਾਹਿਤ, ਇਤਿਹਾਸ, ਸਾਇੰਸ, ਧਰਮ ਸਾਰਾ ਕੀਮਤੀ ਖਜ਼ਾਨਾ ਲਿਖਤ ਦਾ ਅੰਗ ਬਣਕੇ ਆਉਣ ਵਾਲੀਆਂ ਨਸਲਾਂ ਦੀ ਮਲਕੀਅਤ ਬਣਦਾ ਗਿਆ।

ਹਾਲਾਤ, ਪੌਣ ਪਾਣੀ ਅਤੇ ਕਿੱਤਿਆਂ ਦੇ ਵਖਰੇਵੇਂ ਕਾਰਨ ਮਨੁੱਖੀ ਸੱਭਿਅਤਾ ਵਿੱਚ ਵੀ ਭਿੰਨਤਾ ਆਉਣ ਲੱਗੀ। ਇਸ ਦੇ ਨਾਲ ਹੀ ਅਤੇ ਆਪਣੀਆਂ ਲੋੜਾਂ ਮੁਤਾਬਕ ਬੋਲੀ ਵੀ ਅਲੱਗ ਅਲੱਗ ਹੁੰਦੀ ਚਲੀ ਗਈ। ਸਾਰੀਆਂ ਬੋਲੀਆਂ ਆਪੋ ਆਪਣੇ ਥਾਵੇਂ ਮਹੱਤਵਪੂਰਨ ਹਨ। ਜਿੰਨੀਆਂ ਕੋਈ ਪੜ੍ਹਨੀਆਂ ਸਿੱਖ ਲਵੇ ਭਲੀ ਗੱਲ ਹੈ। ਪਰ ਬਾਲ-ਮਨੋਵਿਗਿਆਨ ਦੇ ਮਾਹਿਰਾਂ ਦਾ ਵਿਚਾਰ ਹੈ ਕਿ ਪੰਜ ਸਾਲ ਤੱਕ ਦੇ ਬੱਚੇ ਨੂੰ ਸਿਰਫ਼ ਬੋਲਣਾ ਹੀ ਸਿਖਾਇਆ ਜਾਵੇ। ਲਿਖਣਾ ਪੜ੍ਹਨਾ ਬਾਅਦ ਵਿੱਚ ਸ਼ੁਰੂ ਕੀਤਾ ਜਾਵੇ। ਆਪਣੀ ਸੱਭਿਅਤਾ, ਆਪਣੇ ਰੀਤੀ ਰਿਵਾਜ ਅਤੇ ਆਪਣੇ ਧਰਮ ਨੂੰ ਸਮਝਣ ਵਾਸਤੇ, ਆਪਣੀ ਬੋਲੀ ਸਿੱਖਣੀ ਬਹੁਤ ਜ਼ਰੂਰੀ ਹੈ। ਸਾਡੇ ਬੱਚੇ ਪੱਛਮੀ ਦੇਸ਼ਾਂ ਵਿੱਚ ਰਹਿ ਕੇ ਮਸ਼ੀਨਰੀ ਅਤੇ ਸਾਇੰਸ ਦੇ ਕੰਮਾਂ ਵਿੱਚ ਤਾਂ ਨਿਪੁੰਨ ਹੋ ਜਾਣਗੇ, ਪਰ ਭਾਰਤੀ/ਪੰਜਾਬੀ ਕਲਚਰ, ਸਿੱਖ ਧਰਮ ਤੋਂ ਦੂਰ ਚਲੇ ਜਾਣਗੇ। ਅਨੇਕਾਂ ਸ਼ਬਦ ਅਜਿਹੇ ਹਨ ਜੋ ਕਿ ਪੱਛਮੀ ਦੇਸ਼ਾਂ ਵਿੱਚ ਬੋਲੀ ਦਾ, ਜ਼ਿੰਦਗੀ ਦਾ ਹਿੱਸਾ ਨਹੀਂ ਹਨ। ਇਨ੍ਹਾਂ ਦੇਸ਼ਾਂ ਵਿੱਚ ਜੰਮੇ ਪਲੇ ਬੱਚੇ ਅਜਿਹੇ ਸ਼ਬਦਾਂ ਨੂੰ ਸਮਝਣ ਤੋਂ ਅਸਮਰੱਥ ਹੋਣਗੇ। ਮਿਸਾਲ ਦੇ ਤੌਰ ਤੇ ਕੁਝ ਵੰਨਗੀਆਂ ਪੇਸ਼ ਹਨ :- ਅੰਮ੍ਰਿਤ ਵੇਲਾ - ਸਵੇਰ ਦਾ ਸੁਹਾਵਣਾ ਸ਼ਾਂਤ ਵਾਤਾਵਰਣ ਜੋ ਪੰਜਾਬ ਵਿੱਚ ਪ੍ਰਾਪਤ ਹੈ ਉਸ ਨੂੰ ਪੰਜਾਬੀ ਤੇ ਗੁਰਬਾਣੀ ਵਿੱਚ ਅੰਮ੍ਰਿਤ ਵੇਲਾ ਕਹਿੰਦੇ ਹਨ। ਪੱਛਮੀ ਮੁਲਕਾਂ ਦੇ ਲੋਕ ਸਰਦੀ ਭੰਨੇ ਮੌਸਮ ਦੇ ਸਤਾਏ, ਅੰਦਰ ਵੜ ਕੇ ਸੁੱਤੇ ਹੁੰਦੇ ਹਨ। ਉਹ ਕੀ ਜਾਨਣ ਅੰਮ੍ਰਿਤ ਵੇਲੇ ਨੂੰ , ਸਾਵਣ - ਕੜਕਦੀ ਧੁੱਪ ਅਤੇ ਗਰਮੀ ਤੋਂ ਬਾਅਦ ਮੀਂਹ ਸ਼ੁਰੂ ਹੋ ਜਾਂਦੇ ਹਨ ਤੇ ਮੌਸਮ ਬਹੁਤ ਸੁਹਾਵਣਾ ਹੋ ਜਾਂਦਾ ਹੈ। ਬੱਚੇ ਕਿਲਕਾਰੀਆਂ ਮਾਰਦੇ ਨੱਸਦੇ

ਖੇਡਦੇ ਹਨ। ਜੁਆਨ ਲੜਕੀਆਂ ਇਕੱਠੀਆਂ ਹੋ ਪੀਘਾਂ ਝੂਟਦੀਆਂ ਹਨ, ਗਿੱਧਾ ਪਾਉਂਦੀਆਂ ਹਨ। ਪੰਛੀ ਚਹਿਕਦੇ ਹਨ ਡੱਡੂ ਗੜੈਂ ਗੜੈਂ ਕਰਦੇ ਹਨ। ਮੋਰ ਪੈਲਾਂ ਪਾਉਂਦੇ ਹਨ। ਸਾਰੀ ਬਨਸਪਤੀ ਮੌਲ੍ਹ ਉੱਠਦੀ ਹੈ। ਕਿਸਾਨ ਖੇਤਾਂ ਵਿੱਚ ਵੱਧ ਤੋਂ ਵੱਧ ਕੰਮ ਕਰਦੇ ਹਨ। ਗੁਰਬਾਣੀ ਵਿੱਚ ਇਸ ਨੂੰ 'ਮੋਰੀਂ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ' ਕਿਹਾ ਹੈ। ਪੱਛਮੀ ਮੁਲਕਾਂ ਦੇ ਲੋਕ ਇਸ ਤਰ੍ਹਾਂ ਦੇ ਕੁਦਰਤੀ ਨਜ਼ਾਰਿਆ ਦੇ ਕਿਆਸ ਨਹੀਂ ਕਰ ਸਕਦੇ। ਉਹ ਤੇ ਮੀਂਹ ਪੈਣ 'ਤੇ ਦੌੜ ਕੇ ਅੰਦਰ ਵੜ ਜਾਂਦੇ ਹਨ। ਕੰਮੀਂ ਕਿਸਾਨ, ਗਿੱਧੇ ਕਿਤੇ ਦੂਰਬੀਨ ਲਾਇਆਂ ਵੀ ਨਹੀਂ ਲੱਭਦੇ। ਪੱਛਮੀ ਮੁਲਕਾਂ ਵਾਲੇ ਲੋਕ ਨਾਂ ਹੀ ਘਲਾੜੀ, ਗੰਡ ਚੜਸ, ਤਾਰਾ ਚੜਨਾ, ਕੁੱਕੜ ਦੀ ਬਾਂਗ, ਛਾਹ ਵੇਲਾ, ਕੋਹਲੂ ਅਤੇ ਹੋਰ ਬਹੁਤ ਕੁਝ ਜਾਣਿਆ ਨਹੀਂ ਜਾਣ ਸਕਦੇ। ਇਸ ਤੋਂ ਇਲਾਵਾ ਗੁਰਬਾਣੀ, ਪੰਜਾਬੀ, ਗੁਰਮੁਖੀ ਅੱਖਰਾਂ ਵਿੱਚ ਲਿਖੀ ਹੋਈ ਹੈ। ਜੇ ਸਾਡੇ ਬੱਚਿਆਂ ਨੇ ਪੰਜਾਬੀ ਬੋਲੀ ਨਾ ਸਿੱਖੀ ਤਾਂ ਉਹ ਗੁਰਬਾਣੀ ਨਹੀਂ ਪੜ੍ਹ ਸਕਣਗੇ। ਸਿੱਖ ਇਤਿਹਾਸ ਨਹੀਂ ਪੜ੍ਹ ਸਕਣਗੇ। ਜਿਸ ਦਾ ਸਿੱਧਾ ਮਤਲਬ ਹੈ ਕਿ ਉਹ ਸਿੱਖ ਜਾਂ ਖਾਲਸੇ ਵੀ ਨਹੀਂ ਬਣ ਸਕਣਗੇ।

ਪੁਰਾਣੀ ਬਾਈਬਲ ਹੀਬਰੂ ਭਾਸ਼ਾ ਵਿੱਚ ਲਿਖੀ ਗਈ ਸੀ। ਯਹੂਦੀ ਲੋਕ ਦਰ ਬਦਰ ਦੀਆਂ ਠੋਕਰਾਂ ਖਾਂਦੇ ਰਹੇ। ਦੂਸਰੀ ਸੰਸਾਰ ਜੰਗ ਵਿੱਚ ਸੱਠ ਲੱਖ ਯਹੂਦੀ ਮੌਤ ਦੇ ਘਾਟ ਉਤਾਰੇ ਗਏ। ਅੰਤ ਉਨ੍ਹਾਂ ਆਪਣੀ ਦ੍ਰਿੜਤਾ ਤੇ ਸਿਆਣਪ ਨਾਲ ਅਪਣਾ ਦੇਸ਼ ਇਜ਼ਰਾਈਲ ਬਣਾ ਲਿਆ। ਮਰ ਚੁੱਕੀ ਹੀਬਰੂ ਬੋਲੀ ਨੂੰ ਮੁੜ ਤੋਂ ਸਾਰੇ ਦੇਸ਼ ਵਿੱਚ ਪੜ੍ਹਨ ਲਿਖਣ ਦਾ ਜ਼ੋਰਦਾਰ ਹੰਭਲਾ ਮਾਰਿਆ ਗਿਆ। ਅੱਜ ਸਾਰਾ ਇਜ਼ਰਾਈਲ ਹੀਬਰੁ ਬੋਲੀ ਬੋਲਦਾ ਹੈ ਤੇ ਹੀਬਰੂ ਵਿੱਚ ਲਿਖੀ ਬਾਈਬਲ ਵੀ ਬੜੇ ਚਾਅ ਨਾਲ ਪੜ੍ਹਦਾ ਹੈ। ਈਸਾਈ ਮਿਸ਼ਨਰੀ ਕਿਸੇ ਦੇਸ਼ ਵਿੱਚ ਵੀ ਜਾਣ ਅੰਗਰੇਜ਼ੀ ਜ਼ਰੂਰ ਪੜ੍ਹਾਉਂਦੇ ਹਨ। ਹਿੰਦੂਆਂ ਦੇ ਪੁਰਾਣੇ ਵੇਦ, ਮਹਾਂਭਾਰਤ, ਗੀਤਾ, ਰਮਾਇਣ ਸਾਰੇ ਹੀ ਸੰਸਕ੍ਰਿਤ ਵਿੱਚ ਲਿਖੇ ਹੋਏ ਹਨ। ਸੰਸਕ੍ਰਿਤ ਦਾ ਹੀ ਸੌਖਾ ਰੂਪ ਹਿੰਦੀ ਬੋਲੀ ਹੈ। ਹਿੰਦੀ ਦਾ ਜਿੰਨਾ ਵੀ ਵੱਧ ਪ੍ਰਚਾਰ ਹੋਵੇਗਾ ਉਨ੍ਹਾਂ ਹੀ ਲੋਕ ਵੇਦਾਂ ਗ੍ਰੰਥਾਂ ਨੂੰ ਸੌਖਿਆਂ ਹੀ ਪੜ੍ਹ ਸਕਣਗੇ। ਉਤਨਾ ਹੀ ਹਿੰਦੂ ਧਰਮ ਦੇ ਨੇੜੇ ਹੁੰਦੇ ਜਾਣਗੇ। ਮੁਸਲਮਾਨ ਕਿਸੇ ਵੀ ਦੇਸ਼ ਵਿੱਚ ਜਾਵੇ ਆਪਣੇ ਬੱਚਿਆਂ ਨੂੰ ਨਮਾਜ਼ ਜ਼ਰੂਰ ਪੜ੍ਹਾਉਂਦਾ ਹੈ। ਤੇ ਉਸ ਦੀ ਸਾਰੀ ਇਬਾਅਦਤ ਅਰਬੀ ਵਿੱਚ ਹੈ। ਅਰਬੀ ਸਿੱਖਣ ਦਾ ਮਤਲਬ ਹੈ ਕੁਰਾਨ ਪੜ੍ਹਨੀ, ਉਨ੍ਹਾਂ ਦਾ ਪੁਰਾਣਾ ਸਾਹਿਤ ਪੜ੍ਹਨਾ। ਜਦੋਂ ਮਨੁੱਖ ਇਹ ਸਾਰਾ ਕੁਝ ਪੜ੍ਹੇਗਾ ਤਾਂ ਸਮਝੋ ਉਹ ਮੁਸਲਮਾਨ ਤਾਂ ਬਣ ਹੀ ਜਾਵੇਗਾ। ਹਿੰਦੂ, ਇਸਾਈ, ਮੁਸਲਮਾਨ ਜਿੱਥੇ ਗਏ ਉਨ੍ਹਾ ਆਪਣੀ ਬੋਲੀ ਅਤੇ ਸੱਭਿਅਤਾ ਨੂੰ ਪ੍ਰਫੁੱਲਤ ਕਰਨ ਵਾਸਤੇ ਦਾਨਿਆਂ ਵਾਂਗ ਕੰਮ ਕੀਤਾ ਹੈ। ਸਿੱਖ ਇਸ ਪੱਖੋਂ ਬਹੁਤ ਪਿੱਛੇ ਰਹਿ ਗਏ ਹਨ। ਜਾਂ ਤਾਂ

ਇਹ ਸਮਝ ਲਈਏ ਕਿ ਪੰਜਾਬ ਵਿੱਚ ਸਿੱਖ ਧਰਮ ਤੇ ਸਿੱਖ ਸਿਆਸਤ ਘੱਟ ਪੜ੍ਹੇ ਲਿਖੇ ਲੋਕਾਂ ਦੇ ਹੱਥ ਵਿੱਚ ਹੈ। ਇਸੇ ਤਰ੍ਹਾਂ ਪੱਛਮੀਂ ਮੁਲਕਾਂ ਵਿੱਚ ਘੱਟ ਪੜ੍ਹੇ ਜਾਂ ਉੱਕਾ ਹੀ ਅਨਪੜ੍ਹ ਲੋਕ ਸਿਆਸਤ ਅਤੇ ਧਰਮ ਅਸਥਾਨਾ ਤੇ ਕਾਬਜ਼ ਹਨ। ਉਹ ਜਾਣਦੇ ਹੀ ਨਹੀਂ ਕਿ ਧਰਮ ਨੂੰ, ਸਿੱਖ ਸਭਿਆਚਾਰ ਨੂੰ, ਪੰਜਾਬੀ ਬੋਲੀ ਨੂੰ ਕਿਵੇਂ ਪ੍ਰਫੁੱਲਤ ਕੀਤਾ ਜਾ ਸਕਦਾ ਹੈ। ਪੜ੍ਹੇ ਲਿਖੇ ਲੋਕਾਂ ਦੀ ਗਿਣਤੀ ਖਤਰਨਾਕ ਹੱਦ ਤੀਕ ਘੱਟ ਹੈ। ਇਸ ਲਈ ਉਹ ਇਨ੍ਹਾਂ ਚੌਧਰੀਆਂ ਤੋਂ ਦੂਰ ਹੀ ਰਹਿੰਦੇ ਹਨ। ਯੂਰਪੀਨ ਮੁਲਕਾਂ ਵਿੱਚ ਗੁਰਦਵਾਰੇ ਤਾਂ ਅਣਗਿਣਤ ਬਣਾ ਲਏ ਹਨ, ਪਰ ਸਿੱਖੀ ਦੇ ਸਕੂਲ, ਗੁਰਮਤਿ ਦੇ ਕਾਲਜ, ਸਿੱਖੀ ਦੀ ਖੋਜ ਵਾਸਤੇ ਯੂਨੀਵਰਸਿਟੀ ਨਹੀਂ ਬਣਾ ਸਕੇ। ਸਿੱਖੀ ਅਤੇ ਪੰਜਾਬੀ ਬੋਲੀ ਦੇ ਵਾਧੇ ਵਾਸਤੇ ਮੀਡੀਏ ਦੀ ਵਰਤੋਂ ਨਹੀਂ ਕਰ ਸਕੇ। ਸਥਾਨਕ ਝਗੜਿਆਂ ਤੋਂ ਉੱਪਰ ਉੱਠ ਕੇ ਕੋਈ ਸਾਂਝੀ ਤੇ ਸਰਬ ਪ੍ਰਵਾਨਤ ਲੀਡਰਸ਼ਿਪ ਨਹੀਂ ਪੈਦਾ ਕਰ ਸਕੇ। ਗੁਰਬਾਣੀ ਤੇ ਚੋਣਵਾਂ ਸਿੱਖ ਇਤਿਹਾਸ ਹੋਰਨਾ ਬੋਲੀਆਂ ਵਿੱਚ ਅਨੁਵਾਦ ਕਰਵਾ ਕੇ ਅਸੀਂ ਹਾਲੀ ਤੱਕ ਨਹੀਂ ਛਪਵਾ ਸਕੇ। ਬਹੁਤ ਕੁਝ ਕਰਨ ਵਾਲਾ ਹੈ ਇਸ ਪਾਸੇ।

ਸਿੱਖ ਧਰਮ ਸੰਸਾਰ ਦੇ ਕੁਝ ਕੁ ਚੋਣਵੇਂ ਧਰਮਾਂ ਵਿੱਚੋਂ ਇੱਕ ਵਧੀਆ ਧਰਮ ਹੈ। ਸੰਸਾਰ ਦੇ ਅਨੇਕਾਂ ਪਰੇਸ਼ਾਨੀਆਂ ਵਿੱਚ ਵਿਲਕ ਰਹੇ ਲੋਕਾਂ ਨੂੰ ਸੁੱਖ ਸ਼ਾਂਤੀ ਦੇਣ ਵਾਸਤੇ ਸਿੱਖਾਂ ਕੋਲ ਗੁਰਬਾਣੀ ਦਾ ਮਹਾਨ ਖਜ਼ਾਨਾ ਹੈ। ਹਾਲੇ ਤੱਕ 95% ਸਿੱਖਾਂ ਨੇ ਖੁਦ ਹੀ ਗੁਰਬਾਣੀ ਨਹੀਂ ਪੜ੍ਹੀ, ਤਾਂ ਹੋਰਨਾਂ ਨੂੰ ਕਿਵੇਂ ਪੜ੍ਹਨ ਵਾਸਤੇ ਆਖਣਗੇ ? ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਦੁਨੀਆਂ ਵਿੱਚ ਏਨੀ ਹੈ ਕਿ ਜੇ ਸਾਰੀ ਦੁਨੀਆਂ ਨੂੰ ਇੱਕ ਕਤਾਰ ਵਿੱਚ ਖੜਾ ਕੀਤਾ ਜਾਵੇ ਤਾਂ ਹਰ ਬਾਹਰਵਾਂ ਵਿਅਕਤੀ ਪੰਜਾਬੀ ਬੋਲੇਗਾ। ਜਿੱਥੇ ਪੰਜਾਬ ਦੀ ਧਰਤੀ ਅਤੀ ਜ਼ਰਖੇਜ ਹੈ, ਉਥੋਂ ਦਾ ਪੌਣ ਪਾਣੀ ਸੁਹਾਵਣਾ ਹੈ, ਰੁੱਤਾਂ ਖੁਸ਼ਬੋਈਆਂ ਹਨ, ਗੱਭਰੂ ਰਾਂਗਲੇ ਹਨ, ਮੁਟਿਆਰਾਂ ਹੁਸਨ ਵਾਲੀਆਂ ਹਨ ਤਾਂ ਉਥੇ ਪੰਜਾਬੀ ਬੋਲੀ ਵੀ ਮਾਖਿਓਂ ਮਿੱਠੀ ਹੈ। ਸਿੱਖੀ ਦੀ ਰੂਹ, ਮਨੁੱਖਤਾ ਦੀ ਆਤਮਾ, ਗੁਰਬਾਣੀ ਦਾ ਤੇ ਕੋਈ ਜਵਾਬ ਹੀ ਨਹੀਂ। ਪੰਜਾਬੀ ਸੱਭਿਆਚਾਰ ਨਾਲ ਜੁੜਨ ਵਾਸਤੇ, ਗੁਰਮਤਿ ਦੇ ਸੋਹਣੇ ਇਤਿਹਾਸ ਨੂੰ ਪੜ੍ਹਨ ਵਾਸਤੇ, ਅੰਮ੍ਰਿਤ ਦੇ ਸੋਮੇ ਗੁਰਬਾਣੀ ਨਾਲ ਸਾਂਝ ਪਾਉਣ ਵਾਸਤੇ, ਪੰਜਾਬੀ ਬੋਲੀ ਸਿੱਖਣੀ ਹੀ ਪਵੇਗੀ। ਪੰਜਾਬੀ ਬੋਲੀ ਨੂੰ ਵਿਸਾਰ ਦੇਣ ਦਾ ਮਤਲਬ ਹੈ ਪੰਜਾਬੀ ਸਭਿਆਚਾਰ ਨੂੰ ਵਿਸਾਰ ਦੇਣਾ, ਪੰਜਾਬੀ ਰਹੁ ਰੀਤਾਂ ਨੂੰ ਤਿਆਗ ਦੇਣਾ, ਪੰਜਾਬੀ ਭੰਗੜੇ ਤੇ ਗਿੱਧੇ ਤੋਂ ਵਿਰਵੇ ਹੋ ਜਾਣਾ, ਆਪਣੇ ਸੂਰਬੀਰਾਂ ਤੇ ਸ਼ਹੀਦਾਂ ਨੂੰ ਭੁੱਲ ਜਾਣਾ, ਗੁਰੂ ਸਾਹਿਬਾਨ ਵੱਲੋਂ ਮਨੁੱਖਤਾ ਦੇ ਭਲੇ ਹਿੱਤ ਕੀਤੇ ਕਾਰਨਾਮਿਆਂ ਨੂੰ ਵਿਸਾਰ ਦੇਣਾ ਅਤੇ ਰੂਹ ਦੀ ਖੁਰਾਕ ਗੁਰਬਾਣੀ ਤੋਂ ਅਣਭਿੱਜ ਰਹਿ ਜਾਣਾ ਹੋਵੇਗਾ। ਕੀ ਇਸ ਤਰ੍ਹਾਂ ਕਰਕੇ ਅਸੀਂ ਜੀਵਤ ਰਹਿ

ਸਕਾਂਗੇ ? ਕੀ ਉਹ ਜੀਵਨ ਸਾਡਾ ਸਹੀ ਜੀਵਨ ਹੋਵੇਗਾ ?

ਰੂਸ ਦੇ ਮਹਾਨ ਲੇਖਕ ਹਮਜ਼ਾਤੋਵ ਨੇ ਲਿਖਿਆ ਹੈ "ਸਾਡੇ ਪਿੰਡਾਂ ਵਿੱਚੋਂ ਇੱਕ ਨੌਜਵਾਨ ਪੜ੍ਹਕੇ ਨੌਕਰੀ ਲਈ ਵੱਡੇ ਸ਼ਹਿਰ ਚਲਾ ਗਿਆ। ਬਹੁਤ ਵੱਡਾ ਅਫ਼ਸਰ ਬਣ ਗਿਆ। ਪਹਿਲਾਂ ਕੁਝ ਸਮਾਂ ਚਿੱਠੀ ਆਉਂਦੀ ਰਹੀ ਤੇ ਫੇਰ ਬੰਦ ਹੋ ਗਈ। ਮੈਂ ਕਿਸੇ ਜ਼ਰੂਰੀ ਕੰਮ ਵਾਸਤੇ ਵੱਡੇ ਸ਼ਹਿਰ ਜਾਣਾ ਸੀ। ਉਸ ਦੀ ਬੁੱਢੀ ਮਾਂ ਨੇ ਆਪਣੇ ਪੁੱਤਰ ਦੀ ਖਬਰ ਸਾਰ ਲਿਆਉਣ ਵਾਸਤੇ ਤਰਲਾ ਕੀਤਾ। ਸਾਰੇ ਕੰਮ ਕਰਕੇ ਮੈਂ ਜਦੋਂ ਸ਼ਹਿਰੋਂ ਵਾਪਸ ਪਰਤਿਆ ਤਾਂ ਬੁੱਢੀ ਮਾਂ, ਪੁੱਤਰ ਦੀ ਸੁੱਖ ਸਾਂਦ ਪੁੱਛਣ ਆਈ। ਮੈਂ ਉਸ ਦੇ ਪੁੱਤਰ ਬਾਰੇ ਸੱਭ ਕੁਝ ਦੱਸਿਆ। ਕਿ ਉਸ ਦੀ ਬਹੁਤ ਵੱਡੀ ਕੋਠੀ ਹੈ, ਕਾਰ ਹੈ, ਵੱਡਾ ਅਫਸਰ ਹੈ ਉਹ.....। ਮਾਂ ਨੇ ਪੱਛਿਆ ਪੁੱਤਰ ਉਸ ਨੇ ਤੇਰੇ ਨਾਲ ਸਾਡੀ ਦਾਗਿਸਤਾਨੀ ਬੋਲੀ ਵਿੱਚ ਗੱਲਾਂ ਕੀਤੀਆਂ ਸਨ ? ਨਹੀਂ ਮਾਂ, ਅਸੀਂ ਕਿਸੇ ਹੋਰ ਬੋਲੀ ਵਿੱਚ ਗੱਲਾਂ ਕੀਤੀਆਂ ਸਨ। ਉਹ ਆਪਣੀ ਬੋਲੀ ਛੱਡ ਚੁੱਕਿਆ ਹੈ, ਇੱਕ ਦੁਭਾਸ਼ੀਏ ਰਾਹੀਂ ਸਾਡੀ ਗੱਲਬਾਤ ਹੋਈ ਸੀ। ਮਾਤਾ ਨੇ ਆਪਣੇ ਦੁਪੱਟੇ ਨੂੰ ਖਿੱਚ ਕੇ ਆਪਣਾ ਚਿਹਰਾ ਢੱਕ ਲਿਆ ਤੇ ਅੱਖਾਂ ਵਿੱਚੋਂ ਅੱਥਰੂ ਵੱਗ ਪਏ। ਅੱਖਾਂ ਪੂੰਝਦੀ ਹੋਈ ਬੁੱਢੀ ਮਾਂ ਕਹਿਣ ਲੱਗੀ, ਪੁੱਤਰ ਰਸੂਲ ਤੈਨੂੰ ਭੁਲੇਖਾ ਲੱਗਾ ਹੈ ਜਿਸ ਨੂੰ ਤੂੰ ਮਿਲ ਕੇ ਆਇਆ ਹੈਂ ਉਹ ਮੇਰਾ ਪੁੱਤਰ ਨਹੀਂ ਹੈ। ਮੇਰਾ ਪੁੱਤਰ ਮੇਰੇ ਦੁੱਧ ਅਤੇ ਮੇਰੀਆਂ ਲੋਰੀਆਂ ਨੂੰ ਨਹੀਂ ਭੁੱਲ ਸਕਦਾ। ਮੇਰਾ ਪੁੱਤਰ ਮਰ ਗਿਆ ਹੈ, ਮਰ ਗਿਆ.... ਮਰ ਗਿਆ ਹੈ....। ਮਾਂ ਰੋਂਦੀ ਹੋਈ ਉੱਠ ਕੇ ਤੁਰ ਪਈ"। ਕਾਸ਼ ਕਿ ਸਾਡੇ ਮਨਾਂ ਵਿੱਚ ਆਪਣੀ ਮਾਂ ਬੋਲੀ ਪ੍ਰਤੀ ਅਜਿਹਾ ਜਜ਼ਬਾ ਹੋਵੇ.....।

* ਇਹ ਲੇਖ ਅਪ੍ਰੈਲ 2002 ਨੂੰ, "ਪੰਜਾਬੀ ਮਾਪਿਆਂ ਦੀ ਸਭਾ ਪੂਰਬੀ ਲੰਡਨ" ਦੇ ਸ੍ਰ. ਨਿਰੰਜਨ ਸਿੰਘ ਦੀ ਇੱਛਾ ਤੇ ਲਿਖਿਆ ਗਿਆ ਸੀ। ਜੋ ਉਹਨਾਂ ਛਪਵਾਕੇ ਵੱਡੀ ਗਿਣਤੀ ਵਿਚ ਵੰਡਿਆ ਸੀ।